# ਸੱਜਰੀ ਪੈੜ ਦਾ ਰੇਤਾ
## (ਨਾਵਲ)

## ਸ਼ਿਵਚਰਨ ਜੱਗੀ ਕੁੱਸਾ

## ਕਾਂਡ 1

**ਧੀ ਭੈਣ ਕਾ ਜੋ ਪੈਸਾ ਖਾਵੈ।।**
**ਕਹੈ ਗੋਬਿੰਦ ਸਿੰਘ ਨਰਕ ਕੋ ਜਾਵੈ।।**

**(ਰਹਿਤਨਾਮਾ)**

ਸ਼ਾਮ ਦਾ ਵੇਲਾ ਸੀ!

ਦਿੱਲੀ ਇੰਦਰਾ ਗਾਂਧੀ ਏਅਰਪੋਰਟ 'ਤੇ ਤਖ਼ਤੂਪੁਰੇ ਦਾ ਮਾਘੀ ਮੇਲਾ ਲੱਗਿਆ ਨਜ਼ਰ ਆਉਂਦਾ ਸੀ। ਲੋਕ ਅੱਡੀਆਂ ਚੁੱਕ-ਚੁੱਕ ਕੇ ਆਪਣੇ ਆਉਣ ਵਾਲ਼ੇ ਰਿਸ਼ਤੇਦਾਰਾਂ, ਮਿੱਤਰਾਂ ਨੂੰ ਉਡੀਕ ਰਹੇ ਸਨ। ਬਾਹਰ ਆਉਣ ਵਾਲ਼ੇ ਗੇਟ 'ਤੇ ਲੋਕ ਇਕ ਤਰ੍ਹਾਂ ਨਾਲ਼ ਅੱਖਾਂ ਵਿਛਾਈ ਖੜ੍ਹੇ ਸਨ। ਆਉਣ ਵਾਲ਼ੇ ਸੱਜਣਾਂ ਦੀ ਉਡੀਕ ਵਿਚ ਅੰਤਾਂ ਦਾ ਹੁਲਾਸ ਅਤੇ ਨਜ਼ਾਰਾ ਸੀ। ਅੱਖਾਂ ਵੈਰਾਗ ਗਈਆਂ ਸਨ ਵਿਛੜੇ ਰਿਸ਼ਤੇਦਾਰਾਂ, ਮਿੱਤਰਾਂ ਨੂੰ ਤੱਕਣ ਲਈ! ਵਿਛੜੀਆਂ ਰੂਹਾਂ ਨੂੰ ਮਿਲਣ ਲਈ ਮਨ ਦੀ 'ਤਮੰਨਾਂ' ਹਾਬੜੀ ਪਈ ਸੀ! ਹਰ ਇਕ ਉਡੀਕਣ ਵਾਲ਼ੇ ਦੇ ਦਿਲ ਦੀ ਗਤੀ ਤੇਜ਼ ਸੀ ਅਤੇ ਨਜ਼ਰ ਦੂਰਬੀਨ ਬਣੀ ਹੋਈ ਸੀ। ਜਦੋਂ ਬਾਹਰ ਵਾਲ਼ੇ ਗੇਟ ਦਾ ਦਰਵਾਜਾ ਖੁੱਲ੍ਹਦਾ ਤਾਂ ਲੋਕ ਇਕ ਦੂਜੇ ਦੇ ਮੋਢਿਆਂ 'ਤੇ ਨਾਸਾਂ ਰਾਹੀਂ ਫੂਕਾਂ ਮਾਰਦੇ, ਬੜੀ ਹਸਰਤ ਨਾਲ਼ ਦੇਖਦੇ! ਜਦੋਂ ਮੁਸਾਫ਼ਿਰ ਬਾਹਰ ਨਿਕਲ਼ ਕੇ ਆਪਣੇ ਆਪਣੇ ਨਜ਼ਦੀਕੀਆਂ ਦੀਆਂ ਬੁੱਕਲਾਂ ਵਿਚ ਗੁਆਚ ਜਾਂਦੇ, ਤਾਂ ਉਡੀਕਣ ਵਾਲ਼ੇ ਪਲ ਭਰ ਲਈ ਉਦਾਸ ਨਿਰਾਸ਼ ਹੋ ਜਾਂਦੇ ਅਤੇ ਅਗਲੀ ਵਾਰ ਦਰਵਾਜਾ ਖੁੱਲ੍ਹਣ ਦੀ ਉਡੀਕ ਫਿਰ ਸ਼ੁਰੂ ਹੋ ਜਾਂਦੀ...। ਆਸ ਵਿੰਨ੍ਹੀ ਉਡੀਕ...!

ਲੰਡਨ ਤੋਂ ਬ੍ਰਿਟਿਸ਼ ਏਅਰਵੇਜ਼ ਦੀ ਚੱਲੀ ਫ਼ਲਾਈਟ ਖੰਭ ਜਿਹੇ ਖਿਲਾਰ ਕੇ ਸਿੱਧੀ ਦਿੱਲੀ ਦੇ ਇੰਦਰਾ ਗਾਂਧੀ ਏਅਰਪੋਰਟ 'ਤੇ ਆ ਉਤਰੀ ਸੀ। ਕਸਟਮ ਤੋਂ ਵਿਹਲੀ ਹੋ ਕੇ ਹਨੀ ਜਦ ਏਅਰਪੋਰਟ ਤੋਂ ਬਾਹਰ ਆਈ ਤਾਂ ਬਾਹਰ ਬਾਪੂ ਮੀਹਾਂ ਸਿੰਘ ਅਤੇ ਵੱਡਾ ਭਰਾ ਬੁੱਕਣ ਸਿੰਘ ਖੜ੍ਹੇ ਉਡੀਕ ਰਹੇ ਸਨ। ਸੂਟਕੇਸਾਂ ਵਾਲ਼ੀ ਟਰਾਲੀ ਖੜ੍ਹੀ ਕਰਕੇ ਉਸ ਨੇ ਬਾਪੂ ਨੂੰ 'ਓਪਰੀ' ਜਿਹੀ ਜੱਫ਼ੀ ਪਾਈ। ਬਾਪੂ ਨੇ ਵੀ ਅਣਮੰਨੇ ਜਿਹੇ ਮਨ ਨਾਲ਼ ਧੀ ਦਾ ਸਿਰ ਪਲੋਸ ਦਿੱਤਾ। ਬੁੱਕਣ ਸਿੰਘ ਨੇ ਵੀ, "ਤਕੜੀ ਐਂ ਕੁੜੇ...?" ਪੁੱਛਿਆ ਸੀ। ਪਰ ਹਨੀ ਨੇ ਬੁੱਕਣ ਵੱਲ ਅੱਖ ਪੱਟ ਕੇ ਵੀ ਨਹੀਂ ਦੇਖਿਆ ਸੀ। ਉਹਨਾਂ ਦੇ ਮੇਲ਼-ਗੇਲ਼ ਵਿਚ ਕੋਈ ਮੋਹ-ਤੇਹ, ਕੋਈ ਉਤਸ਼ਾਹ ਜਾਂ ਕੋਈ ਅਪਣੱਤ ਨਹੀਂ ਸੀ। ਮਿਲਣਸਾਰਤਾ ਨਹੀਂ ਸੀ। ਸੀ ਤਾਂ ਸਿਰਫ਼ ਇਕ ਓਪਰਾਪਨ, ਜਿਹੜਾ ਉਹਨਾਂ ਦੀਆਂ ਉਦਾਸ ਰੂਹਾਂ ਦੀਆਂ ਖਲਪਾੜਾਂ ਕਰੀ ਜਾ ਰਿਹਾ ਸੀ। ਗੰਭੀਰ ਜਿਹੇ ਮਾਹੌਲ ਵਿਚ ਹਨੀ ਦੇ ਸਮਾਨ ਵਾਲ਼ੀ ਟਰਾਲੀ ਬੁੱਕਣ ਨੇ ਰੋੜ੍ਹ ਲਈ। ਕਿਸੇ ਨੇ ਕਿਸੇ ਨਾਲ਼ ਕੋਈ ਬਹੁਤੀ ਗੱਲ ਨਹੀਂ ਕੀਤੀ ਸੀ। ਜਿਵੇਂ ਉਹ ਇਕ ਦੂਸਰੇ ਲਈ 'ਬਿਗਾਨੇ' ਸਨ। ਜਿਵੇਂ ਉਹ ਇਕ ਦੂਜੇ ਨੂੰ ਜਾਣਦੇ ਹੀ ਨਹੀਂ ਸਨ, ਜਾਂ ਇਕ ਦੂਜੇ ਨਾਲ਼ ਨਰਾਜ਼ ਸਨ। ਲੋਕ ਦੋਸਤਾਂ ਰਿਸ਼ਤੇਦਾਰਾਂ ਨੂੰ ਹੱਸਦੇ ਖੇਡਦੇ

ਛੱਡਣ ਜਾਂ ਲੈਣ ਲਈ ਆ-ਜਾ ਰਹੇ ਸਨ। ਯਾਰ, ਯਾਰਾਂ ਦੀਆਂ ਗਲਵਕੜੀਆਂ ਵਿਚ ਮਦਹੋਸ਼ ਹੋ ਰਹੇ ਸਨ। ਪਰ ਹਨੀ ਦੇ ਮਨ ਦਾ ਮੌਸਮ ਉਦਾਸ ਸੀ। ਉਸ ਦਾ ਦਿਲ ਕਿਸੇ ਵੈਰਾਨੀ ਕਾਰਨ ਉੱਜੜਿਆ ਪਿਆ ਸੀ।

ਸਰਦ ਸ਼ਾਮ ਦਾ ਰੰਗ ਸੁਰਮਈ ਹੋ ਗਿਆ ਸੀ।

ਕਿਰਾਏ ਦੀ ਕੁਆਇਲਸ ਗੱਡੀ ਦਾ ਡਰਾਈਵਰ ਸੀਟ 'ਤੇ ਬੈਠਾ ਊਂਘ ਰਿਹਾ ਸੀ। ਖਾਧੀ ਭੁੱਕੀ ਨੇ ਉਸ ਨੂੰ ਕੋਈ ਬਹੁਤੇ ਤਰਾਰੇ ਨਹੀਂ ਦਿਖਾਏ ਸਨ।

-"ਉਏ ਉਠ ਬਈ ਜਿਉਣ ਜੋਕਰਿਆ...! ਕਰ ਹਿੰਮਤ...! ਕੁੜੀ ਉਤਰ ਆਈ ਐ..!" ਮੀਹਾਂ ਸਿੰਘ ਦੀ ਅਵਾਜ਼ ਨੇ ਡਰਾਈਵਰ ਦੀ ਸੁਸਤ ਬਿਰਤੀ ਤੋੜੀ।

-"ਲੈ ਤਾਇਆ..! ਆਪਾਂ ਕਿਤੇ ਕਿਤੋਂ ਕੁਛ ਲੈਣ ਜਾਣੈਂ? ਨੌਕਰ ਕੀ ਤੇ ਨਖ਼ਰਾ ਕੀ? ਤੂੰ ਹੁਕਮ ਕਰ...! ਆਪਾਂ ਤੇਰੇ ਹੁਕਮ ਦੇ ਬੰਦੇ ਐਂ ਤਾਇਆ ਸਿਆਂ...!" ਡਰਾਈਵਰ ਨੇ ਆਖਿਆ।

ਉਹਨਾਂ ਨੇ ਸਾਰਾ ਸਮਾਨ ਗੱਡੀ ਵਿਚ ਰੱਖ ਲਿਆ।

-"ਚਾਹ ਪਾਣੀਂ ਤਾਂ ਨ੍ਹੀ ਪੀਣਾਂ ਹਨਿੰਦਰ..?" ਬਾਪੂ ਨੇ ਕਾਫ਼ੀ ਦੇਰ ਬਾਅਦ ਆਪਣਾ ਮੋਨ ਵਰਤ ਖੋਲ੍ਹਿਆ ਸੀ।

-"........।" ਪਰ ਹਨੀ ਨੇ ਕੋਈ ਉੱਤਰ ਨਾ ਦਿੱਤਾ ਅਤੇ ਗੱਡੀ ਵਿਚ ਬੈਠ ਕੇ ਸ਼ੀਸ਼ੇ ਵਿਚੋਂ ਦੀ ਬਾਹਰ ਦੇਖਣ ਲੱਗ ਪਈ। ਹੱਸਦੀ ਖੇਡਦੀ ਦੁਨੀਆਂ, ਜਿਸ ਵਿਚ ਹਨੀ 'ਬਿਗਾਨੀ' ਹੋਈ ਬੈਠੀ ਸੀ!

ਉਤਰ ਨਾ ਆਉਣ ਕਰਕੇ ਬਾਪੂ ਚੁੱਪ ਕਰ ਗਿਆ।

ਉਹ ਧੀ ਦੇ ਦਿਲ ਦਾ ਦਰਦ ਬੜੀ ਅੱਛੀ ਤਰ੍ਹਾਂ ਸਮਝਦਾ ਸੀ। ਪਰ ਧੀ ਦੀ ਜ਼ਿੰਦਗੀ ਦਾ ਰੋਗ ਹੀ ਅਜਿਹਾ 'ਅਸਾਧ' ਸੀ ਕਿ ਬਾਪੂ ਮੂੰਹ ਪਾੜ ਕੇ ਕੁਝ ਆਖ ਨਹੀਂ ਸਕਦਾ ਸੀ। ਆਪਣੇ ਖ਼ਾਨਦਾਨ ਦੀ ਇੱਜ਼ਤ ਦਾ ਸੁਆਲ ਸੀ। ਜੇ ਝੱਗਾ ਚੁੱਕਦਾ ਸੀ, ਤਾਂ ਆਪਣਾ ਆਪ ਦਾ ਢਿੱਡ ਹੀ ਨੰਗਾ ਹੁੰਦਾ ਸੀ। ਉਹ ਢਕੀ ਹੀ ਰਿੱਝਣ ਦੇਣੀਂ ਚਾਹੁੰਦਾ ਸੀ। ਢੱਕਣ ਚੁੱਕਣ ਨਾਲ਼ ਆਪਣਾਂ ਮੂੰਹ ਹੀ ਮੱਚਣਾ ਸੀ!

-"ਤੂੰ ਬਈ ਕਾਲ਼ੇ...? ਚਾਹ ਪਾਣੀ ਪੀ ਲੈ..! ਫੇਰ ਚਾਰ ਘੰਟੇ ਵਧੀਆ ਰੁੜ੍ਹੇ ਜਾਵਾਂਗੇ..!" ਬੁੱਕਣ ਸਿੰਘ ਨੇ ਡਰਾਈਵਰ ਨੂੰ ਕਿਹਾ। ਉਸ ਦੀਆਂ ਦੋਨਾਲ਼ੀ ਬੰਦੂਕ ਵਰਗੀਆਂ ਨਾਸਾਂ 'ਚੋਂ ਦਾਰੂ ਦੀ 'ਭੜਦਾਅ' ਮਾਰ ਰਹੀ ਸੀ। ਜਿਵੇਂ ਹਾੜ੍ਹੀ ਦੀ ਵਾਢੀ ਮੌਕੇ ਤੂੜੀ ਵਾਲ਼ੇ ਅੰਦਰੋਂ ਪਾਏ ਲਾਹਣ ਦੇ ਡਰੰਮ 'ਚੋਂ ਮਾਰਦੀ ਹੈ।

-"ਪੀ ਲੈਨੇ ਐਂ ਬਾਈ...! ਨਾਲ਼ੇ ਤਾਂ ਠੰਢ ਹਟਜੂ ਤੇ ਨਾਲ਼ੇ ਅੱਖਾਂ ਜੀਆਂ ਖੁੱਲ੍ਹ ਜਾਣਗੀਆਂ...। ਨਹੀਂ ਤਾਂ ਸਾਲ਼ੇ ਹੱਡ ਈ ਜਾਮ ਹੋਏ ਪਏ ਐ, ਗੱਡੇ ਮਾਂਗੂੰ..!" ਡਰਾਈਵਰ ਨੇ ਥੱਲੇ ਉਤਰਦਿਆਂ ਕਿਹਾ।

ਡਰਾਈਵਰ ਨਾਲ਼ ਛਾਲ਼ ਮਾਰ ਕੇ ਬੁੱਕਣ ਵੀ ਥੱਲੇ ਉਤਰ ਆਇਆ। ਟਰੱਕ ਦੇ ਟੂਲ 'ਚੋਂ ਪਾਲਤੂ ਬਾਂਦਰੀ ਉਤਰਨ ਵਾਂਗ!

-"ਬਾਈ ਦੌਧਰੀਆ..! ਆਪਣਾ ਰਾਗਟ ਕਿੱਥੇ ਐ...? ਮੈਂ ਤਾਂ ਬਾਪੂ ਕਰਕੇ ਚੁੱਪ ਸੀ...!" ਬੁੱਕਣ ਨੇ ਡਰਾਈਵਰ ਨੂੰ ਕਿਹਾ। ਕਾਲ਼ੇ ਨੇ ਅੱਗਾ ਪਿੱਛਾ ਦੇਖ ਕੇ 'ਬਿੱਗ ਪਾਈਪਰ' ਦਾ ਅਧੀਆ ਡੱਬ 'ਚੋਂ ਕੱਢ ਕੇ ਬੁੱਕਣ ਦੇ ਹਵਾਲੇ ਕਰ ਦਿੱਤਾ। ਅਧੀਏ ਨੂੰ ਬੁੱਕਣ ਨੇ ਕੁੱਕੜ ਵਾਂਗ ਕੱਛ ਵਿਚ ਦੱਬ ਲਿਆ।

-"ਮੇਰੇ ਤਾਂ ਸਾਲ਼ੇ ਝੱਗੇ ਲਹੇ ਪਏ ਸੀ, ਜਾਣੀਂਦੀ ਸਾਰਾ ਏਰ੍ਹਪੋਟ ਈ ਉਜੜਿਆ ਲੱਗਦਾ ਸੀ।" ਬੁੱਕਣ ਦਾਰੂ ਦੇਖ ਕੇ ਰਿੱਛ ਵਾਂਗ ਲਾਚੜ ਗਿਆ।

-"ਤੂੰ ਮੇਰੇ ਕੋਲ ਆ ਕੇ ਲਾ ਲੈਣੀ ਸੀ ਘੁੱਟ..? ਜਕੀ ਕਾਹਤੋਂ ਗਿਆ..?"

-"ਤੈਨੂੰ ਪਤੈ ਈ ਐ ਯਾਰ ਬੁੜ੍ਹਾ ਅੜਬ ਐ, ਮੈਂ ਤਾਂ ਬਾਪੂ ਤੋਂ ਜਕ ਗਿਆ...! ਮਾੜੀ ਜੀ ਗੱਲ ਤੋਂ ਵੱਢਣ ਆਉਂਦੈ..!" ਉਸ ਨੇ ਨਲ਼ਕੇ ਕੋਲ਼ ਖੜ੍ਹਕੇ ਕਿਹਾ।

-"ਖਾਣ ਪੀਣ ਦੇ ਮਾਮਲੇ 'ਚ ਬਾਈ ਐਨਾਂ ਵੀ ਨ੍ਹੀ ਜਕੀਦਾ ਹੁੰਦਾ..! ਤੂੰ ਵੀ ਊਂਈਂ ਕਿਤੇ-ਕਿਤੇ ਸ਼ਾਂਤੀ ਸੰਮੇਲਨ ਆਲ਼ਿਆਂ ਮਾਂਗੂੰ ਸੀਲ ਬਣ ਤੁਰਦੈਂ..?"

-"ਉਏ ਨਹੀਂ ਨਿੱਕੇ ਭਾਈ...! ਕੋਈ ਕੋਈ ਸਮਾਂ ਈ ਸਾਲ਼ਾ ਐਹੋ ਜਿਆ ਹੁੰਦੈ..!" ਲੰਡਾ ਪੈੱਗ ਅੰਦਰ ਸੁੱਟਦਿਆਂ ਬੁੱਕਣ ਨੇ ਕਿਹਾ। ਦਾਰੂ ਨੇ ਉਸ ਅੰਦਰ ਅੱਗ ਮਚਾ ਦਿੱਤੀ। ਅੰਦਰਲੀ ਗੱਲ ਉਹ ਦਿਲ

ਵਿਚ ਹੀ ਦੱਬ ਗਿਆ ਸੀ।

-"ਤੇਰੇ ਚਾਹ ਪੀਂਦੇ ਪੀਂਦੇ ਮੈਂ ਇਕ ਹੋਰ ਅੰਦਰ ਮਾਰਨੈਂ - ਫੇਰ ਆਪਣਾ ਬੇੜਾ ਪਾਰ ਐ..! ਚਾਰ ਘੰਟੇ ਮੈਂ ਮਾਰ ਨ੍ਹੀ ਖਾਂਦਾ-ਪਰ ਪੰਜਾਬ ਵੜਨ ਤੋਂ ਪਹਿਲਾਂ ਪੜਦੇ ਨਾਲ਼ ਇਕ ਅਧੀਆ ਹੋਰ ਫੜਲੀਂ! ਪੰਜਾਬ 'ਚ ਸਾਲ਼ੀ ਮਹਿੰਗੀ ਮਿਲ਼ਦੀ ਐ-ਸ੍ਰਾਬ ਕਿਤਾਬ 'ਕੱਠਾ ਈ ਕਰਲਾਂਗੇ...!" ਬੁੱਕਣ ਚਾਹ ਪੀਂਦੇ ਡਰਾਈਵਰ ਵੱਲ ਦੇਖ ਕੇ ਬੋਲਿਆ।

-"ਚਿੰਤਾ ਨਾ ਕਰ ਬਾਈ ਬੁੱਕਣਾਂ...! ਸਾਡੀ ਮਹਿਮਾਨ ਨਿਵਾਜੀ ਯਾਦ ਕਰਿਆ ਕਰੇਂਗਾ!" ਕਾਲੇ ਦੌਧਰੀਏ ਨੇ ਹਿੱਕ ਥਾਪੜ ਦਿੱਤੀ।

-"ਉਏ ਆਜੋ ਬਈ ਹੁਣ ਸ਼ੇਰੋ...!" ਦੂਰੋਂ ਅੰਨ੍ਹੇ ਜਿਹੇ ਚਾਨਣ ਵਿਚੋਂ ਬਾਪੂ ਦੀ ਅਵਾਜ਼ ਆਈ।

-"ਬੱਸ ਆਗੇ ਬਾਪੂ...!" ਬੁੱਕਣ ਨੇ ਰਹਿੰਦੇ ਅਧੀਏ ਦੇ ਗਲ਼ ਨੂੰ ਹੱਥ ਪਾ ਲਿਆ, "ਅੱਗੇ ਚੱਲ ਕੇ ਕਿਹੜਾ ਮੱਕੀ ਗੁੱਡਣੀਂ ਐਂ..?" ਅਖੀਰਲੀ ਗੱਲ ਉਸ ਨੇ ਦੱਬਵੇਂ ਜਿਹੇ ਬੋਲਾਂ ਨਾਲ਼ ਆਖੀ ਸੀ।

-"ਨਬੇੜ ਕੰਮ ਫੇਰ ਚੱਲੀਏ...!" ਚਾਹ ਦਾ ਖਾਲੀ ਗਿਲਾਸ ਹੋਟਲ ਦੀ ਬੰਨੀਂ 'ਤੇ ਰੱਖਦੇ ਡਰਾਈਵਰ ਨੇ ਆਖਿਆ।

-"ਇਹ ਤਾਂ ਗਈ ਸਮਝ ਕਾਲ਼ਾ ਸਿਆਂ...!" ਰਹਿੰਦੀ ਦਾਰੂ ਬੁੱਕਣ ਨੇ ਗਿਲਾਸ ਵਿਚ ਉਲੱਦ ਕੇ ਕਿਹਾ।

ਸਰਦੀਆਂ ਦਾ ਸੂਰਜ ਛੇਤੀ ਹੀ ਹਥਿਆਰ ਸੁੱਟ ਗਿਆ ਸੀ। ਤੁਰਦਿਆਂ ਕਰਦਿਆਂ ਉਹਨਾਂ ਨੂੰ ਰਾਤ ਦੇ ਅੱਠ ਵੱਜ ਗਏ ਸਨ। ਭਾਰਤੀ ਟਰੈਫ਼ਿਕ ਦੀ "ਟੀਂ-ਟਾਂਅ" ਹਨੀ ਦਾ ਕਾਲ਼ਜਾ ਕੱਢ ਰਹੀ ਸੀ। ਉਹ ਘੇਸਲ਼ ਜਿਹੀ ਮਾਰੀ, ਮੂੰਹ ਵੱਟੀ ਬੈਠੀ ਸੀ। ਦਿਲ ਘਟਣ ਵਾਲ਼ਿਆਂ ਵਾਂਗ! ਖਿਆਲਾਂ ਦੀ ਉਪਰੋਥਲ਼ੀ ਉਸ ਦੇ ਜ਼ਿਹਨ ਅੰਦਰ ਤੂਫ਼ਾਨ ਬਣੀ ਹੋਈ ਸੀ। ਬਾਪੂ ਚੁੱਪ ਸੀ। ਡਰਾਈਵਰ ਦੇ ਨਾਲ਼ ਬੈਠਾ ਬੁੱਕਣ ਖ਼ਾਮੋਸ਼ ਸੀ। ਹਨੀ ਕਿਸੇ ਉਧੇੜਬੁਣ ਵਿਚ ਮੱਥਾ ਫੜੀ ਬੈਠੀ ਸੀ। ਉਹਨਾਂ ਦੀ ਚੁੱਪ ਇਕ ਭਿਆਨਕ ਰੂਪ ਧਾਰੀ ਖੜ੍ਹੀ ਸੀ।

-"ਤੈਨੂੰ ਮੈਂ ਕਾਹਨੂੰ ਜੰਮਣਾ ਸੀ ਹਨਿੰਦਰ...! ਸਾਰੀ ਉਮਰ ਤੇਰੇ ਵੱਲੋਂ ਭੁੱਜਦਾ ਈ ਆਇਐਂ - ਕਦੇ ਸੁਖ ਦਾ ਸਾਹ ਨ੍ਹੀ ਆਇਆ ਤੇਰੇ ਵੱਲੋਂ..!" ਅਚਾਨਕ ਬਾਪੂ ਨੇ ਕੱਛ 'ਚੋਂ ਮੂੰਗਲ਼ਾ ਕੱਢ ਮਾਰਿਆ। ਦਿਲ ਵਿਚ ਮੱਚਦੀ ਭੜ੍ਹਾਸ ਬਾਹਰ ਕੱਢੀ। ਕੋਈ ਗੱਲ ਉਸ ਅੰਦਰ ਕਦੋਂ ਦੀ ਜੁਆਲਾ ਮੁਖੀ ਬਣੀ ਹੋਈ ਸੀ। ਜਿਹੜੀ ਉਸ ਦੇ ਮੂੰਹੋਂ ਨਾ ਚਾਹੁੰਦਿਆਂ ਹੋਇਆਂ ਵੀ ਨਿਕਲ਼ ਗਈ ਸੀ।

-"ਆਪ ਤਾਂ ਤੂੰ ਜਿਹੜੀ ਮੂੰਹ ਕਾਲ਼ਸ ਲੈਣੀਂ ਸੀ-ਉਹ ਤਾਂ ਲੈ ਈ ਲਈ! ਤੂੰ ਤਾਂ ਸਾਨੂੰ ਵੀ ਕਿਸੇ ਪਾਸੇ ਮੂੰਹ ਦਿਖਾਉਣ ਜੋਕਰਾ ਨ੍ਹੀ ਛੱਡਿਆ? ਪਿੰਡ ਸੀ, ਤਾਂ ਤੇਰੀਆਂ ਘਤਿੱਤਾਂ ਲੋਟ ਨ੍ਹੀ ਆਈਆਂ-ਕੋਈ ਬਾਕੀ ਨ੍ਹੀ ਛੱਡੀ-ਜੇ ਪੈਲ਼ੀ ਫੂਕ ਕੇ ਤੈਨੂੰ ਬਾਹਰ ਭੇਜਿਆ-ਤੂੰ ਤਾਂ ਖੇਹ ਖਾਣ ਦੀ ਕਸਰ ਨ੍ਹੀ ਛੱਡੀ! ਸਾਰੇ ਪਿੰਡ 'ਚ ਬੂਅ-ਬੂਅ ਹੋਈ ਪਈ ਐ, ਲੋਕ ਸਾਡੇ ਮੂੰਹ 'ਚ ਉਂਗਲਾਂ ਦਿੰਦੇ, ਨਿੱਤ ਦਾਹੜ੍ਹੀ 'ਚ ਮੂਤਦੇ ਐ..!"

-"ਜਿਹੜੀ ਮੇਰੇ ਨਾਲ਼ ਬੀਤੀ, ਉਹ ਥੋੜ੍ਹੀ ਐ...? ਜਿਹੜੀ ਕਸਰ ਰਹਿੰਦੀ ਐ, ਉਹ ਹੁਣ ਤੁਸੀਂ ਪੂਰੀ ਕਰ ਲਓ...!" ਹਨੀ ਨੇ ਵੀ ਮੂੰਹ 'ਚੋਂ ਬੋਲਾਂ ਦਾ ਲਾਂਬੂ ਛੱਡਿਆ।

-"ਫੇਰ ਸਾਡੇ ਕੋਲ਼ੇ ਆਉਣ ਦੀ ਐਡੀ ਕੀ ਲੋੜ ਪੈ ਗਈ ਸੀ..? ਉਥੇ ਈ ਕਿਸੇ ਖੂਹ ਟੋਭੇ ਪੈ ਕੇ ਮਰ ਜਾਂਦੀ ਕੁਲਿਹਣੀਏਂ...! ਸਾਨੂੰ ਹੁਣ ਬੁੱਢੇ ਬਾਰੇ ਜਰੂਰ ਖੱਜਲ਼ ਕਰਨਾ ਸੀ...? ਦੁਨੀਆਂ ਸਾਡੇ ਮੂੰਹ ਛਿੱਤਰ ਦਿੰਦੀ ਐ, ਤੇਰੀ ਬੇੜੀ ਬਹਿਜੇ ਕੁਲੱਛਣੀਂ ਦੀ...!" ਬਾਪੂ ਘੋਰ ਦੁਖੀ, ਪਿੱਟਣ ਵਾਲ਼ਾ ਹੋਇਆ ਬੈਠਾ ਸੀ। ਉਸ ਨੇ ਵੀ ਤਰਕਾਂ ਦੇ ਅਗਨ-ਬਾਣ ਮਾਰ ਦਿੱਤੇ।

-"ਬਾਪੂ ਕਾਹਨੂੰ ਬਰੜਾਹਟ ਕਰਦੈਂ? ਇਹਦੇ ਹੈ ਨੀ ਡਮਾਕ 'ਚ ਕੁਛ ਪੈਣ ਵਾਲ਼ਾ..! ਲੋਕਾਂ ਦੀਆਂ ਧੀਆਂ ਭੈਣਾਂ ਬਾਹਰ ਜਾਦੀਐਂ-ਘਰ ਦਾ ਮੂੰਹ ਮੱਥਾ ਸੁਆਰ ਦਿੰਦੀਐਂ-ਕੁਲ਼ਾਂ ਤਾਰ ਦਿੰਦੀਐਂ!" ਬੁੱਕਣ ਨੇ ਆਪਣੀ 'ਭੜ੍ਹਾਸ' ਕੱਢੀ। ਉਹ ਸੂਣ ਵਾਲ਼ੀ ਮੱਝ ਵਾਂਗ ਕੁਝ ਆਖਣ ਲਈ ਕਦੋਂ ਦਾ 'ਵੱਟ' ਜਿਹਾ ਕਰ ਰਿਹਾ

ਸੀ।

-"ਤੂੰ ਤਾਂ ਵਲੈਤ ਜਾ ਕੇ ਉਥੇ ਲੱਲ੍ਹਰ ਲਾਅਤਾ ਹੋਣੈਂ...? ਛੇੜ ਕੇ ਗੋਰੀ, ਜਲੀਲ ਹੋ ਕੇ ਈ ਨਿਕਲ਼ਿਐਂ ਉਥੋਂ..?" ਹਨੀ ਦੇ ਆਖਣ 'ਤੇ ਬੁੱਕਣ ਦਾ ਮੂੰਹ ਝੀਥ ਵਾਂਗ ਬੰਦ ਹੋ ਗਿਆ।

-"ਤੂੰ ਕੁੜੀਏ ਆਬਦਾ ਡਮਾਕ ਵਰਤਦੀ ਤੇ ਆਬਦਾ ਘਰ ਸਾਂਭਦੀ...!"

-"ਤੇ ਤੁਸੀਂ ਮੈਨੂੰ ਉਦੋਂ ਨਾ ਮੱਤ ਦਿੱਤੀ-ਜਦੋਂ ਥੋਨੂੰ ਲੱਖਾਂ ਰੁਪਈਏ ਆਉਂਦੇ ਸੀ...? ਉਦੋਂ ਤਾਂ ਮੈਂ ਬੜੀ ਸੋਨੇ ਦਾ ਆਂਡਾ ਦੇਣ ਵਾਲ਼ੀ ਕਮਾਊ ਧੀ ਸੀ...? ਹੁਣ ਮੈਨੂੰ ਉੱਜੜੀ ਨੂੰ ਤੁਸੀਂ ਮਾਰਦੇ ਓਂ ਤਾਹਨੇ ਤੇ ਤਰਕਾਂ..!" ਜਦੋਂ ਹਨੀ ਨੇ ਸਿੱਧੀ ਸੁਣਾਈ ਕੀਤੀ ਤਾਂ ਬੁੱਕਣ ਦਾ ਮੂੰਹ ਚਿਤੌੜਗੜ੍ਹ ਦੇ ਕਿਲ੍ਹੇ ਵਾਂਗ ਬੰਦ ਹੋ ਗਿਆ। ਉਸ ਨੇ ਪਿੱਛੋਂ ਨਜ਼ਰ ਹਟਾ ਕੇ ਸਿੱਧਾ ਸਲੋਟ ਸੜਕ 'ਤੇ ਦੇਖਣਾ ਸ਼ੁਰੂ ਕਰ ਦਿੱਤਾ। ਸੜਕ ਕਾਰ ਦੇ ਪਹੀਆਂ ਥੱਲੇ ਸਿਰਪੱਟ ਤਿਲ੍ਹਕਦੀ ਜਾ ਰਹੀ ਸੀ।

-"ਅਸੀਂ ਕਿਹੜਾ ਤੈਨੂੰ ਭੇਜਣ ਨੂੰ ਕਿਹਾ ਸੀ...? ਤੂੰ ਤਾਂ ਆਪ ਈ ਗੱਲੀਂ ਬਾਤੀਂ ਪੁੱਤ ਬਣ ਬਣ ਦਿਖਾਉਂਦੀ ਸੀ? ਅਖੇ ਮੈਂ ਥੋਡੀ ਧੀ ਨਹੀਂ, ਪੁੱਤ ਬਣ ਕੇ ਦਿਖਾਊਂਗੀ! ਲੈ, ਦਿਖਾ ਲੈ...! ਬਣ ਜਾਹ ਪੁੱਤ, ਸਾਡਾ ਘਰ ਭਰਦੀ ਭਰਦੀ ਤੂੰ ਤਾਂ ਆਬਦਾ ਵਸੇਬਾ ਵੀ ਉਜਾੜ ਲਿਆ-ਵਜਾਉਂਦੀ ਫਿਰ ਹੁਣ ਟੱਲੀਆਂ...!" ਬਾਪੂ ਨੰਗੇ ਸੱਚ ਤੋਂ ਮੁਨੱਕਰ ਹੋ ਗਿਆ ਸੀ।

-"ਤੇ ਤੁਸੀਂ ਮੈਨੂੰ ਕਦੇ ਰੋਕਿਆ ਵੀ ਹੈਨ੍ਹੀ ਸੀ ਬਈ ਪੈਸੇ ਨਾ ਭੇਜ...? ਕਿਹਾ ਸੀ ਕਦੇ ਬਈ ਤੂੰ ਆਬਦੇ ਘਰ ਬਾਰੇ ਸੋਚ? ਆਬਦੇ ਘਰੇ ਵਸੇਬਾ ਕਰ..! ਤੁਸੀਂ ਤਾਂ ਮੇਰੀ ਪੂਛ ਨੂੰ ਗੇੜਾ ਦੇਈ ਰੱਖਿਆ-ਅਸੀਂ ਤੰਗ ਐਂ ਜੀ! ਸਾਡਾ ਫ਼ਲਾਨਾ ਸੌਦਾ ਮਾਰਨ ਨੂੰ ਦਿਲ ਕਰਦੈ ਜੀ! ਅਸੀਂ ਤਾਂ ਪੈਲ਼ੀ ਦਾ ਸੌਦਾ ਮਾਰ ਲਿਐ ਜੀ-ਕਦੇ ਇਹ ਨ੍ਹੀ ਸੋਚਿਆ ਸੀ ਬਈ ਜੇ ਮੈਂ ਥੋਨੂੰ ਪੈਸੇ ਭੇਜੂੰ-ਤਾਂ ਆਬਦੇ ਘਰਵਾਲ਼ੇ ਤੋਂ ਚੋਰੀ ਈ ਭੇਜੂੰ? ਵਿਆਹ ਤੋਂ ਬਾਅਦ ਕੁੜੀ ਸਹੁਰਿਆਂ ਦੀ ਹੁੰਦੀ ਐ-ਨਾਂ ਕਿ ਥੋਡੇ ਅਰਗੇ ਲਾਲਚੀ ਪੇਕਿਆਂ ਦੀ...! ਉਦੋਂ ਨਾ ਮੈਨੂੰ ਕਿਹਾ ਬਈ ਨਾ ਭਾਈ, ਸਾਨੂੰ ਪੈਸੇ ਨਾ ਭੇਜੀਂ! ਆਬਦੇ ਘਰ ਬਾਰੇ ਸੋਚ! ਕੀ ਨ੍ਹੀ ਸੀ ਥੋਡੇ ਕੋਲ਼ੇ...?" ਉਹ ਬਘਿਆੜ੍ਹੀ ਵਾਂਗ ਕੁਦਾੜ ਕੇ ਆਈ।

-"ਤੇਰਾ ਵਿਆਹ ਨੀ ਕੀਤਾ...? ਹੁਣ ਹੀਂਜਰ ਹੀਂਜਰ ਆਉਨੀ ਐਂ..? ਜਿਹੜਾ ਚਾਰ ਲੱਖ ਤੇਰੇ ਬਿਆਹ 'ਤੇ ਲਾਇਐ, ਉਹੋ..? ਉਹ ਕਿਸੇ ਹਲ਼ਕ ਤਾਲੂਏ ਨਹੀਂ..?" ਬਾਪੂ ਨੇ ਉਸ ਨੂੰ ਹੀ ਦੋਸ਼ੀ ਠਹਿਰਾਇਆ।

-"ਤੁਸੀਂ ਕੋਈ ਅਨੋਖਾ ਲਾਇਐ? ਸਾਰੀ ਦੁਨੀਆਂ ਈ ਧੀਆਂ ਦੇ ਵਿਆਹਾਂ 'ਤੇ ਲਾਉਂਦੀ ਐ? ਮੇਰੇ 'ਤੇ ਕੋਈ ਅਲ੍ਹੈਹਦੇ ਲਾਏ ਐ ਤੁਸੀਂ? ਨਾ ਜੰਮਦੇ...! ਤੇ ਜੇ ਜੰਮੀ ਸੀ ਤਾਂ ਫੇਰ ਖਰਚਾ ਕਰਨ ਲੱਗੇ ਕਿਉਂ ਚੀਕਦੇ ਓਂ...? ਐਦੂੰ ਤਾਂ ਮੇਰਾ ਜੰਮਦੀ ਦਾ ਗਲ਼ ਦੱਬ ਦਿੰਦੇ..? ਐਡੀਆਂ ਤਕਲੀਫ਼ਾਂ ਤਾਂ ਨਾ ਦੇਖਣੀਆਂ ਪੈਂਦੀਆਂ..!"

-"........।" ਕਿਸੇ ਨੂੰ ਕੋਈ ਉੱਤਰ ਨਾ ਔੜਿਆ। ਉਹ ਵਾੜ ਵਿਚ ਫ਼ਸੇ ਬਿੱਲੇ ਵਾਂਗ ਝਾਕ ਰਹੇ ਸਨ।

-"ਨਾਲ਼ੇ ਚਾਰ ਲੱਖ ਲਾ ਕੇ ਗਾਈ ਜਾਨੇ ਐਂ? ਕਿੰਨੇ ਚਾਰ ਲੱਖ ਭੇਜਤਾ ਮੈਂ ਥੋਨੂੰ...? ਉਹ ਕਿਸੇ ਦੇ ਯਾਦ ਈ ਨ੍ਹੀ? ਨ੍ਹਾ ਉਹ ਕਿਹੜੀ ਗੋਹਿਆਂ ਦੀ ਲੜਾਈ 'ਚ ਚਲਿਆ ਗਿਆ, ਇਹ ਤਾਂ ਦੱਸੋ...?" ਹਨੀ ਨੇ ਇਕ ਹੋਰ ਪੱਥਰ ਸੁੱਟ ਕੇ ਭਰਾ ਅਤੇ ਬਾਪੂ ਨੂੰ ਨਿਰੁੱਤਰ ਕਰ ਦਿੱਤਾ।

-"ਚੱਲ ਕੁੜੀਏ ਘਰ ਦੇ ਪੜਦੇ ਨੀ ਉਧੇੜੀਦੇ ਹੁੰਦੇ...! ਜਰੈਂਦ ਕਰੀਦੀ ਹੁੰਦੀ ਐ...!" ਬੁੱਕਣ ਪੀਤੀ ਵਿਚ ਵੀ ਸੰਭਲ਼ ਕੇ ਗੱਲ ਕਰ ਰਿਹਾ ਸੀ।

-"ਨਾਸੀਂ ਧੂੰਆਂ ਤਾਂ ਮੇਰੇ ਤੁਸੀਂ ਲਿਆਈ ਜਾਨੇ ਐਂ..? ਤੇ ਜਰੈਂਦ ਮੈਂ ਕਰਾਂ..? ਨਾਲ਼ੇ ਮੇਰਾ ਘਰ ਉਜੜ ਗਿਆ-ਨਾਲ਼ੇ ਤੁਸੀਂ ਗਲ਼ ਘੁੱਟਣ ਆਉਨੇ ਓਂ..? ਮੇਰੀ ਕੀਤੀ ਦਾ ਗੁਣ ਤਾਂ ਕਿਸੇ ਨੇ ਨਾ ਪਾਇਆ ਭਰਾਵਾ! ਪੈਸਾ ਖੋਟਾ ਆਪਣਾ ਬਾਣੀਏਂ ਨੂੰ ਕੀ ਦੋਸ਼..? ਕਸੂਰ ਤਾਂ ਸਾਰਾ ਮੇਰਾ ਆਪਣਾ ਸੀ..! ਮੈਂ ਤਾਂ ਐਸ਼ਾਂ ਕਰਦੀ ਸੀ, ਬੁੱਲੇ ਵੱਢਦੀ ਸੀ!"

-''ਤੂੰ ਕਿਹੜਾ ਕਦੇ ਆਬਦੇ ਘਰ ਦੀ ਗੱਲ ਦੱਸੀ ਸੀ..? ਜੇ ਸਾਨੂੰ ਸੱਚ ਦੱਸ ਦਿੰਦੀ, ਅਸੀਂ ਤੈਨੂੰ ਪੈਸਾ ਭੇਜਣ ਨੂੰ ਕਾਹਨੂੰ ਕਹਿੰਦੇ? ਤੂੰ ਈ ਹਿੱਕ ਥਾਪੜ ਥਾਪੜ ਕੇ ਕਹਿੰਦੀ ਹੁੰਦੀ ਸੀ; ਮੈਂ ਥੋਡੀ ਧੀ ਨ੍ਹੀ-ਥੋਡਾ ਪੁੱਤ ਐਂ ਬਾਪੂ-ਥੋਨੂੰ ਪੁੱਤ ਬਣ ਕੇ ਦਿਖਾਊਂ...! ਸਹੁਰੇ ਮੇਰੇ ਜੁੱਤੀ ਦੇ ਯਾਦ ਨ੍ਹੀ-ਥੋਡੇ ਜੁਆਈ ਨੂੰ ਮੈਂ ਡੱਕਾ ਨ੍ਹੀ ਸਮਝਦੀ...! ਤੂੰ ਈ ਇੰਦਰਾ ਗਾਂਧੀ ਬਣੀ ਵੀ ਸੀ-ਸਾਨੂੰ ਕੀ ਪਤਾ ਸੀ ਬਈ ਤੂੰ ਆਬਦਾ ਵੀ ਪੱਤਾ ਕਟਵਾਲੇਂਗੀ..?'' ਬਾਪੂ ਨੇ ਠੁਣਾਂ ਹਨੀ ਸਿਰ ਹੀ ਭੰਨਿਆਂ।

ਗੱਡੀ ਆਪਣੀ ਪੂਰੀ ਰਫ਼ਤਾਰ ਨਾਲ਼ ਹਨ੍ਹੇਰੇ ਦਾ ਸੀਨਾਂ ਚੀਰਦੀ ਜਾ ਰਹੀ ਸੀ।

ਰਫ਼ਤਾਰ ਦੀ ਸੂਈ ਨਾਇਣ ਦੀ ਅੱਖ ਵਾਂਗ ਟਿਕੀ ਹੋਈ ਸੀ।

ਸਾਰੇ ਚੁੱਪ ਚਾਪ, ਪੱਥਰ ਬਣੇ ਬੈਠੇ ਸਨ।

ਜ਼ਿੰਦਗੀ ਵਿਚ ਕਈ ਵਾਰ ਅਜਿਹੀਆਂ ਘਟਨਾਵਾਂ ਘਟ ਜਾਂਦੀਆਂ ਹਨ, ਜਿਹਨਾਂ ਨੂੰ ਇਨਸਾਨ ਨੇ ਕਦੇ ਜ਼ਿੰਦਗੀ ਵਿਚ ਕਿਆਸਿਆ ਵੀ ਨਾ ਹੋਵੇ! ਜੀਵਨ ਵਿਚ ਕਈ ਅਜਿਹੇ ਹਾਦਸੇ ਵਾਪਰ ਜਾਂਦੇ ਹਨ, ਜਿਹਨਾਂ ਬਾਰੇ ਤੁਸੀਂ ਨਾ ਕਿਸੇ ਨਾਲ਼ ਗੱਲ ਕਰ ਸਕਦੇ ਹੋ ਅਤੇ ਨਾ ਹੀ ਕਿਸੇ ਕੋਲ਼ ਉਸ ਦੀਆਂ ਪਰਤਾਂ ਫ਼ਰੋਲ਼ ਸਕਦੇ ਹੋ। ਆਦਮੀ ਦਾ ਅੰਦਰੂਨੀ ਜ਼ਖ਼ਮ ਅੰਦਰੋ ਅੰਦਰੀ ਹੀ ਕਿਸੇ ਨਾਸੂਰ ਦਾ ਰੂਪ ਧਾਰਨ ਕਰਦਾ ਰਹਿੰਦਾ ਹੈ। ਬੰਦਾ ਕਿਣਕਾ ਕਿਣਕਾ ਹੋ ਕੇ ਹਰ ਰੋਜ਼ ਮਰਦਾ ਹੈ ਅਤੇ ਇਕ ਨਾ ਇਕ ਦਿਨ ਰੱਬ ਨੂੰ 'ਪਿਆਰਾ' ਹੋ ਜਾਂਦਾ ਹੈ! ਉਸ ਨਾਲ਼ ਖ਼ਾਰ ਖਾਣ ਵਾਲ਼ੇ ਵੀ ਮਰਨ ਤੋਂ ਬਾਅਦ ਉਸ ਨੂੰ 'ਆਪਣਾ' ਗਰਦਾਨਦੇ ਹਨ ਅਤੇ ਬੇਹੂਦੇ ਗੁਣ ਗਾਇਨ ਕਰਦੇ ਰਹਿੰਦੇ ਹਨ। ਦੁਨੀਆਂ ਕੋਈ ਕਮਲ਼ੀ ਨਹੀਂ, ਜਿਹੜੀ ਗਰਮ-ਸਰਦ ਦਾ ਭੇਦ ਨਾ ਜਾਣੇ। ਪਰ ਹਰ ਕੋਈ 'ਹੋਊ-ਪਰੇ' ਕਰ ਕੇ ਡੱਕੇ ਭੰਨ ਲੈਂਦਾ ਹੈ।

ਹਨੀ ਦੇ ਚੁੱਪ ਦਿਮਾਗ ਵਿਚ ਵਿਚਾਰਾਂ ਨੇ ਯੁੱਧ ਛੇੜ ਦਿੱਤਾ।

-''ਬੇਦਿਮਾਗੀ ਤਾਂ ਮੈਂ ਸੀ ਬਾਪੂ..! ਜੀਹਨੇ ਥੋਡੇ ਮਗਰ ਲੱਗ ਕੇ ਆਪਣਾ ਘਰ ਪੱਟ ਲਿਆ...! ਰੰਨ ਗਈ ਨਾਲ਼ੇ ਕੰਨ ਪਾਟੇ ਰਾਂਝੇ ਦੱਸ ਪਿਆਰ 'ਚੋਂ ਖੱਟਿਆ ਕੀ, ਆਲ਼ੀ ਗੱਲ ਹੋਈ ਮੇਰੇ ਨਾਲ਼ ਤਾਂ..! ਤੁਸੀਂ ਸਾਰੇ ਈ ਸਿਆਣੇ ਸੀ...! ਕਮਲ਼ੀ ਤਾਂ ਮੈਂ ਸੀ-ਜਿਹੜੀ ਥੋਡੀਆਂ ਨਸੀਹਤਾਂ ਮਗਰ ਲੱਗੀ ਰਹੀ, ਤੇ ਆਪਣਾ ਘਰ ਬਰਬਾਦ ਕਰ ਲਿਆ...! ਥੋਨੂੰ ਪੁੱਤ ਬਣ ਕੇ ਦਿਖਾਉਂਦੀ ਦਿਖਾਉਂਦੀ ਤਾਂ ਮੈਂ ਆਪ ਘਰ ਘਾਟ ਦੀ ਨ੍ਹੀ ਰਹੀ-ਮੈਂ ਭੁੱਲ ਗਈ ਸੀ ਬਈ ਰੱਬ ਨੇ ਮੈਨੂੰ ਧੀ ਬਣਾਇਐ-ਔਰਤ ਬਣਾਇਐ...!''

ਹਨੀ ਦੀ ਸੋਚ ਅੰਦਰੋਂ ਉਧੜਨ ਲੱਗੀ; ਔਰਤ ਦੀ ਸਿਰਫ਼ ਪੇਕਿਆਂ ਪ੍ਰਤੀ ਹੀ ਨਹੀਂ, ਸਹੁਰਿਆਂ ਪ੍ਰਤੀ ਵੀ ਕੋਈ ਜ਼ਿੰਮੇਵਾਰੀ ਹੁੰਦੀ ਐ ਕਿ ਮੈਂ ਇਕ ਚੰਗੀ ਧੀ ਦੇ ਨਾਲ਼-ਨਾਲ਼ ਇਕ ਚੰਗੀ 'ਪਤਨੀ' ਤੇ 'ਨੂੰਹ' ਵੀ ਬਣ ਕੇ ਦਿਖਾਵਾਂ! ਨਾ ਕਿ ਰੱਬ ਦੀ ਕੁਦਰਤ ਦੇ ਖ਼ਿਲਾਫ਼ ਪੁੱਤ ਬਣ ਕੇ ਦਿਖਾਉਣ ਦਾ ਭਰਮ ਪਾਲ਼ਾਂ...! ਰੱਬ ਵੀ ਬੜਾ ਬੇਅੰਤ ਐ, ਉਹ ਇਨਸਾਨ ਨੂੰ 'ਆਨੇ' ਵਾਲ਼ੀ ਥਾਂ 'ਤੇ ਈ ਰੱਖਦੈ! ਜੇ ਬੰਦੇ ਦੇ ਦਿਲ ਦੀ ਹਰ ਗੱਲ ਪੂਰੀ ਹੁੰਦੀ ਹੋਵੇ, ਬੰਦਾ ਰੱਬ ਨੂੰ ਕਦੇ ਯਾਦ ਨਾ ਕਰੇ! ਪੁੱਤ ਬਣ ਕੇ ਦਿਖਾਉਣ ਦਾ ਭਰਮ ਮੇਰੀ ਜ਼ਿੰਦਗੀ ਦੀ ਇਕ ਬੜੀ ਵੱਡੀ ਭੁੱਲ ਸੀ..! ਮੈਨੂੰ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਇਕ ਚੰਗੀ ਧੀ, ਇਕ ਚੰਗੀ ਨੂੰਹ, ਇਕ ਚੰਗੀ ਪਤਨੀ ਅਤੇ ਇਕ ਚੰਗੀ ਇਮਾਨਦਾਰ ਔਰਤ ਬਣ ਕੇ ਰੱਬ ਦੇ ਕਾਨੂੰਨ ਦੇ ਅਨੁਸਾਰ ਤੁਰਨਾ ਚਾਹੀਦਾ ਸੀ! ਹੁਣ ਭੁਗਤੂੰ ਮੈਂ ਆਪੇ ਹੀ..! ਕੋਈ ਮੇਰਾ ਦੁੱਖ ਨਹੀਂ ਵੰਡਾਉਂਦਾ! ਹੁਣ ਇਹ ਸੰਤਾਪ ਤੈਨੂੰ ਆਪ ਹੀ ਭੁਗਤਣਾ ਪੈਣੈਂ ਹਨੀ! ਮੈਨੂੰ ਤਾਂ ਪਿਉ ਤੇ ਭਰਾ ਹੀ ਮੂੰਹੋਂ ਨਹੀਂ ਬੋਲਦੇ..? ਨਾਲ਼ੇ ਆਪਣੇ ਸਕੇ ਨੇ..! ਬਿਗਾਨੀਆਂ ਧੀਆਂ, ਭਰਜਾਈਆਂ ਪਤਾ ਨਹੀਂ ਕੀ-ਕੀ ਬਚਨ ਕਰਨਗੀਆਂ...? ਹਨੀ ਨੇ ਦਿਲ ਵਿਚ ਹੀ ਸੋਚਿਆ। ਸਰੀਰਕ ਪੱਖੋਂ ਉਹ ਸਿਲ਼ ਪੱਥਰ ਬਣੀ ਬੈਠੀ ਸੀ। ਸੋਚਾਂ ਦੇ ਸਾਗਰ ਵਿਚ ਰੁੜ੍ਹੀ ਹਨੀ ਦੀਆਂ ਸੋਚਾਂ ਦੀ ਘੋੜ ਦੌੜ ਪਿਛਲੇ ਸਮੇਂ ਨਾਲ਼ ਜਾ ਜੁੜੀ...! ਖਿਆਲ ਬੀਤੇ ਸਮੇਂ ਨਾਲ਼ ਹਾਣੀ ਬਣ ਰਲ਼ ਤੁਰੇ...!

00000

……ਅਜੇ ਹਨੀ ਦਸਵੀਂ ਜਮਾਤ ਵਿਚ ਹੀ ਪੜ੍ਹਦੀ ਸੀ। ਸੋਹਣੀ ਸੁਨੱਖੀ ਤਾਂ ਅੰਤਾਂ ਦੀ ਸੀ। ਮੋਟੀਆਂ ਅੱਖਾਂ ਰੱਬ ਨੇ ਉਸ ਨੂੰ ਬੜੀ ਰੀਝ ਨਾਲ਼ ਘੜ੍ਹ ਕੇ ਬਖ਼ਸ਼ਿਸ਼ ਕੀਤੀਆਂ ਸਨ। ਕਾਦਰ ਦੀ ਘੜ੍ਹੀ ਮੂਰਤ ਸੀ ਹਨੀ! ਉਸ ਦੀਆਂ ਅੱਖਾਂ ਵਿਚ ਕੁਦਰਤੀ ਡਲਕ ਸੀ ਅਤੇ ਸੁਭਾਅ ਵਿਚ ਕੋਮਲਤਾ…! ਅੰਤਾਂ ਦੀ ਭੋਲ਼ੀ…! ਜਦੋਂ ਗੱਲ ਕਰਦੀ ਸੀ ਤਾਂ ਕੇਸੂ ਵਰਗੇ ਬੁੱਲ੍ਹਾਂ 'ਚੋਂ ਫ਼ੁੱਲ ਕਿਰਦੇ ਸਨ। ਕੁਦਰਤੀ ਮੁਸਕਰਾਹਟ ਉਸ ਦੇ ਹੁਸੀਨ ਚਿਹਰੇ 'ਤੇ ਹਮੇਸ਼ਾ ਖਿੜੀ ਰਹਿੰਦੀ। ਰੰਗ ਭਾਵੇਂ ਉਸ ਦਾ ਕਣਕਵੰਨਾਂ ਹੀ ਸੀ। ਪਰ ਉਸ ਦੇ ਤਿੱਖੇ ਨੈਣ ਨਕਸ਼ ਹਰ ਦੇਖਣ ਵਾਲ਼ੇ ਦਾ ਕਾਲ਼ਜਾ ਕੱਢ ਲੈਂਦੇ ਅਤੇ ਅਗਲੇ ਨੂੰ ਕਿਸੇ ਡੂੰਘੀ ਸੋਚ ਵਿਚ ਪਾ ਜਾਂਦੇ ਸਨ! ਹਰ ਕੋਈ ਉਸ ਨੂੰ ਪਿੱਛੇ ਮੁੜ ਕੇ ਦੁਬਾਰਾ ਦੇਖਦਾ! ਸਕੂਲ ਵਿਚ ਮੁੰਡੇ ਖੁੰਡੇ ਉਸ ਨੂੰ, "ਤੇਰਾ ਅੱਖਾਂ 'ਚੋਂ ਹੱਸ ਕੇ ਤੱਕਣਾ…ਹਾਏ ਨ੍ਹੀ ਸਾਨੂੰ ਮਾਰ ਗਿਆ…!" ਦੇ ਤਾਹਨ੍ਹੇ ਮਿਹਣੇ ਮਾਰਦੇ! ਪਰ ਉਹ ਮੁਸਕਰਾ ਕੇ ਹੀ ਅੱਗੇ ਨਿਕਲ਼ ਜਾਂਦੀ। ਖੜ੍ਹ ਕੇ ਕਿਸੇ ਦੀ ਗੱਲ ਜਾਂ ਤਾਹਨੇ ਦਾ ਉੱਤਰ ਨਾ ਦਿੰਦੀ। ਮੁੰਡੇ ਹਨੀ ਦੀ ਇਸ ਕਾਤਲ ਅਦਾ 'ਤੇ ਕੁਰਬਾਨ ਹੋ ਜਾਂਦੇ!

ਹਨੀ ਨੇ ਦਸਵੀਂ ਕਰ ਲਈ ਤਾਂ ਉਸ ਨੇ ਮੋਗੇ ਡੀ. ਐਮ. ਕਾਲਿਜ ਵਿਚ ਦਾਖ਼ਲਾ ਲੈ ਲਿਆ।

ਬੇਬੇ ਚਾਹੇ ਕੁੜੀ ਨੂੰ ਕਾਲਜ ਭੇਜਣ ਲਈ ਨੱਕ ਬੁੱਲ੍ਹ ਮਾਰਦੀ ਹੀ ਸੀ। ਲੱਤ ਨਹੀਂ ਲਾਉਂਦੀ ਸੀ।

-"ਬਹੁਤ ਐ ਜਿੰਨੀ ਕੁ ਇਹੇ ਪੜ੍ਹਲੀ-ਚਿੱਠੀ ਪੱਤਰ ਜੋਗੀ ਹੋਗੀ, ਹੋਰ ਪੜ੍ਹ ਕੇ ਇਹਨੇ ਕੀ ਠਾਣੇਦਾਰਨੀ ਲੱਗਣੈਂ…?"

-"ਪੜ੍ਹ ਲੈਣ ਦੇਹ..! ਤੇਰੇ ਕੀ ਖੁਰ ਵੱਢਦੀ ਐ..? ਜੰਗੀਰ ਮਾਸ਼ਟਰ ਕਹਿੰਦਾ ਸੀ ਬਈ ਕੁੜੀ ਪੜ੍ਹਨ ਨੂੰ ਹੁਸ਼ਿਆਰ ਐ, ਤੂੰ ਬਾਹਲ਼ਾ ਬਰੜਾਹਟ ਨਾ ਕਰਿਆ ਕਰ…! ਆਬਦੀ ਸਾਗ ਘੋਟਣ ਵਾਲ਼ੀ ਮੱਤ ਆਬਦੇ ਕੋਲ਼ੇ ਰੱਖਿਆ ਕਰ..! ਤੈਨੂੰ ਪੜ੍ਹਾਈਆਂ ਦਾ ਕੀ ਪਤਾ..? ਤੇਰੇ ਤਾਂ ਹੁਣ ਤੱਕ ਗੋਹੇ 'ਚੋਂ ਹੱਥ ਨ੍ਹੀ ਨਿਕਲ਼ੇ..!"

-"ਪਹਿਲਾਂ ਮੇਰੇ ਪੇਕਿਆਂ ਨੇ ਲਹੂ ਪੀਤਾ, ਤੇ ਫੇਰ ਤੂੰ..! ਮੇਰੇ ਹੱਥ ਗੋਹੇ 'ਚੋਂ ਕੌਣ ਕੱਢਦਾ..?" ਬੇਬੇ ਨੇ ਤੋੜਾ ਬਾਪੂ ਸਿਰ ਹੀ ਝਾੜਿਆ।

-"ਚੱਲ ਚੁੱਪ ਰਹਿ..! ਮਾਰਦੀ ਕਿਵੇਂ ਐਂ ਜਾਭਾਂ ਨੂੰ..!"

ਬੇਬੇ ਦੀ ਦਲੀਲ ਅੱਖੋਂ ਪਰੋਖੇ ਕਰ ਕੇ ਬਾਪੂ ਨੇ ਉਸ ਨੂੰ ਕਾਲਜ ਦਾਖਲਾ ਲੈ ਦਿੱਤਾ ਸੀ।

ਕਾਲਜ ਜਾ ਕੇ ਹਨੀ ਦਾ ਸੰਧੂਰੀ ਰੰਗ ਹੋਰ ਵੀ ਨਿੱਖਰ ਆਇਆ ਸੀ। ਚੜ੍ਹਦੇ ਸੂਰਜ ਦੀ ਲਾਲੀ ਜਿਵੇਂ ਹਨੀ ਦੇ ਮੁੱਖ 'ਤੇ ਉਤਰੀ ਰਹਿੰਦੀ ਸੀ।

ਕਾਲਿਜ ਦੇ 'ਗੁੰਡੇ' ਜਿਹੇ ਮੁੰਡਿਆਂ ਤੋਂ ਉਹ ਕੋਹਾਂ ਦੂਰ ਹੀ ਰਹਿੰਦੀ। ਕਿਸੇ ਦੀ ਕੋਈ ਪ੍ਰਵਾਹ ਨਾ ਕਰਦੀ।

ਇਕ ਦਿਨ ਕਾਲਿਜ ਦੇ ਇਕ ਮੁੰਡੇ ਜੱਸੀ ਨੇ ਉਸ ਨੂੰ ਇਕ ਕਿਤਾਬ ਵਿਚ ਬਹਾਨੇ ਨਾਲ਼ ਇਕ 'ਰੁੱਕਾ' ਪਾ ਕੇ ਭੇਜਿਆ। ਅੱਤ ਸੰਖੇਪ ਚਿੱਠੀ..! ਉਸ ਨੂੰ ਜੱਸੀ ਤੋਂ ਕਦੇ ਡਰ-ਭੈਅ ਨਹੀਂ ਆਇਆ ਸੀ। ਉਹ ਸੰਗਾਊ ਜਿਹਾ ਲੜਕਾ ਚੋਰ ਨਜ਼ਰ ਨਾਲ਼ ਹਨੀ ਵੱਲ ਤੱਕਦਾ, ਤਾਂ ਹਨੀ ਵੀ ਮੁਸਕਰਾ ਕੇ ਉਸ ਦੀ ਖ਼ਾਮੋਸ਼ ਮੁਸਕਾਰਹਟ ਵਿਚ ਮਦਹੋਸ਼ ਜਿਹੀ ਹੋ ਜਾਂਦੀ। ਨਜ਼ਰਾਂ ਦੀ ਜੂਹ ਰਲ਼ੀ, ਤਾਂ ਦੋਵਾਂ ਦੀਆਂ ਭਾਵਨਾਵਾਂ ਇਕ ਦੂਜੇ ਨੂੰ ਲੱਭਣ ਲੱਗੀਆਂ। ਪਾਰਕ ਦੇ ਇਕ ਖੂੰਜੇ ਜਾ ਕੇ ਉਸ ਨੇ ਜੱਸੀ ਵੱਲੋਂ ਭੇਜਿਆ ਖ਼ਤ ਪੜ੍ਹਿਆ।

-"ਰੱਬ ਦੀ ਮੂਰਤ ਹਨਿੰਦਰ…! ਬੱਸ, ਇਤਨਾ ਹੀ ਆਖ ਸਕਦਾ ਹਾਂ ਕਿ ਵਿਸ਼ਾਲ ਆਕਾਸ਼ ਵਿਚ ਉੱਡਦੀਆਂ, ਕਿਸੇ ਅਣਮਿਥੀ ਮੰਜ਼ਿਲ ਵੱਲ ਜਾ ਰਹੀਆਂ ਕੂੰਜਾਂ ਦੀਆਂ ਡਾਰਾਂ ਨੂੰ ਖਿਆਲਾਂ ਵਿਚ ਜੱਫ਼ੇ ਮਾਰਨ ਵਾਲ਼ਾ ਹੱਦ ਦਾ ਮੂਰਖ਼ ਹੁੰਦਾ ਹੈ…! ਕਿਤੇ ਮੈਂ ਉਹੀ ਮੂਰਖ਼ਤਾ ਤਾਂ ਨਹੀਂ ਕਰ ਰਿਹਾ…? ਤੇਰੇ ਉੱਤਰ ਦੀ ਉਡੀਕ ਰਹੇਗੀ! ਜੱਸੀ…!" ਪੜ੍ਹ ਕੇ ਉਸ ਨੇ ਰੁੱਕਾ ਪਾੜ ਕੇ ਸੁੱਟ ਦਿੱਤਾ ਅਤੇ ਵਾਪਿਸ ਮੁੜ ਆਈ। ਪਾਰਕ ਦੇ ਅੱਧ ਵਿਚ ਪਹੁੰਚ ਕੇ ਫਿਰ ਪਤਾ ਨਹੀਂ ਉਹ ਕਿਉਂ ਵਾਪਸ ਮੁੜ ਗਈ। ਪਾੜੇ ਕਾਗਜ਼ ਦੇ ਟੁਕੜੇ ਇਕੱਠੇ ਕੀਤੇ ਅਤੇ ਸੱਸੀ ਦੇ ਪੁੰਨੂੰ ਦੀ ਸੱਜਰੀ ਪੈੜ ਦੇ ਰੇਤੇ ਵਾਂਗ ਕਾਗਜ਼ ਦਾ ਟੁਕੜਾ ਘੁੱਟ ਕੇ ਹਿੱਕ ਨਾਲ਼ ਲਾ ਲਿਆ। ਜਿਵੇਂ ਉਸ ਦਾ ਕਾਲ਼ਜਾ ਠਰ ਗਿਆ ਅਤੇ ਮਨ ਸੀਤ ਹੋ ਗਿਆ ਸੀ।

ਸਾਰਾ ਦਿਨ ਕਾਲਜ ਵਿਚ ਉਸ ਦੇ ਮਨ ਨੂੰ ਅੱਚਵੀ ਜਿਹੀ ਲੱਗੀ ਰਹੀ। ਕਿਤਾਬ ਫੜ ਕੇ ਪੜ੍ਹਨ ਲੱਗਦੀ ਤਾਂ ਜੱਸੀ ਦਾ ਭੋਲ਼ਾ, ਸਾਊ ਅਤੇ ਦਿਲਕਸ਼ ਚਿਹਰਾ ਮੂਰਤ ਬਣ ਸਾਹਮਣੇ ਆ ਖੜ੍ਹਦਾ। ਉਸ ਦਾ ਦਿਲ ਥਾਲ਼ੀ ਦੇ ਪਾਣੀ ਵਾਂਗ ਡੋਲ ਰਿਹਾ ਸੀ। ਧੜਕਣ ਵਿਚ ਤੂਫ਼ਾਨ ਆਇਆ ਹੋਇਆ ਸੀ।

ਰਾਤ ਨੂੰ ਸੌਣ ਤੋਂ ਪਹਿਲਾਂ ਉਸ ਨੇ ਘਰਦਿਆਂ ਤੋਂ ਚੋਰੀ ਉਸ ਕਾਗਜ਼ ਦੇ ਟੁਕੜੇ ਨੂੰ ਗੂੰਦ ਨਾਲ਼ ਜੋੜਿਆ ਅਤੇ ਫਿਰ ਵਾਰ ਵਾਰ ਪੜ੍ਹਿਆ। ਇਕ ਇਕ ਅੱਖਰ ਉਸ ਨੂੰ ਇਲਾਹੀ ਸ਼ਬਦ ਜਾਪ ਰਿਹਾ ਸੀ। ਕਾਗਜ਼ ਜੋੜਦੀ ਹਨੀ ਨੂੰ ਇੰਜ ਮਹਿਸੂਸ ਹੋਇਆ ਸੀ, ਜਿਵੇਂ ਆਪਣੀ ਖਿਲਰੀ ਕਿਸਮਤ ਨੂੰ ਤਰਤੀਬ ਦੇ ਰਹੀ ਹੋਵੇ! ਉਸ ਦੇ ਮਨ ਅੰਦਰ ਖੁਸ਼ੀ ਦੀਆਂ ਘੰਟੀਆਂ ਵੱਜ ਰਹੀਆਂ ਸਨ। ਹਵਾ ਚਵਰ ਕਰਦੀ ਮਹਿਸੂਸ ਹੋ ਰਹੀ ਸੀ। ਪ੍ਰਕਿਰਤੀ ਲੋਰੀਆਂ ਦਿੰਦੀ ਲੱਗਦੀ ਸੀ। ਜਜ਼ਬਾਤਾਂ ਦੇ ਵਹਿਣਾਂ ਵਿਚ ਵਹਿੰਦੀ ਹਨੀ ਨੇ ਵੀ ਕਾਗਜ਼ ਦੀ ਹੱਕ 'ਤੇ ਕੁਝ ਸ਼ਬਦ ਵਾਹ ਧਰੇ...!

-''ਜੱਸੀ, ਤੇਰੀ ਭੋਲ਼ੀ ਭਾਲ਼ੀ ਅਤੇ ਸੱਚੀ-ਸੁੱਚੀ ਮੂਰਤ, ਸੂਰਤ ਅਤੇ ਸੀਰਤ ਦਾ ਮਿਆਰ ਸ਼ਾਇਦ ਮੇਰੀ ਆਖਰੀ ਮੰਜ਼ਿਲ ਤੱਕ ਪਹੁੰਚ ਚੁੱਕਾ ਹੈ! ਖਿਆਲਾਂ ਨੂੰ ਜਾਂ ਖਿਆਲਾਂ ਵਿਚ ਜੱਫ਼ਾ ਮਾਰਨ ਵਾਲ਼ਾ ਮੂਰਖ਼ ਨਹੀਂ, ਲੋਕ ਉਸ ਨੂੰ ਚਾਹੇ ਫ਼ਿਲਾਸਫ਼ਰ ਜਾਂ ਬੌਰਾ ਆਖਣ, ਪਰ ਅਜਿਹੀਆਂ ਸੋਚਾਂ ਦੀ ਪ੍ਰਵਾਜ਼ ਭਰਨ ਵਾਲ਼ਾ ਕਿਸੇ ਦੇ ਦਿਲਾਂ ਦਾ ਜਾਨੀ ਵੀ ਹੋ ਸਕਦਾ ਹੈ...! ਕਿ ਨਹੀਂ..? ਮੇਰੀ ਸੋਚ ਅਨੁਸਾਰ ਮੈਂ ਤੇਰੀ ਗੱਲ ਦਾ ਉੱਤਰ ਦੇ ਦਿੱਤਾ ਹੈ!... ਹਨੀ!''

ਚਿੱਠੀ ਉਸ ਨੇ ਲਿਖ ਤਾਂ ਲਈ। ਪਰ ਫੜਾਉਣ ਦਾ ਸਬੱਬ ਨਾ ਬਣਿਆਂ।

ਕਈ ਦਿਨ ਲੰਘ ਗਏ।

ਤੀਜੇ ਦਿਨ ਜਦ ਜੱਸੀ ਉਸ ਨੂੰ ਪਾਰਕ ਕੋਲ਼ ਅਚਾਨਕ ਮਿਲ਼ ਗਿਆ ਤਾਂ ਉਸ ਨੇ ਛਾਤੀਆਂ ਦੇ ਸੰਨ੍ਹ ਵਿਚ ਲੁਕਾਈ ਚਿੱਠੀ ਕਿਸੇ ਅਰਮਾਨ ਵਾਂਗ ਉਸ ਦੇ ਅੱਗੇ ਕਰ ਦਿੱਤੀ। ਚਿੱਠੀ ਫੜਦੇ ਜੱਸੀ ਦੀਆਂ ਤਲ਼ੀਆਂ ਨੂੰ ਮੁੜ੍ਹਕਾ ਆ ਗਿਆ। ਸਰੀਰ ਨੂੰ ਅਕਹਿ ਆਨੰਦ ਭਰੀ ਝਰਨਾਹਟ ਛੁੱਟੀ। ਉਸ ਨੇ ਬੜੀ ਹਸਰਤ ਨਾਲ਼ ਹਨੀ ਵੱਲ ਤੱਕਿਆ ਤਾਂ ਹਨੀ ਦੀਆਂ ਗੱਲ੍ਹਾਂ ਵਿਚੋਂ ਵੀ ਜਿਵੇਂ ਰੱਤ ਚੋਅ ਰਹੀ ਸੀ। ਗੱਲ੍ਹਾਂ ਸੁਰਖ਼ ਅਤੇ ਚੜ੍ਹਦੇ ਸੂਰਜ ਵਾਂਗ ਰੱਤੀਆਂ ਸਨ। ਉਸ ਦੀਆਂ ਨਜ਼ਰਾਂ ਮਿਹਰਬਾਨੀ ਵਿਚ ਵਿਛੀਆਂ ਪਈਆਂ ਸਨ। ਦਿਲਾਂ ਦੀ ਜੂਹ ਵਿਚ ਦੂਰ-ਦੂਰ ਤੱਕ ਖੇੜਾ ਆ ਗਿਆ ਸੀ। ਅਰਮਾਨਾਂ ਦੀ ਬਹਾਰ ਖਿੜ ਪਈ ਸੀ। ਹਨੀ ਸਿਰ ਝੁਕਾਅ ਕੇ ਤੁਰ ਗਈ। ਜੱਸੀ ਦੀ ਜਿਵੇਂ ਰੂਹ ਤੁਰ ਗਈ ਸੀ। ਜਿੰਦ ਤੁਰ ਗਈ ਸੀ...!

ਅਜੇ ਜੱਸੀ ਪਾਰਕ ਦੇ ਇਕ ਖੂੰਜੇ ਖੜ੍ਹਾ ਚਿੱਠੀ ਦੀਆਂ ਪਰਤਾਂ ਖੋਲ੍ਹ ਕੇ ਪੜ੍ਹ ਹੀ ਰਿਹਾ ਸੀ ਕਿ ਕਿਸੇ ਖੁਰਦਰੀ ਜਿਹੀ ਅਵਾਜ਼ ਨੇ ਉਸ ਦਾ 'ਤਰਾਹ' ਕੱਢ ਦਿੱਤਾ।

-''ਮੈਂ ਕਹਿੰਨੈਂ ਜਮਾਂ ਈ ਕਾਲ਼ਾ ਸੱਪ ਮਾਰਿਐ ਬਾਈ ਸਿਆਂ, ਕਾਲ਼ਾ ਨਾਗ...! ਧਰਮ ਨਾਲ਼ ਬੜਾ ਈ ਖ਼ਤਰਨਾਕ ਬਾਈ ਸਿਆਂ, ਜਮਾਂ ਈ ਖੜੱਪਾ..!'' ਬੀਕਾ ਖੜ੍ਹਾ ਸੀ। ਉਸ ਦੀ ਪਾਟੇ ਢੋਲ ਵਰਗੀ ਅਵਾਜ਼ ਜੱਸੀ ਦੇ ਕਾਲ਼ਜੇ ਵਿਚ ਡਾਂਗ ਵਾਂਗ ਵੱਜੀ ਸੀ।

-''.......।'' ਉਹ ਨਿਰੁੱਤਰ ਹੋਇਆ ਸਿੱਧਾ ਸਲੋਟ ਬੀਕੇ ਵੱਲ ਤੱਕ ਰਿਹਾ ਸੀ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਬੀਕੇ ਨੂੰ ਕੀ ਉਤਰ ਦੇਵੇ..? ਕੀ ਬਹਾਨਾ ਮਾਰੇ..?

ਬੀਕੇ ਦਾ ਅਸਲ ਨਾਂ ਬਿਕਰਮ ਸਿੰਘ ਸੀ। ਪਰ ਕਾਲਜ ਵਿਚ ਉਹ 'ਬੀਕੇ' ਦੇ ਨਾਂ ਨਾਲ਼ ਮਸ਼ਹੂਰ ਸੀ। ਕਾਫ਼ੀ ਸਾਲਾਂ ਤੋਂ ਇਕੋ ਹੀ ਕਲਾਸ ਵਿਚ ਗੇੜੇ ਖਾਣ ਵਾਲ਼ਾ ਬੀਕਾ ਕੋਈ ਸਾਊ ਮੁੰਡਾ ਨਹੀਂ ਸੀ। ਉਸ ਦਾ ਕੰਮ ਕੁੜੀਆਂ ਕੱਤਰੀਆਂ ਦੇ ਚੂੰਢੀਆਂ ਭਰਨਾ ਅਤੇ ਬੋਲ-ਕਬੋਲ ਕਰਨਾ ਸੀ। ਰੱਜੇ ਪੁੱਜੇ ਘਰ ਦਾ ਬੀਕਾ ਪੜ੍ਹਦਾ ਘੱਟ ਅਤੇ ਗਸ਼ਤ ਬਹੁਤੀ ਕਰਦਾ ਸੀ। ਇਕ ਨਾਮੀਂ ਬਦਮਾਸ਼ ਜਾਂ ਕਹੋ ਅਫ਼ੀਮ ਸਮਗਲਰ ਦਾ ਵਿਗੜਿਆ, ਬਦ ਮੁੰਡਾ ਕਈ ਵਾਰ ਠਾਣੇ ਦਾ ਮੂੰਹ ਵੀ ਦੇਖ ਆਇਆ ਸੀ। ਪਰ ਠਾਣੇ ਜਾ ਕੇ ਵੀ ਉਸ ਦਾ ਪੱਤਾ ਨਹੀਂ ਹਿੱਲਿਆ ਸੀ। ਪਿਉ ਦੀ ਚੰਗੀ ਚੱਲਦੀ ਹੋਣ ਕਰਕੇ ਪੁਲੀਸ ਦਾ ਤਾਂ ਉਸ ਨੂੰ ਡਰ ਹੀ ਕੋਈ ਨਹੀਂ ਸੀ। ਪਿਉ ਦੀ ਸਰਕਾਰੇ ਦਰਬਾਰੇ ਪੂਰੀ 'ਭੱਲ' ਬਣੀ ਹੋਈ ਸੀ। ਇਲਾਕੇ ਦਾ ਐੱਮ. ਐੱਲ. ਏ. ਉਸ ਤੋਂ ਪੁੱਛ ਗੱਲ ਕਰਦਾ ਸੀ। ਜੱਸੀ ਨੂੰ ਉਸ ਦੇ ਖੱਖਰ ਖਾਧੇ ਜਿਹੇ ਮੂੰਹ ਤੋਂ ਡਰ ਆਇਆ। ਪਲ ਦੀ ਪਲ

ਜਿਵੇਂ ਉਸ ਦੇ ਦਿਲ ਦਾ ਬਾਗ ਵੈਰਾਨ ਹੋ ਗਿਆ ਸੀ। ਦਿਲ ਦੀ ਖਿੜੀ ਜੂਹ ਤਬਾਹ ਹੋ ਗਈ ਸੀ। ਖੇੜਾ ਬੰਜਰ ਉਜਾੜ ਹੋ ਗਿਆ ਸੀ।

-"ਕੁੜੀ ਕਾਹਦੀ ਐ..? ਅੱਖਾਂ ਨਾਲ਼ ਮਿਰਚਾਂ ਭੋਰਦੀ ਐ..! ਮੋਢਿਆਂ ਤੋਂ ਦੀ ਥੁੱਕਦੀ ਐ ਖ਼ਸਮਾਂ ਨੂੰ ਖਾਣੀਂ..! ਭੜ੍ਹਾਕਾ ਐ ਭੜ੍ਹਾਕਾ, ਬਾਈ ਸਿਆਂ...!" ਬੀਕਾ ਖੜ੍ਹਾ ਆਪਣੀ ਕਰੜ ਬਰੜੀ ਦਾੜ੍ਹੀ ਖੁਰਕ ਰਿਹਾ ਸੀ। ਉਸ ਦੀਆਂ 'ਚੰਟ' ਅੱਖਾਂ ਜੱਸੀ ਦੇ ਚਿਹਰੇ 'ਤੇ ਤਖ਼ਤੇ ਦੀ ਚੂਲ਼ ਵਾਂਗ ਘੁਕੀ ਜਾ ਰਹੀਆਂ ਸਨ।

-"........।" ਜੱਸੀ ਫਿਰ ਨਾ ਕੁਝ ਬੋਲਿਆ।

-"ਸਾਡੇ ਤਾਂ ਇਹ ਕਬੂਤਰੀ ਕਦੇ ਬਨੇਰੇ 'ਤੇ ਨੀ ਬੈਠੀ? ਤੇਰੇ ਮੋਢੇ 'ਤੇ ਕਿਵੇਂ ਖੇਡਣ ਲੱਗਪੀ..? ਆਸ਼ਕੇ ਬਾਈ ਸਿਆਂ ਤੇਰੇ..! ਸਦਕੇ ਤੇਰੀ ਕਿਸਮਤ ਦੇ...! ਸਲਾਮ ਤੈਨੂੰ..!"

-"........।"

-"ਕੱਲੇ ਖਾਣ ਨੂੰ ਬਾਈ ਸਿਆਂ ਕਾਣੀਂ ਵੰਡ ਆਖਦੇ ਐ!" ਬੀਕੇ ਨੇ ਮੂੰਹ ਵਿੰਗਾ ਕਰ ਲਿਆ ਅਤੇ ਸ਼ੈਤਾਨ ਨਜ਼ਰ ਤਿਰਛੀ ਸੁੱਟ ਲਈ।

-"..........।" ਜੱਸੀ ਨੇ ਫਿਰ ਵੀ ਸਮਾਈ ਕਰ ਲਈ।

-"ਵੰਡ ਕੇ ਖਾਵੇਂਗਾ, ਚੰਗਾ ਰਹੇਂਗਾ, ਨਹੀਂ ਬਾਈ ਸਿਆਂ ਗਿੱਦੜਾਂ ਹੱਥ ਆਇਆ ਪਟੋਲ੍ਹਾ ਲੀਰੋ ਲੀਰ ਹੋ ਜਾਂਦੈ..!"

-"ਕਾਲਜ ਦੀ ਕੁੜੀ ਬਾਰੇ ਐਹੋ ਜੀਆਂ ਗੱਲਾਂ ਤੈਨੂੰ ਸ਼ੋਭਾ ਨਹੀਂ ਦਿੰਦੀਆਂ ਬਾਈ ਬੀਕਿਆ..!" ਜੱਸੀ ਨੇ ਮੂੰਹ ਖੋਲ੍ਹਿਆ ਸੀ।

-"ਵਾਹ...! ਕਿਆ ਡਾਈਲਾਗ ਮਾਰਾ ਪ੍ਰੇਮ ਬਾਬੂ ਨੇ...!" ਉਸ ਨੇ ਜੱਸੀ ਦਾ ਮਜ਼ਾਕ ਉਡਾਇਆ।

ਬਿਨਾ ਗੱਲ ਕੀਤੀ ਦੇ ਜੱਸੀ ਖਿਝ ਕੇ ਤੁਰ ਗਿਆ। ਉਹ ਬੀਕੇ ਵਰਗੇ ਬੇਵਕੂਫ਼ ਅਤੇ ਬਦਮਾਸ਼ ਬੰਦੇ ਨਾਲ਼ ਗੱਲ ਨਹੀਂ ਕਰਨਾ ਚਾਹੁੰਦਾ ਸੀ। ਲੜਾਈ ਕਰਨਾ ਬੀਕੇ ਦਾ ਪਹਿਲਾ ਕੰਮ ਸੀ ਅਤੇ ਲੜਾਈ ਤੋਂ ਜੱਸੀ ਵਰਗਾ ਸ਼ਾਂਤਮਈ ਮੁੰਡਾ ਸੌ ਕੋਹਾਂ ਡਰਦਾ ਸੀ। ਇਕ ਲਿੱਬੜੀ ਮੱਝ ਸਾਰਿਆਂ ਨੂੰ ਲਬੇੜਦੀ ਹੈ, ਸੋਚ ਕੇ ਜੱਸੀ ਨੇ ਚੁੱਪ ਵੱਟਣੀ ਹੀ ਬਿਹਤਰ ਸਮਝੀ। ਲੜਾਈ ਅਤੇ ਲੱਸੀ ਦਾ ਕੀ ਐ..? ਜਿੰਨੀ ਮਰਜ਼ੀ ਐ ਵਧਾ ਲਵੋ..! ਪਰ ਬੀਕੇ ਦਾ ਭਰਮ ਸੀ ਕਿ ਜੱਸੀ ਉਸ ਦੇ ਦਬਦਬੇ ਤੋਂ ਜਰਕ ਗਿਆ ਸੀ, ਡਰ ਗਿਆ ਸੀ।

ਜੱਸੀ ਦਾ ਮਨ ਭੈੜ੍ਹਾ ਹੋ ਗਿਆ।

ਅਚਾਨਕ ਪ੍ਰੇਮ ਸਾਗਰ ਦੀ ਸ਼ਾਂਤੀ ਵਿਚ ਬੀਕਾ ਪੱਥਰ ਬਣ ਡਿੱਗਿਆ ਸੀ।

ਜਦੋਂ ਜੱਸੀ ਅਗਲੇ ਦਿਨ ਕਾਲਜ ਆਇਆ ਤਾਂ ਯਾਰਾਂ ਮਿੱਤਰਾਂ ਦੀਆਂ ਬਾਂਹਾਂ 'ਤੇ ਟੰਗਿਆ ਗਿਆ। ਜਿਗਰੀ ਮਿੱਤਰ ਖ਼ੁਸ਼ੀ ਵਿਚ ਚੀਕਾਂ ਮਾਰ ਰਹੇ ਸਨ। ਬਾਂਦਰਾਂ ਵਾਗ...! ਪਰ ਜੱਸੀ ਨੂੰ ਕਿਸੇ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਯਾਰ ਮਿੱਤਰ ਉਸ ਨੂੰ ਮੋਢਿਆਂ 'ਤੇ ਕਿਉਂ ਉਗੀਸੀ ਫ਼ਿਰਦੇ ਸਨ...?

-"ਉਏ ਖਸਮੋਂ..! ਕੋਈ ਗੱਲ ਤਾਂ ਦੱਸੋ..!" ਜੱਸੀ ਸੋਚਾਂ ਦੇ ਗੇੜ ਵਿਚ ਪਿਆ ਹੋਇਆ ਸੀ।

-"ਪਹਿਲਾਂ ਆਖ ਬਈ ਪਾਰਟੀ ਪੱਕੀ..?" ਲੰਡਰ ਮੁਡੀਹਰ ਕੁਝ ਜ਼ਿਆਦਾ ਹੀ ਮੱਛਰੀ ਹੋਈ ਸੀ।

-"ਪਾਰਟੀ ਨੂੰ ਸਾਲ਼ਿਓ ਮੇਰੇ ਆਨੰਦ ਕਾਰਜ ਹੋਏ ਐ..? ਕੋਈ ਗੱਲ ਤਾਂ ਦੱਸੋ..?"

-"ਉਏ ਆਨੰਦ ਕਾਰਜਾਂ 'ਚ ਈ ਕੱਚ ਐ..! ਬਾਕੀ ਬੇੜਾ ਤਾਂ ਪਾਰ ਐ ਬਾਈ ਸਿਆਂ...! ਕਿਸੇ ਪਾਸਿਓਂ ਕੋਈ ਕਸਰ ਨ੍ਹੀ..!" ਇਕ ਖੂੰਜੇ 'ਚੋਂ ਬੀਕੇ ਨੇ ਤਰਕ ਮਾਰੀ।

ਜੱਸੀ ਮੂਤ ਦੀ ਝੱਗ ਵਾਂਗ ਬੈਠ ਗਿਆ।

ਉਸ ਨੂੰ ਹੁਣ ਸਾਰੀ ਹਕੀਕਤ ਦਾ ਪਤਾ ਲੱਗ ਗਿਆ ਸੀ ਕਿ ਮਿੱਤਰਾਂ ਵੱਲੋਂ ਇਹ ਲਾਚੜਪੁਣਾਂ ਕਿਸ ਗੱਲ ਕਰ ਕੇ ਹੋ ਰਿਹਾ ਸੀ..? ਇਹ ਸਾਰੀ ਗੱਲ ਬੀਕੇ ਨੇ ਹੀ ਫ਼ੈਲਾਈ ਸੀ। ਉਸ ਨੇ ਝਟਕੇ ਨਾਲ਼ ਸਾਰਿਆਂ ਤੋਂ ਆਪਣਾ ਆਪ ਛੁਡਾ ਲਿਆ। ਉਸ ਦਾ ਮੱਥਾ ਜੋਰ ਨਾਲ਼ ਠਣਕਿਆ ਸੀ। ਖਹਿੜਾ ਛੁਡਾ ਕੇ ਉਸ ਨੇ ਬਿੱਲੀ ਦੇ ਮੂੰਹੋਂ ਛੁੱਟੇ ਕਬੂਤਰ ਵਾਂਗ ਖੰਭ ਜਿਹੇ ਝਿਣਕੇ ਅਤੇ ਚੁੱਪ ਚਾਪ ਕੰਟੀਨ ਵਿਚ ਜਾ ਬੈਠਿਆ। ਹੁਣ ਉਸ ਨੂੰ ਹੋਰ ਫ਼ਿਕਰ ਚਿੰਬੜ ਗਿਆ ਸੀ। ਉਸ ਦੀ ਗਲਤੀ ਨਾਲ਼ ਹਨੀ ਦੀ ਮਿੱਟੀ ਪੱਟੀ ਗਈ...। ਜੇ

ਉਹ ਹਨੀ ਨੂੰ ਖ਼ਤ ਫੜਾਉਣ ਦੀ ਪਹਿਲ ਜਾਂ ਗਲਤੀ ਨਾ ਕਰਦਾ, ਤਾਂ ਇਸ ਗੱਲ ਦੀ ਸ਼ੁਰੂਆਤ ਹੀ ਨਹੀਂ ਹੋਣੀ ਸੀ...। ਜੇ ਉਸ ਨੇ ਉਸ ਨੂੰ ਚਿੱਠੀ ਫੜਾਈ, ਤਾਂ ਹੀ ਹਨੀ ਨੇ ਉੱਤਰ ਦਿੱਤਾ...? ਜੇ ਉਹ ਇਸ ਵਿਸ਼ੇ ਨੂੰ ਨਾ ਹੀ ਛੇੜਦਾ, ਤਾਂ ਗੱਲ ਲੁਕੀ ਲੁਕਾਈ ਸੀ...। ਮੇਜ਼ 'ਤੇ ਪਿਆ ਸਾਜ਼ ਕਦੇ ਆਪਣੇ ਆਪ ਨਹੀਂ ਵੱਜਦਾ, ਚਾਹੇ ਉਹ ਕਿਤਨਾ ਵੀ ਸੁਰੀਲਾ ਸੰਗੀਤ ਦੇਣ ਦੀ ਸਮਰੱਥਾ ਰੱਖਦਾ ਹੋਵੇ...! ਸੰਗੀਤ ਦਾ ਮਜ਼ਾ ਲੈਣ ਲਈ ਉਸ ਦੀਆਂ ਸੁੱਚਾਂ ਸੁਰ ਕਰਨੀਆਂ ਪੈਂਦੀਆਂ ਨੇ...! ਜੱਸੀ, ਤੂੰ ਹੀ ਹਨੀ ਨੂੰ ਬਦਨਾਮ ਕਰ ਮਾਰਿਆ..! ਕੀ ਕਰਾਂ...? ਬੀਕੇ ਦਾ ਮਿੰਨਤ ਤਰਲਾ ਕਰਾਂ..? ਨਹੀਂ, ਕਦਾਚਿੱਤ ਨਹੀਂ..! ਉਹ ਸਾਲਾ ਹੋਰ ਉੱਪਰ ਚੜ੍ਹੇਗਾ ਅਤੇ ਸਿਰ ਹੋਵੇਗਾ। ਪਰ ਜੇ ਮਿੰਨਤ ਤਰਲੇ ਨਾਲ਼ ਹਨੀ ਦੀ ਇੱਜ਼ਤ ਬਚਦੀ ਐ, ਤਾਂ ਬੀਕੇ ਅੱਗੇ ਬੇਨਤੀ ਕਰਨ ਦਾ ਕੋਈ ਹਰਜ਼ ਨਹੀਂ..! ਹਾਂ, ਬੀਕੇ ਦਾ ਤਰਲਾ ਕਰ ਅਤੇ ਉਸ ਕੁੜੀ ਨੂੰ ਬਦਨਾਮੀਂ ਤੋਂ ਬਚਾ ਜੱਸੀ...! ਉਸ ਦੀ ਇੱਜ਼ਤ ਖਾਤਿਰ ਮੈਨੂੰ ਝੁਕਣਾਂ ਵੀ ਮਨਜ਼ੂਰ ਹੈ..! ਪਰ ਉਸ ਦੀ ਇੱਜ਼ਤ ਆਬਰੂ ਜ਼ਰੂਰ-ਬਰ-ਜ਼ਰੂਰ, ਹਰ ਹਾਲਤ ਵਿਚ ਬਚਾਉਣੀ ਐਂ..।

ਉਹ ਦਿਲ ਜਿਹਾ ਕਰੜਾ ਕਰ ਕੇ ਪਾਰਕ ਵਿਚ ਦੀ ਹੁੰਦਾ ਹੋਇਆ ਬਾਹਰ ਭਲਵਾਨ ਦੇ ਢਾਬੇ 'ਤੇ ਪਹੁੰਚ ਗਿਆ। ਉਸ ਨੂੰ ਪਤਾ ਸੀ ਕਿ ਬੀਕੇ ਦੀ ਠਾਹਰ ਭਲਵਾਨ ਦੇ ਢਾਬੇ 'ਤੇ ਹੀ ਸੀ!

ਢਾਬੇ ਦੇ ਇਕ ਖੂੰਜੇ ਬੀਕਾ ਸਾਝਰੇ ਹੀ ਪਤਾ ਨਹੀਂ ਕਿਹੜੀ ਖ਼ੁਸ਼ੀ ਵਿਚ ਬੋਤਲ ਖੋਲ੍ਹੀ ਬੈਠਾ ਸੀ। ਸਾਹਮਣੇ ਪਈ ਆਮਲੇਟ ਨੂੰ ਉਹ ਬੋਤੇ ਵਾਂਗ ਬੁਰਕ ਮਾਰ ਰਿਹਾ ਸੀ। ਉਸ ਦੀ 'ਟੁੱਚ-ਟੁੱਚ' ਦੂਰ ਤੱਕ ਸੁਣਦੀ ਸੀ। ਜੱਸੀ ਨੂੰ ਦੇਖ ਕੇ ਬੀਕੇ ਨੇ ਆਦਤ ਅਨੁਸਾਰ ਮੂੰਹ ਵਿੰਗਾ ਕਰ ਲਿਆ। ਉਸ ਦੇ ਚਿਹਰੇ 'ਤੇ ਸ਼ਰਾਰਤ ਸੀ। ਉਸ ਨੇ ਪਾਸਾ ਮਾਰਿਆ ਤਾਂ ਢਾਬੇ ਦੇ ਬੈਂਚ ਨੇ ਦੁਹਾਈ ਮਚਾ ਦਿੱਤੀ। ਚੂਲਾਂ ਚੀਕੀਆਂ!

-"ਗੋਦੀ ਚੱਕ ਲੈ ਸੁਨੱਖਿਆ ਯਾਰਾ - ਤੁਰਦੀ ਦੇ ਪੈਰ ਮੱਚਗੇ...!" ਬੀਕੇ ਨੇ ਪੈੱਗ ਪੀ ਕੇ ਬੱਕਰਾ ਬੁਲਾਇਆ।

-".......।" ਜੱਸੀ ਬੀਕੇ ਦੇ ਬਰਾਬਰ ਬੈਠ ਗਿਆ।

-"ਮੈਨੂੰ ਪਤਾ ਸੀ ਬਈ ਤੂੰ ਜਰੂਰ ਆਵੇਂਗਾ..! ਐਥੋਂ ਪਤਾ ਲੱਗਦੈ ਬਈ ਇਹ ਯਾਰੀ ਐ, ਛੋਲਿਆਂ ਦਾ ਵੱਢ ਨਹੀ ਬਾਈ ਸਿਆਂ..!"

-".........।"

-"ਖੁੱਲ੍ਹ ਕੇ ਬੈਠ ਸੁਨੱਖਿਆ ਯਾਰਾ..! ਕੱਠਾ ਜਿਆ ਕਾਹਨੂੰ ਹੋਈ ਜਾਨੈਂ..? ਬੀਕਾ ਫੇਰ ਵੀ ਤੇਰਾ ਯਾਰ ਐ..! ਤੇਰਾ ਕਲਾਸ ਫ਼ੈਲੋ..!"

-"........।" ਜੱਸੀ ਆਦਤ ਅਨੁਸਾਰ ਚੁੱਪ ਸੀ।

-"ਲੈ ਫੜ ਪੀ...!" ਬੀਕੇ ਨੇ ਗਿਲਾਸ ਅਤੇ ਬੋਤਲ ਜੱਸੀ ਅੱਗੇ ਕਰ ਦਿੱਤੀ।

-"ਨਹੀਂ, ਮੈਂ ਤਾਂ ਕਦੇ ਪੀਤੀ ਨੀ ਬਾਈ ਬੀਕਿਆ...!" ਉਸ ਨੇ ਗਿਲਾਸ ਅਤੇ ਬੋਤਲ ਪਿੱਛੇ ਧੱਕ ਦਿੱਤੇ।

-"ਅੱਜ ਪੀ ਕੇ ਦੇਖਲੈ...! ਪਰ ਤੈਨੂੰ ਪੀਣ ਦੀ ਕੀ ਲੋੜ ਐ ਬਾਈ ਸਿਆਂ..? ਤੇਰੇ ਕੋਲ਼ੇ ਰੰਨ ਜਿਉਂ ਧਤੂਰੇ ਵਰਗੀ ਐ..! ਦਾਰੂ ਨਾਲ਼ ਤਾਂ ਸਾਨੂੰ ਈ ਟੱਕਰਾਂ ਮਾਰਨੀਆਂ ਪੈਂਦੀਐਂ, ਜਿਹੜੇ ਬੋਤੇ ਦੀ ਪੂਛ ਵਰਗੇ ਲੰਡੇ ਈ ਫ਼ਿਰਦੇ ਐਂ..! ਕੀ ਕਰੀਏ ਬਾਈ ਸਿਆਂ..? ਕੋਈ ਵੱਸ ਨਹੀਂ..! ਇਕ ਤੇਰੇ ਅਰਗੇ ਛੋਟੇ ਭਾਈ ਦੁਸ਼ਮਣ ਬਣੇ ਫਿਰਦੇ ਐ..! ਇਉਂ ਨ੍ਹੀ ਬਈ ਬਾਈ ਬੀਕਾ ਲੰਡਾ ਸਾਧ ਈ ਕੰਧਾਂ ਨਾਲ਼ ਟੱਕਰਾਂ ਮਾਰਦਾ ਫਿਰਦੈ, ਉਹਦਾ ਕੋਈ ਪ੍ਰਬੰਧ ਈ ਕਰ ਦੇਈਏ? ਭਲਵਾਨਾਂ...!" ਉਸ ਨੇ ਢਾਬੇ ਵਾਲ਼ੇ ਨੂੰ ਹਾਕ ਮਾਰੀ।

ਬੀਕੇ ਦੀ ਅਵਾਜ਼ ਨਗਾਰੇ ਵਾਂਗ ਵੱਜੀ ਸੀ।

-"ਆਇਆ ਬਾਈ ਬੀਕਿਆ...!" ਭਲਵਾਨ ਬਿੰਡੇ ਵਾਂਗ ਟਿਆਂਕਿਆ ਅਤੇ ਬੀਕੇ ਦੀ ਅਵਾਜ਼ ਦਾ ਖਿੱਚਿਆ ਹੀ ਆ ਗਿਆ।

-"ਸਾਡੇ ਬਾਈ ਜੱਸੀ ਸਿਉਂ ਨੂੰ ਦੁੱਧ ਕਾੜ੍ਹ ਕੇ ਪਿਆ..! ਇਹਨੇ ਉਹ ਸ਼ਿਕਾਰ ਮਾਰਿਐ, ਜੀਹਦੇ

ਮਗਰ ਬੀਕਾ ਕਦੋਂ ਦਾ ਸ਼ਿਸ਼ਤ ਬੰਨ੍ਹੀਂ ਫਿਰਦਾ ਸੀ!"

ਭਲਵਾਨ ਸਿਰ ਝੁਕਾ, ਹੁਕਮ ਮੰਨ ਕੇ ਤੁਰ ਗਿਆ।

-"ਹਾਂ ਬਾਈ ਜੱਸੀ..! ਬੋਲ ਬਾਈ ਸਿਆਂ, ਕੀ ਸੇਵਾ ਕਰ ਸਕਦੈਂ ਮੈਂ..?" ਬੀਕੇ ਨੇ ਗੱਲ ਦਾ ਰੁੱਖ ਬਦਲਿਆ।

-"ਬਾਈ ਬੀਕਿਆ..! ਮੇਰੀ ਤਾਂ ਤੇਰੇ ਮੂਹਰੇ ਇਕ ਈ ਬੇਨਤੀ ਐ...!"

-"ਬੇਨਤੀ ਨਹੀਂ, ਹੁਕਮ ਸੁਣਾ ਬਾਈ ਸਿਆਂ...! ਹੁਕਮ ਸੁਣਾਂ ਮੈਨੂੰ..!! ਮੈਂ ਫੇਰ ਵੀ ਤੇਰਾ ਬੀਕਾ ਬਾਈ ਐਂ..!" ਬੀਕੇ ਨੇ ਇਕ ਲੰਡਾ ਪੈੱਗ ਹੋਰ ਅੰਦਰ ਸੁੱਟਿਆ। ਉਸ ਦੀਆਂ ਗੇਰੂ ਅੱਖਾਂ ਦਾ ਰੰਗ ਹੋਰ ਭਿਆਨਕ ਹੁੰਦਾ ਜਾ ਰਿਹਾ ਸੀ।

ਬੋਤਲ ਉਸ ਸਾਹਮਣੇ ਬਾਰੂਦ ਬਣਦੀ ਜਾ ਰਹੀ ਸੀ।

-"ਬਾਈ ਜਿਹੜਾ ਕੁਛ ਤੂੰ ਦੇਖਿਐ-ਉਹ, ਓਹ ਗੱਲ ਨਹੀਂ, ਜਿਹੜੀ ਤੂੰ ਸਮਝ ਰਿਹੈਂ..।" ਜੱਸੀ ਦੀ ਗੱਲ 'ਤੇ ਬੀਕੇ ਨੇ ਰੱਤੀਆਂ ਅੱਖਾਂ ਉਪਰ ਚੁੱਕੀਆਂ। ਅੱਖਾਂ ਦੇ ਲਾਲ ਡੋਰਿਆਂ ਵਿਚ ਕੋਈ ਭੇਦ ਛੁਪਿਆ ਹੋਇਆ ਸੀ। ਕੋਈ ਕਾਤਲ ਭੇਦ..!

-"ਮੈਂ ਤਾਂ ਕੁਛ ਵੀ ਨ੍ਹੀ ਸਮਝਿਆ..! ਕੀ ਸਮਝਿਐ ਮੈਂ ਬਾਈ ਸਿਆਂ..?" ਉਸ ਨੇ ਜੱਸੀ ਨੂੰ ਉਲ਼ਝਾ ਲਿਆ।

ਭਲਵਾਨ ਕਾੜ੍ਹਿਆ ਹੋਇਆ ਦੁੱਧ ਰੱਖ ਗਿਆ।

ਪਰ ਜੱਸੀ ਦੀ ਵੱਢੀ ਰੂਹ ਨਹੀਂ ਕਰਦੀ ਸੀ।

-"ਬਾਈ ਬੀਕਿਆ, ਹਨੀ ਬਹੁਤ ਚੰਗੀ ਕੁੜੀ ਐ...।"

-"ਮੈਂ ਕਦੋਂ ਕਿਹੈ ਬਈ ਹਨੀ ਮਾੜੀ ਕੁੜੀ ਐ? ਨ੍ਹਾਂ ਮੈਂ ਕਿਹੈ ਬਾਈ ਸਿਆਂ..? ਉਹਦੇ ਅਰਗੀ ਚੰਗੀ ਕੁੜੀ ਤਾਂ ਸਾਰੇ ਕਾਲਜ 'ਚ ਹੈਨ੍ਹੀ..!" ਉਸ ਨੇ ਜੱਸੀ ਦੀ ਗੱਲ ਕੱਟ ਕੇ ਕਿਹਾ।

ਜੱਸੀ ਨੂੰ ਬੀਕੇ ਸਾਹਮਣੇ ਕੋਈ ਗੱਲ ਨਹੀਂ ਔੜ ਰਹੀ ਸੀ।

ਉਹ ਖਿਆਲਾਂ ਦੀ ਉਧੇੜਬੁਣ ਵਿਚ ਉਲਝਿਆ ਪਿਆ ਸੀ।

-"ਬਾਈ ਬੀਕਿਆ...!"

-"ਹਾਂ ਬਾਈ ਸਿਆਂ...?" ਉਹ ਮਸ਼ੀਨ ਵਾਂਗ ਬੋਲਿਆ।

-"ਜਿਹੜੀ ਗੱਲ ਤੂੰ ਮੇਰੀ ਤੇ ਹਨੀ ਆਲ਼ੀ ਦੇਖੀ ਐ, ਉਹਨੂੰ ਬਾਈ ਬਣਕੇ ਕਿਸੇ ਨੂੰ ਦੱਸੀਂ ਨਾ, ਉਹਦੇ 'ਤੇ ਆਪਾਂ ਮਿੱਟੀ ਪਾਈਏ..!"

-"ਪਾਅਤੀ...! ਆਪਾਂ ਕਿਤੋਂ ਕੁਛ ਲੈਣ ਜਾਣੈਂ...? ਤੂੰ ਹੁਕਮ ਕਰ...! ਬੀਕਾ ਤੇਰਾ ਵੱਡਾ ਬਾਈ ਐ ਬਾਈ ਸਿਆਂ..!" ਉਸ ਨੇ ਤੁਰੰਤ ਉਤਰ ਦਿੱਤਾ।

ਜੱਸੀ ਦਾ ਦਿਲ ਹੌਲ਼ਾ ਹੋ ਗਿਆ। ਪਰ ਉਸ ਦਾ ਮਨ ਕਿਸੇ ਗ਼ੈਬੀ ਭੈਅ ਕਾਰਨ ਅਜੇ ਵੀ ਧੁੜਕੂ ਮੰਨੀ ਜਾ ਰਿਹਾ ਸੀ ਕਿ ਬੀਕਾ ਬੜਾ ਦੁਸ਼ਟ ਅਤੇ ਬੇਰਹਿਮ ਬੰਦਾ ਸੀ। ਹੁਣ ਉਹ ਹਨੀ ਦਾ ਛੇਤੀ ਕੀਤੇ ਖਹਿੜ੍ਹਾ ਛੱਡਣ ਵਾਲ਼ਾ ਨਹੀਂ ਸੀ। ਉਸ ਦੇ ਉਜਾੜੇ ਘਰ ਮੁੜ ਨਹੀਂ ਵਸੇ ਸਨ। ਚੱਟੇ ਦਰੱਖ਼ਤ ਹਰੇ ਨਹੀਂ ਹੋਏ ਸਨ।

-"ਮੈਂ ਤਾਂ ਕੀ ਹੁਕਮ ਕਰਨਾ ਸੀ ਬਾਈ ਬੀਕਿਆ..? ਮੇਰੀ ਮਿੰਨਤ ਐ..! ਬੱਸ ਇਸ ਗੱਲ 'ਤੇ ਮਿੱਟੀ ਪਾ ਦੇਹ, ਹਨੀ ਦੀ ਇੱਜ਼ਤ ਰਹਿ ਜਾਵੇ, ਤੇਰਾ ਸਾਰੀ ਜ਼ਿੰਦਗੀ ਰਿਣੀਂ ਰਹੂੰਗਾ...!"

-"ਉਹ ਤਾਂ ਪਾ ਦਿਆਂਗੇ..! ਸਾਨੂੰ ਕੀ ਫ਼ਾਇਦਾ..? ਕੱਟੇ ਨੂੰ ਮਣ ਦੁੱਧ ਦਾ ਕੀ ਭਾਅ..? ਪਰ ਸਾਡੀ ਗੱਲ ਤਾਂ ਤੂੰ ਮੰਨਦਾ ਨ੍ਹੀ..!" ਉਸ ਨੇ ਸ਼ਿਕਵਾ ਦਿਖਾਇਆ।

-"ਬੋਲ ਬਾਈ..? ਜਲਦੀ ਬੋਲ, ਬਾਈ ਬਣਕੇ..!" ਜੱਸੀ ਨੇ ਉਠ ਕੇ ਬੀਕੇ ਦੇ ਊਠ ਵਰਗੇ ਗੋਡੇ ਫੜ ਲਏ।

-"ਲੈ ਫੜ ਪੀ..! ਤੇ ਹੁਣ ਨਾਂਹ ਨਾ ਕਰੀਂ..!" ਬੀਕੇ ਨੇ ਬੋਤਲ ਅਤੇ ਗਿਲਾਸ ਜੱਸੀ ਅੱਗੇ ਕਰ

ਦਿੱਤੇ ਅਤੇ ਇਕ ਤਕੜਾ ਪੈੱਗ ਪਾ ਦਿੱਤਾ। ਮਜਬੂਰੀ ਵਿਚ ਹੁਕਮ ਮੰਨਦੇ ਹੋਏ ਜੱਸੀ ਨੇ ਅੱਖਾਂ ਮੀਟ ਕੇ ਪੈੱਗ ਇਕ ਦਮ ਅੰਦਰ ਸੁੱਟਿਆ ਤਾਂ ਉਸ ਦੇ ਅੰਦਰ ਅੱਗ ਦਾ ਭਾਂਬੜ ਬਲ਼ ਉਠਿਆ। ਪਹਿਲੀ ਵਾਰ ਪੀਤੀ ਦਾਰੂ ਨੇ ਉਸ ਨੂੰ ਪੱਠਾ ਲਾ ਦਿੱਤਾ ਸੀ। ਜੁਆਲਾ ਮੁਖੀ ਦੇ ਲਾਵੇ ਵਾਂਗ ਦਗਦੀ ਦਾਰੂ ਉਸ ਦੇ ਹਲ਼ਕ ਹੇਠੋਂ ਉਤਰੀ ਸੀ। ਜਿਸ ਨੇ ਉਸ ਦਾ ਅੰਦਰ 'ਲੂਹ' ਧਰਿਆ ਸੀ।

ਬੀਕੇ ਨੇ ਉਸ ਸਾਹਮਣੇ ਆਮਲੇਟ ਦੀ ਪਲੇਟ ਕਰ ਦਿੱਤੀ।

ਜੱਸੀ ਨੇ ਚਮਚਾ ਮੂੰਹ ਵਿਚ ਪਾ ਲਿਆ।

ਪਰ ਅੰਦਰੋਂ ਉਸ ਦੇ ਅਜੇ ਵੀ ਭੜ੍ਹਦਾਅ ਨਿਕਲ਼ ਰਹੀ ਸੀ।

ਮੱਥੇ 'ਤੇ ਮੁੜ੍ਹਕਾ ਆ ਗਿਆ ਸੀ।

ਸਰੀਰ ਅੰਦਰ ਭੰਦਰੋਲ਼ ਪੈ ਗਿਆ ਸੀ।

-''ਬੱਸ ਬਾਈ ਬੀਕਿਆ...! ਮੈਂ ਤੇਰੀ ਗੱਲ ਨ੍ਹੀ ਮੋੜੀ, ਬੱਸ ਹੁਣ ਨ੍ਹੀ ਪੀਣੀ..!'' ਉਹ ਸਾਹ ਰੋਕੀ, ਆਪਣੀ ਛਾਤੀ 'ਤੇ ਧੱਫ਼ੇ ਮਾਰੀ ਜਾ ਰਿਹਾ ਸੀ।

-''ਮੈਂ ਵੀ ਤੇਰੀ ਗੱਲ ਨ੍ਹੀ ਮੋੜੀ ਬਾਈ ਸਿਆਂ..!''

-''ਧੰਨਵਾਦ ਬਾਈ ਬੀਕਿਆ...! ਹੁਣ ਮੈਂ ਚੱਲਦੈਂ...!'' ਉਠਣ ਲੱਗੇ ਜੱਸੀ ਦਾ ਸਰੀਰ ਡੋਲ ਗਿਆ। ਮੇਜ਼ 'ਤੇ ਪਿਆ ਕਾੜ੍ਹੇ ਦੁੱਧ ਦਾ ਗਿਲਾਸ ਡੁੱਲ੍ਹ ਗਿਆ।

-''ਬਚ ਕੇ ਮੋੜ ਤੋਂ ਬਾਈ ਸਿਆਂ..! ਬਚ ਕੇ ਮੋੜ ਤੋਂ..! ਇਹ ਸਹੁਰੀ ਚੀਜ ਈ ਐਹੋ ਜੀ ਐ..! ਬੰਦਾ ਮੱਲੋਮੱਲੀ ਡੋਲ ਜਾਂਦੈ..!'' ਬੀਕੇ ਨੇ ਉਸ ਨੂੰ ਸੰਭਾਲ਼ ਲਿਆ। ਡਿੱਗਿਆ ਗਿਲਾਸ ਚੁੱਕ ਕੇ ਮੇਜ਼ 'ਤੇ ਰੱਖ ਦਿੱਤਾ।

ਜੱਸੀ ਮੇਜ਼ ਫ਼ੜ ਕੇ ਫਿਰ ਬੈਠ ਗਿਆ।

-''ਮੇਰੇ ਕਹੇ ਇਕ ਹੋਰ ਪੀਅ..! ਫੇਰ ਹਨੀ ਨਾਲ਼ ਮੌਜਾਂ ਮਾਣੀਂ..! ਬੁੱਲੇ ਲੁੱਟੀਂ..! ਅੱਜ ਤੋਂ ਤੂੰ ਬੀਕੇ ਦੀ ਹਿੱਕ ਦਾ ਵਾਲ਼ ਐਂ ਜੱਸੀ..! ਹਮ ਪਿਆਲਾ ਹਮ ਨਿਵਾਲਾ..! ਜਿਹੜਾ ਵੀ ਤੇਰੀ 'ਵਾਅ ਵੱਲ ਝਾਕੂ, ਪਾੜ ਕੇ ਦੋਫ਼ਾੜ ਕਰ ਦਿਆਂਗੇ..! ਅੱਜ ਤੋਂ ਬਾਅਦ ਬੀਕਾ ਤੇਰਾ ਵੱਡਾ ਬਾਈ...! ਲੈ ਖਿੱਚ ਇਕ ਹੋਰ ਹਨੀ ਦਾ ਨਾਂ ਲੈ ਕੇ...!'' ਬੀਕੇ ਨੇ ਭਰਿਆ ਗਿਲਾਸ ਅੱਗੇ ਕਰ ਦਿੱਤਾ। ਜੱਸੀ ਨੇ ਹਲ਼ਕਿਆਂ ਵਾਂਗ ਬੁੱਚ੍ਹਿਆ। ਹਨੀ ਦੇ ਨਾਂ 'ਤੇ ਤਾਂ ਉਹ ਜ਼ਹਿਰ ਵੀ ਡੀਕ ਸਕਦਾ ਸੀ। ਉਸ ਨੇ ਗਿਲਾਸ ਬਿਨਾ ਸੋਚੇ ਹੀ ਖਾਲੀ ਕਰ ਦਿੱਤਾ। ਸਰੀਰਕ ਪੱਖੋਂ ਉਸ ਦੇ ਕੁੱਤੇ ਫ਼ੇਲ੍ਹ ਹੋ ਚੁੱਕੇ ਸਨ!

-''ਬਾਈ ਬੀਕਿਆ, ਅੱਜ ਤੋਂ ਹਨੀ ਦਾ ਨਾਂ ਆਪਣੀ ਜ਼ੁਬਾਨ 'ਤੇ ਨਾ ਲਿਆਈਂ..! ਉਹ ਮੇਰੀ ਜਿੰਦ ਐ, ਜਾਨ ਐ..! ਉਹ ਮੇਰੀ ਰੂਹ ਦੀ, ਮੇਰੀ ਆਤਮਾਂ ਦੀ ਜੋਤ ਐ..! ਮੇਰੇ ਸਾਹਾਂ ਦੀ ਲੜੀ ਅਤੇ ਮੇਰੇ ਦਿਲ ਦੀ ਧੜਕਣ ਐਂ..! ਉਸ ਦਾ ਪਵਿੱਤਰ ਨਾਂ ਮੁੜ ਕੇ ਆਪਣੀ ਗੰਦੀ ਜ਼ਬਾਨ 'ਤੇ ਨਾ ਲਿਆਈਂ, ਸਮਝ ਗਿਆ..?'' ਸ਼ਰਾਬੀ ਹਾਲਤ ਵਿਚ ਜੱਸੀ ਨੇ ਬੀਕੇ ਦਾ ਗਲ਼ਾਵਾਂ ਫੜ ਲਿਆ। ਉਹ ਅਲ਼ਕ ਵਹਿੜਕੇ ਵਾਂਗ ਖੜ੍ਹਾ ਝੂਲ ਰਿਹਾ ਸੀ। ਅੱਖਾਂ ਉਪਰ ਚੜ੍ਹੀਆਂ ਹੋਈਆਂ ਸਨ। ਉਸ ਨੂੰ ਕੋਈ ਸੁਰਤ ਸੰਭਾਲ਼ ਨਹੀਂ ਸੀ।

-''ਜਮਾਂ ਨੀ ਲਿਆਉਂਦਾ ਬਾਈ ਸਿਆਂ, ਜਮਾਂ ਨ੍ਹੀ ਲਿਆਉਂਦਾ, ਹੋਰ ਦੱਸ..? ਮੇਰਾ ਗਲਮਾਂ ਤਾਂ ਛੱਡ ਦੇਹ ਖਸਮਾਂ..! ਮੈਂ ਹਨੀ ਦਾ ਨਾਂ ਆਪਣੀ ਜੁਬਾਨ 'ਤੇ ਕਿਉਂ ਲਿਆਊਂ..? ਹਨੀ ਤੇਰੀ...!'' ਗੱਲ ਬੀਕੇ ਦੇ ਮੂੰਹ ਵਿਚ ਹੀ ਸੀ ਕਿ ਜੱਸੀ ਉਸ ਦੇ ਗਲ਼ ਨੂੰ ਚਿੰਬੜ ਗਿਆ। ਪਰ ਸ਼ਰਾਬ ਦੇ ਅਥਾਹ ਨਸ਼ੇ ਕਾਰਨ ਲੁੜਕ ਗਿਆ। ਬੀਕੇ ਨੇ ਉਸ ਨੂੰ ਖਲ਼ ਦੀ ਬੋਰੀ ਵਾਂਗ ਬੋਚਿਆ ਹੋਇਆ ਸੀ।

-''ਭਲਵਾਨਾਂ..! ਆਹ ਫੜ ਬਈ ਆਪਣੇ ਬਾਈ ਸਿਉਂ ਨੂੰ..! ਸੰਭਾਲ਼ ਇਹਨੂੰ ਬਰੀ ਦੇ ਤਿਔਰ ਨੂੰ...! ਇਹ ਤਾਂ ਹਨੀ ਦੇ ਨਾਂ ਨੂੰ ਜਮਾਂ ਈ ਪੈਂਚਰ ਹੋ ਗਿਆ ਖ਼ਸਮਾਂ ਨੂੰ ਖਾਣਾਂ..! ਮੰਜਾ ਮੁੰਜਾ ਦੇਹ ਇਹਨੂੰ ਪੈਣ ਵਾਸਤੇ..! ਇਹ ਤਾਂ ਮਾੜੀ ਜੀ ਯਾਰੀ ਲਾ ਕੇ ਈ ਧੂੰਆਂ ਮਾਰਨ ਲੱਗ ਪਿਆ, ਜਿੱਦੇਂ ਬਿਸਤਰੇ ਦੀ ਪੌੜੀ ਚੜ੍ਹਿਆ, ਪਤਾ ਨ੍ਹੀ ਕੀਰਤਪੁਰ ਸਾਹਿਬ ਫੁੱਲ ਈ ਪਾ ਕੇ ਆਉਣੇ ਪੈਣਗੇ..?'' ਬੀਕਾ ਹੱਸ ਪਿਆ।

ਭਲਵਾਨ ਨੇ ਆ ਕੇ ਜੱਸੀ ਨੂੰ ਮੰਜੇ 'ਤੇ ਪਾ ਦਿੱਤਾ।

ਉਹ ਬੁੜ-ਬੁੜ ਕਰਦਾ ਸੌਂ ਗਿਆ।

ਉਸ ਦੇ ਘੁਰਾੜ੍ਹੇ ਘਰਾਟ ਵਾਂਗ ਚੱਲਣ ਲੱਗ ਪਏ।

ਸ਼ਾਮ ਨੂੰ ਜਦੋਂ ਜੱਸੀ ਦੀ ਅੱਖ ਖੁੱਲ੍ਹੀ ਤਾਂ ਉਸ ਦਾ ਸਾਰਾ ਸਰੀਰ ਚਸਕਾਂ ਮਾਰ ਰਿਹਾ ਸੀ। ਜਿਵੇਂ ਕਿਸੇ ਨੇ ਉਸ ਦਾ ਸਰੀਰ ਡਾਂਗਾਂ ਨਾਲ਼ ਕੁੱਟਿਆ ਸੀ। ਸਿਰ ਵਿਚ ਚੀਸਾਂ ਪੈ ਰਹੀਆਂ ਸਨ ਅਤੇ ਪੁੜਪੜੀਆਂ 'ਟੱਸ-ਟੱਸ' ਵੱਜੀ ਜਾ ਰਹੀਆਂ ਸਨ। ਉਸ ਨੇ ਉਠ ਕੇ ਠੰਢਾ ਪਾਣੀ ਪੀਤਾ। ਪਾਣੀ ਜਿਵੇਂ ਬਲ਼ਦੇ ਕੋਲਿਆਂ 'ਤੇ ਡਿੱਗਿਆ ਸੀ। ਉਸ ਦਾ ਅੰਦਰ 'ਸਰੜ-ਸਰੜ' ਕਰਕੇ ਮੱਚਿਆ। ਉਸ ਦਾ ਜੀਅ ਘਿਰ ਰਿਹਾ ਸੀ। ਲੱਤਾਂ ਵਿਚ ਤਾਕਤ ਨਹੀਂ ਸੀ।

ਜੱਸੀ ਡਿੱਗਦਾ ਢਹਿੰਦਾ ਬੱਸ ਸਟੈਂਡ 'ਤੇ ਪਹੁੰਚਿਆ ਅਤੇ ਪਿੰਡ ਜਾਣ ਵਾਲ਼ੀ ਬੱਸ ਫੜ ਲਈ।

ਅਗਲੇ ਦਿਨ ਪਾਰਕ ਦੇ ਖੂੰਜੇ ਉਸ ਨੂੰ ਹਨੀ ਮਿਲ਼ ਪਈ।

ਸ਼ਰਾਬ ਪੀਣ ਵਾਲ਼ੀ ਗੱਲ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਤਾ ਲੱਗ ਗਈ ਸੀ।

ਉਹ ਆਪੇ ਤੋਂ ਬਾਹਰ ਹੋਈ ਪਈ ਸੀ। ਅਤੀਅੰਤ ਗੁੱਸੇ...!

-"ਤੁਸੀਂ ਆਪਣੇ ਲਈ ਨਹੀਂ, ਤਾਂ ਘੱਟੋ ਘੱਟ ਮੇਰੇ ਬਾਰੇ ਤਾਂ ਸੋਚੋ ਜੱਸੀ..! ਕੀ ਖੱਟਿਆ ਕੱਲ੍ਹ ਸ਼ਰਾਬ ਪੀ ਕੇ..? ਸਰੀਰ ਦੀ ਜੱਖਣਾਂ ਹੀ ਪੱਟੀ..? ਥੋਡਾ ਮੂੰਹ ਦੇਖੋ ਕਿਵੇਂ ਪੀਲ਼ਾ ਪਿਆ ਹੋਇਐ...। ਬੀਕੇ ਵਰਗੇ ਗੁੰਡੇ ਦਾ ਕੀ ਜਾਊ..? ਉਜੜੂੰ ਮੈਂ..! ਉਹਦੇ ਘਰੇ ਤਾਂ ਬਥੇਰਾ ਦੋ ਨੰਬਰ ਦਾ ਪੈਸਾ ਅੱਗ ਲੱਗਦੈ..! ਪਰ ਤੁਸੀਂ ਤਾਂ ਆਪਣੇ ਪਿਉ ਦੀ ਕਬੀਲਦਾਰੀ ਬਾਰੇ ਖਿਆਲ ਕਰੋ..! ਉਹ ਤਾਂ ਲੰਡਰ ਐ..! ਉਹਦਾ ਪਿਉ ਓਦੂੰ ਗੁੰਡੈ..! ਪਰ ਤੁਸੀਂ ਤਾਂ ਆਪਣੇ ਸਾਊ ਬਾਪ ਦੀ ਇੱਜ਼ਤ ਬਾਰੇ ਸੋਚ ਕਰੋ..! ਤੁਸੀਂ ਹੁਣ ਨਿਆਣੇ ਨਹੀਂ..! ਚੰਗੇ ਭਲੇ ਪੜ੍ਹੇ ਲਿਖੇ ਹੋ..! ਛੱਡੋ ਐਹੋ ਜਿਹੇ ਲੰਡਰਾਂ ਦਾ ਖਹਿੜ੍ਹਾ ਤੇ ਸਿੱਧੇ ਹੋ ਕੇ ਆਪਣੇ ਘਰ ਨੂੰ ਸਮਰਪਤ ਹੋਵੋ..!" ਉਸ ਨੇ ਆਪਣੇ ਮਨ ਦਾ ਗੁਬਾਰ ਕੱਢ ਲਿਆ ਅਤੇ ਸੁਰਖ਼ਰੂ ਜਿਹੀ ਹੋ ਕੇ ਬੈਠ ਗਈ।

-"ਮੈਨੂੰ ਮੁਆਫ਼ ਕਰ ਦੇਹ ਹਨੀ...! ਮੈਂ ਤੈਥੋਂ ਮੁਆਫ਼ੀ ਮੰਗਦਾ ਹਾਂ..! ਅੱਜ ਤੋਂ ਬਾਅਦ ਸ਼ਰਾਬ ਨੂੰ ਹੱਥ ਵੀ ਨਹੀਂ ਲਾਉਂਦਾ, ਇਹ ਮੇਰਾ ਤੇਰੇ ਨਾਲ਼ ਵਾਅਦਾ ਹੈ..!" ਗਿੱਲੇ ਝੰਡੇ ਵਾਂਗ ਮੂੰਹ ਲਟਕਾਈ ਬੈਠੇ ਜੱਸੀ ਨੇ ਕਿਹਾ। ਉਹ ਸੱਚ ਹੀ ਸ਼ਰਮਿੰਦਾ ਸੀ। ਪਰ ਮਜਬੂਰੀ ਵਿਚ ਉਸ ਨੂੰ ਪੀਣੀਂ ਪੈ ਗਈ ਸੀ। ਪਰ ਉਹ ਕੀ ਦੱਸਦਾ..? ਇਹ ਤਾਂ ਸ਼ੁਕਰ ਸੀ ਕਿ ਵਿਦਿਅਰਥੀਆਂ ਦੇ ਮੂੰਹੋਂ ਮੂੰਹ ਚੱਲੀ ਗੱਲ ਹਨੀ ਜਾਂ ਕਿਸੇ ਹੋਰ ਕੁੜੀ ਕੋਲ਼ ਨਹੀਂ ਪੁੱਜੀ ਸੀ! ਇਸ ਨੂੰ ਉਹ ਜ਼ਰੂਰ ਆਪਣੀ ਪ੍ਰਾਪਤੀ ਸਮਝ ਰਿਹਾ ਸੀ। ਕੀ ਹੋ ਚੱਲਿਆ ਸੀ ਇਕ ਦਿਨ ਦਾਰੂ ਪੀਣ ਨਾਲ਼...? ਪਰ ਹਨੀ ਦੀ ਗੱਲ ਦੱਬੀ ਗਈ...। ਬੀਕੇ ਦੇ ਦਬਦਬੇ ਕਾਰਨ ਸਾਰਿਆਂ ਨੇ ਗੱਲ ਦਬਾ ਹੀ ਤਾਂ ਲਈ ਸੀ। ਉਹ ਬੀਕੇ ਬਾਈ ਦਾ ਸ਼ੁਕਰਗੁਜ਼ਾਰ ਸੀ। ਬੀਕਾ ਬਾਈ ਉਸ ਦੇ ਇਸ ਕੰਮ ਵਿਚ ਰੱਬ ਬਣ ਕੇ ਬਹੁੜਿਆ ਸੀ। ਉਹ ਲੋਕਾਂ ਲਈ ਲੱਖ ਮਾੜਾ ਸੀ। ਪਰ ਜੱਸੀ ਲਈ ਤਾਂ ਇਕ ਫ਼ਰਿਸ਼ਤਾ ਹੋ ਨਿੱਬੜਿਆ ਸੀ। ਜਿਸ ਨੇ ਉਸ ਦੀ ਗੱਲ ਮੰਨ ਕੇ ਹਨੀ ਦੀ ਹੇਠੀ ਨਹੀਂ ਹੋਣ ਦਿੱਤੀ ਸੀ। ਸਾਰੇ ਕਾਲਜ ਦੇ ਮੁੰਡਿਆਂ ਦੇ ਮੂੰਹ ਬੰਦ ਕਰ ਦਿੱਤੇ ਸਨ। ਜੱਸੀ ਹੁਣ ਵੀ ਹਨੀ ਤੋਂ ਚੋਰੀ ਬੀਕੇ ਕੋਲ਼ ਢਾਬੇ 'ਤੇ ਜਾ ਵੜਦਾ ਅਤੇ ਗੱਲਾਂ ਬਾਤਾਂ ਕਰ ਕੇ ਮੁੜ ਆਉਂਦਾ। ਪਰ ਸ਼ਰਾਬ ਨੂੰ ਉਸ ਨੇ ਮੁੜ ਕੇ ਹੱਥ ਨਾ ਲਾਇਆ। ਵਾਅਦੇ ਦਾ ਪੱਕਾ ਰਿਹਾ। ਬੀਕੇ ਨੇ ਵੀ ਉਸ ਨੂੰ ਮੁੜ ਪੀਣ ਲਈ ਮਜਬੂਰ ਨਾ ਕੀਤਾ।

ਜੱਸੀ ਅਤੇ ਹਨੀ ਹੁਣ ਆਮ ਹੀ ਮਿਲ਼ਣ ਗਿਲ਼ਣ ਲੱਗ ਪਏ ਸਨ। ਪਰ ਮਿਲ਼ਦੇ ਉਹ ਇਸ ਚੰਦਰੇ ਜੱਗ ਤੋਂ ਚੋਰੀ ਸਨ। ਕਦੇ ਬੱਸ ਸਟੈਂਡ ਦੇ ਕੋਨੇ 'ਚ ਅਤੇ ਕਦੇ ਨਹਿਰੂ ਪਾਰਕ ਵਿਚ..। ਕਦੇ ਲਾਇਬਰੇਰੀ ਅਤੇ ਕਦੇ ਕੇਲੀਆਂ ਦੇ ਪਿੱਛੇ ਛੋਟੇ ਬਾਗ ਵਿਚ, ਜਿੱਥੇ ਸਿਰਫ਼ ਮਾਲੀ ਹੀ ਕਦੇ ਕਦਾਈਂ ਹੁੰਦਾ ਸੀ।

ਉਥੇ ਬੈਠ ਕੇ ਉਹ ਘੰਟਿਆਂ ਬੱਧੀ ਇਕ ਦੂਜੇ ਵਿਚ ਗੁਆਚੇ ਰਹਿੰਦੇ। ਘੰਟਿਆਂ ਬੱਧੀ ਖੁੱਲ੍ਹੀਆਂ ਗੱਲਾਂ ਕਰਦੇ। ਮਨ ਹੌਲ਼ਾ ਕਰਦੇ। ਪਰ ਉਹਨਾਂ ਦੀਆਂ ਗੱਲਾਂ ਮੁੱਕਣ ਵਿਚ ਨਾ ਆਉਂਦੀਆਂ। ਜਿਵੇਂ ਗੱਲਾਂ ਬਹੁਤੀਆਂ ਸਨ ਅਤੇ ਸਮਾਂ ਸੀਮਤ ਸੀ..। ਗੱਲਾਂ ਕਰ ਕੇ ਕਿਸੇ ਨੂੰ ਵੀ ਰੱਜ ਨਾ ਆਉਂਦਾ। ਹਨੀ ਗੱਲ ਕਰਦੀ ਤਾਂ ਜੱਸੀ ਕਥਾ ਸੁਣਨ ਵਾਲ਼ਿਆਂ ਵਾਂਗ ਸੁਣਦਾ..! ਜੱਸੀ ਬੋਲਦਾ ਤਾਂ ਹਨੀ ਦਰਗਾਹੀ ਬਚਨ ਜਾਣ ਕੇ ਧਿਆਨ ਦਿੰਦੀ..! ਦਿਲ ਸਾਂਝੇ ਹੁੰਦੇ ਰਹਿੰਦੇ..!

ਦਿਨ ਪਲਾਂ ਵਾਂਗ ਬੀਤਦੇ ਜਾ ਰਹੇ ਸਨ।

-"ਸਾਨੂੰ ਕਿਤੇ ਭੈੜ੍ਹੇ ਜੱਗ ਦੀ ਨਜ਼ਰ ਨਾ ਲੱਗ ਜਾਵੇ ਜੱਸੀ...!" ਹਨੀ ਨੇ ਕਿਹਾ ਤਾਂ ਜੱਸੀ ਵਿਅੰਗਮਈ ਹੱਸ ਪਿਆ।

-"ਨਜ਼ਰ ਕਾਹਦੀ ਲੱਗਣੀਂ ਐਂ..? ਜੇ ਨਜ਼ਰ ਲੱਗਦੀ ਹੁੰਦੀ ਤਾਂ ਦੁਨੀਆਂ 'ਤੇ ਹੁਣ ਨੂੰ ਸੂਰਜ ਚੰਦ ਨਾ ਕਾਇਮ ਹੁੰਦੇ..! ਇਹ ਨਿਰਾ ਵਹਿਮ ਐਂ..! ਤੂੰ ਵੀ ਵਹਿਮਾਂ 'ਚ ਫ਼ਸੀ ਫਿਰਦੀ ਐਂ..?"

-"ਨਹੀਂ ਵਹਿਮ ਨਹੀਂ ਜੱਸੀ..! ਲੋਕਾਂ ਦੀ ਦੰਦ ਕਥਾ ਤੋਂ ਦਿਲ ਡਰਦਾ ਰਹਿੰਦੈ...! ਦੁਨੀਆਂ ਦੋ ਮੂੰਹੀਂ ਸੱਪਣੀਂ ਐਂ..! ਦੋਨੇ ਪਾਸਿਆਂ ਤੋਂ ਡੰਗਦੀ ਐ!"

-"ਇਕ ਗੱਲ ਦੱਸਾਂ...?" ਹਨੀ ਨੇ ਅਚਾਨਕ ਕਿਹਾ।

-"ਬੋਲ...! ਵੀਹ ਦੱਸ..?"

-"ਪਹਿਲਾਂ ਗਲਵਕੜੀ ਪਾਓ..!"

-"ਪਾ ਲਈ..! ਹੁਣ ਬੋਲ...!"

-"ਸਾਡੀ ਕਲਾਸ ਐਨ. ਸੀ. ਸੀ ਦੇ ਕੈਂਪ 'ਤੇ ਜਾ ਰਹੀ ਐ...!"

-"ਕਦੋਂ...?"

-"ਅਗਲੇ ਹਫ਼ਤੇ!"

-"ਕਿੱਥੇ..?"

-"ਪੱਕਾ ਪਤਾ ਨਹੀਂ, ਜਾਂ ਤਾਂ ਸਿੱਧਵਾਂ ਬੇਟ ਤੇ ਜਾਂ ਫ਼ਿਲੌਰ..!"

-"ਸਿੱਧਵਾਂ ਬੇਟ ਤਾਂ ਮੇਰੇ ਇਕ ਮਿੱਤਰ ਦੀ ਮਾਸੀ ਵਿਆਹੀ ਵੀ ਐ..! ਮੈਂ ਨਾਲ਼ ਚੱਲਾਂ?"

-"ਨਾਲ਼ ਤਾਂ ਨਹੀਂ ਚੱਲਿਆ ਜਾਣਾ, ਪਰ ਗੁਪਤ ਚੱਲ ਸਕਦੇ ਓ..!"

-"ਤੂੰ ਮੈਨੂੰ ਪੱਕਾ ਪਤਾ ਕਰਕੇ ਦੱਸੀਂ..! ਜੇ ਸਿੱਧਵੀਂ ਕੈਂਪ ਹੋਇਆ ਤਾਂ ਆਪਾਂ ਉਥੇ ਮਿਲਾਂਗੇ...!" ਜੱਸੀ ਨੇ ਖ਼ੁਸ਼ੀ ਵਿਚ ਛਾਲ਼ ਮਾਰੀ।

-"ਪਰ ਕਿਵੇਂ..?" ਹਨੀ ਅੱਗੇ ਵੱਡੀ ਮੁਸ਼ਕਿਲ ਖੜ੍ਹੀ ਸੀ।

-"ਤੂੰ ਪ੍ਰੋਫ਼ੈਸਰ ਕੋਲ਼ ਕੋਈ ਪੜ੍ਹੁੱਲ ਸਿੱਟ ਬਈ ਓਥੇ ਮੇਰੀ ਮਾਸੀ ਐ..! ਮੈਂ ਉਹਦੇ ਕੋਲ਼ੇ ਰਹੂੰਗੀ..! ਰਹਿਣ ਦਾ ਪ੍ਰਬੰਧ ਮੈਂ ਮਿੱਤਰ ਨੂੰ ਆਖ ਕੇ ਆਪੇ ਕਰ ਲਊਂਗਾ..! ਐਨ. ਸੀ. ਸੀ. ਵਾਲ਼ੇ ਕੈਂਪ 'ਤੇ ਲੈਕਚਰਾਰ ਗਿੱਲ ਜਾਂਦਾ ਹੁੰਦੈ..! ਉਹ ਬਹੁਤਾ ਕਿਸੇ ਗੱਲ ਦੀ ਪ੍ਰਵਾਹ ਨਹੀਂ ਕਰਦਾ! ਖਾਣ ਪੀਣ ਆਲ਼ਾ ਬੰਦੈ..!"

-"ਉਹ ਨਾ ਹੋਵੇ ਬਈ ਮਾਸੀ ਫ਼ਿਲੌਰ ਕਹਿ ਬੈਠੀਏ ਤੇ ਕੈਂਪ ਸਿੱਧਵੀਂ ਹੋਵੇ...?" ਹਨੀ ਹੱਸ ਪਈ।

-"ਤੂੰ ਪਹਿਲਾਂ ਪਤਾ ਕਰ..! ਜੇ ਸਿੱਧਵੀਂ ਹੋਇਆ ਤਾਂ ਕੋਈ ਪ੍ਰਾਬਲਮ ਨਹੀਂ..! ਆਪਾਂ ਕਰਾਂਗੇ ਰੱਜ ਕੇ ਗੱਲਾਂ..! ਨਾ ਕਿਸੇ ਦਾ ਡਰ ਤੇ ਨਾ ਫ਼ਿਕਰ, ਲਾਹਾਂਗੇ ਦਿਲਾਂ ਦੀ ਜੰਗਾਲ...! ਮਨਾਵਾਂਗੇ ਰੰਗਰਲ਼ੀਆਂ..!" ਜੱਸੀ ਹੱਸਿਆ।

-"ਕਿਤੇ ਮੈਥੋਂ ਛਿੱਤਰ ਖਾਣ ਦਾ ਇਰਾਦਾ ਤਾਂ ਨ੍ਹੀ...?" ਹਨੀ ਨੇ ਉਸ ਦੇ ਮੁੱਕੀ ਮਾਰੀ।

-"ਖ਼ਤਰਾ..! ਹਨੀ ਮੁਰਦਾਬਾਦ..!!"

-"......।" ਹਨੀ ਹੱਸ ਹੱਸ ਲੋਟ ਪੋਟ ਹੋ ਗਈ ਸੀ।

-"ਨਹੀਂ...! ਹਨੀ ਤਾਂ ਮੇਰੀ ਜਿੰਦ ਜਾਨ ਐਂ...! ਮੇਰੀ ਹਨੀ...ਜ਼ਿੰਦਾਬਾਦ...!! ਮੇਰੀ ਹਨੀ ਜੁੱਗ ਜੁੱਗ ਜੀਵੇ..!"

-"ਕਿੱਡਾ ਪਾਖੰਡੀ ਬੰਦਾ ਐ...!" ਹਨੀ ਨੇ ਇਕ ਮੁੱਕੀ ਹੋਰ ਛਾਤੀ 'ਚ ਦੇ ਮਾਰੀ।

-"ਉਏ ਮਾਰਤਾ ਉਏ ਭੈਣ ਦਿਓ ਯਾਰੋ...!" ਉਹ ਮੋਢਾ ਪਲ਼ੋਸ ਰਿਹਾ ਸੀ।

-"ਗਾਲ਼..? ਗਾਲ੍ਹ ਨ੍ਹੀ ਕੱਢਣੀ ਕਦੇ ਵੀ...!"

-"ਨਹੀਂ ਕੱਢਦਾ...ਮੁਆਫ਼ੀ..! ਹਨੀ ਜ਼ਿੰਦਾਬਾਦ..!!"

-"ਕਿੱਡਾ ਸੋਹਣਾਂ ਗੁਰ ਲੱਭੀ ਫਿਰਦੈ ਇਹ ਬੰਦਾ..? ਪਹਿਲਾਂ ਗਲਤੀ ਫੇਰ ਨਾਲ਼ ਦੀ ਨਾਲ਼ ਮੁਆਫ਼ੀ...!"

-"ਚੱਲ ਕਹਿਦੇ ਮੁਆਫ਼ ਕੀਤਾ..! ਤੇਰਾ ਕਿਹੜਾ ਤੇਲ ਮੱਚਦੈ...?"

-"ਚੱਲ ਮੁਆਫ਼ ਕੀਤਾ...!" ਉਸ ਨੇ ਜੱਸੀ ਦੇ ਇਕ ਹੋਰ ਮੁੱਕੀ ਮਾਰ ਦਿੱਤੀ।

-"ਤੂੰ ਗੱਲੀਂ ਬਾਤੀਂ ਮੈਨੂੰ ਕੁੱਟੀ ਕਿਉਂ ਜਾਨੀ ਐਂ...?"

-"ਹੋਰ ਸਨਮਾਨਤ ਕਰਾਂ...? ਡਰਟੀ ਮਾਈਂਡ 'ਤੇ ਜੁੱਤੀਆਂ ਈ ਪੈਣਗੀਆਂ..!"

ਹੱਸਦੇ ਖੇਡਦੇ ਉਹ ਕਲਾਸਾਂ ਨੂੰ ਤੁਰ ਪਏ।

ਰਾਹ ਵਿਚ ਜੱਸੀ ਨੂੰ ਬੀਕਾ ਮਿਲ਼ ਪਿਆ।

ਜੱਸੀ ਦੀ ਖ਼ੁਸ਼ੀ 'ਤੇ ਇਕ ਤਰ੍ਹਾਂ ਨਾਲ਼ ਸੁਆਹ ਧੂੜੀ ਗਈ।

-"ਬਣਗੀ ਗੱਲ...? ਕੀਲ ਕੇ ਪਟਾਰੀ ਵਿਚ ਵੀ ਸਿੱਟ ਲਿਆ..? ਕਰਤੇ ਦੰਦ ਖੱਟੇ..? ਵਾਹ ਜੀ ਵਾਹ..! ਸਦਕੇ ਤੇਰੇ ਬਾਈ ਸਿਆਂ..! ਕੈਂਪ 'ਤੇ ਨਾਲ਼ ਚੱਲਿਐਂ..?" ਜੱਸੀ ਹੈਰਾਨ ਰਹਿ ਗਿਆ ਕਿ ਇਸ ਬੁੱਚੜ ਨੂੰ ਕਿਸ ਨੇ ਟੈਲੀਗ੍ਰਾਮ ਕਰ ਦਿੱਤੀ..?

-"ਪੱਕਾ ਨਹੀਂ, ਅਜੇ ਤਾਂ ਗੱਲ ਜੀ ਚੱਲਦੀ ਐ ਬਾਈ...!" ਕਸੂਤੇ ਫ਼ਸੇ ਜੱਸੀ ਨੇ ਸੱਚ ਹੀ ਦੱਸ ਦਿੱਤਾ। ਅਸਲ ਵਿਚ ਸਾਰੀ ਖ਼ਬਰ ਬੀਕੇ ਨੂੰ ਕਾਲਜ ਦਾ ਮਾਲੀ ਹੀ ਦਿੰਦਾ ਸੀ। ਚੋਰੀ ਸੁਣ ਕੇ..! ਇਸ ਬਦਲੇ ਬੀਕੇ ਵੱਲੋਂ ਉਸ ਨੂੰ ਹੱਥ ਝਾੜ੍ਹਿਆ ਜਾਂਦਾ ਸੀ।

-"ਲੁੱਟ ਲੈ ਬਹਾਰ ਜੈਮਲਾ ਦਿਨ ਰਹਿ ਗਏ ਤੀਆਂ ਦੇ ਥੋੜ੍ਹੇ..! ਇਹ ਦਿਨ ਵੀ ਬਾਈ ਸਿਆਂ ਕਿਸੇ ਕਿਸੇ 'ਤੇ ਈ ਆਉਂਦੇ ਐ...! ਕਰਮਾਂ ਦੀਆਂ ਗੱਲਾਂ ਨੇ!" ਬੀਕੇ ਦਾ ਵਿੰਗਾ ਮੂੰਹ ਵਿਅੰਗ ਬਣ ਗਿਆ।

-".....।" ਜੱਸੀ ਆਦਤ ਮੁਜਬ ਚੁੱਪ ਸੀ।

-"ਜੇ ਸਾਡੇ ਲਾਇਕ ਕੋਈ ਸੇਵਾ ਹੋਵੇ, ਜਰੂਰ ਦੱਸੀਂ ਜੱਸੀ..! ਬੀਕੇ ਦੀ ਥੋਡੇ ਲਈ ਜਾਨ ਹਾਜਰ ਐ..!" ਉਸ ਨੇ ਵੱਡਾ ਸਾਰਾ ਆਪਣੀ ਹੱਥ ਛੱਜ ਵਰਗੀ ਛਾਤੀ 'ਤੇ ਮਾਰਿਆ।

-"ਮਿਹਰਬਾਨੀ ਬਾਈ ਬੀਕਿਆ..!" ਜੱਸੀ ਦਾ ਉਖੜਿਆ ਦਿਲ ਥਾਵੇਂ ਆ ਗਿਆ।

ਅਗਲੇ ਦਿਨ ਹਨੀ ਨੇ ਐੱਨ. ਸੀ. ਸੀ. ਦੇ ਕੈਂਪ ਬਾਰੇ ਪਤਾ ਕਰ ਲਿਆ। ਕੈਂਪ ਸਿੱਧਵਾਂ ਬੇਟ ਹੀ ਲੱਗਣਾ ਸੀ। ਜੱਸੀ ਨੇ ਕਨਸੋਅ ਲੈ ਕੇ ਹਨੀ ਨਾਲ਼ ਗੱਲ ਕੀਤੀ। ਜੱਸੀ ਦੀ ਸਲਾਹ ਨਾਲ਼ ਕੁੜੀਆਂ ਵਿਚ ਗੱਲ ਧੁੰਮਾ ਦਿੱਤੀ ਗਈ ਕਿ ਸਿੱਧਵੀਂ ਹਨੀ ਦੀ 'ਮਾਸੀ' ਸੀ। ਉਸ ਨੇ ਉਸ ਦੇ ਕੋਲ਼ ਹੀ ਰਹਿਣਾ ਸੀ। ਮਿਲਣ ਦਾ ਸਾਰਾ ਪ੍ਰਬੰਧ ਜੱਸੀ ਨੇ ਅੱਗੇ ਦੀ ਅੱਗੇ ਮਿੱਤਰ ਰਾਹੀਂ ਕਰ ਰੱਖਿਆ ਸੀ। ਮਾਲੀ ਰਾਹੀਂ ਸਾਰੀ ਗੱਲ ਬਾਤ ਨਿਰੰਤਰ ਬੀਕੇ ਤੱਕ ਪਹੁੰਚ ਰਹੀ ਸੀ। ਖਚਰਾ ਮਾਲੀ 'ਮਾਊਂ' ਜਿਹਾ ਬਣਕੇ ਉਹਨਾਂ ਕੋਲ਼ ਬੂਟਿਆਂ ਨੂੰ ਪਾਣੀ ਪਾਉਂਦਾ ਅਤੇ ਗੱਲਾਂ ਨੋਟ ਕਰਦਾ ਰਹਿੰਦਾ। ਫਿਰ ਉਹਨਾਂ ਦੇ ਤੁਰ ਜਾਣ ਤੋਂ ਬਾਅਦ ਗੱਲ ਤੁਰੰਤ ਬੀਕੇ ਤੱਕ ਪਹੁੰਚਾਉਂਦਾ। ਬੀਕਾ ਮਾਲੀ ਨੂੰ ਪੈੱਗ ਸ਼ੈੱਗ ਵੀ ਲੁਆਈ ਰੱਖਦਾ ਸੀ। ਬੀਕਾ ਮਾਲੀ 'ਤੇ ਪੂਰਨ ਤੌਰ 'ਤੇ ਮਿਹਰਵਾਨ ਸੀ, ਦਇਆਲੂ ਸੀ। ਮਾਲੀ ਉਸ ਦਾ ਚੱਲਦਾ ਫਿਰਦਾ ਜਾਣਕਾਰੀ ਦਫ਼ਤਰ ਸੀ। ਮਾਲੀ ਉਸ ਦਾ ਤਾਬਿਆਦਾਰ ਸੀ।

ਤੀਜੇ ਦਿਨ ਕੈਂਪ 'ਤੇ ਜਾਣ ਦੀ ਤਿਆਰੀ ਹੋ ਗਈ। ਮਾਸੀ ਕੋਲ਼ ਰਹਿਣ ਲਈ ਲਿਖੀ ਅਰਜ਼ੀ ਹਨੀ ਨੇ ਪ੍ਰੋਫ਼ੈਸਰ ਦੇ ਹੱਥ ਫੜਾ ਦਿੱਤੀ। ਪ੍ਰੋਫ਼ੈਸਰ ਨੇ ਮਾਂ, ਜਾਂ ਬਾਪ ਵੱਲੋਂ ਨਿੱਜੀ ਤਸਦੀਕੀ ਦੀ ਮੰਗ ਕੀਤੀ, ਤਾਂ ਜੱਸੀ ਨੇ ਕਚਿਹਰੀਆਂ ਵਿਚੋਂ 'ਕਿਰਾਏ' ਦਾ ਨੰਬਰਦਾਰ ਲਿਆ ਕੇ, 'ਬਾਪੂ' ਬਣਾ ਕੇ ਪੇਸ਼ ਕਰ ਦਿੱਤਾ ਅਤੇ ਤਸਦੀਕ ਅਤੇ ਤਸੱਲੀ ਕਰਵਾ ਦਿੱਤੀ। ਹੁਣ ਦੋਵਾਂ ਲਈ ਰਸਤੇ ਖੁੱਲ੍ਹ ਗਏ ਸਨ। ਹੁਣ ਉਹਨਾਂ ਨੂੰ ਨਾ ਕਿਸੇ ਪ੍ਰੋਫ਼ੈਸਰ ਅਤੇ ਨਾ ਕਿਸੇ ਐੱਨ. ਸੀ. ਸੀ. ਦੇ ਅਫ਼ਸਰ ਦਾ ਡਰ ਸੀ। ਕਿਰਾਏ ਦਾ ਨੰਬਰਦਾਰ ਕਾਲਜ ਵਿਚ ਫ਼ਰਜ਼ੀ ਬਾਪ ਬਣ ਕੇ ਉਹਨਾਂ ਲਈ ਸਾਰੇ ਰਸਤੇ ਖੋਲ੍ਹ ਗਿਆ ਸੀ। ਪੰਜਾਹ ਰੁਪਏ ਚੋਖ਼ਾ ਰੰਗ ਲਿਆਏ ਸਨ ਅਤੇ ਨੰਬਰਦਾਰ ਦੀ ਦਿਵਾਲ਼ੀ ਬਣ ਗਈ ਸੀ।

ਹਨੀ ਸਮੇਤ ਸਾਰੀ ਕਲਾਸ ਕੈਂਪ 'ਤੇ ਜਾਣ ਲਈ ਤਿਆਰ ਸੀ।

ਕੈਂਪ ਪੂਰੇ ਦਸ ਦਿਨ ਚੱਲਣਾ ਸੀ।

ਕੋਚ ਆ ਚੁੱਕੀ ਸੀ।

ਜੱਸੀ ਇਕ ਹੋਰ ਬੱਸ 'ਤੇ ਸਿੱਧਵਾਂ ਬੇਟ ਨੂੰ ਰਵਾਨਾ ਹੋ ਚੁੱਕਾ ਸੀ। ਸ਼ਾਮ ਨੂੰ ਉਹਨਾਂ ਨੇ ਕਿਸੇ ਮਿਥੀ ਜਗਾਹ 'ਤੇ ਮਿਲਣਾ ਸੀ ਅਤੇ ਦਿਲਾਂ ਦੀਆਂ ਗੰਢਾਂ ਖੋਲ੍ਹਣੀਆਂ ਸਨ।

ਸਾਰਾ ਦਿਨ ਕੈਂਪ ਦੀ ਕਾਰਵਾਈ ਚੱਲਦੀ ਰਹੀ। ਜਨ, ਗਨ ਮਨ, ਦੇ ਗਾਇਨ ਬਾਅਦ ਪਰੇਡ ਕਰਵਾਈ ਗਈ ਅਤੇ ਦਸ ਦਿਨਾਂ ਦੇ ਕੈਂਪ ਅਨੁਸਾਸ਼ਨ ਬਾਰੇ ਸੰਖੇਪ ਚਾਨਣਾ ਪਾਇਆ।

ਸ਼ਾਮ ਪੰਜ ਵਜੇ ਕੈਂਪ ਦੀ ਸਮਾਪਤੀ ਹੋਈ।

ਜੱਸੀ ਦੇ ਦੋਸਤ ਦਾ ਬੱਗੀ, ਸਾਊ ਜਿਹੀ ਦਾਹੜੀ ਵਾਲ਼ਾ 'ਮਾਸੜ' ਸ਼ਾਮ ਨੂੰ ਹਨੀ ਨੂੰ ਮੋਟਰ ਸਾਈਕਲ 'ਤੇ ਲੈਣ ਆ ਗਿਆ। ਜੱਸੀ ਨੇ ਰੰਗੀਨ ਮਿਜਾਜ਼ ਮਾਸੜ ਨੂੰ ਸਾਰਾ ਮਾਮਲਾ ਸਮਝਾ ਦਿੱਤਾ ਸੀ ਅਤੇ ਮੁੱਠੀ ਬੰਦ ਰੱਖਣ ਲਈ ਬੇਨਤੀ ਕੀਤੀ ਸੀ। ਜੁਆਨੀ ਵੇਲ਼ੇ ਮਾਸੜ ਵੀ ਕਿੱਕਰ ਤੋਂ ਕਾਟੋ ਲਾਹੁੰਣ ਦਾ ਸ਼ੌਕੀਨ ਰਿਹਾ ਸੀ। ਟੀਸੀ ਦਾ ਬੇਰ ਉਹ ਇੱਕੋ ਨਿਸ਼ਾਨੇ ਨਾਲ਼ ਸੁੱਟ ਲੈਂਦਾ। ਉਸ ਨੇ ਬੇਫ਼ਿਕਰ ਹੋ ਜਾਣ ਦੀ ਬੜ੍ਹਕ ਮਾਰ ਦਿੱਤੀ ਸੀ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਓਟ ਲਈ ਸੀ।

ਪੁਸ਼ਟੀ ਤੋਂ ਬਾਅਦ ਲੈਕਚਰਾਰ ਗਿੱਲ ਨੇ ਹਨੀ ਨੂੰ ਜਾਣ ਦੀ ਪ੍ਰਵਾਨਗੀ ਦੇ ਦਿੱਤੀ।

ਜੱਸੀ ਦਾ ਪ੍ਰਬੰਧ ਮਾਸੜ ਨੇ ਆਪਣੇ ਫ਼ਾਰਮ ਹਾਊਸ 'ਤੇ ਕੀਤਾ ਹੋਇਆ ਸੀ। ਤਿੰਨ ਦਿਨਾਂ ਦੀ ਜੱਦੋਜਹਿਦ ਬਾਅਦ ਜੱਸੀ ਨੇ ਆਪਣੇ ਮਿੱਤਰ ਰਾਹੀਂ ਇਹ ਜੁਗਾੜ ਗੰਢਿਆ ਸੀ। ਲੋੜ ਕਾਢ ਦੀ ਮਾਂ ਹੁੰਦੀ ਹੈ...! ਜਿੱਥੇ ਚਾਹ, ਉਥੇ ਰਾਹ ਦੀ ਕਹਾਵਤ ਵਾਂਗ, ਇਕ ਦੂਜੇ ਨੂੰ ਚਾਹੁੰਣ ਵਾਲ਼ਿਆਂ ਲਈ ਰਸਤਾ ਨਿਕਲ਼ ਹੀ ਆਉਂਦਾ ਹੈ!

ਫ਼ਾਰਮ ਹਾਊਸ ਬਿਲਕੁਲ ਨਿਵੇਕਲ਼ਾ ਸੀ। ਬਾਹਰ ਬਾਹਰ ਖੇਤਾਂ ਵਿਚ..! ਮੁੱਖ ਸੜਕ ਤੋਂ ਕਾਫ਼ੀ ਹਟਵਾਂ..! ਦੋ-ਦੋ ਕਿਲੋਮੀਟਰ ਤੱਕ ਫ਼ਸਲਾਂ ਹੀ ਫ਼ਸਲਾਂ..! ਲਹਿਲਹਾਉਂਦੇ ਖੇਤ..! ਕੁਦਰਤ ਦੀ ਹਰੀ ਚਾਦਰ ਵਿਛੀ ਹੋਈ..। 'ਮਾਸੜ' ਹਨੀ ਨੂੰ ਲਾਹ ਕੇ ਮੁੜ ਗਿਆ। ਉਸ ਦੇ ਮੁੜਨ ਤੋਂ ਬਾਅਦ ਜੱਸੀ ਨੇ ਹਨੀ ਨੂੰ ਗਲਵਕੜੀ ਵਿਚ ਘੁੱਟ ਲਿਆ। ਸਾਰੇ ਜੋਰ ਨਾਲ਼..! ਜਿਵੇਂ ਉਹ ਜੁੱਗੜਿਆਂ ਤੋਂ ਹਾਬੜੇ ਪਏ ਸਨ। ਹਨੀ ਵੀ ਚੰਦਨ ਦੇ ਰੁੱਖ਼ ਨਾਲ਼ ਸੱਪ ਲਿਪਟਣ ਵਾਂਗ, ਜੱਸੀ ਨਾਲ਼ ਲਿਪਟ ਗਈ।

-"ਜੇ 'ਕੱਲੀ ਆਣ ਮਿਲ਼ੀ, ਤਾਂ ਅੱਜ ਘੁੱਟ ਕੇ ਮਾਰ ਤਾਂ ਨ੍ਹੀ ਦੇਣੀਂ..?" ਹਨੀ ਨੇ ਮਜ਼ਾਕ ਦਾ ਤੀਰ ਚਲਾਉਂਦਿਆਂ ਕਿਹਾ।

-"ਧੱਕੇ ਤਾਂ ਜੱਟ ਦੇ ਅੱਜ ਈ ਚੜ੍ਹੀ ਐਂ..! ਅੱਜ ਤਾਂ ਕਸਰ ਪੂਰੀ ਕਰ ਕੇ ਹਟੂੰ...! ਬਥੇਰੀਆਂ ਚਲਾ ਲਈਆਂ ਤੂੰ ਚੰਮ ਦੀਆਂ...!" ਉਸ ਨੇ ਹਨੀ ਨੂੰ ਹੋਰ ਜੋਰ ਦੀ ਹਿੱਕ ਨਾਲ਼ ਘੁੱਟ ਲਿਆ। ਛਾਤੀ ਨਾਲ਼ ਛਾਤੀ ਖਹੀ ਤਾਂ ਰੂਹਾਂ ਸਰਸ਼ਾਰ ਹੋ ਗਈਆਂ..। ਦੁਖੜੇ ਟੁੱਟ ਗਏ..। ਹਨੀ ਉਸ ਦੀਆਂ ਬਾਹਾਂ ਵਿਚ ਤੋਰੀ ਵਾਂਗ ਲਟਕੀ ਹੋਈ ਸੀ। ਤਗ਼ਮਾਂ ਬਣ ਗਲ਼ ਵਿਚ ਪਈ ਹੋਈ ਸੀ।

ਸ਼ਾਮ ਹੋਣ ਤੱਕ ਉਹਨਾਂ ਨੇ ਰੱਜ ਕੇ ਗੱਲਾਂ ਕੀਤੀਆਂ ਅਤੇ ਦਿਲਾਂ ਦੀ ਤਮਾਮ ਜਿਲਬ ਲਾਹ ਮਾਰੀ।

ਸੂਰਜ ਛੁਪ ਗਿਆ ਸੀ।

ਪ੍ਰਛਾਵੇਂ ਕੰਧਾਂ ਦੇ ਘਨੇੜ੍ਹੀਂ ਚੜ੍ਹ ਗਏ ਸਨ।

ਹਨ੍ਹੇਰਾ ਛਾਲ਼ਾਂ ਮਾਰਦਾ ਅਸਮਾਨੋਂ ਧਰਤੀ 'ਤੇ ਆ ਉਤਰਿਆ ਸੀ।

ਮਾਸੜ ਆਣ ਕੇ ਰੋਟੀ ਅਤੇ ਸਵੇਰ ਦੀ ਚਾਹ ਲਈ ਦੁੱਧ ਫੜਾ ਗਿਆ।

-"ਕੱਲ੍ਹ ਨੂੰ ਮੈਂ ਨੌਂ ਵਜੇ ਕੈਂਪ ਪਹੁੰਚਣੈਂ ਜੱਸੀ, ਇਹਨਾਂ ਨੂੰ ਆਖ ਦਿਓ..!" ਹਨੀ ਨੇ ਦੱਬਵੀਂ ਅਵਾਜ਼ ਵਿਚ ਕਿਹਾ।

-"ਮਾਸੜ ਜੀ, ਇਹਨੇ ਕੱਲ੍ਹ ਨੂੰ ਨੌਂ ਵਜੇ ਕੈਂਪ ਪਹੁੰਚਣੈਂ...!" ਨਾਲ਼ ਦੀ ਨਾਲ਼ ਜੱਸੀ ਨੇ ਅੱਗੇ ਬੋਲ ਦਿੱਤਾ।

-"ਫ਼ਿਕਰ ਨਾ ਕਰੋ..! ਛੱਡ ਕੇ ਵੀ ਆਊਂ ਤੇ ਲੈ ਕੇ ਵੀ ਆਊਂ...! ਕਹੇਂ ਤਾਂ ਸਵੇਰੇ ਚਾਰ ਵਜੇ ਈ ਆਜੂੰ..? ਇਹ ਮੇਰਾ ਕੰਮ ਐਂ..! ਤੁਸੀਂ ਆਬਦਾ ਰੰਗ ਮਾਣੋਂ..! ਮਾਰੋ ਮਸਤੀ..! ਤੇ ਫ਼ਿਕਰ ਮੇਰੇ 'ਤੇ ਛੱਡੋ..!" ਰੰਗੀਲਾ ਮਾਸੜ ਗੱਲ 'ਚੋਂ ਆਨੰਦ ਲੈ ਗਿਆ ਸੀ। ਉਹਨਾਂ ਨੂੰ ਰੋਟੀ ਖੁਆ ਕੇ, ਉਸ ਨੇ ਮੋਟਰ ਸਾਈਕਲ ਨੂੰ ਕਿੱਕ ਮਾਰੀ ਅਤੇ ਹਵਾ ਹੋ ਗਿਆ।

ਜੱਸੀ ਮੁਸਕਰਾ ਪਿਆ।

ਹੁਣ ਹਨੀ ਅਤੇ ਜੱਸੀ ਬਿਲਕੁਲ ਇਕੱਲੇ ਸਨ। ਦੋ ਸਰੀਰ ਇਕ ਜਾਨ..! ਏਕਿ ਜੋਤਿ ਦੋਇ ਮੂਰਤੀ...!

ਫ਼ਾਰਮ ਹਾਊਸ ਤੋਂ ਬਾਹਰ ਨਿਕਲ ਕੇ ਜੱਸੀ ਨੇ ਦੂਰ ਤੱਕ ਨਿਗਾਹ ਮਾਰੀ। ਹਨ੍ਹੇਰੇ ਦੀ ਚਾਦਰ ਦੂਰ ਦੂਰ ਤੱਕ ਫ਼ੈਲੀ ਹੋਈ ਸੀ..। ਜਿਸ ਨੂੰ ਬਿਜਲੀ ਦੀ ਰੌਸ਼ਨੀ ਕਿਤੇ ਕਿਤੇ ਪਾੜਦੀ ਸੀ..। ਦੂਰ ਕਿਤੇ ਸਾਰਾ ਪਿੰਡ ਨੀਂਦ ਦੀ ਬੁੱਕਲ਼ ਵਿਚ ਡੁੱਬ ਚੁੱਕਾ ਸੀ..। ਕਿਤੇ ਕਿਤੇ ਟਟੀਹਰ੍ਹੀ ਬੋਲਦੀ ਸੀ ਅਤੇ ਕਿਤੇ ਉੱਲੂ ਆਪਣੀ ਘੱਗੀ ਜਿਹੀ ਅਵਾਜ਼ ਕੱਢਦਾ ਸੀ..। ਜੱਸੀ ਨੇ ਫ਼ਾਰਮ ਹਾਊਸ ਦੇ ਦੁਆਲ਼ੇ ਫ਼ਸਲਾਂ ਵਿਚ ਭਲਵਾਨੀ ਗੇੜਾ ਦਿੱਤਾ ਅਤੇ ਮੁੜ ਆ ਕੇ ਦਰਵਾਜੇ ਦੀ ਕੁੰਡੀ ਚਾੜ੍ਹ ਲਈ। ਹਨੀ ਪਲੰਘ 'ਤੇ ਬੈਠੀ ਕਿਸੇ ਸ਼ਮ੍ਹਾਂ ਵਾਂਗ ਜਗ ਰਹੀ ਸੀ। ਉਸ ਦੀਆਂ ਰਹੱਸਮਈ ਨਜ਼ਰਾਂ ਜੱਸੀ ਨੂੰ ਪਤਾ ਨਹੀਂ ਕੀ-ਕੀ ਬਿਆਨ ਰਹੀਆਂ ਸਨ..? ਜੱਸੀ ਨੇ ਉਸ ਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ ਅਤੇ ਬੇਸਬਰੀ ਵੱਸ ਉਸ ਦੇ ਪੱਤੀਆਂ ਬੁੱਲ੍ਹ 'ਪੀਣੇਂ' ਸ਼ੁਰੂ ਕਰ ਦਿੱਤੇ।

-"ਵਿਆਹ ਤੋਂ ਪਹਿਲਾਂ ਆਹ ਸਾਰਾ ਕੁਛ..? ਪਾਪ ਹੁੰਦੈ..!" ਹਨੀ ਨੇ ਉਸ ਨੂੰ ਧੱਕ ਕੇ ਪਿੱਛੇ ਕਰਨਾ ਚਾਹਿਆ। ਕਿਸੇ 'ਵੇਗ' ਵਿਚ ਉਸ ਦੀਆਂ ਅੱਖਾਂ ਮੱਲੋਮੱਲੀ ਬੰਦ ਹੁੰਦੀਆਂ ਜਾ ਰਹੀਆਂ ਸਨ।

-"ਕੌਣ ਕਹਿੰਦੈ ਪਾਪ ਹੁੰਦੈ..? ਪ੍ਰੇਮ ਅਤੇ ਜੰਗ ਵਿਚ ਸਭ ਕੁਛ ਜਾਇਜ ਹੁੰਦੈ, ਜਿੰਦ ਮੇਰੀਏ...!" ਜੱਸੀ ਦੇ ਸਾਹਾਂ 'ਚੋਂ ਅੱਗ ਵਰ੍ਹ ਰਹੀ ਸੀ ਅਤੇ ਸਾਰਾ ਬਦਨ ਭੱਠ ਵਾਂਗ ਤਪ ਰਿਹਾ ਸੀ।

-"ਲੋਕ ਕਹਿੰਦੇ ਨੇ...!" ਹਨੀ ਦੀ ਸੁਰਤ ਟਿਕਾਣੇਂ ਨਹੀਂ ਸੀ। ਕਿਸੇ ਤਾਂਘ, ਕਿਸੇ ਜਲੌਅ ਵਿਚ ਉਹ ਵੀ ਪਾਗ਼ਲ ਹੋਈ ਪਈ ਸੀ। ਬੇਸੁਰਤ ਜਿਹੀ..! ਉਸ ਦਾ ਦਿਮਾਗ ਸੱਤਾਂ ਸਵਰਗਾਂ ਦਾ ਆਨੰਦ ਮਾਣ ਰਿਹਾ ਸੀ ਅਤੇ ਉਹ ਸਭ ਚਿੰਤਾਵਾਂ ਤੋਂ ਮੁਕਤ, ਬੇਸੁੱਧ ਪਈ ਸੀ।

-"ਸਭ ਬਕਵਾਸ...! ਕਾਮ ਦਾ ਨਾਂ ਪੰਜ ਵਿਕਾਰਾਂ ਵਿਚ ਸਭ ਤੋਂ ਅੱਗੇ ਆਉਂਦਾ ਹੈ ਹਨੀ..! ਦੇਵਤੇ ਹਜ਼ਾਰਾਂ ਸਾਲ ਦਰੱਖਤਾਂ ਹੇਠ ਤਪੱਸਿਆ ਕਰਦੇ ਰਹੇ..! ਪਰ ਇਸ ਪੱਖੋਂ ਉਹਨਾਂ ਨੇ ਵੀ ਮਾਰ ਖਾਧੀ..! ਜਿਹੜੇ ਬਚੇ ਰਹੇ, ਸਮਾਂ ਆਉਣ 'ਤੇ ਉਹ ਦਰੱਖਤਾਂ ਹੇਠ ਬੈਠੇ ਹੀ ਮੋਮ ਵਾਂਗ ਪਿਘਲ ਗਏ ਜਾਂ ਝਾੜ੍ਹਾਂ ਬੂਟੀਆਂ ਦਾ ਹੀ ਰੂਪ ਹੋ ਗਏ..! ਸਿਰ ਦੇ ਵਾਲ਼ ਵੀ ਜਟਾਂ ਬਣ ਗਏ ਤੇ ਟਾਹਣੀਆਂ ਸਿਰ ਵਿਚ ਉੱਗ ਪਈਆਂ..! ਜਿਹੜਾ ਇਸ ਤੋਂ ਮੁਨੱਕਰ ਹੁੰਦਾ ਹੈ, ਉਹ ਉਸ ਕੁਦਰਤ ਦੇ ਕਾਨੂੰਨ ਤੋਂ ਬਾਗੀ, ਭਗੌੜਾ ਹੁੰਦਾ ਹੈ..! ਇਹ ਇਕ ਕੁਦਰਤੀ ਕਾਂਡ ਹੈ ਹਨੀ..! ਜਿਹੜਾ ਦੋ ਸਰੀਰਾਂ ਦਾ ਅਸਲੀ ਮਿਲਾਪ ਕਰਦਾ ਹੈ..! ਜਿਸ ਨੇ ਸਰੀਰਕ ਸਾਂਝ ਨਹੀਂ ਰੱਖੀ, ਉਹਨਾਂ ਦਾ ਮਿਲਾਪ ਹਰ ਹੱਦ ਤੱਕ ਅਧੂਰਾ ਹੈ ਜਿੰਦ ਮੇਰੀਏ...! ਹਰ ਹਾਲਤ ਵਿਚ ਅਧੂਰਾ ਹੈ...!" ਹੌਲ਼ੀ ਹੌਲ਼ੀ ਜੱਸੀ ਨੇ ਹਨੀ ਨੂੰ ਨਿਰਵਸਤਰ ਕਰ ਲਿਆ। ਉਹ ਇਕ ਦੂਜੇ ਨਾਲ਼ ਇਕ-ਮਿੱਕ ਹੋਏ, ਘੁਲ਼ੇ ਪਏ ਸਨ। ਅਚਾਨਕ ਹਨੀ ਦੇ ਮੂੰਹੋਂ, "ਹਾਏ ਮਾਰਤੀ ਵੇ ਟੁੱਟ ਪੈਣਿਆਂ...! ਮਾਰਤੀ...!! ਮਰਗੀ ਵੇ ਰੱਬਾ...!!!" ਦੀ ਦੱਬਵੀਂ ਜਿਹੀ ਅਵਾਜ਼ ਨਿਕਲ਼ੀ ਅਤੇ ਉਸ ਨੇ ਜੱਸੀ ਨੂੰ ਹੋਰ ਘੁੱਟ ਕੇ ਜੱਫ਼ੀ ਪਾ ਲਈ। ਉਸ ਦੇ ਮੱਥੇ 'ਤੇ ਪਸੀਨੇ ਦੇ ਕਣ ਸਿੰਮ ਆਏ ਸਨ ਅਤੇ ਅਜੀਬ ਜਿਹੀ ਪੀੜ ਸਿੱਧੀ ਦਿਲ ਦਿਮਾਗ ਨੂੰ ਗਈ ਸੀ। ਮੱਥੇ ਦੀ ਤਿਊੜੀ ਘੁੱਟ ਕੇ ਉਸ ਨੇ ਆਪਣਾ ਹੇਠਲਾ ਬੁੱਲ੍ਹ ਘੁੱਟ ਕੇ ਦੰਦਾਂ ਵਿਚ ਲਿਆ ਹੋਇਆ ਸੀ। ਸੁਆਦ ਅਤੇ ਪੀੜਾਂ ਦੀ ਸਾਂਝੀ ਲਹਿਰ ਵਿਚ ਰੁੜ੍ਹੀ ਉਹ ਦੱਬ ਕੇ ਅੱਖਾਂ ਮੀਟੀ ਪਈ ਸੀ। ਮੁੱਠੀਆਂ ਉਸ ਨੇ ਘੁੱਟ ਕੇ ਮੀਟ ਰੱਖੀਆਂ ਸਨ ਅਤੇ ਅੰਗੂਠੇ ਮੁੱਠੀਆਂ ਵਿਚ ਦਿੱਤੇ ਹੋਏ ਸਨ।

ਜਦੋਂ ਜੱਸੀ ਨੇ ਉਸ ਨੂੰ ਛੱਡਿਆ ਤਾਂ ਉਹ ਸੱਪ ਵਾਂਗ ਗੁੰਝਲ਼ੀ ਜਿਹੀ ਮਾਰ ਕੇ ਜਲੇਬੀ ਵਾਂਗ

ਇਕੱਠੀ ਹੋ ਗਈ। ਜਦ ਜੱਸੀ ਨੇ ਚਾਦਰ 'ਤੇ ਨਜ਼ਰ ਮਾਰੀ ਤਾਂ ਸਾਰੀ ਚਾਦਰ ਖ਼ੂਨ ਨਾਲ਼ ਲੱਥ-ਪੱਥ ਹੋਈ ਪਈ ਸੀ। ਉਸ ਨੇ ਚਾਦਰ ਦਾ ਲੜ ਮੋੜ ਦਿੱਤਾ। ਤਾਰ 'ਤੇ ਟੰਗਿਆ ਪਰਨਾਂ ਤਹਿਆਂ ਮਾਰ ਕੇ ਹਨੀ ਹੇਠ ਦੇ ਦਿੱਤਾ। ਹਨੀ ਅਜੇ ਵੀ ਬੇਸੁਰਤਾਂ ਵਾਂਗ ਗੁੱਛ-ਮੁੱਛ ਹੋਈ ਪਈ ਸੀ। ਉਸ ਦੇ ਭੋਲ਼ੇ ਜਿਹੇ ਅਤੇ ਸੁਰਖ਼ ਹੋਏ ਚਿਹਰੇ ਤੋਂ ਜੱਸੀ ਦਾ ਕੁਰਬਾਨ ਹੋ ਜਾਣ ਨੂੰ ਦਿਲ ਕੀਤਾ। ਉਸ ਨੇ ਝੁਕ ਕੇ ਹਨੀ ਦਾ ਮੂੰਹ ਚੁੰਮ ਲਿਆ ਅਤੇ ਸਾਰੇ ਜੋਰ ਨਾਲ਼ ਬਾਂਹਾਂ ਵਿਚ ਘੁੱਟ ਲਿਆ। ਉਸ ਨੂੰ ਹਨੀ ਦਾ ਅਥਾਹ ਮੋਹ ਆਇਆ ਸੀ। ਤਨ ਦੇ ਮਿਲਾਪ ਨੇ ਮਨ ਵਿਚੋਂ 'ਤੇਰ-ਮੇਰ' ਅਤੇ 'ਮੈਂ-ਤੂੰ' ਦਾ ਖ਼ਾਤਮਾ ਕਰ ਦਿੱਤਾ ਸੀ। ਕਿਨਾਰਿਆਂ ਦੇ ਫ਼ਰਕ ਨਬੇੜ ਦਿੱਤੇ ਸਨ ਅਤੇ ਇਕ ਵਹਿਣ ਬਣਨ ਦਾ ਵਰਦਾਨ ਬਖਸ਼ ਦਿੱਤਾ ਸੀ।

ਸਾਰੀ ਰਾਤ ਹੀ ਸਰੀਰਾਂ ਅਤੇ ਆਤਮਾਵਾਂ ਦਾ ਖਿਲਾਅ ਭਰਦਾ ਅਤੇ ਡੁੱਲ੍ਹਦਾ ਰਿਹਾ।

ਰੂਹਾਂ ਹਲਕੀਆਂ ਹੋ ਕੇ ਪਤਾ ਨਹੀਂ ਕਦ ਸੌਂ ਗਈਆਂ।

## ਕਾਂਡ 2

ਦਿਨ ਚੜ੍ਹ ਆਇਆ ਸੀ।

ਸੂਰਜ ਨੇ ਜੱਗ ਨੂੰ 'ਝਾਤ' ਆਖੀ ਸੀ।

ਸੁੱਤੇ ਪਿਆਂ ਉਹਨਾਂ ਨੂੰ ਪਤਾ ਹੀ ਨਾ ਲੱਗਿਆ ਕਿ 'ਮਾਸੜ' ਕਦੋਂ ਦਾ ਬਾਹਰ ਖੜ੍ਹਾ ਅਵਾਜ਼ਾਂ ਮਾਰ ਰਿਹਾ ਸੀ।

ਜੱਸੀ ਉਠਿਆ।

ਉਸ ਨੇ ਉਠ ਕੇ ਦਰਵਾਜਾ ਖੋਲ੍ਹਿਆ ਤਾਂ ਮਾਸੜ ਮਿੰਨ੍ਹੇ ਜਿਹੇ ਗੁੱਸੇ ਵਿਚ ਖੜ੍ਹਾ, 'ਹਾਲ-ਹਾਲ' ਕਰ ਰਿਹਾ ਸੀ।

-"ਤੁਸੀਂ ਐਡੇ ਲਾਪ੍ਰਵਾਹ ਯਾਰ...? ਕਿਸੇ ਦੀ 'ਵਾਜ ਤਾਂ ਸੁਣ ਲਿਆ ਕਰੋ..? ਮੈਂ 'ਵਾਜਾਂ ਮਾਰਦਾ ਕਮਲ਼ਾ ਹੋਇਆ ਪਿਐਂ..! ਐਨੀ ਨੀਂਦ ਵੀ ਕੀ ਆਖ..? ਸੁਰਤ ਸਿਰ ਤਾਂ ਪਿਆ ਕਰੋ..! ਚੱਲ ਕੁੜੀਏ..! ਤੇਰਾ ਟੈਮ ਹੋ ਚੱਲਿਐ...!" ਮਾਸੜ ਭੜ੍ਹਾਕੇ ਵਾਂਗ ਚੱਲਿਆ ਸੀ। ਜੱਸੀ ਕੱਪੜੇ ਪਾ ਕੇ ਮਾਸੜ ਨਾਲ਼ ਬਾਹਰ ਨਿਕਲ਼ ਗਿਆ। ਹਨੀ ਨੇ ਵੀ ਜਲਦੀ ਨਾਲ਼ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। ਪੂਰੇ ਅੱਠ ਵੱਜ ਚੁੱਕੇ ਸਨ। ਚਾਹ ਪੀ ਕੇ ਅਤੇ ਨਹਾ ਕੇ ਹਨੀ ਤਿਆਰ ਸੀ। ਜੱਸੀ ਨੇ ਇੱਥੇ ਫ਼ਾਰਮ ਹਾਊਸ 'ਤੇ ਹੀ ਰਹਿਣਾ ਸੀ। ਹਨੀ ਨੇ ਕੈਂਪ ਜਾ ਕੇ ਸ਼ਾਮ ਨੂੰ ਆਉਣਾ ਸੀ। ਹਨੀ ਦੇ ਸਰੀਰ ਵਿਚੋਂ ਤਾਕਤ ਮੁੱਕੀ ਪਈ ਸੀ। ਸਰੀਰ ਨਿਰਬਲ ਹੋਇਆ ਪਿਆ ਸੀ। ਪਰ ਜੁਆਨ ਸਰੀਰ ਕਰਕੇ ਉਸ ਨੂੰ ਬਹੁਤੀ ਕਮਜ਼ੋਰੀ ਮਹਿਸੂਸ ਨਹੀਂ ਹੋ ਰਹੀ ਸੀ। ਪਰ ਕਦੀ-ਕਦੀ ਉਸ ਨੂੰ ਇੰਜ ਮਹਿਸੂਸ ਹੁੰਦਾ ਸੀ, ਜਿਵੇਂ ਉਹ ਅਸਮਾਨ ਵਿਚ ਉਡ ਰਹੀ ਹੋਵੇ...! ਜਿਵੇਂ ਉਹ ਕਿਸੇ ਬੱਦਲ਼ 'ਤੇ ਬੈਠ ਸਫ਼ਰ ਕਰਦੀ ਹੋਵੇ। ਹੌਲ਼ੀ ਫੁੱਲ ਵਰਗੀ...! ਉਸ ਦਾ ਦਿਮਾਗ ਕਿਸੇ ਬੈਕੁੰਠ ਚੜ੍ਹਿਆ ਹੋਇਆ ਸੀ..। ਜਦ ਉਹ ਰਾਤ ਦਾ ਵਾਕਿਆ ਯਾਦ ਕਰਦੀ ਤਾਂ ਉਸ ਦੀ ਰੂਹ ਆਨੰਦ ਭਰੀ ਅਤੇ ਤ੍ਰਿਪਤ ਹੋ ਜਾਂਦੀ। ਕਦੇ ਕਦੇ ਉਸ ਨੂੰ ਧੁੜਧੜੀ ਜਿਹੀ ਆਉਂਦੀ। ਉਸ ਦਾ ਦਿਲ ਕਿਲਕਾਰੀਆਂ ਮਾਰਨ ਨੂੰ ਕਰਦਾ ਅਤੇ ਮਨ ਅੰਬਰ ਨੂੰ ਕਲ਼ਾਵੇ ਭਰਦਾ!

ਦੁਪਿਹਰ ਦੀ ਰੋਟੀ ਖਾਣ ਤੋਂ ਬਾਅਦ ਸਾਰੀ ਦਿਹਾੜੀ ਜੱਸੀ ਸੁੱਤਾ ਰਿਹਾ।

ਸ਼ਾਮ ਨੂੰ ਪ੍ਰਛਾਵੇਂ ਢਲ਼ਦਿਆਂ ਹੀ ਮਾਸੜ ਹਨੀ ਨੂੰ ਲੈ ਕੇ ਆ ਗਿਆ।

ਆਉਣਸਾਰ ਹਨੀ ਪਲੰਘ 'ਤੇ ਡਿੱਗ ਪਈ।

ਜੱਸੀ ਨੇ ਉਸ ਨੂੰ ਚਾਹ ਬਣਾ ਦਿੱਤੀ।

-"ਕਿਵੇਂ ਰਿਹਾ ਦਿਨ ਅੱਜ...?" ਜੱਸੀ ਨੇ ਪੁੱਛਿਆ।

-"ਬਹੁਤ ਬਿਜ਼ੀ...! ਕੈਂਪ ਨਿਰਾ ਬੋਰਿੰਗ..! ਅਨੁਸਾਸ਼ਨ, ਗਾਇਨ, ਪਰੇਡ..! ਕੈਂਪ 'ਚ ਮੇਰਾ ਦਿਲ ਨਹੀਂ ਲੱਗਿਆ ਜੱਸੀ..! ਤੇਰੇ ਚਿਹਰੇ ਨੇ ਵਿਹਲ ਨਹੀਂ ਦਿੱਤੀ..।" ਚਾਹ ਪੀ ਕੇ ਉਸ ਨੇ ਪਲੰਘ 'ਤੇ ਡਿੱਗਦਿਆਂ ਕਿਹਾ।

-"ਪੈਣ ਦਾ ਮੌਸਮ ਨਹੀਂ ਮੋਤੀਆਂ ਆਲ਼ੀ ਸਰਕਾਰ..! ਮਸਾਂ ਤਾਂ ਵੇਲ਼ਾ ਆਪਣੇ ਹੱਥ ਆਇਐ..? ਫੇਰ ਪਤਾ ਨ੍ਹੀ ਕਦੋਂ ਮੇਲ ਹੋਣ..?" ਗਿੱਦੜ ਦੇ ਮੱਕੀ ਦੇ ਦੋਧੇ ਤੋਂ ਪਰਦਾ ਲਾਹੁੰਣ ਵਾਂਗ ਜੱਸੀ ਨੇ ਹਨੀ ਦੇ ਕੱਪੜੇ ਲਾਹੁੰਣੇ ਸ਼ੁਰੂ ਕਰ ਦਿੱਤੇ।

-"ਹਾਏ..! ਦਿਨੇ ਈ...? ਐਨੇ ਹਲ਼ਕੇ ਕਿਉਂ ਐਂ ਤੁਸੀਂ..? ਥੋਨੂੰ ਹੋਰ ਨ੍ਹੀ ਕੁਛ ਆਉਂਦਾ..?" ਵਿਅੰਗ ਨਾਲ਼ ਹਨੀ ਨੇ ਕੇਸੂ ਬੁੱਲ੍ਹਾਂ 'ਚੋਂ ਗ਼ਿਲਾ ਜ਼ਾਹਿਰ ਕੀਤਾ। ਪਰ ਉਸ ਦੀ ਗੱਲ ਤੋਂ ਮਹਿਸੂਸ ਹੁੰਦਾ ਸੀ ਕਿ ਹਨੀ ਦੀ ਚਾਹਤ ਅਤੇ ਹਮਾਇਤ ਬਰਾਬਰ ਕਾਇਮ ਸੀ।

-"ਇਸ ਕੰਮ ਤੋਂ ਬਿਨਾ ਥੋਨੂੰ ਹੋਰ ਕੁਛ ਨਹੀਂ ਸੁੱਝਦਾ..?"

-"ਚੁੱਪ ਕਰ ਵੈਰਨੇ, ਚੁੱਪ ਕਰ...!" ਉਹ ਹਨੀ ਨੂੰ ਇਕ ਤਰ੍ਹਾਂ ਨਾਲ਼ 'ਡੀਕਦਾ' ਕਹਿ ਰਿਹਾ ਸੀ। ਉਸ ਦੀ ਮੱਝ ਦੀ ਜੀਭ ਵਰਗੀ ਜੀਭ ਹਨੀ ਦੀਆਂ ਗੱਲ੍ਹਾਂ 'ਤੇ ਰੇਗਮਾਰ ਵਾਂਗ ਫਿਰਦੀ ਸੀ। ਕਿਸੇ ਉਮੰਗ ਵਿਚ ਜੱਸੀ ਦਾ ਦਿਮਾਗ ਰੋਹੀਏਂ ਚੜ੍ਹ ਗਿਆ ਸੀ।

ਦਰਵਾਜੇ 'ਤੇ 'ਠੱਕ-ਠੱਕ' ਹੋਈ ਤਾਂ ਦੋਨੋਂ ਹੈਰਾਨ ਜਿਹੇ ਹੋ ਗਏ। ਮਾਸੜ ਤਾਂ ਹਨੀ ਨੂੰ ਛੱਡ ਕੇ ਚਲਿਆ ਗਿਆ ਸੀ, ਹੁਣ ਇਹ ਕੌਣ ਹੋਇਆ..? ਜੱਸੀ ਨੇ ਜਲਦੀ ਨਾਲ਼ ਕੱਪੜੇ ਚਾੜ੍ਹ ਲਏ ਅਤੇ ਹਨੀ ਨੇ ਵੀ ਕੰਬਲ਼ ਨਾਲ਼ ਆਪਣਾ ਨੰਗੇਜ ਢਕ ਲਿਆ। ਉਹ ਬਿਲਕੁਲ ਨਗਨ ਸੀ। ਸ਼ਾਇਦ ਮਾਸੜ ਕੁਝ ਭੁੱਲ ਗਿਆ ਹੋਵੇ...? ਉਸ ਦਾ ਦਿਮਾਗ ਬੜੀ ਤੇਜ਼ੀ ਨਾਲ਼ ਖਲਾਅ ਵਿਚ ਦੌੜ ਰਿਹਾ ਸੀ।

ਜੱਸੀ ਨੇ ਦਰਵਾਜਾ ਖੋਲ੍ਹਿਆ।

ਅੱਗੇ ਆਪਣੇ ਲਾਮ ਲਸ਼ਕਰ ਨਾਲ਼ ਬੀਕਾ ਖੜ੍ਹਾ ਸੀ..! ਉਸ ਨੇ ਕਾਲ਼ੀ ਕੰਬਲ਼ੀ ਨਾਲ਼ ਆਪਣਾ ਮੂੰਹ ਢਕਿਆ ਹੋਇਆ ਸੀ। ਬਾਕੀ ਲਗਾੜੇ ਜਿਹੇ ਲੱਗਦੇ ਬੰਦੇ ਉਸ ਦੇ ਮਗਰ ਕੰਧ ਬਣੇ ਖੜ੍ਹੇ ਸਨ। ਉਹਨਾਂ ਦੀਆਂ ਸਿਰਫ਼ ਅੱਖਾਂ ਹੀ ਹਰਕਤ ਕਰ ਰਹੀਆਂ ਸਨ। ਉਹ ਬੁੱਤ ਹੀ ਤਾਂ ਬਣੇ ਖੜੇ ਸਨ। ਦੋ ਬੰਦਿਆਂ ਦੇ ਹੱਥਾਂ ਵਿਚ ਦੋਨਾਲ਼ੀ ਬੰਦੂਕਾਂ ਅਤੇ ਬਾਕੀਆਂ ਕੋਲ਼ ਤਲਵਾਰਾਂ ਅਤੇ ਦਾਹ ਵਰਗੇ ਮਾਰੂ ਹਥਿਆਰ ਸਨ।

-"ਸਾਸਰੀਕਾਲ ਬਾਈ ਸਿਆਂ...!" ਕਾਲ਼ੀ ਕੰਬਲ਼ੀ ਹੇਠ ਬੀਕਾ ਕੋਈ ਡਾਕੂ ਲੱਗਦਾ ਸੀ।

-".......।" ਅਵਾਕ ਹੋਇਆ ਜੱਸੀ ਇਕ ਕਰਮ ਪਿੱਛੇ ਹਟ ਗਿਆ। ਉਸ ਦਾ ਦਿਮਾਗ ਗਧੀਗੇੜ ਵਿਚ ਰੁਲ਼ ਗਿਆ ਸੀ।

-"ਕੀ ਹੋ ਗਿਆ ਬਾਈ ਸਿਆਂ...? ਬੀਕੇ ਬਾਈ ਨੂੰ ਦੇਖ ਕੇ ਬਾਹਲ਼ਾ ਈ ਘਾਬਰ ਗਿਐਂ...?" ਬੀਕੇ ਨੇ ਬਘਿਆੜ੍ਹ ਵਰਗਾ ਮੂੰਹ ਖੋਲ੍ਹ ਕੇ ਕਿਹਾ।

-"......।" ਜੱਸੀ ਦਾ ਦਿਲ ਕਰਦਾ ਸੀ ਕਿ ਉਹ ਰਾਕਟ ਬਣ, ਹਨੀ ਨੂੰ ਲੈ ਅਸਮਾਨ ਨੂੰ ਉੱਡ ਜਾਵੇ। ਪਰ ਉਸ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਉਹ ਕਲਪਨਾ ਵਿਚ ਉਲ਼ਝ ਕੇ ਰਹਿ ਗਿਆ।

-"ਮੈਂ ਤਾਂ ਤੈਨੂੰ ਵਧਾਈਆਂ ਦੇਣ ਆਇਐ..! ਪਰ ਤੂੰ ਤਾਂ ਚਾਹ ਪਾਣੀ ਵੀ ਨ੍ਹੀ ਪੁੱਛਦਾ ਖ਼ਸਮਾਂ ਨੂੰ ਖਾਣਿਆਂ...?"

-"ਕਾਹਦੀਆਂ ਵਧਾਈਆਂ ਬਾਈ...?" ਜੱਸੀ ਨੂੰ ਭੱਜਣ ਨੂੰ ਰਾਹ ਨਹੀਂ ਲੱਭਦਾ ਸੀ।

-"ਸਿਆਣੇ ਬੰਦੇ ਜਾਗਦਿਆਂ ਨੂੰ ਪੈਂਦੀਂ ਨ੍ਹੀ ਪਾਉਂਦੇ...! ਰਾਤ ਸੁਹਾਗ ਰਾਤ ਨ੍ਹੀ ਮਨਾਈ..?

ਲਿਆ ਟੋਟਣਭੰਨਾਂ ਬੋਤਲ ਤਾਂ ਫੜਾ, ਨਿੱਕੇ ਵੀਰ ਦਾ ਮਨ ਖੁਸ਼ ਕਰੀਏ..!" ਬੀਕੇ ਨੇ ਨਾਲ਼ ਖੜ੍ਹੇ ਇਕ ਬਿੱਜੂ ਜਿਹੇ ਬੰਦੇ ਨੂੰ ਆਖਿਆ। ਉਸ ਦੀਆਂ ਲਾਲ ਅੱਖਾਂ 'ਚੋਂ ਖ਼ੂਨ ਚੋਅ ਰਿਹਾ ਸੀ। ਮੱਥੇ 'ਤੇ ਲੱਗਿਆ ਗੰਡਾਸੇ ਦਾ ਟੱਕ ਕਿਸੇ ਖ਼ਤਰੇ ਦਾ ਸੰਕੇਤ ਦੇ ਰਿਹਾ ਸੀ। ਉਸ ਨੇ ਹੁਕਮ ਦੀ ਤਾਮੀਲ ਕੀਤੀ ਅਤੇ ਬੋਤਲ ਪਿਸਤੌਲ ਵਾਂਗ ਡੱਬ 'ਚੋਂ ਕੱਢ ਕੇ ਬੀਕੇ ਦੇ ਹੱਥ ਫੜਾ ਦਿੱਤੀ। ਬੀਕੇ ਨੇ ਮੂੰਹ ਨਾਲ਼ ਹੀ ਬੋਤਲ ਦਾ ਡੱਟ ਪੱਟਿਆ ਅਤੇ ਅੱਧੀ ਬੋਤਲ ਮੂੰਹ ਲਾ ਕੇ ਹੀ ਸੂਤ ਧਰੀ। ਫਿਰ ਉਸ ਨੇ ਗੁਆਰੇ ਨਾਲ਼ ਆਫ਼ਰੇ ਊਠ ਵਾਂਗ ਡਕਾਰ ਮਾਰਿਆ। ਬੂਅ ਫ਼ੈਲ ਗਈ ਅਤੇ ਬੁੱਲ੍ਹਾਂ ਦੀ 'ਫ਼ੜ-ਫ਼ੜ' ਨਾਲ਼ ਸ਼ਰਾਬ ਦੇ ਛਿੱਟੇ ਦੂਰ ਦੂਰ ਤੱਕ ਬੁੜ੍ਹਕੇ..!

-"ਲੈ...! ਫੜ ਪੀ ਬਾਈ ਸਿਆਂ! ਅਸੀਂ ਤੇਰੇ ਮਾਂਗੂੰ ਕਾਣੀਂ ਵੰਡ ਨ੍ਹੀ ਕਰਦੇ..! ਲੈ ਮਾਰ ਘੁੱਟ ਤੇ ਹੋ ਰੰਗਾਂ 'ਚ...!" ਬੀਕੇ ਨੇ ਬੋਤਲ ਜੱਸੀ ਦੇ ਹੱਥ ਫੜਾ ਦਿੱਤੀ। ਉਸ ਨੇ ਅੰਦਰ ਤੱਕਿਆ ਅਤੇ ਮੁੜ ਕੇ ਬੋਤਲ ਬੀਕੇ ਨੂੰ ਫੜਾ ਦਿੱਤੀ। ਪਰ ਪੀਤੀ ਨਾ!

-"ਕਿਉਂ ਡਰ ਲੱਗਦੈ..? ਲੱਗੇ ਵੀ ਕਿਉਂ ਨਾ..? ਕੁੜੀ ਤਾਂ ਦੇਖ ਗਾਡਰ ਵਰਗੀ ਐ..? ਐਹੋ ਜੀ ਕੁੜੀ ਅੱਗੇ ਸਾਲ਼ੀ ਦਾਰੂ ਦੀ ਕੀ ਮਜਾਲ..? ਕੁੜੀ ਤਾਂ ਜਮਾਂ ਈ ਪਟੋਲ੍ਹਾ ਐ ਬਾਈ ਸਿਆਂ, ਪਟੋਲ੍ਹਾ..! ਕਿਉਂ, ਕਿਵੇਂ ਐਂ..? ਦਿੰਦੀ ਐ ਨਜਾਰੇ, ਕਿ ਨਹੀਂ..? ਤੋੜਦੀ ਐ ਦੁੱਖ..? ਮਾਰਦੀ ਐ ਹਲੋਰੇ..? ਝੂਟਾਉਂਦੀ ਐ ਸਤਰੰਗੀ ਪੀਂਘ..?" ਉਸ ਨੇ ਤੀਰ ਵਰਗੀ ਨਜ਼ਰ ਅੰਦਰ ਨੂੰ ਚਲਾਈ। ਬੀਕੇ ਦੀ ਸੱਪ ਦੀ ਨਜ਼ਰ ਹਨੀ ਦੇ ਕੰਬਲ਼ ਨਾਲ਼ ਢਕੇ ਸਰੀਰ ਦੀ ਵੀ ਤਲਾਸ਼ੀ ਲੈ ਕੇ ਮੁੜ ਆਈ।

ਜੱਸੀ ਘੁੱਟਾਂਬਾਟੀ ਬੀਕੇ ਵੱਲ ਤੱਕ ਰਿਹਾ ਸੀ।

-"ਹਾਂ ਬਾਈ ਜੱਸੀ..! ਮੈਂ ਤੈਨੂੰ ਭਲਵਾਨ ਦੇ ਢਾਬੇ 'ਤੇ ਵੀ ਕਿਹਾ ਸੀ, ਬਈ ਵੰਡ ਕੇ ਖਾਣਾ ਈ ਚੰਗਾ ਹੁੰਦੈ..! ਕਾਣੀਂ ਵੰਡ ਮਾੜੀ ਹੁੰਦੀ ਐ, ਬਦਹਜ਼ਮੀ ਹੋ ਜਾਂਦੀ ਐ, ਕੀ ਖਿਆਲ ਐ?" ਉਸ ਨੇ ਕੋਹੜ ਕਿਰਲ਼ੇ ਵਰਗੀ ਜੀਭ ਬੁੱਲ੍ਹਾਂ 'ਤੇ ਮਾਰ ਕੇ ਭੁੱਖਿਆਂ ਵਾਂਗ ਹਨੀ ਵੱਲ ਤੱਕਿਆ।

-"ਕਿਉਂ ਹਨੀ ਸਵੀਟੀ..? ਇਹ ਕੀ ਲੱਗਦੇ ਸੰਤੀਏ ਤੇਰੇ - ਜਿੰਨ੍ਹਾਂ ਨੂੰ ਰਾਤੀਂ ਖੰਡ ਪਾਈ ਸੀ..?" ਬੀਕੇ ਨੇ ਅੱਖ ਮਾਰ ਕੇ ਮਾਰਖ਼ੋਰੀ ਨਜ਼ਰ ਦਾ ਨਿਸ਼ਾਨਾਂ ਸਿੱਧਾ ਹਨੀ ਵੱਲ ਸੇਧ ਲਿਆ। ਜੱਸੀ ਤੋਂ ਹੋਰ ਜਰ ਨਾ ਹੋਇਆ ਅਤੇ ਉਹ ਕਰੋਧ ਨਾਲ਼ ਪਾਗ਼ਲ ਹੋਇਆ ਬੀਕੇ ਦੇ ਗਲ਼ ਨੂੰ ਚਿੰਬੜ ਗਿਆ। ਪਰ ਉਸ ਦੇ ਚੇਲਿਆਂ ਨੇ ਉਸ ਨੂੰ ਬੀਕੇ ਦੇ ਗਲ਼ ਨਾਲ਼ੋਂ ਚਿੱਚੜ ਵਾਂਗ ਤੋੜ ਲਿਆ ਅਤੇ ਉਸ ਦੇ ਹੱਥ ਬੰਨ੍ਹ ਕੇ ਮੂਧਾ ਸੁੱਟ ਲਿਆ। ਜੱਸੀ ਕੱਟੇ ਖੰਭਾਂ ਵਾਲ਼ੇ ਪੰਛੀ ਵਾਂਗ ਨਿੱਹਥਾ ਹੋ ਗਿਆ। ਹਨੀ ਹਲਾਲ ਹੋਣ ਵਾਲ਼ੀ ਮੁਰਗੀ ਵਾਂਗ ਕੰਬਲ਼ ਦੱਬ ਕੇ ਪੈ ਗਈ ਸੀ। ਉਸ ਦਾ ਦਿਲ ਹਥੌੜ੍ਹੇ ਵਾਂਗ ਛਾਤੀ ਵਿਚ ਵੱਜ ਰਿਹਾ ਸੀ..। ਕੰਨਾਂ ਵਿਚ ਬਿੰਡੇ ਟਿਆਂਕ ਰਹੇ ਸਨ..।

-"ਤੂੰ ਬਹੁਤ ਕਮੀਨਾਂ ਐਂ ਬੀਕਿਆ..!" ਜੱਸੀ ਨੇ ਆਖਰ ਮੂੰਹ ਖੋਲ੍ਹਿਆ।

-"ਮੈਂ ਕਦੋਂ ਕਿਹੈ ਬਈ, ਨਹੀਂ...? ਮੈਂ ਤਾਂ ਬਹੁਤ ਵੱਡਾ ਕਮੀਨਾਂ ਬੰਦਾ ਹਾਂ, ਬਾਈ ਸਿਆਂ! ਕਾਣੀ ਵੰਡ ਨਹੀਂ ਜਰ ਸਕਦਾ..!" ਉਸ ਨੇ ਹਨ੍ਹੇਰੀ ਵਾਂਗ ਅੰਦਰ ਜਾ ਕੇ ਹਨੀ ਉਤੋਂ ਕੰਬਲ਼ ਲਾਹ ਮਾਰਿਆ ਅਤੇ ਉਸ ਨੂੰ ਆਪਣੇ ਹੱਥਾਂ ਦੇ ਸਿਕੰਜੇ ਵਿਚ ਜਕੜ ਲਿਆ। ਉਹ ਕੁਕੜੀ ਵਾਂਗ ਉਸ ਦੇ ਹੱਥਾਂ ਵਿਚ ਹੀ ਸਿਮਟ ਗਈ ਸੀ। ਜਿਵੇਂ ਬਘਿਆੜ੍ਹ ਦੇ ਪੰਜੇ ਵਿਚ ਮਿਰਗ ਦਾ ਬੱਚਾ ਸੁੰਗੜ ਜਾਂਦੈ..!

-"ਬੀਕਿਆ, ਤੂੰ ਮੈਨੂੰ ਭਰਾ ਕਿਹਾ ਸੀ..!" ਜੱਸੀ ਨੇ ਕੋਈ ਹੋਰ ਚਾਰਾ ਨਾ ਦੇਖ ਕੇ ਤਰਲਾ ਕੀਤਾ।

-"ਮੈਂ ਤਾਂ ਹੁਣ ਵੀ ਕਹਿਨੈਂ...!" ਉਹ ਤੁਰੰਤ ਬੋਲਿਆ।

-"ਫੇਰ ਬਾਈ ਬਣਕੇ ਹਨੀ ਨੂੰ ਬਖਸ਼ ਦੇਹ ਬੀਕਿਆ...! ਇਹ ਕਹਿਰ ਨਾ ਕਰ..!"

-"ਤੀਮੀ ਕੋਈ ਬਖਸ਼ਣ ਆਲ਼ੀ ਚੀਜ ਐ, ਕਮਲ਼ਿਆ...? ਤੀਮੀ ਤਾਂ ਰੱਬ ਨੇ ਬਣਾਈ ਹੀ ਬੰਦੇ ਦੇ ਵਰਤਣ ਲਈ ਐ...! ਰਾਤ ਤੂੰ ਵਰਤ ਲਈ, ਤੇ ਹੁਣ ਮੈਂ..! ਜੇ ਬੱਕਰਾ ਕਹੇ ਬਈ ਮੈਨੂੰ ਨਾ ਵੱਢੋ, ਫੇਰ...? ਬੱਕਰੇ ਨੂੰ ਕਿਸੇ ਨੇ ਹਲ਼ ਥੋੜ੍ਹੋ ਜੋੜਨਾਂ ਹੁੰਦੈ? ਉਹ ਤਾਂ ਬਣਿਆਂ ਈ ਬੰਦੇ ਦੇ ਖਾਣ ਵਾਸਤੇ ਐ..! ਜੇ ਰਾਤ ਅਸੀਂ ਤੇਰੇ ਰੰਗ 'ਚ ਭੰਗ ਪਾਇਐ, ਤਾਂ ਦੱਸ? ਫੇਰ ਦੋਸ਼ ਦੇਹ..? ਮੈਨੂੰ ਕੱਲ੍ਹ ਦਾ ਈ ਪਤਾ ਸੀ ਬਈ ਤੁਸੀਂ ਐਥੇ ਐਂ..! ਆਪਣੇ ਹੱਥ ਬਹੁਤ ਲੰਮੇ ਐਂ..! ਪਰ ਮੈਂ ਥੋਡੀ ਖੁਸ਼ੀ 'ਚ ਅੜਿੱਕਾ ਕਿਉਂ

ਬਣਦਾ...? ਮੈਂ ਨੀ ਸੀ ਪਾਪ ਲੈਣਾਂ, ਬਾਈ ਸਿਆਂ! ਮੈਂ ਸੋਚਿਆ ਕਿ ਚੱਲ ਅੱਜ ਛੋਟੇ ਵੀਰ ਨੂੰ ਰੰਗਰਲ਼ੀਆਂ ਮਨਾ ਲੈਣਦੇ, ਆਪਣੀ ਵਾਰੀ ਕੱਲ੍ਹ ਨੂੰ ਆਜੂ...! ਦੇਖ ਸਾਡਾ ਵੀ ਸਬਰ..! ਹੈ ਅਸੀਂ ਦੇਖ ਕੇ ਅਣਡਿੱਠ ਕਰਨ ਵਾਲ਼ੇ ਕਿ ਨਹੀਂ..?" ਹਨੀ ਨੂੰ ਇਕ ਪਾਸੇ ਖੜ੍ਹੀ ਕਰ, ਮੂੰਹ ਨੂੰ ਲਾ ਕੇ ਬੀਕੇ ਨੇ ਰਹਿੰਦੀ ਬੋਤਲ ਸੂਤ ਧਰੀ ਅਤੇ ਖਾਲੀ ਬੋਤਲ ਚਲਾ ਕੇ ਮਾਰੀ।

-"ਬੀਕਿਆ, ਮੈਂ ਤੇਰੇ ਪੈਰੀਂ ਪੈਨੈਂ..! ਤੇਰੀ ਮਿੰਨਤ ਕਰਦੈਂ ਬਾਈ...!" ਜੱਸੀ ਕੁਰਲਾਇਆ।

-"ਤੇ ਮੈਂ ਤੇਰੀ ਕਰਦੈਂ...!" ਬੀਕਾ ਜੱਸੀ ਵੱਲੋਂ ਮੁੜ, ਹਨੀ ਦੇ ਪੈਰਾਂ ਵਿਚ ਹੱਥ ਜੋੜ ਕੇ ਬੈਠ ਗਿਆ। ਹਨੀ ਨੇ ਉਸ ਦੇ ਮੂੰਹ 'ਤੇ ਥੁੱਕ ਦਿੱਤਾ। ਬੀਕਾ ਸਾਹਣ ਵਾਂਗ ਭੂਸਰ ਗਿਆ ਅਤੇ ਹਨੀ ਦੇ ਦੁਬਾਰਾ ਪਾਏ ਕੱਪੜੇ ਪਾੜ ਕੇ ਪਰ੍ਹਾਂ ਸੁੱਟ ਦਿੱਤੇ। ਉਸ ਨੂੰ ਬੱਕਰੇ ਵਾਂਗ ਪਲੰਘ 'ਤੇ ਢਾਹ ਲਿਆ ਅਤੇ ਜੱਸੀ ਨੇ ਬੰਨ੍ਹੇ ਹੱਥ ਛੁਡਾ ਕੇ ਬੀਕੇ ਨੂੰ ਆ ਢਾਹਿਆ। ਪਤਾ ਨਹੀਂ ਉਸ ਵਿਚ ਇਤਨਾ ਬਲ ਕਿੱਥੋਂ ਆ ਗਿਆ ਸੀ..? ਮੁੱਕੀਆਂ ਮਾਰ ਮਾਰ ਕੇ ਉਸ ਨੇ ਬੀਕੇ ਦਾ ਨੱਕ ਲਹੂ ਲੁਹਾਨ ਕਰ ਦਿੱਤਾ। ਪਰ ਬੀਕੇ ਦੇ ਦੱਲਿਆਂ ਨੇ ਉਸ ਨੂੰ ਫੜ ਕੇ ਬੁਰੀ ਤਰ੍ਹਾਂ ਨਰੜ ਦਿੱਤਾ ਅਤੇ ਕਸੀਸ ਵੱਟ ਕੇ ਮੁਸ਼ਕਾਂ ਬੰਨ੍ਹ ਕੇ ਫ਼ਰਸ਼ 'ਤੇ ਸੁੱਟ ਦਿੱਤਾ।

-"ਆਸ਼ਕ ਦੇ ਨਾਲ਼ ਨਾਲ਼ ਤੂੰ ਯੋਧਾ ਵੀ ਬਣਨ ਲੱਗਿਐਂ ਐਂ, ਬਾਈ ਸਿਆਂ..? ਇਹ ਬੀਕੇ ਨੂੰ ਕਦਾਚਿੱਤ ਪ੍ਰਵਾਨ ਨਹੀਂ..!" ਬੀਕਾ ਹੈਰਾਨ ਸੀ।

-"ਬੀਕਿਆ, ਤੂੰ ਬੜਾ ਹਰਾਮਜ਼ਾਦਾ ਤੇ ਬਹੁਤ ਕਮੀਨਾਂ ਬੰਦੈਂ...!" ਉਹ ਪਿਆ ਫ਼ੱਟੜ ਸੱਪ ਵਾਂਗ ਵਿਸ਼ ਜਿਹੀ ਘੋਲ਼ ਰਿਹਾ ਸੀ।

-"ਮੈਂ ਕਦੋਂ ਕਿਹੈ ਬਈ, ਨਹੀਂ..? ਮੈਂ ਤਾਂ ਹੱਦੋਂ ਵੱਧ ਕਮੀਨੈਂ, ਬਾਈ ਸਿਆਂ! ਦੇਖ ਸਾਡੀ ਕਮੀਨਗੀ ਦਾ ਪਹਿਲਾ ਪੜਾਅ...!" ਉਹ ਦੈਂਤ ਵਾਂਗ ਹਨੀ 'ਤੇ ਡਿੱਗਿਆ। ਹਾਥੀ ਦੇ ਪੈਰ ਹੇਠ ਚੂਹਾ ਆਉਣ ਵਾਂਗ ਉਸ ਨੇ ਹਨੀ ਦੇ ਜਜ਼ਬਾਤਾਂ ਅਤੇ ਭਾਵਨਾਵਾਂ ਨੂੰ ਕੁਚਲ਼ ਦਿੱਤਾ। ਹੱਡਾਂਰੋੜੀ ਦੇ ਕੁੱਤੇ ਦੇ ਹੱਡੀ ਚੂੰਡਣ ਵਾਂਗ ਉਸ ਨੇ ਸਾਰੀ ਹਨੀ ਚੂੰਡ ਧਰੀ ਸੀ। ਹਨੀ ਕੁਰਲਾਈ ਜਾ ਰਹੀ ਸੀ। ਪਰ ਉਸ ਦੀ ਕੁਰਲਾਹਟ ਸੁਣਨ ਵਾਲ਼ਾ ਬੀਕਾ ਨਹੀਂ ਸੀ। ਬੀਕੇ ਦੇ ਕੰਨ ਬੋਲ਼ੇ ਹੋ ਚੁੱਕੇ ਸਨ...। ਉਸ ਨੂੰ ਸੁਣਨਾ ਅਤੇ ਦਿਸਣਾਂ ਬੰਦ ਹੋ ਗਿਆ ਸੀ...। ਜੱਸੀ ਬੇਵੱਸ, ਨਿਹੱਥਾ ਸੀ। ਬੰਨ੍ਹਿਆਂ ਪਿਆ ਜੱਸੀ ਬੀਕੇ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ ਅਤੇ ਉਸ ਦੀ ਅਵਾਜ਼ ਘਗਿਆ ਗਈ ਸੀ। ਹਨੀ ਦੇ ਸਰੀਰ 'ਤੇ ਥਾਂ-ਥਾਂ ਨੀਲੇ ਦਾਗ ਪੈ ਗਏ ਸਨ। ਹੇਠ ਖ਼ੂਨ ਦਾ ਛੱਪੜ ਲੱਗ ਗਿਆ ਸੀ ਅਤੇ ਹਨੀ ਦਰਦਾਂ ਮਾਰੀ ਬੁਰੀ ਤਰ੍ਹਾਂ ਕਰਾਹ ਰਹੀ ਸੀ। ਉਸ ਅੰਦਰ ਜਿਵੇਂ ਬੀਕੇ ਨੇ ਕੋਈ ਤਲਵਾਰ ਫ਼ੇਰ ਦਿੱਤੀ ਸੀ। ਪੀੜਾਂ ਨੇ ਉਸ ਅੰਦਰ ਤੂਫ਼ਾਨ ਮਚਾਇਆ ਹੋਇਆ ਸੀ। ਅੱਧ-ਖੁੱਲ੍ਹੀਆਂ ਅੱਖਾਂ ਨਾਲ਼ ਨਿਢਾਲ਼ ਪਈ ਉਹ ਖ਼ੂਨੋ ਖ਼ੂਨ ਹੋਏ ਜੱਸੀ ਵੱਲ ਤੱਕ ਰਹੀ ਸੀ। ਬੀਕੇ ਦੇ ਗੁੰਡਿਆਂ ਨੇ ਜਾਣ ਲੱਗਿਆਂ ਪਤਾ ਨਹੀਂ ਉਸ ਦੇ ਸਿਰ ਵਿਚ ਕੀ ਮਾਰਿਆ ਸੀ..? ਜੱਸੀ ਦੇ ਸਿਰ ਵਿਚੋਂ ਖ਼ੂਨ ਪ੍ਰਨਾਲ਼ਾ ਬਣ ਵਹਿ ਰਿਹਾ ਸੀ। ਪਰ ਉਠ ਕੇ ਜੱਸੀ ਨੂੰ ਪਾਣੀ ਦੇਣ ਦੀ ਵੀ ਹਨੀ ਵਿਚ ਹਿੰਮਤ ਨਹੀਂ ਬਚੀ ਸੀ। ਹੋਰ ਤਾਂ ਹੋਰ, ਹੁਣ ਤਾਂ ਹਨੀ ਵਿਚ "ਹਾਏ...!" ਪੁਕਾਰਨ ਦੀ ਸੱਤਿਆ ਵੀ ਨਹੀਂ ਸੀ। ਉਹ ਭਾਣਾਂ ਮੰਨ ਕੇ ਨਿਰਬਲ ਜਿਹੀ ਪਈ ਰਹੀ।

-"ਹਾਏ ਹਨੀ..! ਆਹ ਕਹਿਰ ਮੈਂ ਆਪਣੇ ਅੱਖੀਂ ਕਾਹਤੋਂ ਦੇਖਣਾਂ ਸੀ..? ਇਹ ਸਾਰਾ ਕੁਛ ਦੇਖਣ ਤੋਂ ਪਹਿਲਾਂ ਮੈਂ ਮਰ ਕਿਉਂ ਨਾ ਗਿਆ..?" ਜੱਸੀ ਦੀ ਅਵਾਜ਼ ਵਿਚ ਬੇਹੋਸ਼ੀ ਘੁਲ਼ਦੀ ਜਾ ਰਹੀ ਸੀ ਅਤੇ ਉਸ ਦਾ ਸਰੀਰ ਨਿਢਾਲ਼ ਹੁੰਦਾ ਜਾ ਰਿਹਾ ਸੀ। ਅੱਖਾਂ ਦੀਆਂ ਗੰਨੀਆਂ ਭਾਰੀਆਂ ਸਨ। ਹਨੀ ਦੇ ਚੁੱਪ ਹੰਝੂ 'ਤਰਿੱਪ-ਤਰਿੱਪ' ਕੰਨਾਂ ਦੀਆਂ ਪੇਪੜੀਆਂ 'ਤੇ ਡੁੱਲ੍ਹੀ ਜਾ ਰਹੇ ਸਨ।

ਬੀਕੇ ਹੋਰੀਂ ਆਪਣਾ ਕੰਮ ਕਰਕੇ ਜਾ ਚੁੱਕੇ ਸਨ।

ਸਵੇਰੇ ਸੱਤ ਕੁ ਵਜੇ ਮਾਸੜ ਆਇਆ।

ਸਾਰਾ ਕੌਤਕ ਦੇਖ ਕੇ ਉਹ ਬੁਰੀ ਤਰ੍ਹਾਂ ਘਬਰਾ ਗਿਆ ਸੀ।

ਟਰਾਲੀ ਵਿਚ ਲੱਦ ਕੇ ਉਸ ਨੇ ਜੱਸੀ ਅਤੇ ਹਨੀ ਨੂੰ ਹਸਪਤਾਲ ਪਹੁੰਚਾਇਆ।

ਜੱਸੀ ਦੇ ਸਿਰ ਵਾਲ਼ੀ ਸੱਟ ਗਹਿਰੀ ਸੀ। ਉਹ ਬੇਹੋਸ਼ ਹੋ ਚੁੱਕਿਆ ਸੀ। ਹਨੀ ਦਾ ਵੀ ਬੁਰਾ ਹਾਲ

ਸੀ। ਪਰ ਦਿਮਾਗੀ ਤੌਰ 'ਤੇ ਉਹ ਕੁਝ ਸੁਰਤ ਸਿਰ ਸੀ। ਡਾਕਟਰਾਂ ਨੇ ਦੋਨਾਂ ਨੂੰ ਸੰਭਾਲ਼ ਲਿਆ। ਮੁਆਇਨਾ ਕਰ ਲਿਆ ਗਿਆ। ਪੁਲੀਸ ਕੇਸ ਦੇਖ ਕੇ ਡਾਕਟਰ ਨੇ ਠਾਣੇਂ ਨੂੰ ਫ਼ੋਨ ਕਰ ਦਿੱਤਾ। ਦੋ ਸਿਪਾਹੀ ਅਤੇ ਇਕ ਹੌਲਦਾਰ ਆ ਕੇ ਉਹਨਾਂ ਨੂੰ ਦੇਖ ਗਏ। ਮਾਸੜ ਨੂੰ ਠਾਣੇ ਲਿਆ ਬਿਠਾਇਆ। ਮਾਸੜ ਆਪਣੀ ਜਗਾਹ ਥਿੜਕਿਆ ਹੋਇਆ ਸੀ। ਹਲਾਲ ਕੀਤੀ ਕੁੜੀ ਦੀ ਹਾਲਤ ਉਸ ਤੋਂ ਦੇਖੀ ਨਹੀਂ ਗਈ ਸੀ। ਇਕ ਬਲਾਤਕਾਰ ਅਤੇ ਇਕ ਇਰਾਦਾ ਕਤਲ ਦਾ ਕੇਸ! ਵਾਕਾ ਵੀ ਉਸ ਦੇ ਖੇਤ ਹੋਇਆ ਸੀ। ਮਾਸੜ ਨੂੰ ਕਿਸੇ ਪਾਸੇ ਭੱਜਣ ਨੂੰ ਰਾਹ ਨਹੀਂ ਲੱਭਿਆ ਸੀ। ਉਹ ਫ਼ਸਿਆ-ਫ਼ਸਿਆ ਮਾਰ ਖਾ ਰਿਹਾ ਸੀ। ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲ਼ਾ ਹੋਣ ਤੋਂ ਉਹ ਬੁਰੀ ਤਰ੍ਹਾਂ ਹਿੱਲਿਆ ਹੋਇਆ ਸੀ।

-"ਹਾਂ ਬਈ..? ਕੀ ਨਾਂ ਐਂ ਤੇਰਾ...?" ਠਾਣੇਦਾਰ ਨੇ ਅੱਖਾਂ ਦੀ ਦੁਨਾਲ਼ੀ ਉਸ ਦੇ ਮੂੰਹ 'ਤੇ ਸਿੰਨ੍ਹੀ ਹੋਈ ਸੀ।

-"ਜੀ ਜੁਆਲਾ ਸਿੰਘ..!"

-"ਤੇ ਵਾਕਾ ਕਰਨ ਆਲ਼ੇ ਕੌਣ ਸੀ...?" ਠਾਣੇਦਾਰ ਨੇ ਜਿਵੇਂ ਉਸ ਦੀ ਸੰਘੀ ਘੁੱਟ ਕੇ ਪੁੱਛਿਆ ਸੀ।

-"ਜੀ ਰੱਬ ਜਾਣੇਂ..! ਮੈਂ ਤਾਂ ਘਰੇ ਸੀ, ਇਹ ਤਾਂ ਫ਼ੱਟੜ ਹੋਣ ਆਲ਼ੇ ਈ ਦੱਸ ਸਕਦੇ ਐ...!" ਮਾਸੜ ਨੇ ਅਥਾਹ ਮਾਯੂਸੀ ਵਿਚ ਸਿਰ ਫੇਰਿਆ।

-"ਤੇਰੀ ਧੀ 'ਤੇ ਚੜ੍ਹਜਾਂ ਮੈਂ...! ਪਹਿਲਾਂ ਖੇਤ 'ਚ ਨਜਾਇਜ਼ ਧੰਦੇ ਕਰਵਾਉਣੇ ਤੇ ਪਿੱਛੋਂ ਦਰਵੇਸ਼ ਬਣਨਾ..? ਤੇਰੀ ਕੁੜੀ ਨੂੰ ਗਧੇ ਕਰਨ, ਇਕ ਚੋਰੀ ਤੇ ਉਤੋਂ ਸੀਨਾਂ ਜੋਰੀ..?" ਮੌਰਾਂ ਵਿਚ ਦੋ ਰੂਲ ਜੜਕੇ ਠਾਣੇਦਾਰ ਨੇ ਕਈ ਕੋਰੜੇ ਛੰਦ ਪੜ੍ਹ ਦਿੱਤੇ। ਠਾਣੇਦਾਰ ਦੀ ਆਖੀ ਗੱਲ ਕਰਕੇ ਮਾਸੜ ਦੇ ਪੈਰ ਘੁਕਣ ਲੱਗ ਪਏ। ਅਸਮਾਨ ਉਪਰ ਡਿੱਗਦਾ ਜਾਪਿਆ। ਇਸ 'ਨਜਾਇਜ਼ ਧੰਦੇ' ਦੇ ਗਲ਼ ਪੈਣ ਵਾਲ਼ੇ ਸਿਆਪੇ ਬਾਰੇ ਤਾਂ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ? ਉਸ ਦੇ ਦਿਮਾਗ ਵਿਚ ਘਰ ਦੀ ਕਬੀਲਦਾਰੀ ਕੀਰਨੇਂ ਪਾਉਣ ਲੱਗ ਪਈ। ਜਾਂਦੀਏ ਬਲਾਏ ਦੁਪਿਹਰਾ ਕੱਟ ਜਾਹ...? ਆ ਬੈਲ ਮੁਝੇ ਮਾਰ...? ਹਮਦਰਦੀ ਕਰਦਾ-ਕਰਦਾ ਮਾਸੜ ਤਾਂ ਕਸੂਤਾ ਫ਼ਸ ਚੱਲਿਆ ਸੀ। ਕੀਤੀ ਤਾਂ ਉਸ ਨੇ ਹਮਦਰਦੀ ਸੀ। ਪਰ ਹਮਦਰਦੀ ਤਾਂ ਉਸ ਦੇ ਗਲ਼ ਮਰਿਆ ਸੱਪ ਬਣ ਕੇ ਪੈ ਚੱਲੀ ਸੀ..।

-"ਮੈਂ ਕਾਹਨੂੰ ਕੋਈ ਧੰਦਾ ਕਰਵਾਉਨੈਂ ਮਾਈ ਬਾਪ ...? ਇਹ ਤਾਂ ਤੁਸੀਂ ਫ਼ੱਟੜਾਂ ਤੋਂ ਈ ਪੁੱਛ ਲਓ ਜੀ...! ਮੈਨੂੰ ਬਖ਼ਸ਼ੋ ਸਰਕਾਰ..! ਮੈਂ ਥੋਡੀ ਕੈਲੀ ਗਊ..! ਸਹੁੰ ਢਾਂਡੀ ਦੀ ਮਾਪਿਓ, ਮੈਂ ਤਾਂ ਜਮਾਂ ਈ ਬੇਕਸੂਰ ਐਂ..! ਰਤੀ ਭਰ ਕਾਣ ਨਿਕਲ਼ ਆਵੇ, ਪਰ੍ਹੇ 'ਚ ਫ਼ਾਹੇ ਲਾ ਦਿਓ..! ਪਰ ਮੇਰੇ ਬਾਪ ਦੀ ਦੁਹਾਈ ਐ, ਮੇਰੇ 'ਤੇ 'ਤਬਾਰ ਕਰੋ, ਮੇਰੇ ਜੁਆਕ ਭੁੱਖੇ ਮਰ ਜਾਣਗੇ ਜੀ...!" ਉਸ ਨੇ ਅੰਤਾਂ ਦੀ ਬੇਵਸੀ ਵਿਚ ਹੱਥ ਜੋੜ ਲਏ। ਉਸ ਦਾ ਸਾਰਾ ਸਰੀਰ ਕੰਬੀ ਜਾ ਰਿਹਾ ਸੀ ਅਤੇ ਬੁੱਲ੍ਹਾਂ 'ਤੇ ਸੁੱਕੀ ਝੱਗ ਜੰਮ ਗਈ ਸੀ।

-"ਤੇਰੀ ਧੀ ਦੀ....ਦਿੱਤਾ? ਕਰਨੀਆਂ ਘਤਿੱਤਾਂ ਤੇ ਫੇਰ ਡਡਾਉਤਾਂ ਕਰਨੀਆਂ..? ਕਿੱਥੋਂ ਗੁਣ ਸਿੱਖਿਐ ਤੂੰ..?"

-"ਮਾਈ ਬਾਪ, ਗਾਂ ਦੀ ਪੂਛ ਨੂੰ ਹੱਥ ਲਾ ਦਿੰਨੈਂ, ਮੈਂ ਕੋਈ ਘਤਿੱਤ ਨ੍ਹੀ ਕੀਤੀ ਜੀ..! ਉਹ ਤਾਂ ਜਿਹੜਾ ਮੁੰਡਾ ਫ਼ੱਟੜ ਹੋਇਐ, ਉਹ ਮੇਰੀ ਘਰਾਂਆਲ਼ੀ ਦੇ ਭਾਣਜੇ ਦਾ ਦੋਸਤ ਐ ਜੀ..! ਘਰਆਲ਼ੀ ਦੇ ਭਾਣਜੇ ਨੇ ਮੈਨੂੰ ਰਾਤ ਰਹਿਣ ਲਈ ਪੁੱਛ ਲਿਆ, ਮੈਂ ਹਾਂ ਕਰਤੀ, ਦੱਸੋ ਕੀ ਕਸੂਰ ਐ ਸਰਕਾਰ..? ਮੈਂ ਤਾਂ ਬਗੈਰ ਕਿਸੇ ਗੁਨਾਂਹ ਤੋਂ ਰਗੜਿਆ ਗਿਆ ਸਰਕਾਰ..! ਅੰਨ੍ਹੀ ਦਾਈ ਪੁੱਠੇ ਥਾਂ ਹੱਥ..! ਸੱਚੀ ਗੱਲ ਮੈਂ ਥੋਨੂੰ ਦੱਸ ਦਿੱਤੀ ਐ ਹਜੂਰ, ਹੁਣ ਮਾਰੋ ਚਾਹੇ ਛੱਡੋ...! ਸਾਰਾ ਕੁਛ ਥੋਡੇ ਹੱਥ ਵੱਸ ਐ ਮਾਲਕੋ..! ਪਰ ਹਾਂ ਮੈਂ ਬੇਕਸੂਰ..! ਮੈਂ ਸੋਚਿਆ ਮੁੰਡਾ ਖੁੰਡਾ ਆਬਦਾ ਰਾਂਝਾ ਰਾਜੀ ਕਰਕੇ ਰਾਹ ਪਊ, ਪਰ ਮੈਨੂੰ ਆਹ ਆਉਣ ਆਲੀ ਬਲਾਅ ਦਾ ਕੀ ਪਤਾ ਸੀ ਜੀ..? ਮੈਂ ਕਮਲ਼ਾ ਤਾਂ ਮਾਪਿਓ ਸੰਨ੍ਹੇ ਸੰਨ੍ਹ ਮਾਰਿਆ ਗਿਆ...!" ਉਸ ਨੇ ਸਾਰੀਆਂ ਸੱਚੀਆਂ ਗੱਲਾਂ ਠਾਣੇਦਾਰ ਸਾਹਮਣੇ ਰੱਖ ਦਿੱਤੀਆਂ।

ਠਾਣੇਦਾਰ ਕੁਝ ਢੈਲ਼ਾ ਪੈ ਗਿਆ। ਉਸ ਨੂੰ ਜੁਆਲਾ ਸਿੰਘ ਦੀਆਂ ਸੱਚੀਆਂ ਗੱਲਾਂ 'ਤੇ ਇਤਬਾਰ ਹੋ

ਗਿਆ ਸੀ।

-"ਕੀ ਨਾਂ ਐਂ ਉਸ ਮੁੰਡੇ ਦਾ ਉਏ ਕੁੜੀ ਦੇਣਿਆਂ...?" ਠਾਣੇਦਾਰ ਦੀ ਥਾਂ ਮੁਣਸ਼ੀ ਨੇ ਵਾਰੀ ਲਈ।

-"ਜੱਸੀ ਜੱਸੀ ਕਹਿੰਦੇ ਐ ਜੀ, ਹੋਰ ਤਾਂ ਮੈਨੂੰ ਪਤਾ ਨ੍ਹੀ, ਗਊ ਆਲ਼ੀ ਆਣ ਐਂ...!"

-"ਤੇ ਕੁੜੀ ਦਾ...?"

-"ਮੈਨੂੰ ਸਾਰੇ ਟੱਬਰ ਦੀ ਸਹੁੰ ਐਂ ਮਾਪਿਓ, ਮੈਨੂੰ ਨ੍ਹੀ ਪਤਾ...! ਮੈਂ ਤਾਂ ਸਹੁਰੀ ਨੂੰ ਮੋਟਰ ਛੈਂਕਲ 'ਤੇ ਬਿਠਾ ਕੇ ਇਕ ਆਰੀ ਕੈਂਪ 'ਚੋਂ ਲੈ ਕੇ ਆਇਐਂ ਜੀ, ਹੋਰ ਮੈਨੂੰ ਕੋਈ ਪਤਾ ਨ੍ਹੀ...!" ਉਸ ਦੇ ਜੋੜੇ ਹੱਥ ਕੰਬੀ ਜਾ ਰਹੇ ਸਨ।

-"ਤੇਰੀ ਧੀ ਦੀ ਬੱਕੀ ਬਣਾਲਾਂ, ਸਿਆਹੀ 'ਚ ਡੁਬਕਾ ਲਾਉਣ ਦਾ ਸ਼ੌਕੀਨ ਤੂੰ ਵੀ ਲੱਗਦੈਂ...? ਤੇਰੀ ਬੱਗੀ ਦਾਹੜੀ 'ਚ ਕਈ ਭੇਦ ਐ..!" ਮੁਣਸ਼ੀ ਬੋਲਿਆ।

-"ਕਾਹਨੂੰ ਮੁਣਸ਼ੀ ਜੀ...! ਤੁਰਦੇ ਤਾਂ ਮੇਰੇ ਗੋਡੇ ਨ੍ਹੀ..! ਤੁਸੀਂ ਮੈਨੂੰ ਹੋਰ ਤਗਮਾਂ ਦੇਈ ਜਾਨੇ ਐਂ...? ਥੋਨੂੰ ਕੀ ਦੱਸਾਂ ਸਰਕਾਰ...? ਕੁਥਾਂ ਤੋਂ ਰੁੱਝੀ ਤੇ ਸਹੁਰਾ ਹਕੀਮ ਆਲ਼ੀ ਗੱਲ ਹੋਈ ਮੇਰੇ ਨਾਲ਼ ਤਾਂ..!"

-"ਹੂੰਅ...! ਹੁਣ ਤੇਰਾ ਕੀ ਕਰੀਏ...?" ਠਾਣੇਦਾਰ ਨੇ ਮਾਸੜ ਨੂੰ ਪੁੱਛਿਆ। ਠਾਣੇਦਾਰ ਦਾ ਨਰਮ ਮਤਾ ਦੇਖ ਕੇ ਮਾਸੜ ਦੇ ਸਾਹ ਵਿਚ ਸਾਹ ਆ ਗਿਆ। ਉਹ ਅੰਦਰੋਂ ਸ਼ੇਰ ਬਣ ਗਿਆ ਕਿ ਗੁੱਲੀ 'ਦਣ' ਪੈ ਗਈ ਸੀ।

-"ਜੀ ਥੋਡੇ ਹੱਥ ਜਾਨ ਐਂ ਸਰਕਾਰ..! ਮਾਪਿਓ ਮੈਨੂੰ ਬਖਸ਼ੋ..! ਮੈਂ ਮੁੰਡਿਆਂ ਖੁੰਡਿਆਂ ਨੂੰ ਕਿਸੇ ਗੱਲੋਂ ਜਵਾਬ ਨ੍ਹੀ ਦੇ ਸਕਿਆ ਮਹਾਰਾਜ, ਸੱਚੀ ਗੱਲ ਐ...! ਜੁਆਨੀ 'ਚ ਆਪ ਵੀ ਬੜੇ ਤੋਤੇ ਉੜਾਏ, ਮੈਂ ਇਹਨਾਂ ਦਾ ਤੇ ਰੱਬ ਦਾ ਸ਼ਰੀਕ ਨ੍ਹੀ ਸੀ ਬਣਨਾ ਚਾਹੁੰਦਾ ਹਜੂਰ...! ਮੇਰਾ ਸਾਰਾ ਆਹੀ ਕਸੂਰ ਐ...!" ਉਸ ਨੇ ਸਿੱਧੀ, ਸਪੱਸ਼ਟ ਅਤੇ ਸਹੀ ਗੱਲ ਠਾਣੇਦਾਰ ਅੱਗੇ ਰੱਖ ਦਿੱਤੀ।

-"ਤੇਰਾ ਦੱਸ ਹੁਣ ਕੀ ਬਣਾਈਏ...?" ਠਾਣੇਦਾਰ ਵੀ ਰੁਕ ਵਿਚ ਬੋਲਣ ਲੱਗ ਪਿਆ ਸੀ।

-"ਸਰਕਾਰ ਜਿਵੇਂ ਮੱਝ ਨਵੇਂ ਦੁੱਧ ਕਰਵਾਉਣ ਗਏ ਕਿਸੇ ਜੱਟ ਨੇ ਝੋਟੇ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਸੀ, ਬਈ ਸ਼ੇਰਾ ਤੇਰਾ ਮਿੰਟ ਦਾ ਕੰਮ ਐਂ, ਤੇ ਸਾਡੇ ਜੁਆਕਾਂ ਦੀ ਸਾਲ ਦੀ ਲੱਸੀ ਐ..! ਉਹ ਗੱਲ ਮੇਰੇ ਨਾਲ਼ ਹੋਈ ਪਈ ਐ ਮਾਈ ਬਾਪ..! ਚਾਹੋਂ ਤਾਂ ਖੱਡੇ ਵੀ ਸਿੱਟ ਸਕਦੇ ਐਂ, ਰਹਿਮ ਆ ਜੇ ਤਾਂ ਬਰੀ ਵੀ ਕਰ ਸਕਦੇ ਐਂ..! ਥੋਡੀ ਮਰਜੀ ਐ ਬਾਦਸ਼ਾਹੋ..!" ਉਸ ਨੇ ਠਾਣੇਦਾਰ ਦੇ ਗੋਡੇ ਫੜ ਲਏ। ਠਾਣੇਦਾਰ ਦੇ ਨਾਲ਼ ਬਾਕੀ ਪੁਲ਼ਸ ਵਾਲ਼ੇ ਵੀ ਹੱਸ ਪਏ।

-"ਜਿੰਨਾਂ ਚਿਰ ਮੁੰਡੇ ਨੂੰ ਹੋਸ਼ ਨ੍ਹੀ ਆਉਂਦੀ, ਉਨਾਂ ਚਿਰ ਤੂੰ ਉਹਦੇ ਕੋਲੋਂ ਨ੍ਹੀ ਹਿੱਲਣਾ..! ਜਦੋਂ ਉਸ ਨੂੰ ਹੋਸ਼ ਆ ਗਈ, ਬਿਆਨ ਕਲਮਬੱਧ ਕਰ ਕੇ ਤੇਰੇ ਰੱਸੇ ਲਾਹ ਦਿਆਂਗੇ..! ਤੇ ਜਾਹ ਮੁੰਡਿਆਂ ਨੂੰ ਚਾਹ ਪਾਣੀ ਦੇ-ਦੇ..!" ਠਾਣੇਦਾਰ ਨੂੰ ਉਸ ਦੀਆਂ ਸੱਚੀਆਂ ਅਤੇ ਰੰਗੀਨ ਗੱਲਾਂ 'ਤੇ ਵਿਸ਼ਵਾਸ ਆ ਗਿਆ ਸੀ ਕਿ ਠਰਕੀ ਬੁੜ੍ਹਾ ਹੈ, ਹੋਰ ਇਸ ਦੇ ਵਿਚ ਕੋਈ 'ਫ਼ਰੜ' ਨਹੀਂ। ਅਜਿਹੇ ਸਿੱਧੇ ਸਾਦੇ ਸਾਗ ਖਾਊ ਬੰਦੇ ਨੇ ਕਿਹੜਾ ਧੰਦਾ ਕਰਵਾਉਣਾ ਸੀ..? ਅਜਿਹਾ ਕੰਮ ਕਰਵਾਉਣ ਵਾਲ਼ਿਆਂ ਦਾ ਤਾਂ ਮੂੰਹ ਹੀ ਦੱਸ ਦਿੰਦਾ ਹੈ..!

ਜੁਆਲਾ ਸਿੰਘ ਨੇ ਜੇਬ ਵਿਚ ਪਾਏ ਨੋਟ ਮੁਣਸ਼ੀ ਨੂੰ ਮੱਥਾ ਟੇਕ ਦਿੱਤੇ।

-"ਬੱਸ..?" ਮੁਣਸ਼ੀ ਪਿਆਸੇ ਕਾਂ ਵਾਂਗ ਝਾਕਿਆ।

-"ਪੂਰੇ ਦੋ ਹਜਾਰ ਐ ਜੀ..!"

-"ਦੋ ਹਜਾਰ ਨਾਲ਼ ਤਾਂ ਛੱਬੀ ਦਾ ਵੀ ਨ੍ਹੀ ਬਣਦਾ..? ਇਹ ਤਾਂ ਇਰਾਦਾ ਕਤਲ ਤੇ ਬਲਾਤਕਾਰ ਦਾ ਕੇਸ ਐ..?"

-"ਬਾਕੀ ਕੱਲ੍ਹ ਨੂੰ ਹਾਜਰ ਕਰਦੂੰ ਜੀ, ਪਰ ਹੁਣ ਤਾਂ ਮੇਰੇ ਕੋਲ਼ੇ ਐਨੇ ਕੁ ਈ ਐ, ਇਹ ਮਨਜੂਰ

ਕਰੋ..!"

-"ਕੱਲ੍ਹ ਨੂੰ ਤੇਰਾ ਕੀ ਇਤਬਾਰ..? ਕੱਲ੍ਹ ਨਾਂ ਕਾਲ਼ ਦਾ ਐ..! ਕੱਲ੍ਹ ਨੂੰ ਤੂੰ ਝੱਗਾ ਚੱਕ ਦੇਵੇਂ, ਅਸੀਂ ਕੀਹਦੀ ਬੇਬੇ ਨੂੰ ਮਾਸੀ ਆਖਾਂਗੇ..?"

-"ਮਾਪਿਓ ਥੋਡੇ ਤੋਂ ਨਾਬਰ ਹੋ ਕੇ ਅਸੀਂ ਮਰਨੈਂ..? ਕੱਲ੍ਹ ਨੂੰ ਕਿੰਨੇ ਕੁ ਲਿਆਵਾਂ..?"

-"ਜਿੰਨੇ ਮਰਜੀ ਲੈ ਆਈਂ, ਪਰ ਤਿੰਨ ਤੋਂ ਘੱਟ ਨਾ ਹੋਣ..! ਨਹੀਂ ਸਾਲ਼ਿਆ ਅਸੀਂ ਤੇਰੇ ਨਿਆਣਾਂ ਪਾ ਲੈਣੈਂ, ਅਸੀਂ ਦਸ ਦਿਨ ਹਵਾਲਾਤ 'ਚ ਦੇ ਕੇ ਬਾਰ ਈ ਨ੍ਹੀ ਖੋਲ੍ਹਣਾਂ..!" ਸੌਦੇ ਦੇ ਨਾਲ਼ ਮੁਣਸ਼ੀ ਨੇ ਧਮਕੀ ਵੀ ਦੇ ਮਾਰੀ।

-"ਕੱਲ੍ਹ ਨੂੰ ਹਾਜਰ ਹੋਊ ਹਜੂਰ..! ਫ਼ਿਕਰ ਨਾ ਕਰੋ, ਪਰ ਮੇਰੇ 'ਤੇ ਮਿਹਰ ਰੱਖਿਓ..! ਹੋਰ ਨਾ ਮੇਰੇ ਸਿਰ ਕੋਈ 'ਲਜਾਮ ਲਾ ਦਿਓ..!"

-"ਤੂੰ ਗੱਲਾਂ ਬਹੁਤ ਮਾਰਦੈਂ..?" ਮੁਣਸ਼ੀ ਨੇ ਆਖਿਆ।

-"ਹੋਰ ਜਨਾਬ ਮੈਂ ਕਿਹੜਾ ਮੱਲ ਢਾਹੁੰਣੇ ਐਂ..? ਗੱਲਾਂ ਈ ਮਾਰਨੀਐਂ..? ਬੰਦਾ ਤਾਂ ਮਾਰਨੋਂ ਰਿਹਾ..!"

-"ਚੰਗਾ, ਜਾਹ ਬਾਹਰ ਵਿਹੜੇ 'ਚ ਬੈਠ..!"

-"ਵਿਹੜੇ 'ਚ ਥੋਡੇ ਚਪਾਹੀ ਫਿਰਦੇ ਐ ਜੀ, ਕਿਤੇ ਮੈਨੂੰ ਨਾ ਬੋਕ ਬਣਾਂ ਲੈਣ..?"

-"ਉਏ ਨਹੀਂ ਬਣਾਉਂਦੇ, ਜਾਹ ਬਾਹਰ ਬੈਠ..! ਜੱਟਾਂ ਨੂੰ ਵੀ ਸਾਲ਼ੀ ਸੁਰਤ ਆਈ ਪਈ ਐ, ਟਿੱਚਰ ਤੋਂ ਬਿਨਾਂ ਕੰਜਰ ਗੱਲ ਨ੍ਹੀ ਕਰਦੇ..?" ਮੁਣਸ਼ੀ ਨੇ ਜੁਆਲਾ ਸਿਉਂ ਨੂੰ ਸੁਣਾਂ ਕੇ ਕਿਹਾ।

-"ਜਨਾਬ ਇਹਨਾਂ ਨੂੰ ਤਾਂ ਇਹ ਵੀ ਨ੍ਹੀ ਪਤਾ ਲੱਗਦਾ ਬਈ ਅਗਲੇ ਦੇ ਸੱਟ ਕਿੰਨੀ ਕੁ ਵੱਜਦੀ ਐ..? ਮਾਰਨ ਲੱਗੇ ਤੱਤਾ ਠੰਢਾ ਨ੍ਹੀ ਦੇਂਹਦੇ ਪਤੰਦਰ, ਕਿਹੜਾ ਆਬਦੇ ਸੱਟ ਲੱਗਣੀ ਐਂ..? ਅਗਲੇ ਦੇ ਵੱਜਦੀ ਐ, ਚੱਲ ਮੇਰੇ ਭਾਈ, ਪਿਆ ਰੰਗਾਟ ਪਾਈ ਜਾਵੇ..!" ਉਹ ਬੁੜ-ਬੁੜ ਕਰਦਾ ਠਾਣੇਂ ਦੇ ਵਿਹੜੇ ਵਿਚ ਜਾ ਬੈਠਾ।

ਮੁਣਸ਼ੀ ਉਸ ਦੀਆਂ ਖਰੀਆਂ ਗੱਲਾਂ ਤੋਂ ਹੱਸ ਪਿਆ।

ਜੁਆਲਾ ਸਿਉਂ ਨੂੰ ਨਾਲ਼ ਲੈ ਕੇ ਠਾਣੇਦਾਰ ਨੇ ਹਸਪਤਾਲ ਪਹੁੰਚ ਕੇ ਹਨੀ ਦੇ ਬਿਆਨ ਲਏ।

ਜੱਸੀ ਅਜੇ ਵੀ ਬੇਹੋਸ਼ ਸੀ। ਡਾਕਟਰਾਂ ਅਨੁਸਾਰ ਉਸ ਅੰਦਰੋਂ ਬੇਥਾਹ ਖ਼ੂਨ ਵਹਿ ਗਿਆ ਸੀ। ਪਰ ਹਾਲਤ ਖ਼ਤਰੇ ਤੋਂ ਬਾਹਰ ਸੀ। ਜੱਸੀ ਦਾ ਚਿਹਰਾ ਜ਼ਰਦ ਹੋਇਆ ਪਿਆ ਸੀ।

ਪੁਲੀਸ ਜਦ ਹਨੀ ਦੇ ਬਿਆਨ ਲੈ ਕੇ ਲੋੜੀਂਦੀ ਕਾਰਵਾਈ ਕਰਨ ਲਈ ਕਾਲਜ ਪਹੁੰਚੀ ਤਾਂ ਸਾਰੇ ਕਾਲਜ ਵਿਚ ਹਾਹਾਕਾਰ ਮੱਚ ਗਈ। ਹਨੀ ਨਾਲ਼ ਬਲਾਤਕਾਰ...? ਜੱਸੀ ਸਖ਼ਤ ਫ਼ੱਟੜ...? ਕਾਲਜ ਦਾ ਅਮਲਾ ਸਿਰ ਫੜੀ ਫਿਰਦਾ ਸੀ। ਸਾਰੇ ਕਾਲਜ ਦੀ ਇੱਜ਼ਤ ਦਾ ਸੁਆਲ ਸੀ। ਕੈਂਪ 'ਤੇ ਗਏ ਸਬੰਧਿਤ ਲੈਕਚਰਾਰ ਗਿੱਲ ਨੂੰ ਆਪਣਾ 'ਪਾਲ਼ਾ' ਮਾਰੀ ਜਾ ਰਿਹਾ ਸੀ। ਜਿਸ ਨੇ ਹਨੀ ਨੂੰ ਮਾਸੀ ਕੋਲ਼ ਰਾਤ ਰਹਿਣ ਦੀ ਇਜਾਜ਼ਤ ਦਿੱਤੀ ਸੀ। ਪਰ ਕਿਸੇ ਪੱਖੋਂ ਉਹ ਬੇਕਸੂਰ ਸੀ। ਹਨੀ ਨੂੰ ਭੇਜਣ ਲਈ ਉਸ ਦੇ ਬਾਪ ਨੇ ਹਾਂਮੀ ਭਰੀ ਸੀ। ਉਸ ਦਾ ਤਾਂ ਕੋਈ ਦੋਸ਼ ਨਹੀਂ ਸੀ।

ਰੋਸ ਵਜੋਂ ਕਾਲਜ ਦੋ ਦਿਨ ਲਈ ਬੰਦ ਹੋ ਗਿਆ।

ਸਾਰਾ ਕਾਲਜ ਬੀਕੇ ਦੀ ਇਸ ਕਮੀਨੀ ਹਰਕਤ 'ਤੇ ਦੁਰ-ਦੁਰ ਕਰਦਾ ਥੁੱਕ ਰਿਹਾ ਸੀ।

ਹਨੀ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ਼ ਹੋ ਚੁੱਕਾ ਸੀ। ਕੇਸ ਵਿਚ ਬੀਕੇ ਦਾ ਨਾਂ ਸਿੱਧਾ ਬੋਲਦਾ ਸੀ। ਪਰ ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਪੁਲੀਸ ਬੀਕੇ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ ਸੀ। ਪ੍ਰੋਫ਼ੈਸਰ ਅਤੇ ਵਿਦਿਆਰਥੀ ਜਦ ਠਾਣੇ 'ਚ ਬੀਕੇ ਦੀ ਗ੍ਰਿਫ਼ਤਾਰੀ ਬਾਰੇ ਪਤਾ ਕਰਨ ਲਈ ਜਾਂਦੇ ਤਾਂ ਠਾਣੇਦਾਰ ਅੱਗਿਓਂ ਕੋਈ ਨਵਾਂ ਪੜੁੱਲ ਘੜ੍ਹ ਲੈਂਦਾ ਅਤੇ ਅਗਲੇ ਦਿਨ ਆ ਕੇ ਪਤਾ ਕਰਨ ਲਈ ਆਖ ਦਿੰਦਾ। ਜਦ ਕਾਲਜ ਦੇ ਮੁੰਡੇ ਕੁੜੀਆਂ ਨੂੰ ਠਾਣੇਦਾਰ ਦੀ ਬਦਨੀਤੀ ਦਾ ਪਤਾ ਚੱਲਿਆ ਤਾਂ ਉਹਨਾਂ ਨੇ ਠਾਣੇ ਸਾਹਮਣੇ ਰੋਸ ਮੁਜ਼ਾਹਰਾ ਰੱਖ ਦਿੱਤਾ। ਹਰ ਰੋਜ਼ ਪੁਲੀਸ ਅਤੇ ਪੰਜਾਬ ਸਰਕਾਰ ਦੀ ਜਾਨ ਨੂੰ ਰੋਇਆ

ਪਿੱਟਿਆ ਜਾਂਦਾ। ਜ਼ਿੰਦਾਬਾਦ-ਮੁਰਦਾਬਾਦ ਦੇ ਨਾਅਰੇ ਲੱਗਦੇ। ਕੋਈ ਚਾਰਾ ਨਾ ਚੱਲਦਾ ਦੇਖ ਕੇ ਆਖਰ ਪੁਲੀਸ ਨੇ ਬੀਕੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮੁੰਡੇ ਕੁੜੀਆਂ ਨੂੰ ਹਵਾਲਾਤ ਵਿਚ ਬੰਦ ਬੀਕੇ ਦੇ ਦਰਸ਼ਣ ਪੁਆ ਦਿੱਤੇ। ਕਾਲਜ ਵਾਲ਼ਿਆਂ ਨੇ ਮੁਜ਼ਾਹਰਾ ਖ਼ਤਮ ਕਰ ਦਿੱਤਾ।

ਹਨੀ ਦੇ ਘਰਵਾਲ਼ੇ ਅਤੀਅੰਤ ਦੁਖੀ ਸਨ। ਉਹਨਾਂ ਦੀ ਇੱਜ਼ਤ ਕੱਖ ਕਾਨੇ ਬਣ ਗਲ਼ੀਆਂ ਵਿਚ ਰੁਲ਼ ਚੱਲੀ ਸੀ। ਇਸ ਖ਼ਬਰ ਦਾ ਸਾਰੇ ਇਲਾਕੇ ਵਿਚ ਢੋਲ ਵੱਜ ਚੁੱਕਿਆ ਸੀ। ਪਟੜੀਫ਼ੇਰ ਭਾਈਚਾਰੇ ਵਿਚ ਧੂੰਆਂ ਰੋਲ਼ ਹੋ ਗਿਆ ਸੀ। ਫੇਰ ਵੀ ਕੁੜੀ ਕੱਤਰੀ ਦੀ ਇੱਜ਼ਤ ਦਾ ਮਸਲਾ ਸੀ। ਬਜੁਰਗ ਲੋਕ ਸਿਰ ਫ਼ੇਰਦੇ, ਕਿਸਮਤ ਨੂੰ ਰੋਂਦੇ ਸਨ।

ਜੱਸੀ ਦੇ ਮਾਂ-ਬਾਪ ਢਿੱਡ ਵਿਚ ਮੁੱਕੀਆਂ ਦੇਈ ਫ਼ਿਰਦੇ ਸਨ। ਉਹਨਾਂ ਨੂੰ ਪੁੱਤ ਦੀ ਜ਼ਿੰਦਗੀ ਦਾ ਫ਼ਿਕਰ ਪਿਆ ਹੋਇਆ ਸੀ। ਡਾਕਟਰ ਨਿੱਤ ਨਵਾਂ ਬਿੱਲ ਕੱਢ ਕੇ ਹੱਥ ਉਪਰ ਰੱਖ ਦਿੰਦੇ। ਜਿਸ ਨੂੰ ਹਾਲਾਤਾਂ ਦਾ ਮਾਰਿਆ ਬਾਪ ਕਿਵੇਂ ਨਾ ਕਿਵੇਂ ਬੰਨ੍ਹ-ਸੁੱਬ ਕਰਕੇ ਤਾਰੀ ਜਾ ਰਿਹਾ ਸੀ। ਆੜ੍ਹਤੀਏ ਦਾ ਦਸ ਹਜ਼ਾਰ ਸਿਰ ਕਰਜਾ ਚੜ੍ਹ ਗਿਆ ਸੀ। ਪਰ ਹਿੰਮਤੀ ਬਾਪੂ ਨੇ ਫਿਰ ਵੀ ਹੌਸਲਾ ਨਹੀਂ ਹਾਰਿਆ ਸੀ। ਉਹ ਆਪਣੀ ਜਿੰਦ ਵੇਚ ਕੇ ਵੀ ਪੁੱਤ ਦੀ ਜਾਨ ਬਚਾਉਣੀ ਚਾਹੁੰਦਾ ਸੀ। ਜੱਸੀ ਦੀ ਮਾਂ ਧਾਹ ਨਾ ਧਰਦੀ। ਉਹ ਪੁੱਤ ਦੇ ਸਿਰ੍ਹਾਣੇਂ ਬੈਠੀ ਰੋਈ ਜਾ ਰਹੀ ਸੀ। ਚਾਹੇ ਡਾਕਟਰਾਂ ਨੇ ਜੱਸੀ ਨੂੰ ਖ਼ਤਰੇ ਤੋਂ ਬਾਹਰ ਬਿਆਨ ਦਿੱਤਾ ਸੀ। ਪਰ ਮਾਂ ਦਾ ਦਿਲ ਧਰਵਾਸ ਨਹੀਂ ਫੜਦਾ ਸੀ। ਪਿੰਡ ਦੀਆਂ ਬੁੜ੍ਹੀਆਂ ਉਸ ਨੂੰ ਹੌਸਲਾ ਦੇ ਰਹੀਆਂ ਸਨ। ਜੱਸੀ ਪੱਟੀਆਂ ਨਾਲ਼ ਮੜ੍ਹਿਆ ਪਿਆ ਸੀ ਅਤੇ ਉਸ ਦੇ ਸਿਰ 'ਤੇ ਸਾਰਾ ਦਿਨ ਅਤੇ ਸਾਰੀ ਰਾਤ ਗੁਲੂਕੋਜ਼ ਦੀਆਂ ਬੋਤਲਾਂ ਲਟਕਦੀਆਂ ਰਹਿੰਦੀਆਂ।

ਬੀਕੇ ਦਾ ਬਾਪ ਚੰਡੀਗੜ੍ਹ ਡੇਰੇ ਲਾਈ ਬੈਠਾ ਸੀ।

-"ਜਨਾਬ ਅਸੀਂ ਵੋਟਾਂ ਵੇਲ਼ੇ ਕਦੇ ਵੀ ਹੱਥ ਪਿੱਛੇ ਨਹੀਂ ਖਿੱਚਿਆ, ਤੇ ਤੁਸੀਂ ਸਾਡਾ ਐਨਾਂ ਕੁ ਕੰਮ ਨਹੀਂ ਕੱਢ ਸਕਦੇ...?" ਬੀਕੇ ਦਾ ਬਾਪੂ ਸੁਰਜਣ ਸਿੰਘ, ਮੰਤਰੀ ਜੀ ਨੂੰ ਸੰਬੋਧਨ ਹੋ ਰਿਹਾ ਸੀ। ਲੋਕ ਉਸ ਨੂੰ 'ਟੋਭੇ ਫੂਕ' ਆਖਦੇ ਸਨ!

-"ਡਰੀ ਕਿਉਂ ਜਾਨੈਂ ਸੁਰਜਣ ਸਿਆਂ...? ਅੱਜ ਦਾ ਦਿਨ ਅੜਕ, ਮੀਟਿੰਗ ਤੋਂ ਵਿਹਲੇ ਹੋ ਜਾਈਏ, ਕੱਲ੍ਹ ਨੂੰ ਸਾਰਾ ਮਾਮਲਾ ਈ ਭੁਗਤਾ ਦਿਆਂਗੇ..। ਮੂਤੀ ਕਾਹਤੋਂ ਜਾਨੈਂ? ਕੁਛ ਨ੍ਹੀ ਵਿਗੜਦਾ..!" ਮੰਤਰੀ ਜੀ ਨੇ ਬੜੀ ਸੰਜੀਦਗੀ ਨਾਲ਼ ਉਤਰ ਦਿੱਤਾ। ਇਲੈਕਸ਼ਨ ਵੇਲ਼ੇ ਸੁਰਜਣ ਸਿੰਘ ਵਰਗੇ ਹਮਾਇਤੀ ਬੰਦੇ ਉਸ ਨੂੰ ਦਿਨੇ ਦੀਵਾ ਲੈ ਕੇ ਭਾਲ਼ਿਆਂ ਵੀ ਨਹੀਂ ਲੱਭਣੇ ਸਨ।

-"ਜਨਾਬ ਪੁਲ਼ਸ ਆਲ਼ੇ ਊਂ ਨਾ ਰਾਤੋ ਰਾਤ ਜੁਆਕ ਦੀ ਢੋਲਕੀ ਕੁੱਟ ਦੇਣ..? ਮੈਂ ਸਹੇ ਤੋਂ ਨ੍ਹੀ, ਪਹੇ ਤੋਂ ਡਰਦੈਂ..! 'ਕੱਲਾ 'ਕੱਲਾ ਪੁੱਤ ਐ, ਸੌ ਤਰਲਿਆਂ ਨਾਲ਼ ਪਾਲ਼ਿਐ..! ਕਿਤੇ ਊਂ ਨਾ ਤੁਰਨੋਂ ਆਹਰੀ ਕਰ ਦੇਣ..? ਪੁਲ਼ਸ ਆਲ਼ਿਆਂ ਦਾ ਪੱਟ ਹੋਣਿਆਂ ਦਾ 'ਤਬਾਰ ਕੋਈ ਨ੍ਹੀ..!"

-"ਪੁਲ਼ਸ ਦੀ ਐਸੀ ਤੈਸੀ..! ਮਜਾਲ ਐ ਪੁਲ਼ਸ ਕੁਸਕ ਵੀ ਜਾਵੇ...? ਮੁੰਡੇ ਵੱਲ ਕਹਿਰੀ ਅੱਖ ਨਾਲ਼ ਵੀ ਝਾਕਜੇ..? ਅਸੀਂ ਕਾਹਦੇ ਆਸਤੇ ਬੈਠੇ ਐਂ..?" ਮੰਤਰੀ ਜੀ ਦਾ ਸੰਜੀਦਾ ਚਿਹਰਾ ਕਰੋਧੀ ਹੋ ਗਿਆ।

-"ਜਨਾਬ ਪਿੱਛੋਂ ਮਜਾਲ ਨੂੰ ਕੀ ਕਰਾਂਗੇ..? ਜੇ ਜੁਆਕ 'ਚ ਈ ਚਿੱਬ ਪਾ ਦਿੱਤੇ..? ਤੁਸੀਂ ਹੱਥ ਪੱਲਾ ਤਾਂ ਹਿਲਾਓ..! ਕੋਈ ਫੂਨ ਫ਼ਾਨ ਕਰੋ ਠਾਣੇਦਾਰ ਨੂੰ..!" ਉਹ ਮੰਤਰੀ ਜੀ ਨੂੰ ਖਾੜੇ ਵਿਚ ਦਾਅ ਦੇ ਨਿਆਣੇ ਮਾਰ-ਮਾਰ ਸੁੱਟ ਰਿਹਾ ਸੀ।

-"ਕਿਹੜਾ ਠਾਣੇਦਾਰ ਐ ਤੇਰੇ 'ਲਾਕੇ 'ਚ...?"

-"ਰੂੜ ਸਿਉਂ ਐਂ..! ਕੰਜਰ ਦਾ ਜਮਾਂ ਈ ਕੰਮ ਦਾ ਬੰਦਾ ਨ੍ਹੀ..! ਗੱਲ 'ਤੇ ਕੰਨ ਈ ਨ੍ਹੀ ਧਰਦਾ ਛੋਕਰੀ ਯ੍ਹਾਵਾ...! ਤੁਸੀਂ ਸਾਡਾ ਵੀ ਜਿਗਰਾ ਦੇਖੋ ਜਨਾਬ..! ਥੋਨੂੰ ਇਲਾਕੇ ਵਿਚੋਂ ਵਿਧਾਇਕ ਤੋਂ ਮੰਤਰੀ ਬਣਾਇਐ...! ਜੇ ਸਾਡਾ ਕੰਮ ਨਾ ਨਿਕਲ਼ਿਆ, ਲੋਕਾਂ ਨੇ ਮੇਰੇ ਨਹੀਂ, ਥੋਡੇ ਮੂੰਹ ਛਿੱਤਰ ਦੇਣੈਂ..! ਬਈ ਫ਼ਲਾਨਾ ਮੰਤਰੀ ਤਾਂ ਸੁਰਜਣ ਸਿਉਂ ਦਾ ਸਕਾ ਨ੍ਹੀ, ਸਾਡਾ ਕਿੱਥੋਂ ਬਣੂੰ...?" ਉਸ ਨੇ ਮੰਤਰੀ ਜੀ ਦੀ ਸ਼ਾਹ

ਰਗ ਫੜ ਲਈ। ਮੰਤਰੀ ਨੂੰ ਅਹਿਸਾਸ ਹੋਇਆ। ਦਿਮਾਗ ਨੇ ਸੁਰਤ ਫੜੀ। ਅਗਲੀਆਂ ਲੋਕ ਸਭਾ ਦੀਆਂ ਵੋਟਾਂ ਵੀ ਸਿਰ 'ਚ ਠੋਲ੍ਹੇ ਮਾਰ ਰਹੀਆਂ ਸਨ। ਸੁਰਜਣ ਨਾਲ਼ ਵਿਗਾੜਨ ਦਾ ਮਤਲਬ ਸਿੱਧੀ ਹੀ ਪੰਜ ਸੌ ਵੋਟ ਵੱਲੋਂ ਹੱਥ ਧੋਣਾਂ ਸੀ। ਇਹ ਮੰਤਰੀ ਜੀ ਦੇ ਹਿਤ ਵਿਚ ਨਹੀਂ ਜਾਂਦਾ ਸੀ। ਆਪਣੇ ਹੱਥੀਂ ਆਪ ਕੁਹਾੜ੍ਹਾ ਮਾਰਨ ਵਾਲ਼ੀ ਗੱਲ ਸੀ।

ਮੰਤਰੀ ਨੇ ਆਪਣੇ ਪੀ. ਏ. ਨੂੰ ਅਵਾਜ਼ ਮਾਰ ਲਈ। ਸੁਰਜਣ ਸਿੰਘ ਦਾ ਤੀਰ ਸਿੱਧਾ ਆਨੇ ਵਾਲ਼ੀ ਥਾਂ 'ਤੇ ਹੀ ਤਾਂ ਵੱਜਿਆ ਸੀ!

ਅੱਖਾਂ 'ਤੇ ਖੋਪਿਆਂ ਜਿੱਡੀਆਂ ਐਨਕਾਂ ਲਾਈ ਪੀ. ਏ. ਹਾਜ਼ਰ ਸੀ।

-"ਠਾਣੇਦਾਰ ਰੂੜ ਸਿਉਂ ਦਾ ਨੰਬਰ ਲੱਭ ਤੇ ਮੇਰੀ ਠਾਣੇਦਾਰ ਰੂੜ ਸਿਉਂ ਨਾਲ਼ ਗੱਲ ਕਰਵਾ...!" ਮੰਤਰੀ ਨੇ ਸਖ਼ਤ ਹੁਕਮ ਚਾੜ੍ਹ ਦਿੱਤਾ।

ਹੁਕਮ ਪ੍ਰਵਾਨ ਚੜ੍ਹ ਗਿਆ ਅਤੇ ਠਾਣੇਦਾਰ ਰੂੜ ਸਿੰਘ ਫ਼ੋਨ 'ਤੇ ਆ ਬਹੁੜਿਆ।

ਪੀ. ਏ. ਨੇ ਸੰਖੇਪ ਜਾਣ ਪਹਿਚਾਣ ਦੱਸ ਕੇ ਫ਼ੋਨ ਮੰਤਰੀ ਦੇ ਹੱਥ ਬਟੇਰੇ ਵਾਂਗ ਫੜਾ ਦਿੱਤਾ।

-"ਹਾਂ ਬਈ ਰੂੜ ਸਿਆਂ...! ਕੀ ਹਾਲ ਚਾਲ ਐ...?"

-"ਥੋਡੀ ਕਿਰਪਾ ਐ ਸਰ..! ਹੁਕਮ ਕਰੋ...!" ਰੂੜ ਸਿੰਘ ਦੀ ਅਵਾਜ਼ ਵਿਚ ਅੱਤ ਦੀ ਨਿਮਰਤਾ ਸੀ।

-"ਆਹ ਜਿਹੜਾ ਤੁਸੀਂ ਸੁਰਜਣ ਸਿਉਂ ਦਾ ਮੁੰਡਾ ਫੜਿਐ, ਇਹ ਕੀ ਕੇਸ ਐ...?"

-"ਬਲਾਤਕਾਰ ਅਤੇ ਇਰਾਦਾ ਕਤਲ ਦਾ ਕੇਸ ਐ ਜਨਾਬ..! ਦੋਨੋਂ ਪੀੜਤ ਧਿਰਾਂ ਅਜੇ ਵੀ ਹਸਪਤਾਲ਼ ਦਾਖ਼ਲ ਐ..!" ਠਾਣੇਦਾਰ ਨੇ ਸਾਰਾ ਕੇਸ ਜੁਬਾਨੀ ਕਹਿ ਸੁਣਾਇਆ। ਕਾਲਜ ਦੇ ਬੰਦ ਹੋਣ ਅਤੇ ਮੁੰਡੇ ਕੁੜੀਆਂ ਦੇ ਰੋਸ ਮੁਜ਼ਾਹਰੇ ਬਾਰੇ ਵੀ ਦੱਸਿਆ।

-"ਖ਼ੈਰ, ਜੋ ਮਰਜ਼ੀ ਐ, ਐਨੀ ਵੇਅ..! ਪਰ ਇਹ ਆਪਣਾ ਖ਼ਾਸ ਬੰਦੈ ਰੂੜ ਸਿਆਂ, ਖਿਆਲ ਰੱਖੀਂ..! ਤੇ ਇਕ ਗੱਲ ਹੋਰ ਧਿਆਨ ਨਾਲ਼ ਸੁਣ...! ਇਹਨੂੰ ਇਰਾਦਾ ਕਤਲ ਤੋਂ ਮੋੜ ਕੇ ਕੋਈ ਨਰਮ ਧਾਰਾ ਲਾਓ..! ਗਵਾਹਾਂ 'ਤੇ ਡੰਡਾ ਫ਼ੇਰੋ ਤੇ ਗਵਾਹ ਮੁਕਰਾਓ..! ਗਵਾਹ ਕਿੰਨੇ ਐਂ ਇਸ ਕੇਸ 'ਚ...?"

-"ਇਕੋ ਈ ਐ ਸਰ..!"

-"ਉਸ ਨੂੰ ਡਰਾ ਧਮਕਾ ਕੇ ਮੂਹਰੇ ਲਾਓ ਤੇ ਨਹੀਂ ਲਾਲਚ ਦਿਓ..! ਜੇ ਨਹੀਂ ਮੰਨਦਾ ਤਾਂ ਪੁਲ਼ਸ ਭਾਸ਼ਾ ਵਰਤੋ..! ਭਾਸ਼ਾ ਨਹੀਂ ਸਮਝਦਾ ਤਾਂ ਪੁਲ਼ਸ ਤਕਨੀਕ ਵਰਤੋ..! ਬਾਕੀ ਤੂੰ ਆਪ ਈ ਸਿਆਣੈਂ ਰੂੜ ਸਿਆਂ? ਕੁੜੀ ਦੇ ਮਾਂ ਬਾਪ 'ਤੇ ਦਬਾ ਪਾ ਕੇ ਮਾਮਲਾ ਰਫ਼ਾ ਦਫ਼ਾ ਕਰੋ..! ਜੇ ਉਹ ਕੁਛ ਲੈ ਦੇ ਕੇ ਮੰਨਦੇ ਐ, ਤਾਂ ਸੁਰਜਣ ਸਿਉਂ ਨਾਲ਼ ਸਿੱਧੀ ਗੱਲ ਨਬੇੜੋ..! ਸੁਰਜਣ ਸਿਉਂ ਦਾ ਮੁੰਡਾ ਅੱਜ ਠਾਣੇ ਨਾ ਰਹੇ, ਸਮਝ ਗਿਆ..? ਇਸ ਗੱਲ 'ਤੇ ਜਿੰਨੀ ਜਲਦੀ ਹੋ ਸਕੇ, ਮਿੱਟੀ ਪਾਓ..! ਕੇਸ ਵਿਚ ਐਸੀਆਂ ਘੁੰਡੀਆਂ ਰੱਖੋ ਕਿ ਮੁੰਡਾ ਸਿੱਧਾ ਹੀ ਬਰੀ ਹੋ ਜਾਵੇ..! ਘੁੰਡੀਆਂ 'ਚੋਂ ਵਿਰਲ ਆਪੇ ਵਕੀਲ ਲੱਭ ਲੈਂਦੇ ਐ..! ਤੇ ਕਿਤੇ ਇਹ ਨਾ ਹੋਵੇ ਰੂੜ ਸਿਆਂ, ਬਈ ਮੈਨੂੰ ਤੇਰੀ ਥਾਂ ਕੋਈ ਹੋਰ ਠਾਣੇਦਾਰ ਨਿਯੁਕਤ ਕਰਨਾ ਪਵੇ..!" ਤੇ ਮੰਤਰੀ ਨੇ ਫ਼ੋਨ ਰੱਖ ਦਿੱਤਾ ਅਤੇ ਤਿਰਛੀ ਨਜ਼ਰ ਨਾਲ਼ ਸੁਰਜਣ ਸਿਉਂ ਵੱਲ ਤੱਕਿਆ।

-"ਬੱਸ ਜਨਾਬ, ਮਾਲਕਾਂ ਦੇ ਤਾਬਿਆਦਾਰ ਹਾਂ ਅਤੇ ਰਹਾਂਗੇ ਵੀ..! ਆਹ ਤਾਂ ਗਾਰ 'ਚੋਂ ਗਊ ਕੱਢ ਦਿੱਤੀ..! ਕੀ ਕਰੀਏ ਮੰਤਰੀ ਜੀ..? 'ਕੱਲਾ 'ਕੱਲਾ ਪੁੱਤ ਐ..?" ਸੁਰਜਣ ਸਿਉਂ ਬਾਗੋਬਾਗ ਸੀ।

ਮੰਤਰੀ ਅੱਗੇ ਬੈਠੇ ਦੇ ਉਸ ਦੇ ਪਹੀਏ ਲੱਗਦੇ ਜਾ ਰਹੇ ਸਨ ਅਤੇ ਉਹ ਸ਼ਤਾਬਦੀ ਐੱਕਸਪ੍ਰੈੱਸ ਵਾਂਗ ਛੂਟ ਵੱਟਣ ਲਈ ਤਿਆਰ ਸੀ।

-"ਇਕ ਗੱਲ ਹੋਰ ਸੁਣ ਸੁਰਜਣ ਸਿਆਂ..! ਮੁੰਡੇ ਨੂੰ ਆਖ ਬਈ ਲੋਕ ਸਭਾ ਦੀਆਂ ਵੋਟਾਂ ਸਿਰ 'ਤੇ ਆ ਰਹੀਆਂ ਨੇ, ਮਾੜਾ ਜਿਆ ਸੰਭਲ਼ ਕੇ ਚੱਲੇ..! ਜੇ ਲੋਕਾਂ ਨੇ ਆਪਾਂ ਨੂੰ ਨਿਕਾਰ ਦਿੱਤਾ, ਆਪਾਂ ਖਾਤੇ 'ਚ ਜਾ ਡਿੱਗਾਂਗੇ...! ਕਿਤੇ ਉਹ ਗੱਲ ਨਾ ਹੋਵੇ ਬਈ ਬੱਕਰੇ ਦੀ ਜਾਨ ਗਈ, ਤੇ ਖਾਣ ਵਾਲ਼ੇ ਨੂੰ ਸੁਆਦ ਨਾ ਆਇਆ..! ਹੁਣ ਤਾਂ ਮਾਮਲਾ ਸੰਭਾਲ਼ ਲਿਆ, ਪਰ ਅੱਗੇ ਤੋਂ ਐਹੋ ਜੀ ਗਲਤੀ ਨਾ ਕਰੇ, ਆਪਣੇ ਵੱਕਾਰ

ਦਾ ਸੁਆਲ ਐ..! ਜੇ ਕਿਸੇ ਕੁੜੀ ਕੱਤਰੀ ਨਾਲ਼ ਚੋਲ੍ਹ ਮੋਲ੍ਹ ਕਰਨਾ ਵੀ ਹੁੰਦੈ, ਤਾਂ ਬੰਦਿਆਂ ਵਾਂਗੂੰ ਕਰ ਲਿਆ ਕਰੇ..! ਜਰੂਰੀ ਨਹੀਂ ਬਈ ਆਬਦੀ ਤਾਕਤ ਦਿਖਾਉਣ ਲਈ ਅਗਲੀ ਦੀ ਦੁਰਦਸ਼ਾ ਕਰਨੀ ਐਂ...! ਅੱਜ ਤਾਂ ਬਚਾ ਹੋ ਗਿਆ..! ਇਕ ਵੱਡੀ ਗੱਲ ਇਹ ਐ ਬਈ ਗੱਲ ਅਖ਼ਬਾਰਾਂ ਆਲ਼ਿਆਂ ਦੇ ਹੱਥ ਨ੍ਹੀ ਆਈ..! ਉਹ ਕੰਜਰ ਤਾਂ ਭੂਤਾਂ ਅਰਗੇ ਹੁੰਦੇ ਐ, ਕਿਤੇ ਆਪਣੀ ਜਾਹ ਜਾਂਦੀ ਨਾ ਹੋਜੇ..! ਧਿਆਨ ਰੱਖੀਂ..!"

-"ਮੁੰਡਾ ਈ ਜਰਵਾਣੈਂ ਜਨਾਬ, ਕੀ ਕਰੀਏ? ਪਰ ਹੁਣ ਕੰਨ ਖਿੱਚ ਕੇ ਰੱਖੂੰਗਾ, ਤੁਸੀਂ ਫ਼ਿਕਰ ਨਾ ਕਰੋ...!"

-"ਅੱਗੇ ਤੋਂ ਕਈ ਐਹੋ ਜੀ ਸ਼ਕਾਇਤ ਨਾ ਆਵੇ...!" ਮੰਤਰੀ ਨੇ ਦੋ ਟੁੱਕ ਫ਼ੈਸਲਾ ਦੱਸਿਆ।

-"ਮੈਂ ਕਹਿੰਨੈ ਜੀ ਕਦੇ ਸ਼ਕਾਇਤ ਨੀ ਆਊਗੀ, ਮੈਂ ਅੱਜ ਈ ਜਾ ਕੇ ਸਾਲ਼ੇ ਦੇ ਕੰਨ ਮਸਲ਼ਦੈਂ..!"

-"ਹੋਰ ਕੋਈ ਸੇਵਾ ਜਾਂ ਉਲਾਂਭਾ ਸੁਰਜਣ ਸਿਆਂ...? ਹੁਣ ਬਾਗੋਬਾਗ ਐਂ..?" ਮੰਤਰੀ ਨੇ ਪੁੱਛਿਆ।

-"ਬੱਸ ਜਨਾਬ ਐਨਾ ਹੀ ਕਾਫ਼ੀ ਐ..! ਆਹ ਜਿੰਦ ਥੋਡੀ ਅਮਾਨਤ ਐ, ਜਿੱਥੇ ਮਰਜੀ ਵਾਹ ਲਇਓ...!"

ਮੰਤਰੀ ਜੀ ਦੀ ਕੋਠੀ ਤੋਂ ਸੁਰਜਣ ਸਿੰਘ ਸਿੱਧਾ ਨੱਕ ਦੀ ਸੇਧ ਠਾਣੇਂ ਪੁਹੁੰਚਿਆ।

ਠਾਣੇਦਾਰ ਨੇ ਬੀਕੇ ਦਾ ਰੱਸਾ ਲਾਹ ਦਿੱਤਾ। ਉਹ ਗ਼ੈਬੀ ਖੰਭਾਂ 'ਤੇ ਉਡਦਾ ਬਾਹਰ ਆ ਗਿਆ।

ਬਾਹਰ ਬਾਪੂ ਸੁਰਜਣ ਸਿੰਘ ਜਿਪਸੀ ਲਈ ਖੜ੍ਹਾ ਸੀ।

-"ਕੀ ਗੱਲ ਐ ਬਾਪੂ ਜੀ...? ਬੜਾ ਦੁਖੀ ਜਿਹੇ ਲੱਗਦੇ ਓਂ...?" ਬੀਕੇ ਨੇ ਜਿਪਸੀ ਵਿਚ ਬੈਠਦਿਆਂ ਪੁੱਛਿਆ।

-"ਗੱਲ ਸੁਣ ਉਏ ਕੁੜੀ ਯਹਾਵੇ ਦਿਆ ਪੋਪਲ਼ਾ ਜਿਆ..! ਹੁਣ ਤਾਂ ਮੰਤਰੀ ਨੂੰ ਕਹਿ ਕੇ ਤੇਰਾ ਖਹਿੜ੍ਹਾ ਛੁਡਾ ਦਿੱਤਾ, ਜੇ ਅੱਗੇ ਤੋਂ ਕੋਈ ਘਤਿੱਤ ਕੀਤੀ, ਤਾਂ ਮੰਤਰੀ ਝੱਗਾ ਚੱਕਜੂ, ਫ਼ੜਲੀਂ ਬੈਂਗਣ..! ਸਾਲ਼ਿਆ ਜੇ ਧੱਕੇ ਖਾਣੇ ਈ ਐਂ, ਤਾਂ ਬੰਦਿਆਂ ਵਾਂਗੂੰ ਖਾਓ..! ਤੁਸੀਂ ਤਾਂ...!"

-"ਬਾਪੂ ਜੀ ਮੈਂ ਤਾਂ ਐਂਵੇਂ ਮਾੜਾ ਜਿਆ...!"

-"ਕੀ ਮਾੜਾ ਜਿਆ..? ਸਾਲ਼ਿਆ ਤੂੰ ਗਧੀ ਮਾਰਦੇਂ..! ਚੌਵੀ ਘੰਟੇ ਦਾਰੂ ਪੀ ਜਾਨੈਂ ਤੇ ਮਾਸ ਖਾਈ ਜਾਨੈਂ! ਬੰਦਾ ਬਣ ਜਾਹ ਬੀਕਿਆ, ਬੰਦਾ..! ਹੁਣ ਲੋਕ ਸਭਾ ਦੀ 'ਲੈਕਸ਼ਨ ਸਿਰ 'ਤੇ ਆ ਖੜ੍ਹੀ ਐ..! ਮੈਂ ਤਾਂ ਕਹਿੰਨੈਂ ਜਿੰਨਾਂ ਚਿਰ ਇਹ ਮਾਮਲਾ ਠੰਢਾ ਨਹੀਂ ਪੈਂਦਾ, ਤੂੰ ਆਬਦੇ ਮਾਮੇ ਕੋਲ਼ੇ ਡਲਹੌਜੀ ਚਲਿਆ ਜਾਹ..! ਜਦੋਂ ਤੇਰੀ ਲੋੜ ਪਈ, ਤੈਨੂੰ ਸੱਦ ਲਵਾਂਗੇ, ਐਥੇ ਤਾਂ ਤੂੰ ਕੁਪੱਤ ਕਰਨੋ ਹਟਣਾ ਨ੍ਹੀ...!"

-"ਬਾਪੂ ਜੀ ਹੁਣ ਬਖ਼ਸ਼ ਵੀ ਦਿਓ...! ਮੈਂ ਕਿਸੇ ਡਲਹੌਜੀ ਨ੍ਹੀ ਜਾਣਾ...! ਪਰ ਥੋਡੀ ਸਹੁੰ, ਮੈਂ ਕਿਤੇ ਨੀ ਜਾਂਦਾ, ਕੁਛ ਨ੍ਹੀ ਕਰਦਾ..! ਮੇਰਾ ਆਖਰੀ ਵਾਰ ਯਕੀਨ ਕਰ ਲਵੋ...!" ਉਸ ਨੇ ਨਿਉਂ ਕੇ ਬਾਪੂ ਦੇ ਚਰਨ ਫੜ ਲਏ। ਬਾਪ ਦਾ ਉਬਲ਼ਦਾ ਖ਼ੂਨ ਸਰਦ ਹੋ ਗਿਆ। ਬੀਕਾ ਫਿਰ ਵੀ ਉਸ ਦੀ ਔਲ਼ਾਦ ਸੀ। ਆਪਣਾ ਖ਼ੂਨ ਸੀ। ਚਾਹੇ ਉਹ ਕਿੰਨ੍ਹਾਂ ਵੀ ਬਦ ਪੁੱਤ ਸੀ। ਪਰ ਆਪਣੇ ਨਹੁੰਆਂ ਨਾਲ਼ੋਂ ਬੰਦਾ ਮਾਸ ਕਿਵੇਂ ਤੋੜੇ...? ਆਪਣਾ ਖ਼ੂਨ ਅੰਦਰੋਂ ਉਬਾਲ਼ਾ ਮਾਰਦਾ ਸੀ...!

ਬਾਪੂ ਨੇ ਜਿਪਸੀ ਤੋਰ ਲਈ।

## ਕਾਂਡ 3

ਹਨੀ ਨੂੰ ਹਸਪਤਾਲ ਵਿਚੋਂ ਛੁੱਟੀ ਮਿਲ਼ ਗਈ ਸੀ।

ਦੁਨੀਆਂ ਦੀਆਂ ਕਟਾਰ ਨਜ਼ਰਾਂ ਤੋਂ ਬਚਦੇ ਮਾਂ-ਬਾਪ ਮੂੰਹ ਲਪੇਟ ਕੇ ਕੁੜੀ ਨੂੰ ਘਰ ਲੈ ਆਏ ਸਨ। ਭੈੜ੍ਹੀ ਦੁਨੀਆਂ ਦੇ ਮੂੰਹ ਵਿਚ ਉਸਤਰੇ ਚੱਲਦੇ ਸਨ, ਵੱਢਵੇਂ ਬੋਲ ਦਿਲ ਛਾਨਣੀਂ ਕਰਦੇ ਸਨ ਅਤੇ ਭਿਆਨਕ ਨਜ਼ਰਾਂ ਲਾਵਾ ਥੁੱਕਦੀਆਂ ਸਨ। ਹਨੀ ਦੀ ਮਾਂ ਗੁੱਝਾ-ਗੁੱਝਾ ਰੋਂਦੀ ਅਤੇ ਕਦੇ ਕੰਧ ਵਿਚ ਟੱਕਰ ਮਾਰਨ ਨੂੰ ਆਹੁਲ਼ਦੀ! ਘਰਦੇ ਉਸ ਨੂੰ ਮਸਾਂ ਫੜ ਕੇ ਰੋਕਦੇ! ਬੇਬੇ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਜਾ ਰਹੀ ਸੀ। ਸਾਰਾ ਟੱਬਰ ਹੀ ਉਸ ਦੀ ਮਾੜੀ ਹਾਲਤ ਵੱਲੋਂ ਦੁਖੀ ਸੀ। ਹਨੀ ਗੁੰਮ ਸੁੰਮ ਹੀ ਰਹਿੰਦੀ। ਕਦੇ ਕਦੇ ਫ਼ੱਟੜ ਜੱਸੀ ਬਾਰੇ ਸੋਚ ਕੇ ਉਸ ਦੇ ਕਾਲ਼ਜੇ 'ਚੋਂ ਟੀਸ ਉਠਦੀ, ਜਿਸ ਨੂੰ ਉਹ ਸਮੇਂ ਦੇ ਰਹਿਮ 'ਤੇ ਛੱਡ, ਜਰ ਜਾਂਦੀ। ਕਦੇ ਕਦੇ ਉਸ ਦਾ ਜੱਸੀ ਨੂੰ ਮਿਲਣ ਨੂੰ ਜੀਅ ਕਰਦਾ। ਮਨ ਬਿਹਬਲ ਹੋ ਜਾਂਦਾ! ਵਿਛੋੜੇ ਵਿਚ ਰੂਹ ਵਿਆਕੁਲ਼ ਹੋ ਉਠਦੀ। ਉਸ ਦਾ ਭੋਲ਼ਾ ਜਿਹਾ ਚਿਹਰਾ ਹਨੀ ਦੇ ਕਾਲ਼ਜੇ ਧਸਿਆ ਪਿਆ ਸੀ! ਪਰ ਚੰਦਰੀ ਦੁਨੀਆਂ ਦੀਆਂ ਫ਼ੌਲਾਦੀ ਅਤੇ ਸਮਾਜਿਕ ਸੀਮਾਂਵਾਂ ਕਿਵੇਂ ਪਾਰ ਕਰਦੀ...? ਉਹ ਫ਼ੱਟੜ ਸੱਪ ਵਾਂਗ ਵਿਸ਼ ਘੋਲ਼ ਕੇ ਰਹਿ ਜਾਂਦੀ, ਸਬਰ ਦਾ ਘੁੱਟ ਭਰ ਕੇ ਹੀ ਚੁੱਪ ਹੋ ਜਾਂਦੀ! ਕਦੇ ਕਦੇ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਕੀ ਜੱਸੀ ਜਿਉਂਦਾ ਸੀ..? ਜਾਂ ਰੱਬ ਦੇ ਚਰਨਾਂ ਵਿਚ ਜਾ ਬਿਰਾਜਿਆ ਸੀ..? ਜੇ ਉਹ ਜਹਾਨੋਂ ਕੂਚ ਕਰ ਗਿਆ ਸੀ, ਤਾਂ ਕੀ ਉਸ ਨੇ ਨਵਾਂ ਜਨਮ ਲੈ ਲਿਆ ਹੋਵੇਗਾ...? ਕਿਸ ਜੂਨੀ ਵਿਚ ਪਿਆ ਹੋਵੇਗਾ..? ਫਿਰ ਉਹ ਆਪਣੇ ਆਪ ਨੂੰ ਇਕ ਲਾਹਣਤ ਜਿਹੀ ਪਾਉਂਦੀ। ਉਹ ਆਪਣੇ ਜੱਸੀ ਪ੍ਰਤੀ ਕੀ ਬੇਹੂਦਾ ਸੋਚ ਰਹੀ ਸੀ...? ਉਸ ਦੇ ਦਿਮਾਗ ਵਿਚ ਅਜੀਬ ਅਜੀਬ ਝੱਖੜ ਝੁੱਲਦੇ ਰਹਿੰਦੇ।

ਜੱਸੀ ਬਾਰੇ ਉਸ ਨੂੰ ਕੁਝ ਵੀ ਪਤਾ ਨਹੀਂ ਸੀ। ਪਰ ਉਸ ਦੇ ਮਨ ਨੂੰ ਇਤਨਾ ਧਰਵਾਸ ਜ਼ਰੂਰ ਸੀ ਕਿ ਜੇ ਮੇਰਾ ਜੱਸੀ ਜਿਉਂਦਾ ਹੋਇਆ, ਤਾਂ ਉਹ ਇਕ ਨਾ ਇਕ ਦਿਨ ਮੈਨੂੰ ਜ਼ਰੂਰ ਆ ਕੇ ਮਿਲੇਗਾ। ਪਰ ਇਹ ਤਾਂ ਉਸ ਦੇ ਮਨ ਦਾ ਕਿਆਫ਼ਾ ਹੀ ਹੋ ਸਕਦਾ ਸੀ..? ਸਿਰਫ਼ ਖ਼ਿਆਲੀ ਸਬਜ਼ਬਾਗ..? ਹਨੀ ਦੇ ਘਰਦਿਆਂ ਨੇ ਹਨੀ ਦਾ ਕਾਲਜ ਜਾਣਾ ਬਿਲਕੁਲ ਬੰਦ ਕਰ ਦਿੱਤਾ ਸੀ। ਕੋਈ ਕਾਲਜ ਦੀ ਹਮ-ਜਮਾਤਣ ਹਨੀ ਨੂੰ ਮਿਲਣ ਨਹੀਂ ਆ ਸਕਦੀ ਸੀ। ਹਨੀ ਕਿਤੇ ਬਾਹਰ ਨਹੀਂ ਜਾ ਸਕਦੀ ਸੀ। ਉਸ 'ਤੇ ਇਕ ਤਰ੍ਹਾਂ ਨਾਲ਼ 'ਕਰਫ਼ਿਊ' ਲੱਗ ਗਿਆ ਸੀ। ਘਰ ਅੰਦਰ ਹੀ ਦਫ਼ਾ 144 ਲਾਗੂ ਹੋ ਗਈ ਸੀ। ਉਹ ਇਕ ਪੰਛੀ ਵਾਂਗ ਪਿੰਜਰੇ ਦੀ ਕੈਦਣ ਬਣ ਕੇ ਰਹਿ ਗਈ ਸੀ...!

ਪਰ ਜੱਸੀ ਉਸ ਦੇ ਮਨ ਤੋਂ ਕਦੇ ਨਾ ਲਹਿੰਦਾ। ਉਹ ਹਰ ਪਲ ਜੱਸੀ ਨੂੰ ਕਲ਼ਾਵੇ ਵਿਚ ਮਹਿਸੂਸ ਕਰਦੀ! ਪਰ ਕਦੇ ਕਦੇ ਜੱਸੀ ਬਾਰੇ ਸੋਚ ਕੇ ਉਸ ਦਾ ਮਨ ਖਲਪਾੜਾਂ ਹੋ ਜਾਂਦਾ ਸੀ। ਰਾਤ ਨੂੰ ਸੁੱਤੀ ਪਈ ਨੂੰ ਜੱਸੀ ਦੇ ਨਾਲ਼ ਪਏ ਦੇ ਭੁਲੇਖੇ ਪੈਂਦੇ। ਉਹ ਸੁੱਤੀ ਪਈ ਗਲਵਕੜੀ ਪਾਉਣ ਲਈ ਬਾਂਹ ਲੰਬੀ ਕਰਦੀ, ਤਾਂ ਨਿਕਰਮੀ ਬਾਂਹ ਸੱਖਣੀਂ ਹੀ ਵਾਪਿਸ ਪਰਤ ਆਉਂਦੀ। ਉਸ ਦੀ ਜਾਗ ਖੁੱਲ੍ਹਦੀ ਤਾਂ ਉਹ ਮੰਜੇ 'ਤੇ ਇਕੱਲੀ ਹੀ ਪਈ ਹੁੰਦੀ, ਕਿਸੇ ਲਾਵਾਰਿਸ ਲਾਸ਼ ਵਾਂਗ...! ਰਾਤ ਨੂੰ ਘਰ ਦੇ ਬਨੇਰੇ ਉਸ ਅੱਗੇ ਜੱਸੀ ਬਣ-ਬਣ ਖੜ੍ਹਦੇ! ਹਨ੍ਹੇਰੇ 'ਚੋਂ ਜੱਸੀ ਦਾ ਭੁਲੇਖਾ ਪੈਂਦਾ..! ਪਰ ਜੱਸੀ ਦੇ ਹਾਲਾਤਾਂ ਬਾਰੇ ਉਸ ਨੂੰ ਕੱਖ ਪਤਾ ਨਹੀਂ ਸੀ..!

ਜਦ ਹਨੀ ਦੀ ਮਾਂ ਰਾਤ ਨੂੰ ਪਾਗ਼ਲਪਨ ਕਾਰਨ ਬੱਕੜਵਾਹ ਕਰ ਕੇ ਜਾਗਦੀ, ਤਾਂ ਹਨੀ ਦਾ ਬਾਪੂ ਹਨੀ ਨੂੰ ਵੀਹ ਬੋਲ-ਕਬੋਲ ਕਰਦਾ। ਪਤਾ ਨਹੀਂ ਕਿਸ ਨੂੰ ਗਾਲ੍ਹਾਂ ਕੱਢਣ ਲੱਗ ਪੈਂਦਾ। ਹਨੀ ਦਾ ਭਰਾ ਬੁੱਕਣ ਬਾਪੂ ਨੂੰ ਫੜ ਕੇ ਮੰਜੇ 'ਤੇ ਪਾਉਂਦਾ। ਬੁੱਕਣ ਨੂੰ ਕਬੀਲਦਾਰੀ ਦਾ ਕੋਈ ਬਹੁਤਾ 'ਪਾਹ' ਨਹੀਂ ਲੱਗਿਆ ਸੀ। ਉਹ ਪੈੱਗ-ਸ਼ੈੱਗ ਲਾਉਣ ਵਾਲ਼ਾ ਲਹਿਰੀ ਅਤੇ ਦੁਨੀਆਂ ਤੋਂ ਨਿਰਲੇਪ ਬੰਦਾ ਸੀ। ਘਰੋਂ ਖੇਤ ਅਤੇ ਖੇਤੋਂ ਘਰੇ..! ਦਾਰੂ ਪੀਤੀ, ਰੋਟੀ ਖਾਧੀ ਅਤੇ ਘੁਰਾੜ੍ਹੇ ਮਾਰ ਲਏ...। ਦੁਨੀਆਂ ਤੋਂ ਉਹ ਇਕ ਤਰ੍ਹਾਂ ਨਾਲ਼ ਆਵੇਸਲ਼ਾ ਸੀ। ਅਣਭਿੱਜ ਸੀ। ਹਨੀ ਨਾਲ਼ ਹੋਈ ਵਾਰਦਾਤ ਨਾਲ਼ ਉਸ ਨੂੰ ਜ਼ਰੂਰ ਕੁਝ ਮਹਿਸੂਸ ਹੋਇਆ ਸੀ।

ਜਦ ਕਾਲਜ ਦੇ ਅਮਲੇ ਅਤੇ ਵਿਦਿਆਰਥੀਆਂ ਨੇ ਠਾਣੇ ਦੇ ਗੇੜੇ ਦੇਣੇ ਫਿਰ ਸ਼ੁਰੂ ਕਰ ਦਿੱਤੇ, ਤਾਂ

ਠਾਣੇਦਾਰ ਰੂੜ ਸਿੰਘ ਨੇ ਹਨੀ ਦੇ ਬਾਪੂ ਮੀਹਾਂ ਸਿੰਘ ਨੂੰ ਠਾਣੇ ਬੁਲਾ ਲਿਆ।

ਹਾਲਾਤਾਂ ਦਾ ਸਤਾਇਆ ਬਜ਼ੁਰਗ ਸਾਹ ਜਿਹੇ ਵਰੋਲ਼ਦਾ ਠਾਣੇ ਪਹੁੰਚ ਗਿਆ। ਜਿਵੇਂ ਉਸ ਨੂੰ ਅੱਖਾਂ ਤੋਂ ਦਿਸਣਾ ਬੰਦ ਹੋ ਗਿਆ ਸੀ। ਜਿਵੇਂ ਉਸ ਵਿਚ ਸਾਹ ਸਤ ਹੀ ਨਹੀਂ ਰਿਹਾ ਸੀ। ਉਸ ਦੀ ਛਾਤੀ ਵਿਚ ਸਾਹ ਖੜਕਦੇ ਸਨ! ਹੱਡੀਆਂ ਮਾਸ ਛੱਡਦੀਆਂ ਜਾ ਰਹੀਆਂ ਸਨ। ਉਹ ਧਰਤੀ ਟੋਹ-ਟੋਹ ਕੇ ਹੀ ਤਾਂ ਤੁਰਦਾ ਸੀ! ਉਮਰ ਤਾਂ ਮੀਹਾਂ ਸਿੰਘ ਦੀ ਕੋਈ ਬਹੁਤੀ ਨਹੀਂ ਸੀ। ਪਰ ਸਮੇਂ ਦੇ ਮੌਸਮ ਨੇ ਉਸ ਨੂੰ ਦਿਨਾਂ ਵਿਚ ਹੀ ਬੁੱਢਾ ਕਰ ਦਿੱਤਾ ਸੀ। ਉਹ ਜਿਵੇਂ ਦਿਨਾਂ ਵਿਚ ਹੀ ਹਾਰ ਗਿਆ ਸੀ!

-"ਤੂੰ ਸਰਾਧ ਖਾਣ ਆਲ਼ਿਆਂ ਮਾਂਗੂੰ ਕਿਵੇਂ ਬੈਠੈਂ ਬਾਬਾ...?" ਬੱਗੀ ਦਾਹੜੀ ਦੀ ਲਿਹਾਜ ਕਰਦਿਆਂ ਮੁਣਸ਼ੀ ਨੇ ਠਾਣੇ ਦੇ ਵਿਹੜੇ ਵਿਚ ਬੈਠੇ ਮੀਹਾਂ ਸਿੰਘ ਨੂੰ ਪੁੱਛਿਆ।

-"ਮੈਨੂੰ ਤਾਂ ਠਾਣੇਦਾਰ ਸਾਹਬ ਨੇ ਬੁਲਾਇਐ ਜਿਉਣ ਜੋਕਰਿਆ...! ਮੈਂ ਕਿਹੜਾ ਐਥੇ ਚਾਅ ਨੂੰ ਆਇਐਂ..?" ਬਜ਼ੁਰਗ ਦੀ ਨਿਰਬਲ ਜ਼ੁਬਾਨ ਬੋਲੀ। ਉਸ ਦੀਆਂ ਜੋਤਹੀਣ ਅੱਖਾਂ ਬੁਝੀਆਂ ਪਈਆਂ ਸਨ।

ਮੁਣਸ਼ੀ ਨੇ ਅੰਦਰ ਜਾ ਕੇ ਖ਼ਬਰ ਕਰ ਦਿੱਤੀ।

ਮੁਣਸ਼ੀ ਦੇ ਸੁਨੇਹੇਂ ਨਾਲ਼ ਹੀ ਠਾਣੇਦਾਰ ਬਾਹਰ ਆ ਗਿਆ। ਬੇਈਮਾਨ ਅੱਖਾਂ ਨਾਲ਼ ਉਸ ਨੇ ਮੀਹਾਂ ਸਿੰਘ ਦਾ 'ਤਮਾਨ' ਤੋਲਿਆ। ਜਿਵੇਂ ਕਸਾਈ ਬੱਕਰੇ ਨੂੰ ਪੂਛੋਂ ਫੜ ਕੇ ਭਾਰ ਜੋਂਹਦੈ।

ਬਾਹਰ ਬੈਠਾ ਮੀਹਾਂ ਸਿੰਘ ਉਸ ਨੂੰ ਹੱਡੀਆਂ ਦੀ ਇਕ ਮੁੱਠ ਹੀ ਤਾਂ ਜਾਪਿਆ ਸੀ। ਬਲਹੀਣ ਪਠੋਰੇ ਵਰਗਾ..!

-"ਆਜਾ ਬਾਬਾ..! ਅੰਦਰ ਆ ਜਾਹ..!" ਠਾਣੇਦਾਰ ਨੇ ਆਖਿਆ ਤਾਂ ਬਜੁਰਗ ਹੁਕਮ ਦਾ ਬੱਝਿਆ ਡਾਂਗ ਸਹਾਰੇ ਅੰਦਰ ਨੂੰ ਤੁਰ ਪਿਆ।

-"ਕਦੋਂ ਕੁ ਦਾ ਆਇਐਂ..?"

-"ਮੈਨੂੰ ਤਾਂ ਜੀ ਦਿਹਾੜੀ ਬੀਤ ਚੱਲੀ, ਕਿਸੇ ਨੇ ਸਾਰ ਈ ਨੀ ਪੁੱਛੀ..!" ਸਿੱਧੇ ਸਾਦੇ ਮੀਹਾਂ ਸਿੰਘ ਨੇ ਬੇਬਾਕ ਦੱਸਿਆ।

-"ਬੈਠ..! ਆਪਾਂ ਕੋਈ ਕੰਮ ਦੀ ਗੱਲ ਕਰੀਏ!" ਉਸ ਨੇ ਕੁਰਸੀ ਮੀਹਾਂ ਸਿੰਘ ਅੱਗੇ ਕਰ ਦਿੱਤੀ।

ਬਜੁਰਗ ਡਾਂਗ ਆਸਰੇ ਕੁਰਸੀ 'ਤੇ ਬੈਠ ਗਿਆ।

-"ਹਾਂ ਬਾਬਾ..? ਤੇਰੇ ਆਲ਼ਾ ਕੇਸ ਹੁਣ ਕਿਵੇਂ ਨਬੇੜੀਏ?" ਠਾਣੇਦਾਰ ਨੇ ਪੁੱਛਿਆ।

-"......।" ਬਜੁਰਗ ਚੁੱਪ ਸੀ। ਬਰੀਕ ਬਿਰਧ ਅੱਖਾਂ ਠਾਣੇਦਾਰ ਦੀਆਂ ਨਜ਼ਰਾਂ ਨੂੰ ਪੜ੍ਹ ਰਹੀਆਂ ਸਨ।

-"ਕੁੜੀ ਹੁਣ ਠੀਕ ਐ..?" ਠਾਣੇਦਾਰ ਨੇ ਹੀ ਪਹਿਲ ਕੀਤੀ।

-"ਠੀਕ ਈ ਐ ਜੀ..! ਥੋਡੇ ਸਾਹਮਣੇ ਈ ਐਂ ਸਰਦਾਰ ਜੀ, ਕਿੰਨਾਂ ਗੁੱਡੀ ਨਾਲ਼ ਧੱਕਾ ਹੋਇਐ...!" ਬਜੁਰਗ ਦਿਲੋਂ ਫ੍ਹਿੱਸ ਪਿਆ। ਉਸ ਦੀਆਂ ਬੁਝੀਆਂ ਅੱਖਾਂ 'ਚੋਂ ਪਾਣੀ ਚੱਲ ਪਿਆ।

-"ਬਾਬਾ..! ਮੈਨੂੰ ਤੇਰੇ ਨਾਲ਼ ਪੂਰੀ ਹਮਦਰਦੀ ਐ..! ਪਰ ਜਿੰਨਾਂ ਕਸੂਰ ਮੁੰਡੇ 'ਚ ਐ, ਉਦੂੰ ਵੱਧ ਕਸੂਰ ਕੁੜੀ 'ਚ ਨਿਕਲ਼ਦੈ, ਪਤੈ..?" ਠਾਣੇਦਾਰ ਰੂੜ ਸਿੰਘ ਕੁਝ ਕਰੜਾ ਹੋ ਗਿਆ। ਉਸ ਨੇ ਪੁਲਸੀਆ ਚਲਿੱਤਰ ਤੀਰ ਵਾਂਗ ਵਗਾਉਣੇ ਸ਼ੁਰੂ ਕਰ ਦਿੱਤੇ।

-"ਕਾਹਦਾ ਕਸੂਰ ਐ ਸਰਦਾਰ ਜੀ...? ਥੋਡੇ ਸਾਹਮਣੇ ਕਿੰਨਾਂ ਚਿਰ ਤਾਂ ਬਚਾਰੀ ਹਸਪਤਾਲ਼ ਈ ਪਈ ਰਹੀ ਐ-!"

-"ਦੇਖ ਬਾਬਾ..! ਮੈਂ ਤੇਰੀ ਬੱਗੀ ਦਾਹੜ੍ਹੀ ਦਾ ਲਿਹਾਜ ਕਰਦੈਂ..! ਤੇਰੀ ਤਾਂ ਦਾਹੜ੍ਹੀ ਫੜਦਿਆਂ ਵੀ ਸ਼ਰਮ ਆਉਂਦੀ ਐ..! ਜਿੱਥੋਂ ਤੱਕ ਕੁੜੀ ਦੀ ਗੱਲ ਐ, ਹਸਪਤਾਲ਼ ਉਹ ਆਬਦੀ ਕਰਤੂਤ ਕਰਕੇ ਪਈ ਰਹੀ ਐ..! ਕਿਸੇ 'ਤੇ ਕੋਈ ਅਹਿਸਾਨ ਨ੍ਹੀ! ਰੰਗਰਲ਼ੀਆਂ ਮਨਾਉਣੀਆਂ ਤੇ ਬਿਗਾਨੇ ਖੇਤ ਰਾਤਾਂ ਕੱਟਣੀਆਂ, ਉਹਨੂੰ ਕਿਹੜੇ ਭੜੂਏ ਨੇ ਸੁੱਖ ਕੇ ਦਿੱਤੀਆਂ ਸੀ..? ਕਿਸੇ ਨੇ ਲਿਖ ਕੇ ਦਿੱਤਾ ਸੀ...?"

-"........।" ਬਜੁਰਗ ਚੁੱਪ ਵੱਟ ਗਿਆ। ਮਾਰੂ ਗੱਲ ਸੀਨਾਂ ਪਾੜ ਗਈ ਸੀ।

-"ਸਾਡੇ ਕੋਲ਼ੇ ਗਵਾਹ ਗਵਾਹੀਆਂ ਦੇਈ ਜਾਂਦੇ ਐ ਬਈ ਖੁਰਵੱਢ ਤਾਂ ਕੁੜੀ ਆਪ ਕਰਦੀ ਫਿਰਦੀ ਸੀ..! ਜੇ ਕੋਈ ਅੱਕਿਆ ਮੁੰਡਾ ਉਹਨੂੰ ਚਿੰਬੜ ਗਿਆ, ਦੱਸੋ ਮੁੰਡੇ ਦਾ ਕੀ ਕਸੂਰ...? ਅੱਗ ਮੂਹਰੇ ਘਿਉ ਨੇ ਤਾਂ ਪੰਘਰਨਾ ਈ ਐਂ..? ਕਹੇਂ ਤੇਰੇ ਸਾਹਮਣੇ ਜਿਉਂਦੇ ਜਾਗਦੇ, ਹੱਡ ਮਾਸ ਦੇ ਗਵਾਹ ਖੜ੍ਹੇ ਕਰ ਦੇਈਏ...?"

-"........।" ਬਜੁਰਗ ਦੇ ਮੂੰਹ ਨੂੰ ਜਿੰਦਰਾ ਲੱਗ ਗਿਆ।

-"ਕੁੜੀ ਕੈਂਪ 'ਤੇ ਗਈ, ਪਰ ਸਾਡੀ ਇੰਨਕੁਆਰੀ ਦੱਸਦੀ ਐ ਬਈ ਕੁੜੀ ਰਾਤ ਨੂੰ ਕੈਂਪ 'ਚ ਹੈਨੀ ਸੀ, ਬਿਗਾਨੇ ਖੇਤ ਸੀ..! ਜੇ ਸਾਰੀ ਤਹਿਕੀਕਾਤ 'ਤੇ ਨਿਗਾਹ ਮਾਰੀਏ, ਤਾਂ ਬਰੀ ਕੁੜੀ ਵੀ ਨਹੀਂ ਹੋ ਸਕਦੀ ਬਜੁਰਗਾ! ਦੇਖ ਲੈ..! ਕਿਤੇ ਰੋਜੇ ਬਖਸ਼ਾਉਣ ਆਏ ਦੇ ਗਲ਼ ਨਮਾਜਾਂ ਨਾ ਪੈ ਜਾਣ..! ਪਿਉ ਧੀ ਪੁੱਠੇ ਨਾ ਫ਼ਸ ਜਾਇਓ..?" ਠਾਣੇਦਾਰ ਨੇ ਆਖਰੀ ਭੁਲੱਥਾ ਸੁੱਟਿਆ।

-"ਪਰ ਜੀ ਪਾੜੀ ਝੀੜ੍ਹੀ ਤਾਂ ਤੁਸੀਂ ਆਪ ਦੇਖੀ ਐ...!"

-"ਜੇ ਖਰਗੋਸ਼ ਸ਼ੇਰ ਮੂਹਰੇ ਕਲੋਲਾਂ ਕਰੂ, ਤਾਂ ਢਿੱਡ ਈ ਪੜਵਾਊ...? ਹੋਰ ਸ਼ੇਰ ਉਹਨੂੰ ਨਿਉਂਦਾ ਤਾਂ ਪਾਉਣ ਨ੍ਹੀ ਲੱਗਿਆ..! ਜੇ ਉਹ ਲੋਕਾਂ ਦੀਆਂ ਫ਼ਸਲਾਂ ਮਿੱਧਦੀ ਫ਼ਿਰਦੀ ਸੀ, ਕੋਈ ਨਾ ਕੋਈ ਚੰਦ ਤਾਂ ਚੜ੍ਹਨਾ ਈ ਸੀ...? ਜੰਨ ਕੁਪੱਤੀ ਸੁਥਰਾ ਭਲਾ ਮਾਣਸ..? ਪਿੱਛੋਂ ਮਾੜੇ ਮੁੰਡੇ..! ਜਿਹੜੀ ਆਪ ਅਗਲਿਆਂ ਦੇ ਖੇਤ ਜਾ-ਜਾ ਕੇ ਟੰਗਾਂ ਚੁਕਵਾਉਂਦੀ ਰਹੀ ਐ, ਖ਼ੈਰਾਂ ਹੱਥੀ ਬਾਬਾ ਉਹ ਵੀ ਹੈਨ੍ਹੀ..! ਖੁਸ਼ੀ 'ਕੱਲੇ ਮੁੰਡਿਆਂ ਨੂੰ ਦੋਸ਼ ਦੇਹ..! ਹੁਣ ਦੱਸ, ਤੂੰ ਸਾਨੂੰ ਕਿਹੜੇ ਰਾਹ ਪਾਉਨੈਂ..?" ਠਾਣੇਦਾਰ ਨੇ ਗੱਲ ਮੀਹਾਂ ਸਿੰਘ ਅੱਗੇ ਸੁੱਟ ਦਿੱਤੀ ਅਤੇ ਤ੍ਰਿਸਕਾਰ ਨਜ਼ਰਾਂ ਨਾਲ਼ ਉਸ ਦਾ ਚਿਹਰਾ ਸੁੰਘਿਆ।

-"ਮੈਂ ਕਿਹੜੇ ਰਾਹ ਪਾਉਣੈਂ ਸਰਦਾਰ ਜੀ..? ਤੁਸੀਂ ਈ ਦੱਸੋ..? ਥੋਡੇ ਹੱਥ ਡੋਰੀ ਐ, ਮੇਰਾ ਤਾਂ ਡਮਾਕ ਹਿੱਲਿਆ ਪਿਐ...! ਕੁਛ ਨ੍ਹੀ ਸੁੱਝਦਾ ਸ਼ੇਰਾ..!" ਬਜੁਰਗ ਫਿਰ ਡੁਸਕ ਪਿਆ।

ਠਾਣੇਦਾਰ ਉਠ ਕੇ ਖੜ੍ਹਾ ਹੋ ਗਿਆ।

-"ਦੇਖ ਬਾਬਾ..! ਗਈ ਨੂੰ ਘੋੜ੍ਹੇ ਨ੍ਹੀ ਮਿਲ਼ਦੇ..! ਵੇਲ਼ਾ ਮੁੜ ਕੇ ਹੱਥ ਆਉਂਦਾ ਨ੍ਹੀ..! ਜੇ ਤੇਰਾ ਲੈ ਦੇ ਕੇ ਮਸਲਾ ਹੱਲ ਹੁੰਦੈ, ਉਹ ਵੀ ਮੈਂ ਕਰਵਾਉਣ ਨੂੰ ਤਿਆਰ ਐਂ..? ਨਹੀਂ ਇਕ ਗੱਲ ਮੇਰੀ ਧਿਆਨ ਦੇ ਕੇ ਸੁਣ ਲਈਂ..! ਤੇਰੀ ਤੂਤੀ ਨਗਾਰਖਾਨੇ ਵਿਚ ਕਿਸੇ ਨੇ ਨਹੀਂ ਸੁਣਨੀ..! ਐਥੇ ਵੱਡੇ ਢਿੱਡਾਂ ਆਲ਼ੇ ਕੰਜਰ ਫਿਰਦੇ ਐ...! ਤੈਨੂੰ ਤਾਂ ਊਂ ਰੋਲ਼ ਦੇਣਗੇ, ਸੋਚ ਲੈ..!"

-"ਸਰਦਾਰ ਜੀ, ਕੁੜੀ ਤਾਂ ਕੰਜਰ ਨੇ ਕਿਸੇ ਪਾਸੇ ਜੋਕਰੀ ਨ੍ਹੀ ਛੱਡੀ..? ਉਹ ਤਾਂ ਖਿਲਾਰੀ ਪਈ ਐ..!" ਤਾਅ ਵਿਚ ਬਜੁਰਗ ਦੇ ਮੂੰਹੋਂ ਸੱਚੀ ਗੱਲ ਨਿਕਲ਼ ਗਈ ਅਤੇ ਠਾਣੇਦਾਰ ਦੇ ਸਿਰ ਨੂੰ ਫ਼ਤੂਰ ਚੜ੍ਹ ਗਿਆ।

-"ਤੇਰੀ ਧੀ ਦੇ ਸਾਫੂਆਲ਼ੀਆ ਧਲ੍ਹਿਆਰਾ ਪਾਲਾਂ, ਚੌਰਿਆ...! ਉਦੋਂ ਨ੍ਹੀ ਸੀ ਪਤਾ, ਜਦੋਂ ਉਹ ਕੁੱਤੀ ਦੂਜੇ ਕੰਜਰ ਨਾਲ਼ ਬਿਗਾਨੇ ਖੇਤ ਪਈ ਸੀ..? ਜਿਵੇਂ ਸੱਜਰਾ ਖਸਮ ਹੁੰਦੈ..? ਕੈਂਪ 'ਚ ਹੋਰ ਵੀ ਪੈਂਤੀ ਕੁੜੀਆਂ ਗਈਆਂ ਈ ਸੀ, ਉਹ ਭੈਣ ਚੋਦ ਹੋਰ ਨਾ ਕਿਸੇ ਨੂੰ ਚਿੰਬੜ ਗਿਆ..? ਹਲ਼ਕ ਤਾਂ ਤੇਰੀ ਧੀ ਨੂੰ ਉਠਿਆ ਵਿਆ ਸੀ, ਮੁੰਡੇ ਭੈਣ ਯਹਾਉਂਦੇ..? ਆਬਦੀ ਕੁੜੀ ਦਾ ਕਾਣ ਦੇਖਣਾ ਕੋਈ ਨ੍ਹੀ, ਤੇ ਨਿਘੋਚਾਂ ਅਗਲੇ ਦੇ ਮੁੰਡੇ 'ਚ ਕੱਢਣੀਆਂ...?" ਠਾਣੇਦਾਰ ਕਰੋਧ ਵਿਚ ਸੜ ਉਠਿਆ। ਮੰਤਰੀ ਜੀ ਦੀਆਂ ਨਸੀਹਤਾਂ, ਹਦਾਇਤਾਂ ਅਤੇ ਡਰਾਵੇ ਉਸ ਦੇ ਦਿਮਾਗ ਵਿਚ ਵਰਮੇਂ ਵਾਂਗ ਸੱਲ ਕਰ ਰਹੇ ਸਨ। ਬਦਲੀ ਦਾ ਡਰ ਸਿਰ ਵਿਚ ਦੁਰਮਟ ਵਾਂਗ ਵੱਜ ਰਿਹਾ ਸੀ।

-"ਪਰ ਸਰਦਾਰ ਜੀ ਇਹ ਕੋਈ 'ਨਸਾਫ ਤਾਂ ਨਾ-ਨਾ ਹੋਇਆ..?"

-"ਤੇਰੀ ਕੁੜੀ ਨਾਲ਼ ਲੈਲਾਂ ਗੇੜੇ, ਸਾਨੂੰ ਇਨਸਾਫ਼ ਹੁਣ ਤੂੰ ਸਿਖਾਵੇਂਗਾ..? ਅਗਲਾ ਪਤੈ ਕਿੱਡੇ ਬਾਰਸੂਖ ਪਿਉ ਦਾ ਪੁੱਤ ਐ..? ਜੇ ਅਸੀਂ ਕੇਸ ਤਿਆਰ ਕਰ ਕੇ ਅਦਾਲਤ ਨੂੰ ਵੀ ਦੇ ਦਿੱਤਾ, ਕਿਹੜਾ ਗਵਾਹ ਪੇਸ਼ ਕਰੇਂਗਾ ਤੂੰ ਕਚਿਹਰੀ 'ਚ..? ਤੂੰ ਤਾਂ ਸਾਡਾ ਮੁਕੱਦਮਾਂ ਵੀ ਖੂਹ 'ਚ ਪਾਦੇਂਗਾ..! ਪਿੱਛੋਂ ਭੈਣ ਚੋਦ ਬੁਰੇ ਅਸੀਂ ਕੰਜਰ ਵੱਜਦੇ ਐਂ..!"

-''......।'' ਬਜੁਰਗ ਚੁੱਪ ਸਾਧ ਗਿਆ। ਉਸ ਨੂੰ ਮਹਿਸੂਸ ਹੋ ਗਿਆ ਸੀ ਕਿ ਝੋਟਿਆਂ ਵਾਲ਼ਿਆਂ ਦੇ ਘਰੋਂ ਲੱਸੀ ਮਿਲ਼ਣੀ ਮੁਸ਼ਕਿਲ ਸੀ।

-''ਦੇਖ ਬਾਬਾ, ਮੈਂ ਅੱਗੇ ਵੀ ਕਿਹੈ ਬਈ ਤੇਰੀ ਤਾਂ ਦਾਹੜੀ ਨੂੰ ਹੱਥ ਪਾਉਂਦਿਆਂ ਨੂੰ ਵੀ ਸ਼ਰਮ ਆਉਂਦੀ ਐ, ਇਕ ਹੱਲ ਦੱਸਾਂ..?'' ਠਾਣੇਦਾਰ ਦੇ ਕਹਿਣ 'ਤੇ ਬਜੁਰਗ ਨੇ ਵੈਰਾਨ ਅੱਖਾਂ ਉਪਰ ਚੁੱਕੀਆਂ।

-''ਜੇ ਕਹੇਂ ਤਾਂ ਮੁੰਡੇ ਦੇ ਪਿਉ ਤੋਂ ਤੈਨੂੰ ਮੁਆਵਜ਼ਾ ਦੁਆ ਦਿੰਨੈਂ, ਗੱਲ ਰਫ਼ਾ ਦਫ਼ਾ ਕਰ..! ਮਿੱਟੀ ਪਾਅ..!''

-''ਇਉਂ ਮਿੱਟੀ ਕਿਮੇਂ ਪਾ ਦਿਆਂ ਸਰਕਾਰ...? ਧੀ ਧਿਆਣੀ ਦੀ ਇੱਜਤ ਦਾ ਸੁਆਲ ਐ...।''

-''ਤੇਰੀ ਕੁੜੀ ਨੂੰ ਗੜ੍ਹ ਦਿਆਂ ਧੀ ਦਿਆ ਖ਼ਸਮਾਂ...! ਕਾਹਦੀ ਇੱਜਤ ਐ ਤੇਰੀ..?'' ਉਹ ਗਲ਼ ਨੂੰ ਆਇਆ।

-''ਅੱਤ ਤਾਂ ਤੇਰੀ ਕੁੜੀ ਦੀ ਚੱਕੀ ਵੀ ਸੀ...! ਅੱਗ 'ਤੇ ਤਾਂ ਤੇਰੀ ਕੁੜੀ ਲਿਟਦੀ ਸੀ..! ਜੇ ਦੇਖ ਕੇ ਮੁੰਡੇ ਤੋਂ ਨਹੀਂ ਰਿਹਾ ਗਿਆ, ਤਾਂ ਫਿਰ ਅਗਲੇ ਦਾ ਕੀ ਕਸੂਰ...? ਕੁੜੀ ਨੂੰ ਰੋਕਣਾ ਤੇਰਾ ਕੰਮ ਸੀ, ਨਾ ਕਿ ਸਾਡਾ...! ਮੁਸ਼ਕੀ ਕੁੱਤੀ ਮਗਰ ਤਾਂ ਕੁੱਤੇ ਆਉਂਦੇ ਈ ਐ, ਉਥੇ ਕਿਸੇ ਦੇ ਕੋਈ ਵੱਸ ਨ੍ਹੀ ਰਹਿੰਦਾ, ਐਵੇਂ ਮੁੰਡਿਆਂ ਨੂੰ ਬੁਰੇ ਨਾ ਪਾਅ..!'' ਠਾਣੇਦਾਰ ਬਾਬੇ ਦੇ ਸਾਰੇ ਰਾਹ ਬੰਦ ਕਰੀ ਆ ਰਿਹਾ ਸੀ।

ਬਾਬਾ ਉਠ ਕੇ ਤੁਰ ਚੱਲਿਆ। ਉਸ ਦਾ ਦਿਲ-ਦਿਮਾਗ ਕੀਰਨੇ ਪਾਈ ਜਾ ਰਿਹਾ ਸੀ। ਉਹ ਜਾਣਦਾ ਸੀ ਕਿ ਕਸੂਰ ਉਸ ਦੀ ਆਪਣੀ ਕੁੜੀ ਦਾ ਵੀ ਸੀ। ਪਰ ਇਹ ਇਨਸਾਫ਼ ਕਰਨ ਵਾਲ਼ੇ ਤਾਂ ਸਰਾਸਰ ਹੀ ਦੋਸ਼ੀ ਦੇ ਹੱਕ ਵਿਚ ਭੁਗਤੀ ਜਾ ਰਹੇ ਸਨ? ਕਿੱਥੋਂ ਮਿਲਣਾ ਸੀ ਇਨਸਾਫ਼...? ਜਿੱਥੇ ਕੋਈ ਦਲੀਲ, ਅਪੀਲ ਜਾਂ ਵਕੀਲ ਨਾ ਰਹਿ ਜਾਵੇ, ਉਥੇ ਫ਼ਰਿਆਦ ਕਰਨ ਦਾ ਕੀ ਫ਼ਾਇਦਾ..? ਸਿਰਫ਼ ਮਗਜ਼ਮਾਰੀ ਸੀ..!

-''ਚੱਲਿਆ ਕਿੱਥੇ ਐਂ ਬਾਬਾ..? ਅਸੀਂ ਤੇਰੇ ਕੁੱਤੇ ਰੱਖੇ ਐਂ, ਜਿਹੜੇ ਤੇਰੀ ਸੀਟੀ 'ਤੇ ਭੌਂਕੀ ਜਾਵਾਂਗੇ..?'' ਠਾਣੇਦਾਰ ਨੇ ਉਸ ਦੀ ਬਾਂਹ ਫੜ ਲਈ।

-''ਧੀ ਦੇਣਿਆਂ, ਤੂੰ ਸਾਨੂੰ ਵਿਹਲੇ ਸਮਝ ਰੱਖਿਐ..? ਨਾ ਅਸੀਂ ਸਿਰਫ਼ ਤੇਰੇ 'ਤੇ ਈ ਬੈਠੇ ਐਂ..? ਸਾਨੂੰ ਹੋਰ ਕੋਈ ਕੰਮ ਨ੍ਹੀ..? ਦੇ ਕੇ ਭਲਵਾਨੀ ਗੇੜਾ ਤੁਰ ਚੱਲਿਐਂ ਜਿਵੇਂ ਮੁੰਡੇ ਦੇ ਸਹੁਰੀਂ ਆਇਆ ਹੁੰਨੈ..? ਮੁੰਡੇ ਦੇ ਵੱਜੀਆਂ ਸੱਟਾਂ ਦੀ ਇਨਕੁਆਰੀ ਸਿੱਧੀ ਤੇਰੇ ਘਰ ਨੂੰ ਤੁਰੀ ਆਉਂਦੀ ਐ...! ਉਹ ਤਾਂ ਤੂੰ ਸਾਡੀ ਦਰਿਆ ਦਿਲੀ ਦੇਖ, ਜਿਹੜਾ ਤੈਨੂੰ ਹਿਰਾਸਤ 'ਚ ਨ੍ਹੀ ਲਿਆ ਤੇ ਕੇਸ ਦਰਜ ਨ੍ਹੀ ਕੀਤਾ..! ਕੁੜੀ ਨਾਲ਼ ਤਾਂ ਜਿਹੜੀ ਵਾਰਦਾਤ ਜਾਂ ਖ਼ੇਹ ਖ਼ਰਾਬੀ ਹੋਈ ਐ, ਉਹ ਤਾਂ ਠੀਕ ਐ..! ਅਸੀਂ ਵੀ ਮੰਨਦੇ ਐਂ ਬਈ ਇਹ ਸੱਚ ਐ..! ਪਰ ਮੁੰਡੇ ਦੇ ਉਹ ਸੱਟਾਂ ਕਿਉਂ ਮਾਰੀਆਂ...? ਕਰਨ ਆਲਾਂ ਕੰਮ ਉਹਨੇ ਕੁੜੀ ਨਾਲ਼ ਕਰ ਲਿਆ ਸੀ..? ਮੁੰਡੇ ਨਾਲ਼ ਤਾਂ ਉਹਦਾ ਰੰਜ ਹੀ ਕੋਈ ਨਹੀਂ ਸੀ..? ਸੱਟਾਂ ਮਾਰਨ ਦਾ ਦੋਸ਼ ਸਾਰਾ ਤੇਰੇ ਘਰ 'ਤੇ ਤੁਰਿਆ ਆਉਂਦੈ...! ਇਰਾਦਾ ਕਤਲ ਦਾ ਕੇਸ ਐ, ਪਿਉ ਪੁੱਤ ਸਿੱਧੇ ਸੱਤ ਸਾਲ ਵਾਸਤੇ ਅੰਦਰ ਜਾਵੋਂਗੇ...!''

ਬਜੁਰਗ ਅੱਗੇ ਧਰਤੀ ਘੁਕਣ ਲੱਗ ਪਈ।

ਉਸ ਦੇ ਕੰਨਾਂ ਅੰਦਰ ਬੱਦਲ਼ ਗੱਜੀ ਜਾ ਰਹੇ ਸਨ।

ਠਾਣੇਦਾਰ ਨੇ ਉਸ ਨੂੰ ਫੜ ਕੇ ਬਿਠਾ ਲਿਆ। ਬਜੁਰਗ ਦੇ ਹੋਸ਼ ਕਾਇਮ ਨਹੀਂ ਸਨ।

-''ਦੇਖ ਬਾਬਾ..! ਮੈਂ ਅਜੇ ਵੀ ਤੇਰੇ 'ਤੇ ਤਰਸ ਕਰਦੈਂ...! ਕਿਤੇ ਉਹ ਨਾ ਹੋਵੇ, ਬਈ ਜਿਹੜੇ ਰੋਗ ਨਾਲ਼ ਮਰਗੀ ਬੱਕਰੀ, ਓਹੀ ਰੋਗ ਪਠੋਰੀ ਨੂੰ...! ਮੇਰੀ ਮੰਨ, ਚੁੱਪ ਚਾਪ ਅਗਲਿਆਂ ਨਾਲ਼ ਰਾਜੀਨਾਮਾਂ ਕਰ ਲੈ, ਤੇ ਗੱਲ 'ਤੇ ਮਿੱਟੀ ਪਾਅ...! ਜਿੰਨਾਂ ਮੁਆਵਜ਼ਾ ਆਖੇਂ, ਮੈਂ ਦਿਵਾਉਣ ਨੂੰ ਤਿਆਰ ਐਂ..! ਸੋਚ ਲੈ, ਤੇ ਨਹੀਂ ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨ੍ਹੀ ਨਿਕਲ਼ਦੀ..! ਅਗਲੇ ਦੀ ਸਰਕਾਰੇ ਦਰਬਾਰੇ ਪੂਰੀ ਪੁੱਛ ਦੱਸ ਐ, ਕੱਲ੍ਹ ਨੂੰ ਸਾਨੂੰ ਦੋਸ਼ ਨਾ ਦੇਈਂ...! ਤੇਰੇ ਹੱਕ 'ਚ ਕਿਸੇ ਨੇ ਗਵਾਹੀ ਨ੍ਹੀ ਦੇਣੀਂ..! ਅਦਾਲਤ ਜਾਂਦੇ ਹੀ ਅਗਲੇ ਦੇ ਰੱਸੇ ਲਹਿ ਜਾਣਗੇ...! ਤੇਰੇ ਹੱਥ ਪੱਲੇ ਕੱਖ ਨ੍ਹੀ ਆਉਣਾ..! ਮੂਹ ਕਾਲ਼ਸ ਬਾਧੂ ਦੀ ਪੱਲੇ

ਪਉ..! ਜਿਹੜਾ ਮਾੜਾ ਮੋਟਾ ਮੁਆਵਜ਼ਾ ਮਿਲ਼ਦੈ, ਉਹਦੇ ਵੱਲੋਂ ਵੀ ਜਾਵੇਂਗਾ..!"

ਮੀਹਾਂ ਸਿੰਘ ਕਸੂਤਾ ਫ਼ਸ ਗਿਆ ਸੀ।

ਉਸ ਦੇ ਅੱਗੇ ਖ਼ੂਹ ਅਤੇ ਪਿੱਛੇ ਖਾਤਾ ਸੀ। ਭੱਜਣ ਨੂੰ ਕੋਈ ਰਾਹ ਨਹੀਂ ਸੀ। ਪੁਲੀਸ ਦਾ ਕੀ ਇਤਬਾਰ ਸੀ? ਕੇਸ ਦਰਜ ਕਰਕੇ ਮੀਹਾਂ ਸਿੰਘ ਦਾ ਨਾਂ ਹੀ ਪਾ ਦੇਣਾ ਸੀ। ਜਿਹੜੀ ਇੱਜ਼ਤ ਰੁਲ਼ੀ ਸੀ, ਉਹ ਤਾਂ ਰੁਲ਼ ਹੀ ਗਈ ਸੀ। ਪਰ ਜਿਹੜਾ ਇਹ ਅਗਲਾ 'ਜਿੰਨ' ਕੱਢ ਕੇ ਦਿਖਾ ਰਿਹਾ ਸੀ, ਉਸ ਤੋਂ ਛੁਟਕਾਰਾ ਅਸੰਭਵ ਸੀ। ਚਾਰ ਕਿੱਲੇ ਜ਼ਮੀਨ ਮੁਕੱਦਮੇ ਦੀ ਬਲੀ ਚੜ੍ਹ ਜਾਣੀ ਸੀ। ਬਜ਼ੁਰਗ ਸੋਚਾਂ ਦੇ ਰੋਹੀ-ਬੀਆਬਾਨ ਵਿਚ ਉਲ਼ਝ ਕੇ ਰਹਿ ਗਿਆ ਸੀ।

-"ਬਾਬਾ..! ਸੌ ਹੱਥ ਰੱਸਾ ਸਿਰੇ 'ਤੇ ਗੰਢ..! ਮੈਂ ਆਖਰੀ ਵਾਰੀ ਤੈਨੂੰ ਪੁੱਛਦੈਂ-?" ਠਾਣੇਦਾਰ ਨੇ ਰੜਕਾਇਆ ਤਾਂ ਬਜ਼ੁਰਗ ਉਚੀ-ਉਚੀ ਧਾਹੀਂ ਰੋ ਪਿਆ।

ਠਾਣੇਦਾਰ ਰੂੜ ਸਿੰਘ ਨੇ ਉਸ ਦੇ ਬਰਾਬਰ ਦੀ ਕੁਰਸੀ ਲੈ ਲਈ ਅਤੇ ਬਜ਼ੁਰਗ ਦੇ ਮੋਢੇ 'ਤੇ ਹੱਥ ਰੱਖ ਲਿਆ।

-"ਦੇਖ ਬਾਬਾ..! ਤਕੜੇ ਦਾ ਸੱਤੀਂ ਵੀਹੀਂ ਸੌ..! ਹੁੰਦੈ ਕਿ ਨਹੀਂ ਹੁੰਦਾ...?" ਠਾਣੇਦਾਰ ਨੇ ਪੁੱਛਿਆ।

ਬਜ਼ੁਰਗ ਨੇ 'ਹਾਂ' ਵਿਚ ਸਿਰ ਹਿਲਾਇਆ। ਇਹ ਤਾਂ ਉਹ ਪ੍ਰਤੱਖ ਹੀ ਦੇਖ ਨਹੀਂ, ਪਿੰਡੇ 'ਤੇ ਹੰਢਾ ਵੀ ਰਿਹਾ ਸੀ।

-"ਜੇ ਤੂੰ ਰਾਜੀਨਾਮਾਂ ਕਰ ਲਵੇਂ, ਮੇਰੀ ਨਜ਼ਰ ਵਿਚ ਵੀਹ ਰਹੇਂਗਾ..! ਅਸੀਂ ਤਾਂ ਕੇਸ ਦਰਜ ਕਰਲਾਂਗੇ, ਪਰ ਗਾਂਹਾਂ ਵੀਹ ਤਹਿਕੀਕਾਤਾਂ ਹੋਣਗੀਆਂ..! ਅਦਾਲਤ 'ਚ ਸੁਆਲ ਪੁੱਛੇ ਜਾਣਗੇ..! ਕੀ ਹੋਇਆ...? ਕਿਵੇਂ ਹੋਇਆ...? ਕਿਉਂ ਹੋਇਆ...? ਬਗੈਰਾ ਬਗੈਰਾ..! ਅਦਾਲਤ ਨੇ ਕੁੜੀ ਨੂੰ ਲੋਕਾਂ ਸਾਹਮਣੇ ਨੰਗੀ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਣੀ..! ਹੋ ਸਕਦੈ ਉਲਟੀ ਕਾਰਵਾਈ ਵਿਚ ਕੁੜੀ ਵੀ ਵਿਚ ਲਵ੍ਹੇਟੀ ਜਾਵੇ...? ਆਬਦੀ ਇੱਜਤ ਆਬਦੇ ਹੱਥ ਹੁੰਦੀ ਐ ਬਾਬਾ..! ਕਿਸੇ ਗਵਾਹ ਨੇ ਦੋਸ਼ੀ ਖਿਲਾਫ਼ ਭੁਗਤਣਾ ਕੋਈ ਨ੍ਹੀ..! ਜੇ ਤੂੰ ਕੇਸ ਹਾਰ ਗਿਆ, ਤਾਂ ਇੱਜ਼ਤ ਹੱਤਕ ਦਾ ਕੇਸ ਵੀ ਬਣ ਸਕਦੈ..! ਉਧਰੋਂ ਕੁਰਕੀ ਵੱਖ ਹੋਊ...! ਹੁਣ ਤਾਂ ਜਿਹੜਾ ਧੂਤਕੜਾ ਪਿਐ, ਲੋਕ ਚਹੁੰ ਦਿਨਾਂ ਨੂੰ ਭੁੱਲ ਭੁਲਾ ਜਾਣਗੇ..! ਜੇ ਗੱਲ ਅਦਾਲਤ 'ਚ ਚਲੀ ਗਈ, ਅਖਬਾਰਾਂ ਦੀਆਂ ਖ਼ਬਰਾਂ ਬਣ ਕੇ ਘਰ-ਘਰ ਜਾ ਡਿੱਗੂ-ਬੇਇੱਜ਼ਤੀ ਫੇਰ ਵੀ ਆਬਦੀ, ਹੈ ਕਿ ਨਹੀਂ..? ਮੇਰੀ ਮੰਨੇ, ਤਾਂ ਮੁਆਵਜਾ ਦੋਸ਼ੀ ਧਿਰ ਤੋਂ ਮੈਂ ਤੈਨੂੰ ਦੁਆ ਦਿੰਨੈ...! ਚੁੱਪ ਚਾਪ ਕੁੜੀ ਦਾ ਵਿਆਹ ਕਰਦੇ..! ਸਿਆਣਾ ਬੰਦਾ ਉਹ ਹੁੰਦੈ, ਜਿਹੜਾ ਸਮਾਂ ਸਾਂਭਲੇ...! ਜੇ ਤੂੰ ਹਾਲਾ-ਲਾਅਲਾ ਈ ਕਰਦੇ ਫਿਰਨੈਂ..? ਫੇਰ ਬਾਬਾ ਤੇਰੀ ਮਰਜੀ ਐ..! ਭੱਜਦਿਆਂ ਨੂੰ ਤਾਂ ਵਾਹਣ ਬਾਬਾ ਫਿਰ ਇੱਕੋ ਜੇ ਈ ਹੁੰਦੇ ਐ..! ਸਿਆਣੇ ਦਾ ਕਿਹਾ ਤੇ ਔਲ਼ੇ ਦਾ ਖਾਧਾ ਪਿੱਛੋਂ ਪਤਾ ਲੱਗਦੈ..! ਨਾਲ਼ੇ ਜੇ ਸਮੁੰਦਰ 'ਚ ਰਹਿਣਾ ਹੋਵੇ, ਤਾਂ ਮਗਰਮੱਛ ਨਾਲ਼ ਵੈਰ ਨਾ ਵਿੱਢੀਏ..! ਦੋਸ਼ੀ ਦਾ ਪਿਉ ਮਗਰਮੱਛ ਨਾਲ਼ੋਂ ਕਿਵੇਂ ਵੀ ਘੱਟ ਨਹੀਂ..! ਉਹਦਾ ਸਿੱਧਾ ਮੁੱਖ ਮੰਤਰੀ ਤੱਕ ਹੱਥ ਪੈਂਦੈ..!" ਗਾਹਿਆ ਵਗਾਹਿਆ ਪੱਥਰ ਸੁੱਟ ਕੇ ਮੀਹਾਂ ਸਿੰਘ ਨੂੰ ਡਰਾ ਦਿੱਤਾ।

-"............।" ਬਾਬਾ ਪੱਥਰ ਵਾਂਗ ਚੁੱਪ ਸੀ।

-"ਮੈਂ ਤਾਂ ਤੇਰੇ ਭਲੇ ਦੀ ਗੱਲ ਈ ਕਰਦੈਂ ਬਾਬਾ...! ਜੇ ਤੂੰ ਉਤਲੇ ਪਾੜੇ ਟਿੱਡੀਆਂ ਈ ਬੁਸ਼ਕਰੀ ਜਾਣੀਐਂ, ਤੇਰੀ ਮਰਜੀ..! ਪਰ ਕੱਲ੍ਹ ਨੂੰ ਮੈਨੂੰ ਦੋਸ਼ ਨਾ ਦੇਈਂ!"

ਉਹ ਅਜੇ ਸਮਝੌਤੀਆਂ ਜਿਹੀਆਂ ਹੀ ਦੇ ਰਿਹਾ ਸੀ ਕਿ ਜੱਸੀ ਦੇ ਵਾਰਿਸ ਵੀ ਪੁੱਜ ਗਏ।

ਠਾਣੇਦਾਰ ਦੇ ਭਾਅ ਦੀ ਬਣ ਗਈ। ਉਸ ਤੋਂ ਤਾਂ ਅਜੇ ਮੀਹਾਂ ਸਿਉਂ ਰਾਹ ਨਹੀਂ ਪਿਆ ਸੀ। ਇਹ ਉਤੋਂ ਹੋਰ ਬਲਾਵਾਂ ਆ ਬਹੁੜੀਆਂ ਸਨ।

ਉਸ ਨੇ ਮੁਣਸ਼ੀ ਨੂੰ ਅਵਾਜ਼ ਮਾਰੀ।

ਮੁਣਸ਼ੀ ਹਾਜਰ ਸੀ!

-"ਔਹਨਾਂ ਭੈਣ ਚੋਦਾਂ ਨੂੰ ਬੰਨ੍ਹ ਮਾਰ ਕੇ ਰੱਖ...! ਮੇਰੇ ਸਾਲ਼ੇ ਸਿੱਧੀ ਧੁੱਸ ਦੇ ਕੇ ਠਾਣੇ ਆ ਵੜਦੇ ਐ, ਜਿਵੇਂ ਬਾਪੂ ਦਾ ਘਰ ਹੁੰਦੈ..! ਜੇ ਚੀਂ-ਚੀਂ ਕਰਨ, ਤਿੰਨ ਮਾਰ ਫ਼ਰਾਂ 'ਤੇ..!" ਠਾਣੇਦਾਰ ਅੰਤਾਂ ਦਾ ਖਿਝ ਗਿਆ ਸੀ।

-"ਇਹਨਾਂ ਨੂੰ ਕਿੱਥੇ ਬਿਠਾਵਾਂ ਜੀ...?" ਮੁਣਸ਼ੀ ਦੇ ਮੂੰਹੋਂ ਨਿਕਲ਼ ਗਿਆ।

-"ਇਹਨਾਂ ਨੂੰ ਬਿਠਾ ਆਬਦੀ ਭੈਣ ਦੇ ... 'ਚ! ਪ੍ਰਾਹੁਣੇ ਐਂ ਨਾ ਕੁਆਰੀ ਦੇ ਇਹੇ...? ਠਾਣੇ 'ਚ ਥੋੜ੍ਹਾ ਥਾਂ ਅੱਗ ਲੱਗਦੈ...? ਇਹਨਾਂ ਨੂੰ ਘੋੜਿਆਂ ਆਲ਼ੇ ਤਬੇਲੇ ਬੰਨੀ ਬਿਠਾ ਦੇ..! ਹੋਰ ਇਹਨਾਂ ਤੋਂ ਤੂੰ ਕੋਈ ਧੀ ਭੈਣ ਤਾਂ ਨ੍ਹੀ ਨਵੇਂ ਦੁੱਧ ਕਰਵਾਉਣੀ...? ਸਾਰਾ ਕੁਛ ਮੈਥੋਂ ਈ ਪੁੱਛੀ ਜਾਵੇਂਗਾ ਜਾਂ ਆਪ ਵੀ ਕੁਛ ਕਰੇਂਗਾ..?" ਠਾਣੇਦਾਰ ਗਲ਼ ਨੂੰ ਆਇਆ ਸੀ।

ਸਲੋਕ ਸੁਣ ਕੇ ਮੁਣਸ਼ੀ ਚਲਾ ਗਿਆ।

ਬਾਬੇ ਵੱਲੋਂ ਬੇਧਿਆਨਾ ਹੋ ਕੇ ਠਾਣੇਦਾਰ ਨੇ ਬੀਕੇ ਦੇ ਪਿਉ ਸੁਰਜਣ ਸਿਉਂ ਵੱਲ ਸਿਪਾਹੀ ਤੋਰ ਦਿੱਤਾ।

ਸੁਰਜਣ ਸਿੰਘ ਸਿਪਾਹੀ ਦੇ ਨਾਲ਼ ਹੀ ਆ ਗਿਆ।

-"ਆ ਬਈ ਸਰਦਾਰ ਸੁਰਜਣ ਸਿਆਂ..! ਆ ਬੈਠ..!" ਠਾਣੇਦਾਰ ਨੇ ਅਦਬ ਕੀਤਾ।

-"ਹੋਰ ਸੁਣਾ..?"

-"ਤੂੰ ਯਾਦ ਕੀਤਾ ਤੇ ਮੈਂ ਪੈਰ ਜੁੱਤੀ ਨੀ ਪਾਈ..!" ਸੁਰਜਣ ਸਿਉਂ ਨੇ ਆਖਿਆ।

-"ਇਹ ਬਜੁਰਗ ਨੇ ਉਸ ਪੀੜਤ ਲੜਕੀ ਦੇ ਬਾਪ..! ਸਰਦਾਰ ਮੀਹਾਂ ਸਿੰਘ..।" ਠਾਣੇਦਾਰ ਨੇ ਮੋਟੇ ਅੱਖਰਾਂ ਵਿਚ ਸਮਝਾਇਆ।

ਸੁਰਜਣ ਸਿੰਘ ਨੇ ਮੀਹਾਂ ਸਿੰਘ ਦੇ ਪੈਰੀਂ ਹੱਥ ਲਾਏ! ਸਿਆਸੀ ਦੱਲਿਆਂ ਵਾਲ਼ਾ ਚਲਿੱਤਰ ਵਰਤਿਆ।

ਠਾਣੇਦਾਰ ਨੇ ਦਰਵਾਜਾ ਬੰਦ ਕਰ ਦਿੱਤਾ ਅਤੇ ਸੁਰਜਣ ਸਿੰਘ ਬਜੁਰਗ ਦੇ ਪੈਰਾਂ ਵਿਚ ਬੈਠ ਗਿਆ।

-"ਉਹ ਥੋਡੀ ਧੀ ਨਹੀਂ ਬਜੁਰਗੋ..! ਮੇਰੀ ਆਬਦੀ ਧੀ ਐ..! ਜਿਹੜਾ ਕੁਛ ਮੇਰੇ ਮੁੰਡੇ ਨੇ ਕੀਤੈ, ਮੈਂ ਤੁਹਾਡਾ ਦੇਣਦਾਰ ਹਾਂ ਸਰਦਾਰ ਜੀ..! ਮੈਂ ਥੋਡੇ ਚਰਨਾਂ 'ਚ ਸ਼ਰਨ ਲਈ ਐ, ਚਾਹੋਂ ਮਾਰੋ, ਚਾਹੇ ਛੱਡੋ...! ਮੇਰੀ ਜਾਨ ਹੁਣ ਥੋਡੇ ਹੱਥ ਐ..! ਇਕੋ ਇਕ ਪੁੱਤ ਨਲਾਇਕ ਐ ਬਜੁਰਗੋ...! ਵੱਸ ਮੇਰੇ ਵੀ ਨ੍ਹੀ ਚੱਲਦਾ..! ਇਕ ਅੱਧਾ ਹੋਰ ਹੁੰਦਾ, ਇਹਦੇ ਕੰਜਰ ਦੇ ਗੋਲ਼ੀ ਮਾਰ ਦਿੰਦਾ...।"

-"ਲੈ ਬਾਬਾ..! ਹੁਣ ਤਾਂ ਤੇਰੇ ਸਰਦਾਰ ਸੁਰਜਣ ਸਿਉਂ ਨੇ ਵੀ ਪੈਰੀਂ ਹੱਥ ਲਾ ਦਿੱਤੇ..? ਲੋਕ ਇਹਦੇ ਪੈਰੀ ਹੱਥ ਲਾਉਂਦੇ ਐ, ਤੇ ਇਹ ਤੇਰੇ ਪੈਰੀਂ ਹੱਥ ਲਾਈ ਜਾਂਦੈ..!"

-"ਇਕ ਗੱਲ ਦਾ ਵਾਅਦਾ ਕਰਦੈਂ ਬਜੁਰਗੋ..! ਬਈ ਗੁੱਡੀ ਦੇ ਵਿਆਹ 'ਤੇ ਜਿੰਨਾਂ ਖਰਚਾ ਹੋਊ, ਮੈਂ ਕਰੂੰ..! ਠਾਣੇਦਾਰ ਰੂੜ ਸਿਉਂ ਆਪਣਾ ਗਵਾਹ ਐ ਤੇ ਦੂਜਾ ਗਵਾਹ ਐ, ਰੱਬ..! ਆਹ ਦਸ ਕੁ ਹਜਾਰ ਤਾਂ ਫੜੋ, ਬਾਕੀ ਕਿਸੇ ਗੱਲ ਦੀ ਚਿੰਤਾ ਨਾ ਕਰਿਓ..! ਥੋਡੇ ਮੇਰੇ ਸੰਨ੍ਹ ਰੱਬ ਐ, ਹੁਣ ਰਾਜੀਨਾਮੇ 'ਤੇ 'ਗੂਠਾ ਲਾਓ ਤੇ ਮੁੰਡੇ ਨੂੰ ਮੁਆਫ਼ ਕਰੋ..! ਉਹ ਫੇਰ ਵੀ ਥੋਡਾ ਬੱਚਾ ਐ..! ਮੁਆਫ਼ੀ ਬਖ਼ਸ਼ੋ..!" ਸੁਰਜਣ ਸਿੰਘ ਨੇ ਦਸ ਹਜਾਰ ਦੀ ਗੁੱਟੀ ਮੀਹਾਂ ਸਿੰਘ ਦੇ ਹੱਥ ਫੜਾ ਦਿੱਤੀ।

-"ਪੰਦਰਾਂ ਹਜਾਰ ਤਾਂ ਜੀ ਸਾਡੇ ਹਸਪਤਾਲ 'ਚ ਈ ਖਰਚਾ ਆ ਗਏ!"

-"ਚੱਲ ਸੁਰਜਣ ਸਿਆਂ..! ਦਸ ਹੋਰ ਦੇ-ਦੇ...!" ਠਾਣੇਦਾਰ ਸੁਰਜਣ ਸਿੰਘ ਨੂੰ ਮੁਖ਼ਾਤਿਬ ਹੋਇਆ।

ਸੁਰਜਣ ਸਿੰਘ ਨੇ ਦਸ ਹਜ਼ਾਰ ਹੋਰ ਕੱਢ ਕੇ ਦੇ ਦਿੱਤੇ। ਪੂਰਾ ਲੱਖ ਰੁਪਈਆ ਉਸ ਨੇ ਬੋਤਲ ਵਾਂਗ ਡੱਬ ਵਿਚ ਦਿੱਤਾ ਹੋਇਆ ਸੀ।

-"ਹੁਣ ਤਾਂ ਮੁਆਫ਼ੀ ਬਖ਼ਸ਼ੋ ਬਜੁਰਗੋ...!" ਉਸ ਨੇ ਫਿਰ ਹੱਥ ਜੋੜ ਲਏ। ਗੋਡੇ ਘੁੱਟੇ!

ਪੈਸਿਆਂ ਵੱਲ ਦੇਖ ਕੇ ਮੀਹਾਂ ਸਿੰਘ ਦੋਚਿੱਤੀ ਵਿਚ ਪੈ ਗਿਆ। ਕੀ ਮੇਰੀ ਕੁੜੀ ਦੀ ਇੱਜ਼ਤ ਦਾ ਮੁੱਲ ਸਿਰਫ਼ ਵੀਹ ਹਜ਼ਾਰ ਰੁਪਏ ਹੀ ਐ..? ਪਰ ਮੀਹਾਂ ਸਿਆਂ, ਇਹ ਤੈਨੂੰ ਡੱਕਾ ਦਬਾਲ਼ ਨਹੀਂ..! ਜੇ ਇਹ ਵੀ ਨਾਂ ਦਿੰਦਾ, ਫੇਰ ਮੈਂ ਇਹਦਾ ਕੀ ਕਰ ਲੈਂਦਾ..? ਕਿਸੇ ਸਿਆਣੇ ਨੇ ਸੱਚ ਹੀ ਕਿਹੈ ਕਿ ਜੇ ਬੋਤਾ "ਇੱਛ-ਇੱਛ" ਕਰੇ ਤੋਂ ਨਾ ਬੈਠੇ, ਤਾਂ ਉਹਦੀ ਕੀ ਪੂਛ ਫੜ ਲਈਏ..? ਐਡੇ ਜਾਨਵਰ ਨੂੰ ਲੋਰੀ ਦੇ ਕੇ ਤਾਂ ਬਿਠਾਉਣੋਂ ਰਹੇ..? ਜੇ ਇਹ ਆਹ ਵੀ ਨਾ ਦਿੰਦੇ, ਤਾਂ ਕੀ ਕਰ ਲੈਂਦਾ..? ਇਕ ਪਾਸੇ ਡਰ, ਦੂਜੇ ਪਾਸੇ ਧੀ ਦੀ ਇੱਜ਼ਤ ਅਤੇ ਤੀਜੇ ਪਾਸਿਓਂ ਘਰ ਦੀ ਗ਼ਰੀਬੀ ਵਾਢ ਕਰ ਰਹੀ ਸੀ..! ਮੀਹਾਂ ਸਿੰਘ ਨੇ ਜੱਕੋ-ਤੱਕੀ ਵਿਚ ਪੈਸੇ ਫੜ ਕੇ ਅੰਦਰਲੀ ਜੇਬ ਵਿਚ ਪਾ ਲਏ। ਠਾਣੇਦਾਰ, ਸੁਰਜਣ ਸਿੰਘ ਦੀਆਂ ਬੇਈਮਾਨ ਅੱਖਾਂ ਵਿਚ ਮੁਸਕਰਾਇਆ। ਉਸ ਦਾ ਇਕ ਮੋਰਚਾ ਤਾਂ 'ਸਰ' ਹੋ ਗਿਆ ਸੀ।

-"ਹੁਣ ਜਾਹ ਬਾਬਾ..! ਜਦੋਂ ਕੁੜੀ ਦਾ ਵਿਆਹ ਰੱਖਿਆ, ਸੁਰਜਣ ਸਿਉਂ ਨੂੰ ਦੱਸ ਦਿਓ, ਇਹ ਖ਼ਰਚਾ ਬਰਚਾ ਸਾਂਭ ਲੈਣਗੇ..! ਕਿਸੇ ਗੱਲੋਂ ਤੰਗ ਨਾ ਹੋਈਂ..!"

ਠਾਣੇਦਾਰ ਨੇ 'ਰਾਜੀਨਾਵੇਂ' 'ਤੇ ਅੰਗੂਠਾ ਲੁਆ ਲਿਆ ਅਤੇ ਮੀਹਾਂ ਸਿੰਘ ਬਾਹਰ ਆ ਗਿਆ।

ਠਾਣੇਦਾਰ ਅਤੇ ਸੁਰਜਣ ਸਿੰਘ ਇਕ-ਦੂਜੇ ਦੀਆਂ ਅੱਖਾਂ ਵਿਚ ਹੱਸੇ!

-"ਇਕ ਸਿਆਪਾ ਤਾਂ ਨਿੱਬੜ ਗਿਆ, ਅਜੇ ਦੂਜਾ ਆਇਆ ਬੈਠੈ!"

-"ਉਹ ਕਿਹੜਾ...?" ਸੁਰਜਣ ਸਿਉਂ ਦੇ ਸਿਰ ਜਿਵੇਂ ਸੌ ਘੜ੍ਹਾ ਪਾਣੀ ਦਾ ਪੈ ਗਿਆ ਸੀ।

-"ਫ਼ੱਟੜ ਮੁੰਡੇ ਦੇ ਵਾਰਸ ਆਏ ਬੈਠੇ ਐ, ਉਹਨਾਂ ਦਾ ਕੋਈ ਜੁਗਾੜ ਵੀ ਕਰਨਾ ਪੈਣੈਂ...!"

-"ਉਹਨਾਂ ਨੂੰ ਵੀ ਮਾਰ ਚਾਰ ਫ਼ੁੱਦੂ ਦਬਕਾੜੇ..! ਤੈਨੂੰ ਕੀ ਨ੍ਹੀ ਆਉਂਦਾ ਰੂੜ ਸਿਆਂ? ਪਰਮੋਸ਼ਨ ਤੇਰੀ ਪੱਕੀ..! ਜਦੋਂ ਕਹੇਂ ਐਸ. ਪੀ. ਨੂੰ ਸ਼ਿਫ਼ਾਰਸ਼ ਕਰਦੂੰ..!" ਉਸ ਨੇ ਵਡਿਆਈ ਦੇ ਨਾਲ਼-ਨਾਲ਼ ਤਰੱਕੀ ਦਾ ਚੋਗਾ ਵੀ ਖਿਲਾਰਿਆ।

-"ਮੁਣਸ਼ੀ..! ਆਹ ਫ਼ੱਟੜ ਦੇ ਵਾਰਸਾਂ ਨੂੰ ਅੰਦਰ ਭੇਜ..!" ਠਾਣੇਦਾਰ ਨੇ ਹਾਕ ਮਾਰੀ।

-"ਸੁਰਜਣ ਸਿਆਂ, ਤੂੰ ਅੰਦਰਲੇ ਕਮਰੇ 'ਚ ਬੈਠ..! ਮੈਂ ਉਹਨਾਂ ਨੂੰ ਪੈਰੋਂ ਉਖੇੜਦੈਂ, ਪਰ ਤੂੰ ਨਾ ਬੋਲੀਂ..! ਹੋਰ ਨਾ ਕੀਤਾ ਕਰਾਇਆ ਖੂਹ 'ਚ ਪੈਜੇ..! ਗੱਲ ਮੇਰੇ 'ਤੇ ਛੱਡ..!" ਉਸ ਨੇ ਪਰਦਾ ਚੁੱਕ ਕੇ ਸੁਰਜਣ ਸਿਉਂ ਨੂੰ ਅੰਦਰ ਵੜਦਾ ਕਰ ਦਿੱਤਾ। ਸੁਰਜਣ ਰੱਜੇ ਸਾਹਣ ਵਾਂਗ ਪਾਸੇ ਮਾਰਦਾ ਅੰਦਰ ਚਲਾ ਗਿਆ ਸੀ।

-"ਰੂੜ ਸਿਆਂ, ਅੱਜ ਗੱਲ ਨਿੱਬੜਦੀ ਕਰ..! ਨਿੱਤ ਨਿੱਤ ਸਿਆਪਾ ਜਿਆ ਕਰਦੇ ਚੰਗੇ ਨ੍ਹੀ ਲੱਗਦੇ!" ਉਹ ਅੰਦਰੋਂ ਬੋਲ ਰਿਹਾ ਸੀ।

-"ਫ਼ਿਕਰ ਨਾ ਕਰ..! ਰੱਸੇ ਪੈੜੇ ਨਹਿਬ ਕੇ ਹਟੂੰ..! ਬੇਫ਼ਿਕਰ ਹੋਜਾ..!"

ਜੱਸੀ ਦੇ ਵਾਰਸ ਅੰਦਰ ਆ ਗਏ।

-"ਸਾਸਰੀਕਾਲ ਜੀ, ਸਰਦਾਰ ਜੀ...!" ਸਾਰਿਆਂ ਨੇ ਸਤਿਕਾਰ ਵਿਚ ਹੱਥ ਜੋੜੇ ਹੋਏ ਸਨ।

-"ਆਓ ਬਈ ਸਰਦਾਰੋ, ਸਾਸਰੀਕਾਲ...! ਆਓ, ਬੈਠੋ..! ਮੁਣਸ਼ੀ, ਬਾਹਰੋਂ ਕੁਰਸੀਆਂ ਭੇਜ ਅੰਦਰ...!"

ਹੁਕਮ ਅਨੁਸਾਰ ਕੁਰਸੀਆਂ ਅੰਦਰ ਆ ਗਈਆਂ।

ਸਾਰੇ ਬੈਠ ਗਏ।

-"ਹਾਂ ਬਈ...? ਫ਼ੱਟੜ ਮੁੰਡੇ ਦਾ ਬਾਪ ਕੌਣ ਐਂ...?" ਠਾਣੇਦਾਰ ਨੇ ਸਿੱਧਾ ਸੁਆਲ ਮੱਥੇ 'ਚ ਮਾਰਿਆ।

-"ਮੈਂ ਆਂ ਜੀ..!" ਇਕ ਭੱਦਰ ਪੁਰਸ਼ ਨੇ ਹੱਥ ਜੋੜ ਲਏ।

-"ਬਾਕੀ ਬਾਹਰ ਚੱਲੋ ਬਈ..! ਅਸੀਂ ਕੇਸ ਬਾਰੇ ਬਾਤ ਚੀਤ ਕਰਨੀ ਐਂ..! ਚਲੋ, ਬਾਹਰ ਚੱਲੋ..!" ਠਾਣੇਦਾਰ ਦਾ ਹੁਕਮ ਸੀ।

-"ਮੈਂ ਜੀ ਪਿੰਡ ਦਾ ਸਰਪੈਂਚ ਐਂ..!" ਇਕ ਬੋਲਿਆ।

-"ਫੇਰ..? ਤੈਨੂੰ ਸਿਰੋਪਾ ਦੇਵਾਂ...? ਤੂੰ ਕਾਨੂੰਨ ਤੋਂ ਵੱਡੈਂ..? ਗੱਲ ਸੁਣ ਮੇਰੀ ਕੰਨ ਧਰ ਕੇ..! ਇੱਥੇ ਕੋਈ ਸਰਪੈਂਚ ਨ੍ਹੀ, ਕੋਈ ਜੱਜ ਨ੍ਹੀ..! ਕੇਸ ਅਸੀਂ ਤਿਆਰ ਕਰਨੈਂ, ਬਾਕੀ ਜੋਰ ਤੁਸੀਂ ਆਬਦਾ ਬਾਅਦ 'ਚ ਲਾ ਲਿਓ...! ਅਸੀਂ ਮਹੀਨੇ ਦੇ ਫ਼ਾਹੇ ਟੰਗੇ ਪਏ ਆਂ ਐਸ ਕੇਸ ਕਰਕੇ..! ਥੋਡੇ ਮਾਂਗੂੰ ਵਿਹਲੇ ਨੀ..! ਤੇ ਤੁਸੀਂ ਚਿੱਤੜ ਉਚੇ ਕਰਕੇ ਆ ਜਾਨੇ ਓਂ ਠਾਣੇ, ਤੇ ਦੱਸਦੇ ਓਂ ਪੁਜ਼ੀਸ਼ਨਾਂ..! ਜੇ ਬਾਹਲ਼ਾ ਈ ਔਖਾ ਸੀ, ਹੁਣ ਤੱਕ ਪੰਚਾਇਤ 'ਚ ਨਾ ਨਬੇੜ ਲਿਆ..? ਚੱਕਦੇ ਓਂ ਝੋਲ਼ਾ ਐਥੇ ਆ ਵੱਜਦੇ ਓਂ, ਜਿਵੇਂ ਛਪਾਰ ਦਾ ਮੇਲਾ ਲੱਗਿਆ ਹੁੰਦੈ..? ਮਹੀਨਾਂ ਹੋ ਗਿਆ ਸੂਲ਼ੀ ਟੰਗ ਰੱਖਿਐ..! ਬਾਹਰ ਚਲੋ..!!"

ਸਾਰੇ ਬਾਹਰ ਨਿਕਲ਼ ਗਏ।

ਸਰਪੰਚ ਵੀ ਛੋਤ ਜਿਹੀ ਲੁਹਾ ਕੇ ਬਾਹਰ ਚਲਾ ਗਿਆ।

ਹੁਣ ਦਫ਼ਤਰ ਅੰਦਰ ਸਿਰਫ਼ ਠਾਣੇਦਾਰ ਅਤੇ ਜੱਸੀ ਦਾ ਪਿਉ ਹੀ ਰਹਿ ਗਏ।

-"ਹਾਂ ਬਈ..! ਕੀ ਨਾਂ ਐਂ ਤੇਰਾ..?" ਠਾਣੇਦਾਰ ਨੇ ਰਵੀਰਾ ਬਦਲਿਆ।

-"ਜੀ ਬਿੱਕਰ ਸਿੰਘ..!"

-"ਹਾਂ ਬਈ ਬਿੱਕਰ ਸਿਆਂ..! ਹੁਣ ਦੱਸ..?"

-"ਕੀ ਦੱਸਾਂ ਜੀ..?" ਬਿੱਕਰ ਸਿੰਘ ਸੁਆਲ ਵਿਚ ਰੁਲ਼ ਗਿਆ।

-"ਕੀ ਕਰੀਏ ਤੇਰੇ ਕੇਸ ਦਾ..?"

-"ਜੀ ਥੋਡੇ ਸਾਹਮਣੇ ਈ ਐਂ..! ਕਾਕਾ ਆਪਣਾ ਮਰ ਕੇ ਬਚਿਐ..!" ਉਸ ਦੇ ਜੋੜੇ ਹੱਥ ਕੰਬ ਰਹੇ ਸਨ।

-"ਬਿੱਕਰ ਸਿਆਂ..! ਮੁੰਡਿਆਂ ਖੁੰਡਿਆਂ ਦੀ ਲੜਾਈ ਐ, ਮੈਂ ਤਾਂ ਕਹਿੰਨੈ ਕੁਛ ਲੈ ਦੇ ਕੇ ਗੱਲ ਰਫ਼ਾ ਦਫ਼ਾ ਕਰੋ, ਗੱਲ ਨਾ ਵਧਾਓ..! ਗੱਲ ਅਦਾਲਤੀਂ ਪੈ ਜਾਊ, ਦੋਨੀਂ ਧਿਰੀਂ ਪੈਸੇ ਲੱਗਣ ਨੂੰ ਥਾਂ ਐਂ, ਦੱਸੋ ਵਿੱਚੋਂ ਨਿਕਲੂ ਕੀ, ਸੁਆਹ..?" ਠਾਣੇਦਾਰ ਨੇ ਆਖ ਕੇ ਬਿੱਕਰ ਸਿੰਘ ਦਾ ਚਿਹਰਾ ਨਿਰਖਿਆ। ਪ੍ਰਤੀਕਰਮ ਜਾਂਚਿਆ।

-"ਜੀ ਇਕ ਤਾਂ ਮੁੰਡਾ ਕੁੱਟ ਕੇ ਮਰਨ ਅਰਗਾ ਕਰਤਾ..! ਉਹਦਾ ਕਸੂਰ-?"

-"ਧੀ ਦਿਆ ਖਸਮਾਂ..! ਤੇਰੀ ਕੁੜੀ 'ਤੇ ਗਧੇ ਚੜ੍ਹਨ ਤੇਰੀ 'ਤੇ...! ਅਜੇ ਮੁੰਡੇ ਦਾ ਕੋਈ ਕਸੂਰ ਈ ਨ੍ਹੀ..? ਅਗਲੇ ਦੀ ਕੁੜੀ ਬਿਗਾਨੇ ਖੇਤ ਲੈ ਕੇ ਜਾਣੀ, ਇਹ ਕੋਈ ਕਸੂਰ ਈ ਨ੍ਹੀ..?" ਠਾਣੇਦਾਰ ਨੇ ਪੂਰੇ ਜੋਰ ਨਾਲ਼ ਰੂਲ ਮੇਜ਼ 'ਤੇ ਮਾਰਿਆ। ਰੂਲ ਦੀ ਕਾਤਰ ਟੁੱਟ ਕੇ ਕੰਧ 'ਤੇ ਜਾ ਵੱਜੀ। ਬਿੱਕਰ ਸਿੰਘ 'ਥਰ-ਥਰ' ਕੰਬਣ ਲੱਗ ਪਿਆ। ਉਸ ਦਾ ਸਾਰਾ ਸਰੀਰ ਝੂਠਾ ਪੈ ਗਿਆ ਸੀ। ਠਾਣੇਦਾਰ ਦੇ ਪਹਿਲੇ ਸੁਆਗਤ ਨੇ ਹੀ ਉਸ ਨੂੰ ਠੰਢਾ-ਠਾਰ ਕਰ ਦਿੱਤਾ ਸੀ।

-"ਜੇ ਤਾਂ ਕਰਨੈਂ ਰਾਜੀਨਾਵਾਂ, ਤਾਂ-ਤਾਂ ਹੋਜਾ ਤੱਕਲ਼ੇ ਵਾਂਗੂੰ ਸਿੱਧਾ..! ਤੇ ਜੇ ਪੈਣੈਂ ਪੁੱਠੇ ਰਾਹ? ਤਾਂ ਦੱਸ ਲੈ..!" ਟੁੱਟਿਆ ਰੂਲ ਬਿੱਕਰ ਦੇ ਸਿਰ 'ਤੇ ਭੰਮੀਰੀ ਵਾਂਗ ਘੁਕਣ ਲੱਗ ਪਿਆ।

-"..........।" ਬਿੱਕਰ ਸਿੰਘ ਚੁੱਪ ਸੀ। ਉਹ ਸੋਚ ਰਿਹਾ ਸੀ ਕਿ ਉਲਟੇ ਬਾਂਸ ਤਾਂ ਬਰੇਲੀ ਨੂੰ ਤੁਰੇ ਜਾ ਰਹੇ ਸਨ?

-"ਹਾਂ ਹੁਣ ਬੋਲ..?" ਠਾਣੇਦਾਰ ਮੁੜ ਕੌੜਿਆ।

-"ਜੀ ਤੁਸੀਂ ਸਰਪੈਂਚ ਸਾਹਬ ਨੂੰ ਈ ਪੁੱਛਲੋ..!"

-"ਸਰਪੈਂਚ ਦੀ ਮਾਂ ਦੀ...! ਸਰਪੈਂਚ ਕੌਣ ਹੁੰਦੈ ਪੁਲ਼ਸ ਦੇ ਮਾਮਲੇ 'ਚ ਦਖਲ ਦੇਣ ਵਾਲ਼ਾ..? ਜੇ ਕਾਂਵਾਂ ਦੇ ... ਹੋਣ ਤਾਂ ਬਨੇਰੇ ਨਾ ਢਾਹ ਦੇਣ? ਸਰਪੈਂਚ ਰੱਬ ਐ..? ਜਦੋਂ ਪਾਇਆ ਚੱਡਿਆਂ ਨੂੰ ਰੱਸਾ, ਉਹ ਤਾਂ ਸੱਪ ਮਾਂਗੂੰ ਸਿੱਧਾ ਹੋਜੂ..! ਮੈਂ ਗੱਲ ਤੇਰੇ ਨਾਲ਼ ਕਰਦੈਂ, ਤੂੰ ਦੱਸ..! ਸਿੱਧਾ ਹੋ ਕੇ ਪੰਜਾਲ਼ੀ ਹੇਠਾਂ ਆਉਣੈਂ ਜਾਂ..?" ਜਾਣ ਕੇ ਗੱਲ ਉਸ ਨੇ ਅਧੂਰੀ ਛੱਡ ਦਿੱਤੀ।

-"ਇਕ ਤਾਂ ਜੀ ਸਾਡਾ ਪੈਸਾ ਲੱਗ ਗਿਆ...!"

-"ਪੈਸਾ ਲੱਗ ਗਿਆ, ਕੀ ਲੋਹੜ੍ਹਾ ਆ ਗਿਆ..? ਝੂਟੇ ਵੀ ਕੁੜੀ 'ਤੇ ਤੇਰੇ ਮੁੰਡੇ ਨੇ ਈ ਲਏ

ਐ..? ਤੂੰ ਸੁਕਰ ਕਰ ਅਸੀਂ ਉਹਦੇ 'ਤੇ ਕੋਈ ਕੇਸ ਨ੍ਹੀ ਬਣਾਇਆ..? ਨਹੀਂ ਤਾਂ ਨਜਾਇਜ ਸਬੰਧਾਂ ਦਾ ਕੇਸ ਬਣਾ ਕੇ ਅਸੀਂ ਉਹਨੂੰ ਜੇਲ੍ਹ 'ਚ ਮਾਰਦੇ..! ਜੇ ਅਸੀਂ ਢਿੱਲ ਵਰਤ ਕੇ ਸਿੱਧੇ ਵਗਦੇ ਐਂ, ਤਾਂ ਤੁਸੀਂ ਬਣ ਜਾਨੇ ਐਂ ਰਾਣੀ ਖਾਂ ਦੇ ਸਾਲ਼ੇ..! ਕਿਤੇ ਘਿਉ ਕੱਢਣ ਵਾਸਤੇ ਸਾਨੂੰ ਉਂਗਲ਼ ਨਾ ਵਿੰਗੀ ਕਰਨੀ ਪਵੇ..! ਸੋਚ ਲੈ..! ਸਾਨੂੰ ਮਹੀਨਾਂ ਹੋ ਗਿਆ, ਨਿੱਤ ਗਿੱਟੇ ਕਢਵਾਉਂਦੇ ਫ਼ਿਰਦੇ ਐਂ..!"

-".......।"

-"ਸੌ ਹੱਥ ਰੱਸਾ ਸਿਰੇ 'ਤੇ ਗੰਢ..! ਹੁਣ ਗੱਲ ਸੁਣ ਮੇਰੀ ਇਕ..! ਥੋਡੇ ਕੇਸ ਨੇ ਸਾਰੀ ਪੁਲ਼ਸ ਨੂੰ ਵੰਝ 'ਤੇ ਚੜ੍ਹਾਇਆ ਪਿਐ..! ਜੇ ਤਾਂ ਮਾੜਾ ਮੋਟਾ ਲੈ ਦੇ ਕੇ ਕਰਨੈਂ ਰਾਜੀਨਾਵਾਂ, ਤਾਂ ਦੱਸ ਲੈ..? ਤੇ ਜੇ ਚੜ੍ਹਨੈਂ ਕਾਨੂੰਨ ਦੇ ਸਿੰਗਾਂ 'ਤੇ, ਤਾਂ ਬੋਲ..! ਗੱਲ ਮੈਂ ਇਕ ਈ ਸੁਣਨੀ ਐਂ, ਦੋ ਸੁਣਨ ਦਾ ਮੈਂ ਆਦੀ ਨਹੀਂ..! ਅਸੀਂ ਥੋਡੇ ਮਾਂਗੂੰ ਬਿਹਲੇ ਨ੍ਹੀ, ਬਈ ਥੋਡੇ ਪਿੱਛੇ ਲੱਤਾਂ ਕਢਾਉਂਦੇ ਤੇ ਮਿੰਨਤਾਂ ਕਰਦੇ ਤੁਰੇ ਫਿਰਾਂਗੇ..! ਕਿੰਨਾਂ ਖਰਚਾ ਆਇਐ ਤੇਰਾ ਹਸਪਤਾਲ਼..?"

-"ਜੀ ਪੰਦਰਾਂ ਹਜਾਰ...!" ਬਿੱਕਰ ਸਿੰਘ ਘੁੱਟੇ ਜਿਹੇ ਸੰਘ ਨਾਲ਼ ਬੋਲਿਆ। ਉਸ ਦੀ ਜੀਭ ਤਾਲੂਏ ਲੱਗੀ ਪਈ ਸੀ।

-"ਵੀਹ ਦੁਆ ਦਿੰਨੈ, ਖੁਸ਼ ਐਂ...?"

-"........।" ਬਿੱਕਰ ਸਿੰਘ ਚੁੱਪ ਸੀ। ਉਹ ਬਾਹਰ ਬੈਠੇ ਸਰਪੰਚ ਵੱਲੋਂ ਵੀ ਭੈੜ੍ਹਾ ਨਹੀਂ ਪੈਣਾ ਚਾਹੁੰਦਾ ਸੀ। ਪਿੰਡ ਦਾ ਅਤੇ ਮੂੰਹ ਮੱਥੇ ਲੱਗਣ ਦਾ ਸੁਆਲ ਸੀ।

-"ਬੋਲਦਾ ਨ੍ਹੀ...? ਅਸੀਂ ਥੋਡੇ 'ਤੇ ਨ੍ਹੀ ਬੈਠੇ..! ਸਾਨੂੰ ਹੋਰ ਵੀ ਪੰਜਾਹ ਕੰਮ ਐਂ, ਬੀਹ ਹਜਾਰ ਦੁਆ ਦਿਆਂ, ਧੀ ਦਿਆ ਯਾਰਾ..?" ਠਾਣੇਦਾਰ ਨੇ ਰੂਲ ਦੁਬਾਰਾ ਮੇਜ 'ਤੇ ਖੜਕਾਇਆ।

-"ਜਿਵੇਂ ਮਰਜੀ ਐ ਕਰਲੋ ਜੀ, ਸਾਡਾ ਕਿਹੜਾ ਕੋਈ ਜੋਰ ਐ ਥੋਡੇ ਮੂਹਰੇ...?" ਰੂਲ ਖੜਕਣ ਨਾਲ਼ ਬਿੱਕਰ ਸਿੰਘ ਦਾ ਕਾਲ਼ਜਾ ਨਿਕਲ਼ ਗਿਆ ਸੀ।

-"ਚੱਲ ਬਾਹਰ ਬੈਠ..! ਮੈਂ ਮੁੰਡੇ ਨੂੰ ਭੇਜ ਕੇ ਪੈਸੇ ਮੰਗਵਾਉਨੈ, ਤੇ ਇਕ ਗੱਲ ਸੁਣ..!"

ਬਿੱਕਰ ਸਿੰਘ ਨੇ ਟੱਲ ਵਾਂਗ ਲਮਕਦਾ ਚਿਹਰਾ ਉਪਰ ਉਗੀਸਿਆ।

-"ਪਤਾ ਨ੍ਹੀ ਮੁੰਡੇ ਦੇ ਕੁਛ ਵੱਜਿਆ ਵੀ ਐ, ਜਾਂ ਨਹੀਂ? ਪਤਾ ਨ੍ਹੀ ਕੁੜੀ ਤੋਂ ਆਪ ਈ ਘਰੂਟ ਮਰਵਾਲੇ ਹੋਣੇਂ ਐਂ...! ਹੁਣ ਗੱਲ ਸੁਣ..! ਜੇ ਬਾਹਰ ਜਾ ਕੇ ਇਰਾਦਾ ਬਦਲਿਆ, ਜਾਂ ਗੱਲ ਤੋਂ ਫਿਰਿਐਂ, ਤੇਰੀ....'ਚ ਡੰਡਾ ਦੇ ਕੇ ਉਹ ਮੋਰ ਬਣਾਊਂਗਾ, ਤੂੰ ਯਾਦ ਰੱਖੇਂਗਾ..! ਸਮਝ ਗਿਆ?"

ਬਿੱਕਰ ਸਿੰਘ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

-"ਜਾਹ ਬਾਹਰ ਬੈਠ...!"

ਹਾਰੇ ਹੋਏ ਜੁਆਰ੍ਹੀਏ ਵਾਂਗ ਬਿੱਕਰ ਸਿੰਘ ਸਿਰ ਸੁੱਟੀ ਬਾਹਰ ਨਿਕਲ਼ ਗਿਆ।

ਸਰਪੰਚ ਬਿੱਕਰ ਕੋਲ਼ ਆ ਗਿਆ।

-"ਕੀ ਬਣਿਆਂ..?" ਹਰਾਸਾਂ ਮਾਰੇ ਮੂੰਹ ਵੱਲ ਦੇਖ ਕੇ ਸਰਪੰਚ ਨੇ ਪੁੱਛਿਆ।

-"......।" ਬਿੱਕਰ ਸਿੰਘ ਚੁੱਪ ਸੀ। ਕੀ ਦੱਸਦਾ...?

ਸਰਪੰਚ ਵੀ ਗੱਲ ਸਮਝ ਕੇ ਚੁੱਪ ਹੋ ਗਿਆ।

-"ਸਰਪੈਂਚਾ ਮੇਰੀ ਇਕ ਗੱਲ ਸੁਣ ਕੇ ਜਾਈਂ..!" ਠਾਣੇਦਾਰ ਨੇ ਦਫ਼ਤਰ ਦੇ ਦਰਵਾਜੇ ਵਿਚ ਖੜ੍ਹ ਕੇ ਹੋਕਰਾ ਮਾਰਿਆ। ਉਹ ਸਾਰੀ ਕਾਰਵਾਈ ਨੂੰ ਗੋਲ ਗੰਢ ਮਾਰ ਦੇਣੀਂ ਚਾਹੁੰਦਾ ਸੀ।

ਫ਼ਸਿਆ ਫ਼ਸਾਇਆ ਸਰਪੰਚ ਅੰਦਰ ਚਲਾ ਗਿਆ।

-"ਮਸਾਂ ਰਾਜੀਨਾਵਾਂ ਕਰਵਾਇਐ, ਹੁਣ ਤੂੰ ਨਾ ਕੋਈ ਸਿੰਗੜੀ ਛੇੜਦੀਂ..! ਜੇ ਕੋਈ ਊਨੀ ਇੱਕੀ ਹੋਈ, ਅਸੀਂ ਤੇਰੇ ਨਿਆਣਾ ਪਾ ਲੈਣੈਂ..! ਭੁੱਲਿਆ ਨਾ ਫਿਰੀਂ...! ਨਾਲ਼ੇ ਤੈਨੂੰ ਚੰਗਾ ਭਲਾ ਪਤੈ ਸਰਪੈਂਚਾ, ਅਸੀਂ ਕੁੱਟਦੇ ਘੱਟ ਤੇ ਘੜ੍ਹੀਸਦੇ ਜਿਆਦਾ ਹੁੰਨੇ ਆਂ..! ਨਾਲ਼ੇ ਤੈਨੂੰ ਕੀ ਭੁੱਲਿਐ..? ਨਿੱਤ ਤਾਂ ਆਪਣਾ ਵਾਹ ਰਹਿੰਦੈ..? ਫ਼ਿਕਰ ਨਾ ਕਰ, ਤੇਰਾ ਕਿਹਾ ਕਿਤੇ ਫੇਰ ਮੰਨਲਾਂਗੇ..! ਉਦਾਸ ਨਾ ਹੋ!" ਠਾਣੇਦਾਰ ਨੇ

ਕਰੜੇ ਕੰਨ ਕਰ ਦਿੱਤੇ।

ਸਰਪੰਚ ਕੰਨ ਜਿਹੇ ਝਾੜਦਾ ਬਾਹਰ ਆ ਗਿਆ।

ਅੱਧੇ ਕੁ ਘੰਟੇ ਵਿਚ ਠਾਣੇਦਾਰ ਨੇ ਮੁਣਸ਼ੀ ਤੋਂ ਰਾਜੀਨਾਵੇਂ ਦੇ ਪ੍ਰਵਾਨੇ ਤਿਆਰ ਕਰਵਾ ਲਏ।

ਵੀਹ ਹਜ਼ਾਰ ਰੁਪਏ ਬਿੱਕਰ ਸਿੰਘ ਨੂੰ ਦੇ ਕੇ ਰਾਜ਼ੀਨਾਵੇਂ 'ਤੇ ਦਸਤਖ਼ਤ ਕਰਵਾ ਲਏ। ਸੁਰਜਣ ਸਿਉਂ ਅੰਦਰ ਹੀ ਦੜਿਆ ਬੈਠਾ ਸੀ। ਉਸ ਨੂੰ ਲੋੜ ਵੀ ਕੀ ਸੀ ਬਾਹਰ ਨਿਕਲਣ ਦੀ..? ਉਸ ਦਾ ਕਰਿੰਦਾ ਠਾਣੇਦਾਰ ਹੈ ਤਾਂ ਸੀ..? ਸੁਰਜਣ ਸਿਉਂ ਫਿਰ ਵੀ ਮੰਤਰੀ ਜੀ ਦਾ ਖ਼ਾਸ ਬੰਦਾ ਸੀ ਅਤੇ ਠਾਣੇਦਾਰ ਮੰਤਰੀ ਦਾ ਇਕ ਤਰ੍ਹਾਂ ਨਾਲ਼ ਨੌਕਰ..! ਫਿਰ ਸੁਰਜਣ ਸਿਉਂ ਨੂੰ ਕੀ ਚੱਟੀ ਪਈ ਸੀ, ਕਿਸੇ ਨਾਲ਼ ਮਗਜਮਾਰੀ ਕਰਨ ਦੀ..? ਉਹ ਤਾਂ ਰਾਠ ਬਣਿਆਂ ਦਫ਼ਤਰ ਦੇ ਪਿਛਲੇ ਕਮਰੇ ਵਿਚ ਬਿਰਾਜਿਆ ਹੋਇਆ ਸੀ।

-"ਲੈ ਸਰਪੈਂਚਾ, ਤੂੰ ਵੀ ਮਾਰ ਘੁੱਗੀ..! 'ਕੱਠਾ ਜਿਆ ਕਾਹਨੂੰ ਹੋਈ ਜਾਨੈ..? ਖੁੱਲ੍ਹ ਕੇ ਖੜ੍ਹ..!" ਠਾਣੇਦਾਰ ਨੇ ਕਿਹਾ।

ਸਰਪੰਚ ਨੇ ਵੀ ਦਸਤਖ਼ਤ ਵਾਹ ਦਿੱਤੇ। ਮਜਬੂਰੀ ਦਾ ਨਾਂ 'ਮਾਸੀ' ਸੀ। ਪੁਲੀਸ ਦਾ ਕੀ ਇਤਬਾਰ..? ਜਾਨ ਬਚੀ ਲਾਖੋਂ ਪਾਏ..। ਆਪਣੀ ਇੱਜ਼ਤ ਆਪਣੇ ਹੱਥ..! ਸਰਪੰਚ ਸੋਚ ਰਿਹਾ ਸੀ।

ਉਹ ਚੁੱਪ ਚਾਪ ਠਾਣੇ ਤੋਂ ਬਾਹਰ ਨਿਕਲ਼ ਗਏ।

-"ਆ ਜਾਹ ਸੁਰਜਣ ਸਿਆਂ..! ਆ ਜਾਹ, ਬਾਹਰ ਆ ਜਾਹ..! ਅੰਦਰ ਤਾਂ ਵੱਟ ਜਿਐ..!" ਠਾਣੇਦਾਰ ਨੇ ਅੰਦਰਲੇ ਅੰਦਰ ਝਾਕ ਕੇ ਕਿਹਾ।

ਸੁਰਜਣ ਸਿਉਂ ਬਾਹਰ ਆ ਗਿਆ। ਕਿਸੇ ਜਿੱਤ ਨਾਲ਼ ਉਸ ਦਾ ਮੂੰਹ ਰੱਤਾ ਹੋਇਆ ਪਿਆ ਸੀ। ਉਹ ਵਾਕਿਆ ਹੀ ਜੇਤੂਆਂ ਵਾਂਗ ਬਾਹਰ ਨਿਕਲਿਆ। ਇਰਦਾ ਕਤਲ ਅਤੇ ਬਲਾਤਕਾਰ ਦਾ ਕੇਸ ਰਫ਼ਾ ਦਫ਼ਾ ਹੋ ਗਿਆ ਸੀ। ਲਾਡਲਾ ਪੁੱਤ ਬਚ ਗਿਆ ਸੀ।

-"ਖੁਸ਼ ਐਂ ਹੁਣ..? ਕੱਢਤੀ ਨਾ ਤੇਰੀ ਗਊ ਗਾਰ 'ਚੋਂ?" ਠਾਣੇਦਾਰ ਨੇ ਕਿਹਾ ਤਾਂ ਸੁਰਜਣ ਸਿਉਂ ਨੇ ਠਾਣੇਦਾਰ ਨੂੰ ਜੱਫ਼ੀ ਪਾ ਲਈ।

-"ਤੇਰੀ ਦੱਸ ਕੀ ਸੇਵਾ ਕਰਾਂ...?" ਸੁਰਜਣ ਸਿਉਂ ਨੇ ਠਾਣੇਦਾਰ ਰੂੜ ਸਿੰਘ 'ਤੇ ਮਿਹਰਵਾਨ ਹੁੰਦਿਆਂ ਪੁੱਛਿਆ।

-"ਬੱਸ, ਦਇਆ ਐ ਤੇਰੀ..! ਕਾਹਨੂੰ ਸ਼ਰਮ ਦਿੰਨੈਂ..? ਪਰ ਜੇ ਦਿਆਲੂ ਹੋਇਆ ਈ ਐਂ, ਤਾਂ ਐਸ. ਪੀ. ਸੰਧੂ ਸਾਹਿਬ ਨੂੰ ਪਰਮੋਸ਼ਨ ਲਈ ਆਖਦੇ..!"

-"ਉਹ ਤੇਰੀ ਪੱਕੀ..! ਉਹਦੀ ਚਿੰਤਾ ਨਾ ਕਰ...! ਕੋਈ ਹੋਰ ਸੇਵਾ ਦੱਸ? ਤੂੰ ਅੱਜ ਤੋਂ ਮੇਰੀ ਹਿੱਕ ਦਾ ਵਾਲ਼ ਐਂ!"

-"ਆਹ ਮੁੰਡਿਆਂ ਖੁੰਡਿਆਂ ਦੀ ਚਾਹ ਪਾਣੀ ਦੀ ਸੇਵਾ ਕਰਦੇ, ਹੋਰ ਤੈਥੋਂ ਆਪਾਂ ਕੀ ਲੈਣੈਂ..? ਘਰ ਦੀ ਤਾਂ ਗੱਲ ਐ..!" ਉਸ ਨੇ ਮੁਣਸ਼ੀ ਅਤੇ ਸਿਪਾਹੀਆਂ ਵੱਲ ਇਸ਼ਾਰਾ ਕਰ ਕੇ ਆਖਿਆ।

-"ਅੱਜ ਰਾਤ ਨੂੰ ਕੋਠੀ ਆਜੀਂ, ਜਸ਼ਨ ਕਰਾਂਗੇ..!" ਸੁਰਜਣ ਸਿਉਂ ਨੇ ਰੁੱਗ ਭਰਕੇ ਨੋਟਾਂ ਦਾ ਠਾਣੇਦਾਰ ਨੂੰ ਫੜਾ ਦਿੱਤਾ ਅਤੇ ਊਠ ਵਾਂਗ ਪੁਲਾਂਘਾਂ ਭਰਦਾ ਠਾਣੇ ਤੋਂ ਬਾਹਰ ਨਿਕਲ ਗਿਆ। ਉਸ ਦੇ ਸਾਰੇ ਕੰਮ ਹੀ ਰਾਸ ਆ ਗਏ ਸਨ। ਉਸ ਦਾ ਪੈਰ ਧਰਤੀ 'ਤੇ ਨਹੀਂ ਲੱਗ ਰਿਹਾ ਸੀ। ਕਿਸੇ ਗ਼ੈਬੀ ਸ਼ਕਤੀ ਆਸਰੇ ਉਹ ਛਾਲ਼ ਮਾਰ ਕੇ ਜਿਪਸੀ 'ਤੇ ਸਵਾਰ ਹੋਇਆ ਸੀ।

## ਕਾਂਡ 4

ਹਨੀ ਦੇ ਬਾਪ ਮੀਹਾਂ ਸਿੰਘ ਨੇ ਜੰਗੀ ਪੱਧਰ 'ਤੇ ਹਨੀ ਲਈ ਕੋਈ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ।

ਉਸ ਨੇ ਤੂਫ਼ਾਨੀ ਪੱਧਰ 'ਤੇ ਰਿਸ਼ਤੇਦਾਰੀਆਂ ਵਿਚ ਅਤੇ ਜਾਣਕਾਰਾਂ ਕੋਲ਼ ਗੇੜੇ ਕੱਢਣੇ ਸ਼ੁਰੂ ਕਰ ਦਿੱਤੇ! ਪਰ ਰਿਸ਼ਤੇਦਾਰ ਅਤੇ ਜਾਣਕਾਰ ਮਿੱਤਰ ਗੱਲ 'ਤੇ ਕੰਨ ਨਾ ਧਰਦੇ! ਖੇਹ ਖਰਾਬ ਕੀਤੀ ਕੁੜੀ ਨੂੰ, ਖ਼ਾਸ ਤੌਰ 'ਤੇ ਜਿਸ ਬਾਰੇ ਇਤਨਾ ਧੂਤਕੜਾ ਉਠਿਆ ਹੋਵੇ ਅਤੇ ਪੁਲੀਸ ਕੇਸ ਬਣੇ ਹੋਣ, ਛੇਤੀ ਕੀਤੇ ਕੌਣ ਅਪਣਾਉਂਦਾ ਹੈ..? ਇਸ ਲਈ ਹਰ ਕੋਈ ਗੱਲੀਂ ਬਾਤੀਂ ਚਿੜੀ ਪੂੰਝਾ ਛੁਡਾ ਜਾਂਦਾ। ਜਦੋਂ ਉਹ ਆਪਣੇ ਸਾਢੂ ਬਖਤੌਰ ਕੋਲ਼ ਗਿਆ ਤਾਂ ਬਖਤੌਰ ਨੇ ਸਿੱਧੀ ਪੱਧਰੀ ਗੱਲ ਮੀਹਾਂ ਸਿੰਘ ਅੱਗੇ ਆਖ ਦਿੱਤੀ।

-"ਮੀਹਾਂ ਸਿਆਂ ਇਕ ਗੱਲ ਕਰਦੈਂ ਸਾਫ਼..! ਬਾਈ ਬਣਕੇ ਗੁੱਸਾ ਨਾ ਕਰੀਂ-!" ਬਖਤੌਰਾ ਸਿੱਧਾ-ਸਾਦਾ ਬੰਦਾ ਸੀ। ਸਿੱਧੀ ਗੱਲ ਦੀ ਸਿੱਧੀ ਸਲੋਟ ਸੁਣਾਈ ਕਰਨ ਵਾਲ਼ਾ!

-"ਗੁੱਸਾ ਕਾਹਦਾ ਕਰਨੈਂ ਬਖਤੌਰਿਆ..? ਜੋ ਕੁਛ ਆਪਣੇ ਪ੍ਰੀਵਾਰ ਦੇ ਮੂੰਹ ਨਾਲ਼ ਹੋਇਐ, ਸਾਰੀ ਦੁਨੀਆਂ ਨੂੰ ਪਤੈ..! ਮੈਨੂੰ ਤਾਂ ਧਰਤੀ ਵੇਹਲ ਨੀ ਦਿੰਦੀ ਬਖਤੌਰਿਆ...!" ਮੀਹਾਂ ਸਿੰਘ ਨੇ ਧਾਹ ਮਾਰਨ ਵਾਲ਼ਿਆਂ ਵਾਂਗ ਕਿਹਾ।

-"ਕਿਸੇ ਖਾਨਦਾਨੀ ਘਰ ਨੇ ਤਾਂ ਹੁਣ ਕੁੜੀ ਨੂੰ ਅਪਨਾਉਣਾ ਨ੍ਹੀ, ਇਹ ਗੱਲ ਤਾਂ ਲੋਹੇ 'ਤੇ ਲਕੀਰ ਐ..! ਉਹਨੂੰ ਤਾਂ ਹੁਣ ਕੋਈ ਲੋੜਵੰਦ ਪ੍ਰੀਵਾਰ ਈ ਸਾਂਭੂ..!" ਬਖਤੌਰ ਨੇ ਆਪਣੀ ਕਾਲ਼ੀ ਕੀਤੀ ਦਾਹੜੀ ਪਲ਼ੋਸੀ। ਉਸ ਨੂੰ ਦਾਹੜੀ ਕਾਲ਼ੀ ਕਰਨ ਦੀ ਬਹੁਤੀ ਜਾਂਚ ਨਹੀਂ ਸੀ। ਦਾਹੜੀ ਵਿਚ ਪਏ ਡੱਬ ਹਾੜ ਮਹੀਨੇ ਖੇਤ ਖੜ੍ਹੀ ਇੱਟਸਿੱਟ ਵਰਗੇ ਲੱਗਦੇ ਸਨ!

-"ਬਖਤੌਰਿਆ..! ਇਕ ਗੱਲ ਆਖਾਂ?"

-"ਖੁੱਲ੍ਹ ਕੇ ਆਖ ਵੱਡੇ ਭਾਈ, ਮੈਂ ਸੁਣਦੈਂ..!"

-"ਮੇਰੇ ਵੱਲੋਂ ਚਾਹੇ ਕਿਸੇ ਦੁਹਾਜੂ ਨਾਲ਼ ਹੋਜੇ, ਪਰ ਰਿਸ਼ਤਾ ਬਖਤੌਰਿਆ ਸਿਰੇ ਚੜ੍ਹਜੇ, ਦੁਨੀਆਂ ਮੂੰਹ ਛਿੱਤਰ ਦਿੰਦੀ ਐ..!"

-"ਤੂੰ ਇਉਂ ਕਰ ਵੱਡੇ ਭਾਈ..! ਗੱਲ ਮਾੜੀ ਜੀ ਟਿਕ ਲੈਣ ਦੇ..! ਆਪਣੇ ਲੋਕ ਐਹੋ ਜੇ ਐ, ਜੇ ਗੱਲ ਚੱਕਦੇ ਐ, ਇਕ ਦਮ ਸਿੰਗ ਮਿੱਟੀ ਚੱਕ ਲੈਂਦੇ ਐ, ਜਦੋਂ ਭੁੱਲਦੇ ਐ, ਮਿੰਟ ਨ੍ਹੀ ਲਾਉਂਦੇ..!"

-"........।" ਮੀਹਾਂ ਸਿੰਘ ਚੁੱਪ ਸੀ।

-"ਥੋੜਾ ਜਿਆ ਚਿਰ ਜਰੈਂਦ ਕਰ...! ਗੱਲ ਆਪੇ ਆਈ ਗਈ ਹੋਜੂ। ਇਉਂ ਕੁੜੀ ਨੂੰ ਵੱਡੇ ਭਾਈ ਖੂਹ 'ਚ ਧੱਕਾ ਨਾ ਦੇਹ, ਫੇਰ ਵੀ ਆਬਦੀ ਜੰਮੀ ਜਾਈ ਐ!"

-".........।"

-"ਜੇ ਇਉਂ ਈ ਤੱਤੇ ਪੈਰੀਂ ਕੁੜੀ ਨੂੰ ਘਰੋਂ ਕੱਢਣ 'ਤੇ ਤੁਲਿਆ ਰਿਹਾ, ਕੁੜੀ ਨੂੰ ਖ਼ਤਾਨਾਂ 'ਚ ਈ ਸਿੱਟੇਂਗਾ..! ਮੇਰੀ ਗੱਲ ਦਾ ਗੁੱਸਾ ਨਾ ਕਰੀਂ..! ਜਿਵੇਂ ਕੁੜੀ ਆਲ਼ੀ ਗੱਲ ਦਾ ਧੂੰਆਂ ਰੋਲ਼ ਹੋਇਐ, ਐਹੋ ਜੀ ਹਾਲਤ 'ਚ ਕੁੜੀ ਨੂੰ ਕੋਈ ਟਿਕਾਣੇ ਦਾ ਮੁੰਡਾ ਨ੍ਹੀ ਮਿਲਣਾ..! ਕੋਈ ਸ਼ਰਾਬੀ ਕਬਾਬੀ ਜਾਂ ਲੰਡਰ ਈ ਮਿਲੂ..! ਮੈਂ ਤੇਰੇ ਮਨ ਦੀ ਹਾਲਤ ਸਮਝਦੈਂ ਬਾਈ-!" ਬਖਤੌਰੇ ਦੀ ਗੱਲ 'ਤੇ ਮੀਹਾਂ ਸਿੰਘ ਰੋਣ ਲੱਗ ਪਿਆ।

-"ਵੱਡੇ ਭਾਈ, ਤੇਰੀ ਥਾਂ ਤੇਰਾ ਵੀਰ ਮਰਨ ਨੂੰ ਤਿਆਰ ਐ..! ਚਿੰਤਾ ਕਾਹਦੀ ਕਰਦੈਂ..? ਪਰ ਮੈਂ ਤੈਨੂੰ ਟਿਕਾਣੇ ਦੀ ਸੱਚੀ ਗੱਲ ਦੱਸਦੈਂ..! ਦਿਲ 'ਤੇ ਨਾ ਲਾਈਂ ਕੋਈ ਮੇਰੀ ਆਖੀ ਗੱਲ..! ਪਰ ਥੋੜ੍ਹਾ ਜਿਹਾ ਧਹੱਮਲ ਤੋਂ ਕੰਮ ਲੈ! ਰੱਬ ਭਲੀ ਕਰੂ..! ਆਪਾਂ ਉਹਦੇ ਮਾਂਹ ਨਹੀਂ ਮਾਰੇ..!" ਉਸ ਨੇ ਮੀਹਾਂ ਸਿੰਘ ਨੂੰ ਗਲ਼ਵਕੜੀ ਵਿਚ ਲੈ ਲਿਆ।

ਥਮਲ੍ਹੇ ਵਰਗਾ ਬੰਦਾ, ਮੀਹਾਂ ਸਿੰਘ ਰੋਂਦਾ ਉਸ ਤੋਂ ਜਰਿਆ ਨਹੀਂ ਗਿਆ ਸੀ।

-"ਬੰਦੇ ਬਖਤੌਰਿਆ ਕਦੇ ਰੋਂਦੇ ਨ੍ਹੀ ਹੁੰਦੇ..! ਦਿਲੋਂ ਅਥਾਹ ਦੁਖੀ ਬੰਦਾ ਈ ਰੋਂਦੈ!" ਮੀਹਾਂ ਸਿੰਘ

ਨੇ ਅੱਖਾਂ ਪੂੰਝਦਿਆਂ ਕਿਹਾ। ਉਸ ਦੀ ਅਵਾਜ਼ ਘਗਿਆ ਗਈ ਸੀ।

ਬਖਤੌਰਾ ਉਸ ਦੇ ਦੁੱਖ ਵਿਚ ਪਾਣੀ ਪਾਣੀ ਹੋਇਆ ਪਿਆ ਸੀ।

-"ਤੇਰਾ ਦਰਦ ਮੈਂ ਸਮਝਦੈਂ ਬਾਈ...!" ਉਸ ਨੇ ਮੀਹਾਂ ਸਿੰਘ ਨੂੰ ਥਾਪੜਿਆ।

-"ਬਖਤੌਰਿਆ..! ਮੇਰਾ ਚਿੱਤ ਕਰਦੈ ਹਰਾਮਦੀ ਨੂੰ ਵੱਢ ਕੇ, ਡੱਕਰੇ ਕਰ ਕੇ ਕਿਸੇ ਨਹਿਰ 'ਚ ਸਿੱਟ ਦਿਆਂ-!"

-"ਫੇਰ ਕੀ ਹੋਊ..? ਨ੍ਹਾ ਫੇਰ ਕੋਈ ਹੋਰ ਰੱਬ ਬਣਜੂ..? ਉਹ ਮਰੂ, ਤੂੰ ਜੇਲ੍ਹ 'ਚ ਸੜੇਂਗਾ, ਫਾਇਦਾ ਕੀ ਨਿਕਲੂ..? ਤਬਾਹੀ..? ਹਰ ਮਸਲੇ ਦਾ ਹੱਲ ਮਾਰ ਮਰਾਈ ਨ੍ਹੀ ਬਾਈ ਮੀਹਾਂ ਸਿਆਂ! ਮਰਨ ਮਾਰਨ ਤੋਂ ਬਿਨਾ ਹੋਰ ਹੱਲ ਵੀ ਹੈਗੇ ਐ..! ਥੋੜ੍ਹਾ ਜਿਆ ਸਮਾਂ ਖਿੱਚ ਧੂਹ ਕੇ ਲੰਘਾ..! ਰੱਬ ਖੈਰ ਕਰੂ, ਤੂੰ ਇਉਂ ਕਰ..!"

-"......।" ਮੀਹਾਂ ਸਿੰਘ ਰੋ ਕੇ ਕੁਝ ਹੌਲ਼ਾ ਹੋ ਗਿਆ ਸੀ। ਉਸ ਦੇ ਹੰਝੂ ਦਾਹੜੀ ਵਿਚ ਹੀ ਜ਼ੀਰ ਗਏ ਸਨ। ਜਿਸ ਨੂੰ ਉਸ ਨੇ ਮੋਢੇ 'ਤੇ ਰੱਖੇ ਪਰਨੇ ਨਾਲ਼ ਪੂੰਝਿਆ।

-"ਤੂੰ ਚਾਰ ਦਿਨ ਮੇਰੇ ਕੋਲ਼ੇ ਰਹਿ, ਆਪਾਂ ਕੁੜੀ ਦਾ ਕੋਈ ਨਾ ਕੋਈ ਜੁਗਾੜ ਕਰਦੇ ਐਂ..! ਰੋ ਧੋ ਕੇ ਮੇਰਾ ਮਨ ਦੁਖੀ ਨਾ ਕਰ ਬਾਈ ਮੀਹਾਂ ਸਿਆਂ..! ਜਿੰਦ ਮੰਗ, ਜਿੰਦ ਹਾਜਰ ਐ ਬਾਈ..!" ਬਖਤੌਰੇ ਨੇ ਮੀਹਾਂ ਸਿੰਘ ਨੂੰ ਗਲ਼ਵਕੜੀ ਵਿਚ ਲੈ ਲਿਆ। ਮੀਹਾਂ ਸਿਉਂ ਦਾ ਦਿਲ ਕੁਝ ਥਾਂਵੇਂ ਆ ਗਿਆ। ਰੱਬ ਦੀ ਰਜ਼ਾ ਹੀ ਐਸੀ ਹੈ ਕਿ ਉਹ ਜੇ ਇਕ ਦਰਵਾਜਾ ਬੰਦ ਕਰਦੈ, ਤਾਂ ਅੱਗੇ ਦਸ ਦਰਵਾਜੇ ਖੋਲ੍ਹ ਦਿੰਦੈ..! ਨਹੀਂ ਤਾਂ ਸਿਆਣੇ ਆਖਦੇ ਐ ਕਿ ਜਦੋਂ ਬੰਦੇ 'ਤੇ ਵਕਤ ਪੈਂਦੈ, ਤਾਂ ਸੁੱਬੀ ਵੀ ਸੱਪ ਬਣ ਜਾਂਦੀ ਐ..! ਬਖਤੌਰ ਮੀਹਾਂ ਸਿੰਘ ਨੂੰ ਰੱਬ ਬਣਕੇ ਹੀ ਤਾਂ ਮਿਲ਼ਿਆ ਸੀ..। ਰੱਬ ਬੰਦੇ ਨੇ ਕਿਹੜਾ ਦੇਖਿਐ..? ਰੱਬ ਵੀ ਬੰਦਿਆਂ ਵਿਚ ਦੀ ਹੀ ਬਹੁੜਦੈ..! ਰੱਬ ਸਰਿਸ਼ਟੀ ਦਾ ਕਰਤਾ..! ਰੱਬ ਇਸ ਜੱਗ ਨੂੰ ਚਲਾਉਣ ਵਾਲ਼ਾ..! ਮੀਹਾਂ ਸਿੰਘ ਸੋਚ ਰਿਹਾ ਸੀ।

ਮੀਹਾਂ ਸਿੰਘ ਕੁਝ ਦਿਨਾਂ ਲਈ ਬਖਤੌਰ ਕੋਲ਼ ਹੀ ਰਹਿ ਪਿਆ! ਘਰੇ ਜਾ ਕੇ ਕਰਨਾ ਵੀ ਕੀ ਸੀ...? ਅੱਠੇ ਪਹਿਰ ਅੱਖਾਂ ਸਾਹਮਣੇ ਹਨੀ ਨੂੰ ਦੇਖ ਕੇ ਮੀਹਾਂ ਸਿੰਘ ਦੇ ਸਰੀਰ ਨੂੰ ਵਟਣੇਂ ਚੜ੍ਹਦੇ! ਮਨ ਕਰੋਧੀ ਹੁੰਦਾ! ਮਰ ਜਾਂ ਮਾਰ ਦੇਣ ਨੂੰ ਦਿਲ ਉਬਲ਼-ਉਬਲ਼ ਪੈਂਦਾ। ਪਰ ਜਿੰਨੀ ਸਮਾਈ ਉਹ ਰੱਖੀ ਆ ਰਿਹਾ ਸੀ, ਕਿਸੇ ਆਮ ਇਨਸਾਨ ਦੇ ਵੱਸ ਦਾ ਰੋਗ ਨਹੀਂ ਸੀ! ਉਸ ਦੀ ਅਣਖ਼, ਉਸ ਦਾ ਜੱਟਪੁਣਾਂ, ਉਸ ਦੀ ਇੱਜ਼ਤ ਉਸ ਦੇ ਹੁੱਝਾਂ ਮਾਰਦੀ ਰਹਿੰਦੀ। ਉਹ ਘਰੋਂ ਬਾਹਰ ਨਾ ਨਿਕਲ਼ਦਾ। ਕੀੜਿਆਂ ਵਾਲ਼ੇ ਕੁੱਤੇ ਵਾਂਗ ਅੰਦਰ ਹੀ ਵੜਿਆ ਪਿਆ ਰਹਿੰਦਾ। ਲੋਕਾਂ ਦੀਆਂ ਕਟਾਰ ਨਜ਼ਰਾਂ ਉਸ ਦੇ ਕਾਲ਼ਜੇ ਵਿਚ ਸੱਲ ਪਾਉਂਦੀਆਂ। ਹਰ ਲੰਡੀ ਬੁੱਚੀ ਆਪਣੇ 'ਤੇ ਹੱਸਦੀ ਲੱਗਦੀ। ਉਹ ਅਥਾਹ ਪ੍ਰੇਸ਼ਾਨ ਹੋ ਜਾਂਦਾ। ਉਸ ਨੂੰ ਭੁੱਖ ਲੱਗਣੋਂ ਹਟ ਗਈ ਸੀ। ਪਿਆਸ ਦੀ ਸੁਰਤ ਨਹੀਂ ਸੀ। ਉਸ ਦੇ ਸਰੀਰ ਅਤੇ ਸਿਹਤ ਦਾ ਗਿਰਾਫ਼ ਨਿਵਾਣਾਂ ਵੱਲ ਨੂੰ ਤੁਰ ਪਿਆ ਸੀ। ਪਰ ਅੱਜ ਬਖਤੌਰ ਕੋਲ਼ ਆ ਕੇ ਉਸ ਨੇ ਸੰਤੁਸ਼ਟੀ ਮਹਿਸੂਸ ਕੀਤੀ ਸੀ। ਬਖਤੌਰ ਉਸ ਦਾ ਸੱਚਾ ਹਮਦਰਦ ਹੀ ਤਾਂ ਸੀ। ਤੇਰ-ਮੇਰ ਤੋਂ ਨਿਰਲੇਪ ਅਤੇ ਸੱਚਾ ਸੁੱਚਾ ਨਿਰਪੱਖ ਬੰਦਾ!

ਬਖਤੌਰ ਨੇ ਮੀਹਾਂ ਸਿੰਘ ਨੂੰ ਧਰਵਾਸ ਦੇਣ ਲਈ ਰਾਤ ਨੂੰ ਦੇਸੀ ਬੋਤਲ ਖੋਲ੍ਹ ਲਈ।

-"ਜੰਗੀਰ ਨਾਲ਼ ਨ੍ਹੀ ਗੱਲ ਕੀਤੀ..?" ਬਖਤੌਰ ਨੇ ਪੈੱਗ ਪੀ ਕੇ ਗੰਢਾ ਚੱਬਦਿਆਂ ਪੁੱਛਿਆ।

-"ਕੀਤੀ ਸੀ..!" ਮੀਹਾਂ ਸਿੰਘ ਦਾਰੂ ਪੀਣ ਕਾਰਨ ਕਾਫ਼ੀ ਹੱਦ ਤੱਕ ਬੋਝ-ਰਹਿਤ ਹੋ ਗਿਆ ਸੀ।

-"ਕੀ ਕਹਿੰਦਾ..?" ਬਖਤੌਰ ਨੇ ਘੁੱਟ ਕੁ ਪਾਣੀ ਪੀਤਾ ਅਤੇ ਬਾਕੀ ਡੋਲ੍ਹ ਦਿੱਤਾ।

-"ਕਹਿਣਾਂ ਕੀ ਸੀ..? ਜੇ ਕੱਟਿਆਂ ਦੀਆਂ ਕੀਤੀਆਂ ਰਹਿ ਜਾਣ, ਲੋਕ ਝੋਟਿਆਂ ਨੂੰ ਦਾਣਾਂ ਕਿਉਂ ਚਾਰਨ..?" ਮੀਹਾਂ ਸਿੰਘ ਦੀ ਗੱਲ 'ਤੇ ਬਖਤੌਰ ਉਚੀ-ਉਚੀ ਹੱਸ ਪਿਆ।

-"ਮੱਝ ਵੀ ਖੱਟਰ ਸਾਹਣ ਈ ਹਰੀ ਕਰਦੈ ਬਖਤੌਰਿਆ..!"

-"ਉਏ ਵੱਸ ਉਹਦੇ ਵੀ ਕੋਈ ਨ੍ਹੀ..! ਗੱਲ ਕਰ ਬਹਿੰਦੈ,ਪਰ ਸਿਰੇ ਉਹਤੋਂ ਲੱਗਦੀ ਨਹੀ..!" ਹੱਸਦੇ ਬਖਤੌਰੇ ਦੀਆਂ ਬਰੀਕ ਅੱਖਾਂ 'ਚੋਂ ਪਾਣੀ ਦੇ ਪ੍ਰਨਾਲ਼ੇ ਚੱਲ ਗਏ ਸਨ।

-"ਇਕ ਗੱਲ ਹੋਰ ਐ..!" ਮੀਹਾਂ ਸਿਉਂ ਨੇ ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਮਰੋੜਦਿਆਂ ਕਿਹਾ।

-"ਕੀ..?" ਬਖਤੌਰ ਨੇ ਪਾਣੀ ਦਾ ਡੋਲੂ ਅੱਗੇ ਕਰ ਦਿੱਤਾ।

-"ਘਰੇ ਚੱਲਦੀ ਐ ਉਹਦੇ ਘਰਆਲ਼ੀ ਦੀ, ਤੇ ਇਹ ਬੰਦਾ ਹੈ ਤਾਂ ਖਾਂਟ..! ਪਰ ਘਰ ਦੇ ਕਲੇਸ਼ ਤੋਂ ਡਰਦਾ ਚੁੱਪ ਰਹਿੰਦੈ-!"

-"ਮੇਰੀ ਨਜਰ 'ਚ ਉਹ ਸਿਆਣਾ ਵਗਦੈ..! ਜਿਹੜਾ ਘਰੇ ਖਰੂਦ ਨ੍ਹੀ ਪਾਉਂਦਾ..! ਜਿਮੇ ਉਹਦੀ ਤੀਮੀ ਮੂੰਹ ਫ਼ੱਟ ਐ, ਘਰੇ ਨਿੱਤ ਧੂਤਕੜਾ ਪਵੇ!"

-"ਉਏ ਇਹਦੀ ਤਾਂ ਉਹ ਗੱਲ ਐ, ਜਿਵੇਂ ਕਿਸੇ ਨੇ ਝੋਟੇ ਨੂੰ ਕਿਹਾ ਸੀ, ਅਖੇ ਬੜ੍ਹਕ ਮਾਰਦੈਂ..? ਕਹਿੰਦਾ, ਸਾਹਣ ਐਂ, ਤੇ ਮੋਕ ਮਾਰਦੈਂ..? ਕਹਿੰਦਾ ਬਾਣੀਆਂ ਦਾ ਛੱਡਿਆ ਵਿਐਂ..!"

ਮੀਹਾਂ ਸਿੰਘ ਹੱਸ ਪਿਆ।

-"ਇਕ ਗੱਲ ਹੋਰ ਐ ਬਖਤੌਰਿਆ..! ਆਬਦੀ ਧੀ ਵੱਲੋਂ ਇਹ ਵੀ ਬੜਾ ਔਖਾ ਰਿਹੈ, ਤੈਨੂੰ ਤਾਂ ਪਤਾ ਨ੍ਹੀ ਹੋਣਾ..?"

-"ਨਹੀਂ, ਮੈਨੂੰ ਤਾਂ ਕੁਛ ਨ੍ਹੀ ਪਤਾ-!" ਬਖਤੌਰਾ ਹੈਰਾਨ ਹੋ ਗਿਆ।

-"ਪਤਾ ਲੱਗੇ ਵੀ ਕਿੱਥੋਂ..? ਕਿਹੜਾ ਤੇਰਾ ਉਹਦੇ ਨਾਲ਼ ਕੋਈ ਵਾਹ ਵਾਸਤੈ..? ਉਹ ਤਾਂ ਬਿਚਾਰਾ ਬਹੁਤ ਤੰਗ ਰਿਹੈ ਆਬਦੀ ਕੁੜੀ ਅੱਲੋਂ..!"

-"ਅੱਛਾ..! ਕੀ, ਗੱਲ ਕੀ ਹੋਗੀ ਸੀ..?" ਬਖਤੌਰ ਨੇ ਪੈੱਗ ਪਾ ਕੇ ਪੁੱਛਿਆ।

-"ਉਏ ਉਹਦੀ ਕੁੜੀ ਐ ਨ੍ਹਾਂ ਪ੍ਰੀਤ..!"

-"ਬਾਈ ਮੈਂ ਤਾਂ ਉਹਦੇ ਜੁਆਕ ਵੀ ਬਿਚਾਰੇ ਨਿੱਕੇ ਨਿੱਕੇ ਹੁੰਦੇ ਦੇਖੇ ਐ, ਹੁਣ ਤਾਂ ਚੇਤਾ ਨ੍ਹੀ..!"

-"ਉਹਦੇ ਨਾਲ਼ ਵੀ ਬਹੁਤ ਧੱਕਾ ਹੋਇਆ ਬਿਚਾਰੀ ਨਾਲ਼..!"

-"ਕਿਉਂ..? ਕੀ ਗੱਲ..?"

-"ਉਏ ਕੁੜੀ ਦੀ ਮਾਂ ਦਾ ਸਾਲ਼ੀ ਦਾ ਤੈਨੂੰ ਪਤਾ ਈ ਐ, ਚਗਲ਼ ਐ..! ਉਹਨੇ ਜੰਗੀਰ ਤੋਂ ਬੇ-ਬਾਹਰੀ ਹੋ ਕੇ ਕੁੜੀ ਦਾ ਰਿਸ਼ਤਾ ਕਰਤਾ..! ਅਖੇ ਮੁੰਡਾ ਮਰੀਕਾ ਰਹਿੰਦੈ, ਕੁੜੀ ਮੌਜਾਂ ਮਾਣੂੰ-!"

-"ਅੱਛਾ..! ਫੇਰ..?"

-"ਕੁੜੀ ਨੇ ਮੌਜਾਂ ਮੁਜਾਂ ਤਾਂ ਕਾਹਦੀਆਂ ਮਾਨਣੀਆਂ ਸੀ? ਬਿਚਾਰਿਆਂ ਨੇ ਛੱਡ ਛੁਡਾਈ ਵੀ ਮਸਾਂ ਕਰਵਾਈ ਐ! ਵੀਹ ਸਿਆਪੇ ਕਰਨੇ ਪਏ ਵਿਚਾਰਿਆਂ ਨੂੰ..!"

-"ਪਰ ਕਾਹਤੋਂ..?"

-"ਯਾਰ ਬਖਤੌਰਿਆ..! ਸਿਆਣੇ ਐਮੇ ਨ੍ਹੀ ਕਹਿੰਦੇ ਬਈ ਤੀਮੀ ਦੀ ਮੱਤ ਸਾਲ਼ੀ ਗਿੱਚੀ ਪਿੱਛੇ ਹੁੰਦੀ ਐ, ਸਿਆਣੇ ਝੂਠ ਨ੍ਹੀ ਕਹਿਗੇ!"

-"ਉਏ ਇਹ ਤਾਂ ਕੁੜੀ ਯਾਹਵੀਆਂ ਨਜਾਰੇ ਲੈਂਦੀਆਂ ਲੈਂਦੀਆਂ ਢਿੱਡ ਕਰਵਾ ਲੈਂਦੀਐਂ..! ਪਿੱਛੋਂ ਪਿੱਟਣਗੀਆਂ, ਅਈ ਲੈ ਭੈਣੇ, ਮੈਨੂੰ ਕੀ ਪਤਾ ਸੀ..? ਇਹਨਾਂ ਦੇ ਘਰੇ ਤਾਂ ਬਾਹਲ਼ਾ ਸਿਆਪਾ ਛਿੜਿਆ ਰਿਹੈ..!"

-"ਅੱਛਾ..?"

ਮੀਹਾਂ ਸਿੰਘ ਦਾਰੂ ਪੀਂਦਾ ਗੱਲ ਦੱਸਣ ਵਿਚ ਰੁੱਝ ਗਿਆ...!

.....ਅਸਲ ਵਿਚ ਪ੍ਰੀਤ ਦਾ ਰਿਸ਼ਤਾ ਕਿਸੇ 'ਬਾਹਰਲੇ' ਅਮਰੀਕਣ ਮੁੰਡੇ ਨਾਲ਼ ਹੋਣਾ ਤੈਅ ਹੋਇਆ। ਪ੍ਰੀਤ ਦੇ ਬਾਪ ਜੰਗੀਰ ਨੇ ਪਹਿਲਾਂ ਸਾਰੀ ਕੰਨਸੋਅ ਲੈਣ 'ਤੇ ਜੋਰ ਦਿੱਤਾ। ਪਰ ਉਸ ਦੇ ਘਰਵਾਲ਼ੀ ਗੁਰਮੇਲ ਕੌਰ ਨੇ ਜੰਗੀਰ ਸਿਉਂ ਦੇ ਪੈਰ ਨਾ ਲੱਗਣ ਦਿੱਤੇ, "ਮੁੰਡਾ ਬਾਹਰ ਐ..! ਤੂੰ ਕੰਨਸੋਅ ਲੈ ਕੇ ਕੀ ਕਰਨੈਂ...? ਮਸਾਂ ਰਿਸ਼ਤਾ ਹੱਥ ਆਇਐ ਕਮਲ਼ਿਆਂ ਦਿਆ ਟੱਬਰਾ..! ਇਹ ਵੀ ਹੱਥੋਂ ਖੁਹਾ ਲਵੇਂਗਾ, ਨਾ ਮਗਜਮਾਰੀ ਕਰ...! ਆਬਦੀ ਮੱਤ ਆਬਦੇ ਕੋਲ਼ੇ ਰੱਖ..!" ਗੁਰਮੇਲ ਕੌਰ ਨੇ ਆਦਤ ਅਨੁਸਾਰ ਖੁਰਗੋ

ਪੱਟੀ। ਬਘਿਆੜੀ ਘਰਵਾਲ਼ੀ ਅੱਗੇ ਕੂਨੇ ਜੰਗੀਰ ਦੀ ਕੋਈ ਪੇਸ਼ ਨਾ ਗਈ।

-"ਚਾਹੇ ਮੁੰਡਾ ਲੱਖ ਬਾਹਰ ਐ, ਪਰ ਉਹਦਾ ਕੋਈ ਅੱਗਾ ਪਿੱਛਾ ਤਾਂ ਪਤਾ ਕਰਨਾ ਚਾਹੀਦੈ? ਕੁੜੀ ਐਮੇ ਤਾਂ ਨੀ ਸਿੱਟ ਦੇਣੀ..?" ਜੰਗੀਰ ਨੇ ਆਖਰੀ ਤਾਣ ਲਾਇਆ।

-"ਜਦੋਂ ਵਿਚੋਲਾ ਹਾਂਮੀ ਭਰੀ ਜਾਂਦੈ, ਤੇਰਾ ਦਿਲ ਕਿਉਂ ਘਟਦੈ..? ਜੱਟਾਂ ਆਲ਼ਾ ਦਿਲ ਵੀ ਕੱਢਿਆ ਕਰ ਕਿਤੇ..! ਕਰਾੜਾਂ ਮਾਂਗੂੰ ਮੋਕ ਈ ਮਾਰੀ ਜਾਨਾ ਰਹਿੰਨੈ, ਹੋਰ ਕੀ ਤੂੰ ਪੂਰੀਆਂ ਪਾ ਦੇਵੇਂਗਾ...?" ਗੁਰਮੇਲ ਕੌਰ ਨੇ ਜੰਗੀਰ ਨੂੰ ਨਵੀਂ ਹੀ ਸੁਣਾਈ ਕੀਤੀ।

-"ਮੈਂ ਤਾਂ, ਤਾਂ ਕਹਿਨੈਂ ਮੇਲੋ, ਬਈ ਬਿਆਹ ਕੋਈ ਗੁੱਡੇ ਗੁੱਡੀ ਦੀ ਖੇਡ ਨ੍ਹੀ..! ਕੱਲ੍ਹ ਨੂੰ ਪਛਤਾਉਣ ਨਾਲ਼ੋਂ ਪਹਿਲਾਂ ਭੇਦ ਲੈਣਾ ਕੋਈ ਮਾੜੀ ਗੱਲ ਨ੍ਹੀ..!" ਜੰਗੀਰ ਨੇ ਸਿਧਾਂਤਕ ਗੱਲ ਆਖੀ।

-"ਕੋਈ ਨ੍ਹੀ ਲੱਤ ਟੁੱਟਦੀ..! ਜੇ ਮੈਂ ਤੇਰੇ ਮਗਰ ਲੱਗੀ ਰਹੀ, ਆਹ ਮੁੰਡਾ ਵੀ ਹੱਥੋਂ ਗੁਆ ਬੈਠਾਂਗੇ, ਵਜਾਉਂਦਾ ਫਿਰੀਂ ਟੱਲੀਆਂ..!"

-"ਕੁੜੀ ਨੂੰ ਤਾਂ ਮਾੜਾ ਮੋਟਾ ਪੁੱਛ ਲੈ..! ਆਬਦਾ ਈ ਘੋਰੜੂ ਵਜਾਈ ਜਾਨੀ ਐਂ..? ਆਪਣੇ ਆਲ਼ੇ ਸਮੇਂ ਹੁਣ ਗਏ..!"

-"ਕੁੜੀ ਤਾਂ ਨੰਦ ਕਾਰਜਾਂ ਤੋਂ ਬਿਨਾ ਈ ਮਰੀਕਾ ਭੱਜਣ ਨੂੰ ਤਿਆਰ ਐ, ਤੂੰ ਆਪ ਈ ਪੁੱਛਲਾ..!" ਜਦੋਂ ਗੁਰਮੇਲ ਕੌਰ ਨੇ ਆਖਰੀ, ਝੰਡੇ ਹੇਠਲੀ ਗੱਲ ਸੁਣਾਈ ਤਾਂ ਜੰਗੀਰ ਸਮਝ ਗਿਆ ਕਿ ਮੇਲੇ ਵਿਚ ਚੱਕੀਰਾਹੇ ਦੀ ਕੋਈ ਪੁੱਛ-ਦੱਸ ਨਹੀਂ ਸੀ। ਨਗਾਰਖਾਨੇ ਵਿਚ ਉਸ ਦੀ ਤੂਤੀ ਫੇਲ੍ਹ ਸੀ।

ਤੀਜੇ ਦਿਨ ਵਿਚੋਲਾ ਆ ਗਿਆ। ਬੇਈਮਾਨ ਜਿਹੀਆਂ ਅੱਖਾਂ ਵਾਲ਼ਾ ਵਿਚੋਲਾ ਨੱਥਾ ਸਿੰਘ ਜੰਗੀਰ ਨਾਲ਼ ਸਿੱਧੀ ਅੱਖ ਜਿਹੀ ਨਹੀਂ ਮਿਲ਼ਾ ਰਿਹਾ ਸੀ। ਸ਼ਾਇਦ ਗੁਰਮੇਲ ਕੌਰ ਨੇ ਉਸ ਨੂੰ ਜੰਗੀਰ ਦੀਆਂ ਗੱਲਾਂ ਦੱਸ ਦਿੱਤੀਆਂ ਸਨ। ਪਰ ਨੱਥਾ ਸਿੰਘ ਵੀ ਸੱਤਾਂ ਪੱਤਣਾਂ ਦਾ ਤਾਰੂ ਸੀ। ਜੁਆਨੀ ਵੇਲ਼ੇ ਉਹ ਕਿੱਕਰ ਤੋਂ ਕਾਟੋ ਲਾਹੁੰਣ ਦਾ ਸ਼ੌਕੀਨ ਰਿਹਾ ਸੀ। ਅੱਖ ਦਾ ਇਸ਼ਾਰਾ ਕਰਕੇ ਤੀਵੀਂ ਬੇਹੋਸ਼ ਕਰਨ ਵਾਲ਼ਾ ਨਿਸ਼ਾਨਚੀ..!

-"ਮੁੰਡੇ ਬਾਰੇ ਤੂੰ ਪੂਰੀ ਪੜਤਾਲ਼ ਕਰ ਲਈ ਐ, ਨੱਥਾ ਸਿਆਂ..?" ਜੰਗੀਰ ਨੇ ਅੰਦਰਲਾ ਪਾਲ਼ਾ ਫਿਰ ਜ਼ਾਹਿਰ ਕੀਤਾ।

-"ਗੁਰਮੇਲ ਕੁਰ ਨੇ ਸਾਰੀ ਤਸੱਲੀ ਕਰ ਈ ਲਈ ਐ ਜੰਗੀਰ ਸਿਆਂ..! ਹੁਣ ਜੇ ਤੂੰ ਕਰਨੀ ਐਂ, ਤਾਂ ਦੇਖਲਾ..!" ਆਖ ਕੇ ਨੱਥਾ ਸਿੰਘ ਸਾਫ਼ ਬਰੀ ਹੋ ਗਿਆ ਅਤੇ ਜੰਗੀਰ ਦਾ ਦਰਵਾਜੇ ਵਾਂਗ ਬੰਦ ਹੋ ਗਿਆ।

ਅਸਲ ਵਿਚ ਜੰਗੀਰ ਸਿੰਘ ਦੀ ਧੀ ਪ੍ਰੀਤ ਦਾ ਵਿਆਹ ਕਰਵਾ ਕੇ ਵਿਦੇਸ਼ 'ਚ ਵਸਣ ਦਾ ਇਕ ਵੱਡਾ ਸੁਪਨਾ ਸੀ। ਜਦੋਂ ਨੱਥਾ ਸਿੰਘ ਦੀ ਵਿਚੋਲਗਿਰੀ ਸਦਕਾ ਅਮਰੀਕਾ 'ਚ ਰਹਿੰਦੇ ਖ਼ੂਬਸੂਰਤ ਉੱਚੇ-ਲੰਮੇ 'ਗੀਤ' ਦੀ ਦੱਸ ਪਈ ਤਾਂ ਮਾਂ ਗੁਰਮੇਲ ਕੌਰ ਅੰਦਰ ਕੁਤਕੁਤੀ ਹੋਈ। ਧਰਤੀ ਪੈਰ ਨਾ ਲੱਗੇ! 'ਗੀਤ' ਦਾ ਸਾਰਾ ਪ੍ਰੀਵਾਰ ਅਮਰੀਕਾ ਵਿਚ ਸੀ। ਸਿਰਫ਼ ਇਕ ਵੱਡਾ ਅਤੇ ਛੜਾ ਭਰਾ ਜੀਤ ਪਿੰਡ ਕੋਠੀ ਅਤੇ ਜ਼ਮੀਨ ਦਾ ਸੰਭਾਲੂ ਸੀ। ਸੀ। ਜਿਸ ਦਾ ਸਾਲਾਂ ਬੱਧੀ ਉਚੇਚੀਆਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਅਮਰੀਕਾ ਜਾਣ ਦਾ ਸਬੱਬ ਨਾ ਬਣਿਆਂ। ਉਹ ਅਮਰੀਕਾ ਜਾਂਦਾ ਜਾਂਦਾ ਪਿੰਡ ਹੀ ਬੁੱਢਾ ਹੋ ਗਿਆ ਸੀ। ਉਮਰ ਦੇ ਚਾਰ ਦਹਾਕੇ ਟੱਪਣ ਕਾਰਨ ਹੁਣ ਉਸ ਨੂੰ ਕੋਈ ਸਕੀ ਧੀ ਦਾ ਸਾਕ ਕਰਨ ਲਈ ਰਾਜ਼ੀ ਨਹੀਂ ਸੀ! ਉਹ ਬਿਨ-ਬਰੇਕੇ ਇੰਜਣ ਵਾਂਗ ਕੰਧਾਂ ਕੌਲ਼ਿਆਂ ਵਿਚ ਵੱਜਦਾ ਫ਼ਿਰਦਾ ਸੀ। ਦਾਰੂ, ਭੁੱਕੀ ਅਤੇ ਜਰਦੇ ਦਾ ਪੱਟਿਆ ਉਹ ਉਮਰੋਂ ਪਹਿਲਾਂ ਹੀ ਬੁੱਢਾ 'ਖੁੰਢ' ਹੋ ਚੱਲਿਆ ਸੀ। ਉਸ ਦਾ ਧੁਆਂਖਿਆ ਜਿਹਾ ਮੂੰਹ ਚੱਲੇ ਕਾਰਤੂਸ ਵਰਗਾ ਲੱਗਦਾ ਸੀ। ਝੱਸ ਪੂਰਾ ਕਰਨ ਦੇ ਜੁਗਾੜ ਵਿਚ ਉਹ ਇਕ-ਦੋ ਵਾਰ ਖੇਤਾਂ ਵਿਚ ਕੰਮ ਕਰਦੀਆਂ ਕਾਮੀਆਂ ਤੋਂ ਛਿੱਤਰ ਵੀ ਖਾ ਬੈਠਾ ਸੀ। ਉਸ ਦੀ ਅਮਰੀਕਾ ਵੱਸਦੀ ਮਾਂ ਹਰਦੀਪ ਕੌਰ ਬਹੁਤ ਦੁਖੀ ਸੀ। ਨਾ ਪੁੱਤ ਅਮਰੀਕਾ ਆਇਆ ਅਤੇ ਨਾ ਹੀ ਵਿਆਹਿਆ ਗਿਆ। ਉਸ ਨੂੰ ਦਿਨ ਰਾਤ ਵੱਡੇ ਪੁੱਤ ਜੀਤ ਦਾ ਝੋਰਾ ਲੱਗਿਆ ਰਹਿੰਦਾ। ਪੈਸੇ ਪੱਖੋਂ ਉਹ ਮਾਰ ਨਹੀਂ ਖਾਂਦੀ ਸੀ। ਪਰ ਪੁੱਤ ਦਾ ਦੁੱਖ ਉਸ ਦੇ ਕਾਲ਼ਜੇ 'ਤੇ ਕੈਂਸਰ ਵਾਂਗ ਚੜ੍ਹਿਆ ਰਹਿੰਦਾ। ਫਿਰ ਵੀ ਮਾਂ ਸੀ। ਦੁੱਖ ਹੋਣਾਂ ਤਾਂ ਸੁਭਾਵਿਕ ਹੀ ਸੀ।

ਨੱਥਾ ਸਿੰਘ ਦੇ ਗੁਰਮੇਲ ਕੌਰ ਦੇ ਨਾਂ ਲੈਣ ਤੋਂ ਜੰਗੀਰ ਸਿੰਘ ਮਜਬੂਰਨ ਚੁੱਪ ਹੋ ਗਿਆ।

ਪ੍ਰੀਤ ਦੀ ਮਾਂ ਗੁਰਮੇਲ ਕੌਰ ਕੋਈ ਬਹੁਤੀ ਉਮਰ ਦੀ ਨਹੀਂ ਸੀ। ਕਰ ਕਰਾ ਕੇ ਉਸ ਦੀ ਉਮਰ ਚਾਲੀ ਕੁ ਸਾਲ ਦੀ ਸੀ। ਛੋਟੀ ਉਮਰ ਵਿਚ ਵਿਆਹੀ ਗਈ, ਬੇਫ਼ਿਕਰ ਅਤੇ ਬੇਪ੍ਰਵਾਹ ਗੁਰਮੇਲ ਕੌਰ ਅਜੇ ਵੀ ਤੀਹਾਂ ਕੁ ਸਾਲਾਂ ਦੀ ਹੀ ਲੱਗਦੀ ਸੀ। ਜੁਆਨੀ ਵੇਲੇ ਬਾਣੀਏਂ ਲੁੱਟ ਕੇ, ਅਜੇ ਵੀ ਰੱਬ ਦੀ ਭਗਤਣੀ ਨਹੀਂ ਹੋ ਸਕੀ ਸੀ। ਮੋਢਿਆਂ ਤੋਂ ਦੀ ਥੁੱਕਣ ਅਤੇ ਅੱਖਾਂ ਵਿਚ ਕੱਜਲ ਪਾਉਣ ਦੀ ਉਸ ਦੀ 'ਬਾਣ' ਅਜੇ ਵੀ ਨਹੀਂ ਗਈ ਸੀ। ਨੱਥਾ ਸਿੰਘ ਨਾਲ਼ ਉਸ ਦੀ ਅਟੀ ਸੱਟੀ ਰਲ਼ਦੀ ਰਹੀ ਸੀ ਅਤੇ ਅੱਖਾਂ ਲੜਦੀਆਂ ਰਹੀਆਂ ਸਨ।

ਨੱਥਾ ਸਿੰਘ ਸ਼ਰਾਬ ਦੇ ਠੇਕਿਆਂ ਦਾ ਠੇਕੇਦਾਰ ਅਤੇ ਇਕ ਪੈਟਰੋਲ ਪੰਪ ਦਾ ਮਾਲਕ ਸੀ। ਲੋਕ ਉਸ ਨੂੰ ਨੱਥਾ ਸਿੰਘ ਘੱਟ ਅਤੇ 'ਠੇਕੇਦਾਰ' ਕਰਕੇ ਜ਼ਿਆਦਾ ਜਾਣਦੇ ਸਨ! ਨੱਥਾ ਸਿੰਘ ਦੀ ਅੱਖ ਹਮੇਸ਼ਾ ਗੁਰਮੇਲ ਕੌਰ ਦੇ ਨਮਕੀਨ ਬਦਨ 'ਤੇ ਹੀ ਰਹੀ ਸੀ। ਪਰ ਖੱਟਰ ਗੁਰਮੇਲ ਕੌਰ ਨੇ ਉਸ ਨੂੰ ਆਪਣੇ ਨੇੜੇ ਨਹੀਂ ਢੁੱਕਣ ਦਿੱਤਾ ਸੀ। ਉਂਜ ਗੱਲੀਂ ਬਾਤੀਂ ਠਰਕ ਭੋਰਨ ਦੀ ਉਸ ਨੂੰ ਵੀ ਬੁਰੀ ਆਦਤ ਸੀ। ਠੇਕੇਦਾਰ ਨੇ ਗੱਲੀਂ ਬਾਤੀਂ ਜੰਗੀਰ ਨਾਲ਼ ਨੇੜਤਾ ਕੀਤੀ। ਪੈੱਗ-ਸ਼ੈੱਗ ਦੇ ਲਾਲਚ ਲਾ ਕੇ ਉਸ ਨਾਲ਼ ਆਉਣ ਜਾਣ ਵਧਾਇਆ। ਪਰ 'ਖੱਟਰ' ਗੁਰਮੇਲ ਕੌਰ ਦੀ ਠੇਕੇਦਾਰ 'ਤੇ ਫਿਰ ਵੀ ਅੱਖ ਨਾ ਭਿੱਜੀ! ਠੇਕੇਦਾਰ ਵੀ ਕੱਚੀਆਂ ਗੋਲ਼ੀਆਂ ਨਹੀਂ ਖੇਡਿਆ ਹੋਇਆ ਸੀ। ਉਸ ਨੇ ਵੀ ਸਬਰ ਦਾ ਭਾਂਡਾ ਡੁੱਲ੍ਹਣ ਨਾ ਦਿੱਤਾ, ਊਣਾਂ ਹੀ ਰੱਖਿਆ। ਜਦੋਂ ਉਸ ਦੀ ਅਮਰੀਕਾ ਵਸਦੀ ਸਾਲ਼ੀ ਹਰਦੀਪ ਨੇ ਆਪਣੇ ਮੁੰਡੇ ਬਾਰੇ ਗੱਲ ਚਲਾਈ, ਤਾਂ ਠੇਕੇਦਾਰ ਦਾ ਧਿਆਨ ਇਕ ਦਮ ਜੰਗੀਰ ਦੀ ਖੰਡ ਦੇ ਖੇਢਣੇ ਵਰਗੀ ਕੁੜੀ ਪ੍ਰੀਤ 'ਤੇ ਗਿਆ ਅਤੇ ਉਸ ਨੇ ਜੰਗੀਰ ਸਿਉਂ ਦੀ ਗ਼ੈਰਹਾਜ਼ਰੀ ਵਿਚ ਗੁਰਮੇਲ ਕੌਰ ਨਾਲ਼ ਗੱਲ ਸਾਂਝੀ ਕੀਤੀ।

ਗੁਰਮੇਲ ਕੌਰ ਦੇ ਦਿਲ ਦੀ ਹੋ ਗਈ।

ਲੋਹਾ ਗਰਮ ਦੇਖ ਕੇ ਠੇਕੇਦਾਰ ਨੇ ਭਾਰੇ ਘਣ ਦੀ ਸੱਟ ਹੋਰ ਕਰੜੀ ਕਰ ਦਿੱਤੀ। ਨਰਮ ਹੋਏ ਲੋਹੇ ਨੂੰ ਹੁਣ ਉਹ ਆਪਣੇ ਅਨੁਸਾਰ ਢਾਲ ਲੈਣਾਂ ਚਾਹੁੰਦਾ ਸੀ! ਉਸ ਦੇ ਮਸਾਂ ਮੌਕਾ ਹੱਥ ਲੱਗਿਆ ਸੀ।

-"ਦੇਖ ਲੈ ਗੁਰਮੇਲ ਕੁਰੇ..! ਫੇਰ ਕੱਲ੍ਹ ਨੂੰ ਮੈਨੂੰ ਦੋਸ਼ ਨਾ ਦੇਈਂ..! ਐਹੋ ਜੇ ਰਿਸ਼ਤੇ ਨਿੱਤ ਨਿੱਤ ਨ੍ਹੀ ਹੱਥ ਆਉਂਦੇ..! ਅਜੇ ਤਾਂ ਆਪਣੀ ਸਾਲ਼ੀ ਮੇਰੇ ਹੱਥ 'ਚ ਐ..! ਜੇ ਗੱਲ ਸਿਰੇ ਲੱਗ ਗਈ, ਕੁੜੀ ਮਗਰ ਸਾਰਾ ਟੱਬਰ ਈ ਅਮਰੀਕਾ ਚਲਿਆ ਜਾਊ..! ਅਮਰੀਕਾ ਜਾਣ ਨੂੰ ਲੋਕ ਕਮਲ਼ੇ ਹੋਏ ਚਾਲ਼ੀ ਚਾਲ਼ੀ ਲੱਖ ਏਜੰਟਾਂ ਮਗਰ ਚੱਕੀ ਫਿਰਦੇ ਐ...!" ਸੁਲਝੇ ਮਿਸਤਰੀ ਵਾਂਗ ਠੇਕੇਦਾਰ ਸੱਟ ਬਿਲਕੁਲ ਟਿਕਾਣੇ ਵਾਲ਼ੀ ਥਾਂ 'ਤੇ ਮਾਰਦਾ ਸੀ।

-"ਠੇਕੇਦਾਰਾ..! ਤੇਰਾ ਅੱਗਾ, ਤੇ ਮੇਰਾ ਪਿੱਛਾ..! ਜਿਵੇਂ ਤੂੰ ਕਹੇਂ, ਮੈਨੂੰ ਮਨਜੂਰ ਐ..।" ਗੁਰਮੇਲ ਕੌਰ ਨੇ ਹਿੱਕ ਥਾਪੜ ਦਿੱਤੀ।

-"ਜੰਗੀਰ ਸਿਉਂ ਨਾਲ਼ ਵੀ ਗੱਲ ਕਰਲੀਂ..! ਪਿੱਛੋਂ ਉਹ ਨਾ ਤਲੈਂਬੜ ਚੱਕੀ ਮੇਰੇ ਮਗਰ ਤੁਰਿਆ ਫਿਰੇ..! ਪਿੰਡ ਦਾ ਮਾਮਲੈ, ਵੀਹ ਗੱਲਾਂ ਸੋਚਣੀਆਂ ਪੈਂਦੀਐਂ..!" ਠੇਕੇਦਾਰ ਪੈਰ ਜਿਹੇ ਰੱਖੀ ਆ ਰਿਹਾ ਸੀ। ਉਸ ਦੀਆਂ ਭੁੱਖੀਆਂ ਜਿਹੀਆਂ ਨਜ਼ਰਾਂ ਗੁਰਮੇਲ ਕੌਰ ਦਾ ਗੁੰਦਿਆ ਸਰੀਰ ਟੋਹ ਰਹੀਆਂ ਸਨ!

-"ਤੂੰ ਕਿੱਡਾ ਵੱਡਾ, ਸਿਆਣਾਂ ਬੰਦੈਂ ਠੇਕੇਦਾਰਾ...! ਘਾਟ ਘਾਟ ਦਾ ਤੇਰਾ ਪਾਣੀ ਪੀਤੈ..! ਦੁਨੀਆਂ ਨਾਲ਼ ਤੇਰਾ ਵਾਹ ਐ..! ਜੰਗੀਰ ਤੇਰੇ ਨਾਲੋਂ ਵੱਡੈ..! ਤੂੰ ਗੱਲ ਚਲਾ..! ਜੰਗੀਰ ਪੂਰਾ ਸਾਹ ਵੀ ਕੱਢ ਜਾਵੇ, ਮੈਨੂੰ ਫੜਲੀਂ..!" ਉਸ ਨੇ ਗੱਲ ਨਹਿਬ ਕੇ ਲਕੀਰ ਖਿੱਚ ਦਿੱਤੀ।

-"ਫੇਰ ਵੀ ਘਰ ਦਾ ਮੁਖੀ ਐ, ਸਲਾਹ ਤਾਂ ਕਰਨੀ ਪੈਣੀਂ ਐਂ..?" ਠੇਕੇਦਾਰ ਰੋੜੇ ਨਾਲ਼ ਨਹੀਂ, ਢਾਂਗੀ ਨਾਲ਼ ਬੇਰ ਤੋੜਨ ਦਾ ਆਦੀ ਸੀ।

-"ਤੂੰ ਗੱਲ ਸਿਰੇ ਲਾ ਠੇਕੇਦਾਰਾ..! ਬਾਕੀ ਮੇਰੇ 'ਤੇ ਛੱਡ..! ਘਰ ਦਾ ਮਾਲਕ ਲੱਤ ਭੰਨਦੂ..? ਤੂੰ ਬੱਸ ਗੱਲ ਸਿਰੇ ਲਾ..!"

-"ਉਹ ਤਾਂ ਲੱਗਜੂਗੀ..! ਪਰ ਇਕ ਗੱਲ ਹੋਰ ਐ...!" ਠੇਕੇਦਾਰ ਉਸ ਦੇ ਹੋਰ ਨਜ਼ਦੀਕ ਹੋ

ਗਿਆ।

–"ਉਹ ਕਿਹੜੀ..?"

–"ਨੇੜੇ ਆ ਜਾਹ..! ਕੰਧਾਂ ਦੇ ਵੀ ਸਹੁਰੀਆਂ ਦੇ ਕੰਨ ਹੁੰਦੇ ਐ..! ਖਸਮਾਂ ਨੂੰ ਖਾਣਾਂ ਹੋਰ ਨਾ ਕੋਈ ਸਿਆਪਾ ਖੜ੍ਹਾ ਹੋਜੇ?"

–"ਸਿਆਪਾ ਕਾਹਦਾ ਖੜ੍ਹਾ ਹੋਣੈਂ..?" ਗੁਰਮੇਲ ਕੌਰ ਵੀ ਠੇਕੇਦਾਰ ਦੇ ਨੇੜੇ ਆ ਗਈ। ਠੇਕੇਦਾਰ ਨੂੰ ਗੁਰਮੇਲ ਕੌਰ ਦੇ ਬਦਨ ਵਿਚੋਂ ਸੇਕ ਆਇਆ। ਉਸ ਦੀ ਮੱਤ ਜਿਹੀ ਮਾਰੀ ਗਈ।

–"ਹਾਂ, ਹੁਣ ਦੱਸ..!" ਉਸ ਨੇ ਅੱਖਾਂ 'ਚ ਅੱਖਾਂ ਗੱਡ ਕੇ ਪੁੱਛਿਆ।

–"ਕੁੜੀ ਕਿੱਥੇ ਐ..?"

–"ਕਾਲਜ ਗਈ ਐ..! ਘਰੇ ਕੋਈ ਨ੍ਹੀ! ਤੂੰ ਖੁੱਲ੍ਹ ਕੇ ਗੱਲ ਕਰ ਠੇਕੇਦਾਰਾ, ਜਕਦਾ ਕਾਹਤੋਂ ਐਂ...?"

–"ਰਿਸ਼ਤਾ ਤਾਂ ਸਿਰੇ ਜਾਊਗਾ, ਚੜ੍ਹ..! ਮੈਂ ਦੇਖਗਾਂ ਗੰਧਾਲ਼ੇ ਅਰਗਾ ਬੰਦਾ ਬੈਠਾ..!"

–"ਤੇ ਫੇਰ ਕੱਚ ਕਾਹਦੈ..?" ਗੁਰਮੇਲ ਕੌਰ ਉਸ ਤੋਂ ਕੁਰਬਾਨ ਹੋਈ ਖੜ੍ਹੀ ਸੀ।

–"ਤੇ ਸਾਡੇ ਛਿੱਤਰ ਘਸਾਏ ਗੋਹਿਆਂ ਦੀ ਲੜਾਈ 'ਚ ਈ ਜਾਣਗੇ...? ਕੱਟੇ ਨੂੰ ਮਣ ਦੁੱਧ ਦਾ ਕੀ ਭਾਅ...? ਸਾਨੂੰ ਕੀ ਮਿਲੂ..?" ਆਖ ਕੇ ਠੇਕੇਦਾਰ ਨੇ ਗੁਰਮੇਲ ਕੌਰ ਦਾ ਸੁੱਖੇ ਦੇ ਪਕੌੜਿਆਂ ਵਰਗਾ ਕਰਾਰਾ ਚਿਹਰਾ ਨਿਹਾਰਿਆ।

–"ਤੂੰ ਜੋ ਕਹੇਂ..! ਜੋ ਮੂੰਹੋਂ ਮੰਗੇਂ, ਹਾਜਰ ਕਰੂੰਗੀ..! ਮੇਰਾ ਤੇਰੇ ਨਾਲ਼ ਬਚਨ ਹੋ ਗਿਆ ਠੇਕੇਦਾਰਾ..!" ਉਸ ਨੇ ਠੇਕੇਦਾਰ ਦੀ 'ਹਾਂ' 'ਚ ਪੂਰੀ 'ਹਾਂ' ਮਿਲ਼ਾ ਧਰੀ।

ਠੇਕੇਦਾਰ ਦੇ ਦਿਲ ਅੰਦਰ ਖੁਸ਼ੀ ਦੀਆਂ ਘੰਟੀਆਂ ਖੜਕੀਆਂ। ਜ਼ਿਹਨ ਵਿਚ ਮਿੱਠੀ ਸਾਰੰਗੀ ਦੀ ਲੈਅ ਵੱਜੀ! ਗੁਰਮੇਲ ਕੌਰ ਦੀ ਮਿੱਠੀ ਅਵਾਜ਼ ਵੰਝਲੀ ਵਰਗੀ ਹੀ ਤਾਂ ਸੀ! ਜਿਹੜੇ ਅੰਬ ਨੂੰ ਉਹ ਡਲ਼ੇ ਮਾਰ ਮਾਰ ਹੰਭ ਗਿਆ ਸੀ, ਉਹ ਤਾਂ ਅਚਾਨਕ ਹੀ ਉਸ ਦੀ ਝੋਲ਼ੀ ਆ ਡਿੱਗਿਆ ਸੀ। ਬਗੈਰ ਕਿਸੇ ਬਹੁਤੀ ਹੀਲ ਹੁੱਜਤ ਦੇ...!

–"ਫੇਰ ਮਹੂਰਤ ਕਦੋਂ ਕਰਨੈਂ..?" ਉਸ ਨੇ ਸਿੱਕੇ ਦਾ ਇਕ ਪਾਸਾ ਹੀ ਦੇਖਣਾ ਚਾਹਿਆ। ਗੱਲ ਖੁੱਲ੍ਹੀ, ਦਿਲ ਸਾਂਝੇ ਹੋਏ ਅਤੇ ਹੁਣ ਸੰਗ-ਸ਼ਰਮ ਦਾ ਡੇਰਾ ਦੂਰ ਰਹਿ ਗਿਆ ਸੀ। ਉਹ ਗੱਲਾਂ ਬਾਤਾਂ ਵਿਚ ਇਕ ਦੂਜੇ ਨਾਲ਼ ਸੱਪ ਵਾਂਗ ਸਿੱਧੇ ਹੋ ਰਹੇ ਸਨ। ਸ਼ਰਮ ਅਤੇ ਬੇਸ਼ਰਮੀ ਵਿਚੋਂ ਅਕਲ ਸੂਝ ਦਾ ਪਰਦਾ ਲੀਰੋ-ਲੀਰ ਹੋ ਗਿਆ ਸੀ। ਅਣਖ਼ ਇੱਜ਼ਤ ਅਤੇ ਧਰਮ ਇਮਾਨ ਤਿੜਕ ਗਿਆ ਸੀ।

–"ਇਹ ਵੀ ਜਦੋਂ ਤੂੰ ਕਹੇਂ..! ਤੇ ਜਿੱਥੇ ਤੂੰ ਕਹੇਂ..!" ਗੁਰਮੇਲ ਕੌਰ ਬੋਲੀ। ਆਪੋ ਆਪਣੇ ਸੁਆਰਥ ਆਹਮੋਂ-ਸਾਹਮਣੇ ਡਟ ਕੇ ਖੜ੍ਹ ਗਏ ਸਨ!

–"ਸਦਕੇ ਤੇਰੇ..! ਜਿੰਨੀ ਦਿਲਦਾਰ ਮੈਂ ਤੈਨੂੰ ਕਿਆਸਿਆ ਸੀ, ਤੂੰ ਤਾਂ ਮੇਰੇ ਅੰਦਾਜੇ ਤੋਂ ਵੀ ਚਾਰ ਰੱਤੀਆਂ ਉਤੋਂ ਦੀ ਨਿਕਲ਼ੀ..!" ਠੇਕੇਦਾਰ ਨੇ ਹਲ਼ਕੇ ਸਾਹਣ ਵਾਂਗ ਗੁਰਮੇਲ ਕੌਰ ਨੂੰ ਕੱਟਰੂ ਦੇ ਢੁੱਡ ਮਾਰਨ ਵਾਂਗ 'ਚੱਭਾ' ਮਾਰਨਾ ਚਾਹਿਆ। ਪਰ ਗੁਰਮੇਲ ਕੌਰ ਦੋ ਕਰਮਾਂ ਪਿੱਛੇ ਹਟ ਗਈ।

–"ਘਰੇ ਨ੍ਹੀ..! ਹੋਰ ਜਿੱਥੇ ਮਰਜੀ ਐ ਰਾਂਝਾ ਰਾਜੀ ਕਰ ਲਈਂ..! ਕੁੜੀ ਦਾ ਇਹ ਨ੍ਹੀ ਪਤਾ ਬਈ ਕਦੋਂ ਆਜੇ..! ਕੁੜੀ ਦੀ ਅੱਖ ਦੀ ਸ਼ਰਮ ਜਰੂਰ ਰੱਖਣੀਂ ਐਂ..!"

ਠੇਕੇਦਾਰ ਵੀ ਢੈਲ਼ਾ ਪੈ ਗਿਆ। ਉਹ ਤਾਂ ਤੱਤੇ ਘਾਹ ਆਪਣੇ ਪੈਰ ਆਪ ਹੀ ਕੁਹਾੜਾ ਮਾਰਨ ਲੱਗਿਆ ਸੀ। ਬਣੀ ਬਣਾਈ ਖੀਰ 'ਚ ਸੁਆਹ ਧੂੜਨ...!

ਪਰ ਉਸ ਦਾ ਮਨ ਰਾਕਟ ਬਣ ਕੇ ਕਿਸੇ ਪਾਸੇ ਛੂਟ ਵੱਟਣ ਨੂੰ ਕਰਦਾ ਸੀ।

ਉਸ ਦੇ ਜਿਵੇਂ ਖੰਭ ਲੱਗ ਗਏ ਸਨ।

–"ਚੰਗਾ..! ਮੈਂ ਆਬਦੀ ਸਾਲ਼ੀ ਨਾਲ਼ ਗੱਲ ਕਰਕੇ ਆਪਣੇ ਮਿਲਣ ਦਾ ਪ੍ਰਬੰਧ ਕਰਦੈਂ, ਤੇ ਆਪਾਂ ਆਪਣੇ ਪਟਰੌਲ਼ ਪੰਪ 'ਤੇ ਈ ਲਾਵਾਂਗੇ ਲਹਿਰ..।"

-"ਜਿਮੇ ਤੇਰਾ ਚਿੱਤ ਮੰਨੇ..!"

-"ਪ੍ਰਬੰਧ ਰਾਤ ਦਾ ਕਰਾਂ ਜਾਂ..?"

-"ਤੈਨੂੰ ਇਕ ਆਰੀ ਆਖਤਾ, ਤੂੰ ਜਿਵੇਂ ਕਹੇਂ..! ਰਾਤ ਦਾ ਕਰ ਚਾਹੇ ਦਿਨ ਦਾ, ਆਉਣਾ ਮੇਰਾ ਕੰਮ..! ਇਹਦੀ ਚਿੰਤਾ ਨਾ ਕਰ ਠੇਕੇਦਾਰਾ! ਤੇਰੇ ਮੂਹਰੇ ਥਾਨ ਸਿੱਟਿਆ - ਸੁੱਥਣ ਸਮਾਂ ਲੈ ਚਾਹੇ ਲਹਿੰਗਾ..! ਪਰ ਜਿਹੜੇ ਕੰਮ ਨੂੰ ਤੂੰ ਹੱਥ ਪਾਇਐ, ਮਰਦ ਬੱਚਾ ਬਣ ਕੇ ਉਹ ਸਿਰੇ ਜਰੂਰ ਲਾਦੀਂ..!"

-"ਤੇਰੀ ਖਾਤਰ ਮੈਂ ਫਾਕੜਾਂ ਹੋਜਾਂ...! ਤੂੰ ਫ਼ਿਕਰ ਕਾਹਦਾ ਕਰਦੀ ਐਂ, ਗੁਰਮੇਲ ਕੁਰੇ..? ਅਸਮਾਨ ਨੂੰ ਟਾਕੀ ਨਾ ਲਾਦੂੰ ਤੇਰੀ ਖਾਤਰ, ਅਸਮਾਨ ਨੂੰ..!"

ਠੇਕੇਦਾਰ ਦੀ ਜਿਪਸੀ ਹਵਾ ਨਾਲ਼ ਗੱਲਾਂ ਕਰਦੀ ਸੜਕ ਵੱਢਦੀ ਜਾ ਰਹੀ ਸੀ। ਪਤਾ ਨਹੀਂ ਕਿਸ ਖ਼ੁਸ਼ੀ ਵਿਚ ਉਹ ਪਾਗ਼ਲਾਂ ਵਾਂਗ ਜਿਪਸੀ ਚਲਾ ਰਿਹਾ ਸੀ। ਔਰਤ ਵੀ ਕੀ ਚੀਜ਼ ਹੈ..? ਪਿਆਰ ਨਾਲ਼ ਕੋਮਲ ਹੱਥ ਲਾ ਦੇਵੇ, ਸੁੱਕੇ ਦਰੱਖ਼ਤ ਹਰੇ ਹੋ ਜਾਣ..! ਗਲਵਕੜੀ ਪਾ ਲਵੇ, ਜੁੱਗਾਂ ਜੁਗਾਂਤਰਾਂ ਦੇ ਦੁਖੜੇ ਟੁੱਟ ਜਾਣ..! ਬੁੱਲ੍ਹਾਂ 'ਤੇ ਬੁੱਲ੍ਹ ਧਰੇ, ਮੁਰਦਾ ਉਠ ਕੇ ਬੈਠ ਜਾਵੇ..!

ਸ਼ਹਿਰ ਪਹੁੰਚ ਉਸ ਨੇ ਐੱਸ. ਟੀ. ਡੀ. ਤੋਂ ਸਾਲ਼ੀ ਨੂੰ ਅਮਰੀਕਾ ਫ਼ੋਨ ਮਿਲ਼ਾ ਲਿਆ।

-"ਕੀ ਗੱਲ ਸੁੱਤੀ ਪਈ ਸੀ ਹਰਦੀਪ ਕੁਰੇ..?" ਉਸ ਨੇ ਉਮਰ ਤੋਂ ਕਾਫ਼ੀ ਵੱਡੀ ਸਾਲ਼ੀ ਨੂੰ ਪੁੱਛਿਆ।

-"ਨਹੀਂ, ਊਂ ਈਂ ਚਿੱਤ ਜਿਆ ਢਿੱਲਾ ਜਿਆ ਸੀ..!" ਉਧਰੋਂ ਅਵਾਜ਼ ਆਈ।

-"ਕੈਮ ਹੋ..! ਕਾਹਤੋਂ ਭੜ੍ਹਾਕਾ ਜਿਆ ਪਾਈ ਪਈ ਐਂ..? ਜੁਆਨੀ ਵੇਲ਼ੇ ਤਾਂ ਹੱਟ ਕੁਤੀਏ ਨ੍ਹੀ ਕਹਿਣ ਦਿੰਦੀ ਸੀ? ਵੱਡੇ ਬਾਈ ਦੇ ਵੀ ਮੋਛੇ ਪਾਈ ਰੱਖਦੀ ਸੀ..! ਹੁਣ ਕਾਹਨੂੰ ਮਰੂੰ ਮਰੂੰ ਕਰੀ ਜਾਨੀ ਐਂ..?" ਠੇਕੇਦਾਰ ਦੀ ਗੱਲ ਵਿਚ ਲਚੜੇਵਾਂ ਸੀ।

-"ਵੇ ਉਹ ਗੱਲਾਂ ਗਈਆਂ ਨੱਥਿਆ..! ਸਦਾ ਨਾ ਬਾਗੀਂ ਬੁਲਬੁਲ ਬੋਲੇ, ਤੇ ਸਦਾ ਨਾ ਮੌਜ ਬਹਾਰਾਂ..!"

-"ਉਏ ਅਮਰੀਕਾ ਅਰਗੇ ਮੁਲਕ 'ਚ ਰਹਿ ਕੇ ਵੀ ਤੇਰੀ ਬੁਲਬੁਲ ਅਜੇ ਚੁੱਪ ਐ..? ਇਹ ਤਾਂ ਮਾੜੀ ਗੱਲ ਐ ਬਈ..! ਬੁਲਬੁਲ ਨੂੰ ਤਾਂ ਰਾਗ ਕੱਢਣੇ ਚਾਹੀਦੇ ਐ..?" ਠੇਕੇਦਾਰ ਨੂੰ ਬੁੱਢੀ ਸਾਲ਼ੀ ਦਾ ਘੱਟ, ਪਰ ਗੁਰਮੇਲ ਕੌਰ ਦਾ ਨਸ਼ਾ ਵੱਧ ਸੀ।

-"ਸਮੇਂ ਸਮੇਂ ਦੀਆਂ ਗੱਲਾਂ ਹੁੰਦੀਐਂ ਨੱਥਿਆ..! ਤੂੰ ਦੱਸ ਜੀਤ ਬਾਰੇ ਗੱਲ ਚਲਾਈ ਕੋਈ..?" ਉਸ ਨੇ ਠਰਕੀ ਠੇਕੇਦਾਰ ਦੀ ਗੱਲ ਮੋੜ-ਘੋੜ ਕੇ ਟਿਕਾਣੇ ਸਿਰ ਲਿਆਂਦੀ।

-"ਗੱਲ ਇਕ ਐ ਹਰਦੀਪ ਕੁਰੇ..! ਬਈ ਜੀਤ ਨੂੰ ਕਿਸੇ ਨੇ ਸਕੀ ਧੀ ਦਾ ਸਾਕ ਨ੍ਹੀ ਦੇਣਾ..! ਸੌ ਹੱਥ ਰੱਸਾ ਸਿਰੇ 'ਤੇ ਗੰਢ..! ਗੀਤ ਦੀ ਗੱਲ ਚਲਾ ਲੈਨੇ ਐਂ, ਬਾਕੀ ਰੱਬ ਆਪੇ ਭਲੀ ਕਰੂ, ਬਾਕੀ ਕੰਮ ਮੇਰੇ 'ਤੇ ਛੱਡ..! ਅਮਰੀਕਾ ਦੇ ਮੂੰਹ ਨੂੰ ਲੋਕ ਬਥੇਰਾ ਅੱਕ ਚੱਬ ਲੈਣਗੇ..!"

-"ਗੀਤ ਬਾਰੇ ਤਾਂ ਤੈਨੂੰ ਪਤਾ ਈ ਐ..? ਜੁਆਨ ਤੇ ਸੋਹਣਾ ਸੁਨੱਖਾ ਤਾਂ ਸੁੱਖ ਨਾਲ਼, ਬਥੇਰੈ..! ਪਰ ਜਿਹੜਾ ਉਹਦੇ 'ਚ ਬੱਜ ਐ-!" ਹਰਦੀਪ ਨੇ ਧੁਖ਼ਦੀ ਚਿਤਾ ਵਾਂਗ ਹਾਉਕਾ ਲਿਆ।

-"ਤੂੰ ਚਿੰਤਾ ਕਾਹਨੂੰ ਕਰਦੀ ਐਂ..? ਮੈਂ ਦੇਖ ਟੈਂਕ ਅਰਗਾ ਜਿੰਮੇਵਾਰ ਬੰਦਾ ਬੈਠਾ..? ਬਾਕੀ ਸਾਰਾ ਕੰਮ ਸੰਭਲਾਣਾ ਮੇਰਾ ਕੰਮ ਐਂ, ਤੂੰ ਐਸ ਗੱਲੋਂ ਫ਼ਿਕਰ ਕੱਢ ਮਨ 'ਚੋਂ..!"

-"ਚੱਲ, ਤੂੰ ਕਰ ਅੱਗੇ ਲੱਗ ਕੇ..! ਮੈਂ ਸਾਰੀ ਗੱਲ ਤੈਨੂੰ ਸੱਚੀ ਦੱਸਤੀ ਸੀ, ਕੱਲ੍ਹ ਨੂੰ ਮੈਨੂੰ ਦੋਸ਼ ਨਾ ਦੇਈਂ..! ਕੁੜੀ ਆਲ਼ਿਆਂ ਨੂੰ ਮੁੰਡੇ ਬਾਰੇ ਦੱਸਤਾ ਸੀ..?"

-"ਅਜੇ ਨ੍ਹੀ..! ਬੱਸ ਜੋ-ਜੋ ਸਕੀਮ ਮੈਂ ਤੈਨੂੰ ਦੱਸੀਂ ਜਾਊਂ, ਤੇਰਾ ਕੰਮ ਐਂ ਉਸ 'ਤੇ ਮੋਹਰ ਲਾਉਣਾ..! ਬਾਕੀ ਸੰਭਾਲਣਾ ਮੇਰਾ ਕੰਮ..!"

-"ਪਿੱਛੋਂ ਨਾ ਭੂਤ ਭਮਾਲ਼ੀ ਪਾਈ ਫਿਰਨ..? ਮੈਨੂੰ ਤਾਂ ਲੱਗਦੈ ਧਰਮ ਨਾਲ਼ ਡਰ!"

-"ਹਰਦੀਪ ਕੁਰੇ, ਫੇਰ ਓਹੀ ਗੱਲ..!"

-"ਠੀਕ ਐ, ਤੇਰੇ ਸਿਰ 'ਤੇ ਤਾਂ ਮੈਨੂੰ ਕੋਈ ਫ਼ਿਕਰ ਨ੍ਹੀ..! ਮੈਨੂੰ ਤਾਂ ਬੱਸ ਦੋਨਾਂ ਜੁਆਕਾਂ ਦੀ ਚਿੰਤਾ ਵੱਢ-ਵੱਢ ਖਾਈ ਜਾਂਦੀ ਐ, ਇਕ ਛੜਾ ਤੇ ਦੂਜਾ..!" ਹਰਦੀਪ ਰੋ ਪਈ।

-"ਜਦੋਂ ਤੈਨੂੰ ਇਕ ਆਰੀ ਕਹਿਤਾ..? ਮਨ ਹੌਲ਼ਾ ਨਾ ਕਰ..! ਤੂੰ ਮੇਰੇ ਤਰਾਰੇ ਦੇਖ..! ਕਿਮੇਂ ਅੱਧਿਓਂ ਡੂੜ੍ਹ ਕਰਦੈਂ..! ਤੇਰਾ ਕੰਮ ਐਂ ਮੇਰੀ ਹਾਂ 'ਚ ਹਾਂ ਮਿਲਾਉਣੀ, ਤੇ ਮੇਰਾ ਕੰਮ ਐਂ ਚਾਰ ਜੁੱਗਾਂ ਤੋਂ ਗੋਲ਼ ਸੂਰਜ ਨੂੰ ਕਿਸੇ ਸਕੀਮ ਨਾਲ਼ ਚੌਰਸ ਕਰਨਾ..!"

-"ਕਰਲਾ ਜਿਮੇ ਤੂੰ ਚਾਹੁੰਨੈਂ..! ਮੈਂ ਤੇਰੇ ਮਗਰ ਐਂ..! ਬੱਸ ਮੇਰੇ ਵੱਲੋਂ ਨਿਸ਼ਚਿੰਤ ਹੋਜਾ..!"

-"ਥੋੜਾ ਬਹੁਤਾ ਖਰਚਾ ਬਰਚਾ ਤਾਂ ਭੇਜ..! ਬਾਹਲ਼ੇ ਈ ਤੰਗ ਜਿਹੇ ਐਂ...! ਐਤਕੀਂ ਠੇਕੇ ਟੁੱਟਗੇ..! ਪੁੱਛ ਨਾ ਹਰਦੀਪ, ਝੱਗੇ ਲਹਿਗੇ ਸਾਲ਼ੇ..! ਜਮਾਂ ਈ ਨੰਗ ਹੋ ਗਿਆ ਮੈਂ ਤਾਂ..!"

-"ਰੋਈ ਨਾ ਜਾਹ..! ਦੱਸ ਕਿੰਨੇ ਕੁ ਭੇਜਾਂ..?"

-"ਦੋ ਕੁ ਲੱਖ ਭੇਜਦੇ..! ਠੇਕਿਆਂ ਦੀ ਅਗਲੀ ਬੋਲੀ ਸਿਰ 'ਤੇ ਐ, ਜਦੋਂ ਲੋਟ ਜਿਆ ਹੋ ਗਿਆ, ਮੋੜਦੂੰ-!"

-"ਮੋੜਨ ਵਾਸਤੇ ਤਾਂ ਮੈਂ ਕਿਹਾ ਈ ਨ੍ਹੀ..? ਤੂੰ ਆਹ ਕੰਮ ਬਿਲੇ ਲਾ..! ਪੈਸਿਆਂ ਦਾ ਫ਼ਿਕਰ ਛੱਡ..!"

-"ਓਹੋ..! ਉਹ ਤੂੰ ਕਾਹਤੋਂ ਚਿੰਤਾ ਲਾਈ ਐ..? ਇਹ ਸਾਰੇ ਫ਼ਿਕਰ ਮੇਰੇ..! ਤੂੰ ਕਰਨ ਆਲ਼ਾ ਕੰਮ ਕਰ..! ਕੁੜੀ ਆਲ਼ਿਆਂ ਨਾਲ਼ ਮੈਂ ਬੰਨ੍ਹ ਸੁੱਬ ਕਰਦੈਂ, ਕੋਈ ਸੱਪ ਤਾਂ ਕੱਢਣਾ ਈ ਪਊ..? ਤੇ ਉਹ ਵੀ ਕੁੰਡਲੀਆਂ ਆਲ਼ਾ...! ਸਭ ਠੀਕ ਹੋਜੂ..!" ਆਖ ਕੇ ਠੇਕੇਦਾਰ ਨੇ ਫ਼ੋਨ ਰੱਖ ਦਿੱਤਾ।

ਜਿਪਸੀ ਲੈ ਕੇ ਠੇਕੇਦਾਰ ਆਪਣੇ ਪੈਰਟੋਲ-ਪੰਪ 'ਤੇ ਚਲਾ ਗਿਆ।

ਇਕੱਲਾ ਭਈਆ ਹੀ ਬੁੱਤ ਬਣਿਆਂ ਬੈਠਾ ਸੀ। ਬਾਕੀ ਕਾਮੇਂ ਉਸ ਨੂੰ ਨਜ਼ਰ ਨਾ ਆਏ!

-"ਉਏ ਭਈਆ..! ਦੂਜੇ ਕਹਾਂ ਚਲੇ ਗਏ..?" ਠੇਕੇਦਾਰ ਨੇ ਆਪਣੀ ਹਿੰਦੀ ਖੁਰਚ ਕੇ ਅੰਦਰੋਂ ਕੱਢੀ।

-"ਵੋ ਠੇਕੇਦਾਰ ਸਾਹਿਬ ਕੋਈ ਪ੍ਰੋਗਰਾਮ ਦੇਖਨੇ ਗਏ ਹੈਂ...!"

-"ਪ੍ਰੋਗਰਾਮ ਮਾਂ ਚਦਾਉਣੇਂ ਕੇ ਲੀਏ ਦੇਖਣ ਗਏ ਹੈਂ..? ਕਾਮ ਉਨ ਕਾ ਬੁੜ੍ਹਾ ਕਰੇਗਾ ..?"

-"ਮੈਨੇ ਤੋ ਸੋਚਾ ਕੀ ਆਪ ਕੋ ਬਤਾ ਕਰ ਗਏ ਹੈਂ...!" ਭਈਆ ਠੇਕੇਦਾਰ ਦੀ ਹਿੰਦੀ 'ਤੇ ਹੱਸ ਪਿਆ।

-"ਬਤਲਾ ਕਰ ਗਏ ਹੈਂ ਆਬਦੀ ਮਾਂ ਦਾ ਉਹੋ..! ਮੇਰੇ ਮੂੰਹੋਂ ਕੁਛ ਔਰ ਨਿਕਲ ਚੱਲਿਆ ਥਾ! ਚੱਲ ਛੋੜ..! ਭਈਆ ਕੱਲ੍ਹ ਯਹਾਂ ਸਿਰਫ਼ ਤੂੰ ਨੇ ਹੀ ਰਹਿਣਾ..! ਬਾਕੀਆਂ ਕੋ ਘਰ ਭੇਜ ਦੇਣਾ..! ਕੱਲ੍ਹ ਮੇਰੇ ਕੋਲ਼ ਮਹਿਮਾਨ ਆ ਰਹੇ ਹੈਂ..! ਅੱਗੇ ਕੀ ਤਰ੍ਹਾਂ ਸਾਰਾ ਪ੍ਰਬੰਧ ਊਪਰ ਚੁਬਾਰੇ ਮੇਂ ਕਰ ਕੇ ਰੱਖਣਾ..! ਸਲਾਦ ਸਲੂਦ ਕਾਟ ਦੇਨਾ, ਚੁਬਾਰਾ ਸਾਫ਼ ਕਰਵਾ ਦੇਨਾ ਸਮਾਰ ਕੇ..! ਉਨਕੋ ਸਾਤ ਕੁ ਵਜੇ ਘਰ ਭੇਜ ਦੇਣਾ..! ਤੂੰ ਨੀਚੇ ਪਿਛਲੇ ਵਾਲ਼ੇ ਕਮਰੇ ਮੇ ਸੌਂ ਜਾਣਾ, ਸਮਝ ਗਿਆ..?"

-"ਸਮਝ ਗਯਾ ਠੇਕੇਦਾਰ ਸਾਹਿਬ..!" ਭਈਆ ਸ਼ੈਤਾਨੀ ਨਾਲ਼ ਮੁਸਕਰਾ ਕੇ ਚੁੱਪ ਕਰ ਗਿਆ। ਉਸ ਨੂੰ ਪਤਾ ਸੀ ਕਿ ਠੇਕੇਦਾਰ ਨੇ ਜਦੋਂ ਮੌਜ ਮਸਤੀ ਕਰਨੀ ਹੁੰਦੀ ਸੀ, ਤਾਂ ਪੈਟਰੋਲ ਪੰਪ ਦੇ ਚੁਬਾਰੇ ਵਿਚ ਹੀ ਕਰਦਾ ਸੀ। ਪੈਟਰੋਲ ਪੰਪ ਦਾ ਚੁਬਾਰਾ ਠੇਕੇਦਾਰ ਲਈ ਐਸ਼-ਮਸਤੀ ਦਾ ਅੱਡਾ ਸੀ। ਇਹ ਕੋਈ ਇਕ ਅੱਧੇ ਦਿਨ ਦਾ ਕੰਮ ਨਹੀਂ ਸੀ। ਮਹੀਨੇ ਵਿਚ ਇਕ ਅੱਧੀ ਵਾਰ ਭਈਏ ਨੂੰ 'ਪ੍ਰਬੰਧ' ਕਰਨਾ ਹੀ ਪੈਂਦਾ ਸੀ। ਠੇਕੇਦਾਰ ਮੌਜੀ ਅਤੇ ਮੂੜ੍ਹੀ ਬੰਦਾ ਸੀ।

ਸ਼ਾਮ ਨੂੰ ਠੇਕੇਦਾਰ ਗੁਰਮੇਲ ਕੌਰ ਨੂੰ ਢੰਗ ਨਾਲ਼ ਸੁਨੇਹਾਂ ਦੇ ਆਇਆ ਅਤੇ ਟਿਕਾਣਾ ਦੱਸ ਆਇਆ।

ਅਗਲੀ ਰਾਤ ਪ੍ਰੀਤ ਦੇ ਰਿਸ਼ਤੇ ਬਾਰੇ 'ਕੋਈ' ਗੱਲ ਕਰਨ ਦਾ ਬਹਾਨਾ ਲਾ ਕੇ ਪ੍ਰੀਤ ਦੀ ਮਾਂ ਗੁਰਮੇਲ ਕੌਰ ਠੇਕੇਦਾਰ ਨੂੰ ਸ਼ਹਿਰ ਦੇ ਦੱਸੇ ਟਿਕਾਣੇ 'ਤੇ ਆ ਮਿਲੀ। ਮੂੰਹ ਹਨ੍ਹੇਰਾ ਹੋ ਚੁੱਕਿਆ ਸੀ।

ਬੱਤੀਆਂ ਜਗ ਪਈਆਂ ਸਨ। ਗੁਰਮੇਲ ਕੌਰ ਦੀਆਂ ਅੱਖਾਂ ਵਿਚ ਸੁਰਮਾਂ ਲੋਹੜ੍ਹੇ ਮਾਰਦਾ ਸੀ। ਸਿਰ 'ਤੇ ਲਿਆ ਡੋਰੀਆ ਖ਼ਤਰਨਾਕ ਇਸ਼ਾਰੇ ਕਰਦਾ ਸੀ। ਉਹ ਠੇਕੇਦਾਰ ਵੱਲ ਦੇਖ ਕੇ ਲੰਮੇ ਲੰਮੇ ਹਾਉਕੇ ਜਿਹੇ ਲੈਂਦੀ ਸੀ ਅਤੇ ਅਜੀਬ ਗੁੱਝੀ ਮੁਸਕਰਾਹਟ ਦਿੰਦੀ ਸੀ। ਉਸ ਦੇ ਪਾਇਆ ਕਾਲ਼ਾ ਪਟਿਆਲ਼ਾ ਸੂਟ ਗੋਰੇ ਰੰਗ 'ਤੇ ਦੁਹਾਈ ਬਣਿਆਂ ਹੋਇਆ ਸੀ। ਤੁਰਦੀ ਦੀ ਤੋਰ ਜੁਆਨੀ ਮੌਕੇ ਕਹਿਰ ਹੋਣ ਦੀ ਗਵਾਹੀ ਭਰ ਰਹੀ ਸੀ। ਆਸਾ ਪਾਸਾ ਨਿਰਖ, ਮੂੰਹ ਸਿਰ ਲਪੇਟ ਕੇ ਗੁਰਮੇਲ ਕੌਰ ਠੇਕੇਦਾਰ ਦੀ ਜਿਪਸੀ ਵਿਚ ਬੈਠ ਗਈ। ਰਸਤੇ ਵਿਚ ਥੋੜੀ ਵਿੱਥ ਨਾਲ਼ ਜਿਪਸੀ ਰੋਕ ਕੇ ਠੇਕੇਦਾਰ ਨੇ ਅੰਗਰੇਜ਼ੀ ਦੇ ਠੇਕੇ ਤੋਂ ਦੋ ਬੋਤਲਾਂ "ਰੈੱਡ-ਨਾਈਟ" ਦੀਆਂ ਫੜ ਲਈਆਂ। ਦੋ ਮੁਰਗੇ ਪੈਕ ਕਰਵਾ ਲਏ ਅਤੇ ਜਿਪਸੀ ਪੈਟਰੋਲ ਪੰਪ ਨੂੰ ਸਿੱਧੀ ਹੋ ਗਈ।

ਜਦ ਜਿਪਸੀ ਪੈਟਰੋਲ ਪੰਪ 'ਤੇ ਪਹੁੰਚੀ ਤਾਂ ਭਈਆ ਜਿਪਸੀ ਪਹਿਚਾਣ ਕੇ ਦੌੜਿਆ ਆਇਆ।

ਗੁਰਮੇਲ ਕੌਰ ਉਸੀ ਤਰ੍ਹਾਂ ਹੀ ਮੂੰਹ ਸਿਰ ਲਪੇਟੀ ਬੈਠੀ ਸੀ। ਬਾਹਰ ਸੜਕ 'ਤੇ ਸੁੰਨ ਸਰਾਂ ਸੀ। ਹਨ੍ਹੇਰਾ ਸੀ। ਪਰ ਪੈਟਰੋਲ ਪੰਪ ਦੀਆਂ ਦੁਧੀਆ ਬੱਤੀਆਂ ਦਾ ਚਾਨਣ ਫ਼ਰਸ਼ ਧੋ ਰਿਹਾ ਸੀ।

-"ਉਪਰ ਚੁਬਾਰੇ ਮੇਂ ਸਾਰਾ ਪ੍ਰਬੰਧ ਹੈ ਨਾ ਭਈਆ..?"

-"ਜੀ, ਠੇਕੇਦਾਰ ਸਾਹਿਬ...!" ਭਈਆ ਠੇਕੇਦਾਰ ਦੀ ਰਗ-ਰਗ ਦਾ ਭੇਤੀ ਸੀ। ਉਸ ਨੂੰ ਅਜਿਹਾ ਪ੍ਰਬੰਧ ਆਮ ਹੀ ਕਰਨਾ ਪੈਂਦਾ ਸੀ। ਭਈਆ ਠੇਕੇਦਾਰ ਦੇ ਦਿਲ ਦਾ ਭੇਤੀ ਸੀ। ਭਈਆ ਠੇਕੇਦਾਰ ਦਾ ਹਮਰਾਜ ਸੀ। ਭਈਆ ਠੇਕੇਦਾਰ ਦਾ ਸੇਵਾਦਾਰ ਅਤੇ ਤਾਬਿਆਦਾਰ ਸੀ।

-"ਲਿਆ ਆਪਣਾ ਗਿਲਾਸ ਲੈ ਕੇ ਆ..!" ਖ਼ੁਸ਼ ਹੁੰਦੇ ਠੇਕੇਦਾਰ ਨੇ ਕਿਹਾ।

ਭਈਆ ਗਿਲਾਸ ਲੈ ਕੇ ਆਇਆ, ਤਾਂ ਠੇਕੇਦਾਰ ਨੇ ਬੋਤਲ ਫੜ ਕੇ ਕੰਗਣੀਂ ਤੱਕ ਭਰ ਦਿੱਤਾ।

-"ਹੋਰ ਨਹੀਂ ਪੀਣੀਂ..! ਬੱਸ ਆਹ ਪੀ ਕੇ ਸੌਂ ਜਾਹ..! ਔਰ ਸੁਣ..! ਜੇ ਕੋਈ ਆਵੇ ਬਤਾਉਣਾ ਨਹੀਂ ਕਿ ਮੈਂ ਯਹਾਂ ਹਾਂ..! ਗਾੜੀ ਕੋ ਅੰਦਰ ਲਗਾ ਦੋ, ਔਰ ਸ਼ਟਰ ਬੰਦ..! ਸਮਝ ਗਿਆ..? ਚਾਬੀ ਗਾੜੀ ਮੇਂ ਹੀ ਹੈ..!"

-"ਸਮਝ ਗਿਆ ਸਾਹਿਬ..!" ਭਈਆ ਵਿਸਕੀ ਵਾਲ਼ਾ ਗਿਲਾਸ ਸਾਂਭੀ ਚਲਾ ਗਿਆ।

ਉਸ ਦੇ ਜਾਣ ਤੋਂ ਬਾਅਦ ਠੇਕੇਦਾਰ ਨੇ ਗੁਰਮੇਲ ਕੌਰ ਨੂੰ ਅੰਦਰ ਆਉਣ ਦਾ ਇਸ਼ਾਰਾ ਕਰ ਦਿੱਤਾ। ਉਹ ਬੜੀ ਮੜਕ ਨਾਲ਼ ਸਿੰਧ ਦੀ ਘੋੜ੍ਹੀ ਵਾਂਗ ਠੇਕੇਦਾਰ ਦੇ ਮਗਰ ਮਗਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ। ਚੁਬਾਰੇ ਵਿਚੋਂ ਮਹਿਕ ਆ ਰਹੀ ਸੀ। ਇਕ ਪਾਸੇ ਮੇਜ 'ਤੇ ਪਾਣੀ ਦਾ ਜੱਗ ਅਤੇ ਸਲਾਦ ਕੱਟਿਆ ਪਿਆ ਸੀ। ਡਬਲ-ਬੈੱਡ ਭਈਏ ਨੇ ਬੜੀ ਰੀਝ ਨਾਲ਼ ਵਿਛਾਇਆ ਸੀ। ਜਿਵੇਂ ਠੇਕੇਦਾਰ ਨੇ ਇਸ ਉਤੇ ਕੋਈ ਸੁਹਾਗ ਰਾਤ ਮਨਾਉਣੀ ਸੀ। ਠੇਕੇਦਾਰ ਨੇ ਪਿਛਲੀ ਖਿੜਕੀ ਖੋਲ੍ਹ ਕੇ ਬਾਹਰ ਨਜ਼ਰ ਮਾਰੀ। ਕਾਲ਼ੀ ਰਾਤ ਦਾ ਹਨ੍ਹੇਰਾ ਦੂਰ ਤੱਕ ਚਾਦਰ ਵਾਂਗ ਵਿਛਿਆ ਪਿਆ ਸੀ। ਸਾਰਾ ਜੱਗ ਸੁੱਤਾ ਸੀ।

-"ਪਾਣੀ ਪੀਣੈਂ..? ਜਾਂ ਕੁਛ ਖਾਣੈਂ..?" ਠੇਕੇਦਾਰ ਨੇ ਬੋਤਲ ਨੂੰ ਕੁੱਕੜ ਦੀ ਧੌਣ ਮਰੋੜਨ ਵਾਂਗ ਹੱਥ ਪਾ ਲਿਆ।

-"ਪਾਣੀ..? ਮੈਂ ਜੁਆਕੜੀ ਐਂ? ਖਾਣਾ ਅਜੇ ਕੁਛ ਨ੍ਹੀ..!"

-"ਹੋਰ ਕੀ..?" ਠੇਕੇਦਾਰ ਉੱਤਰ ਦੇਣ ਵਿਚ ਰੁਲ਼ ਗਿਆ।

ਗੁਰਮੇਲ ਕੌਰ ਹੱਸ ਪਈ।

-"ਹੋਰ ਦਾਰੂ ਪੀਵੇਂਗੀ..?"

-"ਕਿਉਂ..? ਮੈਨੂੰ ਵੱਢਦੀ ਐ..?"

-"ਤੂੰ ਸੱਚੀਂ ਦਾਰੂ ਪੀ ਲੈਨੀ ਐਂ..?" ਠੇਕੇਦਾਰ ਦਾ ਮੂੰਹ ਆਲ਼ੇ ਵਾਂਗ ਖੁੱਲ੍ਹਾ ਸੀ। ਉਸ ਨੇ ਬਹੁਤ ਤੀਮੀਆਂ ਵੇਖੀਆਂ ਅਤੇ ਹੰਢਾਈਆਂ ਸਨ। ਪਰ ਉਸ ਦੀ ਜ਼ਿੰਦਗੀ ਵਿਚ ਦਾਰੂ ਪੀਣ ਵਾਲ਼ੀ ਇਹ ਪਹਿਲੀ ਪੰਜਾਬਣ ਆਈ ਸੀ। ਬੰਗਾਲਣਾਂ ਜਾਂ ਹੋਰ ਸੂਬਿਆਂ ਦੀਆਂ ਔਰਤਾਂ ਸ਼ਰਾਬ ਆਮ ਪੀ ਲੈਂਦੀਆਂ ਸਨ। ਪਰ ਪੰਜਾਬ ਅਤੇ ਉਹ ਵੀ ਪੇਂਡੂ ਔਰਤ ਸ਼ਰਾਬ ਪੀਂਦੀ ਕਦੇ ਨਹੀਂ ਸੀ ਦੇਖੀ। ਆਹ ਠੇਕੇਦਾਰ ਲਈ ਜ਼ਿੰਦਗੀ

ਵਿਚ ਇਕ ਪਹਿਲਾ ਅਤੇ ਨਵਾਂ ਤਜ਼ਰਬਾ ਸੀ। ਇਕ ਹੈਰਾਨੀਜਨਕ ਤਜ਼ਰਬਾ...!

-"ਕਦੇ ਕਦੇ ਜੰਗੀਰ ਦੀ ਬੋਤਲ 'ਚੋਂ ਚੋਰੀ ਛੁੱਪੇ ਇਕ ਅੱਧਾ ਪੈੱਗ ਲਾ ਲੈਂਦੀ ਸੀ, ਜਦੋਂ ਠੰਢ ਠੁੰਢ ਲੱਗੀ ਹੁੰਦੀ ਸੀ, ਪਰ ਆਮ ਨਹੀਂ ਪੀਤੀ!"

-"ਜੰਗੀਰ ਨੂੰ ਪਤੈ..?"

-"ਕਾਹਨੂੰ ਪਤੈ ਠੇਕੇਦਾਰਾ..! ਕਿਤੇ ਹੁਣ ਤੂੰ ਨਾ ਦੱਸਦੀਂ ਟੁੱਟ ਪੈਣੇ ਨੂੰ ..! ਉਹਨੇ ਬਿੱਜੂ ਨੇ ਤਾਂ ਮੇਰਾ ਖਹਿੜਾ ਵੀ ਨ੍ਹੀ ਛੱਡਣਾ..!"

-"ਗੁਰਮੇਲ ਕੁਰੇ, ਤੂੰ ਮੇਰੀ ਜਿੰਦ ਜਾਨ..! ਮੈਂ ਕਾਹਨੂੰ ਦੱਸੂੰ..?" ਉਸ ਨੇ ਇਕ ਪੈੱਗ ਗੁਰਮੇਲ ਕੌਰ ਨੂੰ ਪਾ ਕੇ ਹੱਥ ਫੜਾਉਂਦਿਆਂ ਕਿਹਾ। ਰੈੱਡ-ਨਾਈਟ ਦਾ ਪਹਿਲਾ ਪੈੱਗ ਠੇਕੇਦਾਰ ਨੂੰ ਧਤੂਰੇ ਵਾਂਗ ਚੜ੍ਹਿਆ ਸੀ। ਉਹ ਗੁਰਮੇਲ ਕੌਰ ਨਾਲ਼ ਮੱਝ ਵਾਂਗ ਖ਼ਹਿ ਕੇ ਬੈਠ ਗਿਆ।

-"ਬੜੀ ਤੇਜ ਐ..!" ਪੈੱਗ ਅੰਦਰ ਸੁੱਟ ਕੇ ਗੁਰਮੇਲ ਕੌਰ ਨੇ ਸਲਾਦ ਮੂੰਹ ਵਿਚ ਪਾਉਂਦਿਆਂ ਕਿਹਾ।

-"ਦੇਖੀ ਚੱਲ ਕੀ ਤਰਾਰੇ ਬੰਨ੍ਹਦੀ ਐ ਸਹੁਰੀ..! ਐਮੇ ਨ੍ਹੀ ਦੁਨੀਆਂ ਘਰ ਫੂਕ ਤਮਾਸ਼ਾ ਦੇਖਦੀ..!"

ਠੇਕੇਦਾਰ ਨੇ ਟਿਊਬ ਬੰਦ ਕਰਕੇ ਸਿਰਹਾਣੇ ਲੱਗਿਆ ਜ਼ੀਰੋ ਪਾਵਰ ਦਾ ਲਾਲ ਬੱਲ੍ਹਬ ਜਗਾ ਲਿਆ। ਗੁਰਮੇਲ ਕੌਰ ਦਾ ਸੰਧੂਰੀ ਚਿਹਰਾ ਹੋਰ ਮਨ ਮੋਹਣਾਂ ਬਣ ਗਿਆ। ਗੁਰਮੇਲ ਕੌਰ ਨੂੰ ਵੀ ਨਸ਼ੇ ਕਾਰਨ ਬੱਲ੍ਹਬ ਦਾ ਚਾਨਣ ਚੰਗਾ ਚੰਗਾ ਲੱਗਣ ਲੱਗ ਪਿਆ। ਸਰੀਰ ਅੰਬਰੀਂ ਤਾਰੀਆਂ ਲਾਉਂਦਾ ਪ੍ਰਤੀਤ ਹੋਇਆ।

-"ਮੈਥੋਂ ਨ੍ਹੀ ਰੱਖੇ ਜਾਂਦੇ ਆਹ ਅੱਗ ਲੱਗੜੇ..!" ਗੁਰਮੇਲ ਕੌਰ ਨੇ ਤਨ ਦੇ ਕੱਪੜੇ ਗੰਢੇ ਦੇ ਛਿਲਕੇ ਵਾਂਗ ਲਾਹ-ਲਾਹ ਮਾਰਨੇ ਸ਼ੁਰੂ ਕਰ ਦਿੱਤੇ!

ਥੋੜੀ ਦੇਰ ਵਿਚ ਹੀ ਗੁਰਮੇਲ ਕੌਰ ਡਲ਼ੀ ਵਾਂਗ ਨੰਗ-ਧੜੰਗੀ ਠੇਕੇਦਾਰ ਦੇ ਸਾਹਮਣੇ ਬੈੱਡ 'ਤੇ ਬੈਠੀ ਸੀ।

ਠੇਕੇਦਾਰ ਨੇ ਚੁਬਾਰੇ ਦਾ ਦਰਵਾਜਾ ਬੰਦ ਕਰ ਦਿੱਤਾ ਅਤੇ ਗੁਰਮੇਲ ਕੌਰ ਨੂੰ ਇਕ ਪੈੱਗ ਹੋਰ ਦੇ ਦਿੱਤਾ।

ਉਸ ਨੇ ਸ਼ਰਬਤ ਦੇ ਪਾਣੀ ਵਾਂਗ ਸੂਤ ਦਿੱਤਾ।

ਗੁਰਮੇਲ ਕੌਰ ਪੂਰੇ ਰੰਗਾਂ ਵਿਚ ਹੋ ਚੁੱਕੀ ਸੀ।

ਠੇਕੇਦਾਰ ਨੇ ਉਸ ਨੂੰ ਬੈੱਡ 'ਤੇ ਲਿਟਾ ਲਿਆ ਅਤੇ ਉਸ ਦੇ ਅੰਗ 'ਮਸਲ਼ਣੇ' ਸ਼ੁਰੂ ਕਰ ਦਿੱਤੇ।

-"ਠੇਕੇਦਾਰਾ..! ਕੰਮ ਯਾਦ ਐ ਨ੍ਹਾ..?" ਗੁਰਮੇਲ ਕੌਰ ਦੀਆਂ ਅੱਖਾਂ ਵਿਚ ਸ਼ਰਾਬ ਦਾ ਨਸ਼ਾ ਦੀਵੇ ਦੀ ਲਾਟ ਵਾਂਗ ਡੋਲ ਰਿਹਾ ਸੀ।

-"ਯਾਦ ਐ, ਗੁਰਮੇਲ ਕੁਰੇ..! ਯਾਦ ਐ..! ਪਰ ਹੁਣ ਨਾ ਬੋਲ..!" ਠੇਕੇਦਾਰ ਦੇ ਕੰਨ ਬੋਲ਼ੇ ਹੋ ਚੁੱਕੇ ਸਨ।

-"ਸੱਚੀਂ ਯਾਦ ਐ ਨ੍ਹਾਂ..?" ਸਰਾਲ਼ ਵਾਂਗ ਉਪਰ ਚੜ੍ਹਦੇ ਆ ਰਹੇ ਠੇਕੇਦਾਰ ਨੂੰ ਉਹ ਫਿਰ ਬੇਸੁਰਤੀ ਜਿਹੀ ਵਿਚ ਪੁੱਛ ਰਹੀ ਸੀ।

-"ਯਾਦ ਐ, ਦੁਸ਼ਮਣੇਂ..! ਬਿਲਕੁਲ ਯਾਦ ਐ..!"

ਚੁਬਾਰੇ ਵਿਚ ਇਕ ਤੂਫ਼ਾਨ ਝੁੱਲ ਪਿਆ ਸੀ। ਗੁਰਮੇਲ ਕੌਰ ਨਸ਼ੇ ਅਤੇ ਆਨੰਦ ਵਿਚ ਛੂਕ ਰਹੀ ਸੀ। ਬੈੱਡ 'ਤੇ ਸੱਪ ਵਾਂਗ ਮੇਹਲਦੀ ਠੇਕੇਦਾਰ ਨੂੰ ਬੋਲ ਕਬੋਲ ਵੀ ਕਰ ਰਹੀ ਸੀ।

ਸਵੇਰ ਦੇ ਤਿੰਨ ਵਜੇ ਤੱਕ ਚੁਬਾਰੇ ਵਿਚ ਝੱਖੜ ਝੁੱਲਦਾ ਰਿਹਾ। ਗੁਰਮੇਲ ਕੌਰ ਦੇ ਮੂੰਹੋਂ ਬੋਲ ਕਬੋਲ ਨਿਕਲ਼ਦੇ ਰਹੇ। ਆਨੰਦ ਦਾ ਝਰਨਾ ਵਗਦਾ ਰਿਹਾ।

ਸਵੇਰੇ ਸੱਤ ਵਜੇ ਠੇਕੇਦਾਰ ਨਹੀਂ, ਭਈਆ ਗੁਰਮੇਲ ਕੌਰ ਨੂੰ ਪਿੰਡ ਵਾਲ਼ੀ ਬੱਸ ਚੜ੍ਹਾ ਗਿਆ।

ਅਗਲੇ ਦਿਨ ਹੀ ਹਰਦੀਪ ਵੱਲੋਂ ਠੇਕੇਦਾਰ ਨੂੰ ਦੋ ਦੀ ਥਾਂ ਢਾਈ ਲੱਖ ਰੁਪਏ 'ਵੈਸਟਰਨ ਯੂਨੀਅਨ'

ਰਾਹੀਂ ਪਹੁੰਚ ਗਏ।

ਪੈਸੇ ਮਿਲਣਸਾਰ ਠੇਕੇਦਾਰ ਐੱਸ. ਟੀ. ਡੀ. 'ਤੇ ਪਹੁੰਚ ਗਿਆ।

-"ਹੁਣ ਤੂੰ ਜਲਦੀ ਨਾਲ਼ ਗੀਤ ਨੂੰ ਲੈ ਕੇ ਆ ਜਾਹ ਹਰਦੀਪ..! ਕੰਮ ਬੱਸ ਪੂਰਾ ਟੰਚ ਐ..!" ਉਹ ਇੱਕੋ ਗੱਲ 'ਤੇ ਹੀ ਸੂਈ ਧਰੀ ਬੈਠਾ ਸੀ।

-"ਪੱਕੀ ਗੱਲ ਐ..?" ਹਰਦੀਪ ਟੈਲੀਫ਼ੋਨ 'ਤੇ ਹੀ ਚੀਕ ਮਾਰਨ ਵਾਲ਼ੀ ਹੋਈ ਪਈ ਸੀ।

-"ਤੈਨੂੰ ਕਹਿ ਤਾਂ ਦਿੱਤਾ, ਕੰਮ ਟੰਚ ਐ...! ਤੂੰ ਮੈਨੂੰ ਖਰਚੇ ਬਰਚੇ ਵੱਲੋਂ ਤੰਗ ਨਾ ਹੋਣ ਦੇਈਂ, ਤੇਰੇ ਕੰਮ ਸਾਰੇ ਮੈਂ ਕਰੂੰ...!" ਠੇਕੇਦਾਰ ਨੇ ਢਾਈ ਲੱਖ ਦਾ ਮੁੱਲ ਮੋੜ ਦਿੱਤਾ ਸੀ।

-"ਤੂੰ ਖਰਚੇ ਬਰਚੇ ਅੱਲੋਂ ਪ੍ਰਵਾਹ ਨਾ ਕਰਿਆ ਕਰ ਨੱਥਿਆ..! ਬੱਸ ਆਪਣਾ ਆਹ ਕੰਮ ਕੱਢ..!"

-"ਨਿਕਲ਼ ਗਿਆ..! ਬੱਸ ਤੁਸੀਂ ਆਜੋ..!" ਆਖ ਕੇ ਠੇਕੇਦਾਰ ਨੇ ਫ਼ੋਨ ਰੱਖ ਦਿੱਤਾ।

ਅਗਲੇ ਹਫ਼ਤੇ ਹੀ ਗੀਤ ਅਤੇ ਉਸ ਦੀ ਮਾਂ ਭੂਤ ਵਾਂਗ ਇੰਡੀਆ ਆ ਵੱਜੇ।

ਠੇਕੇਦਾਰ ਹੀ ਉਹਨਾਂ ਨੂੰ ਲੈਣ ਪਹੁੰਚਿਆ ਹੋਇਆ ਸੀ।

ਸਾਰੇ ਰਾਹ ਹੀ ਉਹ ਗੀਤ ਦੇ ਵਿਆਹ ਦੀਆਂ ਗੱਲਾਂ ਕਰਦੇ ਰਹੇ। ਪਤਾ ਨਹੀਂ ਕਿਹੜੀਆਂ ਸਕੀਮਾਂ ਬਣਾ-ਬਣਾ ਢਾਹੁੰਦੇ ਰਹੇ।

ਠੇਕੇਦਾਰ ਉਹਨਾਂ ਨੂੰ ਉਹਨਾਂ ਦੀ ਕੋਠੀ ਉਤਾਰ ਕੇ ਸਿੱਧਾ ਗੁਰਮੇਲ ਕੌਰ ਕੋਲ਼ ਆਇਆ।

-"ਲੈ ਗੁਰਮੇਲ ਕੁਰੇ..! ਅਮਰੀਕਾ ਆਲ਼ਾ ਪ੍ਰੀਵਾਰ ਤਾਂ ਆ ਗਿਆ..।" ਆਖ ਕੇ ਠੇਕੇਦਾਰ ਨੇ ਇਕ ਤਰ੍ਹਾਂ ਨਾਲ਼ ਉਸ ਦਾ ਉਧਾਰ ਵੀ ਬਰਾਬਰ ਕਰ ਮਾਰਿਆ।

-"ਸੱਚੀਂ..? ਸਹੁੰ ਖਾ..!" ਗੁਰਮੇਲ ਕੌਰ ਖ਼ੁਸ਼ੀ ਵਿਚ ਚੀਕ ਮਾਰਨ ਵਾਲ਼ੀ ਹੋ ਗਈ। ਅੰਦਰ ਬੈਠੀ ਪ੍ਰੀਤ ਨੂੰ ਸੁਣਿਆਂ ਤਾਂ ਉਸ ਦੇ ਮਨ ਅੰਦਰ ਵੀ ਲੱਡੂ ਭੁਰਨ ਲੱਗ ਪਏ।

-"ਹੁਣ ਮੁੰਡਾ ਪਸੰਦ ਕਰੋ, ਤੇ ਵਿਆਹ ਦੀ ਤਿਆਰੀ ਕਰੋ...! ਮੈਂ ਅਗਲਿਆਂ ਨੂੰ ਠੋਕ ਕੇ ਕਹਿ ਦਿੱਤੈ..! ਬਈ ਬਰਾਤ ਬਰੂਤ ਨਾ ਲਿਆਇਓ, ਤੇ ਕਚਿਹਰੀਆਂ 'ਚ ਈ ਬਿਆਹ ਕਰ ਲਓ..! ਕਿਵੇਂ ਰੈਅ ਐ..? ਠੀਕ ਐ ਕਿ ਨਹੀਂ?"

-"ਨਹੀਂ, ਖਰਚਾ ਬਰਚਾ ਤਾਂ ਕਰਾਂਗੇ ਠੇਕੇਦਾਰਾ..! ਸ਼ਰੀਕੇ ਕਬੀਲੇ 'ਚ ਨੱਕ ਨ੍ਹੀ ਰਹਿਣਾ-?"

-"ਤੂੰ ਗੋਲ਼ੀ ਮਾਰ ਸ਼ਰੀਕੇ ਕਬੀਲੇ ਤੇ ਨੱਕ ਨੂੰ..! ਇਹਨਾਂ ਦੇ ਬਿਆਹ ਦੇ ਕਾਗਜ ਪੱਤਰ ਬਣਾ ਤੇ ਅਮਰੀਕਾ ਵੜਦੀ ਕਰ..! ਕੀ ਲੈਣੈਂ ਸ਼ਰੀਕੇ ਕਬੀਲੇ ਤੋਂ? ਬਾਹਲ਼ੀ ਤੋਏ ਤੋਏ ਨ੍ਹੀ ਕਰਵਾਈਦੀ ਹੁੰਦੀ ਲੋਕਾਂ ਤੋਂ...! ਖਸਮਾਂ ਨੂੰ ਖਾਣੇ ਨਜ਼ਰ ਲਾ ਦਿੰਦੇ ਐ ਗੁਰਮੇਲ ਕੁਰੇ..! ਅੱਜ ਰਾਤ ਨੂੰ..? ਕੀ ਖਿਆਲ ਐ..?" ਉਸ ਨੇ ਗੁਰਮੇਲ ਕੌਰ ਦੇ ਬਹੁਤ ਨੇੜੇ ਹੋ ਕੇ ਦੱਬਵੇਂ ਬੋਲ ਨਾਲ਼ ਕਿਹਾ।

-"ਜਿਵੇਂ ਤੇਰੀ ਮਰਜੀ...! ਮੈਂ ਤੈਥੋਂ ਬਾਹਰ ਐਂ..? ਅੱਗੇ ਨੀ ਮੰਨੀ ਤੇਰੀ ਗੱਲ..?" ਉਸ ਨੇ ਅੱਗਾ ਪਿੱਛਾ ਦੇਖ ਕੇ ਹਿੱਕ ਥਾਪੜ ਦਿੱਤੀ।

-"ਮੈਂ ਕਦੋਂ ਕਿਹੈ...? ਦੇਖ ਲੈ ਤੇਰੀ ਖਾਤਰ ਕੀ ਕੀ ਪਾਪੜ ਵੇਲਦਾ ਫਿਰਦੈਂ, ਅਮਰੀਕਾ ਜਾ ਕੇ ਪਤਾ ਨ੍ਹੀ ਯਾਦ ਕਰੇਂਗੀ, ਪਤਾ ਨ੍ਹੀ, ਨਹੀਂ? ਉਥੇ ਈ ਮਿਲਾਂਗੇ, ਉਸੇ ਥਾਂ 'ਤੇ! ਤੇ ਨਾਲ਼ੇ ਕਰਾਂਗੇ ਮੁੰਡਾ ਕੁੜੀ ਦਿਖਾਉਣ ਬਾਰੇ ਸਾਰੀ ਗੱਲ ਬਾਤ..!" ਠੇਕੇਦਾਰ ਊਠ ਵਾਂਗ ਪੁਲਾਂਘਾਂ ਪੱਟਦਾ ਤੁਰ ਗਿਆ।

ਖ਼ੁਸ਼ੀ ਵਿਚ ਖੜ੍ਹੀ ਗੁਰਮੇਲ ਕੌਰ ਦਾ ਦਿਲ ਛਾਤੀ ਵਿਚ ਹਥੌੜੇ ਵਾਂਗ ਵੱਜ ਰਿਹਾ ਸੀ।

## ਕਾਂਡ 5

ਪ੍ਰੀਤ ਅਤੇ ਗੀਤ ਦੀ ਦੇਖ ਦਿਖਾਈ ਤੱਕ ਗੁਰਮੇਲ ਕੌਰ ਅਤੇ ਠੇਕੇਦਾਰ ਦਾ ਆਪਣਾ 'ਸਿਲਸਲਾ' ਚੱਲਦਾ ਰਿਹਾ।

ਠੇਕੇਦਾਰ ਦੇ ਪੈਟਰੋਲ ਪੰਪ ਦੇ ਚੁਬਾਰੇ ਵਿਚ ਰਾਤਾਂ ਨਿੱਘੀਆਂ ਹੁੰਦੀਆਂ ਰਹੀਆਂ। ਭਈਆ ਉਹਨਾਂ ਦੀ ਸੇਵਾ ਵਿਚ ਜੁਟਿਆ ਰਿਹਾ। ਪਰ ਸਾਰਾ ਭੇਦ ਪ੍ਰੀਤ ਦੇ ਰਿਸ਼ਤੇ ਦੀ 'ਆੜ' ਵਿਚ ਹੀ ਲੁਕਿਆ ਰਿਹਾ। ਕਿਸੇ ਨੂੰ ਕੰਨੋਂ-ਕੰਨ ਖ਼ਬਰ ਨਹੀਂ ਹੋਈ ਸੀ। ਭੇਦ, ਭੇਦ ਹੀ ਰਿਹਾ ਸੀ। ਪਰ ਪ੍ਰੀਤ ਜ਼ਰੂਰ ਸ਼ੱਕੀ ਹੋ ਗਈ ਸੀ ਕਿ ਉਸ ਦੀ ਮਾਂ ਘਰ ਆ ਕੇ ਸਾਰਾ ਸਾਰਾ ਦਿਨ ਸੁੱਤੀ ਕਿਉਂ ਰਹਿੰਦੀ ਸੀ..? ਪਰ ਉਸ ਨੂੰ ਅਮਰੀਕਾ ਜਾਣ ਦੇ ਸੁਪਨਿਆਂ ਵਿਚ ਬਹੁਤਾ ਕੋਈ ਮਹਿਸੂਸ ਨਹੀਂ ਹੋਇਆ ਸੀ। ਜੰਗੀਰ ਸਿੰਘ ਤਾਂ ਵੈਸੇ ਹੀ ਗੁਰਮੇਲ ਕੌਰ ਵੱਲੋਂ ਆਵੇਸਲ਼ਾ ਸੀ। ਕਿਹੜਾ ਉਸ ਦੀ ਘਰ ਵਿਚ ਕੋਈ ਪੁੱਛ-ਦੱਸ ਸੀ..? ਉਹ ਬਿਨਾਂ ਗੱਲੋਂ ਵਾੜ ਦਾ ਝਾਫ਼ਾ ਬਣ ਕੇ ਕਿਸੇ ਗੱਲ ਨੂੰ ਚਿੰਬੜਨਾ ਨਹੀਂ ਚਾਹੁੰਦਾ ਸੀ। ਆਪਣੀ ਇੱਜ਼ਤ ਆਪਦੇ ਹੱਥ ਸਮਝਦਾ ਸੀ। ਝੱਗਾ ਚੁੱਕਿਆਂ ਆਪਣਾ ਢਿੱਡ ਹੀ ਨੰਗਾ ਹੋਣਾਂ ਸੀ। ਗੁਰਮੇਲ ਕੌਰ ਦੀਆਂ ਕਾਫ਼ੀ ਚਿਰ ਦੀਆਂ ਸੁੱਤੀਆਂ ਕਲਾਂ ਜਾਗ ਚੁੱਕੀਆਂ ਸਨ। ਉਹ ਠੇਕੇਦਾਰ ਦੀ ਸ਼ੁਕਰਗੁਜ਼ਾਰ ਸੀ। ਠੇਕੇਦਾਰ ਨੇ ਉਸ ਨੂੰ ਮੁੜ ਜੁਆਨ ਕਰ ਦਿੱਤਾ ਸੀ। ਉਸ 'ਤੇ ਮੁੜ ਜੁਆਨੀ ਚੜ੍ਹ ਆਈ ਸੀ ਅਤੇ ਉਹ ਫਿਰ ਤੋਂ ਮੋਰ ਵਾਂਗ 'ਪੈਹਲਾਂ' ਪਾਉਣ ਲੱਗ ਪਈ ਸੀ। ਉਹ ਠੇਕੇਦਾਰ ਦੇ ਚੁਬਾਰੇ ਦੀਆਂ ਪੌੜੀਆਂ ਪੱਬਾਂ ਭਾਰ ਚੜ੍ਹਦੀ ਅਤੇ ਫੁੱਲ ਵਾਂਗ ਤਾਜ਼ੀ ਹੋ ਕੇ ਥੱਲੇ ਉਤਰਦੀ..।

-"ਗੁਰਮੇਲ ਕੁਰੇ, ਕਿਤੇ ਜੰਗੀਰ ਸਿਉਂ ਨੂੰ ਕਿਸੇ ਗੱਲੋਂ ਕੋਈ ਭਿਣਕ ਤਾਂ ਨਹੀਂ ਪਈ..?" ਇਕ ਰਾਤ ਚੁਬਾਰੇ ਵਿਚ ਗੁਰਮੇਲ ਕੌਰ ਦੇ ਨਾਲ਼ ਪਏ ਠੇਕੇਦਾਰ ਨੇ ਗੱਲ ਛੇੜ ਲਈ।

-"ਠੇਕੇਦਾਰਾ..! ਬੋਤਾ ਬੁੱਢਾ ਹੋ ਜਾਂਦੈ, ਪਰ ਉਹਨੂੰ ਸਾਰੀ ਉਮਰ ਮੂਤਣ ਦੀ ਜਾਂਚ ਨ੍ਹੀ ਆਉਂਦੀ..!" ਇਕੋ ਗੱਲ ਆਖ ਕੇ ਗੁਰਮੇਲ ਕੌਰ ਨੇ ਉਸ ਦੀ ਤਸੱਲੀ ਕਰਵਾ ਦਿੱਤੀ।

-"ਐਸੇ ਕਰਕੇ ਮੈਂ ਉਹਤੋਂ ਬਚਦਾ ਤੁਰਿਆ ਆਉਨੈਂ..! ਅਫ਼ਸਰ ਦੇ ਅਗਾੜੀ ਤੇ ਬੋਤੇ ਦੇ ਪਿਛਾੜੀ ਲੰਘਣਾ, ਖ਼ਤਰਾ ਈ ਖ਼ਤਰਾ..!" ਠੇਕੇਦਾਰ ਹੱਸ ਪਿਆ।

-"ਖੁਸਰੇ ਨਾਲ਼ ਖੁਸਰਾ ਸੁੱਤਾ, ਨਾ ਕੁਛ ਲਿਆ ਤੇ ਨਾ ਦਿੱਤਾ..! ਉਹਨੇ ਤਾਂ ਮੈਨੂੰ ਜਮਾਂ ਈ ਬੁੜ੍ਹੀ ਕਰ ਮਾਰਿਆ ਸੀ, ਹੱਥ ਈ ਨ੍ਹੀ ਸੀ ਲਾਉਂਦਾ ਹੁਣ ਤਾਂ, ਮੇਰਾ ਤਾਂ ਅੰਦਰ ਈ ਮਰ ਚੱਲਿਆ ਸੀ..!" ਗੁਰਮੇਲ ਕੌਰ ਵੀ ਹੱਸ ਪਈ।

-"ਤੇਰਾ ਅੰਦਰ ਮਰਨ ਦਿੰਨੇ ਐਂ..? ਇਕ ਗੱਲ ਹੋਰ ਦੱਸ..?" ਉਹ ਸਿੱਧਾ ਪਿਆ ਪਿਆ ਉਠ ਕੇ ਗੁਰਮੇਲ ਕੌਰ ਉਪਰ ਝੁਕ ਗਿਆ।

ਗੁਰਮੇਲ ਕੌਰ ਨੇ ਅੱਖਾਂ ਉਪਰ ਚੁੱਕੀਆਂ। ਠੇਕੇਦਾਰ ਨੇ ਉਸ ਦੀਆਂ ਅੱਖਾਂ ਵਿਚ ਡੂੰਘੀ ਨਜ਼ਰ ਮਾਰੀ। ਦੂਰ ਦੂਰ ਤੱਕ ਝੀਲਾਂ ਹੀ ਤਾਂ ਤਾਰੀਆਂ ਲਾ ਰਹੀਆਂ ਸਨ। ਸ਼ਰਾਬ ਦੇ ਨਸ਼ੇ ਕਾਰਨ ਅੱਖਾਂ ਦੀ ਲੋਅ ਹੋਰ ਹੁਸੀਨ ਸੀ। ਗੁਰਮੇਲ ਕੌਰ ਦਾ ਕੂਲ਼ਾ ਸਰੀਰ ਠੇਕੇਦਾਰ ਨੂੰ ਹਾੜ੍ਹ ਮਹੀਨੇ ਰੂੜੀ ਵਿਚੋਂ ਭੜ੍ਹਦਾਅ ਨਿਕਲਣ ਵਾਂਗ, ਤਪਾੜ ਮਾਰ ਰਿਹਾ ਸੀ।

-"ਕੁੜੀ ਆਲ਼ਾ ਕੰਮ ਤਾਂ ਸਮਝਲਾ ਗਿਆ, ਹੋ..! ਉਸ ਤੋਂ ਬਾਅਦ ਆਪਣਾ ਮਿਲਣ ਦਾ ਜੁਗਾੜ..?"

-"ਠੇਕੇਦਾਰਾ..! ਜਿੰਨਾਂ ਚਿਰ ਮੈਂ ਐਥੇ ਐਂ, ਬੇਫ਼ਿਕਰ ਹੋਜਾ..! ਅੱਧੀ ਆਂ ਗਰੀਬ ਜੱਟ ਦੀ ਤੇ ਅੱਧੀ ਤੇਰੀ ਆਂ ਮੁਲ੍ਹਾਜੇਦਾਰਾ..!"

-"ਪਰ ਅਮਰੀਕਾ ਜਾ ਕੇ ਤਾਂ ਭੁੱਲਜੇਂਗੀ ਗਰੀਬ ਯਾਰ ਨੂੰ..?"

-"ਅਮਰੀਕਾ ਜਾ ਕੇ ਭੁੱਲਣ ਆਲ਼ੀ ਗੱਲ ਵੀ ਦਿਲ 'ਚੋਂ ਕੱਢ ਦੇਹ..! ਜਿਉਂਦੀਆਂ ਰੂਹਾਂ ਦੇ ਮੇਲੇ ਤਾਂ ਠੇਕੇਦਾਰਾ ਹੁੰਦੇ ਈ ਰਹਿੰਦੇ ਐ..! ਮਰਿਆਂ ਮਗਰੋਂ ਕੋਈ ਗਰੰਟੀ ਨਹੀਂ...!" ਗੁਰਮੇਲ ਕੌਰ ਦੇ ਆਖਣ 'ਤੇ ਠੇਕੇਦਾਰ ਨੇ ਉਸ ਨੂੰ ਗਲਵਕੜੀ ਵਿਚ ਕਸ ਲਿਆ। ਉਸ ਨੇ ਰੇਗਮਾਰ ਵਰਗੀ ਜੀਭ ਉਸ ਦੀਆਂ

ਰੱਤੀਆਂ ਗੱਲ੍ਹਾਂ 'ਤੇ ਘਸਾਈ।

ਨਿਰਵਸਤਰ ਪਈ ਗੁਰਮੇਲ ਕੌਰ ਵਿਚੋਂ ਉਸ ਨੂੰ ਆਨੰਦਮਈ ਨਿੱਘ ਆਇਆ ਸੀ।

ਉਸ ਦੇ ਜੁੱਗਾਂ ਜੁਗਾਂਤਰਾਂ ਦੇ ਦੁੱਖ ਟੁੱਟ ਗਏ ਸਨ।

ਪ੍ਰੀਤ ਦਾ ਵਿਆਹ ਰੱਖ ਦਿੱਤਾ ਗਿਆ।

ਗੱਲ ਪੱਕੀ ਹੋ ਗਈ। ਠੇਕੇਦਾਰ ਦੇ ਜੋਰ ਦੇਣ 'ਤੇ ਪੰਜ ਬੰਦੇ ਬਰਾਤ ਦੇ ਆਉਣੇ ਸਨ ਅਤੇ ਵਿਆਹ ਇਕ ਛੋਟੇ ਜਿਹੇ ਮੈਰੇਜ-ਪੈਲਿਸ ਵਿਚ ਹੋਣਾ ਮਿਥ ਲਿਆ ਗਿਆ ਸੀ। ਉਸ ਤੋਂ ਬਾਅਦ ਮੈਰੇਜ ਰਜਿਸਟਰ ਹੋਣੀ ਸੀ। ਸਾਰਾ ਕਾਰਜ ਠੇਕੇਦਾਰ ਦੀ ਘੜ੍ਹੀ ਸਕੀਮ ਅਨੁਸਾਰ ਹੀ ਚੱਲ ਰਿਹਾ ਸੀ। ਉਸ ਦੀ ਸਾਲ਼ੀ ਹਰਦੀਪ ਅਤੇ ਸਾਲ਼ੀ ਦਾ ਮੁੰਡਾ ਗੀਤ ਠੇਕੇਦਾਰ ਦੀ ਸੀਟੀ 'ਤੇ ਹੀ ਉੱਡ ਰਹੇ ਸਨ। ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ।

ਮਿਥਿਆ ਦਿਨ ਵੀ ਆ ਗਿਆ।

ਪੰਜ ਬੰਦੇ ਹੀ ਬਰਾਤ ਦੇ ਆਏ। ਗੀਤ, ਠੇਕੇਦਾਰ, ਗੀਤ ਦਾ ਛੜਾ ਭਰਾ ਜੀਤ, ਹਰਦੀਪ ਅਤੇ ਗੀਤ ਦਾ ਮਾਮਾ ਪਿਸ਼ੌਰਾ ਸਿੰਘ..! ਗੀਤ ਦਾ ਮਾਮਾ ਪਿਸ਼ੌਰਾ ਸਿੰਘ ਕੁਝ ਨਿਰਾਸ਼ ਸੀ। ਉਹ ਆਪਣੇ ਅਮਰੀਕਣ ਭਾਣਜੇ ਦਾ ਵਿਆਹ ਗੱਜ ਵੱਜ ਕੇ ਕਰਨਾ ਚਾਹੁੰਦਾ ਸੀ। ਪਰ ਠੇਕੇਦਾਰ ਦੇ 'ਉਚੇ' ਖ਼ਿਆਲਾਂ ਨੇ ਉਸ ਦੇ ਦਿਲ ਦੀਆਂ ਦਿਲ ਵਿਚ ਹੀ ਦਫ਼ਨ ਕਰ ਦਿੱਤੀਆਂ ਸਨ। ਉਹ ਬਹੁਤੀ ਕਿਸੇ ਨਾਲ਼ ਅੱਖ ਨਹੀਂ ਮਿਲ਼ਾ ਰਿਹਾ ਸੀ। ਦਾਰੂ ਪੀਂਦਾ ਸੂਣ ਵਾਲ਼ੀ ਮੱਝ ਵਾਂਗ ਉਸਲ਼ਵੱਟੇ ਜਿਹੇ ਲੈ ਰਿਹਾ ਸੀ। ਪਰ ਭਾਣਜੇ ਦੇ ਵਿਆਹ ਵਿਚ ਉਸ ਨੇ ਧੂਤਕੜਾ ਨਹੀਂ ਪਾਇਆ ਸੀ। ਬਦਸ਼ਗਨੀ ਨਹੀਂ ਕੀਤੀ ਸੀ। ਸਿਆਣਾ ਬੰਦਾ ਫਿਰ ਵੀ ਚੁੱਪ ਸੀ। ਜਦੋਂ ਕਿਸੇ ਅੱਗੇ ਕੋਈ ਵਾਹ ਹੀ ਨਹੀਂ ਜਾਂਦੀ ਸੀ, ਰੌਲ਼ਾ ਰੱਪਾ ਪਾਉਣ ਦਾ ਫ਼ਾਇਦਾ..? ਇਸ ਲਈ ਵਿਆਹ 'ਚ ਬੀਅ ਦਾ ਲੇਖਾ ਉਹ ਦੇਣਾਂ ਨਹੀਂ ਚਾਹੁੰਦਾ ਸੀ।

ਆਨੰਦ ਕਾਰਜਾਂ ਤੋਂ ਪਹਿਲਾਂ ਠੇਕੇਦਾਰ ਉਸ ਨੂੰ ਇਕ ਪਾਸੇ ਲੈ ਗਿਆ।

-"ਪਿਸ਼ੌਰਾ ਸਿਆਂ..! ਸਰਬੰਧੀਆ ਕੀ ਗੱਲ ਹੋ ਗਈ? ਬਾਹਲ਼ਾ ਈ ਚੁੱਪ ਜਿਐਂ..?" ਠੇਕੇਦਾਰ ਨੇ ਗੱਲ ਚਲਾਈ। ਫੇਰ ਵੀ ਠੇਕੇਦਾਰ ਉਹਨਾਂ ਦਾ ਜੁਆਈ ਸੀ ਅਤੇ ਉਹ ਇਸ ਵਿਆਹ ਵਿਚ ਖ਼ਰੂਦ ਨਹੀਂ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਇਹ ਉਲੀਕਿਆ ਕਾਰਜ ਸੁੱਖ-ਸਾਂਦ ਨਾਲ਼ ਹੀ ਸਿਰੇ ਲੱਗ ਜਾਵੇ।

-"ਗੱਲ ਪ੍ਰਾਹੁਣਿਆਂ ਇਹ ਐ..!" ਪਿਸ਼ੌਰਾ ਸਿੰਘ ਅੰਦਰਲੀ ਖਟਾਸ ਨਾਲ਼ ਬੋਲਿਆ। ਪਰ ਮੂੰਹੋਂ ਧਹੱਮਲ ਰੱਖੀ।

-"ਦੱਸ..?"

-"ਇਕ ਵਾਰੀ ਮੱਝ ਤੇ ਜਨਾਨੀ ਲੜ ਪਈਆਂ...!" ਉਸ ਨੇ ਬਲ਼ਦਾ ਭਾਂਬੜ ਠੱਲ੍ਹ ਕੇ ਕਿਹਾ।

-"ਅੱਛਾ...!"

-"ਲੜਾਈ ਇਹ ਸੀ..! ਮੱਝ ਜਨਾਨੀ ਨੂੰ ਕਹਿੰਦੀ ਅਖੇ ਲੋਕ ਮੇਰੇ ਥਣਾਂ ਨੂੰ ਨਿੱਤ ਪਲ਼ੋਸਦੇ ਐ, ਤੇ ਝੋਟੇ ਕੋਲ਼ੇ ਮੈਨੂੰ ਸਾਲ 'ਚ ਸਿਰਫ਼ ਇਕ ਆਰੀ ਲੈ ਕੇ ਜਾਂਦੇ ਐ..! ਤੇ ਤੈਨੂੰ ਨਿੱਤ ਪਲ਼ੋਸ ਕੇ ਬੰਦਾ ਨਿੱਤ ਤੇਰੀ ਸ਼ੇਜ ਮਾਣਦੈ, ਇਹ ਵਿਤਕਰਾ ਮੇਰੇ ਨਾਲ਼ ਕਿਉਂ..?" ਉਸ ਨੇ ਉਦਾਹਰਣ ਦੇ ਕੇ ਗੱਲ ਗੋਲ਼ ਹੀ ਕਰ ਮਾਰੀ।

ਠੇਕੇਦਾਰ ਨੂੰ ਗੱਲ ਦੀ ਪੂਰੀ ਸਮਝ ਤਾਂ ਨਹੀਂ ਸੀ ਆਈ। ਪਰ ਉਸ ਦੇ ਇਸ਼ਾਰੇ ਤੋਂ ਸਮਝ ਗਿਆ ਸੀ ਕਿ ਪਿਸ਼ੌਰਾ ਸਿਉਂ ਪੂਰੀ ਬਰਾਤ ਅਤੇ ਠਾਠ-ਬਾਠ ਨਾਲ਼ ਵਿਆਹ ਨਾ ਕਰਨ 'ਤੇ ਦੁਖੀ ਸੀ। ਭਾਣਜੇ ਦੇ ਵਿਆਹ ਵਿਚ ਤਾਂ ਮਾਮੇ ਦੀ ਪੂਰੀ ਪੁੱਛ-ਦੱਸ ਅਤੇ ਭੱਲ ਹੁੰਦੀ ਐ। ਠੂਠੀਆਂ ਜਿਉਂ ਬੰਨਣੀਆਂ ਹੁੰਦੀਐਂ..! ਤੇ ਨਾਨਕੀ ਛੱਕ ਜਿਉਂ ਪੂਰਨੀ ਹੁੰਦੀ ਐ..!

-"ਇਕ ਗੱਲ ਤੈਨੂੰ ਵਾਅਦੇ ਨਾਲ਼ ਕਹਿੰਨੈ..! ਬਈ ਤੈਨੂੰ ਮਾਮੇ ਆਲ਼ੇ ਪਾਸਿਓਂ ਕੋਈ ਉਲਾਂਭਾ ਨ੍ਹੀ ਆਊ..! ਤੂੰ ਅੰਬ ਖਾਣੇ ਐਂ ਕਿ ਝਾੜ ਗਿਣਨੇ ਐਂ..?" ਸੱਤਾਂ ਪੱਤਣਾਂ ਦੇ ਤਾਰੂ ਠੇਕੇਦਾਰ ਨੇ ਉਸ ਦੀ ਸੰਤੁਸ਼ਟੀ ਕਰਵਾ ਦਿੱਤੀ। ਪ੍ਰਾਹੁਣੇਂ ਦਾ ਲਿਹਾਜ਼ ਕਰ ਕੇ ਪਿਸ਼ੌਰਾ ਸਿੰਘ ਘੁੱਟ ਵੱਟੀ ਚੁੱਪ ਕਰ ਗਿਆ।

ਪੰਜ ਬੰਦਿਆਂ ਦੀ ਹਾਜ਼ਰੀ ਵਿਚ ਪ੍ਰੀਤ ਅਤੇ ਗੀਤ ਦਾ ਆਨੰਦ ਕਾਰਜ ਹੋ ਗਿਆ।

ਗੁਰਮੇਲ ਕੌਰ ਅਤੇ ਜੰਗੀਰ ਸਿਉਂ ਨੇ ਖਰਚ ਵੀ ਪੁੱਜ ਕੇ ਕੀਤਾ। ਨੇੜਲੇ ਰਿਸ਼ਤੇਦਾਰਾਂ ਨੂੰ ਮੁੰਦਰੀਆਂ ਨਾਲ਼ ਨਿਵਾਜਿਆ ਗਿਆ ਅਤੇ ਪੰਦਰਾਂ ਲੱਖ ਰੁਪਈਆ ਗੀਤ ਦੀ ਝੋਲ਼ੀ ਪਾਇਆ ਗਿਆ।

ਰੋਟੀ ਪਾਣੀ ਅਤੇ ਦਾਰੂ ਛਕਣ ਉਪਰੰਤ ਸ਼ਾਮ ਦੇ ਚਾਰ ਕੁ ਵਜੇ ਪ੍ਰੀਤ ਦੀ ਡੋਲ਼ੀ ਵਿਦਾ ਕੀਤੀ ਗਈ।

ਠੇਕੇਦਾਰ ਜੇਤੂ ਅੰਦਾਜ਼ ਵਿਚ ਤੁਰਿਆ ਸੀ ਅਤੇ ਗੁਰਮੇਲ ਕੌਰ ਦਿਲੋਂ ਫ਼ਿੱਸੀ-ਫ਼ਿੱਸੀ ਖੜ੍ਹੀ ਸੀ। ਪ੍ਰੀਤ ਉਸ ਦੀ ਇਕਲੌਤੀ ਧੀ ਸੀ। ਕੀ-ਕੀ ਪਾਪੜ ਉਸ ਨੇ ਨਹੀਂ ਵੇਲੇ ਸਨ ਆਪਣੀ ਧੀ ਪ੍ਰੀਤ ਲਈ..? ਬੁਲਡੋਜ਼ਰ ਵਰਗੇ ਠੇਕੇਦਾਰ ਦੀਆਂ ਰਾਤਾਂ ਰੰਗੀਨ ਬਣਾਈਆਂ ਸਨ..। ਲਾਲ਼ਾਂ ਚੱਟੀਆਂ ਸਨ..। ਠੇਕੇਦਾਰ ਦਾ ਕੋਈ ਬੋਲ ਭੁੰਜੇ ਨਹੀਂ ਡਿੱਗਣ ਦਿੱਤਾ ਸੀ..। ਠੇਕੇਦਾਰ ਨੂੰ ਆਪਣਾ ਸਾਰਾ ਕੁਝ ਸਮਰਪਣ ਕਰੀ ਰੱਖਿਆ ਸੀ..। ਉਸ ਦੀ 'ਦਾਸੀ' ਬਣ ਕੇ ਉਸ ਦਾ 'ਹਰ' ਹੁਕਮ ਸੁਣਿਆਂ ਨਹੀਂ, ਵਜਾਇਆ ਸੀ..! ਪਰ ਠੇਕੇਦਾਰ ਨੇ ਵੀ ਉਸ ਨਾਲ਼ ਲੱਗੀਆਂ ਪੁਗਾਈਆਂ ਸਨ..। ਉਹ ਵੀ ਨਰ ਬੰਦਾ ਹੋ ਨਿੱਬੜਿਆ ਸੀ..। ਅੱਜ ਜੰਗੀਰ ਸਿੰਘ ਵੀ ਠੇਕੇਦਾਰ ਦਾ ਧੰਨਵਾਦੀ ਅਤੇ ਰਿਣੀਂ ਹੋਇਆ ਖੜ੍ਹਾ ਸੀ। ਤੁਰਨ ਲੱਗੇ ਠੇਕੇਦਾਰ ਦੇ ਇਕ ਤਰ੍ਹਾਂ ਨਾਲ਼ ਗਲ਼ ਲੱਗ ਕੇ, ਜੱਫ਼ੀ ਪਾ ਕੇ ਉਸ ਨੇ ਆਪਣੇ ਸ਼ੁਕਰਾਨੇ ਦਾ ਇਜ਼ਹਾਰ ਕੀਤਾ ਸੀ।

ਰਾਤ ਹੋਈ!

ਵਿਸ਼ਾਲ ਕੋਠੀ ਦੇ ਉਪਰਲੇ ਕਮਰੇ ਵਿਚ ਪ੍ਰੀਤ ਚਾਰ ਕੁ ਕੁੜੀਆਂ ਵਿਚ ਘਿਰੀ, ਕਿਸੇ ਲਾਟ ਵਾਂਗ ਦਗ਼ ਰਹੀ ਸੀ। ਉਸ ਦੀਆਂ ਸੁਨੱਖੀਆਂ ਅੱਖਾਂ ਝੁਕੀਆਂ ਪਈਆਂ ਸਨ। ਕੁੜੀਆਂ ਕਦੇ-ਕਦੇ ਕੋਈ ਅਸ਼ਲੀਲ ਗੱਲ ਪ੍ਰੀਤ ਨੂੰ ਰੜਕਾ ਕੇ ਕਰਦੀਆਂ ਤਾਂ ਪ੍ਰੀਤ ਦਾ ਮੂੰਹ ਲਾਲ ਰੱਤਾ ਹੋ ਜਾਂਦਾ..! ਕੋਠੀ ਵਿਚ ਕੋਈ ਬਹੁਤੀ ਰੌਣਕ ਨਹੀਂ ਸੀ। ਉਸ ਦੀ ਸੱਸ ਦੀਆਂ ਚਾਰ ਕੁ ਪੁਰਾਣੀਆਂ ਸਹੇਲੀਆਂ ਹੀ ਹੇਠ ਬੈਠੀਆਂ ਗੱਲਾਂ ਬਾਤਾਂ ਕਰ ਰਹੀਆਂ ਸਨ, ਅਤੇ ਜਾਂ ਬਾਹਰਲੇ ਗੇਟ ਵਾਲ਼ੇ ਕਮਰੇ ਵਿਚੋਂ ਸ਼ਰਾਬੀ ਅਵਾਜ਼ਾਂ ਪ੍ਰੀਤ ਦੇ ਕੰਨੀਂ ਪੈ ਰਹੀਆਂ ਸਨ। ਪ੍ਰੀਤ ਦੀਆਂ ਸਧਰਾਂ ਦੀਆਂ ਕਲੀਆਂ ਖਿੜ ਕੇ ਜੋਬਨ ਬਹਾਰ 'ਤੇ ਆ ਗਈਆਂ ਸਨ। ਉਸ ਦੇ ਮਨ ਦੀ ਸਾਧਨਾ ਪੂਰੀ ਹੋ ਗਈ ਸੀ। ਉਸ ਦਾ ਸੁਪਨਾ ਸੀ ਕਿਸੇ 'ਬਾਹਰਲੇ' ਮੁੰਡੇ ਨਾਲ਼ ਵਿਆਹ ਕਰ ਕੇ ਬਾਹਰ ਜਾਣ ਦਾ..! ਅਮਰੀਕਣ ਮੁੰਡੇ ਗੀਤ ਨਾਲ਼ ਉਸ ਦਾ ਵਿਆਹ ਤਾਂ ਹੋ ਗਿਆ ਸੀ ਅਤੇ ਅਮਰੀਕਾ ਜਾਣ ਦਾ ਅਗਲਾ ਸੁਪਨਾ ਕੁਝ ਸਮਾਂ ਪਾ ਕੇ ਪੂਰਾ ਹੋ ਜਾਣਾਂ ਸੀ। ਗੀਤ ਸੋਹਣਾ ਸੁਨੱਖਾ ਅਤੇ ਬਣਦਾ ਤਣਦਾ ਛੇ ਫ਼ੁੱਟਾ ਜੁਆਨ ਮੁੰਡਾ ਸੀ! ਪ੍ਰੀਤ ਉਪਰ ਤਾਂ ਕੋਈ ਦੇਵਤਾ ਦਇਆਵਾਨ ਹੋਇਆ ਸੀ, ਜਿਸ ਨੇ ਉਸ ਦੇ ਮਨ ਦੀਆਂ ਸਾਰੀਆਂ ਮੁਰਾਦਾਂ ਹੀ ਪੂਰੀਆਂ ਕਰ ਦਿੱਤੀਆਂ ਸਨ। ਦਿਲ ਦਿਮਾਗ ਵਿਚ ਕਲਪਿਆ ਪ੍ਰੀਤ ਨੂੰ ਸਾਰਾ ਕੁਝ ਹੀ ਬਖਸ਼ ਦਿੱਤਾ ਸੀ..।

ਮੂੰਹ ਹਨ੍ਹੇਰੇ ਜਿਹੇ ਹੋਏ ਪ੍ਰੀਤ ਕੋਲ਼ ਉਸ ਦੀ ਸੱਸ ਦੁੱਧ ਲੈ ਕੇ ਆਈ।

ਪ੍ਰੀਤ ਕੋਲ਼ ਬੈਠੀਆਂ ਕੁੜੀਆਂ ਹਰਦੀਪ ਦਾ ਇਸ਼ਾਰਾ ਸਮਝ ਕੇ ਸ਼ੈਤਾਨ ਹਾਸਾ ਹੱਸਦੀਆਂ ਬਾਹਰ ਨਿਕਲ਼ ਗਈਆਂ। ਇਕ ਨੇ ਤਾਂ ਤੁਰੀ ਜਾਂਦੀ ਨੇ ਪ੍ਰੀਤ ਦੇ ਕੁਤਕੁਤੀ ਵੀ ਕੱਢ ਦਿੱਤੀ ਸੀ।

ਦੁੱਧ ਦਾ ਜੱਗ ਇਕ ਪਾਸੇ ਰੱਖ ਕੇ ਹਰਦੀਪ ਪ੍ਰੀਤ ਦੇ ਇਕ ਪਾਸੇ ਬੈਠ ਗਈ।

-"ਤੂੰ ਠੀਕ ਐਂ ਪੁੱਤ ਪ੍ਰੀਤ..?" ਉਸ ਨੇ ਪ੍ਰੀਤ ਦੇ ਸਿਰ 'ਤੇ ਹੱਥ ਰੱਖਿਆ।

-"ਹਾਂ ਮੰਮੀ ਜੀ, ਬਿਲਕੁਲ ਠੀਕ ਹਾਂ..!" ਉਸ ਦੇ ਪੱਤੀਆਂ ਵਰਗੇ ਬੁੱਲ੍ਹਾਂ 'ਚੋਂ ਬੋਲ ਨਹੀਂ, ਜਿਵੇਂ ਫ਼ੁੱਲ ਕਿਰੇ ਸਨ। ਪੱਤੀਆਂ ਬਿਖ਼ਰੀਆਂ ਸਨ।

-"ਚੰਗਾ, ਜਿਉਂਦੀ ਵਸਦੀ ਰਹਿ ਧੀਏ..!" ਪਤਾ ਨਹੀਂ ਹਰਦੀਪ ਪ੍ਰੀਤ ਨਾਲ਼ ਕੀ ਗੱਲ ਸਾਂਝੀ ਕਰਨੀ ਚਾਹੁੰਦੀ ਸੀ..? ਪਰ ਗੱਲ ਹੀ ਅਜਿਹੀ ਸੀ, ਜਿਹੜੀ ਉਸ ਦੇ ਮੂੰਹ 'ਤੇ ਆ ਕੇ ਮਰ ਜਾਂਦੀ ਸੀ। ਸ਼ਾਇਦ ਗੱਲ ਵੱਡੀ ਅਤੇ ਮੂੰਹ ਛੋਟਾ ਸੀ। ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਹਰਦੀਪ ਦਾ ਸਾਹਸ ਕਿਰ-ਕਿਰ ਪੈਂਦਾ ਸੀ। ਹੌਸਲਾ ਬੁੱਕ ਵਿਚੋਂ ਪਾਣੀ ਵਾਂਗ ਡੁੱਲ੍ਹ ਜਾਂਦਾ ਸੀ।

-"ਹੋਰ ਕਿਸੇ ਚੀਜ਼ ਦੀ ਜ਼ਰੂਰਤ ਤਾਂ ਨ੍ਹੀ ਧੀਏ..?" ਉਸ ਨੇ ਫਿਰ ਪੁੱਛਿਆ।

-"ਨਹੀਂ ਮੰਮੀ ਜੀ, ਕਿਸੇ ਚੀਜ ਦੀ ਜ਼ਰੂਰਤ ਨਹੀਂ..!" ਉਹ ਨੀਵੀਂ ਪਾਈ ਉੱਤਰ ਦਿੱਤਾ ਸੀ।

-"ਪ੍ਰੀਤ..! ਮੈਂ ਤੇਰੀ ਸੱਸ ਨਹੀਂ, ਤੇਰੀ ਮਾਂ ਐਂ ਧੀਏ..! ਤੇਰੇ ਨਾਲ਼ ਵਾਅਦਾ ਕਰਦੀ ਐਂ ਕਿ ਸਾਰੀ ਉਮਰ ਤੈਨੂੰ ਪਿੱਛਾ ਨਹੀਂ ਦਿਊਂਗੀ..! ਪਰ ਤੂੰ ਕਿਸੇ ਗੱਲੋਂ ਫ਼ਿਕਰ ਨਾ ਕਰੀਂ ਧੀਏ..!"

ਪ੍ਰੀਤ ਨੇ ਸੱਸ ਨੂੰ ਗਲਵਕੜੀ ਪਾ ਲਈ। ਉਹ ਸਤਿਕਾਰ ਵਿਚ ਸੱਸ ਸਾਹਮਣੇ ਇਕ ਤਰ੍ਹਾਂ ਨਾਲ਼ ਵਿਛੀ ਪਈ ਸੀ। ਉਹ ਸੱਸ ਨੂੰ ਅਦਬ ਵਜੋਂ ਕੁਝ ਲਫ਼ਜ਼ ਕਹਿਣਾ ਚਾਹੁੰਦੀ ਹੋਈ ਵੀ ਕਹਿ ਨਾ ਸਕੀ। ਪਤਾ ਨਹੀਂ ਉਸ ਦੀ ਜ਼ੁਬਾਨ ਨੂੰ ਕਿਉਂ ਜਿੰਦਰਾ ਵੱਜ ਗਿਆ ਸੀ..? ਪਤਾ ਨਹੀਂ ਸ਼ਬਦਾਂ ਦੀ ਲੜੀ ਉਸ ਦੇ ਬੁੱਲ੍ਹਾਂ ਤੱਕ ਆ ਕੇ ਖੇਰੂੰ-ਖੇਰੂੰ ਕਿਉਂ ਹੋ ਜਾਂਦੀ ਸੀ..? ਉਸ ਨੇ ਉਠ ਕੇ ਅਦਬ ਵਿਚ ਸੱਸ ਦੇ ਪੈਰੀਂ ਹੱਥ ਲਾ ਦਿੱਤੇ। ਹੋਰ ਉਸ ਨੂੰ ਕੁਝ ਸੁੱਝਿਆ ਹੀ ਨਹੀਂ ਸੀ। ਉਹ ਸ਼ੁਕਰਾਨੇ ਵਜੋਂ ਸੱਸ ਅੱਗੇ ਦਿਲੋਂ ਲਿਫ਼ੀ ਪਈ ਸੀ।

ਸ਼ਰਾਬ ਨਾਲ਼ ਧੁੱਤ ਹੋਇਆ ਠੇਕੇਦਾਰ ਆ ਗਿਆ।

-"ਖ਼ੁਸ਼ ਐਂ ਕੁੜੀਏ ਪ੍ਰੀਤ..? ਦੇਖ ਲੈ ਤੇਰੇ ਵਾਸਤੇ ਕਿਹੋ ਜਿਆ ਰਾਜਾ ਘਰ ਭਾਲ਼ ਕੇ ਦਿੱਤੈ..! ਤੂੰ ਤਾਂ ਮੇਰੇ ਪੈਰ ਪੂਜ, ਪੈਰ..!" ਉਹ ਕਮਰੇ ਦੇ ਦਰਵਾਜੇ ਵਿਚ ਅੜਿਆ ਜਿਹਾ ਖੜ੍ਹਾ, ਦਾਰੂ ਨਾਲ਼ ਰੱਜਿਆ ਨਾਸਾਂ ਰਾਹੀਂ ਸੀਟੀਆਂ ਮਾਰ ਰਿਹਾ ਸੀ। ਪ੍ਰੀਤ ਨੇ ਸ਼ਰਮ ਨਾਲ਼ ਨੀਵੀਂ ਸੁੱਟ ਲਈ। ਉਸ ਨੂੰ ਦਾਰੂ ਤੋਂ ਸਖ਼ਤ ਨਫ਼ਰਤ ਸੀ। ਦਾਰੂ ਦੀ ਭੜ੍ਹਾਸ ਸਿੱਧੀ ਸਲੋਟ ਉਸ ਦੇ ਮਗਜ ਨੂੰ ਚੜ੍ਹਦੀ ਅਤੇ ਉਸ ਦਾ ਦਿਲ ਘਿਰਨ ਲੱਗ ਪੈਂਦਾ, ਉਲਟੀ ਆਉਣ ਵਾਲ਼ੀ ਹੋ ਜਾਂਦੀ। ਉਹ ਮਨ ਹੀ ਮਨ ਵਿਚ ਅਰਦਾਸਾਂ ਕਰ ਰਹੀ ਸੀ ਕਿ ਘੱਟੋ-ਘੱਟ ਅੱਜ ਉਸ ਦਾ ਗੀਤ ਸ਼ਰਾਬ ਪੀ ਕੇ ਨਾ ਆਵੇ..!

-"ਆਜਾ ਹਰਦੀਪ ਕੁਰੇ..! ਤੂੰ ਕਾਹਨੂੰ ਅੰਦਰ ਦੜੀ ਬੈਠੀ ਐਂ? ਆ ਜਾ, ਬਾਹਰ ਆ ਜਾਹ..! ਬੱਤੀ ਬੰਦ ਕਰਿਆ..! ਆਪਣੇ ਦਿਨ ਹੁਣ ਗਏ..! ਹੁਣ ਵਾਰੀ ਨਿਆਣਿਆਂ ਦੀ ਐ..!" ਉਹ ਸ਼ਰਾਬ ਦੇ ਨਸ਼ੇ ਵਿਚ ਬੱਕੜਵਾਹ ਜਿਹੀ ਕਰਦਾ, ਸਾਹਣ ਵਾਂਗ ਪਾਸੇ ਮਾਰਦਾ ਪੌੜੀਆਂ ਉੱਤਰ ਗਿਆ। ਹਰਦੀਪ ਵੀ "ਚੰਗਾ ਧੀਏ..!" ਆਖ ਕੇ, ਬੱਤੀ ਬੰਦ ਕਰਕੇ ਪੌੜੀਆਂ ਉਤਰ ਗਈ। ਪ੍ਰੀਤ ਨੂੰ ਸਮਝ ਨਹੀਂ ਆਈ ਸੀ ਕਿ ਠੇਕੇਦਾਰ ਬੱਤੀ ਬੰਦ ਕਰਨ ਵਾਸਤੇ ਕਿਉਂ ਆਖ ਗਿਆ ਸੀ..? ਅਤੇ ਉਸ ਦੀ ਸੱਸ ਨੇ ਹੁਕਮ ਦੀ ਪਾਲਣਾਂ ਕਰਦੀ ਨੇ ਬੱਤੀ ਆਖਰ ਕਿਉਂ ਬੰਦ ਕਰ ਦਿੱਤੀ ਸੀ..? ਉਸ ਦਾ ਦਿਲ ਥਾਲ਼ੀ ਦੇ ਪਾਣੀ ਵਾਂਗ ਡੋਲ ਰਿਹਾ ਸੀ ਅਤੇ ਦਿਲ ਦੀ ਧੜਕਣ ਵਿਚ ਤੂਫ਼ਾਨ ਆਇਆ ਹੋਇਆ ਸੀ।

ਬਾਹਰ ਹਨ੍ਹੇਰਾ ਘੁੱਪ ਸੀ।

ਕਿਸੇ ਨੇ ਚੁਬਾਰੇ ਦੇ ਬਾਹਰਲੇ ਵਰਾਂਡੇ ਵਾਲ਼ੀ ਬੱਤੀ ਵੀ ਹੇਠੋਂ ਬੰਦ ਕਰ ਦਿੱਤੀ ਸੀ।

ਪ੍ਰੀਤ ਦਾ ਮਨ ਡੁੱਬ੍ਹਕੀਆਂ ਖਾਣ ਲੱਗ ਪਿਆ। ਉਸ ਦਾ ਦਿਲ ਕਰਦਾ ਸੀ ਕਿ ਉਠ ਕੇ ਬੱਤੀ ਬਾਲ਼ ਲਵੇ। ਪਰ ਉਹ ਹੌਸਲਾ ਨਾ ਕਰ ਸਕੀ, ਮਨ ਕਰੜਾ ਕਰ ਕੇ ਬੈਠੀ ਰਹੀ।

ਰਾਤ ਕਾਫ਼ੀ ਬੀਤ ਗਈ ਸੀ।

ਕੋਈ ਦੱਬਵੇਂ ਪੈਰੀਂ ਉਸ ਦੇ ਕਮਰੇ ਵਿਚ ਆਇਆ। ਪ੍ਰੀਤ ਲੇਟੀ ਹੋਈ ਸੀ। ਆਉਣ ਵਾਲ਼ੇ ਦੇ ਕਦਮਾਂ ਦੀ ਚਾਲ ਦੱਸਦੀ ਸੀ ਕਿ ਉਸ ਨੇ ਰੱਜ ਕੇ ਸ਼ਰਾਬ ਪੀਤੀ ਹੋਈ ਸੀ। ਦਾਰੂ ਬਾਰੇ ਸੋਚ ਕੇ ਪ੍ਰੀਤ ਦੇ ਦਿਲ ਵਿਚ ਭੁਚਾਲ਼ ਆ ਗਿਆ। ਮੱਥੇ 'ਤੇ ਕੱਚੀ ਤਰੇਲ਼ੀ ਦੀ ਛੱਲ ਫੁੱਟੀ! ਕੋਈ ਆ ਕੇ ਚੁੱਪ ਚਾਪ ਉਸ ਦੇ ਨਾਲ਼ ਲੇਟ ਗਿਆ ਅਤੇ ਰੇਗਮਾਰ ਵਰਗੇ ਹੱਥਾਂ ਨਾਲ਼ ਪ੍ਰੀਤ ਦੇ ਕੋਰੇ ਬਦਨ ਦੀ ਤਲਾਸ਼ੀ ਨਹੀਂ, ਖੁਰਵੱਢ ਕਰਨੀ ਸ਼ੁਰੂ ਕਰ ਦਿੱਤੀ। ਪ੍ਰੀਤ ਹੈਰਾਨ ਸੀ ਕਿ ਉਸ ਦੇ ਗੀਤ ਦੇ ਹੱਥ ਤਾਂ ਕਮਲ ਫੁੱਲ ਵਾਂਗ ਮਾਲੂਕ ਜਿਹੇ ਸਨ। ਫਿਰ ਇਹ ਰੰਦੇ ਵਰਗੇ ਹੱਥ ਕਿਸ ਦੇ ਹੋਏ..? ਪ੍ਰੀਤ ਟੇਢੀ ਪਈ ਪਈ ਇਕ ਦਮ ਸੱਪ ਵਾਂਗ ਸਿੱਧੀ ਹੋਈ ਤਾਂ ਆਉਣ ਵਾਲ਼ੇ ਨੇ ਬਦਮਗਜਾਂ ਵਾਂਗ ਉਸ ਦੀਆਂ ਗੱਲ੍ਹਾਂ 'ਤੇ ਦੰਦੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ, ਜਿਵੇਂ ਕੋਈ ਹਲ਼ਕਿਆ ਜੰਗਲੀ ਜਾਨਵਰ ਸ਼ਿਕਾਰ ਨੂੰ ਚੂੰਡਦੈ..। ਉਸ ਨੂੰ ਉਸ ਦੇ ਮੂੰਹ ਵਿਚੋਂ ਬੜੀ ਭੈੜ੍ਹੀ ਹਵਾੜ੍ਹ ਆਈ। ਪ੍ਰੀਤ ਦਾ ਦਮ ਘੁੱਟਿਆ ਗਿਆ। ਉਸ ਨੇ ਕਾਲਜ ਵਿਚ ਕਿਸੇ ਜੰਗਲੀ ਕਬੀਲੇ ਬਾਰੇ ਪੜ੍ਹਿਆ ਸੀ। ਉਸ ਕਬੀਲੇ ਦਾ ਦਸਤੂਰ ਅਤੇ ਰਿਵਾਜ਼ ਸੀ ਕਿ ਪਹਿਲੀ ਰਾਤ ਔਰਤ ਨੂੰ ਬੰਦਾ ਜਿਤਨਾ ਤੰਗ ਕਰ ਸਕਦਾ ਹੋਵੇ, ਕਰੇ! ਔਰਤ ਦੀ ਕੋਈ ਪੁੱਛ-ਦੱਸ ਅਤੇ ਕੋਈ ਫ਼ਰਿਆਦ ਨਹੀਂ ਸੁਣਦਾ ਸੀ। ਇੱਥੋਂ

ਤੱਕ ਕਿ ਜੇ ਔਰਤ ਪਹਿਲੀ ਰਾਤ ਆਦਮੀ ਦਾ ਸਰੀਰਕ ਅਤੇ ਮਾਨਸਿਕ ਜ਼ੁਲਮ ਨਾ ਸਹਾਰਦੀ ਮਰ ਵੀ ਜਾਵੇ, ਤਾਂ ਉਸ ਆਦਮੀ ਨੂੰ ਸਭ ਤੋਂ ਤਾਕਤਵਰ 'ਮਰਦ' ਗਿਣਿਆਂ ਜਾਂਦਾ ਸੀ ਅਤੇ ਉਸ ਦੀ ਸੇਵਾ ਵਿਚ ਇਕ ਨਹੀਂ, ਸਗੋਂ ਦੋ ਔਰਤਾਂ ਇਨਾਮ ਵਜੋਂ ਹੋਰ ਪੇਸ਼ ਕੀਤੀਆਂ ਜਾਂਦੀਆਂ ਸਨ।

ਸਰੀਰ ਦੀ ਜੰਗੀ ਪੱਧਰ 'ਤੇ ਹੋ ਰਹੀ ਟੋਹ-ਟੋਹਾਈ ਵਿਚ ਜਦ ਪ੍ਰੀਤ ਨੂੰ ਮਹਿਸੂਸ ਹੋਇਆ ਕਿ ਉਸ ਦੇ ਕੱਪੜੇ ਉਤਾਰੇ ਜਾ ਰਹੇ ਹਨ ਅਤੇ ਅੰਦਰ ਆਉਣ ਵਾਲ਼ਾ ਬੰਦਾ ਉਸ ਦਾ ਗੀਤ ਕਦਾਚਿੱਤ ਨਹੀਂ, ਕੋਈ ਹੋਰ ਸੀ, ਤਾਂ ਉਹ ਅੱਧਨੰਗੀ ਹੀ ਬੈੱਡ ਤੋਂ ਇਕ ਦਮ ਬੁੜ੍ਹਕ ਕੇ ਖੜ੍ਹੀ ਹੋ ਗਈ। ਹੁਣ ਉਸ ਨੂੰ ਬੱਤੀ ਬੰਦ ਕਰਨ ਦਾ ਭੇਦ ਸਮਝ ਆਉਣ ਲੱਗ ਪਿਆ ਸੀ, ਕਿ ਇਹ ਉਸ ਨਾਲ਼ ਕੋਈ ਧੋਖਾ ਸੀ..! ਨਹੀਂ ਪਹਿਲੀ ਰਾਤ ਬੱਤੀ ਬੰਦ ਕਰਨ ਦੀ ਕੋਈ ਤੁਕ ਹੀ ਨਹੀਂ ਬਣਦੀ ਸੀ, ਜਦੋਂ ਆਦਮੀ ਔਰਤ ਨੇ ਇਕ ਦੂਜੇ ਨੂੰ ਰੱਜ ਕੇ ਦੇਖਣਾ ਅਤੇ ਸਮਝਣਾ ਹੁੰਦਾ ਹੈ! ਪੁਰਾਣੇਂ ਜ਼ਮਾਨੇ ਤਾਂ ਹੁਣ ਕੰਧਾਂ ਕੋਠੇ ਟੱਪ ਗਏ ਸਨ। ਨਵੇਂ ਇਤਿਹਾਸ ਨੇ ਆਪਣੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ।

-"ਪੈਜਾ, ਪੈਜਾ...!" ਕਿਸੇ ਦੀ ਦੱਬਵੀਂ ਅਵਾਜ਼ ਵਿਚ ਦੱਬਵਾਂ ਹੀ ਦਬਕਾ ਆਇਆ ਸੀ। ਅਵਾਜ਼ ਵਿਚ ਅਮਲੀਆਂ ਵਾਲ਼ੀ ਗੁਣਗੁਣਾਹਟ ਭਾਰੀ ਸੀ।

ਉਸ ਘਬਰਾਈ ਹੋਈ ਨੇ ਬਟਨ ਲੱਭ ਕੇ ਬੱਤੀ ਜਗਾਈ ਤਾਂ ਉਸ ਦੇ ਹੇਠਲੇ ਸਾਹ ਹੇਠਾਂ ਅਤੇ ਉਪਰਲੇ ਸਾਹ ਉਪਰ ਹੀ ਰਹਿ ਗਏ..! ਧਰਤੀ ਉਸ ਅੱਗੇ ਭੰਮੀਰੀ ਬਣ ਘੁਕ ਰਹੀ ਸੀ..। ਸਾਹਮਣੇ ਉਸ ਨਾਲ਼ ਲਾਵਾਂ ਲੈਣ ਵਾਲ਼ਾ ਗੀਤ ਨਹੀਂ, ਉਸ ਦਾ ਛੜਾ ਜੇਠ ਜੀਤ ਉਸ ਦਾ 'ਲਾੜਾ' ਬਣਿਆਂ ਪਿਆ ਸੀ..!! ਨਸ਼ੇ ਵਿਚ ਉਸ ਦਾ ਖੰਘਰ ਚਿਹਰਾ ਪ੍ਰੀਤ ਨੂੰ ਡਰਾਉਣ ਆ ਰਿਹਾ ਸੀ। ਪ੍ਰੀਤ ਦੇ ਮੂੰਹੋਂ ਅਚਾਨਕ ਚੀਕ ਨਿਕਲ਼ੀ ਤਾਂ ਹੇਠਾਂ ਬੈਠਿਆਂ ਨੂੰ ਵੀ ਖ਼ਬਰ ਹੋ ਗਈ।

ਉਸ ਦੀ ਸੱਸ ਹਰਦੀਪ ਅਤੇ ਠੇਕੇਦਾਰ ਡੱਬੂ ਕੁੱਤੇ ਵਾਂਗ ਪੌੜੀਆਂ ਚੜ੍ਹ ਆਏ!

ਜਿਵੇਂ ਉਹ ਇਸ ਭਾਣੇਂ ਦੀ ਉਡੀਕ ਕਰਦੇ ਉਪਰ ਭੱਜਣ ਲਈ ਤਿਆਰ ਹੀ ਬੈਠੇ ਸਨ।

ਪ੍ਰੀਤ ਭੱਜ ਕੇ ਸੱਸ ਦੀ ਛਾਤੀ ਨਾਲ਼ ਲੱਗ ਗਈ। ਉਸ ਦਾ ਸਾਰਾ ਵਜੂਦ ਕੰਬੀ ਜਾ ਰਿਹਾ ਸੀ। ਸਮੁੱਚਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਸੀ!

-"ਇਹ ਤਾਂ ਸਾਲ਼ੀ ਨੇੜੇ ਈ ਨ੍ਹੀ ਲੱਗਣ ਦਿੰਦੀ, ਮੈਂ ਕੀ ਕਰਾਂ..?" ਜੀਤ ਨੇ ਅਥਾਹ ਨਿਰਾਸ਼ਾ ਵਿਚ ਖੜਸੁੱਕ ਟਾਹਲੀ 'ਤੇ ਬੈਠੇ ਘੋਗੜ ਵਾਂਗ ਅਵਾਜ਼ ਕੱਢੀ। ਨਸ਼ੇ ਨਾਲ਼ ਝੂਲਦਾ ਉਹ ਘੁੱਗੂ ਜਿਹਾ ਹੋਇਆ ਖੜ੍ਹਾ ਸੀ। ਉਸ ਦੀਆਂ ਅੱਖਾਂ ਚੜ੍ਹੀਆ ਹੋਈਆਂ ਸਨ।

-"ਮੰਮੀ ਜੀ...ਇਹੇ...!" ਉਹ ਜੀਤ ਵੱਲ ਨੂੰ ਉਂਗਲ਼ ਕਰ ਕਰ ਕੁਝ ਦੱਸਣਾ ਚਾਹੁੰਦੀ ਸੀ। ਪਰ ਦੱਸ ਨਾ ਸਕੀ!

ਪੱਤੇ ਵਾਂਗ ਕੰਬਦੀ ਸੱਸ ਪ੍ਰੀਤ ਨੂੰ ਥਾਪੜੀ ਅਤੇ ਪਲ਼ੋਸੀ ਜਾ ਰਹੀ ਸੀ।

ਠੇਕੇਦਾਰ ਜੀਤ ਨੂੰ ਕੱਟੇ ਵਾਂਗ ਧੂਹ ਕੇ ਬਾਹਰ ਲੈ ਗਿਆ ਸੀ।

ਸੱਸ ਅਤੇ ਨੂੰਹ ਹੀ ਚੁਬਾਰੇ ਵਿਚ ਰਹਿ ਗਈਆਂ ਸਨ। ਪ੍ਰੀਤ ਹੋਰ ਗੱਲੋਂ ਹੈਰਾਨ ਸੀ ਕਿ ਉਸ ਧਾੜਵੀ, ਛੜੇ ਜੇਠ ਜੀਤ ਨੂੰ ਤਾਂ ਕਿਸੇ ਨੇ ਫ਼ਿੱਟ੍ਹੇ ਮੂੰਹ ਨਹੀਂ ਆਖਿਆ ਸੀ..! ਕੀ ਇਹ ਸਾਰਾ ਕਾਂਡ ਸਾਰਿਆਂ ਦੀ ਸਹਿਮਤੀ ਨਾਲ਼ ਹੀ ਨੇਪਰੇ ਚਾੜ੍ਹਿਆ ਜਾ ਰਿਹਾ ਸੀ..? ਜੇ ਹਾਂ, ਤਾਂ ਕਿਉਂ..? ਸੋਚਾਂ ਦੀਆਂ ਪਰਛਾਈਆਂ ਹੇਠ ਵਿਚ ਖੜ੍ਹੀ ਪ੍ਰੀਤ ਦੀਆਂ ਲੱਤਾਂ ਝਰਨ-ਝਰਨ ਕਰੀ ਜਾ ਰਹੀਆਂ ਸਨ! ਸਰੀਰ ਝੂਠਾ ਪੈਂਦਾ ਜਾ ਰਿਹਾ ਸੀ..!

ਸੱਸ ਨੇ ਉਸ ਨੂੰ ਪਾਣੀ ਦਾ ਗਿਲਾਸ ਦਿੱਤਾ।

ਪਰ ਪ੍ਰੀਤ ਦੇ ਸੰਘ ਨੂੰ ਜਿਵੇਂ ਕੈਂਸਰ ਹੋ ਗਿਆ ਸੀ।

ਕਿਸੇ ਚੀਜ਼ ਨੂੰ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ।

ਉਸ ਨੇ ਰੋਣਾਂ ਸ਼ੁਰੂ ਕਰ ਦਿੱਤਾ ਤਾਂ ਸੱਸ ਨੇ ਉਸ ਨੂੰ ਸਹਾਰਾ ਦੇ ਕੇ ਬੈੱਡ 'ਤੇ ਬਿਠਾ ਲਿਆ।

-"ਗੱਲ ਸੁਣ ਪ੍ਰੀਤ..!" ਉਸ ਨੇ ਉਸ ਨੂੰ ਥਾਪੜਿਆ। ਪ੍ਰੀਤ ਦਾ ਚਿੱਤ ਕੀਤਾ ਕਿ ਸੱਸ ਦਾ ਫ਼ੋਕੀ

ਹਮਦਰਦੀ ਵਾਲ਼ਾ ਹੱਥ ਚਲਾ ਕੇ ਮਾਰੇ!

-"ਦੇਖ ਧੀਏ..! ਨੂੰਹ ਸੱਸ ਦੇ ਵੀਹ ਪੜਦੇ ਹੁੰਦੇ ਐ..!" ਸੱਸ ਖ਼ੁਦ ਵੀ ਨਿਹੱਥੀ ਜਿਹੀ ਹੋਈ ਬੈਠੀ ਸੀ। ਦਿਲੋਂ ਬੇਦਿਲ..!

-".......!" ਪ੍ਰੀਤ ਭਰੀ ਪੀਤੀ ਚੁੱਪ ਸੀ।

-"ਜੀਹਦੇ ਨਾਲ਼ ਤੇਰਾ ਵਿਆਹ ਹੋਇਐ..! ਸੱਚੀ ਗੱਲ ਕਰਦੀ ਆਂ ਪੁੱਤ, ਦੁਖੀ ਮੈਂ ਵੀ ਬਥੇਰੀ ਐਂ..!"

-"......।" ਪ੍ਰੀਤ ਨੇ ਕਿਸੇ ਅਣਹੋਣੀ ਗੱਲ ਸੁਣਨ ਲਈ ਆਪਣੇ ਕੰਨ ਖੋਲ੍ਹੇ। ਅੰਦਰਲਾ ਮਨ ਤਿਆਰ ਕੀਤਾ।

-"ਜੀਹਦੇ ਨਾਲ਼ ਤੇਰਾ ਵਿਆਹ ਹੋਇਐ, ਗੀਤ ਨਾਲ਼, ਉਹ ਨਾਮਰਦ ਐ ਧੀਏ..!" ਆਖ ਕੇ ਸੱਸ ਨੇ ਪ੍ਰੀਤ ਦੀਆਂ ਸਧਰਾਂ 'ਤੇ ਤਬਾਹੀ ਦਾ ਬੰਬ ਸੁੱਟ ਦਿੱਤਾ।

ਪ੍ਰੀਤ ਦੇ ਕੰਨਾਂ ਵਿਚ ਤੋਪਾਂ ਚੱਲੀ ਜਾ ਰਹੀਆਂ ਸਨ ਅਤੇ ਜ਼ਿੰਦਗੀ ਦੀਆਂ ਸਧਰਾਂ ਦੀ ਚਿਖ਼ਾ ਵਿਚੋਂ ਕਾਲ਼ਾ ਧੂੰਆਂ ਨਿਕਲ਼ੀ ਜਾ ਰਿਹਾ ਸੀ।

-"ਤੈਨੂੰ ਮੈਂ ਦਿਨੇ ਵੀ ਆਖਿਆ ਸੀ ਧੀਏ..! ਬਈ ਤੈਨੂੰ ਮੈਂ ਕਿਸੇ ਪਾਸਿਓਂ ਵੀ ਪਿੱਛਾ ਨਹੀਂ ਦਿਊਂਗੀ..!"

ਪ੍ਰੀਤ ਨੂੰ ਲੱਗਿਆ ਕਿ ਜੇ ਸੱਸ ਨੇ ਕੋਈ ਹੋਰ ਗੱਲ ਕਰ ਦਿੱਤੀ, ਤਾਂ ਉਸ ਦਾ ਦਿਮਾਗ ਫ਼ਟ ਜਾਵੇਗਾ।

-"ਆਹ ਦੇਖ ਧੀਏ..!" ਸੱਸ ਨੇ ਪ੍ਰੀਤ ਸਾਹਮਣੇ ਆਪਣੀ ਚੁੰਨੀ ਦੀ ਝੋਲ਼ੀ ਅੱਡ ਲਈ।

-"ਮੇਰੇ ਘਰ ਦੀ ਇੱਜ਼ਤ ਹੁਣ ਤੇਰੇ ਹੱਥ ਐ ਪ੍ਰੀਤ..! ਮਾਰ ਚਾਹੇ ਛੱਡ..! ਮੈਂ ਤੇਰੀ ਗੁਨਾਂਹਗਾਰ ਐਂ...!" ਉਹ ਬਿਲਕ ਪਈ।

-"........।" ਪ੍ਰੀਤ ਨੂੰ ਗੁੱਸੇ ਅਤੇ ਮਾਯੂਸੀ ਵਿਚ ਕੁਝ ਸੁੱਝ ਨਹੀਂ ਰਿਹਾ ਸੀ।

-"ਸੱਚੀ ਗੱਲ ਕਰਦੀ ਐਂ ਪ੍ਰੀਤ ਧੀਏ..! ਤੇਰਾ ਸਹੁਰਾ ਅਧਰੰਗ ਦਾ ਮਾਰਿਆ ਮੰਜੇ 'ਤੇ ਬੈਠੈ..! ਰਾਤਾਂ ਝਾਕ ਝਾਕ ਐਹਨਾਂ ਨੂੰ ਮੈਂ ਮਸਾਂ ਪਾਲ਼ਿਐ, ਛੋਟੇ ਗੀਤ ਨੂੰ ਦੇਖਲਾ ਕਿਹੋ ਜੀ ਬਿਮਾਰੀ ਚਿੰਬੜਗੀ..? ਉਹਦਾ ਨਿੱਕੇ ਹੁੰਦੇ ਦਾ ਸਾਈਕਲ ਦਾ ਐਕਸੀਡੈਂਟ ਹੋ ਗਿਆ ਸੀ, ਐਹੋ ਜੀ ਕਸੂਤੇ ਥਾਂ ਸੱਟ ਵੱਜੀ ਧੀਏ, ਬੱਸ ਕਿਸੇ ਪਾਸੇ ਜੋਕਰਾ ਨ੍ਹੀ ਰਿਹਾ..! ਜੀਤ ਦੀ ਉਮਰ ਤੂੰ ਦੇਖੀ ਜਾਨੀ ਐਂ..? ਹੁਣ ਕੁਲ਼ ਦਾ ਚਿਰਾਗ ਬੁਝਦਾ ਜਾਂਦਾ ਸੀ, ਐਸ ਕਰਕੇ ਮਰਦਿਆਂ ਨੇ ਅੱਕ ਚੱਬਿਐ ਧੀਏ ਰਾਣੀਏਂ..! ਹਾੜ੍ਹੇ ਸਾਡੀ ਲਾਜ ਰੱਖ..!"

ਸੁਣ ਕੇ ਪ੍ਰੀਤ ਨੂੰ ਖ਼ੁੰਧਕ ਚੜ੍ਹ ਗਈ, ਕਿ ਤੁਹਾਡੇ ਖ਼ਾਨਦਾਨ ਦਾ ਚਿਰਾਗ ਜਗਦਾ ਰੱਖਣ ਲਈ ਤੁਹਾਨੂੰ ਬਲੀ ਦੇਣ ਲਈ ਮੈਂ ਹੀ ਟੱਕਰੀ ਬੇਬੇ ਮੇਰੀਏ..? ਪਰ ਪਤਾ ਨਹੀਂ ਉਹ ਕਿਵੇਂ ਸਮਾਈ ਕਰ ਗਈ।

-"ਪ੍ਰੀਤ..! ਮੈਂ ਇਕ ਤੇਰੇ ਨਾਲ਼ ਵਾਅਦਾ ਕਰਦੀ ਆਂ, ਕਿ ਜਿੰਨੀ ਜ਼ਮੀਨ ਜਾਇਦਾਤ ਜੀਤ ਨੂੰ ਆਉਂਦੀ ਐ, ਉਹਦੇ 'ਚੋਂ ਅੱਧੀ ਕੱਲ੍ਹ ਨੂੰ ਈ ਤੇਰੇ ਨਾਂ ਕਰਵਾ ਦਿੰਨੀ ਐਂ..! ਪਰ ਧੀ ਬਣ ਕੇ ਮੂੰਹ ਬੰਦ ਰੱਖੀਂ..! ਸਾਡੀ ਇੱਜ਼ਤ ਹੁਣ ਤੇਰੇ ਹੱਥ ਐ ਧੀਏ ਰਾਣੀਏਂ..! ਚਾਹੇ ਤੂੰ ਜੀਤ ਦੀ ਤੀਮੀ ਐਂ, ਤੇ ਚਾਹੇ ਗੀਤ ਦੀ, ਨੂੰਹ ਤਾਂ ਤੂੰ ਅਮਰੀਕਾ ਆਲ਼ਿਆਂ ਦੀ ਈ ਵੱਜਣੈਂ..!"

ਪ੍ਰੀਤ ਦਾ ਰੋਕਿਆ ਬੰਨ੍ਹ ਖੁੱਲ੍ਹ ਗਿਆ।

ਸੱਸ ਦੀਆਂ ਦੋ ਮੂੰਹੀਆਂ ਗੱਲਾਂ ਨਾਲ਼ ਉਸ ਦੇ ਸਬਰ ਦੇ ਭਾਂਡਾ ਤਿੜਕ ਗਿਆ।

-"ਆਨੰਦ ਕਾਰਜ ਤਾਂ ਮੇਰਾ ਗੀਤ ਜੀ ਦੇ ਨਾਲ਼ ਈ ਹੋਇਐ ਮੰਮੀ ਜੀ..! ਜੇ ਖਾਨਦਾਨ ਦੀ ਕੁਲ਼ ਦਾ ਐਡਾ ਈ ਫ਼ਿਕਰ ਸੀ, ਤਾਂ ਮੇਰੇ ਗਲ਼ 'ਗੂਠਾ ਜਰੂਰ ਦੇਣਾ ਸੀ..? ਹੋਰ ਗਰੀਬ, ਲੋੜਵੰਦ ਜਾਂ ਕਰੇਵੇ ਆਲ਼ੀਆਂ ਥੋੜ੍ਹੀਆਂ ਤੁਰੀਆਂ ਫ਼ਿਰਦੀਐਂ..? ਨਾਲ਼ੇ ਅਮਰੀਕਾ ਦੇ ਨਾਂ ਨੂੰ ਤਾਂ ਬਥੇਰੀਆਂ ਭੱਜੀਆਂ ਆਉਂਦੀਆਂ..?" ਪ੍ਰੀਤ ਦੀ ਇੱਕੋ ਗੱਲ ਨੇ ਹੀ ਸੱਸ ਦੇ ਮੂੰਹ 'ਤੇ ਥੋਬਾ ਲਾ ਦਿੱਤਾ।

-"ਪਰ ਥੋਨੂੰ ਤਾਂ ਸ਼ਾਇਦ ਨੂੰਹ ਵੀ ਨਿਆਣੀ ਉਮਰ ਦੀ ਚਾਹੀਦੀ ਸੀ, ਤੇ ਉਹ ਵੀ ਕੁਆਰੀ..!

ਮੰਮੀ, ਤੁਹਾਨੂੰ ਮੇਰੀ ਤੇ ਛੜੇ ਜੀਤ ਦੀ ਉਮਰ ਦੇ ਫ਼ਰਕ ਦਾ ਖਿਆਲ ਨਾ ਆਇਆ..? ਜਿਹੜੀ ਜ਼ਮੀਨ ਜਾਇਦਾਦ ਦੀ ਤੁਸੀਂ ਗੱਲ ਕਰਦੇ ਓਂ, ਉਹ ਤਾਂ ਮੇਰੇ ਕੋਲ਼ ਵੀ ਬਥੇਰੀ ਐ..! 'ਕੱਲੀ 'ਕੱਲੀ ਮੈਂ ਮਾਪਿਆਂ ਦੀ ਕੁੜੀ ਐਂ, ਤੇ ਸਾਰੀ ਜ਼ਮੀਨ ਜਾਇਦਾਦ ਮੈਨੂੰ ਈ ਆਉਂਦੀ ਐਂ..? ਮੇਰੀ ਜ਼ਿੰਦਗੀ ਤਾਂ ਤੁਸੀਂ ਖਰਾਬ ਕਰ ਦਿੱਤੀ..? ਮੇਰੇ ਕੁਆਰੇਪਣ 'ਤੇ ਤਾਂ ਕਾਲ਼ਸ ਫੇਰ ਦਿੱਤੀ..? ਥੋਡੀ ਫ਼ੋਕੀ ਅਮਰੀਕਣ ਟੌਹਰ ਨੂੰ ਮੈਂ ਹੇਠ ਵਿਛਾ ਲਵਾਂ ਕਿ ਉਤੇ ਲੈ ਲਵਾਂ..?"

ਬਾਹਰ ਹਨ੍ਹੇਰੇ ਵਿਚ ਠੇਕੇਦਾਰ ਕੰਧ ਨਾਲ਼ ਕੰਨ ਲਾ ਕੇ ਸਾਰੀਆਂ ਗੱਲਾਂ ਸੁਣ ਰਿਹਾ ਸੀ।

ਉਸ ਦੇ ਨਾਲ਼ ਖੜ੍ਹਾ ਜੀਤ ਕੱਟਰੂ ਵਾਂਗ ਢੁੱਡਾਂ ਜਿਹੀਆਂ ਮਾਰ ਰਿਹਾ ਸੀ।

ਠੇਕੇਦਾਰ ਨੂੰ ਚੇਹ ਚੜ੍ਹ ਗਈ।

-"ਤੂੰ ਤਾਂ ਚੁੱਪ ਕਰਕੇ ਖੜ੍ਹਜਾ ਭੈਣ ਦਿਆ ਲੱਕੜਾ..! ਤੂੰ ਮੇਰੀ ਕਿਉਂ ... ਲੈਣੀਂ ਕੀਤੀ ਐ?" ਉਹ ਜੀਤ 'ਤੇ ਵੀ ਖਿਝ ਗਿਆ ਸੀ।

ਜੀਤ ਉਸ ਦਾ ਲਗਾਤਾਰ ਝੱਗਾ ਜਿਹਾ ਖਿੱਚੀ ਜਾ ਰਿਹਾ ਸੀ ਅਤੇ ਬੇਸਬਰੀ ਨਾਲ਼ ਹੁੱਝਾਂ ਮਾਰ ਰਿਹਾ ਸੀ।

-"ਜੇ ਤੂੰ ਕਿਸੇ ਕਰਮ ਦਾ ਹੁੰਦਾ ਭੈਣ ਚੋਦਾ, ਅਗਲੀ ਨੂੰ ਰਗੜ ਕੇ ਪਰ੍ਹੇ ਮਾਰਦਾ..! ਸ਼ਰਮ ਲਾਜ ਦੀ ਮਾਰੀ ਸਾਲ਼ੀ ਜਮਾਂ ਨਾ ਬੋਲਦੀ..! ਹੁਣ ਡਰੇ ਕੁੱਕੜ ਮਾਂਗੂੰ ਮੇਰੇ ਤਾੜਾਂ ਜੀਆਂ ਮਾਰੀ ਜਾਨੈਂ..?" ਠੇਕੇਦਾਰ ਨੇ ਅਗਲਾ ਪਿਛਲਾ ਸਾਰਾ ਗੁੱਸਾ ਜੀਤ 'ਤੇ ਹੀ ਕੱਢ ਮਾਰਿਆ।

-"ਉਹ ਤਾਂ ਹੱਥ ਨ੍ਹੀ ਸੀ ਲਾਉਣ ਦਿੰਦੀ, ਇਉਂ ਮੈਂ ਕਿਮੇ..?" ਉਸ ਨੂੰ ਦਾਰੂ ਵਿਚ ਬੇਰੰਗ ਹੋਏ ਨੂੰ ਕੋਈ ਟਿਕਾਣੇ ਦੀ ਗੱਲ ਨਾ ਔੜੀ।

-"ਹੁਣ ਖੜ੍ਹਾ ਡਰਾਕਲ਼ ਕੁੱਤੇ ਮਾਂਗੂੰ ਚਊਂ ਚਊਂ ਕਰੀ ਜਾਨੈਂ..? ਮੇਰਿਆ ਸਾਲ਼ਿਆ ਅੰਦਰ ਨ੍ਹੀ ਘੈਂਟਪੁਣਾਂ ਦਿਖਾਇਆ..? ਕੁੜੀ ਯਾਵੇ ਦਿਆ ਗੋਹਲ਼ ਵਰਗੀ ਰੰਨ ਨ੍ਹੀ ਮਧੋਲ਼ੀ ਗਈ..? ਅਸੀਂ ਹੁਣ ਤੱਕ ਗੇੜਾ ਨ੍ਹੀ ਪੈਣ ਦਿੰਦੇ, ਨਾਲ਼ੇ ਸੱਠਾਂ ਸਾਲਾਂ ਨੂੰ ਪਹੁੰਚਣ ਆਲ਼ੇ ਐਂ..!" ਠੇਕੇਦਾਰ ਨੇ ਜੀਤ ਦਾ ਮਾਵਾ ਜਿਹਾ ਲਾਹ ਧਰਿਆ।

ਹਰਦੀਪ ਅਜੇ ਅੰਦਰ ਪ੍ਰੀਤ ਕੋਲ਼ ਹੀ ਸੀ।

ਠੇਕੇਦਾਰ ਬੋਚ ਕੇ ਅੰਦਰ ਚਲਾ ਗਿਆ।

-"ਕੀ ਗੱਲ ਐ..?" ਠੇਕੇਦਾਰ ਨੇ ਪੈਂਦੀ ਸੱਟੇ ਬੇਥ੍ਹਵਾ ਸੁਆਲ ਸੁੱਟਿਆ।

-"ਨੱਥਿਆ..! ਮੈਂ ਪ੍ਰੀਤ ਨੂੰ ਸਮਝੌਤੀਆਂ ਦਿੰਨੀ ਐਂ, ਬਈ ਕਿਹੜਾ ਕਿਸੇ ਨੂੰ ਕੋਈ ਬਹੁਤਾ ਪਤੈ..? ਬਈ ਕੀਹਦੇ ਨਾਲ਼ ਵਿਆਹੀ ਐ, ਕੀਹਦੇ ਨਾਲ਼ ਨਹੀਂ..? ਕਿਉਂ ਨ੍ਹੀ ਕੌੜਾ ਘੁੱਟ ਭਰਕੇ ਸਬਰ ਕਰ ਲੈਂਦੀ..? ਮੈਂ ਤਾਂ ਅੱਧੀ ਜੈਦਾਤ ਦਾ ਵੀ ਵੇਰਵਾ ਦੇਤਾ, ਬਈ ਤੇਰੇ ਨਾਂ ਕੱਲ੍ਹ ਨੂੰ ਈ ਕਰਵਾ ਦਿਆਂਗੇ..!"

ਇਕ ਪਲ ਤਾਂ ਠੇਕੇਦਾਰ ਨਿਰੁੱਤਰ ਖੜ੍ਹਾ ਰਿਹਾ।

ਦਾਰੂ ਪੀਤੀ ਹੋਣ ਦੇ ਬਾਵਜੂਦ ਵੀ ਉਸ ਦੀ ਪ੍ਰੀਤ ਨਾਲ਼ ਅੱਖ ਨਹੀਂ ਮਿਲ਼ ਰਹੀ ਸੀ। ਅੰਦਰੋਂ ਚੋਰ ਜਿਉਂ ਸੀ!

-"ਹਰਦੀਪ ਕੁਰੇ..! ਤੂੰ ਬਾਹਰ ਜਾਹ..!" ਠੇਕੇਦਾਰ ਦੇ ਹੁਕਮ ਨਾਲ਼ ਹੀ ਹਰਦੀਪ ਬਾਹਰ ਚਲੀ ਗਈ।

ਇਕ ਭਿਆਨਕ ਰਾਤ ਪ੍ਰੀਤ ਦੇ ਸਿਰ 'ਤੇ ਸੀ। ਅੱਗੇ ਪਤਾ ਨਹੀਂ ਕੀ-ਕੀ ਹੋਣ ਵਾਲ਼ਾ ਸੀ?

-"ਬੈਠ ਪ੍ਰੀਤ..! ਬੈਠ ਪੁੱਤ..!"

-"ਅੰਕਲ ਤੁਹਾਨੂੰ ਵੀ ਸਾਰਾ ਗਿਆਨ ਸੀ..? ਇਹ ਸਾਰਾ ਕੁਛ ਥੋਡੀ ਸਹਿਮਤੀ ਤੇ ਜਾਣਕਾਰੀ ਵਿਚ ਹੋਇਐ..?" ਪ੍ਰੀਤ ਦਾ ਦਿਲ ਕਰਦਾ ਸੀ ਕਿ ਠੇਕੇਦਾਰ ਦੇ ਢਿੱਡ 'ਚ ਟੱਕਰ ਮਾਰੇ!

-"ਮੈਨੂੰ ਜਿੱਡੀ ਮਰਜੀ ਐ ਸਹੁੰ ਖੁਆ ਲੈ ਪ੍ਰੀਤ..! ਇਹਦੇ ਬਾਰੇ ਮੈਨੂੰ ਕੱਖ ਨ੍ਹੀ ਪਤਾ ਸੀ..! ਮੈਂ

ਤੇਰੇ ਪਿਉ ਨੂੰ, ਤੇਰੀ ਮਾਂ ਨੂੰ ਕਿੰਨੇ ਚਿਰ ਦਾ ਜਾਣਦੈਂ..? ਮੈਂ ਉਹਨਾਂ ਨਾਲ਼ ਦਗਾ ਥੋੜ੍ਹੋ ਕਰਨਾ ਸੀ?" ਉਸ ਨੇ ਦੱਲਿਆਂ ਵਾਲ਼ਾ ਦਾਅ ਖੇਡਿਆ। ਬੇਮੋਖੀ ਦਾਰੂ ਪੀਣ ਦੇ ਬਾਵਜੂਦ ਵੀ ਉਹ ਪੂਰਾ ਸੰਭਲ਼ ਕੇ ਗੱਲ ਕਰ ਰਿਹਾ ਸੀ।

ਪ੍ਰੀਤ ਨੂੰ ਠੇਕੇਦਾਰ ਤੋਂ ਇਤਬਾਰ ਉਠ ਗਿਆ ਸੀ।

ਉਹ ਸਾਰਿਆਂ 'ਤੇ ਹੀ ਸ਼ੱਕੀ ਹੋ ਗਈ ਸੀ।

ਜਦੋਂ ਠੇਕੇਦਾਰ ਨੂੰ ਕੋਈ ਉਤਰ ਨਾ ਮਿਲਿਆ ਤਾਂ ਉਹ ਫਿਰ ਬੋਲਿਆ।

-"ਪ੍ਰੀਤ..! ਪਤਾ ਮੈਨੂੰ ਵੀ ਨ੍ਹੀ ਸੀ..! ਦੇਖ ਪੁੱਤ, ਕਿੰਨੀਆਂ ਔਖਿਆਈਆਂ ਨਾਲ਼ ਆਹ ਰਿਸ਼ਤਾ ਲੱਭਿਐ? ਅਮਰੀਕਾ ਵੱਸਦਾ ਪ੍ਰੀਵਾਰ ਐ, ਸਾਰੀ ਜ਼ਮੀਨ ਜਾਇਦਾਦ ਤੇਰੀ ਐ..! ਇਹਨਾਂ ਨੇ ਕਿਹੜਾ ਐਥੇ ਆ ਕੇ ਪੈਲ਼ੀ ਵਾਹੁੰਣੀ ਐਂ..? ਚੁੱਪ ਚਾਪ ਗੱਲ 'ਤੇ ਮਿੱਟੀ ਪਾ ਤੇ ਐਸ਼ਾਂ ਨਾਲ਼ ਵਸ..! ਜਿੰਦਗੀ ਵਿਚ ਕਈ ਹਾਦਸੇ ਐਹੋ ਜਿਹੇ ਹੋ ਜਾਂਦੇ ਐ, ਬੰਦਾ ਸੋਚ ਵੀ ਨਹੀਂ ਸਕਦਾ..! ਹੁਣ ਤਾਂ ਪੁੱਤਰਾ ਇਹਨਾਂ ਦੀ ਤੇ ਤੇਰੇ ਮਾਂ ਪਿਉ ਦੀ ਇੱਜਤ ਤੇਰੇ ਹੱਥ ਐ, ਚਾਹੇਂ ਰੱਖ ਲੈ, ਚਾਹੇਂ ਬਰਬਾਦ ਕਰਦੇ..! ਜਿਹੜਾ ਕੰਮ ਹੋ ਗਿਆ, ਉਹਨੂੰ ਭੁੱਲ ਭੁਲਾ ਕੇ ਜਿੰਦਗੀ ਅਰਾਮ ਨਾਲ਼ ਬਸਰ ਕਰ-!"

-"ਇਹਦਾ ਮਤਲਬ ਇਹ ਐ ਅੰਕਲ, ਬਈ ਇਸ ਕਾਂਡ ਦੇ ਵਿਚ ਥੋਡਾ ਵੀ ਪੂਰਾ ਪੂਰਾ ਹੱਥ ਸੀ..? ਚਾਹੇ ਅਸਿੱਧੇ ਤੌਰ 'ਤੇ ਈ ਹੋਵੇ..?" ਜਦੋਂ ਕੁੜੀ ਠੇਕੇਦਾਰ ਨੂੰ ਸਿੱਧੀ ਹੋਈ ਤਾਂ ਠੇਕੇਦਾਰ ਦੇ ਮਨ ਨੂੰ ਕਰੋਧ ਚੜ੍ਹ ਗਿਆ।

-"ਜਿਹੜਾ ਤੈਨੂੰ ਐਹੋ ਜਿਆ ਘਰ ਲੱਭ ਕੇ ਦਿੱਤੈ, ਆਹ ਗੁਣ ਪਾਉਨੀਂ ਐਂ ਹੁਣ ਤੂੰ ਮੇਰਾ..? ਤੂੰ ਸ਼ੁਕਰ ਕਰ ਬਈ ਤੈਨੂੰ ਐਹੋ ਜਿਆ ਅਮੀਰ ਘਰ ਲੱਭ ਕੇ ਦਿੱਤੈ..? ਖਾਂਦੀ ਪੀਂਦੀ ਨੇ ਬੁਸ਼ਕਾਟਾਂ ਮਾਰਨੀਐਂ, ਤੇਰੀ ਮਰਜੀ ਐ..!"

-"ਅੰਕਲ..! ਜੇ ਐਹੋ ਜਿਆ ਕੁਛ ਥੋਡੀ ਆਪਣੀ ਧੀ ਨਾਲ਼ ਬੀਤਿਆ ਹੁੰਦਾ, ਤੁਸੀਂ ਉਹਨੂੰ ਵੀ ਆਹੀ ਮੱਤ ਦਿੰਦੇ..?" ਉਸ ਨੇ ਸੱਚੀ ਗੱਲ ਕਪਾਲ਼ 'ਚ ਦੇ ਮਾਰੀ। ਕੁੜੀ ਦੀ ਲਹੂ ਲੁਹਾਣ ਹੋਈ ਰੂਹ ਨੁੱਚੜੀ ਜਾ ਰਹੀ ਸੀ। ਸੋਹਲ ਆਤਮਾਂ ਰੋਹੀ ਵਿਚ ਖੜ੍ਹੇ ਰੁੱਖ ਦੀ ਤਰ੍ਹਾਂ ਝੰਬੀ ਗਈ ਸੀ।

ਗੁੱਸੇ ਨਾਲ਼ ਸੜਿਆ ਠੇਕੇਦਾਰ ਬਾਹਰ ਨਿਕਲ਼ ਗਿਆ।

ਹਰਦੀਪ ਥੱਲੇ ਜਾ ਚੁੱਕੀ ਸੀ। ਜੀਤ ਧਰਮਸਾਲਾ ਦੇ ਕੁੱਤੇ ਵਾਂਗ ਉਥੇ ਈ ਕੰਨ ਸੁੱਟੀ ਖੜ੍ਹਾ ਸੀ।

-"ਮਾਸੜ ਜੀ, ਹੁਣ ਮੈਂ ਕੀ ਕਰਾਂ..?" ਉਸ ਦਾ ਮੂੰਹ ਭੱਬੂ ਵਰਗਾ ਬਣਿਆਂ ਪਿਆ ਸੀ। ਉਸ ਦੇ ਧੋਤੇ ਮੂੰਹ ਚੁਪੇੜ ਜਿਉਂ ਵੱਜੀ ਸੀ?

-"ਮਾਂ ਦਾ ਯਹਾ ਤੂੰ ਸੰਖ..! ਥੱਲੇ ਆ..!" ਉਹ ਲਾਟਾਂ ਛੱਡਦਾ ਥੱਲੇ ਉਤਰ ਗਿਆ। ਉਸ ਦੇ ਮਗਰ ਹੀ ਜੀਤ ਧੂੜਾਂ ਪੱਟਦਾ ਜਾ ਰਿਹਾ ਸੀ।

-"ਕਿਉਂ..? ਕੀ ਬੋਲਦੀ ਐ..? ਮੰਨਦੀ ਐ ਕਿ ਨਹੀਂ..?" ਹਰਦੀਪ ਬੈੱਡ 'ਤੇ ਮੱਖੀ ਵਾਂਗ ਬੈਠੀ ਸੀ।

-"ਉਰ੍ਹੇ ਆ ਉਏ ਮੇਰੇ ਸਾਲ਼ੇ ਦਿਆ ਚੱਪਣਾਂ ਜਿਆ..!" ਉਸ ਨੇ ਜੀਤ ਨੂੰ ਕਿਹਾ।

ਜੀਤ ਹੁਕਮ ਦਾ ਬੱਝਿਆ ਆ ਗਿਆ।

-"ਬੈਠ ਐਥੇ..! ਹਰਦੀਪ ਕੁਰੇ ਗੱਲ ਇਕ ਐ..! ਕੰਮ ਜਿਹੜਾ ਆਪਾਂ ਕਰਨਾ ਸੀ, ਸੋ ਕਰ ਲਿਆ! ਹੁਣ ਗੱਲ ਇਕ ਐ...!" ਠੇਕੇਦਾਰ ਨੇ ਕਿਹਾ।

-"ਉਹ ਕੀ..?" ਹਰਦੀਪ ਕੌਰ ਨੇ ਗੁਟਾਹਰ ਵਰਗੀ ਅਵਾਜ਼ ਕੱਢੀ।

-"ਇਹ ਭੈਣ ਚੋਦ ਗੁੰਡੀ ਮਾਂ ਦੀ ਧੀ ਐ..! ਇਹਨੇ ਐਨੇ ਪੋਲੇ ਪੈਰੀਂ ਨ੍ਹੀ ਮੰਨਣਾਂ..!"

-"ਫੇਰ ਕੋਈ ਹੱਲ..?"

-"ਇਹਨੂੰ ਧੱਕੇ ਨਾਲ਼ ਕਾਣੀ ਕਰ ਲਓ..! ਹੌਲ਼ੀ ਹੌਲ਼ੀ ਆਪੇ ਪੰਜਾਲ਼ੀ ਹੇਠ ਆਜੂਗੀ..! ਅਲ਼ਕ ਵਹਿੜਕਾ ਵੀ ਚਾਰ ਕੁ ਦਿਨ ਅਲ਼ਕਤ ਮੰਨਦੈ, ਪਿੱਛੋਂ ਐਹੋ ਜਿਆ ਹਾਲ਼ੀ ਨਿਕਲ਼ਦੈ, ਪਟੜੀਫ਼ੇਰ ਧੁੰਮਾਂ ਪਾ

ਦਿੰਦੈ..!"

–"ਤੇਰਾ ਮਤਲਬ ਬਈ...!"

–"ਤੂੰ ਮੇਰੇ ਕੋਲ਼ੇ ਬੈਠ ਉਏ ਸਾਲ਼ਿਆ ਧੱਤੂਆ ਜਿਆ..!" ਉਸ ਖਿਝੇ ਹੋਏ ਨੇ ਜੀਤ ਨੂੰ ਧੂਹ ਕੇ ਕੋਲ਼ ਬਿਠਾ ਲਿਆ।

–"ਮੈਂ ਕੀ ਕਰਾਂ..? ਉਹ ਤਾਂ..!" ਜੀਤ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਉਹ ਪਹਾੜੀ ਕਾਂ ਵਾਂਗ ਵਾਰ–ਵਾਰ ਬੋਲਣ ਦਾ ਝੱਸ ਜਿਹਾ ਪੂਰਾ ਕਰਦਾ ਸੀ।

–"ਮੇਰੀ ਗੱਲ ਤਾਂ ਸੁਣ ਸਾਲ਼ਿਆ ਮੇਰਿਆ..! ਤੈਨੂੰ ਜੰਮ ਕੇ ਵੀ ਇਹ ਤਰਗੀ ਹੋਊ..?" ਠੇਕੇਦਾਰ ਪ੍ਰੀਤ 'ਤੇ ਘੱਟ ਅਤੇ ਜੀਤ 'ਤੇ ਵੱਧ ਖਿਝਿਆ ਹੋਇਆ ਸੀ। ਜਿਸ ਨੇ ਪੂਰੀ ਨਹੀਂ ਪਾਈ ਸੀ।

–"ਮੇਰੀ ਤਾਂ ਉਹੋ ਗੱਲ...!"

–"ਤੂੰ ਭੈਣ ਦਿਆ ਯਾਰਾ ਚਗਲ਼ਾ, ਮੇਰੀ ਵੀ ਸੁਣ ਲੈ..! ਆਬਦੀ ਈ ਜੁਗਨੀ ਦੱਬੀ ਤੁਰਿਆ ਆਉਨੈਂ..!"

–"ਸੁਣੀਂ ਤਾਂ ਜਾਨੈਂ ਮਾਸੜਾ..! ਤੂੰ ਮੈਨੂੰ ਗਾਲ਼ਾਂ ਕਿਉਂ ਕੱਢੀ ਜਾਨੈਂ..?" ਜੀਤ ਨੇ ਗ਼ਿਲਾ ਕੀਤਾ। ਰੋਸ ਦਿਖਾਇਆ।

–"ਗਾਲ਼ਾਂ ਨਾ ਕੱਢਾਂ ਤੇ ਹੋਰ ਸਾਲ਼ਿਆ ਤੈਨੂੰ ਗੋਲਡ ਮੈਡਲ ਦੇਵਾਂ..? ਨਾਲ਼ ਪਈ ਤੀਮੀ ਨਾ ਵੱਸ 'ਚ ਆਵੇ..? ਇਕ ਕੰਮ ਤਾਂ ਤੂੰ ਸਿਰੇ ਨ੍ਹੀ ਲਾ ਸਕਿਆ..? ਹੋਰ ਤੂੰ ਮਾਂ ਆਬਦੀ ਦੀ...ਕਰੇਂਗਾ?"

–"ਦੱਸ ਤਾਂ ਸਹੀ..!" ਉਸ ਨੇ ਸਿਰ ਖੁਰਕਿਆ।

–"ਲੈ ਸੁਣ ਧਿਆਨ ਨਾਲ਼..! ਜੇ ਤਾਂ ਓਸ ਕੁੱਤੀ ਨੂੰ ਕਰਨੈਂ ਬੱਸ..! ਤਾਂ–ਤਾਂ ਠੀਕ ਐ! ਤੇ ਜੇ ਸਾਲ਼ਿਆ ਟਿੱਡੀਆਂ ਈ ਬੁਸ਼ਕਰੀ ਜਾਣੀਐਂ, ਤੇਰੀ ਮਰਜੀ..!"

–"ਮੈਥੋਂ ਕੀ ਗਲਤੀ ਹੋਗੀ..? ਮੈਂ ਤਾਂ ਫੜਲੀ ਸੀ..! ਸਾਲ਼ੀ ਉਹ ਤਾਂ ਸੂਈ ਕੁੱਤੀ ਮਾਂਗੂੰ ਬੱਢਣ ਆਉਂਦੀ ਸੀ..!" ਜੀਤ ਨੇ ਆਪਣਾ ਦੁੱਖ ਰੋਇਆ।

–"ਹੁਣ ਸੁਣ ਧਿਆਨ ਨਾਲ਼..! ਉਹਨੂੰ ਜਾ ਕੇ ਚੁੰਬੜਜਾ, ਤੇ ਕਾਣੀਂ ਕਰ ਛੱਡ..! ਆਪੇ ਸ਼ਰਮ ਹਜਾ ਦੀ ਮਾਰੀ ਤੇਰੇ ਵਸੂ..! ਜੇ ਹਲ਼ਟ ਦੇ ਕੁੱਤੇ ਮਾਂਗੂੰ ਉਤਲੇ ਗੇੜ 'ਚ ਈ ਫਿਰੀ ਜਾਵੇਂਗਾ? ਫੇਰ ਤਾਂ ਨਾਲ਼ੇ ਰੰਨ ਗਈ ਤੇ ਨਾਲ਼ੇ ਕੰਨ ਪਾਟੇ, ਰਾਂਝੇ ਦੱਸ ਪਿਆਰ 'ਚੋਂ ਖੱਟਿਆ ਕੀ ਆਲ਼ੀ ਗੱਲ ਹੋਊ..!" ਉਸ ਨੇ ਰੇਤ ਕੇ ਕਮਲ਼ੇ ਜੀਤ ਨੂੰ ਧਾਰ ਦੇ ਦਿੱਤੀ।

–"ਕਿਤੇ ਪੁਲ਼ਸ ਨਾ ਧੂਹੀ ਫਿਰੇ ਕੱਲ੍ਹ ਨੂੰ..?" ਹਰਦੀਪ ਅੰਦਰ ਹੋਰ ਡਰ ਕੰਬਿਆ।

–"ਮੈਨੀ ਕਰਦਾ ਕੁਛ..! ਮੈਨੂੰ ਤਾਂ ਪੁਲ਼ਸ ਕੁੱਟੂ..! ਤੂੰ ਤਾਂ ਛੁਡਾਉਣਾਂ ਵੀ ਹੈਨ੍ਹੀ...!" ਜੀਤ ਪੁਲ਼ਸ ਦੇ ਨਾਂ ਨੂੰ ਧੰਦਕ ਗਿਆ।

–"ਉਏ ਮੇਰਿਆ ਸਾਲ਼ਿਆ ਨਾਸਲ਼ਾ..! ਅਸੀਂ ਕਾਹਦੇ ਆਸਤੇ ਬੈਠੇ ਐਂ ਫੇਰ..? ਪੁਲ਼ਸ ਤੋਂ ਨਾ ਡਰ..! ਬੜ੍ਹਕ ਮਾਰ, ਬੜ੍ਹਕ..! ਪੂਛ ਚੱਕ ਚੱਕ ਸਾਰਾ ਟੱਬਰ ਮੋਕ ਈ ਨਾ ਮਾਰੀ ਜਾਓ..! ਜਾਹ ਹੁਣ, ਤੇ ਕਰ ਉਹਨੂੰ ਬੱਤ..! ਡਰੀਂ ਨਾ..! ਇਕ ਵਾਰੀ ਕੰਮ ਕਰ ਕੇ ਪਰ੍ਹਾਂ ਮਾਰੀਂ..! ਬਾਕੀ ਜਿੰਮੇਵਾਰੀ ਮੇਰੀ..! ਪ੍ਰਵਾਹ ਨਾ ਮੰਨ..!"

–"ਜਾਵਾਂ ਫਿਰ..?" ਛੜਾ ਜੀਤ ਤਾਂ ਅੱਗੇ ਹੀ ਹਲ਼ਕਿਆ ਪਿਆ ਸੀ। ਉਸ ਨੂੰ ਤਾਂ ਬੱਸ ਸਿਰਫ਼ ਹੱਲਾਸ਼ੇਰੀ ਦੀ ਹੀ ਲੋੜ ਸੀ।

–"ਤੇ ਹੋਰ ਹੁਣ ਖੰਡ ਪਾਠ ਖੁੱਲ੍ਹਾਈਏ..?" ਸੜਿਆ ਬਲ਼ਿਆ ਠੇਕੇਦਾਰ ਹੀਂਜਰ ਕੇ ਪਿਆ ਤਾਂ ਜੀਤ ਬਾਹਰ ਨਿਕਲ਼ ਗਿਆ।

ਪ੍ਰੀਤ ਗੋਡਿਆਂ ਵਿਚ ਸਿਰ ਦੇਈ ਬੈੱਡ 'ਤੇ ਹੀ ਬੈਠੀ ਸੀ। ਜੱਗ ਨਾਲ਼ ਬੀਤਦੀਆਂ ਤਾਂ ਉਹ ਸੁਣਦੀ ਆਈ ਸੀ। ਪਰ ਇਹ ਗੱਲ ਉਸ ਨਾਲ਼ ਆਪਣੇ ਨਾਲ਼ ਹੀ ਬੀਤ ਜਾਣੀ ਸੀ..? ਇਸ ਬਾਰੇ ਉਸ ਨੇ ਕਦੇ ਮਨ ਵਿਚ ਵੀ ਕਿਆਸਿਆ ਨਹੀਂ ਸੀ। ਉਸ ਦੇ ਹੰਝੂ ਮੱਲੋਮੱਲੀ ਕਿਰੀ ਜਾ ਰਹੇ ਸਨ। ਅੱਜ ਉਸ ਨੂੰ ਆਪਣੀ ਮਾਂ

ਅਤੇ ਚੁੱਪ ਚਾਪ ਜਿਹਾ ਬਾਪ ਹੱਦੋਂ ਵੱਧ ਯਾਦ ਆ ਰਹੇ ਸਨ। ਜਿਸ ਕਾਰਨ ਉਸ ਦਾ ਮਨ ਭਰ ਭਰ ਉਛਲ਼ੀ ਜਾ ਰਿਹਾ ਸੀ। ਮਾਂ ਅਤੇ ਬਾਪ ਨੇ ਕਦੇ ਉਸ ਦਾ ਮੂੰਹ ਨਹੀਂ ਫ਼ਿਟਕਾਰਿਆ ਸੀ। 'ਫ਼ਿੱਟੇ ਮੂੰਹ' ਨਹੀਂ ਆਖਿਆ ਸੀ, ਅਤੇ ਅੱਜ ਉਸ ਨਾਲ਼ ਜੱਗੋਂ ਤੇਹਰ੍ਹਵੀਂ ਵਾਪਰ ਗਈ ਸੀ।

ਅੰਦਰ ਜਾਣ ਸਾਰ ਸਿੱਧਰੇ ਜੀਤ ਨੇ ਬੈਠੀ ਪ੍ਰੀਤ ਨੂੰ ਡੱਡ ਵਾਂਗ ਚੁੱਕ, ਮੁਰਗੀ ਵਾਂਗ ਮਰੋੜ ਲਿਆ।

ਉਸ ਨੇ ਪਹਿਲਾਂ ਤਾਂ ਕੁਝ ਦੇਰ ਮੁਕਾਬਲਾ ਕੀਤਾ। ਪਰ ਜੀਤ ਵਰਗੇ ਸ਼ਰਾਬੀ ਅਤੇ ਬੂਝੜ ਬੰਦੇ ਨਾਲ਼ ਮਾਲੂਕ ਪ੍ਰੀਤ ਦਾ ਕੀ ਮੁਕਾਬਲਾ ਸੀ..? ਸ਼ੇਰ ਅਤੇ ਬੱਕਰੀ ਵਾਲ਼ਾ..? ਜਦੋਂ ਮੁਕਾਬਲੇ ਵਿਚ ਕਾਮਯਾਬ ਨਾ ਹੋਈ ਤਾਂ ਪ੍ਰੀਤ ਨੇ ਮਿੰਨਤਾਂ ਤਰਲੇ ਸ਼ੁਰੂ ਕਰ ਦਿੱਤੇ। ਪਰ ਜੀਤ ਬੋਲ਼ਾ ਹੋ ਚੁੱਕਿਆ ਸੀ। ਉਸ ਨੂੰ ਦਿਸਣਾ ਬੰਦ ਹੋ ਗਿਆ ਸੀ। ਉਸ ਨੂੰ ਇਹ ਵੀ ਨਹੀ ਸੁਰਤ ਸੀ ਕਿ ਚੁਬਾਰੇ ਦਾ ਦਰਵਾਜਾ ਖੁੱਲ੍ਹਾ ਸੀ ਅਤੇ ਬੱਤੀ ਜਗ ਰਹੀ ਸੀ। ਪ੍ਰੀਤ ਦਰਦ ਵਿਚ ਚੀਕ ਅਤੇ ਕਰਾਹ ਰਹੀ ਸੀ। ਪਰ ਜੀਤ ਬੇਸੁੱਧ ਸੀ। ਆਪਣੇ ਕੰਮ ਵਿਚ ਮਘਨ ਸੀ। ਹੁਕਮ ਦਾ ਬੱਝਿਆ ਉਹ ਬੇਧਿਆਨਾ ਸੀ। ਉਸ ਨੂੰ ਪ੍ਰੀਤ ਦਾ ਕੋਈ ਤਰਲਾ, ਦੁਹਾਈ ਜਾਂ ਕੁਰਲਾਹਟ ਨਹੀਂ ਸੁਣੀਂ ਸੀ। ਉਸ ਦੇ ਕੰਨ ਅਤੇ ਅੱਖਾਂ ਇਕ ਤਰ੍ਹਾਂ ਨਾਲ਼ ਬੰਦ ਸਨ ਅਤੇ ਦਿਮਾਗ ਸੁੰਨ ਸੀ। ਬਾਹਰ ਹਨ੍ਹੇਰੇ ਵਿਚ ਖੜ੍ਹਾ ਠੇਕੇਦਾਰ ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ਼ ਦੇਖ ਰਿਹਾ ਸੀ...!

ਅੱਧੇ ਕੁ ਘੰਟੇ ਬਾਅਦ ਜਦ ਜੀਤ ਨੇ ਪ੍ਰੀਤ ਨੂੰ ਢਿੱਲਾ ਛੱਡਿਆ ਤਾਂ ਉਹ ਬੇਸੁਰਤ ਸੀ।

ਉਸ ਹੇਠ ਖ਼ੂਨ ਦਾ ਛੱਪੜ ਲੱਗ ਗਿਆ ਸੀ। ਪ੍ਰੀਤ ਮਿੱਟੀ ਦੀ ਬੋਰੀ ਵਾਂਗ ਖਿੱਲਰੀ ਪਈ ਸੀ।

ਕਮਲ਼ੇ ਜੀਤ ਨੇ ਉਸ ਦੇ ਥਾਂ-ਥਾਂ 'ਤੇ ਨੀਲ ਪਾ ਧਰੇ ਸਨ। ਨਾਜ਼ੁਕ ਸਰੀਰ ਥਾਂ ਥਾਂ ਤੋਂ ਖੁਰਚ ਸੁੱਟਿਆ ਸੀ!

ਠੇਕੇਦਾਰ ਚੁੱਪ ਚਾਪ ਕਮਰੇ ਅੰਦਰ ਆਇਆ ਅਤੇ ਜੀਤ ਨੂੰ ਫੜ ਕੇ ਬਾਹਰ ਲੈ ਗਿਆ।

-"ਇਹਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ, ਇਹਨੂੰ ਸੁਰਤ ਆਜੂ..!"

-"ਫੇਰ..?" ਉਸ ਨੇ ਸਿਰ ਦੀਆਂ ਸਪੋਲ਼ੀਆਂ ਵਰਗੀਆਂ ਜਟੂਰੀਆਂ ਖੁਰਕੀਆਂ।

-"ਫੇਰ ਇਕ ਦੋ ਵਾਰੀ ਉਹੀ ਕੰਮ ਫੇਰ ਕਰ..!"

-"ਉਂ ਤਾਂ ਮੈਂ ਠੀਕ ਈ ਕੀਤਾ ਐ ਨਾ ਮਾਸੜਾ..?"

-"ਮੈਂ ਕਹਿੰਨੈ ਤਹਿ ਲਾ ਦਿੱਤੀ, ਸ਼ਾਬਾਸ਼..! ਦੱਬੀ ਚੱਲ ਕਿੱਲੀ..!"

-"ਤੂੰ ਤਾਂ ਮੈਨੂੰ ਊਂਈਂ ਗਾਲ਼ਾਂ ਕੱਢੀ ਜਾਂਦਾ ਸੀ..!" ਉਸ ਨੇ ਗਿ਼ਲਾ ਕੀਤਾ।

-"ਹੁਣ ਨ੍ਹੀ ਕੱਢਦਾ..! ਬੱਸ ਇਕ ਦੋ ਆਰੀ ਆਹੀ ਕੰਮ ਫੇਰ ਕਰਨੈਂ..! ਜੇ ਇਹੇ ਚੁੱਪ ਜੀ ਕਰਜੇ, ਪਾਣੀ ਦੇ ਛਿੱਟੇ ਮੂੰਹ 'ਤੇ ਮਾਰ ਦਿਆ ਕਰ, ਆਪੇ ਬੋਲਣ ਲੱਗਜੂਗੀ..! ਸਾਲੀ ਮੂਰਖ਼ ਬਣਾਉਣ ਵਾਸਤੇ ਖੇਖਣ ਕਰਦੀ ਐ..!" ਆਖ ਕੇ ਠੇਕੇਦਾਰ ਥੱਲੇ ਉੱਤਰ ਗਿਆ।

-"ਖੇਖਣ ਤਾਂ ਮਾਸੜਾ ਮੈਂ ਚੱਕਦੂੰ..! ਪਰ ਉਸ ਤੋਂ ਬਾਅਦ ਮੈਂ ਕਿੱਥੇ ਪਊਂ..?" ਉਸ ਨੇ ਜਿਵੇਂ ਜਾਂਦੇ ਮਾਸੜ ਦੀ ਪੂਛ ਫੜਕੇ ਪੁੱਛਿਆ ਸੀ।

-"ਤੈਨੂੰ ਮਹਾਰਾਜੇ ਆਲ਼ੇ ਪਲੰਘ 'ਤੇ ਪਾਈਏ..? ਉਤੇ ਈ ਪਿਆ ਰਹੀਂ..! ਹੋਰ ਤੂੰ ਥੱਲੇ ਆ ਕੇ ਭੈਣ ਈ ਯ਼ਾਉਣੀਂ ਐਂ..? ਉਹਦੇ ਨਾਲ਼ ਈ ਪਿਆ ਰਹੀਂ..! ਉਹ ਹੁਣ ਤੇਰੀ ਤੀਮੀ ਐਂ ਮੇਰਿਆ ਸਾਲਿ਼ਆ ਨਾਸਲਾ..!"

-"ਚੰਗਾ..! ਗਾਲ਼ਾਂ ਤਾਂ ਨਾ ਕੱਢ..!"

-"ਮੈਂ ਸਾਲ਼ੇ ਦੇ ਮੂੰਹ 'ਤੇ ਮਾਰੂੰ ਲਫ਼ੇੜਾ..! ਲਹੂ ਪੀ ਲਿਆ ਕੁੜੀ ਯਾਵ੍ਹੇ ਦੇ ਕਮਲ਼ੇ ਨੇ..!" ਠੇਕੇਦਾਰ ਥੱਲੇ ਉਤਰ ਗਿਆ।

ਜੀਤ ਸਾਰੀ ਰਾਤ ਪ੍ਰੀਤ ਨੂੰ ਜਿ਼ਬਾਹ ਕਰਦਾ ਰਿਹਾ। ਜਦੋਂ ਉਹ ਬੇਹੋਸ਼ ਹੋ ਜਾਂਦੀ। ਮਾਸੜ ਦੇ ਦੱਸਣ ਅਨੁਸਾਰ ਪਾਣੀ ਦੇ ਛਿੱਟੇ ਮਾਰ ਕੇ ਉਹ ਪ੍ਰੀਤ ਨੂੰ ਹੋਸ਼ ਸਿਰ ਲੈ ਆਉਂਦਾ।

ਸਵੇਰ ਤੱਕ ਪ੍ਰੀਤ ਵਿਚ ਜੀਤ ਨੇ ਫ਼ੱਕਾ ਨਹੀਂ ਛੱਡਿਆ ਸੀ। ਪੀੜਾਂ ਵਿੰਨ੍ਹੀਂ ਉਹ ਇਕ ਪੀਚ੍ਹੀ ਗੰਢ ਵਾਂਗ ਬੈੱਡ 'ਤੇ ਲਾਮਾ-ਲੇਟ ਪਈ ਸੀ। ਨਿਰਬਲ ਅਤੇ ਬਿਲਕੁਲ ਨਿਰਵਸਤਰ..!

ਜੀਤ ਕਦੋਂ ਦਾ ਥੱਲੇ ਜਾ ਚੁੱਕਾ ਸੀ। ਜੀਤ ਦੇ ਕੀ ਵੱਸ ਸੀ..? ਉਸ ਨੇ ਤਾਂ ਠੇਕੇਦਾਰ ਮਾਸੜ ਦਾ ਹੁਕਮ ਵਜਾਇਆ ਸੀ। ਉਹ ਤਾਂ ਸਰਕਸ ਦੇ ਬਾਂਦਰ ਵਾਂਗ ਮਾਸੜ ਦੀ ਸੀਟੀ 'ਤੇ ਹੀ ਨੱਚਿਆ ਸੀ।

ਸਵੇਰੇ ਸੱਤ ਕੁ ਵਜੇ ਸੱਸ ਪ੍ਰੀਤ ਲਈ ਦੁੱਧ ਦਾ ਗਿਲਾਸ ਲੈ ਕੇ ਉੱਪਰ ਆਈ ਤਾਂ ਪ੍ਰੀਤ ਦੀ ਖ਼ਸਤਾ ਹਾਲਤ ਦੇਖ ਕੇ ਉਸ ਦੇ ਪੈਰਾਂ ਹੇਠੋਂ ਮਿੱਟੀ ਨਿਕਲ਼ ਗਈ। ਪ੍ਰੀਤ ਖ਼ੂਨ ਵਿਚ ਲੱਥ-ਪੱਥ ਮੂਧੇ ਮੂੰਹ ਪਈ ਬੇਹੋਸ਼ ਸੀ। ਉਸ ਨੇ ਕੰਬਲ਼ ਨਾਲ਼ ਪ੍ਰੀਤ ਦਾ ਸਰੀਰ ਢਕ ਕੇ ਹਾਲ ਦੁਹਾਈ ਪਾਈ, ਤਾਂ ਠੇਕੇਦਾਰ ਹੋਰੀਂ ਲੱਦ ਕੇ ਉਸ ਨੂੰ ਹਸਪਤਾਲ਼ ਲੈ ਤੁਰੇ। ਪ੍ਰੀਤ ਮਿੱਟੀ ਹੋਈ ਗੱਡੀ ਵਿਚ ਪਈ ਸੀ। ਹਰਦੀਪ ਉਸ ਦੇ ਨਾਲ਼ ਕਾਲ਼ਜਾ ਫੜੀ ਬੈਠੀ ਸੀ।

ਸ਼ਹਿਰ ਦੇ ਸਰਕਾਰੀ ਹਸਪਤਾਲ਼ ਉਸ ਨੂੰ ਦਾਖ਼ਲ ਕਰਵਾ ਦਿੱਤਾ। ਪੱਚੀ ਹਜ਼ਾਰ ਰੁਪਈਆ ਪਹਿਲਾਂ ਜਮ੍ਹਾਂ ਕਰਵਾਇਆ ਗਿਆ।

-''ਸਾਰੀ ਗੱਲ ਸਾਂਭਣੀਂ ਤੇਰਾ ਕੰਮ ਐਂ ਨੱਥਿਆ..! ਮੈਂ ਤਾਂ ਪਹਿਲਾਂ ਈ ਕੰਨ ਕਰਤੇ ਸੀ, ਬਈ ਕਿਤੇ ਪੁਲ਼ਸ ਨਾਂ ਧੂਹੀ ਫਿਰੇ..?'' ਹਰਦੀਪ ਨੇ ਕਿਹਾ। ਉਹ ਜ਼ਾਹਿਰਾ ਤੌਰ 'ਤੇ ਡਰੀ ਹੋਈ ਸੀ।

-''ਤੂੰ ਚਿੰਤਾ ਕਾਹਦੀ ਕਰਦੀ ਐਂ? ਮੈਂ ਦੇਖਗਾਂ ਬੈਠਾ..!'' ਉਸ ਨੇ ਆਖ ਕੇ ਹਰਦੀਪ ਦਾ ਫ਼ਿਕਰ ਨਵਿਰਤ ਕਰ ਦਿੱਤਾ।

ਡਾਕਟਰਾਂ ਨੇ ਪ੍ਰੀਤ ਨੂੰ ਸਾਂਭ ਲਿਆ ਸੀ। ਕਾਰਨ ਪੁੱਛਣ 'ਤੇ ਠੇਕੇਦਾਰ ਨੇ ਨਵੇਂ ਵਿਆਹ ਦਾ ਵੇਰਵਾ ਦੇ ਦਿੱਤਾ ਸੀ। ਪ੍ਰੀਤ ਦੇ ਹੱਥਾਂ 'ਤੇ ਲੱਗੀ ਤਾਜ਼ੀ ਮਹਿੰਦੀ ਇਸ ਦੀ ਸ਼ਾਹਦੀ ਭਰ ਰਹੀ ਸੀ। ਪ੍ਰੀਤ ਦੇ ਗੁਲੂਕੋਜ਼ ਤੋਂ ਲੈ ਕੇ ਖ਼ੂਨ ਤੱਕ ਚਾੜ੍ਹਿਆ ਗਿਆ ਸੀ। ਤਾਕਤ ਦੇ ਟੀਕੇ ਲਾਏ ਗਏ ਸਨ। ਜ਼ਖ਼ਮਾਂ 'ਤੇ ਦੁਆਈ ਲਾ ਦਿੱਤੀ ਗਈ ਸੀ। ਅਜੇ ਉਸ ਨੂੰ ਪੂਰੀ ਸੁਰਤ ਤਾਂ ਨਹੀਂ ਸੀ। ਪਰ ਜਾਨ ਖ਼ਤਰਾ ਕੋਈ ਨਹੀਂ ਸੀ। ਬੱਸ, ਮਾਲੂਕ ਕੁੜੀ ਅੰਦਰੂਨੀ ਤਕਲੀਫ਼ ਨਾ ਝੱਲਦੀ ਹੋਈ ਬੇਹੋਸ਼ ਹੋ ਗਈ ਸੀ। ਡਾਕਟਰ ਦੇ ਦੱਸਣ ਅਨੁਸਾਰ ਇਹ ਇਕ ਆਮ ਕੇਸ ਸੀ। ਡਾਕਟਰ ਦੀ ਗੱਲ ਸੁਣ ਕੇ ਹਰਦੀਪ ਸੰਤੁਸ਼ਟ ਹੋ ਗਈ। ਡਰ ਚੁੱਕਿਆ ਗਿਆ ਸੀ।

ਤੀਜੇ ਦਿਨ ਖ਼ਬਰ ਪਹੁੰਚਣ 'ਤੇ ਗੁਰਮੇਲ ਕੌਰ ਅਤੇ ਜੰਗੀਰ ਸਿੰਘ ਹਸਪਤਾਲ਼ ਆਏ। ਉਹ ਘਬਰਾਏ ਹੋਏ ਸਨ।

ਠੇਕੇਦਾਰ ਉਹਨਾਂ ਨੂੰ ਹਸਪਤਾਲ਼ ਦੇ ਇਕ ਪਾਸੇ ਲੈ ਗਿਆ।

-''ਗੱਲ ਸੁਣ ਮੇਰੀ ਗੁਰਮੇਲ ਕੁਰੇ..!'' ਠੇਕੇਦਾਰ ਨੇ ਕਿਹਾ।

-''ਮੁੰਡਾ ਸੀਗਾ ਜਰਵਾਣਾ..! ਫੇਰ ਵੀ ਅਮਰੀਕਾ ਦੀਆਂ ਖੁਰਾਕਾਂ ਖਾਧੀਐਂ, ਕੋਈ ਨਾ ਕੋਈ ਉਨੀ ਇੱਕੀ ਤਾਂ ਹੋ ਈ ਜਾਂਦੀ ਐ..!''

-''ਹੁਣ ਹਾਲ ਕੀ ਐ ਪ੍ਰੀਤ ਦਾ-?'' ਉਸ ਨੇ ਪੁੱਛਿਆ।

-''ਬਿਲਕੁਲ ਠੀਕ ਐ..! ਕੋਈ ਬਹੁਤੀ ਫ਼ਿਕਰ ਆਲ਼ੀ ਗੱਲ ਨ੍ਹੀ..! ਖ਼ੂਨ ਖ਼ਾਨ ਚਾੜ੍ਹਿਆ ਸੀ, ਬੋਤਲਾਂ ਲਾਈਐਂ, ਹੁਣ ਬਿਲਕੁਲ ਚੜ੍ਹਦੀ ਕਲਾ 'ਚ ਐ..! ਫ਼ਿਕਰ ਫ਼ਾਕੇ ਆਲ਼ੀ ਕੋਈ ਗੱਲ ਨ੍ਹੀ! ਜੁਆਨ ਸਰੀਰ ਐ, ਐਹੋ ਜੀਆਂ ਸੱਟਾਂ ਫ਼ੇਟਾਂ ਨੂੰ ਕੀ ਗੋਲ਼ਦੈ..? ਚਾਰ ਦਿਨਾਂ ਦੀ ਤਾਂ ਗੱਲ ਐ, ਬੰਦਾ ਆਪਣੇ ਆਪ ਠੀਕ ਹੋ ਜਾਂਦੈ..!''

-''ਚੱਲੋ ਸਾਨੂੰ ਮਿਲ਼ਾ ਤਾਂ ਦਿਓ..!'' ਜੰਗੀਰ ਨੇ ਆਖਿਆ।

-''ਮੈਂ ਡਾਕਟਰ ਨਾਲ਼ ਗੱਲ ਕਰਕੇ ਆਉਨੈਂ..!'' ਠੇਕੇਦਾਰ ਚਲਾ ਗਿਆ।

ਥੋੜੀ ਦੇਰ ਬਾਅਦ ਠੇਕੇਦਾਰ ਨਾਲ਼ ਡਾਕਟਰ ਆ ਗਿਆ।

ਦੇਖਣ ਪਰਖਣ ਤੋਂ ਪਤਾ ਲੱਗਦਾ ਸੀ ਕਿ ਠੇਕੇਦਾਰ ਡਾਕਟਰ ਨਾਲ਼ ਕਾਫ਼ੀ ਨੇੜਤਾ ਰੱਖਦਾ ਸੀ, ਜਾਂ ਨੇੜਤਾ ਕਰ ਲਈ ਗਈ ਸੀ!

ਸਾਰਿਆਂ ਨੇ ਹੱਥ ਜੋੜ ਕੇ ਡਾਕਟਰ ਨੂੰ 'ਸਤਿ ਸ੍ਰੀ ਅਕਾਲ' ਬੁਲਾਈ।

-''ਗੱਲ ਐਨੀਂ ਐਂ..!'' ਉਸ ਨੇ ਸੁੱਕਾ ਜਿਹਾ ਥੁੱਕ ਥੁੱਕਦਿਆਂ ਗੱਲ ਸੁਰੂ ਕੀਤੀ। ਗਲ਼ੋਂ

ਸਟੈਥੋਸਕੋਪ ਲਾਹ ਕੇ ਹੱਥ ਵਿਚ ਫੜ ਲਿਆ।

-"ਘਬਰਾਉਣ ਦੀ ਗੱਲ ਕੋਈ ਨ੍ਹੀ..! ਐਹੋ ਜਿਹੇ ਕੇਸ ਆਮ ਹੀ ਹੋ ਜਾਂਦੇ ਨੇ..! ਬਾਹਰਲੇ ਮੁੰਡਿਆਂ ਨੂੰ ਗ੍ਰਹਿਸਤ ਪੱਖੋਂ ਕਾਫ਼ੀ ਤਜ਼ਰਬਾ ਹੁੰਦੈ, ਤੇ ਆਪਣੀਆਂ ਪੇਂਡੂ ਕੁੜੀਆਂ ਹੁੰਦੀਐਂ ਬਿਲਕੁਲ ਕੋਰੀਆਂ..! ਸੋ ਅਜਿਹੇ ਮਾਮਲਿਆਂ ਵਿਚ ਅਜਿਹੇ ਕੇਸ ਹੋ ਜਾਣਾ ਇਕ ਮਾਮੂਲੀ ਗੱਲ ਐ..! ਫ਼ਿਕਰ ਨਾ ਕਰੋ..!"

-"ਅਸੀਂ ਕੁੜੀ ਨੂੰ ਮਿਲ਼ ਸਕਦੇ ਐਂ ਜੀ?"

-"ਦੇਖ ਸਕਦੇ ਹੋ, ਬੋਲ ਕੇ ਡਿਸਟਰਬ ਨਾ ਕਰਿਓ..!"

-"ਚਲੋ, ਦੇਖ ਈ ਲਓ..! ਗੱਲ ਫੇਰ ਕਦੇ ਇਕ ਅੱਧੇ ਦਿਨ 'ਚ ਕਰ ਲਇਓ..! ਬਹਤੁਾ ਬੁਲਾਉਣਾ ਵੀ ਠੀਕ ਨਹੀਂ..!" ਠੇਕੇਦਾਰ ਨੇ ਡਾਕਟਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

ਉਹ ਅੱਗੜ ਪਿੱਛੜ ਪ੍ਰੀਤ ਦੇ ਕਮਰੇ ਨੂੰ ਤੁਰ ਪਏ।

ਸ਼ੀਸ਼ੇ ਵਿਚੋਂ ਦੀ ਡਾਕਟਰ ਨੇ ਇਸ਼ਾਰਾ ਕਰ ਦਿੱਤਾ। ਦੂਰ ਕਮਰੇ ਵਿਚ ਪ੍ਰੀਤ ਪਈ ਸੀ। ਉਸ ਦਾ ਚਿਹਰਾ ਬੱਗਾ ਹੱਡ ਵਰਗਾ ਹੋ ਗਿਆ ਸੀ। ਸੁੱਤੇ ਚਿਹਰੇ ਉਪਰ ਵੀ ਪੀੜ ਦੇ ਨਿਸ਼ਾਨ ਹਾਜ਼ਰ ਸਨ। ਇਕ ਪਾਸੇ ਬੋਤਲਾਂ ਲਟਕ ਰਹੀਆਂ ਸਨ। ਉਸ ਦਾ ਸਰੀਰ ਪੀਲ਼ਾ ਜ਼ਰਦ ਲੱਗਦਾ ਸੀ। ਦੇਖ ਕੇ ਗੁਰਮੇਲ ਕੌਰ ਦਾ ਦਿਲ ਦੋਫ਼ਾੜ ਹੋ ਗਿਆ। ਉਸ ਦਾ ਦਿਲ ਕੀਤਾ ਕਿ ਬੇਸੁਰਤ ਪਈ ਧੀ ਨੂੰ ਘੁੱਟ ਕੇ ਬੁੱਕਲ਼ ਵਿਚ ਲੈ ਲਵੇ ਅਤੇ ਉਸ ਦੇ ਜਿਸਮ ਦੀ ਸਾਰੀ ਪੀੜ ਚੂਸ ਸੁੱਟੇ..! ਉਸ ਕੋਲ਼ ਜੰਗੀਰ ਚੁੱਪ ਚਾਪ, ਦੁਖੀ ਜਿਹਾ ਹੀ ਖੜ੍ਹਾ ਸੀ। ਇਸ ਭਾਵੀ ਬਾਰੇ ਤਾਂ ਕਿਸੇ ਨੇ ਕਦੇ ਸੋਚਿਆ ਹੀ ਨਹੀਂ ਸੀ..? ਉਹ ਤਾਂ ਸਦਾ ਧੀ ਦੀ ਸੁੱਖ ਹੀ ਮੰਗਦੇ ਰਹੇ ਸਨ।

-"ਇਹ ਕਦੋਂ ਕੁ ਸੁਰਤ 'ਚ ਆਊ ਡਾਕਟਰ ਸਾਹਿਬ..?"

-"ਹੈ ਤਾਂ ਸੁਰਤ 'ਚ ਈ..! ਪਰ ਦੁਆਈ ਦੀ ਘੂਕੀ ਕਰਕੇ ਸੁੱਤੀ ਐ, ਕੱਲ੍ਹ ਪਰਸੋਂ ਨੂੰ ਬਿਲਕੁਲ ਠੀਕ ਹੋਜੂਗੀ, ਚਿੰਤਾ ਵਾਲ਼ੀ ਗੱਲ ਕੋਈ ਨ੍ਹੀ..।" ਤੇ ਡਾਕਟਰ ਤੁਰ ਗਿਆ।

ਗੁਰਮੇਲ ਕੌਰ ਮੁੱਠੀਆਂ ਮੀਟ ਕੇ ਰਹਿ ਗਈ। ਸਬਰ ਤੋਂ ਬਿਨਾਂ ਕਰ ਵੀ ਕੀ ਸਕਦੀ ਸੀ?

-"ਤੁਸੀਂ ਇਉਂ ਕਰੋ..! ਘਰੇ ਜਾਓ..! ਜਦੋਂ ਕੁੜੀ ਨੂੰ ਸੁਰਤ ਆ ਗਈ, ਮੈਂ ਆਪੇ ਬੰਦਾ ਭੇਜ ਕੇ ਥੋਨੂੰ ਮੰਗਵਾ ਲਊਂ..! ਤੁਸੀਂ ਮੇਰੇ ਹੁੰਦੇ ਕੋਈ ਫ਼ਿਕਰ ਨਾ ਕਰੋ, ਮੈਂ ਤਾਂ ਓਦਣ ਦਾ ਕੁੜੀ ਦੇ ਕੋਲੋਂ ਨ੍ਹੀ ਉਠ ਕੇ ਗਿਆ..! ਚਾਹੇ ਡਾਕਟਰ ਸਾਹਿਬ ਨੂੰ ਪੁੱਛ ਲਓ..!" ਠੇਕੇਦਾਰ ਨੇ ਉਹਨਾਂ ਦੀ ਤਹਿ ਲਾ ਦਿੱਤੀ।

ਗੁਰਮੇਲ ਕੌਰ ਅਤੇ ਜੰਗੀਰ ਤੁਰ ਗਏ। ਉਹਨਾਂ ਨੂੰ ਠੇਕੇਦਾਰ 'ਤੇ ਵਿਸ਼ਵਾਸ ਜਿਉਂ ਸੀ! ਗੁਰਮੇਲ ਕੌਰ ਨੂੰ ਤਾਂ ਕੁਝ ਜ਼ਿਆਦਾ ਹੀ ਇਤਬਾਰ ਸੀ!

ਠੇਕੇਦਾਰ ਸੋਚੀਂ ਪੈ ਗਿਆ।

ਜਦੋਂ ਪ੍ਰੀਤ ਨੂੰ ਸੁਰਤ ਆ ਗਈ ਤਾਂ ਗੁਰਮੇਲ ਕੌਰ ਨੇ ਤਾਂ ਇਕ ਨਾ ਇਕ ਦਿਨ ਉਹਨੂੰ ਮਿਲਣਾ ਹੀ ਮਿਲਣਾ ਹੈ..! ਕੋਈ ਸ਼ੱਕ ਨਹੀਂ..! ਪ੍ਰੀਤ ਵੀ ਕੋਈ ਸੁਪੱਤੀ ਨਹੀਂ..। ਉਹ ਵੀ ਆਬਦੀ ਮਾਂ ਨੂੰ ਸਾਰਾ ਕੁਝ ਦੱਸੂ ਹੀ ਦੱਸੂ..! ਜੇ ਭੇਦ ਖੁੱਲ੍ਹ ਗਿਆ, ਤਾਂ ਧੂਤਕੜਾ ਵੀ ਜ਼ਰੂਰ ਪਊ..! ਜੱਗ 'ਚ ਬਦਨਾਮੀ ਹੋਊ..! ਹੋ ਸਕਦੈ ਪੁਲੀਸ ਕੇਸ ਵੀ ਬਣਨ..? ਜੇ ਕੇਸ ਮਹਿਲਾ ਮੰਡਲ਼ ਜਾਂ ਮਾਨੁੱਖੀ ਅਧਿਕਾਰਾਂ ਵਾਲ਼ਿਆਂ ਦੇ ਹੱਥ ਆ ਗਿਆ, ਉਹ ਕੰਜਰ ਓਦੂੰ ਵਾਲ਼ ਦੀ ਖੱਲ ਲਾਹੁੰਣਗੇ..! ਜੇਲ਼ਾਂ ਅਦਾਲਤਾਂ 'ਚ ਖਿੱਚ-ਧੂਹ ਵੱਖਰੀ..! ਵਿਆਹ ਕਰਵਾਉਣ ਦਾ 'ਮੋਹਰੀ' ਠੇਕੇਦਾਰਾ ਤੂੰ..! ਦੋਨਾਂ ਧਿਰਾਂ ਨੇ ਨੱਕ ਦੀ ਸੇਧ ਤੇਰੇ ਵੱਲੀਂ ਉਂਗਲ਼ ਕਰ ਦੇਣੀਂ ਐਂ, ਤੇ ਤੈਨੂੰ ਭੱਜੇ ਨੂੰ ਰਾਹ ਨਹੀਂ ਲੱਭਣਾ..! ਇਹ ਤਾਂ ਮੇਰੇ ਸਾਲ਼ੇ ਜਹਾਜ ਚੜ੍ਹਕੇ ਅਮਰੀਕਾ ਜਾ ਬਿਰਾਜਣਗੇ, ਤੇ ਤੂੰ..? ਭੁਗਤੀ ਜਾਈਂ ਪੇਸ਼ੀਆਂ ਤੇ ਭਰੀ ਜਾਈਂ ਪੁਲ਼ਸ ਵਾਲ਼ਿਆਂ ਦੇ ਮੂੰਹ..! ਉਹਨਾਂ ਕੰਜਰਾਂ ਦੇ ਤਾਂ ਮੂੰਹ ਵੀ ਤੰਦੂਰ ਜਿੱਡੇ ਜਿੱਡੇ ਹੁੰਦੇ ਐ..! ਇਹ ਕੁੜੀ ਤਾਂ ਠੇਕੇਦਾਰਾ ਹਸਪਤਾਲ਼ ਦੇ ਬੈੱਡ 'ਤੇ ਤੇਰੇ ਲਈ ਨਿਰੀ ਬਲਾਅ ਪਈ ਐ..! ਡਾਕਟਰ ਨਾਲ਼ ਕੋਈ ਬੰਨ੍ਹ-ਸੁੱਬ ਕਰ ਕੇ ਇਹਦਾ ਕੋਈ ਹੱਲ ਲੱਭ..! ਤੇ ਨਹੀਂ ਖੂਹ 'ਚ ਡਿੱਗੀ ਇੱਟ ਮਿੱਤਰਾ ਸੁੱਕੀ ਨਹੀਂ ਨਿਕਲਣੀਂ..! ਸਿਆਪਾ ਆਖਰ ਤੇਰੀ ਜਾਨ ਨੂੰ

ਪੈਣੈਂ..! ਕਰ ਲਈਂ ਘਿਉ ਨੂੰ ਭਾਂਡਾ..! ਆਹ ਭੈਣ ਦਾ ਛੁਣਛਣਾ ਯਹਾਵੀ ਅਮਰੀਕਾ ਆਲ਼ੀ ਸਾਲ਼ੀ ਤਾਂ ਐਡੀ ਡਰੂ ਐ, ਆਪ ਬਚਣ ਦੀ ਮਾਰੀ ਸਿੱਧੀ ਉਂਗਲ਼ ਤੇਰੇ ਵੱਲੀਂ ਕਰਦੂ..! ਫੜ ਲਈਂ ਬੈਂਗਣ..! ਤੀਮੀਆਂ ਦੀ ਮੱਤ ਸਾਲ਼ੀ ਗਿੱਚੀ ਪਿੱਛੇ ਹੁੰਦੀ ਐ..! ਤੇ ਉਹ ਦੂਜਾ ਮਾਂ ਦਾ ਖ਼ਸਮ ਚੰਦ, ਜੀਤ ਸਿਉਂ..? ਉਹਨੂੰ ਤਾਂ ਜੇ ਪੁਲ਼ਸ ਨੇ ਇਕ ਡੰਡਾ ਦਿਖਾ ਦਿੱਤਾ, ਸਾਲ਼ਾ ਛੱਤਣੀਂ ਚੜ੍ਹਜੂ..! ਕਿਸੇ ਨੇ ਤੇਰਾ ਸਾਥ ਨਹੀਂ ਦੇਣਾਂ..! ਕੀਤੀਆਂ ਦੁੱਲਿਆ ਤੇਰੀਆਂ ਪੇਸ਼ ਲੱਧੀ ਦੇ ਆਈਆਂ..! ਸਿਰ ਖੜ੍ਹੇ ਦਾ ਖ਼ਾਲਸਾ ਹੁੰਦੈ ਮਿੱਤਰਾ ਦੂਰ ਦਿਆ..! ਦਿਨ ਗਿਆ ਟਿਕਾਣੇਂ ਤੇ ਬਾਬੇ ਦਾ ਟੰਬਾ ਜਾਣੇਂ...! ਤੂੰ ਕੋਈ ਤਰਕੀਬ ਸੋਚ..! ਸਿੱਧੀ ਉਂਗਲ਼ ਨਾਲ਼ ਘਿਉ ਨਿਕਲਣਾ ਮੁਸ਼ਕਿਲ ਐ..! ਪਹਿਲਾਂ ਤਾਂ ਆਹ ਜਿਹੜੀ ਬੋਦੀਆਂ ਜੀਆਂ ਬੁੜ੍ਹਕਾਉਂਦੀ ਫ਼ਿਰਦੀ ਐ, ਇਹਤੋਂ ਖਿੱਚ ਜਿਹੜਾ ਕੁਛ ਖਿੱਚ ਸਕਦੈਂ..! ਬਥੇਰਾ ਪੈਸਾ ਕੁੱਟਿਐ ਇਹਨੇ ਅਮਰੀਕਾ 'ਚੋ..! ਸਾਰੀ ਅਮਰੀਕਾ ਸਾਲ਼ੀ ਮੇਰੀ ਨੇ ਲੁੱਟ ਕੇ ਖਾ ਲਈ, ਹੁਣ ਦੇਖ ਕਿਵੇਂ ਚਿੱਤੜ ਉਚੇ ਕਰ ਕਰ ਤੁਰਦੀ ਐ..! ਰੱਬ ਯਾਦ ਨ੍ਹੀ ਸਾਲ਼ੀ ਦੇ..! ਅਖੇ ਮੁੰਡਾ ਵਿਆਹੁੰਣੈਂ..! ਪੁੱਛਣਾ ਹੋਵੇ ਬਈ ਭੈਣ ਦੀਏ ਲੱਕੜੇ, ਕਣ ਕੰਡਾ ਉਹਦੇ 'ਚ ਹੈਨ੍ਹੀ...ਸੱਤੂ ਉਹਦੇ ਮੁੱਕੇ ਫ਼ਿਰਦੇ ਐ, ਮੁੰਡਾ ਵਿਆਹ ਕੇ ਕਰਨਾ ਕੀ ਐ..? ਵਿਆਹ ਤਾਂ ਤੂੰ ਕਰਦੇਂਗੀ, ਪਿੱਛੋਂ ਉਹਦੀ ਨੱਢੀ ਨੂੰ ਲੋਕ ਈ ਸਾਂਭਣਗੇ..? ਤੀਮੀ ਨੂੰ ਕੁੱਲੀ, ਗੁੱਲੀ, ਜੁੱਲੀ ਤੋਂ ਬਿਨਾਂ ਹੋਰ ਵੀ ਕੁਛ ਚਾਹੀਦੈ..! ਠੇਕੇਦਾਰਾ, ਸੋਚ ਕਰ..! ਪਿੱਛੋਂ ਮੇਲੇ 'ਚ ਚੱਕੀਰਾਹੇ ਨੂੰ ਕਿਸੇ ਨੇ ਨਹੀਂ ਪੁੱਛਣਾ..! ਸਕੀਮ ਨਾਲ਼ ਚੱਲ..! ਸੌਖਾ ਰਹੇਂਗਾ..! ਅਮਰੀਕਾ ਆਲ਼ੀ ਤੋਂ ਦੋ-ਚਾਰ ਲੱਖ ਹੋਰ ਖਿੱਚ..! ਕੁੜੀ ਨੂੰ ਬੁਲਾ ਪਾਰ..! ਪੰਦਰਾਂ ਲੱਖ ਜਿਹੜਾ ਗੁਰਮੇਲ ਕੌਰ ਨੇ ਦਿੱਤਾ ਸੀ, ਉਹਦੀ ਮੋੜ ਮੁੜਾਈ 'ਚੋਂ ਵੀ ਕੁਛ ਨਾ ਕੁਛ ਖਿੱਚ ਲਵਾਂਗੇ..! ਪੈਸਾ ਬਣਾਉਣ ਦਾ ਵੀ ਕੋਈ ਸਮਾਂ ਹੁੰਦੈ...! ਪਰ ਇਹ ਤਾਂ ਪਾਪ ਐ..! ਕੀ ਪਾਪ ਤੇ ਕੀ ਪੁੰਨ ਠੇਕੇਦਾਰਾ..? ਕੀ ਸੁਰਗ ਤੇ ਕੀ ਨਰਕ..? ਇਹ ਤਾਂ ਸਾਧਾਂ ਦੇ ਨਿਰੇ ਢਕਵੰਜ ਐ, ਸਿਰਫ਼ ਖਾਣ ਦੇ ਸ਼ੋਸ਼ੇ..! ਪੈਸੇ ਆਲਾ ਸਵਰਗੀ ਤੇ ਨੰਗ ਨਰਕੀ..! ਪੈਸੇ ਬਿਨਾਂ ਤਾਂ ਅੱਜ ਕੱਲ੍ਹ ਕੋਈ ਰੱਬ ਨੂੰ ਮੱਥਾ ਨ੍ਹੀ ਟੇਕਦਾ..? ਤੂੰ ਕਿਹੜੇ ਵਹਿਣਾਂ 'ਚ ਰੁੜ੍ਹ ਚੱਲਿਐਂ..? ਮਾਰ ਭੁਲੱਥਾ..! ਤੇਰੇ ਦਿਮਾਗ 'ਚ ਵੀਹ ਸਟੇਸ਼ਨ ਐਂ..! ਖੋਲ੍ਹ ਇਕ ਅੱਧਾ ਲਾਹੌਰ ਸਟੇਸ਼ਣ, ਤੇ ਕਰ ਅਮਰੀਕਾ ਆਲ਼ੀ ਸਾਲ਼ੀ ਨੂੰ ਚਿੱਤ..! ਬਾਹਲ਼ਾ ਗਿਆ ਸਾਲ਼ੀ ਨੂੰ ਪੁਲ਼ਸ ਦਾ ਡਰ ਪਾ ਦਿਆਂਗੇ..! ਜੇ ਨਾ ਡਰੇ ਭੂਤ ਮਾਂਗੂੰ ਸਿਰ 'ਤੇ ਪੈਰ ਰੱਖ ਕੇ ਭੱਜੀ ਤਾਂ ਸਾਨੂੰ ਘੈਂਟ ਠੇਕੇਦਾਰ ਕੌਣ ਕਹੂ..? ਤੇਰੀ ਛਤਰੀ 'ਤੇ ਤਾਂ ਗੁਰਮੇਲ ਕੌਰ ਵਰਗੀਆਂ ਗੁੱਟਕ ਕੇ ਬਾਜੀਆਂ ਪਾ ਗਈਆਂ..! ਇਹ ਕਿਹੜੇ ਬਾਗ ਦੀ ਮੂਲ਼ੀ ਐ..? ਉਏ ਤੂੰ ਤਾਂ ਗੁਰਮੇਲ ਕੁਰ ਅਰਗੀਆਂ ਵਾਰੀ 'ਹੱਟ ਕੁੱਤੀਏ' ਨ੍ਹੀ ਕਹਿਣ ਦਿੱਤਾ ਸੀ..? ਤੇ ਇਹ ਅਮਰੀਕੀ ਗੱਦਿਆਂ 'ਤੇ ਚਿੱਤੜ ਘਸਾਉਣ ਆਲ਼ੀ ਤਾਂ ਨਾ ਤਿੰਨਾਂ 'ਚ, ਤੇ ਨਾ ਤੇਰ੍ਹਾਂ 'ਚ..? ਮਾਰ ਕੋਈ ਧੋਬੀ ਪਟੜਾ ਤੇ ਪਹਿਲਾਂ ਤਾਂ ਅਮਰੀਕਾ ਆਲ਼ੀ ਨੂੰ ਮੁੰਨ..! ਇਹਨੂੰ ਬਣਾਂ ਰੇਲ਼..! ਡਾਕਟਰ ਤਾਂ ਭੈਣ ਚੋਦ ਪੰਜ ਹਜ਼ਾਰ ਨਾਲ਼ ਈ ਪੈੜ 'ਚ ਪੈਰ ਧਰਨ ਲੱਗ ਪਿਆ..? ਉਹਨੂੰ ਪੰਜ-ਦਸ ਹਜ਼ਾਰ ਦੀ ਹੋਰ 'ਚਾਟ' ਸੁੱਟ ਦਿਆਂਗੇ..! ਉਹ ਤਾਂ ਆਪਣੀ ਉਂਗਲ਼ 'ਤੇ ਉਡੂ..! ਤੂੰ ਪਹਿਲਾਂ ਅਮਰੀਕਾ ਆਲ਼ੀ ਕੁੱਤੀ ਨੂੰ ਕਰ ਬੱਤ..! ਇਹ ਤਾਂ ਤੇਰੇ ਹੱਥ ਰਿਜ਼ਰਵ ਬੈਂਕ ਦਾ ਚੈੱਕ ਆਇਐ ਠੇਕੇਦਾਰਾ..! ਇਹਨੂੰ ਜਲਦੀ ਕੈਸ਼ ਕਰਵਾ..! ਹੋਰ ਨਾ ਸਾਲ਼ੇ ਦੀ ਡੇਟ ਲੰਘਜੇ..?

ਕਿਸੇ ਦੀ ਤਿੱਖੀ ਜਿਹੀ ਅਵਾਜ਼ ਨਾਲ਼ ਠੇਕੇਦਾਰ ਦੀ ਸੁਰਤ ਮੁੜੀ!

-"ਰੋਟੀ ਖਾ ਆਉਂਦਾ ਨੱਥਿਆ..!" ਹਰਦੀਪ ਦੀ ਅਵਾਜ਼ ਸੀ।

-"ਰੋਟੀ ਤਾਂ ਸੰਘੋਂ ਹੇਠਾਂ ਨ੍ਹੀ ਹੁੰਦੀ..!" ਠੇਕੇਦਾਰ ਨੇ ਬੜੇ ਦੁਖੀਆਂ ਵਾਂਗ ਕਿਹਾ।

-"ਕੀ ਗੱਲ ਹੋਗੀ..?" ਹਰਦੀਪ ਹੈਰਾਨ ਸੀ।

-"ਔਹ ਜਿਹੜੀ ਅੰਦਰ ਪਈ ਐ, ਉਹ ਬਣੀ ਤਣੀ ਬਲਾਅ ਐ ਆਪਣੇ ਲਈ ਹਰਦੀਪ ਕੁਰੇ..!"

-"ਕਿਉਂ..? ਹੁਣ ਕੀ ਹੋ ਗਿਆ..?" ਹਰਦੀਪ ਦੇ ਪੈਰਾਂ ਹੇਠ ਧਰਤੀ ਥਰਕਣ ਲੱਗ ਪਈ।

-"ਇਹਦੇ ਮਾਂ ਪਿਉ ਆਏ ਸੀ..! ਅੱਜ ਤਾਂ ਮੈਂ ਬਚਾ ਕਰ ਲਿਆ, ਪਰ ਬੱਕਰੇ ਦੀ ਮਾਂ ਕਦੋਂ ਕੁ ਤੱਕ ਸੁੱਖ ਮਨਾਊ ਹਰਦੀਪ ਕੁਰੇ..?"

-"ਕੋਈ ਗੱਲ ਵੀ ਦੱਸ..?"

-"ਜੇ ਇਹਨੇ ਪੁਲ਼ਸ ਮੂਹਰੇ ਜੁਬਾਨ ਖੋਲ੍ਹਤੀ..? ਘੱਟੋ ਘੱਟ ਬਲਾਤਕਾਰ ਦਾ ਕੇਸ ਤਾਂ ਬਣੂੰ ਈ ਬਣੂੰ, ਧੋਖਾ ਧੜ੍ਹੀ ਦੇ ਕੇਸ 'ਚ ਵੀ ਬਲ੍ਹੇਟੇ ਜਾਵਾਂਗੇ..! ਸਾਰੀ ਉਮਰ ਜੇਲ੍ਹ ਦੀਆਂ ਚੱਕੀਆਂ ਪੀਸਦਿਆਂ ਦੀ ਨਿਕਲ਼ਜੂ, ਮੇਰੇ ਤਾਂ ਸਾਹ ਸੰਘ 'ਚ ਅੜਿਆ ਪਿਐ, ਤੂੰ ਗੱਲ ਕਰਦੀ ਐਂ ਫੁਲਕਿਆਂ ਦੀ..?"

-"ਮੈਂ ਤਾਂ ਆਪ ਪਿੱਟਦੀ ਸੀ...!"

-"ਡੁੱਬੀ ਤਾਂ-ਤਾਂ ਜੇ ਸਾਹ ਨਾ ਆਇਆ..! ਮੈਨੂੰ ਕੀ ਪਤਾ ਸੀ ਬਈ ਉਹ ਬਿੱਜੂ ਇਹਨੂੰ ਊਂਈਂ ਪਾੜ ਕੇ ਖਲਪਾੜ੍ਹਾਂ ਕਰਦੂ..? ਇਹਦੀ ਆਹ ਹਾਲਤ ਕਰਦੂ..? ਮੈਨੂੰ ਤਾਂ ਇਉਂ ਸੀ ਬਈ ਜਿਵੇਂ ਅਸੀਂ ਕਦੀ ਕਦਾਈਂ ਧੱਕਾ ਮੁੱਕੀ ਕਰ ਲੈਂਦੇ ਸੀ, ਉਵੇਂ ਉਹ ਕਰੂ..! ਪਰ ਮੈਨੂੰ ਕੀ ਪਤਾ ਸੀ ਸਾਲ਼ਾ ਬਲਡੋਜਰ ਮਾਂਗੂੰ ਮਿੱਧ ਕੇ ਹਸਪਤਾਲ਼ ਪੁਚਾਦੂ..?" ਆਖ ਕੇ ਠੇਕੇਦਾਰ ਪਾੜੇ ਤੋਂ ਬਾਹਰ ਨਿਕਲ਼ ਗਿਆ।

-"ਉਹ ਮੇਰਾ ਸਹੁਰਾ ਝੋਟੀ ਮਾਰਦੇ..! ਇਹ ਤਾਂ ਫੇਰ ਵੀ ਕੁਆਰੀ ਕੁੜੀ ਸੀ..!"

ਹਰਦੀਪ ਦਾ ਦਿਲ ਵੀ ਥਰ-ਥਰ ਕੰਬਣ ਲੱਗ ਪਿਆ।

ਉਸ ਨੂੰ ਉਸ ਦੀ ਬਦਨੀਤੀ ਦਾ ਅਹਿਸਾਸ ਹੋਣ ਲੱਗ ਪਿਆ ਕਿ ਠੇਕੇਦਾਰ ਖਹਿੜਾ ਛੁਡਾਊ ਅਤੇ ਭੱਜੂ ਸੀ।

-"ਮੈਂ ਤੜਕੇ ਦਾ ਇਹੀ ਸੋਚੀ ਜਾਨੈ ਬਈ ਜੇ ਦੋ ਕੇਸ ਬਣਗੇ, ਤਾਂ ਆਪਾਂ ਸਾਰਿਆਂ ਨੇ ਬੱਝੇ ਨੀ ਛੁੱਟਣਾਂ..! ਚੱਲ ਮੇਰੇ ਭਾਈ, ਪਾਈ ਫਿਰੀਂ ਜੇਲ੍ਹ ਦੀ ਬਰਦੀ, ਤੇ ਥੱਪੀ ਚੱਲੀਂ ਪਰੌਂਠੇ ਕੈਦੀਆਂ ਦੇ..! ਕਰੀ ਜਾਈਂ ਪੁਲ਼ਸ ਆਲ਼ਿਆਂ ਨੂੰ ਖ਼ੁਸ਼..! ਉਹ ਤਾਂ ਹੁੰਦੇ ਵੀ ਸਾਲ਼ੇ ਪ੍ਰੇਤਾਂ ਅਰਗੇ ਐ, ਮੀਂਹ ਪਏ ਤੋਂ ਬਾਖਰੂ ਬੋਲਦੇ ਐ..!"

ਹਰਦੀਪ ਦੇ ਸਿਰ ਵਿਚ ਪੀਪਣੀਆਂ ਵੱਜਣ ਲੱਗ ਪਈਆਂ।

-"ਮਾਨੁੱਖੀ ਅਧਿਕਾਰਾਂ ਵਾਲ਼ੇ ਤੇ ਮਹਿਲਾ ਮੰਡਲ਼ ਆਲ਼ੇ ਐਹੋ ਜੇ ਕੇਸਾਂ ਨੂੰ ਇਉਂ ਲੈਂਦੇ ਐ, ਜਿਵੇਂ ਕੁਕੜੀ ਘੰਗਾਰ ਨੂੰ ਪੈਂਦੀ ਐ..!"

-"ਹੁਣ ਕੋਈ ਉਪਾਅ..?" ਹਰਦੀਪ ਨੂੰ ਕਿਸੇ ਪਾਸੇ ਨਿਕਲਣ ਨੂੰ ਵਿਰਲ਼ ਨਹੀਂ ਮਿਲ਼ਦੀ ਸੀ।

-"ਉਪਾਅ ਤਾਂ ਇਹਦਾ ਕੋਈ ਵੱਡਾ ਈ ਸੋਚਣਾਂ ਪਊ..!" ਠੇਕੇਦਾਰ ਨੇ ਉਸ ਦੀ ਰਗ ਨੂੰ ਹੱਥ ਪਾ ਲਿਆ।

-"ਸੋਚਣਾਂ ਫਿਰ ਕੀਹਨੇ ਐਂ..? ਤੂੰ ਈ ਤਾਂ ਸੋਚਣੈਂ ਨੱਥਿਆ..! ਅੱਗੇ ਵੀ ਤੈਨੂੰ ਈ ਅੱਗੇ ਲਾਇਆ ਸੀ-!"

-"ਅੱਗੇ ਲੱਗ ਕੇ ਮੈਂ ਕਿਹੜਾ ਕਿਤੇ ਕੰਮ ਨ੍ਹੀ ਸਿਰੇ ਚਾੜ੍ਹਿਆ...? ਜੇ ਆਬਦਿਆਂ 'ਚ ਕੱਖ ਕੰਡਾ ਨ੍ਹੀ, ਮੈਂ ਕੀ ਕਰਾਂ..? ਪੈਸਾ ਖੋਟਾ ਆਬਦਾ ਬਾਣੀਏਂ ਨੂੰ ਕੀ ਦੋਸ਼..? ਪੈਸਾ ਤਾਂ ਆਬਦਾ ਖੋਟੈ ਹਰਦੀਪ ਕੁਰੇ..! ਇਕ ਸਾਲ਼ਾ ਊਂ ਖਾਲੀ ਕਾਰਤੂਸ ਤੇ ਦੂਜਾ ਤੱਤੇ ਪੈਰਾਂ ਆਲ਼ਾ..! ਚੰਗੀ ਭਲੀ ਕੁੜੀ ਉਲੱਦ ਕੇ ਔਹ ਮਾਰੀ..! ਤੂੰ ਦੱਸ ਬਈ ਬੰਦੇ ਥੱਲੇ ਕਦੇ ਤੀਮੀ ਮਰੀ ਐ..? ਚਾਹੇ ਕਿੱਡਾ ਵੀ ਘੈਂਟ ਹੋਵੇ..? ਗਧਿਆਂ ਹੇਠ ਆਈਆਂ ਅਗਲੀਆਂ ਕੀ ਕਰਨ..? ਦੋਸ਼ ਦੇਈਏ ਤਾਂ ਕੀਹਨੂੰ ਦੇਈਏ..? ਮੈਨੂੰ ਤਾਂ ਡਰ ਲੱਗਦੈ ਕਿਤੇ ਕੋਲਿਆਂ ਦੀ ਦਲਾਲੀ 'ਚ ਮੈਂ ਸਾਧ ਨਾ ਰਗੜਿਆ ਜਾਵਾਂ..? ਨਾ ਕੁਛ ਲੈਣ ਨੂੰ, ਨਾ ਖੱਟਣ ਨੂੰ..! ਸਾਲ਼ੀ ਬਾਧੂ ਦੀ ਮੂੰਹ ਕਾਲ਼ਸ..!"

-"ਹੁਣ ਮੰਝਧਾਰ 'ਚ ਦਗਾ ਨਾ ਦੇਹ ਨੱਥਿਆ..!" ਹਰਦੀਪ ਨੂੰ ਚਾਰ ਚੁਫ਼ੇਰੇ ਹਨ੍ਹੇਰ ਗੁਬਾਰ ਦਿਸਣ ਲੱਗ ਪਿਆ। ਉਸ ਨੂੰ ਠੇਕੇਦਾਰ ਦੀ ਬੇਈਮਾਨੀ ਦਾ ਵੀ ਪਤਾ ਲੱਗ ਗਿਆ ਸੀ। ਪਰ ਹੁਣ ਪਾਣੀ ਦੇ ਮਾਰੇ ਨੂੰ ਪਾਣੀ ਹਰਾ ਕਰਨ ਵਾਂਗ, ਠੇਕੇਦਾਰ ਤੋਂ ਬਿਨਾਂ ਉਹ ਡੱਕੇ ਦੀ ਨਹੀਂ ਸੀ।

-"ਦਗਾ ਦੇਣ ਬਾਰੇ ਤੈਨੂੰ ਕੌਣ ਕਹਿੰਦੈ ਹਰਦੀਪ..? ਆਹੀ ਇਨਾਮ ਦੇਣਾ ਸੀ ਤੂੰ ਮੈਨੂੰ..? ਅੱਜ ਕੱਲ੍ਹ ਭਲੇ ਦਾ ਵੀ ਜਮਾਨਾ ਹੈਨ੍ਹੀ..!" ਉਹ ਚੰਗਾ ਭਲਾ ਤਿਲ੍ਹਕਦਾ ਜਾ ਰਿਹਾ ਸੀ।

-"ਤੂੰ ਦੱਸ ਤਾਂ ਸਹੀ ਬਈ ਤੇਰੀ ਕਿਹੜੀ ਗੱਲ ਮੋੜੀ ਐ..? ਤੇਰਾ ਹਰ ਬੋਲ ਸੱਤ ਕਰਕੇ ਮੰਨਿਐਂ, ਤੂੰ ਤਾਂ ਬਿਨਾ ਗੱਲੋਂ ਉਲਟੀ ਗੰਗਾ ਵਗਾਈ ਜਾਨੈਂ..?" ਹਰਦੀਪ ਦੁਹੱਥੜ ਮਾਰਨ ਵਾਲ਼ੀ ਹੋਈ ਖੜ੍ਹੀ ਸੀ।

-"ਇਹਦੇ ਮਾਂ ਪਿਉ ਨੂੰ ਕੀ ਉੱਤਰ ਦੇਵਾਂਗੇ..? ਤੂੰ ਤਾਂ ਅਮਰੀਕਾ ਜਾ ਵੱਜੇਂਗੀ..? ਵਸਣਾ ਤਾਂ ਸ਼ਰੀਕੇ ਦੇ ਵਿਚ ਅਸੀਂ ਐਂ...!" ਉਹ ਪਲ-ਪਲ ਭਾਰੀ ਪੈਂਦਾ ਜਾ ਰਿਹਾ ਸੀ।

-"ਕੋਈ ਰਾਹ ਵੀ ਪਾਵੇਂ..? ਬਾਧੂ ਜੀਆਂ ਬਾਤਾਂ ਦੀ ਮੈਨੂੰ ਸਮਝ ਨ੍ਹੀ ਪੈਂਦੀ..! ਤੂੰ ਤਾਂ ਬਿਨਾਂ ਗੱਲੋਂ ਲੀਹੋਂ ਲਹਿੰਦਾ ਜਾਨੈਂ..?"

-"ਸੌ ਸਿਆਣੇ ਇੱਕੋ ਮੱਤ..! ਗੱਲ ਸੁਣ ਮੇਰੀ ਧਿਆਨ ਨਾਲ਼..! ਨੇੜੇ ਆ ਜਾਹ..!"

ਹਰਦੀਪ ਨੇੜੇ ਆ ਗਈ। ਉਸ ਦਾ ਸਾਰਾ ਸਰੀਰ ਮੁੜ੍ਹਕੇ ਨਾਲ਼ ਭਿੱਜ ਗਿਆ ਸੀ।

-"ਜੇ ਗੱਲ ਪੁਲ਼ਸ ਹੱਥ ਆ ਗਈ, ਅਗਲਿਆਂ ਨੇ ਭੱਜਿਆਂ ਨੂੰ ਜਾਣ ਨ੍ਹੀ ਦੇਣਾਂ, ਆਬਦਾ ਪੜ੍ਹਿਆ ਵਿਚਾਰ ਲੈ..! ਇਹ ਅਮਰੀਕਾ ਆਲ਼ੀ ਪੁਲ਼ਸ ਤਾਂ ਹੈਨ੍ਹੀ..! ਇਹ ਤਾਂ ਕੀ ਬੰਦਾ, ਕੀ ਬੁੜ੍ਹੀ, ਮੂਧਾ ਪਾਉਣ ਲੱਗੇ ਮਿੰਟ ਨ੍ਹੀ ਲਾਉਂਦੇ..! ਜਿਹੜੀ ਸ਼ਰੀਕੇ ਕਬੀਲੇ ਮਿੱਟੀ ਪੱਟੀ ਜਾਊ, ਉਹ ਵੱਖਰੀ..!"

-"ਹੁਣ ਕੁਛ ਪੱਲੇ ਵੀ ਪਵੇਂਗਾ ਜੱਗੋਂ ਜਾਣਿਆਂ..?" ਉਹ ਬੜੀ ਕਸੂਤੀ ਫ਼ਸੀ ਮਹਿਸੂਸ ਕਰ ਰਹੀ ਸੀ।

-"ਜਿੰਨਾਂ ਚਿਰ ਇਹਦਾ ਘੋਗਾ ਚਿੱਤ ਨ੍ਹੀ ਕਰਵਾਉਂਦੇ, ਇਹ ਗੱਲ ਦੱਬੀ ਨ੍ਹੀ ਜਾਣੀਂ..! ਇਹਦੇ ਆਲ਼ੀ ਬੋਤੀ ਬੋਹੜ ਥੱਲੇ ਬੰਨ੍ਹਣੀਂ ਪਊ..!" ਸੱਚੀ ਆਖ ਕੇ ਠੇਕੇਦਾਰ ਨੇ ਉਸ ਦਾ ਚਿਹਰਾ ਨਿਹਾਰਿਆ। ਠੇਕੇਦਾਰ ਦਾ ਆਪਣਾ ਚਿਹਰਾ ਵੀ ਪੱਥਰ ਹੋਇਆ ਪਿਆ ਸੀ।

-"ਕਤਲ..!" ਹਰਦੀਪ ਨੂੰ ਚੱਕਰ ਆਇਆ। ਉਸ ਦੇ ਚਿਹਰੇ 'ਤੇ ਹਵਾਈਆਂ ਉੱਡ ਰਹੀਆਂ ਸਨ।

-"ਆਹੋ..! ਕਤਲ ਕਿਹੜਾ ਆਪਾਂ ਕਰਨੈਂ..? ਕਿਸੇ ਨਰਸ ਨੂੰ ਦੇਵਾਂਗੇ ਦੋ ਚਾਰ ਲੱਖ, ਬੇੜਾ ਪਾਰ..! ਨਾ ਆਪਣੀ ਹਿੰਗ ਲੱਗੇ, ਨਾ ਫਟਕੜੀ..! ਕੰਮ ਫ਼ਤਹਿ!"

ਹਰਦੀਪ ਬੇਹੋਸ਼ ਹੋ ਕੇ ਡਿੱਗ ਪਈ।

ਠੇਕੇਦਾਰ ਪਾਣੀ ਦਾ ਗਿਲਾਸ ਭਰ ਕੇ ਲਿਆਇਆ। ਸਹਾਰਾ ਦੇ ਕੇ ਹਰਦੀਪ ਦੇ ਮੂੰਹ 'ਤੇ ਛਿੱਟੇ ਮਾਰੇ। ਪਰਨੇ ਨਾਲ਼ ਹਵਾ ਝੱਲੀ ਗਈ। ਉਹ ਕੁਝ ਕੁ ਸੁਰਤ ਫੜ ਗਈ।

-"ਬੇਸੁਰਤ ਹੋਣ ਨਾਲ਼ ਕੁਛ ਨੀ ਬਣਨਾ..! ਦਿਲ ਕਰੜਾ ਕਰਕੇ ਨਾਲ਼ ਵਗੇਂਗੀ, ਤਾਂ ਖਹਿੜ੍ਹਾ ਛੁੱਟੂ..! ਨਹੀਂ ਤੇਰੇ ਅਰਗੀ ਥੋੜ ਦਿਲੀ ਦੂਜਿਆਂ ਨੂੰ ਵੀ ਨਰੜਾ ਧਰਦੀ ਐ..!"

ਹਰਦੀਪ ਸਿਲ਼ ਪੱਥਰ ਹੋਈ ਬੈਠੀ ਸੀ।

ਠੇਕੇਦਾਰ ਉਸ ਨੂੰ ਪਰਨੇਂ ਦੀ ਝੱਲ ਮਾਰੀ ਜਾ ਰਿਹਾ ਸੀ।

-"ਜੇ ਤਾਂ ਕਰ ਸਕਦੀ ਐਂ ਖਰਚਾ ਬਰਚਾ..? ਤਾਂ-ਤਾਂ ਆਪਾਂ ਨੂੰ ਕੱਖ ਨ੍ਹੀ ਹੋਣ ਲੱਗਿਆ..! ਤੇ ਜੇ ਇਉਂ ਈ ਖੇਖਣ ਕਰ ਕਰ ਦਿਖਾਈ ਜਾਵੇਂਗੀ, ਆਟੇ ਨਾਲ਼ ਘੁਣ ਵੀ ਨ੍ਹੀ ਬਚਣਾਂ..! ਤੇਰੇ ਨਾਲ਼ ਅਸੀਂ ਵੀ ਰਗੜੇ ਜਾਵਾਂਗੇ..!"

-"ਨੱਥਿਆ..! ਤੂੰ ਐਡਾ ਪੱਥਰ ਦਿਲ ਕਿਉਂ ਐਂ?" ਉਸ ਨੇ ਅੱਧ-ਬੇਹੋਸ਼ੀ ਦੀ ਹਾਲਤ ਵਿਚ ਆਖਿਆ।

-"ਵਕਤ ਬੰਦੇ ਨੂੰ ਬਣਾਂ ਦਿੰਦੈ..! ਲੋਕ ਸੱਪ ਨੂੰ ਕਿਉਂ ਮਾਰਦੇ ਐ..? ਬਈ ਸਾਲ਼ਾ ਕਿਤੇ ਸਾਨੂੰ ਨਾ ਰਾੜ੍ਹ ਜਾਵੇ..! ਮਾਰਦੇ ਐ ਨ੍ਹਾਂ..?"

ਹਰਦੀਪ ਨੇ 'ਹਾਂ' ਵਿਚ ਸਿਰ ਹਿਲਾਇਆ।

-"ਤੇ ਹੁਣ ਸਮਝਲਾ ਬਈ ਆਪਣੇ ਮੰਜੇ 'ਤੇ ਵੀ ਸੱਪ ਚੜ੍ਹ ਆਇਆ, ਦੱਸ ਕੀ ਕਰੇਂਗੀ..? ਮਰਦਾ ਬੰਦਾ ਸੌ ਅੱਕ ਚੱਬਦੈ..! ਗਾਉਣ ਆਲ਼ੇ ਗਾਉਂਦੇ ਹੁੰਦੇ ਐ, ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ਼ ਲਾਈਆਂ..! ਹੋਰ ਅਗਲੀ ਨੂੰ ਬਦਨਾਮੀ ਦਾ ਚਾਅ ਨ੍ਹੀ ਹੁੰਦਾ..!"

ਹਰਦੀਪ ਉਠ ਕੇ ਬੈਠ ਗਈ।

-"ਗੱਲਾਂ ਹੁਣ ਤੇਰੇ ਸਾਹਮਣੇਂ ਦੋ ਐ..! ਜਾਂ ਤਾਂ ਟਾਂਡਿਆਂ ਆਲ਼ੀ ਤੇ ਜਾਂ ਭਾਂਡਿਆਂ ਆਲ਼ੀ..!"

-"......!"

-"ਜਾਂ ਤਾਂ ਇਹ ਨ੍ਹੀ ਤੇ ਜਾਂ ਆਪਾਂ ਨ੍ਹੀ..! ਆਪਾਂ ਨੂੰ ਇਕ ਧਿਰ ਦੀ ਬਲੀ ਚਾੜ੍ਹਨੀ ਪੈਣੀਂ ਐਂ..! ਫ਼ੈਸਲਾ ਹਰਦੀਪ ਕੁਰੇ ਤੇਰੇ ਆਬਦੇ ਹੱਥ ਐ..!"

-"ਤੇਰਾ ਮਨ ਕੀ ਕਹਿੰਦੈ..?" ਹਰਦੀਪ ਜਿਵੇਂ ਭੋਰੇ 'ਚੋਂ ਬੋਲੀ ਸੀ।

-"ਡਾਕਟਰ ਨਾਲ਼ ਮੇਰੀ ਬੁੱਕਲ਼ ਖੁੱਲ੍ਹੀ ਐ, ਉਹਨੇ ਮਾਰ ਕੇ ਮੁਸ਼ਕ ਵੀ ਨ੍ਹੀ ਕੱਢਣਾ..! ਰਾਤ ਨੂੰ ਚੱਕ ਕੇ ਪਿੰਡ ਲੈ ਚੱਲਾਂਗੇ, ਤੇ ਰੱਬ ਤੇਰਾ ਭਲਾ ਕਰੇ, ਸਵੇਰ ਤੱਕ ਸਸਕਾਰ ਕਰ ਦਿਆਂਗੇ..! ਕੰਮ ਖ਼ਤਮ..! ਨਾ ਰਹੂਗਾ ਬਾਂਸ ਤੇ ਨਾ ਵੱਜੂਗੀ ਬੰਸਰੀ..! ਤੂੰ ਗੀਤ ਨੂੰ ਲੈ ਕੇ ਅਮਰੀਕਾ ਜਾ ਵੱਜੀਂ...! ਐਸ਼ਾਂ ਕਰੀਂ ਬੁੱਲੇ ਵੱਢੀਂ..!"

-"ਦੇਖ ਲੈ ਜਿਵੇਂ ਤੇਰਾ ਚਿੱਤ ਕਹਿੰਦੈ..! ਪਰ ਮੇਰਾ ਮਨ ਨ੍ਹੀ ਮੰਨਦਾ, ਕਿਸੇ ਨਿਰਦੋਸ਼ ਦੀ ਜਾਨ ਲੈਣੀਂ ਤਾਂ ਪਾਪ ਐ ਨੱਥਿਆ..!"

-"ਜੇ ਤੇਰਾ ਸਾਰਾ ਟੱਬਰ ਅੰਦਰ ਦੇਤਾ, ਫੇਰ ਪੁੰਨ ਹੋਜੂ..? ਨਾ ਫੇਰ ਸਰਾਧ ਹੋ ਜਾਣਗੇ..? ਤਾਂ ਹੀ ਤਾਂ ਸਿਆਣੇਂ ਕਹਿੰਦੇ ਐ ਬਈ ਥੋਨੂੰ ਮੱਤ ਨ੍ਹੀ ਹੁੰਦੀ..? ਮੇਰੀ ਮੰਨ..! ਕਿਸੇ ਕਾਲ਼ੇ ਚੋਰ ਨੂੰ ਖ਼ਬਰ ਨ੍ਹੀ ਹੋਊਗੀ..! ਇਕ ਤੈਨੂੰ ਤੇ ਇਕ ਮੈਨੂੰ ਪਤੈ, ਲਾਸ਼ ਨੇ ਤਾਂ ਬੋਲਣਾਂ ਈ ਕੀ ਐ..? ਡਾਕਟਰ ਤਾਂ ਆਪ ਚੋਰ ਹੋਊ, ਉਹਨੇ ਤਾਂ ਭੇਤ ਕੱਢਣਾਂ ਈ ਕੀ ਐ..? ਡਾਕਟਰੀ ਰਿਪੋਟ 'ਚ ਜੋ ਕਹੇਂ ਆਪਾਂ ਲਿਖਵਾ ਲਵਾਂਗੇ! ਇਹ ਮੇਰਾ ਕੰਮ ਐਂ..! ਡਾਕਟਰੀ ਰਿਪੋਟ ਤੋਂ ਉਤੇ ਤਾਂ ਨ੍ਹੀ ਕੋਈ ਚੀਜ..? ਬੱਸ ਤੈਨੂੰ ਪੈਸੇ ਧੇਲੇ ਦਾ ਪ੍ਰਬੰਧ ਕਰਨਾ ਪਊ..! ਬਾਕੀ ਮੇਰਾ ਜਿੰਮਾਂ..!"

-"ਕਿੰਨੇ ਕੁ ਨਾਲ਼ ਸਰਜੂ..?"

-"ਪੰਜ ਸੱਤ ਤਾਂ ਲੱਗ ਈ ਜਾਊ..! ਜੇ ਕੇਸ ਬਣ ਗਿਆ, ਪੰਜ ਸੱਤ ਤਾਂ ਫੇਰ ਵੀ ਲੱਗੂ..? ਪੈਂਦ ਪੈਜਾ ਚਾਹੇ ਸਿਰ੍ਹਾਣੇਂ ਪੈਜਾ, ਚਿੱਤੜ ਬਰਾਬਰ ਆਉਣਗੇ..! ਖਰਚਾ ਓਡੋ ਕੈਡ ਤੇ ਕੈਦ ਬਾਧੂ ਦੀ..!" ਦਲੀਲਾਂ ਦੇ-ਦੇ ਕੇ ਠੇਕੇਦਾਰ ਨੇ ਹਰਦੀਪ ਨੂੰ ਇਕ ਤਰ੍ਹਾਂ ਨਾਲ਼ ਪ੍ਰੈੱਸ ਕਰ ਦਿੱਤਾ। ਉਸ ਦੇ ਸਾਰੇ ਵਲ਼-ਛਲ਼ ਕੱਢ ਮਾਰੇ। ਉਹ ਉਸ ਨੂੰ ਦਲੀਲਾਂ ਦਾ ਨਿਆਣਾਂ ਮਾਰ ਕੇ ਥਾਂ 'ਤੇ ਹੀ ਸੁੱਟੀ ਬੈਠਾ ਸੀ।

ਹਰਦੀਪ ਨੂੰ ਮਹਿਸੂਸ ਹੋਇਆ ਕਿ ਠੇਕੇਦਾਰ ਬੁਰੀ ਤਰ੍ਹਾਂ ਮੇਰੇ ਪੈਸੇ ਨੂੰ ਚਿੰਬੜਿਆ ਹੋਇਆ ਹੈ ਅਤੇ ਢੰਗ ਨਾਲ਼ ਭੋਰ ਭੋਰ ਛਕ ਵੀ ਰਿਹਾ ਹੈ। ਸ਼ੁਰੂ ਤੋਂ ਹੀ ਇਹ ਕੋਈ ਨਾ ਕੋਈ ਸਕੀਮ ਸਿਰਫ਼ ਅਤੇ ਸਿਰਫ਼ ਪੈਸਾ ਦਬੋਚਣ ਲਈ ਹੀ ਘੜ੍ਹ ਰਿਹਾ ਸੀ। ਘਰ ਦਾ ਭੇਤੀ ਬਣ ਕੇ ਉਹ ਲੰਕਾ ਢਾਹ ਰਿਹਾ ਸੀ। ਪਰ ਹੁਣ ਉਹ ਖ਼ਤਰਨਾਕ ਸਥਿਤੀ ਵਿਚ ਸੀ। ਜੇ ਆਕੀ ਹੋ ਕੇ ਕੁਝ ਬੋਲਦੀ ਸੀ, ਤਾਂ ਠੇਕੇਦਾਰ ਨੇ ਝੱਗਾ ਚੁੱਕ ਕੇ ਤਿੱਤਰ ਹੋ ਜਾਣਾ ਸੀ। ਹੋ ਸਕਦਾ ਹੈ ਕਮੀਨਾ ਵਾਅਦਾ ਮੁਆਫ਼ ਗਵਾਹ ਬਣ ਕੇ ਸਾਨੂੰ ਜਿੰਦਗੀ ਭਰ ਲਈ ਨਰੜਾ ਹੀ ਦੇਵੇ ਤੇ ਕੋਠੀ ਜ਼ਮੀਨ 'ਤੇ ਵੀ ਕਬਜਾ ਜਮਾ ਲਵੇ? ਜੀਤ ਤਾਂ ਇਹਤੋਂ ਇਉਂ ਚੱਲਦੈ, ਜਿਵੇਂ ਤੀਰੋਂ ਕਾਂ..? ਇਹ ਤਾਂ ਤੇਰੀ ਸਾਰੀ ਜਾਇਦਾਦ ਨੂੰ ਜੱਫ਼ਾ ਮਾਰੂ ਹਰਦੀਪ..! ਤੂੰ ਗਿੱਦੜਮਾਰ ਬੰਦੇ ਦੀਆਂ ਸਿਆਸਤਾਂ ਵਿਚ ਬੁਰੀ ਤਰ੍ਹਾਂ ਫ਼ਸ ਗਈ ਐਂ, ਆਬਦਾ ਬਚਾ ਕਰ..! ਇਹਦਾ ਬੇਈਮਾਨ ਬੰਦੇ ਦਾ ਕੋਈ ਵਿਸ਼ਵਾਸ ਨਹੀਂ..! ਹਰਦੀਪ ਕੌਰੇ, ਆਹ ਖੁੱਭੀ ਕੱਢ ਤੇ ਮੁੜ ਕੇ ਇਹਨੂੰ ਟੇਕ ਮੱਥਾ..! ਜਾਨ ਬਚੀ ਲਾਖੋਂ ਪਾਏ..! ਜਿਵੇਂ ਕਹਿੰਦਾ ਹੈ ਕਰ ਲੈ..! ਇਹਦੇ ਨਾਲ਼ ਵਿਗੜ ਕੇ ਘਾਟਾ ਹੀ ਘਾਟਾ..! ਜੇ ਇਹਤੋਂ ਬਾਗੀ ਹੋਵੇਂਗੀ, ਤੇਰੇ ਪ੍ਰੀਵਾਰ ਦੀ ਤਬਾਹੀ ਅਵੱਸ਼ ਹੈ..! ਠੇਕੇਦਾਰ ਕੋਈ ਮਗਰਮੱਛ ਐ, ਜਿਸ ਨੇ ਸਾਰਾ ਟੱਬਰ ਸੜ੍ਹਾਕ ਕੇ ਵੀ ਡਕਾਰ੍ਹ ਨਹੀਂ ਮਾਰਨਾ..। ਐਹੋ ਜਿਹੇ ਬੇਈਮਾਨ ਅਤੇ ਅਕ੍ਰਿਤਘਣ ਬੰਦਿਆਂ ਤੋਂ ਤਾਂ ਰੱਬ ਬਚਾਵੇ..! ਜੇ ਤੇਰੇ ਦੋਵੇਂ ਪੁੱਤ ਅੰਦਰ ਹੋ ਗਏ, ਕੀ ਖੱਟਿਆ ਤੂੰ ਆਪਣੀ ਜ਼ਿੰਦਗੀ 'ਚ..? ਪਤੀ ਪ੍ਰਮੇਸ਼ਰ ਵਿਚਾਰਾ ਅਧਰੰਗ ਦਾ ਮਾਰਿਆ ਮੰਜੇ 'ਤੇ ਬੈਠੈ..! ਕੀ ਹੱਥ-ਪੜੱਥੀ ਕਰ ਲਊ ਉਹ..? ਬਥੇਰੀ ਕਮਾਈ ਕੀਤੀ ਜਿਉਣ ਜੋਕਰੇ ਨੇ..! ਬਥੇਰੀਆਂ ਰਾਤਾਂ ਝਾਕੀਆਂ..! ਪਰ ਤੂੰ ਕੀ ਕੀਤਾ..? ਤੂੰ ਐਹਨਾਂ ਬੇਈਮਾਨਾਂ ਲਈ ਕਮਾਉਂਦੀ ਜਾਂ ਜੋੜਦੀ ਰਹੀ..? ਉਸ ਨੂੰ ਦਿਲ ਦਾ ਦੌਰਾ ਪੈਣ ਵਾਲ਼ਾ ਹੋਇਆ ਪਿਆ ਸੀ।

-"ਕੀ ਸੋਚਣ ਲੱਗ ਪਈ..? ਸਿਆਣੇ ਆਖਦੇ ਐ, ਸੋਚੀਂ ਪਿਆ ਤੇ ਬੰਦਾ ਗਿਆ..! ਸੋਚਣ ਦਾ ਸਮਾਂ ਨ੍ਹੀ ਹਰਦੀਪ ਕੁਰੇ..! ਕੁਛ ਕਰਨ ਦਾ ਐ..! ਜੇ ਚੱਲਾਂਗੇ, ਤਾਂ ਹੀ ਪਹੁੰਚਾਂਗੇ!"

-"ਅੱਗੇ ਵੀ ਤੈਨੂੰ ਕਿਹਾ ਸੀ ਨੱਥਿਆ..! ਬਈ ਤੇਰਾ ਅੱਗਾ ਤੇ ਮੇਰਾ ਪਿੱਛਾ..! ਜੋ ਮਰਜੀ ਐ ਕਰ..!" ਉਸ ਨੇ ਅੰਦਰੋਂ ਕਿਰੀ ਨੇ ਹਥਿਆਰ ਸੁੱਟ ਦਿੱਤੇ।

-"ਕਰ ਤਾਂ ਮੈਂ 'ਕੱਲਾ ਈ ਬਥੇਰਾ ਕੁਛ ਲਵਾਂ..! ਪਰ ਮੈਂ ਮਾਰ ਨਾਅਵੇਂ ਵੱਲੋਂ ਖਾਨੈਂ..!"

-"ਕਿੰਨੇ ਕੁ ਚਾਹੀਦੇ ਐ..?" ਉਸ ਨੇ ਇਕ ਜਵਾਬ ਹੀ ਲੈਣਾਂ ਚਾਹਿਆ। ਠੇਕੇਦਾਰ ਦੀਆਂ ਲਿੱਚ-ਗੜਿੱਚੀਆਂ ਨੇ ਉਸ ਨੂੰ ਪਾਗਲ ਕੀਤਾ ਹੋਇਆ ਸੀ।

-"ਪੰਜ ਕੁ ਤਾਂ ਫੜਾ..! ਤਰਦਾ ਤਰਦਾ ਖਰਚਾ ਤਾਂ ਸਾਂਭੀਏ..!"

-"ਤੂੰ ਸਾਰਾ ਬੰਨ੍ਹ ਸੁੱਬ ਕਰ..! ਮੈਂ ਘੰਟੇ ਕੁ ਤੱਕ ਪੈਸੇ ਲੈ ਕੇ ਆਈ..!" ਉਹ ਉਠ ਕੇ ਖੜ੍ਹੀ ਹੋ ਗਈ।

-"ਇਕ ਗੱਲ ਹੋਰ ਵੀ ਸੁਣਲੈ..! ਭੱਜੀ ਕਾਹਤੋਂ ਜਾਨੀ ਐਂ..?"

-"ਦੱਸ..?" ਫ਼ਸੀ ਅੱਜ ਉਹ ਕੋਈ ਵੀ ਮਾਰ ਖਾ ਸਕਦੀ ਸੀ।

-"ਕਿੰਨੀ ਉਮਰ ਹੋ ਗਈ ਐ ਤੇਰੀ..?" ਉਸ ਨੇ ਆਸਾ ਪਾਸਾ ਨਿਰਖ ਕੇ ਪੁੱਛਿਆ।

-"ਸੱਠਾਂ ਦੀ ਐਂ, ਕਿਉਂ..?"

-"ਅੱਜ ਰਾਤ ਨੂੰ ਆਪਾਂ ਆਹ ਕੰਮ ਤਾਂ ਕਰਵਾ ਈ ਦੇਣੈਂ..! ਜੁਆਨੀ ਵੇਲ਼ੇ ਤਾਂ ਤੂੰ ਅਮਰੀਕਾ ਦੀ ਧੌਂਸ 'ਚ ਕਦੇ ਨੇੜੇ ਨ੍ਹੀ ਸੀ ਖੰਘਣ ਦਿੱਤਾ, ਅੱਜ ਵਰਤ ਈ ਤੋੜ ਲਈਏ..? ਕਿੰਨੇ ਦਿਨ ਹੋਗੇ ਤੇਰੀ ਸੇਵਾ 'ਚ ਹਾਜ਼ਰ ਹੋਏ ਨੂੰ..! ਤੂੰ ਕਦੇ ਬਾਤ ਨ੍ਹੀ ਪੁੱਛੀ..! ਜੇ ਸੱਠਾਂ ਦੀ ਹੋ ਗਈ, ਫੇਰ ਕੀ ਲੋਹੜ੍ਹਾ ਆ ਗਿਆ? ਅਮਰੀਕਾ 'ਚ ਜਾ ਕੇ ਤੇਰਾ ਕੁਛ ਨ੍ਹੀ ਵਿਗੜਿਆ..! ਬੜੀ ਸੋਹਣੀ ਪਈ ਐਂ!" ਠੇਕੇਦਾਰ ਆਪਣੀ ਜੱਦੀ ਕਰਤੂਤ 'ਤੇ ਆ ਖੜ੍ਹਾ ਸੀ। ਜ਼ਿੰਦਗੀ ਵਿਚ ਤੀਵੀਂ ਉਸ ਦੀ ਕਮਜ਼ੋਰੀ ਰਹੀ ਸੀ। ਜੁਆਨੀ ਵੇਲੇ ਉਸ ਨੇ ਹਰਦੀਪ ਦੁਆਲ਼ੇ ਬੜੇ ਕੱਟੇ ਵੱਛੇ ਬੰਨ੍ਹੇ। ਪਰ ਹਰਦੀਪ ਨੇ ਉਸ ਨੂੰ ਨੇੜੇ ਨਾ ਖੜ੍ਹਨ ਦਿੱਤਾ। ਅੱਜ ਠੇਕੇਦਾਰ ਜਾੜ੍ਹ ਹੇਠ ਆਈ ਰਿਊੜੀ ਨੂੰ ਕੜਾਕਾ ਪਾਉਣਾਂ ਚਾਹੁੰਦਾ ਸੀ। ਉਸ ਦੀ ਆਕੜ ਭੰਨਣੀਂ ਚਾਹੁੰਦਾ ਸੀ।

-"ਨੱਥਿਆ..! ਫ਼ਸੀ ਨੂੰ ਫ਼ਟਕਣ ਕਾਹਦਾ..? ਤੇਰੇ ਹੱਥ ਮੇਰੀ ਰਗ ਆਈ ਹੋਈ ਐ, ਲਾਹ ਲੈ ਚਾਅ..!" ਉਹ ਦਿਲੋਂ ਅਥਾਹ ਦੁਖੀ ਬੈਂਕ ਨੂੰ ਤੁਰ ਗਈ।

-"ਇਕ ਤੇਰੀ ਅੜ ਭੰਨਣੀ ਲੱਸੀ ਪੀਣ ਦਾ ਸ਼ੌਕ ਨਾ ਕੋਈ..! ਤੇਰੇ ਅਰਗੀਆਂ ਤਾਂ ਅਸੀਂ ਪੈਰ ਦੇ ਪੱਬ ਨਾਲ਼ ਪੀਹ ਦੇਈਏ ਹਰਦੀਪ ਕੁਰੇ..! ਤੂੰ ਅਜੇ ਠੇਕੇਦਾਰ ਦਾ ਦੇਖਿਆ ਈ ਕੀ ਐ? ਸਾਡਾ ਕੋਈ ਕੰਜਰ ਮੂਤ ਨੀ ਉਲੰਘਦਾ..!" ਠੇਕੇਦਾਰ ਨੇ ਜਾੜ੍ਹ ਘੁੱਟ ਕੇ ਮੂੰਹ ਵਿਚ ਹੀ ਆਖਿਆ।

ਉਹ ਡਾਕਟਰ ਕੋਲ਼ ਚਲਾ ਗਿਆ।

ਡਾਕਟਰ ਜਿਵੇਂ ਉਸ ਦੀ ਹੀ ਉਡੀਕ ਕਰ ਰਿਹਾ ਸੀ।

ਗੱਲ ਤਾਂ ਸ਼ਾਇਦ ਉਹਨਾਂ ਦੀ ਪਹਿਲਾਂ ਹੀ ਹੋ ਚੁੱਕੀ ਸੀ।

ਬੱਸ ਹੁਣ ਆਖਰੀ ਅੰਜ਼ਾਮ ਦੇਣ ਦੀ ਹੀ ਜ਼ਰੂਰਤ ਸੀ....।

## ਕਾਂਡ 6

ਸਵੇਰ ਦੇ ਛੇ ਵਜੇ ਸਨ।

ਅਜੇ ਮੂੰਹ ਹਨ੍ਹੇਰਾ ਹੀ ਸੀ।

ਅੱਜ ਗੁਰਮੇਲ ਕੌਰ ਦੀ ਅੱਖ ਸਵੇਰੇ ਤਿੰਨ ਵਜੇ ਹੀ ਖੁੱਲ੍ਹ ਗਈ ਸੀ। ਰਾਤ ਬਾਰਾਂ ਵਜੇ ਤੱਕ ਨੀਂਦ ਨਹੀਂ ਆਈ ਸੀ। ਸਾਰੀ ਰਾਤ ਅੱਚਵੀ ਜਿਹੀ ਲੱਗੀ ਹੋਈ ਸੀ। ਇਕਲੌਤੀ ਧੀ ਜਿਉਂ ਹਸਪਤਾਲ਼ ਪਈ ਸੀ। ਉਹ ਸਾਰੀ ਰਾਤ ਰੱਬ ਅੱਗੇ ਅਰਦਾਸਾਂ ਕਰਦੀ ਰਹੀ ਸੀ। ਜੰਗੀਰ ਦੋ ਕਰੜੇ ਪੈੱਗ ਲਾ ਕੇ ਸੌਂ ਗਿਆ ਸੀ। ਪਰ ਗੁਰਮੇਲ ਕੌਰ ਨੂੰ ਅੱਧੀ ਰਾਤ ਤੱਕ ਨੀਂਦ ਨਹੀਂ ਪਈ ਸੀ। ਜਦੋਂ ਉਸ ਦੀ ਅੱਖ ਲੱਗਦੀ, ਫ਼ੱਟੜ ਹੋਈ ਪ੍ਰੀਤ ਜਿਵੇਂ ਕੁਰਲਾ ਕੇ ਉਸ ਨੂੰ ਅਵਾਜ਼ਾਂ ਮਾਰਦੀ। ਉਹ ਉਭੜਵਾਹੇ ਉਠਦੀ। ਪਰ ਜਦੋਂ ਉਸ ਨੂੰ ਕੋਈ ਨਜ਼ਰ ਨਾ ਆਉਂਦਾ ਤਾਂ ਉਹ 'ਵਾਹਿਗੁਰੂ' ਆਖ ਕੇ ਫਿਰ ਪੈ ਜਾਂਦੀ।

ਉਸ ਨੇ ਉਠ ਕੇ ਚਾਹ ਬਣਾਈ। ਚਾਹ ਪੀਣ ਨੂੰ ਉਸ ਦਾ ਮਨ ਤਾਂ ਨਹੀਂ ਮੰਨਦਾ ਸੀ। ਪਰ ਉਸ ਨੇ ਧੱਕੇ ਨਾਲ਼ ਇਕ ਗਿਲਾਸ ਚਾਹ ਦਾ ਪੀ ਲਿਆ। ਪਿਛਲੀ ਰਾਤ ਉਸ ਨੇ ਰੋਟੀ ਦੀ ਬੁਰਕੀ ਵੀ ਨਹੀਂ ਖਾਧੀ ਸੀ। ਉਸ ਦਾ ਮਨ ਭਰਿਆ-ਭਰਿਆ ਪਿਆ ਸੀ। ਦਿਲ ਨਹੀਂ ਲੱਗਦਾ ਸੀ। ਉਸ ਦਾ ਮੱਥਾ ਜੋਰ ਜੋਰ ਨਾਲ਼ ਠਣਕੀ ਜਾ ਰਿਹਾ ਸੀ ਅਤੇ ਸੱਜੀ ਅੱਖ ਸਵੇਰ ਦੀ ਫ਼ਰਕੀ ਜਾ ਰਹੀ ਸੀ। ਅਜੇ ਉਸ ਨੇ ਵਿਹੜਾ ਹੀ ਸੁੰਭਰਨਾਂ ਸ਼ੁਰੂ ਕੀਤਾ ਸੀ ਕਿ ਕਿਸੇ ਦੀ ਅਵਾਜ਼ ਆਈ। ਉਸ ਨੇ ਬਹੁਕਰ ਰੋਕ ਕੇ ਬੜੀ ਗਹੁ ਨਾਲ਼ ਸੁਣਿਆਂ! ਸ਼ਾਇਦ ਉਸ ਨੂੰ ਭੁਲੇਖਾ ਲੱਗਿਆ ਸੀ..? ਅਜਿਹੇ ਭੁਲੇਖੇ ਤਾਂ ਉਸ ਨੂੰ ਕੱਲ੍ਹ ਦੇ ਹੀ ਪਈ ਜਾ ਰਹੇ ਸਨ।

-"ਜੰਗੀਰ ਸਿਆਂ..!" ਸੱਚੀ ਹੀ ਕੋਈ ਅਵਾਜ਼ਾਂ ਮਾਰ ਰਿਹਾ ਸੀ।

-"ਵੇ ਭਾਈ ਕੌਣ ਐਂ..?" ਗੁਰਮੇਲ ਕੌਰ ਨੇ ਪੁੱਛਿਆ।

-"ਭਾਈ ਬਾਰ ਤਾਂ ਖੋਲ੍ਹੋ..! ਇਕ ਸੁਨੇਹਾਂ ਲੈ ਕੇ ਆਇਐਂ...!" ਜੋਰ ਨਾਲ਼ ਪਹਿਚਾਨਣ 'ਤੇ ਵੀ ਉਸ ਨੂੰ ਪਹਿਚਾਣ ਨਾ ਆਈ। ਬਾਹਰਲੀ ਅਵਾਜ਼ ਕੋਈ ਓਪਰੀ ਸੀ।

ਘਾਬਰੀ ਗੁਰਮੇਲ ਕੌਰ ਨੇ ਜੰਗੀਰ ਨੂੰ ਜਾ ਜਗਾਇਆ।

ਉਸ ਨੇ ਸਿਰ 'ਤੇ ਪਰਨਾਂ ਲਪੇਟਦਿਆਂ ਦਰਵਾਜਾ ਜਾ ਖੋਲ੍ਹਿਆ।

ਕੋਈ ਸੁਨੇਹਾਂ ਦੇ ਕੇ ਪਿਛਲੇ ਪੈਰੀਂ ਹੀ ਮੁੜ ਗਿਆ। ਪਰ ਜੰਗੀਰ ਸਿਉਂ ਦਰਵਾਜੇ ਵਿਚ ਹੀ ਬੁੱਤ ਬਣਿਆਂ ਖੜ੍ਹਾ ਸੀ।

-"ਕੀ ਹੋ ਗਿਆ..? ਵੇ ਕੀ ਹੋ ਗਿਆ, ਤੂੰ ਚੁੱਪ ਜਿਆ ਕਾਹਤੋਂ ਕਰ ਗਿਆ..?" ਗੁਰਮੇਲ ਕੌਰ ਕਾਲ਼ਜੇ ਦੀ ਚੀਸ ਨੂੰ ਦੱਬੀ ਖੜ੍ਹੀ ਸੀ। ਉਸ ਦਾ ਮੱਥਾ ਤਾਂ ਵੱਡੇ ਤੜਕੇ ਦਾ ਹੀ ਠਣਕੀ ਜਾ ਰਿਹਾ ਸੀ। ਪਰ ਉਸ ਦਾ ਡੋਲਿਆ ਮਨ ਕੋਈ ਸੱਚ ਜਾਨਣ ਤੋਂ ਇਨਕਾਰੀ ਸੀ। ਜੰਗੀਰ ਡੁੰਨ ਬਣਿਆਂ ਖੜ੍ਹਾ ਉਸ ਵੱਲ ਸਿੱਧਾ ਸਲੋਟ ਝਾਕ ਰਿਹਾ ਸੀ। ਉਸ ਦੀਆਂ ਜਿਵੇਂ ਅੱਖਾਂ ਜੰਮ ਗਈਆਂ ਸਨ।

-"ਤੂੰ ਬੋਲ ਤਾਂ ਸਹੀ ਔਤਾਂ ਦੇ ਜਾਣਿਆਂ..! ਕੀ ਗੱਲ ਹੋਗੀ..?" ਉਸ ਨੇ ਡਰਨੇ ਵਾਂਗ ਕੰਧ ਨਾਲ਼ ਲੱਗੇ ਜੰਗੀਰ ਨੂੰ ਦੱਬ ਕੇ ਹਲੂਣਿਆਂ।

-"ਆਪਣੀ ਪ੍ਰੀਤ ਮਰਗੀ ਮੇਰੇ ਸਾਲ਼ੇ ਦੀਏ...! ਵਿਆਹ ਲੈ 'ਮਰੀਕਾ ਆਲ਼ਿਆਂ ਨਾਲ਼ ਕੁੜੀ..!" ਜੰਗੀਰ ਸਾਰਾ ਤਾਣ ਲਾ ਕੇ ਚੀਕਿਆ ਤਾਂ ਗੁਰਮੇਲ ਕੌਰ ਨੇ ਦੁਹੱਥੜ ਮਾਰੀ।

-"ਹਾਏ, ਅਸੀਂ ਪੱਟੇ ਗਏ ਵੇ ਪਿੰਡਾ..!" ਉਸ ਦਾ ਕੀਰਨਾਂ ਆਂਢ ਗੁਆਂਢ ਦੇ ਬਨੇਰੇ ਚੀਰ ਗਿਆ ਸੀ।

ਘਰ ਵਿਚ ਰੋਣ ਪਿੱਟਣ ਪੈ ਗਿਆ ਸੀ। ਆਂਢ ਗੁਆਂਢ ਦੀਆਂ ਬੁੜ੍ਹੀਆਂ ਵੀ ਆ ਗਈਆਂ। ਹਰ ਕੋਈ "ਕੀ ਹੋਇਆ?" ਪੁੱਛ ਰਿਹਾ ਸੀ। ਪਰ ਜੰਗੀਰ ਅਤੇ ਗੁਰਮੇਲ ਕੌਰ ਨੂੰ ਤਾਂ ਆਪ ਨੂੰ ਨਹੀਂ ਪਤਾ ਸੀ, ਕਿ ਅਸਲ ਵਿਚ ਗੱਲ ਕੀ ਹੋਈ ਸੀ..? ਪਿੰਡੋਂ ਕਾਰ ਲਿਆ ਕੇ ਉਹਨਾਂ ਨੇ ਪ੍ਰੀਤ ਦੇ ਸਹੁਰੇ ਪਿੰਡ ਨੂੰ ਚਾਲੇ ਪਾ ਦਿੱਤੇ। ਕਾਰ ਵਿਚ ਗੁਰਮੇਲ ਕੌਰ ਅਤੇ ਜੰਗੀਰ ਸਮੇਤ ਗਿਣਤੀ ਦੇ ਕੁੱਲ ਪੰਜ ਬੰਦੇ ਹੀ ਸਨ।

ਜਦੋਂ ਉਹਨਾਂ ਨੇ ਪ੍ਰੀਤ ਦੇ ਸਹੁਰੇ ਘਰ ਜਾ ਕੇ ਪਤਾ ਕੀਤਾ। ਉਹਨਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ਼ ਗਈ, ਜਦੋਂ ਉਹਨਾਂ ਨੇ ਸੁਣਿਆਂ ਕਿ ਸਹੁਰੇ ਤਾਂ ਪ੍ਰੀਤ ਦਾ ਸਸਕਾਰ ਕਰਨ ਲਈ ਗਏ ਹੋਏ ਸਨ।

ਗੁਰਮੇਲ ਕੌਰ ਕਿਸੇ ਤੋਂ ਰਾਹ ਪੁੱਛ ਨੰਗੇ ਸਿਰ ਸਿਵਿਆਂ ਨੂੰ ਦੌੜ ਪਈ।

ਪਿੱਛੇ ਪਿੰਡ ਦੇ ਬੰਦੇ ਵੀ ਭੱਜ ਤੁਰੇ ਸਨ।

ਜਦੋਂ ਉਹਨਾਂ ਨੇ ਸਿਵਿਆਂ ਕੋਲ਼ ਜਾ ਕੇ ਦੇਖਿਆ ਤਾਂ ਪ੍ਰੀਤ ਦੀ ਚਿਤਾ ਪੂਰੇ ਜੋਬਨ 'ਤੇ ਮੱਚ ਰਹੀ ਸੀ। ਪਾਸੇ ਚਾਰ ਕੁ ਬੰਦੇ ਹੀ ਖੜ੍ਹੇ ਸਨ। ਸੱਸ ਹਰਦੀਪ ਵੀ ਵਿਚ ਹੀ ਸੀ।

ਦੇਖ ਕੇ ਗੁਰਮੇਲ ਕੌਰ ਨੂੰ ਦੰਦਲ਼ ਪੈ ਗਈ। ਇਕਲੌਤੀ ਧੀ ਦੇ ਆਖਰੀ ਦਰਸ਼ਣ ਵੀ ਉਸ ਦੇ ਕਰਮਾਂ ਵਿਚ ਨਹੀਂ ਸਨ। ਨੱਕ ਘੁੱਟ ਕੇ ਗੁਰਮੇਲ ਕੌਰ ਦੀ ਦੰਦਲ਼ ਤੋੜੀ ਗਈ। ਜਦ ਉਸ ਨੂੰ ਕੁਝ ਸੁਰਤ ਆਈ ਤਾਂ ਉਹ ਚਿਖ਼ਾ ਵਿਚ ਛਾਲ਼ ਮਾਰਨ ਲਈ ਭੱਜੀ। ਪਰ ਪਾਸੇ ਖੜ੍ਹਿਆਂ ਨੇ ਪੂਰਾ ਤਾਣ ਲਾ ਕੇ ਫੜ ਲਈ। ਉਸ ਦੇ ਵਾਲ਼ ਖੁੱਲ੍ਹ ਕੇ ਗਲ਼ ਵਿਚ ਪੈ ਗਏ ਸਨ। ਉਹ ਹਾਲੋਂ ਬੇਹਾਲ, ਕਿਸੇ ਵੈਰਾਗ ਵਿਚ ਬੈਠੀ ਵੈਣ ਪਾਈ ਜਾ ਰਹੀ ਸੀ। ਉਸ ਨੂੰ ਜੱਗ ਜਹਾਨ ਦੀ ਹੋਸ਼ ਨਹੀਂ ਸੀ। ਉਸ ਦੀ ਦੁਨੀਆਂ ਉੱਜੜ ਗਈ ਸੀ। ਇਕਲੌਤੀ ਧੀ ਤੁਰ ਜਾਣ ਤੋਂ ਬਾਅਦ ਜਹਾਨ ਵਿਚ ਉਸ ਦਾ ਕੱਖ ਨਹੀਂ ਬਚਿਆ ਸੀ।

ਠੇਕੇਦਾਰ ਗੁਰਮੇਲ ਕੌਰ ਦੇ ਕੋਲ਼ ਆ ਗਿਆ।

-"ਗੁਰਮੇਲ ਕੁਰੇ..!" ਉਸ ਨੇ ਧਰਵਾਸ ਦੇਣ ਵਾਲਿਆਂ ਵਾਂਗ ਉਸ ਦਾ ਮੋਢਾ ਘੁੱਟਿਆ।

-"ਦੂਰ ਹੋਜਾ ਮੇਰੀਆਂ ਅੱਖਾਂ ਤੋਂ ਹਰਾਮੀਆਂ ਦੁਸ਼ਟਾ..! ਨਹੀਂ ਤਾਂ ਮੈਂ ਤੇਰੀ ਹਿੱਕ 'ਚ ਐਹੋ ਜੀ ਟੱਕਰ ਮਾਰੂੰ, ਤੇਰਾ ਸਿਵਾ ਵੀ ਨਾਲ਼ ਈ ਮੱਚੂ..!" ਗੁਰਮੇਲ ਕੌਰ ਦੇ ਬਿਕਰਾਲ਼ ਚਿਹਰੇ ਤੋਂ ਠੇਕੇਦਾਰ ਨੂੰ ਭੈਅ ਆਇਆ।

ਉਹ ਇਕ ਕਦਮ ਪਿੱਛੇ ਹਟ ਗਿਆ। ਘੇਰੇ 'ਚ ਆਇਆ ਬਾਘੜ੍ਹ ਬਿੱਲਾ ਗਿੱਦੜਮਾਰ ਨੂੰ ਲੀਰਾਂ ਕਰ ਧਰਦੈ..! ਸੋਚ ਕੇ ਉਸ ਨੇ ਚੁੱਪ ਵੱਟ ਲਈ। ਪਰ ਅੰਦਰੋਂ ਉਹ ਜ਼ਾਹਿਰਾ ਤੌਰ 'ਤੇ ਡਰ ਗਿਆ ਸੀ।

ਜਿਉਂ ਜਿਉਂ ਪ੍ਰੀਤ ਦੀ ਚਿਖ਼ਾ ਦੀ ਤਪਸ਼ ਮੱਧਮ ਪੈਂਦੀ ਜਾ ਰਹੀ ਸੀ। ਤਿਉਂ ਤਿਉਂ ਗੁਰਮੇਲ ਕੌਰ ਦੇ ਕੀਰਨੇ ਵੀ ਬੇਵੱਸ ਅਤੇ ਨਿਤਾਣੇ ਹੁੰਦੇ ਜਾ ਰਹੇ ਸਨ। ਨਾਲ਼ ਆਏ ਬੰਦੇ ਵੀ ਪਸੀਜੇ ਜਿਹੇ ਖੜ੍ਹੇ ਸਨ। ਉਹਨਾਂ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਕੁੜੀ ਦੀ ਮੌਤ ਕਿਸ ਤਰ੍ਹਾਂ ਹੋਈ..? ਕਿਉਂਕਿ ਕਿਹੜਾ ਕਿਸੇ ਨੂੰ ਕੋਈ ਪਤਾ ਸੀ..? ਗੁਰਮੇਲ ਕੌਰ ਨੇ ਕਿਸੇ ਕੋਲ਼ ਤਾਂ ਭਾਫ਼ ਵੀ ਨਹੀਂ ਕੱਢੀ ਸੀ। ਬੰਦੇ ਇਹ ਵੀ ਸੋਚ ਰਹੇ ਸਨ, ਕਿ ਚਲੋ ਖ਼ੈਰ ਜੇ ਮੌਤ ਹੋ ਵੀ ਗਈ ਸੀ, ਤਾਂ ਮਾਂ-ਬਾਪ ਦੀ ਗ਼ੈਰਹਾਜ਼ਰੀ ਵਿਚ ਸਸਕਾਰ ਕਿਉਂ...? ਗੱਲ ਕੋਈ ਜ਼ਰੂਰ ਸੀ, ਜਿਸ ਨੂੰ ਘੱਟੇ ਰਲ਼ਾਉਣ ਲਈ ਇਹ ਸਾਰਾ ਪਰਪੰਚ ਰਚਿਆ ਗਿਆ ਸੀ..। ਮੂੰਹੋਂ ਚੁੱਪ ਬੰਦੇ ਅੰਦਰੋਂ ਖ਼ਿਆਲਾਂ ਨਾਲ਼ ਗੁੱਥਮ-ਗੁੱਥਾ ਹੋਏ ਪਏ ਸਨ। ਜੰਗੀਰ ਨੂੰ ਵੀ ਕੋਈ ਬਹੁਤੀ ਹੋਸ਼-ਹਵਾਸ ਨਹੀਂ ਸੀ। ਉਹ ਵੀ ਬੰਦਿਆਂ ਵਿਚ ਘਾਊਂ-ਮਾਊਂ ਜਿਹਾ ਹੋਇਆ ਖੜ੍ਹਾ ਸੀ। ਉਹ ਵੀ ਵੱਖੋ ਵੱਖ ਸੋਚਾਂ ਨੇ ਮਧੋਲ਼ਿਆ ਹੋਇਆ ਸੀ।

-"ਜੰਗੀਰ ਸਿਆਂ..! ਕਿਸੇ ਗੱਲ ਦਾ ਵੀ ਪਤਾ ਲੱਗੇ..? ਕੁੜੀ ਦੇ ਸਾਹੇ ਦਾ ਤਾਂ ਮਾੜਾ ਮੋਟਾ ਸਾਨੂੰ ਪਤਾ ਐ, ਪਰ ਆਹ ਮੌਤ ਤੋਂ ਬਾਅਦ ਪੇਕਿਆਂ ਤੋਂ ਬਿਨਾਂ ਈ ਸਸਕਾਰ..? ਸਾਨੂੰ ਮੱਲਾ ਇਹਦੀ ਕੋਈ ਤੁਕ ਨ੍ਹੀ ਸਮਝ ਲੱਗਦੀ?" ਪੰਚਾਇਤਾਂ ਵਿਚ ਵਿਚਰਦੇ ਆਉਂਦੇ ਪੰਚ ਨੇ ਜੰਗੀਰ ਨੂੰ ਸੱਚੀ ਅਤੇ ਸ਼ੱਕੀ ਗੱਲ ਰੜਕਾਈ।

-"........।" ਜੰਗੀਰ ਨੂੰ ਕੁਝ ਔੜ ਨਹੀਂ ਰਿਹਾ ਸੀ।

ਗੁਰਮੇਲ ਕੌਰ ਬੈਠੀ ਹੀ ਵਿਰਲਾਪ ਕਰੀ ਜਾ ਰਹੀ ਸੀ। ਉਸ ਦਾ ਗਲ਼ ਜਵਾਬ ਦਿੰਦਾ ਜਾ ਰਿਹਾ ਸੀ ਅਤੇ ਅਵਾਜ਼ ਬੈਠ ਗਈ ਸੀ।

ਜਦੋਂ ਬਲ਼ਦੀ ਚਿਖ਼ਾ ਸ਼ਾਂਤ ਹੋਣ ਲੱਗ ਪਈ ਤਾਂ ਠੇਕੇਦਾਰ ਦੇ ਇਸ਼ਾਰੇ 'ਤੇ ਹਰਦੀਪ ਕੌਰ ਨੇ ਗੁਰਮੇਲ ਕੌਰ ਨੂੰ ਜਾ ਉਠਾਇਆ।

-"ਉਠ ਗੁਰਮੇਲ ਕੁਰੇ, ਉਠ..! ਰੱਬ ਦੇ ਘਰ ਦਾ ਕਿਸੇ ਨੂੰ ਕੋਈ ਪਤਾ ਨ੍ਹੀ..!"

-"ਨ੍ਹੀ ਮੈਨੂੰ ਇਹ ਤਾਂ ਦੱਸਦੇ ਕਲ਼ਜੋਗਣੇ ਬਈ ਇਹਦਾ ਸਸਕਾਰ ਸਾਥੋਂ ਬਿਨਾ ਕਾਹਤੋਂ ਕਰਤਾ..?" ਉਸ ਨੇ ਰਹਿੰਦਾ ਖੂੰਹਦਾ ਬਲ ਇਕੱਤਰ ਕਰ ਕੇ ਕਲ਼ਾਪ ਕੀਤਾ।

-"ਆ ਜਾਹ..! ਘਰੇ ਚੱਲ ਕੇ ਗੱਲ ਕਰਦੇ ਐਂ, ਦੁਖੀ ਮੈਂ ਵੀ ਘੱਟ ਨ੍ਹੀ ਗੁਰਮੇਲ ਕੁਰੇ..!" ਉਸ ਨੇ

ਗੁਰਮੇਲ ਕੌਰ ਨੂੰ ਨਾਲ਼ ਤੋਰ ਲਿਆ।

-"ਜੰਗੀਰ..! ਤੂੰ ਗੁਰਮੇਲ ਕੁਰ ਨੂੰ ਰੋਕ..! ਆਪਾਂ ਠਾਣੇ ਖਬਰ ਕਰਦੇ ਐਂ..! ਦਾਲ਼ ਕੁਛ ਨਾ ਕੁਛ ਕਾਲ਼ਾ ਜਰੂਰ ਐ, ਮੰਨ ਚਾਹੇ ਨਾ ਮੰਨ..!" ਪੰਚ ਨੇ ਜ਼ਿੰਦਗੀ ਦਾ ਤਜ਼ਰਬਾ ਅੱਗੇ ਧਰ ਕੇ ਕਾਹਲ਼ੀ ਨਾਲ਼ ਸੁਣਾਈ ਕੀਤੀ।

-"ਉਹਨੇ ਤਾਂ ਮੇਰੀ ਸਾਰੀ ਉਮਰ ਨ੍ਹੀ ਮੰਨੀ..! ਜੇ ਘੋੜਿਆਂ ਦੀ ਰੰਨ ਮੇਰੀ ਗੱਲ ਮੰਨਦੀ ਹੁੰਦੀ, ਤਾਂ ਆਹ ਦਿਨ ਨੀ ਸੀ ਦੇਖਣੇਂ ਪੈਂਦੇ ਬਾਈ..!" ਜੰਗੀਰ ਨੇ ਵੀ ਤਪਦੇ ਦਿਲੋਂ ਭੜ੍ਹਾਸ ਕੱਢ ਦਿੱਤੀ।

-"ਇਉਂ ਤਾਂ ਇਹ ਸਾਰੀ ਗੱਲ ਮਿੱਟੀ ਘੱਟੇ ਪਾ ਜਾਣਗੇ..? ਕੋਈ ਨਾ ਕੋਈ ਹੱਥ ਪੱਲਾ ਤਾਂ ਹਿਲਾਉਣਾ ਈ ਪਊ..! ਰੋਏ ਬਿਨਾਂ ਤਾਂ ਮਾਂ ਵੀ ਦੁੱਧ ਨ੍ਹੀ ਦਿੰਦੀ, ਨਾਲ਼ੇ ਢਿੱਡੋਂ ਜੰਮਿਆਂ ਹੁੰਦੈ..!"

-"ਪੈਂਚਾ..! ਤੂੰ ਕਰ ਹਿੰਮਤ..! ਜੰਗੀਰ ਨੂੰ ਉਹ ਡੱਕਾ ਨ੍ਹੀ ਦਬਾਲ਼..!" ਨਾਲ਼ ਦੇ ਬੰਦੇ ਨੇ ਕਿਹਾ ਤਾਂ ਪੰਚ ਨੇ ਤੁਰੀ ਜਾਂਦੀ ਗੁਰਮੇਲ ਕੌਰ ਦੀ ਬਾਂਹ ਫੜ ਲਈ।

-"ਗੁਰਮੇਲ ਕੁਰੇ..! ਚੱਲੀ ਕਿੱਥੇ ਐਂ..? ਇਹਨਾਂ ਨੇ ਕੁੜੀ ਮਾਰ ਕੇ ਖਪਾਤੀ, ਤੇ ਤੂੰ ਇਹਨਾਂ ਦੇ ਨਾਲ਼ ਘਰੇ ਤੁਰੀ ਜਾਨੀਂ ਐਂ..? ਕੋਈ ਸਿਆਣਪ ਕਰ..! ਤੀਮੀਆਂ ਆਲ਼ੀ ਮੂੜ੍ਹ ਮੱਤ ਨਾ ਵਰਤ..!"

ਸੁਣ ਕੇ ਗੁਰਮੇਲ ਕੌਰ ਦੇ ਮਨ ਨੂੰ ਪਤਾ ਨਹੀਂ ਕੀ ਫ਼ਤੂਰ ਚੜ੍ਹਿਆ..? ਉਸ ਨੇ ਠੇਕੇਦਾਰ ਨੂੰ ਫੜ ਕੇ ਉਸ ਦੀ ਹਿੱਕ 'ਤੇ ਬੁਰਕੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ। ਹਰਦੀਪ ਅਤੇ ਜੀਤ ਡਰਦੇ ਘਰ ਨੂੰ ਦੌੜ ਗਏ। ਦੋ ਕੁ ਸਸਕਾਰ ਕਰਵਾਉਣ ਆਏ ਟੁੱਕੜਬੋਚ ਵੀ ਮੌਕਾ ਬਚਾ ਕੇ ਖਿਸਕ ਗਏ। ਗੀਤ ਵਿਆਹ ਵਾਲ਼ੇ ਦਿਨ ਦਾ ਹੀ ਕਿਤੇ ਗਾਇਬ ਸੀ। ਉਸ ਨੂੰ ਕਿਸੇ ਗੱਲ ਦੀ ਕੋਈ ਖ਼ਬਰ ਨਹੀਂ ਸੀ। ਉਸ ਦੀ ਡਿਊਟੀ ਤਾਂ ਠੇਕੇਦਾਰ ਨੇ ਸਿਰਫ਼ ਆਨੰਦ ਕਾਰਜਾਂ ਤੱਕ ਹੀ ਲਾਈ ਸੀ ਅਤੇ ਉਸ ਤੋਂ ਬਾਅਦ ਉਹ ਵਿਹਲਾ ਸੀ। ਉਹ ਆਪਣੇ ਜਿੰਮੇ ਲੱਗੀ 'ਡਿਊਟੀ' ਭੁਗਤਾ ਕੇ ਸ਼ਾਇਦ ਡਲਹੌਜੀ ਚਲਾ ਗਿਆ ਸੀ। ਜਦੋਂ ਵੀ ਗੀਤ ਭਾਰਤ ਆਉਂਦਾ, ਬਹੁਤਾ ਸਮਾਂ ਡਲਹੌਜੀ ਹੀ ਬਿਤਾਉਂਦਾ ਸੀ।

ਗੁਰਮੇਲ ਕੌਰ ਨੇ ਠੇਕੇਦਾਰ ਦਾ ਸਰੀਰ ਲਹੂ ਲੁਹਾਣ ਕਰ ਮਾਰਿਆ ਸੀ। ਉਤੋਂ ਠੇਕੇਦਾਰ ਨੂੰ ਜੰਗੀਰ ਕੁੱਟਣ ਡਹਿ ਪਿਆ ਸੀ। ਪੈਰੋਂ ਧੌੜ੍ਹੀ ਦੀ ਜੁੱਤੀ ਲਾਹ ਕੇ ਉਸ ਨੇ ਠੇਕੇਦਾਰ ਦੀ ਤਸੱਲੀ ਨਾਲ਼ ਭੁਗਤ ਸੁਆਰੀ ਸੀ ਅਤੇ ਨਾਲ਼ ਆਏ ਪਿੰਡ ਦੇ ਬੰਦੇ ਪਾਸੇ ਥਮਲ੍ਹਾ ਬਣੇ ਖੜ੍ਹੇ ਸਨ। ਜਦੋਂ ਗੁਰਮੇਲ ਕੌਰ ਦਾ ਕਰੋਧ ਕੁਝ ਮੱਠਾ ਪਿਆ ਤਾਂ ਹੱਥ ਢਿੱਲੇ ਪੈਣ 'ਤੇ ਠੇਕੇਦਾਰ ਉਸ ਤੋਂ ਆਪਾ ਛੁਡਾ ਕੇ ਡਰੇ ਬੋਤੇ ਵਾਂਗ ਸਿਰਤੋੜ ਖੇਤਾਂ ਨੂੰ ਦੌੜ ਪਿਆ। ਗੁਰਮੇਲ ਕੌਰ ਨੂੰ ਫੜ ਕੇ ਬੰਦਿਆਂ ਨੇ ਕਾਰ ਵਿਚ ਬਿਠਾਇਆ ਅਤੇ ਠਾਣੇ ਨੂੰ ਸਿੱਧੇ ਹੋ ਗਏ।.....

......ਬੋਤਲ ਤਕਰੀਬਨ ਸਿਰੇ ਲੱਗ ਚੁੱਕੀ ਸੀ।

-"ਫੇਰ ਕੇਸ ਦਾ ਕੀ ਬਣਿਆਂ..?" ਅਥਾਹ ਦੁੱਖ ਵਿਚ ਬਖਤੌਰ ਨੇ ਮੀਹਾਂ ਸਿੰਘ ਨੂੰ ਪੁੱਛਿਆ।

-"ਬਣਨਾ ਸੁਆਹ ਸੀ..? ਜੱਟ ਜੱਟਾਂ ਦੇ ਤੇ ਫ਼ੋਗੂ ਨਰਾਇਣ ਦਾ..! ਪੰਦਰਾਂ ਲੱਖ ਸਹੁਰਿਆਂ ਨੂੰ ਦਿੱਤਾ ਸੀ, ਅੱਧ ਪਚੱਧ ਪੁਲ਼ਸ ਨੇ ਮੁੜਵਾ ਦਿੱਤਾ..! ਜਦੋਂ ਅਗਲੇ ਕੁੜੀ ਦੀ ਮੌਤ ਬਾਰੇ ਗੱਲ ਕਰਿਆ ਕਰਨ, ਤੇ ਅਗਲੇ ਡਾਕਟਰੀ ਰਿਪੋਟ ਦਿਖਾ ਦਿਆ ਕਰਨ..! ਹੋਣਾਂ ਬਖਤੌਰਿਆ ਉਥੇ ਕੀ ਸੀ..? ਜੀਹਦੇ ਘਰ ਦਾਣੇ ਉਹਦੇ ਕਮਲ਼ੇ ਵੀ ਸਿਆਣੇ..! ਅਗਲਿਆਂ ਨੇ ਪੈਸੇ ਝੋਕਤੇ, ਪੁਲ਼ਸ ਨੇ ਗੱਲ 'ਤੇ ਗੌਂਗਾ ਈ ਨ੍ਹੀ ਧਰਿਆ..! ਤੇ ਚੱਲ ਮੇਰੇ ਭਾਈ, ਐਡੀ ਗੱਲ ਨੂੰ ਉੜਦੂ ਲਾ ਗਏ..!"

-"ਦੁਨੀਆਂ ਵੀ ਭੈਣ ਦੇਣੀਂ ਕਿੰਨੀ ਗਰਕਣ 'ਤੇ ਆਈ ਪਈ ਐ ਬਾਈ ਮੀਹਾਂ ਸਿਆਂ..!" ਆਖਰੀ ਪੈੱਗ ਅੰਦਰ ਸੁੱਟਦੇ ਬਖਤੌਰ ਨੇ ਦਿਲੋਂ ਲਾਹਣਤ ਪਾਈ।

-"ਕੁੜੀ ਦੀ ਮਾਂ ਤਾਂ ਅਜੇ ਠੀਕ ਐ, ਜੰਗੀਰ ਤਾਂ ਜਮਾਂ ਈ ਕਾਲ਼ਾ ਧੂੰਆਂ ਹੋਇਆ ਪਿਐ..! ਮੈਂ ਕਹਿੰਨੈ ਕੁੜੀ ਦੇ ਦੁੱਖ 'ਚ ਜਮਾਂ ਈ ਕਮਲ਼ਾ ਹੋ ਗਿਆ..!"

-"ਹੋਣਾਂ ਈ ਐਂ ਬਈ..! ਕੋਈ ਦੋਸ਼ ਐ? ਐਹੋ ਜਿਆ ਬਖਤ ਤਾਂ ਰੱਬ ਵੈਰੀ 'ਤੇ ਵੀ ਨਾ ਪਾਵੇ, ਵੱਡੇ ਭਾਈ..!"

ਅਗਲੇ ਦਿਨ ਮੀਹਾਂ ਸਿਉਂ ਪਿੰਡ ਆ ਗਿਆ। ਬਖਤੌਰ ਨੇ ਉਸ ਨੂੰ ਹਨੀ ਲਈ ਜਲਦੀ ਹੀ ਕੋਈ ਬੰਨ੍ਹ-ਸੁੱਬ ਕਰਨ ਲਈ ਹਿੱਕ ਥਾਪੜ ਦਿੱਤੀ ਸੀ। ਬਖਤੌਰ ਕੋਲ਼ ਜਾ ਕੇ ਮੀਹਾਂ ਸਿੰਘ ਕੁਝ ਹਲਕਾ ਹੋ ਗਿਆ ਸੀ। ਹਮਦਰਦ ਦੁਖੀ ਦਾ ਸਹਾਰਾ..। ਗੱਲਾਂ ਕਰ ਕੇ ਮੀਹਾਂ ਸਿੰਘ ਦੇ ਦਿਲ ਦਾ ਬੋਝ ਕਾਫ਼ੀ ਹੌਲ਼ਾ ਹੋ ਗਿਆ ਸੀ।

ਦੋ ਕੁ ਹਫ਼ਤਿਆਂ ਬਾਅਦ ਬਖਤੌਰ ਇਕ ਖ਼ੁਸ਼ਖ਼ਬਰੀ ਲੈ ਕੇ ਆਇਆ। ਉਸ ਦੀ ਕਿਸੇ ਨੇੜ ਦੀ ਰਿਸ਼ਤੇਦਾਰੀ ਵਿਚੋਂ ਕੋਈ ਲੜਕਾ ਇੰਗਲੈਂਡ ਤੋਂ ਆਇਆ ਸੀ। ਉਸ ਦਾ ਵਿਆਹ ਪਹਿਲਾਂ ਹੋ ਚੁੱਕਿਆ ਸੀ। ਪਰ ਕਿਸੇ ਕਾਰਨ ਘਰਵਾਲ਼ੀ ਨਾਲ਼ ਨਿਭ ਨਾ ਸਕੀ ਅਤੇ ਤਲਾਕ ਹੋ ਗਿਆ। ਘਰਵਾਲ਼ੀ ਵੀ ਪੂਰੀ ਝੰਡੇ ਹੇਠਲੀ ਨਿਕਲ਼ੀ। ਆਪਣੇ ਘਰਵਾਲ਼ੇ ਦੀ ਕਮਾਈ "ਵੈਸਟਰਨ ਯੂਨੀਅਨ" ਰਾਹੀਂ ਆਪਦੇ ਪੇਕਿਆਂ ਨੂੰ ਭੇਜਦੀ ਰਹੀ। ਟੁੱਟੇ ਜਿਹੇ ਸਾਈਕਲ 'ਤੇ ਸਫ਼ਰ ਕਰਦਾ ਉਸ ਦਾ ਬਾਪ ਅੱਜ ਕੱਲ੍ਹ ਏਅਰ ਕੰਡੀਸ਼ਨਡ ਹੌਂਡਾ ਕਾਰਾਂ 'ਤੇ ਘੁੰਮਣ ਲੱਗ ਪਿਆ ਸੀ ਅਤੇ ਕਿਰਾਏ ਦੇ ਮਕਾਨ ਦੀ ਜਗਾਹ ਇਕ ਸ਼ਾਨਦਾਰ ਕੋਠੀ ਉਸਰ ਗਈ ਸੀ। ਪਿਉ ਨੇ ਆਪਣੀ ਧੀ ਦੇ ਵਸੇਬੇ ਬਾਰੇ ਨਾ ਸੋਚਿਆ, ਸਗੋਂ ਆਪਣੀਆਂ ਐਸ਼ਾਂ ਵਿਚ ਹੀ ਗ਼ਲਤਾਨ ਹੋ ਕੇ ਰਹਿ ਗਿਆ ਅਤੇ ਸਹੁਰਿਆਂ ਨੇ ਕੁੜੀ ਨੂੰ ਤਲਾਕ ਦੇ ਕੇ ਪਰ੍ਹਾਂ ਮਾਰਿਆ। ਉਹ ਲੜਕਾ ਅੱਜ ਕੱਲ੍ਹ ਕਿਸੇ ਲੋੜਵੰਦ ਘਰ ਦੀ ਭਾਲ਼ ਵਿਚ ਸੀ। ਬਖਤੌਰ ਨੇ ਗੱਲ ਚਲਾਈ। ਪਰ ਦੁੱਧ ਦੇ ਸਾੜੇ ਦਾ ਲੱਸੀ ਨੂੰ ਫੂਕਾਂ ਮਾਰਨ ਵਾਂਗ ਮੁੰਡੇ ਦੇ ਪਿਉ ਨੇ ਸਾਫ਼ ਅਤੇ ਸਿੱਧੀ ਗੱਲ ਹੀ ਸੁਣਾ ਧਰੀ।

-"ਬਖਤੌਰ ਸਿਆਂ..! ਰਿਸ਼ਤੇ ਨੂੰ ਅਸੀਂ ਵੀ ਤਾਂਘਦੇ ਐਂ..! ਪਰ ਕੁੜੀ ਸਾਡੀ ਕਮਾਈ ਨਾਲ਼ ਮਾਪਿਆਂ ਦਾ ਘਰ ਭਰਨ ਆਲ਼ੀ ਨਾ ਹੋਵੇ...! ਤੈਨੂੰ ਤਾਂ ਪਤਾ ਈ ਐ ਵੀਰ ਮੇਰਿਆ, ਕੀੜੀ ਨੂੰ ਤਾਂ ਤੱਕਲ਼ੇ ਦਾ ਦਾਗ ਈ ਬਥੇਰਾ ਹੁੰਦੈ..? ਸਿਆਣੇ ਗੱਲ ਕਰਦੇ ਹੁੰਦੇ ਐ ਬਈ ਗਧੀ ਡਿੱਗ ਪਈ ਸੀ ਭੱਠੇ 'ਚ, ਤੇ ਦੀਵੇ ਆਲ਼ੇ ਘਰੇ ਨ੍ਹੀ ਸੀ ਵੜਦੀ..!" ਮੁੰਡੇ ਦੇ ਬਾਪ ਨੇ ਬਖਤੌਰ ਨੂੰ ਸਿੱਧੀ ਸੁਣਵਾਈ ਹੀ ਕਰ ਦਿੱਤੀ।

-"ਤੂੰ ਫ਼ਿਕਰ ਨਾ ਕਰ ਜੋਰਾ ਸਿਆਂ...! ਕੁੜੀ ਬੜੇ ਚੰਗੇ ਖਲਣੇਂ ਦੀ ਐ..!"

-"ਖਲਣੇਂ ਦੀ ਗੱਲ ਨਾ ਕਰ ਬਖਤੌਰ ਸਿਆਂ..! ਇਹ ਤਾਂ ਕੁੜੀ ਮਰਾਵੇ ਦੀਆਂ ਸਿੱਧੀਆਂ ਝਾਕਦੀਆਂ ਝਾਕਦੀਆਂ ਟੀਰ ਮਾਰਨ ਲੱਗ ਪੈਂਦੀਐਂ..!" ਜੋਰਾ ਸਿੰਘ ਕੁਝ ਜ਼ਿਆਦਾ ਹੀ ਅੱਕਿਆ ਹੋਇਆ ਸੀ।

-"ਤੂੰ ਫ਼ਿਕਰ ਨਾ ਕਰ ਬਾਈ, ਪਰ ਇਕ ਗੱਲ ਤੇਰੇ ਨਾਲ਼ ਮੈਂ ਵੀ ਨਿਤਾਰ ਲਵਾਂ...?" ਆਖ ਕੇ ਬਖਤੌਰ ਨੇ ਜੋਰਾ ਸਿੰਘ ਦਾ ਭਖ਼ਦਾ ਚਿਹਰਾ ਜਾਂਚਿਆ।

-"ਬੋਲ...! ਨਿਤਾਰਨੀ ਕਾਹਤੋਂ ਨ੍ਹੀ..?" ਜੋਰੇ ਨੇ ਸੁਆਲੀ ਨਜ਼ਰਾਂ ਬਖਤੌਰ ਦੇ ਮੂੰਹ 'ਤੇ ਗੱਡ ਲਈਆਂ।

-"ਕੁੜੀ ਪੜ੍ਹਦੀ ਸੀ ਕਾਲਜ..!" ਬਖਤੌਰ ਨੇ ਗੱਲ ਅਧੂਰੀ ਛੱਡ ਦਿੱਤੀ।

-"ਹਾਂ-ਹਾਂ..! ਬੋਲ ਤਾਂ ਸਹੀ..! ਕਾਲਜ ਪੜ੍ਹਦੀ ਸੀ, ਕਿਸੇ ਨਾਲ਼ ਅੱਟੀ ਸੱਟੀ ਸੀ...? ਚੁੱਪ ਕਾਹਤੋਂ ਕਰ ਗਿਆ..? ਖੁੱਲ੍ਹ ਕੇ ਬੋਲ ਖਾਂ..! ਜਕਾਅ ਕਾਹਦੈ..?"

-"ਜੋਰਾ ਸਿਆਂ! ਅੱਟੀ ਸੱਟੀ ਤਾਂ....! ਗੱਲ ਵੱਡੀ ਐ ਤੇ ਮੂੰਹ ਛੋਟੈ..! ਅਗਲੇ ਦੇ ਘਰ ਦੀ ਇੱਜ਼ਤ ਦਾ ਸੁਆਲ ਐ...!"

-"ਬੋਲ ਤਾਂ ਸਹੀ, ਮੈਂ ਸੁਣਦੈਂ..! ਵਿਚਾਰਨ ਆਲ਼ੀ ਗੱਲ ਹੋਈ, ਵਿਚਾਰਾਂਗੇ..! ਮੈਂ ਵੀ ਤੇਰੇ ਸਾਹਮਣੇ ਘਾਟ ਘਾਟ ਦਾ ਪਾਣੀ ਪੀਤੈ..! ਕਸ਼ਮੀਰ ਤੋਂ ਲੈ ਕੇ ਕੰਨਿਆਂ ਕੁਮਾਰੀ ਤੱਕ ਤਾਂ 'ਕੱਲਾ ਹਿੰਦੋਸਤਾਨ ਈ ਗਾਹਿਆ ਵਿਐ..! ਤੈਨੂੰ ਪਤੈ ਬਈ ਸਾਰੀ ਉਮਰ ਤਾਂ ਡਰੈਵਰੀ 'ਚ ਗਾਲ਼ਤੀ, ਤੇ ਓਸ ਤੋਂ ਬਾਅਦ ਬਣ ਗਿਆ ਵਲੈਤ ਜਾਣ ਦਾ ਸਬੱਬ..! ਫੇਰ ਭਰਾ ਮੇਰਿਆ ਕੀ ਕਨੇਡਾ, ਕੀ 'ਮਰੀਕਾ, ਕੋਈ ਦੇਸ਼ ਨੀ ਛੱਡਿਆ..!"

-"ਜੋਰਾ ਸਿਆਂ, ਕੁੜੀ ਪੜ੍ਹਦੀ ਸੀ ਕਾਲਜ..! ਉਹਦੇ ਨਾਲ਼ ਜਬਰ ਜਨਾਂਹ ਹੋਇਆ ਵਿਐ..!" ਬਖਤੌਰ ਨੇ ਆਖ ਕੇ ਚੁੱਪ ਵੱਟ ਲਈ ਅਤੇ ਜੋਰਾ ਸਿੰਘ ਦਾ ਪ੍ਰਤੀਕਰਮ ਜਾਂਚਣ ਲੱਗ ਪਿਆ।

-"ਜਬਰ ਜਨਾਂਹ ਹੀ ਹੋਇਐ ਜਾਂ ਕੋਈ ਹੋਰ ਗੱਲ ਐ..?" ਸੱਤਾਂ ਪੱਤਣਾਂ ਦੇ ਤਾਰੂ ਜੋਰੇ ਨੇ ਤਿੱਖੀਆਂ ਕਟਾਰ ਨਜ਼ਰਾਂ ਦੀ ਸ਼ਿਸ਼ਤ ਬਖਤੌਰ ਦੇ ਮੂੰਹ 'ਤੇ ਬੰਨ੍ਹ ਲਈ।

-"ਨਹੀਂ ਹੋਇਆ ਤਾਂ ਜਬਰ ਜਨਾਂਹ ਈ ਐ..! ਅਗਲੇ ਸੀਗੇ ਡਾਢੇ..! ਤੇ ਜੋਰਾ ਸਿਆਂ ਤੈਨੂੰ ਪਤਾ ਈ ਐ ਬਈ ਤਕੜੇ ਦੀ ਕੁੱਤੀ ਚੁਬਾਰਿਆਂ 'ਚ ਭੌਂਕਦੀ ਐ..! ਅਗਲਿਆਂ ਨੇ ਪੁਲ਼ਸ ਨਾਲ਼ ਸੀਟੀ ਰਲ਼ਾ ਕੇ ਗੱਲ ਘੱਟੇ ਪਾ ਦਿੱਤੀ, ਤੇ ਚੱਲ ਮੇਰੇ ਭਾਈ..!" ਆਪਣੇ ਵੱਲੋਂ ਬਖਤੌਰ ਨੇ ਪੂਰਾ ਤਾਣ ਲਾ ਦਿੱਤਾ।

-"ਮੇਰੀ ਨਜ਼ਰ 'ਚ, ਜੇ ਜਬਰ ਜਨਾਂਹ ਈ ਹੋਇਐ, ਤਾਂ ਇਹਦੇ 'ਚ ਕੁੜੀ ਦਾ ਤਾਂ ਕੋਈ ਕਸੂਰ ਨ੍ਹੀ...?" ਤਜ਼ਰਬੇਕਾਰ ਜੋਰੇ ਨੇ ਆਪਣਾ ਫ਼ੈਸਲਾ ਦੱਸ ਦਿੱਤਾ।

-"ਕਸੂਰ ਤਾਂ ਆਹੀ ਸੀ ਬਈ ਕੁੜੀ ਦਾ ਪਿਉ ਸੀ ਗਰੀਬ..! ਪੁਲ਼ਸ ਆਲ਼ਿਆਂ ਦੀ ਕੁੱਤੀ ਕੰਧਾਂ 'ਤੇ ਨੀ ਚਾੜ੍ਹ ਸਕਿਆ..! ਪੈਸੇ ਨ੍ਹੀ ਝੋਕੇ ਗਏ, ਤੇ ਗੱਲ ਧੂੜ 'ਚ ਰਲ਼ਗੀ..!"

-"ਲੋਹੜੈ ਬਈ..!"

-"ਜਬਰਦਸਤੀ ਕਰਨ ਆਲ਼ੇ ਮੁੰਡੇ ਦਾ ਪਿਉ ਮੰਤਰੀਆਂ ਛੰਤਰੀਆਂ ਦਾ ਸਿਆਣੂੰ ਸੀ, ਤੇ ਬਾਈ ਸਿਆਂ ਅਗਲਿਆਂ ਨੇ ਗੱਲ ਦਾ ਉਤਾਈ ਨੀ ਵਾਚਿਆ, ਤੇ ਐਡੀ ਵੱਡੀ ਗੱਲ ਖੂਹ ਖਾਤੇ ਸਿੱਟਤੀ..!"

-"ਇਕ ਗੱਲ ਹੋਰ ਐ ਬਖਤੌਰਿਆ..! ਮੁੰਡੇ ਦਾ ਕੁੜੀ ਦੀ ਉਮਰ ਨਾਲੋਂ ਕਾਫ਼ੀ ਫ਼ਰਕ ਐ, ਕਿਤੇ ਪਿੱਛੋਂ ਟੱਬੇ ਲੈ ਕੇ ਕੁੱਤੇ ਨਾ ਮਗਰੋਂ ਲਾਹੁੰਦੇ ਫਿਰੀਏ..? ਇਹ ਉਮਰ ਈ ਐਸੀ ਕੱਚੀ ਹੁੰਦੀ ਐ..! ਸਹੁਰੀ ਹੋਰ ਨਾ ਨਿੱਤ ਕੋਈ ਨਵਾਂ ਸਹੇੜ ਲਿਆਇਆ ਕਰੇ..?" ਜੋਰਾ ਸਿੰਘ ਨੇ ਆਪਣਾ ਪਾਲ਼ਾ ਦੱਸਿਆ।

-"ਨਹੀਂ ਜੋਰਾ ਸਿਆਂ..! ਕੁੜੀ ਵੈਸੇ ਸਾਊ ਐ..! ਨਾਲ਼ੇ ਤੈਨੂੰ ਪਤੈ ਬਈ ਸਾਊ ਧੀ ਪੁੱਤ ਕਾਹਨੂੰ ਛੇਤੀ ਕੀਤੇ ਪੈਰ ਛੱਡਦੈ..? ਉਹ ਤਾਂ ਤੱਤੇ ਪੈਰਾਂ ਆਲ਼ੀਆਂ ਈ ਹੁੰਦੀਐਂ, ਜਿਹੜੀਆਂ ਸਹੁਰਿਆਂ ਦੀ ਕਮਾਈ ਨਾਲ਼ ਘਰਦਿਆਂ ਦਾ ਢਿੱਡ ਭਰਦੀਐਂ ਤੇ ਨਾਲ਼ੇ ਦਸ ਦਸ ਯਾਰ ਰੱਖਦੀਐਂ..!"

-"ਸਾਡੇ ਤਾਂ ਭਰਾਵਾ ਇਕੋ ਨੇ ਈ ਨਾਸੀਂ ਧੂੰਆਂ ਲਿਆਤਾ, ਬਾਹਲ਼ੀਆਂ ਗੱਲਾਂ 'ਚ ਕੀ ਫ਼ਾਇਦਾ...?"

-"ਤੂੰ ਚਿੰਤਾ ਕਿਹੜੀ ਗੱਲ ਦੀ ਕਰਦੈਂ ਜੋਰਾ ਸਿਆਂ..? ਕਿਸੇ ਗੱਲੋਂ ਵੀ ਉਲਾਂਭਾ ਨਾ ਆਊ..! ਚਾਹੇ ਸੂਈ ਦੇ ਨਖਾਰੇ ਵਿਚ ਦੀ ਕੱਢ ਲਈਂ..! ਝੋਰਾ ਤਾਂ ਜਿਹੜੀ ਗੱਲ ਦਾ ਐ, ਉਸੇ ਦਾ ਈ ਐ..! ਊਂ ਫ਼ਾਹੇ ਦਿੱਤੀ ਨ੍ਹੀ ਕੁਸਕਦੀ..! ਮੈਨੂੰ ਤੇਰੀ ਗੱਲ ਦੀ ਸਮਝ ਐ, ਬਈ ਤੂੰ ਪਹਿਲੀ ਨੂੰਹ ਦਾ ਡਰਾਇਆ ਸ਼ੱਕੀ ਹੋਇਆ ਪਿਐਂ..! ਪਰ ਐਧਰੋਂ ਤੂੰ ਕੋਈ ਚਿੰਤਾ ਨਾ ਕਰ, ਧੁੜਕੂ ਕੱਢ ਦਿਲੋਂ..!" ਬਖਤੌਰ ਨੇ ਆਪਣੇ ਵੱਲੋਂ ਪੂਰੀ ਹਿੱਕ ਠੋਕ ਦਿੱਤੀ।

ਹਨੀ ਦਾ ਰਿਸ਼ਤਾ ਰਮਣੀਕ ਨਾਲ਼ ਪੱਕਾ ਹੋ ਗਿਆ।

ਪਹਿਲੀ ਨੂੰਹ ਤੋਂ ਸਤੇ ਪ੍ਰੀਵਾਰ ਨੇ ਇਕ-ਦੋ ਨਸੀਹਤਾਂ ਫਿਰ ਹਨੀ ਦੇ ਪਿਉ ਸਾਹਮਣੇ ਬਖਤੌਰ ਦੀ ਹਾਜ਼ਰੀ ਵਿਚ ਰੱਖੀਆਂ। ਜੋ ਬਿਨਾ ਕਿਸੇ ਹੀਲ-ਹੁੱਜਤ ਤੋਂ ਪ੍ਰਵਾਨ ਕਰ ਲਈਆਂ ਗਈਆਂ। ਮੈਰਿਜ ਪੈਲਿਸ ਵਿਚ ਇਕ ਸਾਦਾ ਜਿਹਾ ਵਿਆਹ ਹੋਇਆ ਅਤੇ ਹਨੀ ਅਤੇ ਰਮਣੀਕ ਹਫ਼ਤੇ ਲਈ ਹਨੀਮੂਨ 'ਤੇ ਚਲੇ ਗਏ। ਹਨੀਮੂਨ ਤੋਂ ਬਾਅਦ ਉਹਨਾਂ ਨੇ ਦਿੱਲੀ ਜਾ ਕੇ ਹਨੀ ਦੇ ਵੀਜ਼ੇ ਬਾਰੇ ਅਰਜ਼ੀ ਦੇ ਦਿੱਤੀ ਅਤੇ ਹਫ਼ਤੇ ਕੁ ਬਾਅਦ ਹਨੀ ਦੀ ਇੰਟਰਵਿਊ ਹੋਈ ਅਤੇ ਹਨੀ ਦਾ ਇੰਗਲੈਂਡ ਦਾ ਵੀਜ਼ਾ ਲੱਗ ਗਿਆ। ਇੰਟਰਵਿਊ ਕੋਈ ਬਹੁਤੀ ਮੁਸ਼ਕਿਲ ਜਾਂ ਗੁੰਝਲ਼ਦਾਰ ਨਹੀਂ ਸੀ। ਹਨੀ ਦੇ ਘਰਵਾਲ਼ੇ ਦੇ ਤਲਾਕ ਦੇ ਕਾਗਜ਼ ਸਾਹਮਣੇ ਸਨ। ਹਨੀ ਅਤੇ ਰਮਣੀਕ ਦੇ ਵਿਆਹ ਦੇ ਕਾਗਜ਼ ਗਵਾਹ ਸਨ। ਹਨੀ ਅਤੇ ਰਮਣੀਕ ਦੇ ਵਿਆਹ ਦਾ ਸਬੂਤ ਅੰਬੈਸੀ ਦੇ ਅਫ਼ਸਰ ਦੇ ਕੋਲ ਸੀ, ਵੀਜ਼ੇ ਵੱਲੋਂ ਨਾਹ ਕਿਵੇਂ ਕਰਦਾ...? ਹਨੀ ਨੂੰ ਬਿਨਾਂ ਕਿਸੇ ਵਿਸ਼ੇਸ਼ ਉਪਰਾਲੇ ਦੇ ਵੀਜ਼ਾ ਮਿਲ਼ ਗਿਆ।

ਇੰਗਲੈਂਡ ਜਾਣ ਤੋਂ ਪਹਿਲਾਂ ਹਨੀ ਇਕ ਵਾਰ ਜੱਸੀ ਨੂੰ ਮਿਲਣਾ ਚਾਹੁੰਦੀ ਸੀ। ਪਰ ਉਸ ਨੂੰ ਲੱਭਦੀ ਕਿੱਥੋਂ..? ਇਹ ਇਕ ਵੱਡਾ ਸੁਆਲ ਸੀ..! ਇਕ ਵਾਰ ਦਿਲ 'ਤੇ ਚੜ੍ਹਿਆ ਜੱਸੀ ਹਨੀ ਦੇ ਦਿਲ ਤੋਂ ਲਹਿ ਨਹੀਂ ਰਿਹਾ ਸੀ। ਹਨੀ ਦੀ ਇੰਗਲੈਂਡ ਜਾਣ ਦੀ ਤਿਆਰੀ ਜੰਗੀ ਪੱਧਰ 'ਤੇ ਸ਼ੁਰੂ ਹੋ ਗਈ ਸੀ।

ਰਮਣੀਕ ਹਰ ਰੋਜ਼ ਹੀ ਉਸ ਨੂੰ ਖ਼ਰੀਦਾ ਫ਼ਰੋਖ਼ਤੀ ਲਈ ਸ਼ਹਿਰ ਲੈ ਜਾਂਦਾ। ਪਰ ਹਨੀ ਦਾ ਜ਼ਖ਼ਮੀ ਦਿਲ ਤਾਂ ਜੱਸੀ ਦੀ ਯਾਦ ਵਿਚ ਰੁਲ਼ਿਆ ਪਿਆ ਸੀ। ਜੇ ਰਮਣੀਕ ਉਸ ਨੂੰ ਕੁਝ ਖ਼ਰੀਦਣ ਲਈ ਆਖਦਾ ਤਾਂ ਉਹ 'ਹਾਂ-ਹੂੰ' ਕਰ ਕੇ ਕੰਨ ਮੁੱਢ ਮਾਰ ਛੱਡਦੀ। ਉਸ ਦੀ ਕਿਸੇ ਚੀਜ਼ ਖ਼ਰੀਦਣ ਨੂੰ ਵੱਢੀ ਰੂਹ ਨਾ ਕਰਦੀ। ਬੱਸ ਇਕ ਕੱਠਪੁਤਲੀ ਵਾਂਗ ਰਮਣੀਕ ਦੇ ਨਾਲ਼ ਤੁਰੀ ਫਿਰਦੀ। ਜੱਸੀ ਉਸ ਦੀ ਰੂਹ ਵਿਚ, ਉਸ ਦੇ ਦਿਲ ਵਿਚ ਬਰਫ਼ ਵਾਂਗ ਜੰਮਿਆਂ ਪਿਆ ਸੀ। "ਪਹਿਲਾ ਪਿਆਰ ਇਨਸਾਨ ਨੂੰ ਸਾਰੀ ਜ਼ਿੰਦਗੀ ਨਹੀਂ ਭੁੱਲਦਾ...!" ਕਾਲਜ ਵਿਚ ਕਿਸੇ ਕੁੜੀ ਦੇ ਆਖੇ ਲਫ਼ਜ਼ ਉਸ ਦੇ ਸੀਨੇ ਦਾ ਤਪਾੜ ਬਣ ਜਾਂਦੇ ਅਤੇ ਉਹ ਵਾਰ ਵਾਰ ਇਸ ਲਫ਼ਜ਼ ਨੂੰ ਅੰਦਰੋ ਅੰਦਰੀ, ਦਿਲ ਵਿਚ ਹੀ ਦੁਹਰਾਉਂਦੀ ਕਿ ਪਹਿਲਾ ਪਹਿਲਾ ਪਿਆਰ ਇਨਸਾਨ ਨੂੰ ਜ਼ਿੰਦਗੀ ਵਿਚ ਵਾਕਿਆ ਹੀ ਨਹੀਂ ਭੁੱਲਦਾ..!

ਹਨੀ ਦੀ ਇੰਗਲੈਂਡ ਜਾਣ ਦੀ ਤਿਆਰੀ ਹੋ ਗਈ।

ਅੱਜ ਉਸ ਦੀ ਫ਼ਲਾਈਟ ਸੀ। ਬੇਬੇ ਨੇ ਧੀ ਨੂੰ ਹਿੱਕ ਨਾਲ਼ ਲਾ ਕੇ ਪਿਆਰ ਦਿੱਤਾ ਅਤੇ ਵੈਰਾਗ ਵਿਚ ਰੋ ਪਈ। ਚਾਹੇ ਉਹਨਾਂ ਨੇ ਪਿੰਡਾਂ ਵਿਚ ਬੜੀ ਨਮੋਸ਼ੀ ਸਿਰਫ਼ ਅਤੇ ਸਿਰਫ਼ ਹਨੀ ਕਰਕੇ ਹੀ ਝੱਲੀ ਸੀ। ਪਰ ਫਿਰ ਵੀ ਮਾਂ ਦੇ ਆਪਣੇ ਢਿੱਡ ਦੀ ਅੱਗ ਸੀ। ਤਨ ਦੀ ਆਂਦਰ ਸੀ, ਦਿਲੋਂ ਕਿਵੇਂ ਵਿਸਾਰਦੀ...? ਬੁੱਕਣ ਅਤੇ ਬਾਪੂ ਨੇ ਹਨੀ ਨੂੰ ਰਮਣੀਕ ਹੋਰਾਂ ਦੇ ਨਾਲ਼ ਦਿੱਲੀ ਏਅਰਪੋਰਟ 'ਤੇ ਛੱਡਣ ਜਾਣਾ ਸੀ। ਬੁੱਕਣ ਰਮਣੀਕ ਦੇ ਬਹਾਨੇ ਅੱਜ 'ਰੂੜੀ-ਮਾਰਕਾ' ਦਾ ਨਹੀਂ, ਵਿਸਕੀ ਦਾ ਪਹਿਲਾਂ ਹੀ ਪ੍ਰਬੰਧ ਕਰੀ ਫਿਰਦਾ ਸੀ।

-"ਵਾਟ ਲੰਮੀ ਐਂ ਯਾਰ..! ਸਫ਼ਰ ਕਿਮੇ ਪੂਰਾ ਹੋਊ..? ਦਾਰੂ ਬਿਨਾ ਤਾਂ ਆਪਣੇ ਝੱਗੇ ਲਹਿ ਜਾਣਗੇ...!" ਉਹ ਡਰਾਈਵਰ ਨੂੰ ਆਖ ਰਿਹਾ ਸੀ।

ਬੁੱਕਣ ਅਤੇ ਰਮਣੀਕ ਸਾਰੇ ਰਾਹ ਹੀ ਪੀਂਦੇ ਆਏ ਸਨ। ਰਸਤੇ ਵਿਚੋਂ ਉਹਨਾਂ ਨੇ 'ਰੈੱਡ-ਨਾਈਟ' ਦੀ ਇਕ ਬੋਤਲ ਹੋਰ ਲਈ ਸੀ।

ਦਿੱਲੀ ਏਅਰਪੋਰਟ 'ਤੇ ਅੰਦਰ ਵੜਨ ਲੱਗੀ ਹਨੀ ਨੂੰ ਬਾਪੂ ਨੇ ਇਕ ਪਾਸੇ ਕਰ ਲਿਆ। ਉਹ ਸੁਆਲਾਂ ਦੀ ਮੂਰਤ ਬਣੀ ਬਾਪੂ ਕੋਲ਼ ਆ ਗਈ।

-"ਕੀ ਗੱਲ ਐ ਬਾਪੂ..?" ਹਨੀ ਅਤੀਅੰਤ ਹੈਰਾਨ ਸੀ।

-"ਦੋ ਕਿੱਲੇ ਫੂਕ ਕੇ ਤੇਰਾ ਵਿਆਹ ਕੀਤੈ ਹਨੀ..! ਸਾਨੂੰ ਨਾ ਦਿਲੋਂ ਭੁਲਾਦੀਂ..! ਘਰ ਦਾ ਮਾੜਾ ਜਿਆ ਖ਼ਿਆਲ ਰੱਖੀਂ..! ਜੇ ਹੋ ਸਕਿਆ ਤਾਂ ਆਪਣੇ ਬੁੱਕਣ ਸਿਉਂ ਨੂੰ ਵੀ ਬਾਹਰ ਈ ਖਿੱਚ ਲਈਂ, ਤੇ ਨਹੀਂ ਘਰ ਦਾ ਖਿਆਲ ਜਰੂਰ ਰੱਖੀਂ, ਬਾਕੀ ਤੂੰ ਆਪ ਸਿਆਣੀ ਐਂ, ਪੜੀ ਲਿਖੀ ਐਂ..! ਜਾਹ ਰੱਬ ਤੇਰਾ ਭਲਾ ਕਰੇ...!" ਤੇ ਹਨੀ ਕਈ ਸੁਆਲਾਂ ਵਿਚ ਉਲ਼ਝ ਏਅਰਪੋਰਟ ਅੰਦਰ ਚਲੀ ਗਈ। ਦਾਰੂ ਪੀਤੀ ਵਿਚ ਬੁੱਕਣ ਦਾ ਸਿਰ ਪਲੋਸਣ ਦਾ ਚਾਅ ਵਿਚ ਹੀ ਰਹਿ ਗਿਆ ਸੀ।

ਇੰਗਲੈਂਡ ਦੀ ਧਰਤੀ ਹਨੀ ਲਈ ਅਤੀਅੰਤ ਓਪਰੀ ਧਰਤੀ ਸੀ। ਬੇਗਾਨੀ ਜਿਹੀ ਦੁਨੀਆਂ...! ਮਤਲਬੀ ਜਿਹਾ ਮਾਹੌਲ...! ਅਤੀ ਅੰਤ ਮਸ਼ਰੂਫ਼ ਲੋਕ...! ਇਕ ਦੂਜੇ ਤੋਂ ਅੱਗੇ ਲੰਘਣ ਦੀ ਅਮੁੱਕ ਦੌੜ..! ਹਰ ਕੋਈ ਆਪਣੇ ਕਾਰਜ ਲਈ ਸੁਚੇਤ...! ਇਕ ਗੱਲ ਹਨੀ ਨੂੰ ਜੋ ਸਭ ਤੋਂ ਵੱਧ ਹੈਰਾਨ ਕਰਨ ਵਾਲ਼ੀ ਸੀ, ਉਹ ਇਹ ਸੀ ਕਿ ਇੱਥੇ ਤਾਂ ਲੋਕ ਮਰੇ ਇਨਸਾਨ ਦੀਆਂ ਅੰਤਿਮ ਰਸਮਾਂ ਵੀ ਐਤਵਾਰ ਨੂੰ ਹੀ ਪੂਰੀਆਂ ਕਰਦੇ ਸਨ..! ਮਸ਼ੀਨਾਂ ਨਾਲ਼ ਮਸ਼ੀਨ ਹੋਈ ਦੁਨੀਆਂ..! ਇਕ ਤਰ੍ਹਾਂ ਨਾਲ਼ ਤੁਰਦੀਆਂ ਫਿਰਦੀਆਂ ਕੱਠਪੁਤਲੀਆਂ...! ਤੇਜ਼ ਰੌਸ਼ਨੀਆਂ ਵਿਚ ਖੋਖਲ਼ੇ ਹੋਏ ਦਿਮਾਗ ਅਤੇ ਮਾਰਗੇਜਾਂ ਦੇ 'ਬੋਡੇ' ਕੀਤੇ ਦੇਸੀ ਲੋਕ..! ਹਰ ਰੋਜ਼ ਰਿਸ਼ਤਿਆਂ ਦੀ ਹੁੰਦੀ ਦੁਰਗਤੀ...! ਮਾਂ ਬਾਪ ਤੋਂ ਮੁੱਖ ਮੋੜ ਚੱਲੀ ਅਗਲੀ ਪੀੜ੍ਹੀ...! ਗੋਹਾ ਪੱਥਦੀਆਂ ਆਈਆਂ ਅਨਪੜ੍ਹ ਔਰਤਾਂ ਵੱਲੋਂ ਪੰਜਾਬੀ ਭੁੱਲ ਅੰਗਰੇਜ਼ੀ ਭਾਸ਼ਾ ਦੀ ਕੀਤੀ ਜਾਂਦੀ ਖੁਰਵੱਢ...! ਹੋਰ ਤਾਂ ਹੋਰ ਇੱਥੇ ਆ ਕੇ ਤਾਂ ਅਨਪੜ ਪੰਜਾਬੀਆਂ ਨੇ ਅੰਗਰੇਜ਼ੀ ਦੀ ਅਹੀ-ਤਹੀ ਫੇਰ ਮਾਰੀ ਸੀ...। 'ਵਿੰਡੋ' ਨੂੰ 'ਬਿੰਡਾ' ਅਤੇ 'ਸੰਡੇ' ਨੂੰ 'ਸੰਢਾ' ਬਣਾ ਧਰਿਆ ਸੀ।

ਦੋ ਕੁ ਹਫ਼ਤੇ ਰਮਣੀਕ ਨੇ ਹਨੀ ਨੂੰ ਇੰਗਲੈਂਡ ਵਿਚ ਵਾਹਵਾ ਘੁੰਮਾ ਫਿਰਾ ਦਿੱਤਾ ਸੀ। ਰਿਸ਼ਤੇਦਾਰਾਂ ਨਾਲ ਮੇਲ਼-ਗੇਲ਼ ਕਰਵਾ ਦਿੱਤਾ ਸੀ। ਰਮਣੀਕ ਆਪ ਖ਼ੁਦ ਡਿਪਲੋਮੈਟ ਸਕਿਊਰਿਟੀ ਵਿਚ ਸਕਿਊਰਿਟੀ

ਅਫ਼ਸਰ ਸੀ। ਉਸ ਨੇ ਜਾਣ ਪਹਿਚਾਣ ਹੋਣ ਕਾਰਨ ਹਨੀ ਨੂੰ ਹੀਥਰੋ ਏਅਰਪੋਰਟ 'ਤੇ ਸਫ਼ਾਈ ਦੀ ਨੌਕਰੀ ਲੈ ਦਿੱਤੀ। ਕਾਲਜਾਂ ਵਿਚ ਐਸ਼ ਕਰਦੀ ਆਈ ਹਨੀ ਨੂੰ ਇਕ ਵਾਰ ਤਾਂ ਸਫ਼ਾਈ ਦੀ ਨੌਕਰੀ ਸੁਣ ਕੇ ਗਸ਼ ਪੈਣ ਵਾਲ਼ੀ ਹੋ ਗਈ। ਪਰ ਮਿਸਜ਼ ਢਿੱਲੋਂ ਦੀ ਗੱਲ ਸੁਣ ਕੇ ਉਸ ਦਾ ਦਿਲ ਕੁਝ ਟਿਕਾਣੇ ਆ ਗਿਆ।

-"ਗੱਲ ਸੁਣ ਹਨੀ..! ਐਥੇ ਤਾਂ ਕੈਮਿਸਟਾਂ ਤੋਂ ਲੈ ਕੇ ਮਾਸਟਰਾਂ ਤੱਕ ਸਫ਼ਾਈ ਕਰਦੇ ਐ..! ਹੋਰ ਤਾਂ ਹੋਰ, ਇਕ ਤੈਨੂੰ ਮੈਂ ਸੱਚੀ ਦੱਸਾਂ..?"

-".......।" ਹਨੀ ਚੁੱਪ ਚਾਪ ਸੁਣ ਰਹੀ ਸੀ।

-"ਅਮਰਜੀਤ ਦੀ ਘਰਆਲ਼ੀ ਨੇ ਪੀ. ਐੱਚ. ਡੀ. ਕੀਤੀ ਹੋਈ ਐ, ਤੇ ਉਹ ਭੈਣ ਮੇਰੀਏ ਐਥੇ ਤੇਰੇ ਆਲ਼ੇ ਏਅਰਪੋਰਟ 'ਤੇ ਈ ਟੁਐਲਟਾਂ ਸਾਫ਼ ਕਰਦੀ ਐ..! ਐਥੇ ਭੈਣੇ ਕੰਮ ਦਾ ਕੋਈ ਮਿਹਣਾ ਨ੍ਹੀ..! ਵਲੈਤ ਜਾਂ ਤਾਂ ਭੈਣ ਮੇਰੀਏ ਢੰਗ ਦੀ ਤੇ ਜਾਂ ਨੰਗ ਦੀ..! ਜੇ ਥੋਡੇ ਕੋਲ਼ੇ ਚਾਰ ਪੈਸੇ ਹੈਗੇ ਆ, ਤਾਂ ਥੋਡੀ ਐਸ਼ ਐ, ਤੇ ਨਹੀਂ ਤਾਂ ਐਥੇ ਤਾਂ ਥੋਨੂੰ ਕਿਸੇ ਅਨਪੜ੍ਹ ਨੇ ਨ੍ਹੀ ਸਿੱਧੇ ਮੂੰਹ ਨਾਲ਼ ਬੁਲਾਉਣਾਂ..! ਦੁਨੀਆਂ ਭੈਣ ਮੇਰੀਏ ਐਥੇ ਬੜੀ ਦੂਰ ਲੰਘੀ ਵੀ ਐ..! ਆਬਦਾ ਅੱਖਾਂ ਮੀਚ ਕੇ ਤੇ ਕੰਨ ਬੰਦ ਕਰਕੇ ਕੰਮ ਕਰ..! ਐਥੇ ਤੈਨੂੰ ਕਿਸੇ ਨੇ ਨ੍ਹੀ ਪੁੱਛਣਾ ਬਈ ਕਿੰਨਾਂ ਕੁ ਪੜ੍ਹੀ ਐਂ, ਕਿੰਨਾਂ ਨਹੀਂ..? ਤੇਰੇ ਕੋਲ਼ੇ ਚਾਰ ਪੈਸੇ ਹੋਣਗੇ ਤਾਂ ਲੋਕ ਤੈਨੂੰ ਸਲਾਮਾਂ ਕਰਨਗੇ..! ਤੇ ਨਹੀਂ ਭੈਣ ਮੇਰੀਏ ਤੇਰੀ ਐਥੇ ਕਿਸੇ ਨੇ ਬਾਤ ਨ੍ਹੀ ਪੁੱਛਣੀ..! ਐਥੇ ਤਾਂ ਆਬਦੇ ਨ੍ਹੀ ਕਿਸੇ ਨੂੰ ਬੁਲਾਉਂਦੇ..! ਆਬਦਾ ਅੱਖਾਂ ਮੀਚ ਕੇ ਕੰਮ ਕਰ, ਜਦੋਂ ਚਾਰ ਪੈਸੇ ਜੇਬ 'ਚ ਪੈਣ ਲੱਗ ਪਏ, ਆਪੇ ਕੰਮ 'ਚ ਦਿਲ ਲੱਗਣ ਲੱਗ ਪਊ, ਦਿਲ ਲਾ ਕੇ ਕੰਮ ਕਰ...!" ਮਿਸਜ਼ ਢਿੱਲੋਂ ਨੇ ਆਖਿਆ ਸੀ। ਉਸ ਦੀਆਂ ਗੱਲਾਂ ਕੋਰੀਆਂ ਜ਼ਰੂਰ ਸਨ, ਪਰ ਸੱਚੀਆਂ ਸਨ। ਇਕ ਤਰ੍ਹਾਂ ਨਾਲ਼ ਜ਼ਮਾਨੇ ਦਾ ਕੌੜਾ ਸੱਚ...!

ਹਨੀ ਨੂੰ ਅੰਗਰੇਜ਼ੀ ਗੁਜ਼ਾਰੇ ਜੋਗੀ ਆਉਂਦੀ ਹੀ ਸੀ। ਪਰ ਗੋਰਿਆਂ ਦੀ ਅੰਗਰੇਜ਼ੀ ਦਾ ਉਚਾਰਣ ਉਸ ਦੇ ਸਿਰ ਉਪਰੋਂ ਦੀ ਲੰਘ ਜਾਂਦਾ। ਰਮਣੀਕ ਨੇ ਉਸ ਨੂੰ ਅੰਗਰੇਜ਼ੀ ਸਿੱਧੀ ਕਰਨ ਲਈ ਇਕ "ਅਡੱਲਟ ਟਰੇਨਿੰਗ ਸੈਂਟਰ" ਵਿਚ ਦਾਖ਼ਲਾ ਲੈ ਦਿੱਤਾ। ਹਨੀ ਸਵੇਰੇ ਛੇ ਤੋਂ ਦੋ ਵਜੇ ਤੱਕ, ਅੱਠ ਘੰਟੇ ਦੀ ਡਿਊਟੀ ਕਰਦੀ ਅਤੇ ਸ਼ਾਮ ਨੂੰ ਦੋ ਘੰਟੇ ਸੈਂਟਰ ਜਾ ਆਉਂਦੀ। ਉਸ ਦੀ ਅੰਗਰੇਜ਼ੀ ਨਿੱਖਰਨੀ ਸ਼ੁਰੂ ਹੋ ਗਈ। ਗੋਰਿਆ ਦੀ ਅੰਗਰੇਜ਼ੀ ਦਾ ਉਚਾਰਣ ਸਮਝ ਆਉਣ ਲੱਗ ਪਿਆ। ਕਾਲਿਜ ਵਿਚ ਅੰਗਰੇਜ਼ੀ ਦਾ ਲੱਗਿਆ ਜਾਗ ਹੁਣ ਰਿੜਕਣ 'ਤੇ ਆਇਆ ਪਿਆ ਸੀ। ਕੰਮ 'ਤੇ ਉਸ ਦਾ ਅੰਗਰੇਜ਼ੀ ਨਾਲ਼ ਵਾਹ ਪੈਂਦਾ ਸੀ ਅਤੇ ਟਰੇਨਿੰਗ ਸੈਂਟਰ ਵਾਲ਼ਿਆਂ ਨੇ ਉਸ ਨੂੰ ਟਰੇਂਡ ਕਰ ਦਿੱਤਾ ਸੀ। ਹੁਣ ਹਨੀ ਅੰਗਰੇਜ਼ੀ ਵਿਚ ਲੱਗਭੱਗ ਮਾਰ ਨਹੀਂ ਖਾਂਦੀ ਸੀ। ਹੁਣ ਉਹ ਏਅਰਪੋਰਟ ਦੇ ਦੇਸੀ ਅਤੇ ਅੰਗਰੇਜ਼ੀ ਤੋਂ ਸੱਖਣੇ ਕਰਮਚਾਰੀਆਂ ਵਿਚ ਪੜ੍ਹੀ ਲਿਖੀ ਵੱਜਣ ਲੱਗ ਪਈ ਸੀ। ਇਕ ਤਰ੍ਹਾਂ ਨਾਲ਼ ਅੰਨ੍ਹੀਆਂ ਵਿਚ ਕਾਣੀ ਰਾਣੀ...! ਹੁਣ ਅੜੇ ਥੁੜੇ ਦੇਸੀ ਬੀਬੀਆਂ ਹਨੀ ਨੂੰ ਅਵਾਜ਼ ਮਾਰ ਲੈਂਦੀਆਂ ਅਤੇ ਆਪਣਾ ਅੰਗਰੇਜ਼ੀ ਖੁਣੋਂ ਅੜਿਆ ਕੰਮ ਕਢਵਾ ਲੈਂਦੀਆਂ। ਹਨੀ ਵੀ ਕਿਸੇ ਨੂੰ ਜਵਾਬ ਨਹੀਂ ਦਿੰਦੀ ਸੀ। ਰਹਿਮ ਕਰਨ ਵਾਲ਼ੀ ਕੁੜੀ ਸੀ। ਇਸ ਲਈ ਹਨੀ ਦੀ ਏਅਰਪੋਰਟ ਕਰਮਚਾਰੀਆਂ ਵਿਚ 'ਭੱਲ' ਜਿਹੀ ਬਣ ਗਈ ਸੀ। ਉਹ ਦਿਲ ਲਾ ਕੇ ਕੰਮ ਕਰਦੀ। ਹੁਣ ਉਸ ਨੇ ਕੰਪਿਊਟਰ ਸਿੱਖਣਾ ਵੀ ਸ਼ੁਰੂ ਕਰ ਦਿੱਤਾ ਸੀ। ਪਰ ਏਅਰਪੋਰਟ ਉਪਰ ਬਾਪੂ ਦੀ ਆਖੀ ਗੱਲ ਉਸ ਦੇ ਮਨ ਵਿਚ ਖੌਰੂ ਪਾਉਣ ਲੱਗ ਜਾਦੀ। ਬਾਪੂ ਨੇ ਕੋਈ ਬੁਰੀ ਗੱਲ ਵੀ ਨਹੀਂ ਕਹੀ ਸੀ। ਮੇਰੇ ਵਿਆਹ ਲਈ, ਮੇਰੇ ਸੁਖ ਲਈ ਹੀ ਤਾਂ ਬਾਪੂ ਨੇ ਦੋ ਕਿੱਲੇ ਫੂਕੇ ਸਨ..? ਨਹੀਂ ਕਿਹੜਾ ਬਾਪ ਆਪਦੇ ਪੁੱਤਾਂ ਦਾ ਵੈਰੀ ਬਣਦੈ...? ਇਹ ਤਾਂ ਬੁੱਕਣ ਹੀ ਸਿਆਣਾ ਸੀ, ਜਿਸ ਨੇ ਪੈਲ਼ੀ ਗਹਿਣੇ ਕਰਦੇ ਬਾਪੂ ਨੂੰ ਰੋਕਿਆ ਨਹੀਂ ਸੀ..। ਨਹੀਂ ਤਾਂ ਜੱਟ ਦਾ ਪੁੱਤ ਮੁਕੱਦਮੇ 'ਤੇ ਲੱਖ ਲਾ ਦਿੰਦੈ, ਪਰ ਆਪਣਾ ਸਿਆੜ ਨਹੀਂ ਹੱਥੋਂ ਛੱਡਦਾ..। ਪਰ ਬਾਪੂ ਨੇ ਕਿਹੜਾ ਕੋਈ ਅਲੈਹਦਾ ਕਾਰਜ ਕੀਤਾ ਸੀ...? ਸਾਰੀ ਦੁਨੀਆਂ ਹੀ ਆਪਣੇ ਧੀਆਂ ਪੁੱਤਾ ਨੂੰ ਵਿਆਹੁੰਦੀ ਆਈ ਹੈ...? ਜੇ ਬਾਪੂ ਨੇ ਮੈਨੂੰ ਜੰਮਿਆਂ ਤਾਂ ਉਸ ਦਾ ਕੋਈ ਫ਼ਰਜ਼ ਵੀ ਬਣਦਾ ਹੈ...? ਵਿਆਹ ਵਾਲ਼ਾ ਬਾਪੂ ਦਾ ਫ਼ਰਜ਼ ਸੀ...। ਉਹ ਉਸ ਨੇ ਨਿਭਾਅ ਦਿੱਤਾ...। ਹਰ ਮਾਪਾ ਆਪਣੇ ਧੀ-ਪੁੱਤ ਦਾ ਕਾਰਜ ਕਰਦਾ ਹੈ..? ਪਰ ਜੇ ਹਰ ਮਾਂ ਬਾਪ ਦਾ ਬੱਚੇ ਪ੍ਰਤੀ ਕਾਰਜ ਕਰਨ ਦਾ ਫ਼ਰਜ਼ ਬਣਦਾ

ਹੈ, ਤਾਂ ਬੱਚੇ ਦਾ ਵੀ ਕੋਈ ਫ਼ਰਜ਼ ਹੁੰਦਾ ਹੈ ਕਿ ਮਾਂ-ਬਾਪ ਦੀ ਮੱਦਦ ਕਰੇ...? ਪਰ ਧੀ ਤਾਂ ਕੋਈ ਵਿਆਹੀ ਜਾਣ ਤੋਂ ਬਾਅਦ ਮਾਂ-ਬਾਪ ਨੂੰ ਖੁਆਉਂਦੀ ਨਹੀਂ ਦੇਖੀ...? ਇਹ ਫ਼ਰਜ਼ ਤਾਂ ਪੁੱਤਾਂ ਦਾ ਹੀ ਹੁੰਦਾ ਹੈ...! ਜੇ ਪੁੱਤ ਬਾਪ ਦੀ ਜਾਇਦਾਦ ਦੇ ਵਾਰਿਸ ਹਨ ਤਾਂ ਉਹਨਾਂ ਦਾ ਹੀ ਫ਼ਰਜ਼ ਬਣਦਾ ਹੈ ਕਿ ਬਾਪੂ ਦਾ ਹੱਥ ਵਟਾਉਣ ਤੇ ਉਹਨਾਂ ਨੂੰ ਸਾਂਭਣ...? ਧੀਆਂ ਤਾਂ ਬਿਗਾਨਾ ਧਨ ਹੁੰਦੀਆਂ ਨੇ...! ਇਹ ਤਾਂ ਵਿਆਹੀਆਂ ਜਾਣ ਤੋਂ ਬਾਅਦ ਸਹੁਰਿਆਂ ਦੀਆਂ ਹੁੰਦੀਐਂ...!

ਅਜਿਹੀਆਂ ਗੱਲਾਂ ਹਨੀ ਦੇ ਦਿਮਾਗ ਅੰਦਰ ਵਦਾਣ ਬਣ ਕੇ ਵੱਜਦੀਆਂ ਰਹਿੰਦੀਆਂ। ਪਰ ਉਸ ਨੇ ਬਾਪੂ ਨੂੰ ਮੋਹ-ਵੈਰਾਗ਼ ਵਿਚ ਇਕ ਖ਼ਤ ਲਿਖ ਕੇ ਏਅਰਪੋਰਟ ਤੋਂ ਹੀ ਪੋਸਟ ਕਰ ਦਿੱਤਾ, "ਮੈਂ ਤੇਰੀ ਧੀ ਨਹੀਂ ਬਾਪੂ, ਤੇਰਾ ਪੁੱਤ ਹਾਂ...! ਮੈਂ ਤੈਨੂੰ ਪੁੱਤ ਬਣ ਕੇ ਦਿਖਾਊਂਗੀ...! ਤੂੰ ਕਿਸੇ ਗੱਲ ਦੀ ਚਿੰਤਾ ਨਾ ਕਰੀਂ...!" ਉਸ ਨੇ ਦਿਲ ਵਿਚ ਧਾਰ ਲਿਆ ਸੀ ਕਿ ਉਹ ਬਾਪੂ ਦੀ ਦਿਲ ਖੋਲ੍ਹ ਕੇ ਆਰਥਿਕ ਮੱਦਦ ਕਰੇਗੀ! ਪਰ ਗੁਰਬਾਣੀ ਦਾ ਕਥਨ, ਕਿ ਜੋ ਬਾਪ ਧੀ ਦਾ ਪੈਸਾ ਖਾਂਦੈ, ਉਹ ਵਾਰ ਵਾਰ ਜੰਮਦਾ, ਮਰਦਾ ਅਤੇ ਜਮਦੂਤਾਂ ਦੇ ਕਰੋਧ ਦਾ ਸ਼ਿਕਾਰ ਹੀ ਹੁੰਦੈ..! ਪਰ ਸਾਰੇ ਲੋਕ ਕਿਹੜਾ ਗੁਰਬਾਣੀ ਦੇ ਆਧਾਰ 'ਤੇ ਹੀ ਚੱਲਦੇ ਹਨ...? ਜੇ ਬੰਦਾ ਗੁਰਬਾਣੀ ਦੇ ਆਧਾਰ 'ਤੇ ਚੱਲੇ, ਸਾਰਾ ਜੱਗ ਦੇਵਤਿਆਂ ਦਾ ਨਾ ਬਣ ਜਾਵੇ...? ਪਰ ਮੇਰਾ ਸਹੁਰਾ ਪ੍ਰੀਵਾਰ ਕੀ ਸੋਚੂ...? ਰਮਣੀਕ ਕੀ ਆਖੇਗਾ...? ਪਰ ਸਹੁਰੇ ਪ੍ਰੀਵਾਰ ਨੂੰ ਕਿਹੜਾ ਮੈਂ ਪਤਾ ਲੱਗਣ ਦੇਣੈਂ...? ਚੁੱਪ ਚਾਪ ਬਾਪੂ ਨੂੰ ਚੈੱਕ ਬਣਾ ਕੇ ਤੋਰ ਦਿਆ ਕਰਨੈਂ..! ਚੱਲੋ ਜੀ, ਖਾਣਗੇ ਪੀਣਗੇ ਤੇ ਐਸ਼ਾਂ ਕਰਨਗੇ...! ਪਰ ਦੁਨੀਆਂ ਦਾ ਦਸਤੂਰ ਇਹ ਇਜਾਜ਼ਤ ਨਹੀਂ ਦਿੰਦਾ ਹਨੀ, ਕਿ ਵਿਆਹ ਮਗਰੋਂ ਵੀ ਕਮਾਈ ਕਰਕੇ ਪੇਕਿਆਂ ਨੂੰ ਖੁਆਈ ਜਾਓ..? ਪਰ ਦੁਨੀਆਂ ਦਾ ਕੀ ਐ...? ਦੁਨੀਆਂ ਨੂੰ ਜਾਣਦੀ ਐ ਮੇਰੀ ਜੁੱਤੀ..! ਮੈਂ ਬਾਪੂ ਨੂੰ ਪੁੱਤ ਬਣ ਕੇ ਦਿਖਾਉਣੈਂ..! ਇਹ ਵਿਚਾਰ ਹਨੀ ਦੇ ਮਨ ਵਿਚ ਖ਼ਰੂਦ ਕਰਦੇ ਰਹਿੰਦੇ!

ਹਨੀ ਨੇ ਕੰਪਿਊਟਰ ਦਾ ਕੋਰਸ ਪੂਰਾ ਕਰ ਕੇ ਸਰਟੀਫ਼ਿਕੇਟ ਹਾਸਲ ਕਰ ਲਿਆ। ਹੁਣ ਉਸ ਦਾ ਕੰਪਿਊਟਰ 'ਤੇ ਵੀ ਹੱਥ ਵਾਹਵਾ ਚੱਲ ਪਿਆ ਸੀ ਅਤੇ ਕੰਪਿਊਟਰ ਦੀ ਤਕਨੀਕ ਬਾਰੇ ਸਮਝ ਆ ਗਈ ਸੀ। ਗੱਲ ਕੀ, ਹੁਣ ਉਹ ਹਰ ਖ਼ੇਤਰ ਵਿਚ ਵਾਹੋਦਾਹ ਮੱਲਾਂ ਮਾਰਦੀ ਜਾ ਰਹੀ ਸੀ। ਅੰਗਰੇਜ਼ੀ ਜੇ ਅਜੇ ਫ਼ਰਾਟੇਦਾਰ ਨਹੀਂ ਬੋਲਦੀ ਸੀ, ਤਾਂ ਅੰਗਰੇਜ਼ੀ ਪੱਖੋਂ ਛੇਤੀ ਕੀਤੇ ਮਾਰ ਵੀ ਨਹੀਂ ਖਾਂਦੀ ਸੀ। ਰਮਣੀਕ ਅਤੇ ਹਨੀ ਦੇ ਦਿਨ ਤੀਆਂ ਵਾਂਗ ਲੰਘ ਰਹੇ ਸਨ। ਰਮਣੀਕ ਹਨੀ ਨੂੰ ਕਈ ਵਾਰ ਬੱਚੇ ਬਾਰੇ ਬਾਤ ਜਿਹੀ ਪਾ ਚੁੱਕਿਆ ਸੀ। ਪਰ ਹਨੀ ਨੇ ਕੰਨ ਮੁੱਢ ਮਾਰ ਛੱਡਿਆ, "ਐਡੀ ਵੀ ਕੀ ਕਾਹਲ਼ੀ ਐ ਰੰਮੀਂ..? ਮੈਂ ਕਿਤੇ ਭੱਜ ਤਾਂ ਨ੍ਹੀ ਚੱਲੀ..? ਬੱਚਾ ਵੀ ਹੋ ਜਾਊ..!" ਆਖ ਕੇ ਹਨੀ ਨੇ ਗੱਲ ਹਾਸੇ ਵਿਚ ਪਾ ਲਈ। ਰਮਣੀਕ ਨੂੰ ਕਈ ਵਾਰ ਹਨੀ 'ਤੇ ਸ਼ੱਕ ਜਿਹਾ ਹੁੰਦਾ। ਕਿਉਂਕਿ ਉਸ ਦੀ ਪਹਿਲੀ ਘਰਵਾਲ਼ੀ ਦੇ ਵਸਣ ਦੇ ਕੋਈ ਚਾਲੇ ਨਹੀਂ ਸਨ। ਇਸ ਲਈ ਉਸ ਨੇ ਰਮਣੀਕ ਦੇ ਪੂਰਾ ਜੋਰ ਪਾਉਣ 'ਤੇ ਵੀ ਬੱਚਾ ਨਹੀਂ ਜੰਮਿਆਂ ਸੀ। ਇਸ ਲਈ ਸ਼ੱਕੀ ਹੋਇਆ ਰਮਣੀਕ ਹਨੀ 'ਤੇ ਵੀ ਸ਼ੱਕ ਜਿਹੀ ਕਰਨ ਲੱਗ ਪੈਂਦਾ। ਪਰ ਫਿਰ ਆਪਣੇ ਮਨ ਦਾ ਵਹਿਮ ਸਮਝ ਕੇ ਹੀ ਅੱਖੋਂ ਪਰੋਖੇ ਕਰ ਦਿੰਦਾ। ਸਕਿਊਰਿਟੀ ਦੀ ਕੰਨਟੀਨ ਵਿਚ ਕੰਮ ਵਾਲ਼ੇ ਯਾਰ ਮਿੱਤਰ ਉਸ ਨੂੰ ਮਿਹਣੇ ਜਿਹੇ ਮਾਰਦੇ।

-"ਉਏ ਰੰਮੀਂ..! ਕਿੰਨਾਂ ਚਿਰ ਹੋ ਗਿਆ ਵਿਆਹ ਕਰਵਾਏ ਨੂੰ, ਭਰਜਾਈ ਕੋਈ ਜੁਆਕ ਜੱਲਾ ਜੰਮੂੰ ਕਿ ਨਹੀਂ..? ਅਸੀਂ ਤਾਂ ਯਾਰ ਨਿੱਤ ਪਾਰਟੀ ਉਡੀਕਦੇ ਐਂ, ਤੇ ਤੂੰ ਆਲ਼ੇ ਕੌਡੀ ਛਿੱਕੇ ਕੌਡੀ ਈ ਕਰ ਛੱਡਦੈਂ...?" ਫ਼ੌਜੀ ਗ਼ਿਲਾ ਕਰਦਾ।

-"ਕਿਤੇ ਬਾਈ ਸਿਆਂ ਤੇਰੇ ਤਾਂ ਨ੍ਹੀ ਦੀਵੇ 'ਚੋਂ ਤੇਲ ਮੁੱਕ ਗਿਆ...?" ਹਰਚੰਦ ਟੱਲੇਆਲ਼ੀਆ ਨਵੀਂ ਹੀ ਗੱਲ ਸੁਣਾਉਂਦਾ ਤਾਂ ਰਮਣੀਕ ਨੂੰ ਆਪਣੇ ਆਪ 'ਤੇ ਸ਼ੱਕ ਜਿਹਾ ਹੋਣ ਲੱਗਦਾ।

-"ਜੇ ਕੋਈ ਗੱਲ ਐ ਤਾਂ ਦੱਸਦੇ...? ਕੋਈ ਹਰਜ ਮਰਜ ਕਰੀਏ..!" ਜੈਤੋ ਵਾਲ਼ਾ ਸਾਧੂ ਵੀ ਪਿੱਛੇ ਨਾ ਰਹਿੰਦਾ।

-"ਉਏ ਕਾਹਨੂੰ ਮਗਜਮਾਰੀ ਕਰੀ ਜਾਨੇ ਐਂ..? ਅੱਜ ਕੱਲ੍ਹ ਦੀਆਂ ਕੁੜੀਆਂ ਆਪਣੇ ਆਲ਼ੀਆਂ

ਅਰਗੀਆਂ ਪਸ਼ੂ ਨ੍ਹੀ ਬਈ ਵਿਆਹ ਕਰਵਾਇਆ, ਤੇ ਪੱਪੂ ਕਾਕੇ ਜੰਮ ਕੇ ਢੇਰ ਲਾਅਤੇ..! ਅੱਜ ਕੱਲ੍ਹ ਦੀਆਂ ਤਾਂ ਭਾਈ ਜ਼ਿੰਦਗੀ ਦਾ ਲੁਤਫ਼ ਲੈਂਦੀਐਂ..! ਕਿਉਂ ਬਈ..?" ਕਾਮਰੇਡ ਖਰੀ ਸੁਣਾਉਂਦਾ।

-"ਉਏ ਸਰ ਆਪਣਾ ਵੀ ਜਾਂਦਾ ਜੁਆਕਾਂ ਵੱਲੋਂ..! ਪਰ ਕੁੜੀ ਯ੍ਹਾਵੇ ਦੀਆਂ ਦੂਜੀਆਂ ਬੁੜ੍ਹੀਆਂ ਈ ਨ੍ਹੀ ਟਿਕਣ ਦਿੰਦੀਆਂ..! ਐਵੇਂ ਈ ਨਿੱਤ ਪੁੱਛੀ ਜਾਣਗੀਆਂ, ਕਿਉਂ ਕੁੜ੍ਹੇ? ਹੋਈ ਕੋਈ ਮੈਦਵਾਰੀ..? ਲੈ ਦੱਸੋ..? ਬਈ ਤੁਸੀਂ ਖੁਸਰੇ ਨਚਾਉਣੇ ਐਂ? ਅਗਲੀ ਨਹੀਂ ਜੰਮਦੀ ਨਾ ਜੰਮੇ..! ਤੁਸੀਂ ਮੱਲੋਮੱਲੀ ਤਾਂ ਨ੍ਹੀ ਖੁਰੜੇ ਖਿੱਚਣੇ..?" ਹਰਚੰਦ ਪਤਾ ਨਹੀਂ ਕਿਸ ਨੂੰ ਖਿਝ ਕੇ ਆਖਦਾ।

-"ਉਏ ਰੰਡੀਆਂ ਤਾਂ ਰੰਡ ਕੱਟ ਲੈਣ ਸਾਥੀ, ਪਰ ਉਂਗਲਾਂ ਆਲ਼ੇ ਈ ਨ੍ਹੀ ਕੱਟਣ ਦਿੰਦੇ...!"

-"ਉਏ ਗੱਲ ਬਾਈ ਹੋਰ ਐ-!" ਲੋਪੋ ਵਾਲ਼ਾ ਜੁਗਰਾਜ ਫ਼ੌਜੀ ਬੋਲਿਆ।

ਸਾਰੇ ਉਸ ਵੱਲ ਤੱਕਣ ਲੱਗ ਪਏ। ਜਿਵੇਂ ਕਾਣਾਂ ਬੋਕ ਤੁੱਕਿਆਂ ਵੱਲ ਝਾਕਦੈ!

-"ਐਥੋਂ ਦੇ ਜੰਮੇ ਜੁਆਕ ਵੀ ਸਾਲ਼ੇ ਨਾ ਹੋਇਆਂ ਅਰਗੇ ਐ...!"

-"ਲੈ ਫ਼ੌਜੀਆ ਐਥੋਂ ਦੇ ਜੁਆਕਾਂ ਦੀ ਸੁਣਲੈ..!"

-"ਆਪਣਾ ਦਰਸ਼ਣ ਐਂ ਨਾ...?"

-"ਕਿਹੜਾ ਦਰਸ਼ਣ...?"

-"ਦਰਸ਼ਣ ਯਾਰ, ਯਾਰ ਆਪਣਾ, ਬੱਕਰੀਆਂ ਆਲ਼ਾ...!"

-"ਅੱਛਾ..? ਆਹੋ..!"

-"ਉਹਦੇ ਜੁਆਕ ਐ ਪੰਜ..। ਤੇ ਜੇ ਉਹਨੂੰ ਕੋਈ ਪੁੱਛੂ ਬਈ ਜੁਆਕ ਕਿੰਨੇ ਐਂ ਬਾਈ, ਤਾਂ ਪਤੈ ਕੀ ਜਬਾਬ ਦਿੰਦੈ..?"

-"ਕੀ...?" ਸਾਰਿਆਂ ਨੇ ਹਲ਼ਕ ਛੁੱਟਣ ਵਾਂਗ ਪੁੱਛਿਆ।

-"ਆਖੂ ਦੋ ਜੁਆਕ ਐ..!"

-"ਉਹ ਕਿਉਂ ਬਈ...?"

-"ਤੂੰ ਸੁਣ ਤਾਂ ਸਹੀ..! ਇਕ ਦਿਨ ਮੈਂ ਵੀ ਡਰਦੇ ਜੇ ਨੇ ਪੁੱਛ ਲਿਆ, ਬਈ ਬਾਈ ਜੁਆਕ ਤੇਰੇ ਪੰਜ ਐ, ਤੇ ਦੱਸਦਾ ਤੂੰ ਸਿਰਫ਼ ਦੋ ਐਂ? ਕਾਰਨ ਸਮਝ ਨ੍ਹੀ ਆਇਆ..? ਮੈਨੂੰ ਬਣਾ ਸੁਆਰ ਕੇ ਪਤਾ ਕੀ ਕਹਿੰਦਾ...?"

-"ਕੀ ਕਹਿੰਦਾ..?"

-"ਕਹਿੰਦਾ ਬਾਈ ਜੁਆਕ ਤਾਂ ਮੇਰੇ ਪੰਜ ਈ ਐ..! ਪਰ ਤਿੰਨ ਜੁਆਕ ਸਾਲ਼ੇ ਅਠਾਰਾਂ ਸਾਲ ਤੋਂ ਉਪਰ ਹੋ ਗਏ..! ਮਤਲਬ ਬਾਲਗ ਹੋ ਗਏ...! ਕੀ ਪਤੈ ਹੁਣ ਕਦੋਂ ਕਿੱਧਰ ਨੂੰ ਉਡਾਰੀ ਮਾਰ ਜਾਣ...? ਇਸ ਕਰਕੇ ਆਖੀਦੈ ਬਈ ਜੁਆਕ ਮੇਰੇ ਦੋ ਈ ਐ..! ਤੇ ਵੀਰ ਮੇਰਿਆ ਅਗਲੇ ਸਾਲ ਸਮਝਲਾ ਇੱਕੋ ਈ ਰਹਿ ਜਾਣੈਂ, ਕਿਉਂਕਿ ਛੋਟਿਓਂ ਵੱਡੇ ਨੇ ਵੀ ਅਠਾਰਾਂ ਸਾਲ ਦਾ ਹੋ ਜਾਣੈਂ..! ਲੈ ਆਹ ਉਹਦੀਆਂ ਪਤੰਦਰ ਦੀਆਂ ਗੱਲਾਂ ਤੇ ਆਹ ਬਾਤਾਂ..!"

-"ਗੱਲ ਤਾਂ ਉਹਦੀ ਵੀ ਸਹੀ ਐ ਯਾਰ..! ਕੋਈ ਝੂਠ ਨੀ..! ਐਥੋਂ ਦੇ ਜੰਮੇ-ਪਲ਼ੇ ਜੁਆਕ ਸਾਲ਼ੇ ਪੰਛੀਆਂ ਅਰਗੇ ਐ..! ਜਦੋਂ ਅੱਖਾਂ ਜੀਆਂ ਖੁੱਲ੍ਹੀਆਂ, ਸੁਰਤ ਆਈ, ਉਡਾਰੀ ਮਾਰ ਗਏ...! ਨਾ ਪਿਉ ਦਾ ਫ਼ਿਕਰ, ਨਾ ਮਾਂ ਦੀ ਚਿੰਤਾ..!"

ਸਕਿਉਰਿਟੀ ਦੀ ਕੰਨਟੀਨ ਵਿਚ ਰੌਣਕ ਲੱਗੀ ਰਹਿੰਦੀ।

## ਕਾਂਡ 7

ਰਮਣੀਕ ਚਾਹੇ ਹਨੀ ਤੋਂ ਦਸ ਸਾਲ ਵੱਡਾ ਹੀ ਸੀ। ਪਰ ਸੀ ਬਹੁਤ ਸਾਊ ਮੁੰਡਾ..! ਉਸ ਨੇ ਹਨੀ ਨੂੰ ਕਦੇ ਵੀ ਸ਼ੱਕ ਦੀ ਨਜ਼ਰ ਨਾਲ਼ ਨਾ ਦੇਖਿਆ। ਹਾਲਾਂ ਕਿ ਹਨੀ ਉਸ ਤੋਂ ਦਿਨ-ਬਦਿਨ ਬੇਪ੍ਰਵਾਹ ਹੀ ਹੁੰਦੀ ਜਾ ਰਹੀ ਸੀ। ਦੋ ਕੁ ਲੱਖ ਰੁਪਈਆ ਉਸ ਨੇ ਓਵਰਟਾਈਮ ਲਾ ਕੇ ਰਮਣੀਕ ਤੋਂ ਚੋਰੀ ਆਪਣੇ ਬਾਪ ਨੂੰ ਭੇਜ ਦਿੱਤਾ ਸੀ ਅਤੇ ਹਦਾਇਤ ਕੀਤੀ ਸੀ ਕਿ ਉਸ ਦੇ ਭੇਜੇ ਪੈਸਿਆਂ ਬਾਰੇ ਕਿਸੇ ਨੂੰ ਭੇਦ ਤੱਕ ਨਾ ਲੱਗੇ ਅਤੇ ਨਾ ਹੀ ਕਿਸੇ ਚਿੱਠੀ ਵਿਚ ਪੈਸੇ ਭੇਜਣ ਦਾ ਕੋਈ ਵੇਰਵਾ ਪਾਇਆ ਜਾਵੇ..! ਬਜੁਰਗ ਬੜਾ ਖ਼ੁਸ਼ ਸੀ। ਸੋਨੇ ਦਾ ਅੰਡਾ ਦੇਣ ਵਾਲ਼ੀ ਧੀ ਹੁਣ ਚਾਲ਼ੀ-ਪੰਜਾਹ ਹਜ਼ਾਰ ਰੁਪਏ ਤੋਂ ਘੱਟ ਚੈੱਕ ਹੀ ਨਹੀਂ ਭੇਜਦੀ ਸੀ। ਉਸ ਦੀਆਂ ਤਾਂ ਲਹਿਰਾਂ ਬਹਿਰਾਂ ਹੋ ਗਈਆਂ ਸਨ। ਪੂਰੀਆਂ ਪੌਂ ਬਾਰਾਂ..! ਦਸ ਕਿੱਲਿਆਂ ਦੇ ਮਾਲਕ ਜ਼ਿਮੀਦਾਰ ਨੂੰ ਸਾਲ ਵਿਚ ਮਸਾਂ ਹੱਡ ਗੋਡੇ ਰਗੜਾ ਕੇ ਅਤੇ ਰਾਤਾਂ ਝਾਕ ਕੇ ਮਸਾਂ ਚਾਲ਼ੀ-ਪੰਜਾਹ ਹਜ਼ਾਰ ਪੱਲੇ ਪੈਂਦਾ ਸੀ। ਤੇ ਇਧਰ ਹਨੀ ਧੀ ਨੇ ਤਾਂ ਹਰ ਦੂਜੇ ਤੀਜੇ ਮਹੀਨੇ ਚਾਲ਼ੀ-ਪੰਜਾਹ ਹਜ਼ਾਰ ਸੁੱਟਣਾਂ ਸ਼ੁਰੂ ਕਰ ਦਿੱਤਾ ਸੀ। ਹਨੀ ਮਸ਼ੀਨ ਬਣ ਪੈਸੇ ਸੁੱਟਣ ਲੱਗ ਪਈ ਸੀ..। ਹੁਣ ਤਾਂ ਹਨੀ ਦਾ ਪਿਉ ਸ਼ਹਿਰ ਹੀ ਰਹਿੰਦਾ ਸੀ ਅਤੇ ਸ਼ਾਮ ਨੂੰ ਆਉਣ ਲੱਗਿਆ ਉਹ ਅੰਗਰੇਜ਼ੀ ਦਾ ਪਊਆ ਵੀ ਅੰਦਰ ਸੁੱਟਦਾ ਸੀ। ਆਂਢ ਗੁਆਂਢ ਦੀ ਜ਼ਮੀਨ 'ਤੇ ਵੀ ਉਸ ਨੇ ਅੱਖ ਜਿਹੀ ਰੱਖਣੀ ਸ਼ੁਰੂ ਕਰ ਦਿੱਤੀ। ਸਿਆਣੇ ਆਖਦੇ ਹਨ ਕਿ ਜੀਹਦੇ ਘਰ ਦਾਣੇਂ ਉਹਦੇ ਕਮਲ਼ੇ ਵੀ ਸਿਆਣੇਂ..! ਅੱਗੇ ਤਾਂ ਬਜੁਰਗ ਦੀਆਂ ਬੂਦਾਂ ਹੀ ਸਪੋਲ਼ੀਏ ਬਣੀਆਂ ਅੱਘੜ ਦੁਘੜੀ ਪੱਗ 'ਚੋਂ ਬਾਹਰ ਜੀਭਾਂ ਕੱਢਦੀਆਂ ਰਹਿੰਦੀਆਂ। ਪਰ ਹੁਣ ਤਾਂ ਬਾਪੂ ਹਰ ਰੋਜ ਨਹਾ ਧੋ ਕੇ ਸਰੀਰ ਨੂੰ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨ ਲੱਗ ਪਿਆ ਸੀ। ਉਸ ਦੀ ਮੂਲ਼ੀ ਵਰਗੀ ਧੌਣ ਬੋਹੜ ਦੇ ਮੁੱਛ ਵਾਂਗ ਫ਼ੈਲਰਦੀ ਜਾ ਰਹੀ ਸੀ। ਮੁਫ਼ਤ ਦੀ ਕਮਾਈ...! ਨਾ ਕੋਈ ਫ਼ਿਕਰ ਨਾ ਫ਼ਾਕਾ...!

ਹੁਣ ਉਹ ਬੁੱਕਣ ਨੂੰ ਵੀ ਕੌੜਨ ਲੱਗ ਪਿਆ ਸੀ। ਬੁੱਕਣ ਨਲਾਇਕ ਸੀ, ਜਿਹੜਾ ਕਮਾਈ ਨਹੀਂ ਕਰਦਾ ਸੀ। ਪਰ ਧੀ ਤਾਂ ਬਲ਼ਦ ਵਰਗੀ ਕਮਾਊ ਨਿਕਲ਼ੀ ਸੀ। ਹਨੀ ਦੀਆਂ ਪਿਛਲੀਆਂ ਸਾਰੀਆਂ ਕਰਤੂਤਾਂ ਭੁੱਲ ਭੁਲਾ ਕੇ ਬਜੁਰਗ ਧੀ ਨੂੰ ਮਨ ਅੰਦਰ ਹੀ ਥਾਪੀਆਂ ਦਿੰਦਾ ਰਹਿੰਦਾ। ਸਤਯੁਗੀ ਧੀ ਆਖਦਾ। ਕਮਾਊ ਧੀ ਨੇ ਤਾਂ ਪੇਕੇ ਘਰ ਵਿਚ ਬਾਪੂ ਦੀਆਂ ਪੰਜੇ ਹੀ ਘਿਉ ਵਿਚ ਅਤੇ ਸਿਰ ਕੜਾਹੀ 'ਚ ਪੈਂਦਾ ਕਰ ਦਿੱਤਾ ਸੀ। ਬਾਪੂ ਨੇ ਪੁਰਾਣੇ ਖਣ ਢਾਹ ਕੇ ਬੜਾ ਵਧੀਆ ਕੋਠੀ ਵਰਗਾ ਘਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਬੂਝੜ ਜਿਹੇ ਜੱਟ ਬੁੱਕਣ ਲਈ ਰਿਸ਼ਤਿਆਂ ਵਾਲ਼ੇ ਗੇੜੇ ਦੇਣ ਲੱਗ ਪਏ ਸਨ। ਲੋਕਾਂ ਦੇ ਮਨ ਵਿਚ ਸੀ ਕਿ ਭੈਣ ਇੰਗਲੈਂਡ ਹੈ, ਮੁੰਡੇ ਨੂੰ ਵੀ ਹੌਲ਼ੀ ਹੌਲੀ ਖਿੱਚ ਲਵੇਗੀ! ਜੇ ਨਾ ਵੀ ਖਿੱਚੂ, ਘਰ ਬਾਰ ਤਾਂ ਵਧੀਆ ਹੈ, ਕੁੜੀ ਭੁੱਖੀ ਨਹੀਂ ਮਰਦੀ।

ਕੋਠੀ ਪੈਣੀ ਸ਼ੁਰੂ ਹੋਈ ਸੁਣ ਕੇ ਇਕ ਦਿਨ ਬਖਤੌਰ ਨੇ ਆ ਕੇ ਹਨੀ ਦੇ ਬਾਪੂ ਮੀਹਾਂ ਸਿਉਂ ਨੂੰ ਠੁੰਕਰਿਆ। ਲੋਕ ਮੂੰਹੋਂ ਮੂੰਹ ਭਾਂਤ ਭਾਂਤ ਦੀਆਂ ਗੱਲਾਂ ਕਰ ਰਹੇ ਸਨ।

-"ਪਿੰਡ ਦਾ ਪਤਾ ਮੀਹਾਂ ਸਿਆਂ ਪਿੰਡ ਦਿਆਂ ਗਹੀਰਿਆਂ ਤੋਂ ਲੱਗ ਜਾਂਦੈ..! ਜਿਹੜੀ ਗੱਲ ਰਮਣੀਕ ਦਾ ਪਿਉ ਜੋਰਾ ਸਿਉਂ ਆਪਣੇ ਨਾਲ਼ ਕਾਰਮ ਕੇ ਗਿਆ ਸੀ, ਕਿਤੇ ਉਹੀ ਗੱਲ ਤਾਂ ਨ੍ਹੀ ਬੀਤੀ ਜਾਂਦੀ..? ਕਿਤੇ ਕੁੜੀ ਮਨੀਆਡਰ ਤਾਂ ਨ੍ਹੀ ਭੇਜਣ ਲੱਗਪੀ...? ਦੁੱਧ ਤੇ ਬੁੱਧ ਫ਼ਟਦੀ ਦਾ ਵੀਰ ਮੇਰਿਆ ਪਤਾ ਨ੍ਹੀ ਲੱਗਦਾ..!" ਬਖਤੌਰ ਨੇ ਪੈਂਦੀ ਕੋਠੀ ਵੱਲ ਘੋਖ਼ਵੀਂ ਨਜ਼ਰ ਮਾਰ ਕੇ ਪੁੱਛਿਆ ਤਾਂ ਮੀਹਾਂ ਸਿਉਂ ਝੇਂਪ ਜਿਹਾ ਗਿਆ। ਜਿਵੇਂ ਚੋਰ ਪਾੜ ਵਿਚ ਫ਼ੜਿਆ ਗਿਆ ਸੀ। ਪਰ ਉਹ ਸੰਭਲ਼ ਗਿਆ। ਘਬਰਾਉਣਾ ਬੇਵਕੂਫ਼ੀ ਸੀ।

-"ਨਹੀਂ ਬਖਤੌਰਿਆ..! ਉਹ ਗੱਲ ਨ੍ਹੀ ਜਿਹੜੀ ਤੂੰ ਸੋਚਦੈਂ...!"

-"ਹੋਰ ਗੱਲ ਕੀ ਐ..? ਮੈਨੂੰ ਤਾਂ ਦਾਲ਼ 'ਚ ਕੁਛ ਕਾਲ਼ਾ ਲੱਗਦੈ..? ਉਹ ਨਾ ਹੋਵੇ ਬਈ ਕੁੜੀ ਵੀ ਉਜਾੜ ਲਈਏ ਤੇ 'ਲਾਕੇ 'ਚ ਮੂੰਹ ਵੀ ਕਾਲ਼ਾ ਹੋਵੇ..? ਲੋਕਾਂ ਨੇ ਮੂੰਹ ਛਿੱਤਰ ਦੇਣੋਂ ਨ੍ਹੀ ਹਟਣਾ..! ਸਿਆਣੇ

ਆਖਦੇ ਹੁੰਦੇ ਐ, ਘਰ ਆਬਦਾ ਉੱਜੜਦੈ ਤੇ ਫ਼ਿੱਟ੍ਹੇ ਮੂੰਹ ਲੋਕ ਦਿੰਦੇ ਐ..! ਬਚ ਕੇ ਮੋੜ ਤੋਂ ਮੀਹਾਂ ਸਿਆਂ..!" ਬਖਤੌਰ ਆਪਣੇ ਪਾਲ਼ੇ ਤੋਂ ਡਰਦਾ ਸੀ।

-"ਉਹ ਸਲਾਬਤਪੁਰੇ ਆਲ਼ੀ ਮਾਸੀ ਸੀ ਨਾ, ਬਚਨੀ..?" ਮੀਹਾਂ ਸਿਉਂ ਨੇ ਹੱਥੋਂ ਤਿਲ੍ਹਕਦੀ ਜਾਂਦੀ ਗੱਲ ਬੋਚੀ।

-"ਆਹੋ..!"

-"ਉਹ ਬੇਬੇ ਦੀ ਭੈਣ ਬਣੀ ਵੀ ਸੀ...! ਉਹਦੇ ਜੁਆਕ ਜੱਲਾ ਹੈਨ੍ਹੀ ਸੀ ਕੋਈ, ਤੈਨੂੰ ਪਤਾ ਈ ਐ...? ਉਹਦਾ ਹਿੱਸਾ ਮਿਲ਼ਿਐ ਆਪਾਂ ਨੂੰ...! ਮੈਂ ਸੋਚਿਆ ਹੋਰ ਕੰਮ ਬਾਅਦ 'ਚ ਕਰਾਂਗੇ, ਪਹਿਲਾਂ ਘਰ ਦਾ ਮੂੰਹ ਮੱਥਾ ਬਣਾ ਲਈਏ..? ਨਾਲ਼ੇ ਸਹੁਰੀ ਕੁੜੀ ਵੀ ਤੁਖਣਾਂ ਦੇਣੋਂ ਨ੍ਹੀ ਟਲ਼ਦੀ, ਅਖੇ ਅਸੀਂ ਥੋਡੇ ਐਹੋ ਜੇ ਘਰ 'ਚ ਨ੍ਹੀ ਆਉਣਾ..! ਅਖੇ ਮੈਨੂੰ ਤਾਂ ਸ਼ਰਮ ਆਊ, ਪਹਿਲਾਂ ਘਰ ਦਾ ਮੂੰਹ ਮੱਥਾ ਸਿੱਧਾ ਕਰੋ...!"

-"ਹੈ ਸਹੁਰੀ ਕਮਲ਼ੀ..! ਐਸੇ ਘਰ 'ਚੋਂ ਈ ਗਈ ਐ..? ਹੁਣ ਇਹਨੂੰ ਸ਼ਰਮ ਵੀ ਆਉਣ ਲੱਗਪੀ..? ਸਹੁਰੀਆਂ ਪੈਰ ਦੇਖ ਕਿੰਨੀ ਛੇਤੀ ਛੱਡਦੀਐਂ..! ਬਈ ਸਹੁਰੀਏ, ਅਸੀਂ ਸਾਰੀ ਉਮਰ ਐਹਨਾਂ ਮਕਾਨਾਂ 'ਚ ਈ ਕੱਢਤੀ..? ਜੇ ਵਲੈਤ ਨਾ ਵਿਆਹੀ ਜਾਂਦੀ, ਫੇਰ..? ਪਰ ਮੀਹਾਂ ਸਿਆਂ, ਕੁੜੀ ਦੇ ਆਖੇ ਲੱਗ ਕੇ ਆਬਦਾ ਝੁੱਗਾ ਚੌੜ ਨਾ ਕਰਵਾਲੀਂ...! ਅਜੇ ਤਾਂ ਬੁੱਕਣ ਸਿਉਂ ਵੀ ਵਿਆਹੁੰਣ ਆਲ਼ਾ ਪਿਐ...! ਜਿਵੇਂ ਆਂਹਦੇ ਹੁੰਦੇ ਐ ਬਈ ਅੱਗਾ ਦੌੜ ਤੇ ਪਿੱਛਾ ਚੌੜ ਨਾ ਕਰਲੀਂ..!"

-"ਉਹ ਤਾਂ ਮੈਨੂੰ ਪਤੈ ਬਖਤੌਰ ਸਿਆਂ-!" ਮੀਹਾਂ ਸਿਉਂ ਨੂੰ ਕੋਈ ਟਿਕਾਣੇ ਦੀ ਗੱਲ ਔੜੀ।

ਚਾਹ ਪਾਣੀ ਪੀ ਕੇ ਅਤੇ ਸਮਝੌਤੀਆਂ ਜਿਹੀਆਂ ਦੇ ਕੇ ਬਖਤੌਰ ਚਲਾ ਗਿਆ। ਪਰ ਉਸ ਦੇ ਮਨ ਵਿਚ ਸ਼ੱਕ ਦਾ ਪਾੜ ਵਧਦਾ ਗਿਆ ਸੀ ਅਤੇ ਮੀਹਾਂ ਸਿਉਂ ਨੇ ਵੀ ਉਸ ਦੀ ਕੋਈ ਗੱਲ ਨਹੀਂ ਗੌਲ਼ੀ ਸੀ।

ਉਹ ਆਪਣੇ ਆਪ ਨਾਲ਼ ਬੱਕੜਵਾਹ ਕਰਦਾ ਜਾ ਰਿਹਾ ਸੀ।

-"ਲੈ ਹੁਣ ਸਾਲ਼ੇ ਦੇ ਰੱਬ ਯਾਦ ਨ੍ਹੀ ਰਿਹਾ..! ਬਈ ਸਾਲ਼ਿਆ ਧੀਆਂ ਦੀ ਕਮਾਈ ਖਾ ਕੇ ਤੂੰ ਨਰਕ 'ਚ ਈ ਜਾਵੇਂਗਾ..? ਕੋਈ ਸਮਾਂ ਸੀ, ਲੋਕ ਧੀਆਂ ਦੇ ਘਰ ਦਾ ਪਾਣੀ ਨ੍ਹੀ ਸੀ ਪੀਂਦੇ..! ਹੁਣ ਮੇਰੇ ਸਾਲ਼ੇ ਧੀਆਂ ਦੀ ਕਮਾਈ ਨਾਲ਼ ਬਿੱਲੀਆਂ ਬੁਲਾਉਂਦੇ ਐ, ਬਾਘੀਆਂ ਪਾਉਂਦੇ ਐ...! ਹੋਰ ਤਾਂ ਹੋਰ, ਇਹ ਧੌਲ਼ਦਾਹੜ੍ਹੀਆ ਕੁੜੀ ਦਾ ਘਰ ਵੀ ਉਜਾੜੂ..! ਪਿਆ ਚੂਕੂ ਮੰਜੇ 'ਤੇ..! ਕਿਸੇ ਭੈਣ ਚੋਦ ਨੇ ਬਾਤ ਨਹੀ ਪੁੱਛਣੀ..! ਨਾਲ਼ੇ ਦੁਨੀਆਂ ਮੂੰਹ 'ਚ ਛਿੱਤਰ ਦਿਊ...! ਪਰ ਕਲਯੁਗ ਐ ਬਖਤੌਰ ਸਿਆਂ, ਕਲਯੁਗ...! ਅੱਜ ਕੱਲ੍ਹ ਪਾਪੀ ਐਸ਼ ਕਰਦੇ ਐ ਤੇ ਧਰਮੀ ਬੰਦੇ ਖਾਂਦੇ ਐ ਗੇੜੇ..! ਪਰ ਇਹ ਮੇਰਾ ਸਾਲ਼ਾ ਕੁੜੀ ਦਾ ਘਰ ਜਰੂਰ ਉਜਾੜੂ...! ਕੁੜੀ ਦਾ ਛਕਦਾ ਇਹ ਜਰੂਰ ਐ...! ਦੱਸੇ, ਚਾਹੇ ਨਾ ਦੱਸੇ...! ਸੱਚ ਕਿਤੇ ਗੁੱਝਾ ਰਹਿੰਦੈ...? ਅਖੇ ਸਲਾਬਤਪੁਰੇ ਆਲ਼ੀ ਮਾਸੀ ਦੀ ਜ਼ਮੀਨ 'ਚੋਂ ਹਿੱਸਾ ਮਿਲ਼ਿਐ...! ਉਹ ਰਾਮਪੁਰੇ ਫੂਲ ਆਲ਼ੀ ਸਰਦਾਰਨੀ ਸੀ ਨ੍ਹਾ ਸਲਾਬਤਪੁਰੇ ਆਲ਼ੀ ਮਾਸੀ...? ਜਿਹੜੀ ਟਾਟੇ ਆਲ਼ੀ ਢੇਰੀ ਛੱਡਗੀ ਮਗਰ ਇਹਦੀ ਖਾਤਰ...? ਬਹੁੜ੍ਹੀ ਉਏ..! ਲੋਕ ਕਿਵੇਂ ਗਧਿਆਂ ਨੂੰ ਯੈਂਹਣ ਸਿਖਾਉਂਦੇ ਐ..? ਸਾਲ਼ਾ ਸਾਰੀ ਉਮਰ ਸਾਡੀ ਜੂਠ ਖਾਂਦਾ ਖਾਂਦਾ, ਹੁਣ ਸਾਨੂੰ ਮੱਤਾਂ ਦਿੰਦੈ..! ਚੱਲ ਬਖਤੌਰ ਸਿਆਂ, ਤੂੰ ਕਾਹਨੂੰ ਔਖਾ ਹੁੰਨੈ..? ਜੀਹਦਾ ਢਿੱਡ ਦੁਖੂ, ਆਪੇ 'ਲਾਜ ਕਰਾਊ..! ਤੂੰ ਕਾਹਨੂੰ ਕਲਪਦੈਂ...? ਪਰ ਇਕ ਗੱਲ ਐ, ਇਹ ਧੀ ਦੇ ਘਰ ਨੂੰ ਲਾਂਬੂ ਜਰੂਰ ਲਾਊ ਸਾਲ਼ਾ ਕਲ਼ਯੁਗੀ..! ਇਹਨੂੰ ਧੀ ਦੀ ਮੁਖ਼ਤ ਦੀ ਕਮਾਈ ਖਾਣ ਦਾ ਸੁਆਦ ਪੈ ਗਿਐ...! ਹੁਣ ਇਹਦੇ ਮੂੰਹ ਨੂੰ ਕੁੱਤੇ ਮਾਂਗੂੰ ਲਹੂ ਲੱਗ ਚੁੱਕਿਐ, ਤੇ ਇਹ ਲਹੂ ਮਾੜਾ ਹੁੰਦੈ ਬਖ਼ਤੌਰ ਸਿਆਂ...! ਇਹਨੂੰ ਹੁਣ ਇਹ ਛੇਤੀ ਨ੍ਹੀ ਛੱਡ ਸਕਦਾ...! ਇਹਦੀ ਲਾਸ਼ ਨੂੰ ਕਿਸੇ ਨੇ ਦਾਗ ਨ੍ਹੀ ਦੇਣ ਆਉਣਾ, ਮੇਰਾ ਸਾਲ਼ਾ ਨਰਕਾਂ 'ਚ ਪਿਆ ਵੀ ਸੜੂ..! ਬਾਬੇ ਨਾਨਕ ਨੇ ਹੱਕ ਪਰਾਇਆ ਨਾਨਕਾ - ਉਸ ਸੂਅਰ ਉਸ ਗਾਇ ਕਿਹੈ..! ਇਹ ਧੀ ਦੇ ਘਰ ਦਾ ਖਾ ਕੇ ਜਾਊ ਕਿੱਥੇ...? ਪ੍ਰੇਤ ਬਣੂੰ..! ਐਹੋ ਜੇ ਬੇਈਮਾਨ ਨੂੰ ਤਾਂ ਦੋਹੀਂ ਜਹਾਨੀ ਢੋਈ ਨ੍ਹੀ ਮਿਲ਼ਦੀ..! ਇਹ ਧੀ ਧਿਆਣੀ ਦਾ ਬਿਗਾਨਾ ਹੱਕ ਛਕਣ ਵਾਲ਼ੇ ਰੱਬ ਦੇ ਸ਼ਰੀਕ ਐ..! ਬਈ ਸਾਲ਼ਿਆ ਕੁੜੀ ਦੀ ਤਾਂ ਮੂੜ੍ਹ ਮੱਤ ਐ, ਤੂੰ ਤਾਂ ਧੌਲ਼ੀ ਦਾਹੜ੍ਹੀ ਆਲ਼ਾ ਚੌਰਾ, ਸਿਆਣੈਂ..? ਤੂੰ ਤਾਂ ਕੁਛ ਅਕਲ ਕਰ...! ਸਾਲ਼ਾ ਜਾਗਦਿਆਂ ਨੂੰ ਪੈਂਦੀਂ ਪਾਈ ਜਾਂਦੈ ਕੰਜਰ..!" ਬਖਤੌਰ

'ਕੱਲਾ ਹੀ ਗੱਲਾਂ ਕਰਦਾ ਜਾ ਰਿਹਾ ਸੀ।

ਉਧਰ ਮੀਹਾਂ ਸਿਉਂ ਖਿਝਿਆ ਬੈਠਾ ਬਖਤੌਰ ਨੂੰ ਕੋਰੜੇ ਛੰਦ ਸੁਣਾਈ ਜਾ ਰਿਹਾ ਸੀ।

-"ਲੈ ਦੁਨੀਆਂ ਦਾ ਕੀ ਕਰੀਏ..? ਪੈਸਾ ਮੇਰੀ ਧੀ ਦਾ, ਖਾਂਦਾ ਮੈਂ ਐਂ, ਬਈ ਤੇਰੇ ਕੀ ਸੂਲ਼ ਹੁੰਦੈ...? ਤੂੰ ਆਬਦਾ ਘਰੇ ਬਹਿ ਕੇ ਰੱਬ ਰੱਬ ਕਰ..! ਘਰ ਉਜੜੂ ਮੇਰੀ ਕੁੜੀ ਦਾ ਉਜੜੂ...! ਤੂੰ ਮੇਰੀ ਕੁੜੀ ਦਾ...ਮੇਰੇ ਮੂੰਹੋਂ ਕੁਛ ਹੋਰ ਈ ਨਿਕਲ਼ ਚੱਲਿਆ ਸੀ...! ਅਖੇ 'ਲਾਕੇ 'ਚ ਮੂੰਹ ਕਾਲ਼ਾ ਹੋਊ..! ਕਿਸੇ ਮਰਾਸੀ ਦੇ ਮੁੰਡੇ ਨੇ ਮਰਾਸੀ ਨੂੰ ਕਿਹਾ ਸੀ ਅਖੇ ਬਾਪੂ, ਆਪਣਾ ਸਾਰਾ ਪਿੰਡ ਤੈਨੂੰ ਟਿੱਚ ਜਾਣਦੈ, ਤੇ ਮਰਾਸੀ ਕਹਿੰਦਾ ਫ਼ਿਕਰ ਨਾ ਕਰ ਪੁੱਤ...! ਮੈਂ 'ਕੱਲਾ ਈ ਸਾਰੇ ਪਿੰਡ ਨੂੰ ਟਿੱਚ ਜਾਣਦੈਂ..! ਮੈਂ 'ਲਾਕੇ ਦੀ ਕਤੀਹੜ੍ਹ ਨੂੰ ਕੀ ਸਮਝਦੈਂ...? ਭੈਣ ਦੀ ਢੋਲਕੀ ਯਹਾਵੇ ਦੁਨੀਆਂ...! ਮੇਰਾ ਕੀ ਮੋਘਾ ਬੰਦ ਕਰ ਦਿਊ...? ਜਦੋਂ ਮੈਂ ਚਾਰ ਸਿਆੜ ਹੋਰ ਬੈਅ ਲੈ ਲਏ, ਮੇਰੇ ਗੋਡੀਂ ਹੱਥ ਲਾਇਆ ਕਰਨਗੇ..! ਮੈਂ ਦੁਨੀਆਂ ਤੋਂ ਕੀ ਲੈਣੈਂ...? ਦੁਨੀਆਂ ਮੇਰੀ ਜੁੱਤੀ ਦੇ ਯਾਦ ਐ..? ਅੱਜ ਮੈਂ ਸਿਰੋਂ ਸਰਦਾਰ ਐਂ..! ਜੇ ਕੁੜੀ ਦਾ ਘਰ ਉਜੜ ਗਿਆ, ਹੋਰ ਘਰ ਥੋੜ੍ਹੇ ਐ...? ਪੈਸਾ ਚਾਹੀਦੈ, ਮੁੰਡੇ ਤਾਂ ਖੁੰਬਾਂ ਮਾਂਗੂੰ ਉਠ ਖੜ੍ਹਨਗੇ...! ਨਾਲ਼ੇ ਕੁੜੀ ਵਲੈਤ 'ਚ ਪੱਕੀ...! ਮੁੰਡਿਆਂ ਦੀ ਤਾਂ ਨ੍ਹੇਰੀ ਲਿਆ ਦਿਆਂਗੇ..! ਲਾ ਦਿਆਂਗੇ ਲਾਇਣ..! ਹਨੀ ਨੂੰ ਉਹ ਪ੍ਰੀਵਾਰ ਸੁੱਖ ਕੇ ਤਾਂ ਨ੍ਹੀ ਦਿੱਤਾ ਸਾਰੀ ਉਮਰ..? ਨਾਲ਼ੇ ਹਨੀ ਸਿਆਣੀ ਧੀ ਐ...! ਪੈਸੇ ਭੇਜਿਆਂ ਦਾ ਭੇਤ ਥੋੜ੍ਹੋ ਦਿਊ...? ਉਹ ਤਾਂ ਕੱਚ ਹਜਮ ਕਰਜੇ..! ਛੱਪੜ ਪੀ ਕੇ ਡਕਾਰ੍ਹ ਨਾ ਮਾਰੇ..! ਸੱਤਾਂ ਪੱਤਣਾਂ ਦੀ ਤਾਰੂ ਕੁੜੀ ਐ...! ਤੇ ਇਹ ਸਾਲ਼ਾ ਮੂੰਗੀ ਖਾਣੀ ਜਾਤ, ਬਖਤੌਰਾ..? ਲੈ ਮੇਰੇ 'ਤੇ ਸਿ਼ਸ਼ਨ ਜੱਜ ਆ ਬਣਿਆਂ..! ਮੈਂ ਐਹੋ ਜਿਆਂ ਨੂੰ ਕੀ ਗੌਲ਼ਦੈਂ...? ਐਹੋ ਜੇ ਮੇਰੇ ਮੂਤ ਦੀ ਧਾਰ ਦੇ ਰੋੜ੍ਹੇ ਵੇ ਐ..! ਜਿਉਂਦੀ ਰਹੇ ਮੇਰੀ ਸੁਲੱਖਣੀ ਧੀ, ਜਿਹੜੀ ਚੜ੍ਹੇ ਮਹੀਨੇ ਚਾਲ਼ੀ ਪੰਜਾਹ ਹਜਾਰ ਦਾ ਚੈੱਕ ਖੋਟੇ ਪੈਸੇ ਮਾਂਗੂੰ ਐਥੇ ਮਾਰਦੀ ਐ...! ਨਾਲ਼ੇ ਭਾਈ ਉਹਨਾਂ ਨੂੰ ਚਾਲ਼ੀ ਪੰਜਾਹ ਹਜਾਰ ਕੀ ਯਾਦ ਐ...? ਉਹਨਾਂ ਦਾ ਤਾਂ ਚਾਰ ਕੁ ਸੌ ਈ ਬਣਦੈ...! ਨਾਲ਼ੇ ਸਿਆਣੀ ਧੀ ਦੱਸਦੀ ਸੀਗੀ, ਅਖੇ ਬਾਪੂ ਸਹੁਰਿਆਂ ਨੂੰ ਕਿਵੇਂ ਪਤਾ ਲੱਗਜੂ...? ਮੈਂ ਓਵਰਟੈਮ ਪੰਜ ਘੰਟੇ ਲਾਵਾਂ ਤਾਂ ਰਮਣੀਕ ਨੂੰ ਦੋ ਘੰਟੇ ਈ ਦੱਸਦੀ ਹੁੰਨੀ ਆਂ, ਨਾਲ਼ੇ ਰਮਣੀਕ ਕਿਹੜਾ ਮੇਰੇ ਸਿਰ 'ਤੇ ਖੜ੍ਹਾ ਰਹਿੰਦੈ...? ਕਦੇ ਰਾਤ ਦੀ ਡਿਊਟੀ, ਕਦੇ ਦਿਨ ਦੀ..! ਆ ਕੇ ਸੌਂ ਜਾਂਦੈ...! ਉਹਦੇ ਸੁੱਤੇ ਸੁੱਤੇ ਮੈਂ ਓਵਰ ਟੈਮ ਕਰ ਆਉਨੀ ਐਂ..! ਬੜੀ ਚਤਰ ਤੇ ਢੰਗੀ ਐ ਮੇਰੀ ਹਨੀ ਧੀ..! ਲੈ ਖਾਂਦਾ ਮੈਂ ਐਂ, ਭੇਜਦੀ ਮੇਰੀ ਧੀ ਹਨੀ ਐ, ਦੁਨੀਆਂ ਦੇ ਢਿੱਡ 'ਚ ਐਂਵੇਂ ਈ ਸੂਲ਼ ਹੋਈ ਜਾਂਦੈ..?" ਮੀਹਾਂ ਸਿੰਘ ਨੇ ਆਪਣੇ ਦਿਲ ਦੀ ਭੜ੍ਹਾਸ ਕੱਢ ਲਈ। ਪਰ ਉਸ ਦੇ ਮਨ ਨੇ ਜ਼ਰੂਰ ਮਹਿਸੂਸ ਕੀਤਾ ਕਿ ਧੀ ਧਿਆਣੀ ਦਾ ਪੈਸਾ ਖਾਣਾ ਦੋਹਾਂ ਜਹਾਨਾਂ ਵੱਲੋਂ ਧੱਕਿਆ ਜਾਣਾ ਹੈ...। ਉਸ ਨੂੰ ਪਤਾ ਸੀ ਕਿ ਉਹ ਸਰਾਸਰ ਕੁਦਰਤ ਦੇ ਕਾਨੂੰਨ ਦੇ ਖ਼ਿਲਾਫ਼ ਜਾ ਰਿਹਾ ਸੀ...। ਪਰ ਹਰਾਮ ਦੇ ਪੈਸੇ ਦੀ ਲੱਗੀ ਲੱਤ ਨੂੰ ਉਹ ਕਿਸੇ ਹਾਲਤ ਵਿਚ ਵੀ ਤਿਆਗ ਨਹੀਂ ਸਕਦਾ ਸੀ...। ਮੁਫ਼ਤ ਦੀ ਐਸ਼ ਕਿਸੇ ਨੇ ਤਿਆਗੀ ਐ...?

* * * * *

ਹਨੀ ਅਤੇ ਰਮਣੀਕ ਵੀ ਬੜੀ ਆਨੰਦਮਈ ਜਿ਼ੰਦਗੀ ਬਸਰ ਕਰ ਰਹੇ ਸਨ। ਰਮਣੀਕ ਨੂੰ ਹਨੀ ਦੇ ਪੇਕਿਆਂ ਨੂੰ ਪੈਸੇ ਭੇਜਣ ਦਾ ਕੋਈ ਇਲਮ ਨਹੀਂ ਸੀ। ਇਮਾਨਦਾਰੀ ਰੱਬ ਦੇ ਘਰੋਂ ਸੁਮੱਤ ਵਜੋਂ ਹੀ ਆਉਂਦੀ ਐ। ਦਾਰੂ ਪੀਣ ਦਾ ਰਮਣੀਕ ਸ਼ੌਕੀਨ ਸੀ। ਪਰ ਕਦੇ ਵੀ ਪੀ ਕੇ ਹਾਅਤ-ਹੂਅਤ ਨਹੀਂ ਕਰਦਾ ਸੀ। ਪੀਂਦਾ ਅਤੇ ਆਨੰਦ ਮਾਣਦਾ ਸੀ। ਗ੍ਰਹਿਸਥ ਦੀ ਗੱਡੀ ਬੜੀ ਸੋਹਣੀ ਲੀਹ 'ਤੇ ਚੜ੍ਹੀ ਹੋਈ ਸੀ। ਕਿਸੇ ਪਾਸਿਓਂ ਕੋਈ ਗਿ਼ਲਾ ਸਿ਼ਕਵਾ ਨਹੀਂ ਸੀ। ਅੰਦਰੋ ਅੰਦਰੀ ਜੇ ਗ੍ਰਹਿਸਥੀ ਜੀਵਨ ਵਿਚ ਖੱਲ੍ਹਣ-ਖੋਰ ਪਾ

ਰਹੀ ਸੀ, ਤਾਂ ਉਹ ਹਨੀ ਸੀ...। ਰਮਣੀਕ ਤਾਂ ਬਥੇਰਾ ਸਤਿਯੁਗੀ ਬੰਦਾ ਸੀ।

ਰਮਣੀਕ ਕੰਮ ਤੋਂ ਅੱਜ ਸੁਦੇਹਾਂ ਹੀ ਘਰ ਆ ਗਿਆ ਸੀ। ਕੰਪਨੀ ਵਿਚ ਕੰਮ ਕੋਈ ਬਹੁਤਾ ਨਹੀਂ ਸੀ। ਕੰਮ ਵੀ ਰਮਣੀਕ ਕੀ ਕਰਦਾ ਸੀ...? ਅੰਬੈਸੀ ਦੀ ਸਕਿਊਰਿਟੀ ਵਿਚ ਉਸ ਦੀ ਡਿਊਟੀ ਸੀ। ਅੰਬੈਸੀ ਸ਼ਾਮ ਦੇ ਪੰਜ ਵਜੇ ਬੰਦ ਹੋ ਜਾਂਦੀ ਸੀ। ਪਰ ਜਦੋਂ ਦਾ 11 ਸਤੰਬਰ 2001 ਨੂੰ ਅਮਰੀਕਾ ਦੇ ਵਿਸ਼ਵ ਵਿਉਪਾਰ ਕੇਂਦਰ ਅਤੇ ਸੁਰੱਖਿਆ ਸਕੱਤਰੇਤ ਪੈਂਟਾਗਨ ਉਪਰ ਹਵਾਈ ਜਹਾਜਾਂ ਨਾਲ ਹਮਲਾ ਹੋਇਆ ਸੀ, ਤਾਂ ਸਰਕਾਰ ਨੇ ਸਾਰੀਆਂ ਅੰਬੈਸੀਆਂ ਦੀ ਸਕਿਊਰਿਟੀ ਦਿਨ ਰਾਤ ਦੀ ਹੀ ਕਰ ਦਿੱਤੀ ਸੀ। ਸਰਕਾਰਾਂ ਦੇ ਮਨ ਵਿਚ ਸੀ ਕਿ ਅੱਤਿਵਾਦੀ ਕਦੋਂ ਵੀ, ਕਿਸੇ ਵੀ ਅੰਬੈਸੀ 'ਤੇ ਘਾਤਕ ਹਮਲਾ ਕਰ ਸਕਦੇ ਸਨ। ਅੱਤਿਵਾਦੀਆਂ ਨੂੰ ਕਿਹੜਾ ਕਿਸੇ ਦੀ ਕੋਈ ਰੋਕ ਟੋਕ ਸੀ...? ਜਾਂ ਕਿਤੋਂ ਇਜਾਜ਼ਤ ਲੈਣੀ ਸੀ? ਜਦੋਂ ਦਾਅ ਲੱਗਿਆ, ਕਾਰਾ ਕਰ ਦਿੱਤਾ ਅਤੇ ਨਿਰਦੋਸ਼ ਲੋਕਾਂ ਨੂੰ ਮਾਰ ਕੇ ਪਰ੍ਹਾਂ ਹੋਏ...! ਬੇਦੋਸ਼ਿਆਂ ਦੇ ਲਹੂ ਨਾਲ਼ ਪਿਆਸ ਬੁਝਾ ਲਈ..! ਬੇਕਸੂਰਾਂ ਨੂੰ ਬੱਕਰੇ ਵਾਂਗ ਝਟਕਾ ਧਰਿਆ..!

ਅੱਤਿਵਾਦੀ ਆਪਣਾ ਕੰਮ ਕਰ ਕੇ ਪਾਸੇ ਹੋ ਜਾਂਦੇ ਸਨ ਅਤੇ ਸਕਿਊਰਿਟੀ ਅਤੇ ਪੁਲੀਸ ਵਾਲਿਆਂ ਦੇ ਭਾਅ ਦੀ ਬਣੀ ਰਹਿੰਦੀ। ਵੱਖੋ ਵੱਖ ਮੰਤਰੀ ਬੁਲਿਟ ਪਰੂਫ਼ ਗੱਡੀਆਂ ਵਿਚ ਆ ਕੇ ਟੈਲੀਵਿਯਨ, ਰੇਡੀਓ ਅਤੇ ਅਖ਼ਬਾਰਾਂ ਵਿਚ ਬਿਆਨ ਦਾਗ ਕੇ ਡੰਡੀ ਪੈਂਦੇ ਅਤੇ ਪੈੱਗ ਲਾ ਕੇ ਮਖ਼ਮਲੀ ਗੱਦਿਆਂ 'ਤੇ ਜਾ ਬਿਰਾਜਦੇ। ਆਮ ਜਨਤਾ ਦੇ ਦਿਲ ਡਰ ਅਤੇ ਭੈਅ ਨਾਲ਼ "ਫ਼ੜੱਕ-ਫ਼ੜੱਕ" ਵੱਜੀ ਜਾਂਦੇ। ਸਮੁੱਚੇ ਲੋਕ ਡਰਦੇ ਰਾਤ ਨੂੰ ਘਰੋਂ ਬਾਹਰ ਨਾ ਨਿਕਲਦੇ। ਰਜਾਈਆਂ ਕੰਬਲਾਂ ਵਿਚ ਬੈਠੇ ਹੀ ਟੈਲੀਵਿਯਨ ਦੇਖੀ ਜਾਂਦੇ ਅਤੇ ਆਪੋ ਆਪਣੀਆਂ ਸਰਕਾਰਾਂ ਨੂੰ ਕੋਸਦੇ ਰਹਿੰਦੇ। ਅੱਤਿਵਾਦੀਆਂ ਦੀ ਪ੍ਰਮੁੱਖ ਮੰਗ ਇਹ ਸੀ ਕਿ ਇਰਾਕ ਅਤੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਅਤੇ ਇੰਗਲੈਂਡ ਦੀਆਂ ਫ਼ੌਜਾਂ ਨੂੰ ਬਾਹਰ ਕੱਢਿਆ ਜਾਵੇ ਅਤੇ ਉਥੋਂ ਦੇ ਲੋਕਾਂ ਨੂੰ ਸ਼ਾਂਤੀ ਨਾਲ਼ ਜਿਉਣ ਦਿੱਤਾ ਜਾਵੇ। ਪਰ ਦੁਨੀਆਂ ਦੇ 'ਠਾਣੇਦਾਰ' ਜਾਰਜ ਡਬਲਿਊ ਬੁਸ਼ ਅਤੇ ਉਸ ਦਾ 'ਮੁਣਸ਼ੀ' ਟੋਨੀ ਬਲੇਅਰ ਨੇ 'ਮੈਂ ਨਾ ਮਾਨੂੰ' ਦੀ ਰਟ ਹੀ ਲਾਈ ਹੋਈ ਸੀ। ਉਹ ਆਪਣੇ ਭਾਣੇ ਤਾਂ ਇਹਨਾਂ ਦੇਸ਼ਾਂ ਵਿਚ ਸ਼ਾਂਤੀ ਸਥਾਪਤ ਕਰਨਾ ਚਾਹੁੰਦੇ ਸਨ। ਪਰ ਹਾਲਾਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਸਨ ਅਤੇ ਇਸ ਦਾ ਬਦਲਾ ਅੱਤਿਵਾਦੀ ਬੇਕਸੂਰ ਲੋਕਾਂ 'ਤੇ ਬੰਬ ਸੁੱਟ-ਸੁੱਟ ਕੇ, ਜਾਂ ਬੱਸਾਂ ਵਿਚ ਬੰਬ ਰੱਖ ਕੇ ਲੈ ਰਹੇ ਸਨ।

ਚਾਹੇ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਅਮਰੀਕੀ ਫ਼ੌਜਾਂ ਨੇ 22 ਅਪ੍ਰੈਲ 2003 ਨੂੰ ਟਿਰਕਿਤ ਤੋਂ ਦਸ ਮੀਲ ਦੂਰ ਅਦਵਰ 'ਚੋਂ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਅਮਰੀਕਾ ਨੇ ਇਸ ਨੂੰ ਆਪਣੀ ਭਾਰੀ ਪ੍ਰਾਪਤੀ ਅਤੇ ਜਿੱਤ ਦੱਸਿਆ ਸੀ, ਪਰ ਆਮ ਲੋਕ ਸੱਦਾਮ ਹੁਸੈਨ ਦੀ ਇਸ ਗ੍ਰਿਫ਼ਤਾਰੀ ਨੂੰ ਇਕ ਮਹਿਜ਼ 'ਡਰਾਮਾ' ਹੀ ਕਰਾਰ ਦਿੰਦੇ ਸਨ। ਰਮਣੀਕ ਦੇ ਸਕਿਊਰਿਟੀ ਸਟਾਫ਼ ਦੀ ਕੰਟੀਨ ਵਿਚ ਸੱਦਾਮ ਹੁਸੈਨ ਦੀ ਇਸ ਗ੍ਰਿਫ਼ਤਾਰੀ ਦੀ ਚਰਚਾ ਆਮ ਹੀ ਚੱਲਦੀ ਰਹਿੰਦੀ। ਇਸ ਸਕਿਊਰਿਟੀ ਸਟਾਫ਼ ਵਿਚ ਬਹੁਤੇ ਭਾਰਤੀ ਹੀ ਸਨ। ਸਨ ਤਾਂ ਗੋਰੇ ਵੀ...। ਪਰ ਉਹਨਾਂ ਨੂੰ ਦੇਸੀ ਭਾਈਬੰਦਾਂ ਦੀ ਭਾਸ਼ਾ ਦੀ ਕੋਈ ਸਮਝ ਨਹੀਂ ਪੈਂਦੀ ਸੀ। ਇਸ ਲਈ ਉਹ ਕੰਟੀਨ ਵਿਚ ਆਪਣਾ ਗਰੁੱਪ ਬਣਾ ਕੇ ਗੱਲਾਂ ਬਾਤਾਂ ਕਰਦੇ ਰਹਿੰਦੇ। ਦੇਸੀ ਭਾਈਬੰਦ ਗੋਰਿਆਂ ਨੂੰ "ਚੀਨੇ ਕਬੂਤਰ" ਹੀ ਦੱਸਦੇ ਸਨ। ਚਾਹੇ ਉਹ ਸਾਰੇ ਬ੍ਰਿਟਿਸ਼ ਸਕਿਊਰਿਟੀ ਲਈ ਹੀ ਕੰਮ ਕਰਦੇ ਸਨ, ਪਰ ਪਤਾ ਨਹੀਂ ਕਿਉਂ ਉਹ ਸੱਦਾਮ ਹੁਸੈਨ ਦੀ ਇਸ ਡਰਾਮਾ ਭਰੀ ਗ੍ਰਿਫ਼ਤਾਰੀ ਨਾਲ਼ ਸਹਿਮਤ ਨਹੀਂ ਸਨ। ਇਸ ਨਾ ਮੰਨਣਯੋਗ ਗ੍ਰਿਫ਼ਤਾਰੀ ਬਾਰੇ ਸਾਰੇ ਸਕਿਊਰਿਟੀ ਸਟਾਫ਼ ਦੀ 'ਚੁੰਝ-ਚਰਚਾ' ਆਮ ਚੱਲਦੀ ਰਹਿੰਦੀ।

-"ਥੋਡਾ ਕੀ ਵਿਚਾਰ ਐ ਬਈ ਸੱਦਾਮ ਨੂੰ ਇਹਨਾਂ ਨੇ ਘੇਰਾ ਪਾ ਕੇ ਊਂਈਂ ਚੂਹੇ ਮਾਂਗੂੰ ਬਾਹਰ ਕੱਢ ਲਿਆ ਹੋਊਗਾ...?" ਪੰਜਾਬੀ ਭਾਈਬੰਦ ਲੋਪੋ ਵਾਲ਼ਾ ਜੁਗਰਾਜ ਫ਼ੌਜੀ ਕਚ੍ਹੀਰਾ ਕਰਦਾ।

-"ਮੈਂ ਨ੍ਹੀ ਮੰਨਦਾ...।" ਭਾਗ ਸਿਉਂ ਘੈਂਟ ਬੋਲਦਾ।

-"ਮੀਡੀਏ ਅਨੁਸਾਰ ਗ੍ਰਿਫ਼ਤਾਰੀ ਵੇਲੇ ਸੱਦਾਮ ਕੋਲ ਦੋ ਰਿਵਾਲਵਰ ਤੇ ਇਕ ਏ. ਕੇ. ਸੰਤਾਲ਼ੀ ਸੀ, ਸਮਝ ਨ੍ਹੀ ਆਉਂਦੀ ਬਈ ਉਹਨੇ ਇਹ ਹਥਿਆਰ ਰੱਖੇ ਕਾਹਦੇ ਵਾਸਤੇ ਸੀ..? ਜਦੋਂ ਉਹਨੇ ਚਲਾਉਣੇ

ਈ ਨ੍ਹੀ ਸੀ..?"

–"ਇਕ ਗੱਲ ਦੱਸਾਂ...?" ਜੈਤੋ ਵਾਲ਼ਾ ਸਾਧੂ ਡਰਾਈਵਰ ਬੋਲਿਆ।

–"ਦੱਸ...?"

–"ਤਕੜੇ ਦਾ ਸੱਤੀਂ ਵੀਹੀਂ ਸੌ...! ਮੇਰੀ ਨਜ਼ਰ ਮੁਤਾਬਿਕ ਸੱਦਾਮ ਨੂੰ ਕਈ ਦਿਨ ਪਹਿਲਾਂ ਦਾ ਗ੍ਰਿਫ਼ਤਾਰ ਕੀਤਾ ਵਿਆ ਸੀ, ਪਰ ਉਸ ਦੇ ਦਰਸ਼ਣ ਈ ਬਾਅਦ 'ਚ ਜਾ ਕੇ ਪੁਆਏ...!"

–"ਬਿਲਕੁਲ ਸਹੀ ਗੱਲ ਐ...!" ਫ਼ੌਜੀ ਨੇ ਸਹਿਮਤੀ ਪ੍ਰਗਟਾਈ।

–"ਯਾਰ, ਇਰਾਕ ਦਾ ਬੜ੍ਹਕਾਂ ਮਾਰਨ ਆਲ਼ਾ ਬੱਬਰ ਸ਼ੇਰ ਸੱਦਾਮ ਹੁਸੈਨ ਹੋਵੇ, ਤੇ ਉਹਦੇ ਕੋਲ਼ੇ ਦੋ ਰਿਵਾਲਵਰ ਤੇ ਇਕ ਏ. ਕੇ. ਸੰਤਾਲ਼ੀ ਹੋਣ, ਤੇ ਉਹ ਦੁਸ਼ਮਣ ਦੀਆਂ ਫ਼ੌਜਾਂ 'ਤੇ ਇਕ ਵੀ ਗੋਲ਼ੀ ਨਾ ਚਲਾਵੇ..? ਘੱਟੋ ਘਟ ਮੈਂ ਨ੍ਹੀ ਮੰਨਦਾ...! ਨਹੀਂ, ਇਹ ਮੰਨਣ ਆਲ਼ੀ ਗੱਲ ਨਹੀਂ...!"

–"ਇਹ ਤਾਂ ਸਰਾਸਰ ਉਹਨੂੰ ਡਰਪੋਕ ਦਿਖਾਉਣ ਵਾਸਤੇ ਸ਼ੋਅ ਕੀਤਾ ਗਿਐ...! ਜੇ ਉਹਦੇ ਵੱਸ ਹੁੰਦਾ, ਤਾਂ ਉਹ ਤਾਂ ਪਾ ਦਿੰਦਾ ਖਿਲਾਰੇ..!"

–"ਕਹਿੰਦੇ ਉਹਦੇ ਕੋਲੋਂ ਸਾਢੇ ਸੱਤ ਲੱਖ ਅਮਰੀਕਣ ਡਾਲਰ ਵੀ ਫੜਿਐ...?"

–"ਦਿਖਾਇਆ ਜ਼ਰੂਰ ਐ...! ਪਰ ਕੀ ਪਤੈ ਉਹਦੇ ਕੋਲੋਂ ਫੜਿਆ ਵੀ ਐ ਕਿ ਨਹੀਂ...?"

–"ਸਾਰਾ ਮੀਡੀਆ ਅਮਰੀਕਾ ਗੌਰਮਿੰਟ ਦਾ ਐ, ਜੋ ਮਰਜ਼ੀ ਐ ਦਿਖਾਈ ਜਾਣ...? ਜੇ ਉਹ ਆਖ ਦੇਣ ਕਿ ਸੱਦਾਮ ਹੁਸੈਨ ਕੋਲ਼ ਰੱਬ ਸੀ, ਇਹਦੇ 'ਚ ਵੀ ਕੋਈ ਚਰਜ ਨ੍ਹੀ..!"

–"ਯਾਰ ਜਿਹੜੇ ਬੰਦੇ ਨੇ ਅੰਦਰੋਂ ਬਾਹਰ ਈ ਨ੍ਹੀ ਨਿਕਲਣਾ, ਜਿਹੜਾ ਬੈਠਾ ਈ ਭੋਰੇ 'ਚ ਐ...? ਉਹਨੇ ਸਾਢੇ ਸੱਤ ਲੱਖ ਡਾਲਰ ਢੂਹੀ 'ਚ ਲੈਣੇ ਐਂ..? ਉਹਨੇ ਕਿਹੜਾ ਸ਼ੌਪਿੰਗ ਕਰਨ ਨਿਕਲਣਾ ਸੀ..? ਇਹ ਸਭ ਬਕਵਾਸ ਤੇ ਸੱਦਾਮ ਨੂੰ ਬਦਨਾਮ ਕਰਨ ਲਈ ਸਟੰਟ ਐ...!"

–"ਹੁਣ ਤੂੰ ਆਹ ਦੇਖਲਾ...।" ਸੇਵਕ ਨੇ ਲੋਪੋ ਵਾਲੇ ਫ਼ੌਜੀ ਦੇ ਪੱਟ 'ਤੇ ਧੱਫ਼ੀ ਜਿਹੀ ਮਾਰੀ।

–"ਅੰਬਰਸਰ ਦਰਬਾਰ ਸਾਹਿਬ 'ਤੇ ਜੂਨ 1984 'ਚ ਮਿਲਟਰੀ ਅਟੈਕ ਹੋਇਆ...! ਉਦੋਂ ਗੌਰਮਿੰਟ ਨੇ ਕੀ ਨ੍ਹੀ ਰੌਲ਼ਾ ਪਾਇਆ...? ਉਦੋਂ ਵੀ ਆਖੀ ਗਏ ਐ ਬਈ ਉਥੋਂ ਨੰਗੀਆਂ ਕੁੜੀਆਂ ਮਿਲੀਐਂ ਜੀ..! ਉਥੋਂ ਲਾਹੌਰ ਨੂੰ ਇਕ ਸੁਰੰਗ ਜਾਂਦੀ ਐ ਜੀ...! ਸੰਤ ਭਿੰਡਰਾਂ ਵਾਲ਼ੇ ਉਥੋਂ ਭੱਜ ਕੇ ਪਾਕਿਸਤਾਨ ਚਲੇ ਗਏ...! ਪੁੱਛਣਾਂ ਹੋਵੇ..? ਬਈ ਜੀਹਨੂੰ ਫੜਨ ਆਸਤੇ ਐਨੀ ਫ਼ੌਜ ਝੋਕਤੀ...? ਜੇ ਉਹ ਈ ਭੱਜ ਕੇ ਪਾਕਿਸਤਾਨ ਨਿਕਲ਼ ਗਿਆ, ਤਾਂ ਹਿੰਦੋਸਤਾਨ ਗੌਰਮਿੰਟ ਦੀ ਜਾਂ ਮਿਲਟਰੀ ਦੀ ਪ੍ਰਾਪਤੀ ਕੀ ਹੋਈ...? ਐਨੀਆਂ ਗੱਲਾਂ ਕਰਨ ਦੇ ਬਾਵਜੂਦ ਵੀ, ਦੱਸੋ ਗੌਰਮਿੰਟ ਦਾ ਕਿਸੇ ਨੇ ਕੀ ਕਰ ਲਿਆ...? ਜਦੋਂ ਸਰਾਸਰ ਮੀਡੀਆ ਈ ਗੌਰਮਿੰਟ ਪੱਖੀ ਹੋ ਜਾਵੇ, ਉਹਤੋਂ ਉਹ ਜੋ ਮਰਜ਼ੀ ਐ ਅਖਵਾਈ ਜਾਣ...! ਬੱਸ ਇਕ ਅਲ-ਜਜ਼ੀਰਾ ਆਲੇ ਐ...! ਜਿਹੜੇ ਸੱਚ ਦਿਖਾਉਂਦੇ ਐ, ਬਾਕੀਆਂ ਦਾ ਤਾਂ ਰੱਬ ਈ ਰਾਖੈ...!"

–"ਊਂ ਹੋਰ ਗੱਲ ਐ..! ਮੈਂ ਇਹ ਨ੍ਹੀ ਕਹਿੰਦਾ ਬਈ ਸੱਦਾਮ ਹੁਸੈਨ ਦੁੱਧ ਧੋਤੈ..! ਪਰ ਯਾਰ ਉਹਦਾ ਸਾਰਾ ਟੱਬਰ ਉਜੜ ਗਿਆ..! ਦੋ ਮੁੰਡੇ ਸੀ, ਉਹ ਮਾਰਤੇ..! ਕੁੜੀਆਂ ਵਿਚਾਰੀਆਂ ਜੌਰਡਨ 'ਚ ਪੁਲੀਟੀਕਲ ਸਟੇਅ ਲਈ ਬੈਠੀਐਂ-।"

–"ਦੁੱਧ ਧੋਤਾ ਸੱਦਾਮ ਹੁਸੈਨ ਬਿਲਕੁਲ ਨ੍ਹੀ ਸੀ...! ਸ਼ੀਆ ਦੇ 148 ਮੁਸਲਮਾਨਾਂ ਦੇ ਕਤਲਾਂ ਦਾ ਤੇ 399 ਲੋਕਾਂ ਨੂੰ ਬੰਦੀ ਬਣਾਉਣ ਦਾ ਦੋਸ਼ ਵੀ ਇਹਦੇ 'ਤੇ ਈ ਲੱਗਦੈ-।"

–"ਚਲੋ ਸੱਦਾਮ ਦੀ ਗੱਲ ਛੱਡੋ...! ਇਹ ਦੇਖੋ ਬਈ ਸੱਦਾਮ ਪੱਖ ਦੇ ਤਿੰਨ ਵਕੀਲਾਂ ਦੀ ਵੀ ਹੱਤਿਆ ਕੀਤੀ ਗਈ..! ਕੀ ਇਹ ਵੀ ਕਾਨੂੰਨ 'ਚ ਲਿਖਿਐ...? ਹਰ ਬੰਦੇ ਨੂੰ ਆਪਣਾ ਵਕੀਲ ਕਰਨ ਦਾ ਹੱਕ ਐ..! ਜੇ ਵਿਰੋਧੀ ਧਿਰ ਵਕੀਲਾਂ ਨੂੰ ਈ ਸੋਧਣ ਲੱਗ ਪਵੇ, ਫੇਰ ਅਗਲੇ ਦਾ ਤਾਂ ਅੱਲਾ ਈ ਰਾਖੈ...!"

–"ਥੋਨੂੰ ਕੀ ਲੱਗਦੈ ਬਈ ਹੁਣ ਸੱਦਾਮ ਨੂੰ ਸਜ਼ਾ ਕੀ ਹੋਊ...?" ਫ਼ੌਜੀ ਨੇ ਤੋੜਾ ਝਾੜਨ ਵਾਲ਼ਿਆਂ ਵਾਂਗ ਪੁੱਛਿਆ।

–"ਇਹ ਅਦਾਲਤੀ ਕਾਰਵਾਈ ਵੀ ਇਕ ਸ਼ੋਸ਼ਾ ਈ ਐ...! ਸਜ਼ਾ ਤਾਂ ਅਮਰੀਕਾ ਸਰਕਾਰ ਨੇ ਲਿਖ

ਕੇ ਜੱਜ ਨੂੰ ਪਹਿਲਾਂ ਈ ਫੜਾਈ ਹੋਈ ਐ...! ਬੁਸ਼ ਇਹਨੂੰ ਬਚ ਕੇ ਜਮਾਂ ਨ੍ਹੀ ਨਿਕਲਣ ਦਿੰਦਾ, ਸੱਦਾਮ ਨੂੰ ਫ਼ਾਂਸੀ ਦੀ ਸਜ਼ਾ ਲਾਜ਼ਮੀ ਕਰਵਾ ਕੇ ਸਾਹ ਲਊ...! ਚਾਹੇ ਉਹਨੂੰ ਆਪਣੀ ਕਿੰਨੀ ਵੀ ਫ਼ੌਜ ਦੀ ਬਲੀ ਨਾ ਦੇਣੀ ਪਵੇ..?"

-"ਚਾਹੇ ਕੁਛ ਵੀ ਐ, ਪਰ ਬੱਬਰ ਅਜੇ ਵੀ 'ਮੇਰਾ ਦੇਸ਼ ਮਹਾਨ-ਜ਼ਿੰਦਾਬਾਦ' ਦੇ ਨਾਅਰੇ ਮਾਰਦੈ...! ਆਪਣੇ ਆਪ ਨੂੰ ਅਜੇ ਵੀ ਇਰਾਕ ਦਾ ਰਾਸ਼ਟਰਪਤੀ ਦੱਸਦੈ...!"

-"ਤਸ਼ੱਦਦ ਵੀ ਕਹਿੰਦੇ ਬਹੁਤ ਕੀਤੈ ਬਈ ਉਹਦੇ 'ਤੇ...।"

-"ਉਏ, ਉਹ ਤਾਂ ਅਦਾਲਤ 'ਚ ਪਿੱਟੀ ਗਿਐ...? ਬਈ ਮੇਰਾ ਝੱਗਾ ਲੁਹਾ ਕੇ ਤਾਂ ਵੇਖੋ...! ਤੇ ਦੇਖੋ ਮੇਰੇ ਜਿਸਮ ਦੇ ਕਿਹੜੇ ਅੰਗ 'ਤੇ ਫ਼ੌਜੀਆਂ ਦੇ ਤਸ਼ੱਦਦ ਦੇ ਨਿਸ਼ਾਨ ਨਹੀਂ, ਪਰ ਸੁਣੀਂ ਕਿਸੇ ਕੰਜਰ ਨੇ ਨ੍ਹੀ...!"

-"ਸੁਣਨੀ ਉਹਦੀ ਕੀਹਨੇ ਸੀ...? ਸ਼ਿਕਾਰੀ ਕੁੱਤਿਆਂ ਮਾਂਗੂੰ ਤਾਂ ਉਹਦੇ ਮਗਰ ਪਏ ਵੇ ਸੀਗੇ...? ਮਸਾਂ ਤਾਂ ਇਹ ਉਹਨਾਂ ਨੂੰ ਮਿਲਿਆ ਸੀ, ਘੱਟ ਉਹ ਇਹਦੇ ਨਾਲ਼ ਕਿਵੇਂ ਕਰਦੇ?"

-"ਇਕ ਗੱਲ ਹੋਰ ਐ ਫ਼ੌਜੀਆ...!" ਸੇਵਕ ਕਾਫ਼ੀ ਦੇਰ ਬਾਅਦ ਬੋਲਿਆ ਸੀ।

-"...........।"

-"ਫੜਿਆ ਇਹ ਬੱਬਰ ਜਮਾਂ ਨ੍ਹੀ ਸੀ ਜਾਂਦਾ...! ਇਹ ਤਾਂ ਕੋਈ ਘਰ ਦਾ ਭੇਤੀ ਈ ਲੰਕਾ ਢਾਹ ਗਿਆ...! ਇਹ ਤਾਂ ਕਿਸੇ ਪੂਰੇ ਭੇਤੀ ਦੇ ਸੱਪ ਲੜਿਐ...!"

-"ਇਹ ਤਾਂ ਹੈ ਈ...! ਨਹੀਂ ਉਹਨਾਂ ਨੂੰ ਕੀ ਸੁਫ਼ਨਾ ਆਉਂਦਾ ਸੀ..? ਕਿੰਨੇ ਚਿਰ ਦਾ ਉਹ ਲੁਕਿਆ ਛਿਪਿਆ ਤੁਰਿਆ ਈ ਫਿਰਦਾ ਸੀ...? ਸ਼ਿਵ ਜੀ ਮਹਾਰਾਜ ਮਾਂਗੂੰ ਤੀਸਰਾ ਨੇਤਰ ਤਾਂ ਇਹਨਾਂ ਦਾ ਕੋਈ ਖੁੱਲ੍ਹ ਨ੍ਹੀ ਗਿਆ...? ਇਹ ਤਾਂ ਕਿਸੇ ਜਾਣਕਾਰ ਨੇ ਈ ਸਾਕ ਦਿੱਤੈ...!"

-"ਉਹ ਦੂਜੇ ਯਾਰ ਬੱਕਰੀਆਂ ਆਲ਼ੇ ਬਾਰੇ ਕੁਛ ਪਤਾ ਈ ਨ੍ਹੀ ਲੱਗਦਾ..? ਪਤਾ ਨ੍ਹੀ ਛਿਲਾ ਕੱਢਣ ਆਲ਼ੇ ਸਾਧ ਮਾਂਗੂੰ ਕਿਹੜੇ ਭੋਰੇ 'ਚ ਉਤਰ ਗਿਆ...?"

-"ਕਿਹੜੇ ਬਾਰੇ...?"

-"ਉਏ, ਓਸਾਮਾ ਬਿਨ ਲਾਦੇਨ ਬਾਰੇ ਕੁਛ ਪਤਾ ਈ ਨ੍ਹੀ ਚੱਲਦਾ..! ਬਈ ਹੈਗਾ ਕਿ ਮਰ ਗਿਆ...?" ਫ਼ੌਜੀ ਨੇ ਨਵਾਂ ਵਿਸ਼ਾ ਸ਼ੁਰੂ ਕੀਤਾ।

-"ਓਸਾਮਾ ਚਾਹੇ ਮਰ ਵੀ ਗਿਆ ਹੋਵੇ, ਪਰ ਇਹਨਾਂ ਅਮਰੀਕਣਾਂ ਨੇ ਉਹਨੂੰ ਪਤੰਦਰ ਨੂੰ ਜਿਉਂਦਾ ਈ ਰੱਖਣੈ...!"

-"ਉਹ ਕਾਹਤੋਂ...?" ਫ਼ੌਜੀ ਦੰਗ ਸੀ।

-"ਤੂੰ ਤਾਂ ਜਮਾਂ ਈ ਕਮਲ਼ੈਂ ਫ਼ੌਜੀਆ...! ਜੇ ਇਹਨਾਂ ਅਮਰੀਕਣਾਂ ਨੇ ਉਹਨੂੰ ਈ ਮਰਿਆ ਦਿਖਾ ਦਿੱਤਾ, ਤਾਂ ਇਹ ਲੋਕਾਂ ਨੂੰ ਹੋਰ ਕਿਹੜਾ ਸੱਪ ਕੱਢ ਕੇ ਦਿਖਾਉਣਗੇ...? ਉਹਦੇ ਬਹਾਨੇ ਤਾਂ ਇਹ ਹੇਠਲੀ ਉਤੇ ਕਰੀ ਜਾਂਦੇ ਐ...!"

-"ਤੇਰੀ ਗੱਲ ਦੀ ਸਮਝ ਨ੍ਹੀ ਆਈ...!"

-"ਆਪਾਂ ਰਾਤ ਨੂੰ ਜੁਆਕ ਨ੍ਹੀ ਡਰਾਉਂਦੇ ਹੁੰਦੇ...? ਬਈ ਸੌਂ ਜਾ ਕੰਜਰ ਦਿਆ, ਨਹੀਂ ਤਾਂ ਬਿੱਲਾ ਆਜੂ...! ਉਹੀ ਗੱਲ ਇਹਨਾਂ ਦੀ ਐ...! ਇਹ ਲੋਕਾਂ ਨੂੰ ਡਰਾਈ ਜਾਂਦੇ ਐ, ਬਈ ਓਸਾਮਾ ਬਿਨ ਲਾਦੇਨ ਹੁਣ ਕੋਈ ਐਟਮੀ ਜਾਂ ਕੈਮੀਕਲ ਧਮਾਕਾ ਕਰ ਸਕਦੈ..! ਹੁਣ ਆਹ ਕਰ ਸਕਦੈ, ਹੁਣ ਜੌਹ ਕਰ ਸਕਦੈ...! ਇਹਦਾ ਤਾਂ ਲੋਕਾਂ ਨੂੰ ਡਰਾਵਾ ਈ ਦੇਣੈ..? ਉਹ ਕੁਛ ਕਰੇ, ਚਾਹੇ ਕੁਛ ਨਾ ਕਰੇ..? ਪਰ ਇਹਨਾਂ ਨੇ ਉਹਦਾ ਨਾਂ ਲੈ-ਲੈ ਕੇ ਲੋਕਾਂ ਨੂੰ ਮੋਕੋ ਮੋਕ ਕਰੀ ਰੱਖਣੈਂ..! ਉਹਦੇ ਨਾਂ 'ਤੇ ਈ ਤਾਂ ਇਹ ਅਫ਼ਗਾਨਿਸਤਾਨ ਤੇ ਇਰਾਕ ਦੀ ਅਹੀ ਤਹੀ ਫੇਰਗੇ...? ਨਹੀਂ ਹੋਰ ਇਹਨਾਂ ਕੋਲ਼ੇ ਕਾਹਦਾ ਵਿਸ਼ਾ ਸੀ...? ਪਹਿਲਾਂ ਰੌਲ਼ਾ ਪਾਈ ਗਏ, ਅਖੇ ਸੱਦਾਮ ਕੋਲੇ ਰਸਾਇਣਕ ਹਥਿਆਰ ਐ..! ਨਿਕਲਿਆ ਉਹਦੇ ਕੋਲੋਂ ਕੁਛ ਵੀ ਨ੍ਹੀ...! ਸਾਰੇ ਖਾਨਦਾਨ ਦਾ ਸਰਵਨਾਸ਼ ਵਾਧੂ ਕਰਤਾ-।"

–''ਸੱਦਾਮ ਹੁਸੈਨ ਅਦਾਲਤ 'ਚ ਨ੍ਹੀ ਪਿੱਟਦਾ ਰਿਹਾ...?''

–''ਕੀ...?''

–''ਉਹਨੇ ਇਕ ਵਾਰੀ ਨ੍ਹੀ, ਸੌ ਆਰੀ ਕਿਹਾ ਹੋਊਗਾ ਬਈ ਅੱਤਿਵਾਦੀ ਮੈਂ ਨਹੀਂ, ਸਭ ਤੋਂ ਵੱਡਾ ਅੱਤਿਵਾਦੀ ਤਾਂ ਜਾਰਜ ਡਬਲਿਊ ਬੁਸ਼ ਐ..! ਮੈਂ ਤਾਂ ਇਰਾਕ ਦਾ ਰਾਸ਼ਟਰਪਤੀ ਹਾਂ...!''

–''ਯਾਰ ਇਹ ਗੱਲ ਵੀ ਗਲਤ ਐ...।''

–''ਕਿਹੜੀ...?''

–''ਐਵੇਂ ਬਾਧੂ ਅਗਲੇ ਦੇ ਘਰੇ ਜਾ ਕੇ ਮੱਲੋਮੱਲੀ ਸਰਪੈਂਚੀ ਕਰਨ ਲੱਗ ਪੈਣੀ..? ਇਰਾਕ ਦੇ ਲੋਕ ਜਿਵੇਂ ਮਰਜੀ ਐ ਜਿਉਂਦੇ ਸੀ, ਪਰ ਬੁਸ਼ ਨੂੰ ਤਾਂ ਕੋਈ ਕੰਜਰ ਸੱਦਣ ਨਹੀਂ ਸੀ ਗਿਆ? ਬਈ ਆ ਕੇ ਸਾਡੀ ਮੱਦਦ ਕਰ...! ਜਾਂ ਅਸੀਂ ਸੱਦਾਮ ਤੋਂ ਤੰਗ ਐਂ, ਸਾਨੂੰ ਬਚਾ...! ਇਹ ਤਾਂ ਕੁੜੀ ਯ੍ਹਾਵੇ ਦਾ ਐਵੇਂ ਈ ਜਾ ਕੇ ਰਿੰਡ ਪ੍ਰਧਾਨ ਬਣ ਗਿਆ..! ਅਖੇ ਸੰਸਾਰ ਨੂੰ ਸੱਦਾਮ ਹੁਸੈਨ ਤੋਂ ਖਤਰੈ, ਇਹਦੇ ਕੋਲੇ ਰਸਾਇਣਕ ਹਥਿਆਰ ਐ, ਪੁੱਛਣ ਆਲ਼ਾ ਹੋਵੇ ਬਈ ਕੰਜਰ ਦਿਆ...! ਤੇਰੇ ਕੋਲੇ ਥੋੜ੍ਹੇ ਹਥਿਆਰ ਅੱਗ ਲੱਗਦੇ ਐ...? ਜੇ ਦੋ ਉਹਦੇ ਕੋਲੇ ਹੋਣਗੇ ਤਾਂ ਤੇਰੀ ਕੀ ... ਮੱਚਦੀ ਐ?''

–''ਹਥਿਆਰ ਨਿਰੀਖਕ ਭੇਜੇ ਤਾਂ ਸੀਗੇ..? ਪਰ ਮਿਲਿਆ ਉਹਨਾਂ ਨੂੰ ਵੀ ਕੁਛ ਨ੍ਹੀ..! ਉਹਨੂੰ ਐਵੇਂ ਈ ਮਾਰੂੰ ਮਾਰੂੰ ਕਰੀ ਗਏ...।''

–''ਮਗਰੋਂ ਬੁਸ਼ ਨੇ ਆਪ ਈ ਤਾਂ ਮੰਨਿਐਂ..? ਅਖੇ ਸੱਦਾਮ ਹੁਸੈਨ ਵਿਨਾਸ਼ਕਾਰੀ ਹਥਿਆਰ ਬਣਾਉਣ ਦੀ ਸਮਰੱਥਾ ਰੱਖਦਾ ਸੀ, ਇਹ ਸਾਲੀ ਕੋਈ ਕਾਨੂੰਨੀ ਗੱਲ ਐ...?''

–''ਇਹ ਤਾਂ ਉਹ ਗੱਲ ਹੋਈ, ਜਿਵੇਂ ਕਿਸੇ ਨੂੰ ਪੁਲਸ ਫੜ ਕੇ ਅੰਦਰ ਕਰ ਦੇਵੇ, ਤੇ ਅਗਲਾ ਪੁੱਛੇ ਜੀ ਮੈਨੂੰ ਅੰਦਰ ਕਾਹਤੋਂ ਕੀਤੈ...? ਤਾਂ ਪੁਲਸ ਬੋਲੇ ਬਈ ਬਲਾਤਕਾਰ ਦੇ ਕੇਸ 'ਚ..! ਤੇ ਅਗਲਾ ਕਹੇ ਬਈ ਜੀ ਬਲਾਤਕਾਰ ਤਾਂ ਮੈਂ ਕੀਤਾ ਈ ਨ੍ਹੀ...? ਤੇ ਪੁਲਸ ਆਖੇ ਬਈ ਤੂੰ ਬਲਾਤਕਾਰ ਕਰਨ ਦੀ ਸਮਰੱਥਾ ਰੱਖਦੈਂ, ਤੈਨੂੰ ਤਾਂ ਅੰਦਰ ਦਿੱਤੈ...! ਇਹੀ ਗੱਲ ਸੱਦਾਮ ਹੁਸੈਨ ਨਾਲ ਬੀਤੀ...! ਹਥਿਆਰ ਉਹਦੇ ਕੋਲੋਂ ਮਿਲੇ ਨ੍ਹੀ, ਬਹਾਨੇ ਆਲ਼ਾ ਫ਼ਾਨਾ ਠੋਕਤਾ, ਅਖੇ ਇਹ ਹਥਿਆਰ ਬਣਾਉਣ ਦੀ ਸਮਰੱਥਾ ਰੱਖਦਾ ਸੀ...!''

–''ਇਹ ਜਿਹੜਾ ਕਾਨੂੰਨ ਦਾ ਬਾਹਲ਼ਾ ਫੂੱਫੜ ਬਣਿਆਂ ਫਿਰਦੈ, ਇਹਨੂੰ ਕੋਈ ਖੜ੍ਹਾ ਕੇ ਪੁੱਛੇ...! ਬਈ ਤੂੰ ਸਾਰੇ ਸੰਸਾਰ ਦੀ ਸ਼ਾਂਤੀ ਦਾ ਠੇਕਾ ਲਿਐ...? ਅਗਲੇ ਜਿਵੇਂ ਜਿਉਂਦੇ ਐ, ਉਹਨਾਂ ਨੂੰ ਜਿਉਣ ਦੇ..! ਆਹ ਪਿੱਛੇ ਜੇ ਕੋਰਲਾਈਨਾਂ 'ਚ ਹੜ੍ਹ ਨ੍ਹੀ ਆਏ ਸੀ..?''

–''ਆਹੋ...!''

–''ਉਥੇ ਇਹਦੇ ਆਬਦੇ ਲੋਕਾਂ ਦਾ ਕੀ ਹਾਲ ਹੋਇਐ ਵਿਚਾਰਿਆਂ ਦਾ...? ਉਹ ਤਾਂ ਭੁੱਖਣ ਭਾਣੇ ਪਿੱਟਦੇ ਰਹੇ ਐ, ਤੇ ਇਹ ਲੋਕਾਂ ਨੂੰ ਸ਼ਾਂਤੀ ਦਿਵਾਉਂਦਾ ਫਿਰਦਾ ਸੀ..! ਹੋਈ ਨ੍ਹਾਂ ਉਹੀ ਅੱਗਾ ਦੌੜ ਤੇ ਪਿੱਛਾ ਚੌੜ ਆਲ਼ੀ ਗੱਲ...?''

–''ਨ੍ਹਾ ਇਕ ਗੱਲ ਹੋਰ ਐ...! ਆਹ ਜਿਹੜੇ ਵੱਡੇ ਸਿਰਾਂ ਆਲ਼ੇ ਐ..?''

–''ਕਿਹੜੇ..?''

–''ਉਏ ਯਾਰ ਆਹਾ ਕੋਰੀਆ ਆਲ਼ੇ...! ਉਹਨਾਂ ਮੂਹਰੇ ਪੂਛ ਜੀ ਦੱਬ ਕੇ ਕਿਉਂ ਗੱਲਾਂ ਕਰਦੈ..? ਉਥੇ ਨ੍ਹੀ ਫ਼ੋਕੀ ਬੜ੍ਹਕ ਮਾਰਦਾ...?''

–''ਉਏ ਉਹ ਪਤੰਦਰ ਵੀ ਬਰਾਬਰ ਦੀ ਸੱਟ ਐ..! ਪਤੈ, ਬਈ ਜੇ ਚੀਂ-ਫ਼ੀਂ ਕੀਤੀ-ਅਗਲੇ ਟੋਟਣ 'ਚ ਵੀ ਮਾਰਨਗੇ...! ਉਹਨਾਂ ਕੋਲੇ ਵੀ ਭੈੜ੍ਹੀ ਸੱਟ ਆਲ਼ੇ ਭੜ੍ਹਾਕੇ ਐ-!''

–''ਉਏ, ਇਹ ਵੀ ਡਰਦਿਆਂ ਨੂੰ ਡਰਾਉਂਦੈ...! ਤੁਰਦਾ ਦੇਖਿਐ ਕਿਵੇਂ ਐਂ...? ਜਿਵੇਂ ਘਰਾਟਾਂ 'ਤੇ ਕਾਂ ਤੁਰਦਾ ਹੁੰਦੈ।''

–''ਚਾਹੇ ਕੁਛ ਵੀ ਐ..! ਜਿਵੇਂ ਕਹਿੰਦੇ ਹੁੰਦੇ ਐ, ਛੜੇ ਦੀ ਕਮਾਈ ਜਾਂਦੀ ਐ ਚੰਡੋਲ 'ਤੇ, ਤੇ ਰਹਿੰਦੇ ਖੂੰਹਦੇ ਦਾਣੇ ਕੁੱਕੜਾਂ ਨੇ ਡੋਲ੍ਹਤੇ...! ਸੱਦਾਮ ਹੁਸੈਨ ਵਿਚਾਰੇ ਦਾ ਰਾਜ ਭਾਗ ਤਾਂ ਜਿਹੜਾ ਜਾਣਾ ਸੀ,

ਉਹ ਤਾਂ ਗਿਆ..! ਪ੍ਰੀਵਾਰ ਵੀ ਉਜੜ ਗਿਆ...!"

-"ਫ਼ੌਜੀਆ...! ਬਾਈ ਮਾੜੇ ਕੰਮਾਂ ਦੇ ਨਤੀਜੇ ਤਾਂ ਫੇਰ, ਮਾੜੇ ਈ ਹੁੰਦੇ ਐ...! ਜੇ ਸੋਚਿਆ ਜਾਵੇ ਤਾਂ ਕੁਰਦਾਂ ਤੇ ਸ਼ੀਆ ਆਲ਼ਿਆਂ ਨਾਲ਼ ਇਹਦੀ ਕੀ ਦੁਸ਼ਮਣੀ ਸੀ...? ਮਾਰਚ 1988 'ਚ ਇਹਨੇ ਉਹਨਾਂ ਦੀ ਕੀ-ਕੀ ਤਬਾਹੀ ਮਚਾਈ...? ਪੰਜ ਹਜਾਰ ਦੇ ਕਰੀਬ ਬੰਦੇ ਮਾਰੇ..! 1982 'ਚ ਇਹਦੇ 'ਤੇ ਜਾਨਲੇਵਾ ਹਮਲਾ ਹੋਇਆ, ਜਿਹੜੇ ਦੋਸ਼ੀ ਸੀਗੇ, ਉਹਨਾਂ ਨੂੰ ਚਾਹੇ ਫ਼ਾਹੇ ਲਾ ਦਿੰਦਾ...! ਪਰ ਜਿਹੜੇ 148 ਬੰਦੇ ਇਹਨਾਂ ਨੇ ਊਂ ਮਾਰਤੇ..? ਉਹਨਾਂ ਦਾ ਕਸੂਰ...?"

-"ਤੱਤਾ ਇਹ ਵੀ ਪਤੰਦਰ ਬਾਹਲ਼ਾ ਸੀ...! ਅੱਗ ਈ ਉਗਲ਼ਦਾ ਸੀ...! ਇਹਦੀ ਇਹੀ ਅੱਗ ਬੁਸ਼ ਨੂੰ ਰਾਸ ਨ੍ਹੀ ਸੀ ਆਉਂਦੀ..? ਇਸੇ ਕਰਕੇ ਉਹਨੇ ਫ਼ੌਜਾਂ ਦੇ ਕਟਕ ਇਹਦੇ 'ਤੇ ਚਾੜ੍ਹੇ..!"

-"ਗੱਲ ਬਾਈ ਅਸਲ ਵਿਚ ਹੋਰ ਸੀ...!" ਸੇਵਕ ਬੋਲਦਾ ਬਹੁਤ ਘੱਟ, ਪਰ ਗੱਲ ਬੜੀ ਪਾਏਦਾਰ ਕਰਦਾ ਸੀ।

-"ਕੀ...?"

-"ਕੁਵੈਤ ਦੀ ਜੰਗ ਵੇਲੇ ਅਮਰੀਕਾ ਨੇ ਇਰਾਕ ਤੋਂ ਮਾਰ ਖਾਧੀ..! ਉਦੋਂ ਬੁਸ਼ ਦਾ ਪਿਉ ਰਾਸ਼ਟਰਪਤੀ ਸੀ, ਫੇਰ ਸੁਣਨ 'ਚ ਆਇਆ ਕਿ ਸੱਦਾਮ ਨੇ ਇਕ ਹੋਟਲ ਬਣਵਾਇਆ, ਜੀਹਦੇ ਮੁੱਖ ਦਰਵਾਜੇ ਦੀ ਫ਼ਰਸ਼ 'ਤੇ ਉਹਨੇ ਬੁਸ਼ ਦੇ ਪਿਉ ਦੀ ਫ਼ੋਟੋ ਬਣਵਾਈ...! ਜਿਹੜਾ ਵੀ ਕੋਈ ਓਸ ਹੋਟਲ 'ਚ ਜਾਂਦਾ ਸੀ, ਉਹਨੂੰ ਉਹਦੀ ਫ਼ੋਟੋ ਤੋਂ ਦੀ ਲੰਘ ਕੇ ਜਾਣਾ ਪੈਂਦਾ ਸੀ, ਇਹ ਜਾਰਜ ਡਬਲਿਊ ਬੁਸ਼ ਲਈ ਬਾਹਲ਼ੀ ਈ ਨਮੋਸ਼ੀ ਆਲ਼ੀ ਗੱਲ ਸੀ...! ਤੀਜਾ ਅਸਲ ਰੌਲ਼ਾ ਸੀ ਤੇਲ ਦਾ...! ਦੁਨੀਆਂ ਭਰ ਦੇ ਤੇਲ ਖਜਾਨਿਆਂ ਵਿਚੋਂ ਬਾਈ ਪ੍ਰਸੈਂਟ ਤੇਲ 'ਕੱਲੇ ਇਰਾਕ ਕੋਲ਼ੇ ਐ..! ਬੁਸ਼ ਨੂੰ ਇਉਂ ਸੀ, ਬਈ ਕੋਈ ਨਾ ਕੋਈ ਖੜੱਪਾ ਸੱਪ ਕੱਢ ਕੇ ਦੁਨੀਆਂ ਨੂੰ ਦਿਖਾਓ, ਤੇ ਤੇਲ 'ਤੇ ਕਬਜਾ ਕਰੋ...! ਨਾਲ਼ੇ ਸੱਪ ਮਰਜੂ ਨਾਲ਼ੇ ਸੋਟਾ ਬਚਜੂ...! ਮਤਲਬ ਨਾਲ਼ੇ ਤਾਂ ਸੱਦਾਮ ਹੁਸੈਨ ਤੋਂ ਆਪਣੇ ਪਿਉ ਤੇ ਕੁਵੈਤ ਵਾਲ਼ੀ ਜੰਗ ਦਾ ਬਦਲਾ ਲਓ, ਤੇ ਨਾਲ਼ੇ ਤੇਲ ਹੱਥ ਹੇਠ ਕਰੋ..! ਬੱਸ ਫੇਰ ਕੀ ਸੀ...? ਲੱਗ ਗਿਆ ਕਮਲ਼ਿਆ ਮਾਂਗੂੰ ਬਿਆਨ ਦਾਗਣ, ਇਹਦੇ ਕੋਲ਼ੇ ਰਸਾਇਣਕ ਹਥਿਆਰ ਐ ਜੀ, ਇਹਦੇ ਲੋਕ ਜ਼ਿਲਤ ਭਰੀ ਜਿੰਦਗੀ ਜਿਉਂਦੇ ਐ ਜੀ, ਅਸੀਂ ਉਹਨਾਂ ਨੂੰ ਸ਼ਾਂਤੀ ਲੈ ਕੇ ਦੇਵਾਂਗੇ, ਸੱਦਾਮ ਮਾੜਾ ਸ਼ਾਸ਼ਕ ਐ ਜੀ, ਪੁੱਛਣਾ ਹੋਵੇ ਬਈ ਹੁਣ ਇਰਾਕ 'ਚ ਪੂਰੀ ਸ਼ਾਂਤੀ ਐ...?"

-"ਇਹ ਤਾਂ ਉਹ ਗੱਲ ਹੋਈ ਸਾਧੂ ਸਿਆਂ..! ਜੇ ਆਪਾਂ ਕਿਸੇ ਦੇ ਜੁਆਕ ਨੂੰ ਕਹੀਏ, ਬਈ ਇਹਦੇ ਨਲ਼ੀ ਲਮਕਦੀ ਰਹਿੰਦੀ ਐ, ਇਹਦੇ ਮਾਂ ਪਿਉ ਨੂੰ ਜੁਆਕ ਨ੍ਹੀ ਸਾਂਭਣਾ ਆਉਂਦਾ, ਤੇ ਅਗਲੇ ਦਾ ਚੱਕ ਲਈਏ ਜੁਆਕ, ਤਾਂ ਅਗਲਾ ਪੁੜਪੜੀ 'ਚ ਈ ਮਾਰੂ...? ਅਗਲਾ ਕਹੂ ਮੇਰਾ ਜੁਆਕ ਐ, ਨਲ਼ੀ ਤਾਂ ਕੀ..? ਚਾਹੇ ਕੱਛ 'ਚ ਮੂਤੇ, ਥੋਨੂੰ ਕੀ...? ਉਹ ਗੱਲ ਬੁਸ਼ ਦੀ ਐ...! ਐਵੇਂ ਈ ਲੋਕਾਂ ਦੀ ਪੂਛ ਖਿੱਚਣ ਲੱਗਿਆ ਪਿਐ, ਫ਼ਲਾਨਾ ਦੁਖੀ ਐ ਜੀ, ਫ਼ਲਾਨੇ ਨੂੰ ਸ਼ਾਂਤੀ ਨਹੀਂ ਜੀ-।"

-"ਥੋਡੇ ਭਾਅ ਦਾ ਬੁਸ਼ ਸ਼ਾਂਤੀ ਦਾ ਪੁਜਾਰੀ ਐ...? ਦੁਨੀਆਂ ਕੱਖ ਨ੍ਹੀ ਭੁੱਲੀ...! ਇਹਦੀਆਂ ਚਤਰ ਚਲਾਕੀਆਂ ਸਾਰੇ ਸਮਝਦੇ ਐ..! ਪਰ ਕਿਸੇ ਦੇ ਵੱਸ ਕੋਈ ਨ੍ਹੀ..! ਪਰ ਗੱਲ ਹੋਰ ਐ ਬਾਈ...!" ਭਾਗ ਨੇ ਜੁਬਾਨ ਖੋਲ੍ਹੀ।

-"......।" ਸਾਰੇ ਉਸ ਵੱਲ ਤੱਕਣ ਲੱਗ ਪਏ।

-"ਗਿਆਰਾਂ ਸਤੰਬਰ 2001 ਆਲ਼ੇ ਜਹਾਜੀ ਕਾਂਡ ਤਾਂ ਬੁਸ਼ ਨੂੰ ਵਰਦਾਨ ਬਣ ਕੇ ਮਿਲ਼ੇ ਐ..! ਉਸ ਕਾਂਡ ਦੀ ਆੜ 'ਚ ਇਹਨੇ ਅਫ਼ਗਾਨਿਸਤਾਨ ਤੇ ਇਰਾਕ 'ਚ ਤੜਥੱਲ ਮਚਾਇਆ, ਨਹੀਂ ਇਹਦੇ ਕੋਲ਼ੇ ਕੋਈ ਬਹਾਨਾ ਈ ਨ੍ਹੀ ਸੀ...! ਉਹ ਵਰਲਡ ਟਰੇਡ ਸੈਂਟਰ ਆਲ਼ਾ ਘੱਲੂਘਾਰਾ ਵਾਪਰਿਆ, ਤਾਂ ਇਹਨੇ ਅੱਤਿਵਾਦ ਨੂੰ ਕੁਚਲਣ ਦੀ ਨੀਤੀ ਲੈ ਕੇ ਸੱਦਾਮ ਅਰਗਿਆਂ ਤੋਂ ਗਿਣ ਗਿਣ ਕੇ ਬਦਲੇ ਲਏ..! ਟੋਨੀ ਬਲੇਅਰ ਤੇ ਪਰਵੇਜ਼ ਮੁਸ਼ੱਰਫ਼ ਇਹਦੀਆਂ ਸੱਜੀਆਂ ਖੱਬੀਆਂ ਬਾਹਵਾਂ ਬਣੀਆਂ, ਕਿਤੇ ਅਲ ਕਾਇਦਾ, ਕਿਤੇ ਤਾਲੀਬਾਨ, ਤੇ ਕਿਤੇ ਸੱਦਾਮ ਹੁਸੈਨ ਅਰਗਿਆਂ ਦੇ ਬੁਸ਼ ਇਸ ਅੱਤਿਵਾਦ ਨਾਲ਼ ਨਜਿੱਠਣ ਦੀ ਆੜ 'ਚ ਈ

ਮੋਛੇ ਪਾ ਗਿਆ..।''

-''ਪਰ ਲੜਾਈਆਂ ਤਾਂ ਦੋਵੇਂ ਦੇਸ਼ਾਂ ਦੀਆਂ ਈ ਗ਼ੈਰ ਕਾਨੂੰਨੀ ਸੀ...।'' ਫ਼ੌਜੀ ਨੇ ਪਿੱਟਣ ਵਾਲ਼ਿਆਂ ਵਾਂਗ ਆਖਿਆ।

-''ਕੀ ਫ਼ਰਕ ਪੈਂਦੈ...? ਭਈਆ ਭਏ ਕੋਤਵਾਲ਼, ਅਬ ਡਰ ਕਾਹੇ ਕਾ..? ਜਦੋਂ ਬੁਸ਼, ਬਲੇਅਰ ਤੇ ਮਸ਼ੱਰਫ਼ ਹੋਰਾਂ ਦੀ ਤਿੱਕੜੀ ਅੱਤਵਾਦ ਅੱਤਵਾਦ ਪਿੱਟੀ ਜਾਂਦੀ ਸੀ, ਫੇਰ ਇਹਨਾਂ ਦੀ ਸਰਪੈਂਚੀ ਮਗਰ ਕੌਣ ਬੋਲਦਾ..? ਕੌਣ ਕਹਿੰਦੈ ਰਾਣੀ ਅੱਗਾ ਢਕ...? ਨੰਗੀ ਹੁੰਦੀ ਐਂ..! ਕੌਣ ਕਹੇ ਆ ਬੈਲ ਮੁਝੇ ਮਾਰ...? ਤਕੜੇ ਦਾ ਸੱਤੀਂ ਵੀਹੀਂ ਸੌ...!''

-''ਟੋਨੀ ਬਲੇਅਰ ਨੂੰ ਤਾਂ ਕੋਈ ਫ਼ਰਕ ਨ੍ਹੀਂ ਪੈਂਦਾ..! ਉਹ ਤਾਂ ਸਾਮਰਾਜੀ ਮੁਲਕ ਦਾ ਬੰਦੈ, ਪਰ ਮੁਸ਼ੱਰਫ਼ ਦਾ ਹਸ਼ਰ ਬੁਰਾ ਹੋਊ..!''

-''ਉਹ ਕਿਵੇਂ...?''

-''ਕੋਠਾ ਉਸਰਿਆ, ਤਰਖਾਣ ਵਿੱਸਰਿਆ ਆਲ਼ੀ ਗੱਲ ਪ੍ਰਵੇਜ਼ ਮੁਸ਼ੱਰਫ਼ ਨਾਲ਼ ਹੋਣੀ ਐਂ...! ਬਿਨ ਲਾਦਨ ਤੇ ਸੱਦਾਮ ਹੁਸੈਨ ਅਰਗੇ ਪਹਿਲਾਂ ਅਮਰੀਕਾ ਦੇ ਮਿੱਤਰ ਈ ਸੀ...? ਫੇਰ ਕੀ ਹੋਇਆ..? ਥੋਡੇ ਸਾਹਮਣੇ ਈ ਐਂ..! ਉਹੀ ਹਾਲਤ ਇਹ ਕਦੇ ਨਾ ਕਦੇ ਮੁਸ਼ੱਰਫ਼ ਦੀ ਕਰਨਗੇ...! ਮੇਰੀ ਗੱਲ ਯਾਦ ਰੱਖਿਓ ਅੱਜ ਦੀ..!''

-''ਤੇ ਤੁਸੀਂ ਹੋਰ ਨ੍ਹੀ ਦੇਖਿਆ...? ਜਦੋਂ ਆਪਦੇ ਚਾਰ ਕੁ ਫ਼ੌਜੀ ਤੇ ਫ਼ੌਜਣਾਂ ਇਰਾਕ ਆਲ਼ਿਆਂ ਨੇ ਫੜ ਲਏ, ਉਦੋਂ ਜਨੇਵਾ ਕਨਵੈਨਸ਼ਨ ਦਾ ਰੌਲ਼ਾ ਪਾਉਣ ਲੱਗ ਪਿਆ..! ਤੇ ਜਦੋਂ ਇਹਦੇ ਦੇਸ਼ ਦੇ ਫ਼ੌਜੀਆਂ ਨੇ ਅਬੂ ਗਰੀਬ ਜੇਲ੍ਹ 'ਚ ਕੈਦੀਆਂ ਨਾਲ਼ ਬਦਸਲੂਕੀ ਕੀਤੀ, ਉਦੋਂ ਆਪ ਮੂੰਹ 'ਚ ਜਲੇਬੀਆਂ ਪਾਲੀਆਂ, ਦੇਖਿਆ ਨ੍ਹੀ..? ਇਕ ਅਮਰੀਕੀ ਫ਼ੌਜਣ ਇਕ ਕੈਦੀ ਦੇ ਗਲ਼ 'ਚ ਕੁੱਤੇ ਮਾਂਗੂੰ ਸੰਗਲ਼ੀ ਪਾਈ ਸਿਗਰਟ ਪੀ ਜਾਂਦੀ...?''

-''ਆਪਾਂ ਤਾਂ ਕੀ...? ਸਾਰੇ ਜਹਾਨ ਨੇ ਦੇਖਿਐ...!'' ਗੱਲ ਕਰਦੇ ਸੇਵਕ ਦੀਆਂ ਮੌਲੇ ਦੇ ਸਿੰਗਾਂ ਵਰਗੀਆਂ ਮੁੱਛਾਂ ਤਰਛੂਲ ਵਾਂਗ ਹਿੱਲਦੀਆਂ ਸਨ।

ਸਾਰੀ ਕੰਟੀਨ ਵਿਚ ਇਸ ਤਰ੍ਹਾਂ ਦੀ ਵਾਰਤਾਲਾਪ ਆਮ ਚੱਲਦੀ ਰਹਿੰਦੀ। ਇਹ ਮਸਲਾ ਸਿਰਫ਼ ਇਸ ਕੰਟੀਨ ਦਾ ਹੀ ਨਹੀਂ, ਸਾਰੇ ਜਹਾਨ ਦਾ ਮਸਲਾ ਹੀ ਬਣਿਆਂ ਹੋਇਆ ਸੀ। ਬੁਸ਼ ਅਤੇ ਇਰਾਕ ਜੰਗ ਦਾ ਅੜੰਗਾ ਹਰ ਥਾਂ 'ਤੇ ਫ਼ਸਦਾ ਸੀ। ਸੱਦਾਮ ਦਾ ਕੇਸ ਹਰ ਇਕ ਲਈ ਦਿਲਚਸਪੀ ਦਾ ਕਾਰਨ ਬਣਿਆਂ ਪਿਆ ਸੀ।

ਅਖੀਰ ਜਦੋਂ 30 ਦਸੰਬਰ 2006 ਨੂੰ ਸੱਦਾਮ ਨੂੰ ਫ਼ਾਂਸੀ ਦੇ ਦਿੱਤੀ ਗਈ ਤਾਂ ਭਾਈਬੰਦਾਂ ਵਿਚ ਇਹ ਗੱਲ ਹੋਰ ਭੜ੍ਹਕ ਪਈ।

ਜੈਤੋ ਵਾਲ਼ਾ ਸਾਧੂ ਇਕ ਤਰ੍ਹਾਂ ਨਾਲ਼ ਪਿੱਟਦਾ ਕੰਟੀਨ ਵਿਚ ਆਇਆ।

-''ਸੁਣ ਲਿਆ...? ਕਰਤਾ ਨਾ ਕੰਮ...? ਦੇਤੀ ਨਾ ਫ਼ਾਂਸੀ...?''

-''ਇਹ ਤਾਂ ਸਾਧੂ ਪਹਿਲਾਂ ਹੀ ਪਤਾ ਸੀ...! ਇਹਦੇ 'ਚ ਕੋਈ ਸ਼ੱਕ ਸੀ...?''

-''ਪਰ ਇਹ ਕੰਮ ਪਵਿੱਤਰ ਈਦ ਤੋਂ ਪਹਿਲਾਂ ਤੇ ਨਵੇਂ ਸਾਲ ਤੋਂ ਪਹਿਲਾਂ ਕਾਹਤੋਂ ਕੀਤਾ ਗਿਆ, ਚਾਰ ਦਿਨ ਅੜਕ ਵੀ ਸਕਦੇ ਸੀ..?''

-''ਆਹੋ ਐਡੀ ਵੀ ਕਿਹੜੀ ਨ੍ਹੇਰੀ ਆਈ ਵੀ ਸੀਗੀ..?''

-''ਥੋਨੂੰ ਅਸਲ ਚਾਲ ਦਾ ਨ੍ਹੀ ਪਤਾ..! ਕਾਹਤੋਂ ਮਗਜਮਾਰੀ ਕਰੀ ਜਾਨੇ ਐਂ...?'' ਕਾਮਰੇਡ ਨੇ ਕਿਹਾ।

-''ਅਸਲ ਚਾਲ ਕੀ ਹੋ ਸਕਦੀ ਐ ਕਾਮਰੇਟਾ..?'' ਫ਼ੌਜੀ ਦਾ ਮੂੰਹ ਆਲ਼ੇ ਵਾਂਗ ਅੱਡਿਆ ਹੋਇਆ ਸੀ।

-''ਮੇਰੀ ਨਜ਼ਰ ਅਨੁਸਾਰ ਇਸ ਦੇ ਦੋ ਕਾਰਨ ਹੋ ਸਕਦੇ ਐ...! ਪਹਿਲਾ ਕਾਰਨ ਇਹ ਐ, ਬਈ

ਸਮੁੱਚਾ ਮੁਸਲਮਾਨ ਭਾਈਚਾਰਾ ਮੁਬਾਰਕ ਈਦ ਦੀਆਂ ਖ਼ੁਸ਼ੀਆਂ ਵਿਚ ਰੁੱਝ ਜਾਊਗਾ, ਤੇ ਇਸ ਫ਼ਾਂਸੀ ਦਾ ਕਿਸੇ ਨੇ ਬਹੁਤਾ ਨੋਟਿਸ ਨ੍ਹੀਂ ਲੈਣਾ..! ਦੂਜਾ ਕਾਰਨ ਇਹ ਹੋ ਸਕਦੈ, ਬਈ ਅਗਲੇ ਦਿਨ, ਮਤਲਬ 31 ਦਸੰਬਰ ਨੂੰ ਸਾਰੀ ਦੁਨੀਆਂ ਨਵੇਂ ਸਾਲ ਦੇ ਆਗਮਨ ਦੀਆਂ ਖ਼ੁਸ਼ੀਆਂ ਮਨਾਉਣ ਵਿਚ ਮਸ਼ਰੂਫ਼ ਹੋਊਗੀ, ਤੇ ਉਹ ਵੀ ਇਸ ਫ਼ਾਂਸੀ ਤੋਂ ਇਕ ਤਰ੍ਹਾਂ ਨਾਲ਼ ਆਵੇਸਲ਼ੀ ਈ ਹੋਜੂਗੀ...! ਗੱਲ ਬੜੀ ਜਲਦੀ ਆਈ ਗਈ ਹੋਜੂਗੀ, ਤੇ ਹਿਰਦਿਆਂ 'ਚੋਂ ਨਿਕਲ਼ਜੂਗੀ...!"

-"ਬੜੇ ਘਤਿੱਤੀ ਐ ਬਈ...!" ਜੈਤੋ ਵਾਲ਼ੇ ਸਾਧੂ ਨੇ ਕਿਹਾ।

-"ਘਤਿੱਤੀ ਨੀ, ਚਤਰ ਤੇ ਘਾਤਕ ਐ ਬਾਈ...!"

-"ਹੋਰ ਤੂੰ ਇਸ ਗੌਰਮਿੰਟ ਨੂੰ ਬੇਵਕੂਫ਼ ਈ ਸਮਝਦੈਂ ਡਰੈਵਰਾ..?"

-"ਲੋਕਾਂ ਨੇ ਦੁਨੀਆਂ ਦੇ ਐਡੇ ਐਡੇ ਕਾਂਡ ਅੱਖੋਂ ਪਰੋਖੇ ਕਰਤੇ ਕਾਮਰੇਟਾ, ਆਹ ਵੀ ਭੁੱਲ ਭੁਲਾ ਜਾਣਗੇ...!" ਸੇਵਕ ਨੇ ਆਖਿਆ।

-"ਆਪਣਾ ਤਾਂ ਸੇਵਕਾ ਜਾਭਾਂ ਦਾ ਭੇੜ੍ਹ ਐ...! ਗੌਰਮਿੰਟਾਂ ਦੀਆਂ ਸਿਆਸਤਾਂ ਆਪਣੇ ਵੱਸੋਂ ਬਾਹਰ ਐ..!" ਭਾਗ ਬੋਲਿਆ।

ਕੌਫ਼ੀ ਅਤੇ ਚਾਹ ਪਾਣੀ ਪੀ ਕੇ ਸਾਰੇ ਭਾਈਬੰਦ ਡਿਊਟੀਆਂ ਨੂੰ ਚੱਲ ਪਏ।

## ਕਾਂਡ 8

ਹਨੀ ਅਜੇ ਕੰਮ 'ਤੇ ਜਾਣ ਲਈ ਤਿਆਰ ਹੀ ਹੋ ਰਹੀ ਸੀ ਕਿ ਉਹਨਾਂ ਦਾ ਬਾਹਰਲਾ ਦਰਵਾਜਾ ਬੜੇ ਜੋਰ ਨਾਲ਼ ਖੜਕਿਆ।

ਹਨੀ ਡਰ ਗਈ!

-"ਕੁੜ੍ਹੇ ਹਨੀ..! ਕੁੜ੍ਹੇ ਹਨਿੰਦਰ, ਬਾਰ ਤਾਂ ਖੋਲ੍ਹ...!" ਰਮਣੀਕ ਦੀ ਗੁਆਂਢਣ ਕਿਰਪਾਲ ਕੌਰ ਹਫ਼ੀ ਹੋਈ ਹਨੀ ਦਾ ਦਰਵਾਜਾ ਖੜਕਾ ਨਹੀਂ, ਇਕ ਤਰ੍ਹਾਂ ਨਾਲ਼ ਭੰਨ ਰਹੀ ਸੀ।

ਖੜਕਾਹਟ ਸੁਣ ਕੇ ਹਨੀ ਦਾ ਤਰਾਹ ਨਿਕਲ਼ ਗਿਆ।

ਉਸ ਨੇ ਉਭੜ੍ਹਵਾਹੇ ਦਰਵਾਜਾ ਜਾ ਖੋਲ੍ਹਿਆ।

-"ਕੀ ਗੱਲ ਐ ਚਾਚੀ ਜੀ..? ਸੁੱਖ ਤਾਂ ਹੈ...?" ਉਸ ਨੇ ਅੱਕਲ਼ਕਾਨ ਹੋਈ ਚਾਚੀ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ।

-"ਨ੍ਹੀ ਕਾਹਦੀ ਸੁੱਖ ਐ ਹਨੀ...! ਆਪਣੀ ਸੀਤਲ ਦਾ ਪਤਾ ਲੱਗ ਗਿਆ..! ਉਹ ਪਾਕਿਸਤਾਨ 'ਚ ਐਂ...!" ਚਾਚੀ ਨੇ ਅਜੀਬ ਅਕਾਸ਼ਬਾਣੀ ਕੀਤੀ ਤਾਂ ਹਨੀ ਦੇ ਦਿਲ ਦੇ ਥੰਮ੍ਹ ਹਿੱਲ ਗਏ।

-"ਪਾਕਿਸਤਾਨ...?" ਉਸ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ। ਧਰਤੀ ਘੁਕਦੀ ਦਿਸੀ।

-"ਨ੍ਹੀ ਆਹੋ...! ਮਨਿਸਟਰੀ ਵਾਲ਼ਿਆਂ ਦਾ ਫ਼ੂਨ ਆਇਐ...! ਉਹ ਹਰਾਮ ਦੀ ਤਾਂ ਪਾਕਿਸਤਾਨ ਐਂ...! ਸਾਡੀ ਤਾਂ ਜਿਹੜੀ ਮਾੜੀ ਮੋਟੀ ਇੱਜਤ ਰਹਿੰਦੀ ਸੀ, ਉਹ ਵੀ ਪੁਲੀਤ ਹੋਗੀ ਕੁੜ੍ਹੇ ਹਨੀ...!" ਚਾਚੀ ਨੇ ਰੋਣਾਂ ਸ਼ੁਰੂ ਕਰ ਦਿੱਤਾ। ਨਾਲ਼ ਦੀ ਨਾਲ਼ ਉਸ ਨੇ ਪੱਟਾਂ 'ਤੇ ਦੁਹੱਥੜ ਮਾਰੀ ਸੀ।

-"ਪਰ ਚਾਚੀ ਉਹ ਕੁਲਿਹਣੀ ਪਾਕਿਸਤਾਨ ਪਹੁੰਚੀ ਕਿਸ ਤਰ੍ਹਾਂ...?" ਹਨੀ ਨੂੰ ਗੱਲ ਦਾ ਕੋਈ ਸਿਰਾ ਨਹੀਂ ਲੱਭ ਰਿਹਾ ਸੀ।

-"ਨ੍ਹੀ ਇਹ ਤਾਂ ਹੁਣ ਤੂੰ ਈ ਪੁੱਛ ਧੀਏ...! ਮੈਨੂੰ ਤਾਂ ਮਨਿਸਟਰੀ ਆਲ਼ੇ ਬੰਦੇ ਦੀ ਬਾਤ ਦਾ ਪਤਾ ਨ੍ਹੀ ਲੱਗਿਆ..! ਉਹਦੀ ਅੰਗਰੇਜ਼ੀ ਦੀ ਪੂਰੀ ਸਮਝ ਨਹੀਂ ਆਈ, ਮੈਂ ਤਾਂ ਉਹਨੂੰ ਆਖਤਾ ਬਈ ਦਸ ਕੁ ਮਿੰਟ ਬਾਅਦ ਫੂਨ ਕਰੇ, ਮੈਂ ਆਪਣੀ ਗੁਆਂਢਣ ਕੁੜੀ ਨੂੰ ਲੈ ਕੇ ਆਉਨੀ ਆਂ, ਉਹ ਪੂਰੀ ਅੰਗਰੇਜ਼ੀ ਜਾਣਦੀ ਐ..! ਹੁਣ ਉਹ ਖਸਮਾਂ ਨੂੰ ਖਾਣਾਂ ਮਨਿਸਟਰੀ ਆਲ਼ਾ ਗੋਰਾ ਦਸਾਂ ਕੁ ਮਿੰਟਾਂ ਬਾਅਦ ਫੂਨ ਕਰੂਗਾ..! ਤੂੰ ਮੇਰੀ ਧੀ ਬਣਕੇ ਸਾਰੀ ਗੱਲ ਪੁੱਛ ਉਹਨੂੰ, ਬਈ ਚੰਦਰੀ ਉਹ ਪਾਕਿਸਤਾਨ ਪਹੁੰਚੀ ਕਿਵੇਂ...? ਚੱਲ ਜਲਦੀ ਮੇਰੀ ਧੀ ਬਣਕੇ, ਉਹਦਾ ਫੂਨ ਆਉਣ ਈ ਆਲ਼ੈ...! ਤੂੰ ਆ ਜਲਦੀ ਮੇਰੀ ਧੀ...! ਆਹ ਲੋਕ ਬੱਕੜਵਾਹ ਕਰੀ ਜਾਂਦੇ ਐ, ਅਖੇ ਧੀਆਂ ਨੂੰ ਗਰਭ 'ਚ ਨਾ ਮਾਰੋ..! ਅਬੌਰਸ਼ਨ ਨਾ ਕਰਵਾਓ..! ਪਰ ਐਸ ਕੰਜਰਖਾਨੇ ਨਾਲੋਂ ਤਾਂ ਇਹ ਜੰਮਣ ਤੋਂ ਪਹਿਲਾਂ ਈ ਬਿਲੇ ਲਾਈਆਂ ਚੰਗੀਐਂ..! ਦੱਸੋ ਬੰਦਾ ਕੀ ਕਰੂ...? ਕਿੰਨੀਆਂ ਸਧਰਾਂ ਨਾਲ਼ ਪਾਲ਼ ਪੋਸ ਕੇ ਵੱਡੀਆਂ ਕੀਤੀਆਂ, ਪੜ੍ਹਾਇਆ ਲਿਖਾਇਆ..! ਤੇ ਕਰਤੂਤਾਂ ਦੇਖਲਾ ਆਹ ਕਰਦੀਐਂ ਕੰਜਰੀਆਂ..!" ਬਰੜਾਹਟ ਕਰਦੀ ਚਾਚੀ ਪੁੱਠੇ ਪੈਰੀਂ ਵਾਪਿਸ ਮੁੜ ਗਈ, "ਤੂੰ ਛੇਤੀ ਆਜਾ ਹਨੀ ਮੇਰੀ ਧੀ ਬਣਕੇ...! ਕਰ ਪਤਾ ਬਈ ਉਹ ਕੀ ਕਹਿੰਦੈ..?" ਚਾਚੀ ਸੁੱਕੇ ਪੱਤੇ ਵਾਂਗ ਕੰਧਾਂ 'ਚ ਵੱਜਦੀ ਫਿਰਦੀ ਸੀ। ਨਿਰਬਲ ਅਤੇ ਬੇਜਾਨ...। ਮਾੜੇ ਹਾਲਾਤਾਂ ਦੀ ਮਾਰੀ ਹੋਈ...।

ਹਨੀ ਫ਼ਰਾਂ ਵਾਲ਼ਾ ਕੋਟ ਪਾ ਕੇ ਚਾਚੀ ਦੇ ਘਰ ਨੂੰ ਤੁਰ ਗਈ।

ਚਾਚੀ ਕਿਰਪਾਲ ਕੌਰ ਭੁੰਜੇ ਕਾਰਪੈੱਟ 'ਤੇ ਹੀ ਗੁੰਮ-ਸੁੰਮ ਹੋਈ, ਮੱਥੇ 'ਤੇ ਹੱਥ ਧਰੀ ਬੈਠੀ ਸੀ। ਅਤੀਅੰਤ ਦੁਖੀ...! ਉਸ ਦੇ ਭਾਅ ਦਾ ਤਾਂ ਉਸ ਦਾ ਜਹਾਨ ਉਜੜ ਗਿਆ ਸੀ..। ਦੁਨੀਆਂ ਦੀਆਂ ਕਟਾਰ ਨਜ਼ਰਾਂ ਦਾ ਉਹ ਸਾਹਮਣਾ ਨਹੀਂ ਕਰ ਸਕਦੀ ਸੀ...। ਕਿਰਪਾਲ ਕੌਰ ਘਰੋਂ ਬਾਹਰ ਨਾ ਨਿਕਲ਼ਦੀ...। ਕੀੜਿਆਂ ਵਾਲ਼ੇ ਕੁੱਤੇ ਵਾਂਗ ਅੰਦਰ ਹੀ ਵੜੀ ਰਹਿੰਦੀ...। ਇਹੀ ਹਾਲ ਗੁਰਚਰਨ ਸਿੰਘ ਦਾ ਸੀ...। ਉਸ ਨੇ ਵੀ ਹੁਣ ਗੁਰਦੁਆਰੇ ਜਾਂ ਹੋਰ ਸੱਭਿਆਚਾਰਕ ਸਮਾਗਮਾਂ 'ਤੇ ਜਾਣਾ ਬੰਦ ਕਰ ਦਿੱਤਾ ਸੀ...। ਉਹ ਆਪਣੇ ਭਾਈਚਾਰੇ ਵਿਚ ਮੂੰਹ ਦਿਖਾਉਣ ਜੋਕਰੇ ਨਹੀਂ ਸਨ...। ਬੰਦਾ ਸਾਰੀ ਉਮਰ ਆਪਣੀ ਇੱਜ਼ਤ ਬਣਾਉਣ ਖਾਤਰ ਬਾਜੀ ਲਾ ਦਿੰਦਾ ਹੈ ਅਤੇ ਖ਼ਾਨਦਾਨ ਵਿਚ ਇਕ ਬਦਤਮੀਜ਼ ਬੱਚਾ ਉਠ ਕੇ ਸਾਰੀ ਬਣੀ ਬਣਾਈ ਇੱਜ਼ਤ ਦੀ ਖੇਹ ਕਰ ਧਰਦਾ ਹੈ...। ਇਸ ਦੀ ਕਿਰਪਾਲ ਕੌਰ ਅਤੇ ਗੁਰਚਰਨ ਸਿੰਘ ਨੂੰ ਅਥਾਹ ਨਮੋਸ਼ੀ ਸੀ...।

-"ਚਾਹ ਬਣਾਵਾਂ ਹਨੀ...?"

-"ਨਹੀਂ ਚਾਚੀ ਜੀ...! ਚਾਹ ਨਹੀਂ...! ਤੁਸੀਂ ਅਰਾਮ ਕਰੋ...! ਫ਼ਿਕਰ ਨਾ ਕਰੋ, ਸਭ ਠੀਕ ਹੋ ਜਾਊਗਾ..! ਤੁਸੀਂ ਗੱਲ ਨੂੰ ਬਹੁਤਾ ਦਿਲ 'ਤੇ ਨਾ ਲਾਓ...!" ਹਨੀ ਦਾ ਦਿਲ ਦਿਮਾਗ ਘੁੰਮਣ ਘੇਰੀਆਂ ਵਿਚ ਪਿਆ ਹੋਇਆ ਸੀ। ਚਾਚੀ ਦਾ ਉਸ ਨੂੰ ਅਥਾਹ ਤਰਸ ਆਇਆ ਸੀ...। ਪੁੱਤਾਂ ਵਾਂਗੂੰ ਪਾਲ਼ ਪੋਸ ਕੇ ਵੱਡੀ ਕੀਤੀ ਧੀ ਸੀਤਲ ਨੇ ਉਹਨਾਂ ਨੂੰ ਕਿਸੇ ਪਾਸੇ ਜੋਕਰਾ ਨਹੀਂ ਛੱਡਿਆ ਸੀ...। ਭਾਈਚਾਰੇ ਵਿਚ 'ਤੋਏ-ਤੋਏ' ਕਰਵਾਈ ਸੀ..। ਮੂੰਹ ਕਾਲ਼ਸ ਦੁਆਈ ਸੀ...।

ਪੰਜ ਕੁ ਮਿੰਟ ਬਾਅਦ ਮਨਿਸਟਰੀ ਦੇ ਕਰਮਚਾਰੀ ਦਾ ਫ਼ੋਨ ਆ ਗਿਆ।

ਗੋਰੇ ਨੇ ਪੁਸ਼ਟੀ ਕਰ ਦਿੱਤੀ ਕਿ ਸੀਤਲ ਪਾਕਿਸਤਾਨ ਵਿਚ ਹੀ ਸੀ! ਥੋੜੀ ਇਨਕੁਆਰੀ ਕਰਨ ਤੋਂ ਬਾਅਦ ਉਸ ਨੂੰ ਬੜੀ ਜਲਦੀ ਇੰਗਲੈਂਡ ਲਿਆਂਦਾ ਜਾ ਰਿਹਾ ਹੈ...। ਇੰਗਲੈਂਡ ਦੀ ਅੰਬੈਸੀ ਉਸ ਨੂੰ ਇੰਗਲੈਂਡ ਲਿਆਉਣ ਦਾ ਸਾਰਾ ਪ੍ਰਬੰਧ ਕਰ ਰਹੀ ਹੈ...। ਸੀਤਲ ਦੀ ਇੱਛਾ ਅਨੁਸਾਰ ਅਸੀਂ ਤੁਹਾਨੂੰ ਉਸ ਦਾ 'ਸੁਨੇਹਾਂ' ਦੇ ਰਹੇ ਹਾਂ...। ਫ਼ਿਕਰ ਕਰਨ ਦੀ ਜ਼ਰੂਰਤ ਨਹੀਂ...। ਇਸ ਹਫ਼ਤੇ ਦੇ ਅਖੀਰ ਵਿਚ ਉਹ ਹਰ ਹਾਲਤ ਵਿਚ ਸੁਰੱਖਿਅਤ ਇੰਗਲੈਂਡ ਪੁੱਜ ਜਾਵਗੀ...। ਜਦੋਂ ਹਨੀ ਨੇ ਗੋਰੇ ਨੂੰ ਸੀਤਲ ਦੇ ਪਾਕਿਸਤਾਨ ਵਿਚ ਪੁੱਜਣ ਦਾ ਕਾਰਨ ਪੁੱਛਿਆ, ਤਾਂ ਗੋਰੇ ਨੇ ਬੜੇ ਸਹਿਜ ਸੁਭਾਅ ਉਤਰ ਦਿੱਤਾ ਕਿ ਇਹ ਗੱਲ ਤੁਹਾਨੂੰ

ਸੀਤਲ ਆਪ ਹੀ ਆ ਕੇ ਦੱਸ ਦੇਵੇਗੀ...। ਗੋਰਾ ਪੂਰੀ ਗੱਲ ਜਾਣ ਬੁੱਝ ਕੇ ਜਾਂ ਕਿਸੇ ਮਜਬੂਰੀ ਵਿਚ ਦੱਸਣਾਂ ਨਹੀਂ ਚਾਹੁੰਦਾ ਸੀ...। ਬੱਸ ਉਸ ਨੇ ਇਤਨਾ ਹੀ ਆਖਿਆ ਸੀ ਕਿ ਜਦੋਂ ਫ਼ਲਾਈਟ ਦਾ ਪ੍ਰਬੰਧ ਹੋ ਗਿਆ, ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇਗਾ, ਅਤੇ ਤੁਸੀਂ ਉਸ ਨੂੰ ਹੀਥਰੋ ਏਅਰਪੋਰਟ ਲੰਡਨ ਤੋਂ ਜਾ ਕੇ ਲਿਆ ਸਕਦੇ ਹੋ...। ਅਗਰ ਤੁਸੀਂ ਨਹੀਂ ਜਾ ਸਕਦੇ, ਜਾਂ ਕਿਸੇ ਕਾਰਨ ਨਹੀਂ ਜਾਣਾ ਚਾਹੁੰਦੇ, ਤਾਂ ਅਸੀਂ ਉਸ ਨੂੰ ਹੀਥਰੋ ਏਅਰਪੋਰਟ ਤੋਂ ਲਿਆਉਣ ਦਾ ਪ੍ਰਬੰਧ ਵੀ ਕਰ ਕੇ ਦਿਆਂਗੇ...। ਅਗਰ ਉਹ ਤੁਹਾਡੇ ਨਾਲ਼ ਰਹਿ ਸਕਦੀ ਹੈ, ਤਾਂ ਵਾਹ ਭਲੀ...! ਨਹੀਂ ਤਾਂ ਅਸੀਂ ਉਸ ਨੂੰ ਕੌਂਸਲ ਵੱਲੋਂ ਮਕਾਨ ਦੇਣ ਲਈ ਵੀ ਤਿਆਰ ਹਾਂ...।

ਗੋਰੇ ਨੇ ਆਪਣਾ ਨੰਬਰ ਹਨੀ ਨੂੰ ਲਿਖਵਾ ਦਿੱਤਾ ਅਤੇ ਉਸ ਨੇ ਕਿਹਾ ਕਿ ਉਹ ਅਗਲੀ 'ਇੰਨਫ਼ਾਰਮੇਸ਼ਨ' ਮਿਲਣ 'ਤੇ ਫਿਰ ਫ਼ੋਨ ਕਰੇਗਾ।

ਫ਼ੋਨ ਕੱਟੇ ਗਏ।

ਹਨੀ ਅਤੇ ਚਾਚੀ ਕਿਰਪਾਲ ਕੌਰ ਛਾਤੀ 'ਤੇ ਹੱਥ ਰੱਖ ਕੇ ਬੈਠ ਗਈਆਂ।

ਉਹ ਇਕ ਦੂਜੀ ਵੱਲ ਘੁੱਟਾਂਬਾਟੀ ਝਾਕ ਰਹੀਆਂ ਸਨ।

ਕਿਸੇ ਨੂੰ ਕੋਈ ਖ਼ਾਸ ਸਮਝ ਨਹੀਂ ਲੱਗੀ ਸੀ ਅਤੇ ਨਾ ਹੀ ਮਨਿਸਟਰੀ ਦੇ ਗੋਰੇ ਨੇ ਉਹਨਾਂ ਦੇ ਕੋਈ ਗੱਲ ਪੱਲੇ ਪਾਈ ਸੀ।

.......ਅਸਲ ਵਿਚ ਸੀਤਲ ਕਾਲਜ ਵਿਚ ਪੜ੍ਹਦੀ-ਪੜ੍ਹਦੀ ਇਕ ਮੁਸਲਮਾਨ ਮੁੰਡੇ ਇਮਰਾਨ ਦੇ ਸੰਪਰਕ ਵਿਚ ਆ ਗਈ। ਚਾਹੇ ਇੰਗਲੈਂਡ ਦੀਆਂ ਪੰਜਾਬੀ ਅਖ਼ਬਾਰਾਂ ਇਸ ਪੱਖੋਂ ਧੂੰਆਂਧਾਰ ਪ੍ਰਚਾਰ ਕਰ ਕੇ ਪੰਜਾਬੀ ਭਾਈਚਾਰੇ ਨੂੰ ਸਾਵਧਾਨ ਕਰ ਰਹੀਆਂ ਸਨ ਕਿ ਕੁਝ ਪਾਕਿਸਤਾਨੀ 'ਗੈਂਗਜ਼' ਵੱਲੋਂ 'ਗੁਪਤ' ਮੁਹਿੰਮ ਚਲਾਈ ਜਾ ਰਹੀ ਹੈ ਕਿ ਸਿੱਖਾਂ ਅਤੇ ਹਿੰਦੂਆਂ ਦੀਆਂ ਕੁੜੀਆਂ ਨੂੰ ਵਰਗਲ਼ਾ ਕੇ ਜਾਂ ਪ੍ਰੇਮ ਜਾਲ ਵਿਚ ਫ਼ਸਾ ਕੇ ਉਹਨਾਂ ਨੂੰ ਮੁਸਲਮਾਨ ਬਣਾਓ ਅਤੇ ਅੱਲਾਹ ਦੀਆਂ 'ਖ਼ੁਸ਼ੀਆਂ' ਪ੍ਰਾਪਤ ਕਰੋ...! ਪਰ ਮਾਪਿਆਂ ਦੇ ਲੱਖ ਸਮਝਾਉਣ 'ਤੇ ਵੀ ਪੰਜਾਬੀ ਕੁੜੀਆਂ ਮੁਸਲਮਾਨ ਮੁੰਡਿਆਂ ਦੇ ਮੱਕੜ ਜਾਲ਼ ਵਿਚ ਧੜਾ ਧੜ ਫ਼ਸ ਕੇ ਆਪਣੀ ਜ਼ਿੰਦਗੀ ਦਾਅ 'ਤੇ ਲਾ, ਜ਼ਿੰਦਗੀ ਬਰਬਾਦ ਕਰ ਰਹੀਆਂ ਸਨ।

ਇਹੀ ਹਿਰਦੇਵੇਧਕ ਦੁਖਾਂਤ ਸੀਤਲ ਨਾਲ਼ ਵਾਪਰਿਆ। ਇਮਰਾਨ ਜ਼ੁਬਾਨ ਦਾ ਬਹੁਤ ਹੀ ਮਿੱਠਾ ਅਤੇ ਸੋਹਣਾਂ ਸੁਨੱਖਾ ਮੁੰਡਾ ਸੀ। ਉਹ ਸੀਤਲ ਨੂੰ ਕਦੇ ਮੋਬਾਇਲ ਫ਼ੋਨ ਅਤੇ ਕਦੇ ਹੋਰ ਮਹਿੰਗੇ ਅਤੇ ਮਨ ਲੁਭਾਉਣੇ 'ਗਿਫ਼ਟ' ਲਿਆ ਕੇ ਦਿੰਦਾ। ਕਦੇ ਪੈਸੇ ਵੀ ਦੇ ਦਿੰਦਾ। ਸੀਤਲ ਬੁਰੀ ਤਰ੍ਹਾਂ ਉਸ ਦੇ ਪ੍ਰੇਮ-ਪੰਜੇ ਵਿਚ ਆ ਚੁੱਕੀ ਸੀ। ਉਸ ਨੇ ਰਾਤ ਨੂੰ ਇਮਰਾਨ ਨਾਲ਼ ਪੱਬਾਂ ਅਤੇ ਕਲੱਬਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਬਾਕੀ ਕੁਰਾਹੇ ਪਈਆਂ ਕੁੜੀਆਂ ਨੂੰ ਦੇਖਦੀ ਦੇਖਦੀ ਨੇ ਸਿਗਰਟ ਅਤੇ ਪਹਿਲਾਂ ਬੀਅਰ ਅਤੇ ਫਿਰ ਵਿਸਕੀ ਵੀ ਪੀਣੀ ਸ਼ੁਰੂ ਕਰ ਦਿੱਤੀ। ਮਾਪੇ ਸੀਤਲ ਦੀਆਂ ਇਹਨਾਂ ਘਟਿੱਤਾਂ ਤੋਂ ਅਤੀਅੰਤ ਦੁਖੀ ਸਨ। ਉਹ ਕਈ ਵਾਰ ਉਸ ਨੂੰ ਪੰਜਾਬੀ ਅਖ਼ਬਾਰਾਂ ਵਿਚ ਛਪੇ ਆਰਟੀਕਲ ਅਤੇ ਖ਼ਬਰਾਂ ਪੜ੍ਹ ਕੇ ਸੁਣਾ ਚੁੱਕੇ ਸਨ ਕਿ ਕੀ ਐ ਖ਼ਬਰਾਂ ਜਾਂ ਆਰਟੀਕਲ ਸੁਣ ਕੇ ਹੀ ਸੁਧਰ ਜਾਵੇ...? ਪਰ ਥੰਧੇ ਘੜ੍ਹੇ ਸੀਤਲ 'ਤੇ ਮਾਪਿਆਂ ਦੀ ਦਲੀਲ ਬੂੰਦ ਦਾ ਕੋਈ ਅਸਰ ਨਾ ਹੋਇਆ। ਕਈ ਵਾਰ ਮਾਂ ਨੇ ਗਾਲ਼ੀ-ਗਲੋਚ ਤੋਂ ਇਲਾਵਾ ਕੁੜੀ ਅੱਗੇ ਚੁੰਨੀ ਅੱਡ ਕੇ ਇੱਜ਼ਤ ਦੀ ਭੀਖ਼ ਵੀ ਮੰਗੀ, ਪਰ ਸੀਤਲ 'ਤੇ ਕੋਈ ਅਸਰ ਨਾ ਹੋਇਆ।

ਕੁੜੀ ਬਾਲਗ ਸੀ। ਇਸ ਲਈ ਕੁਝ ਆਖ ਵੀ ਨਹੀਂ ਸਕਦੇ ਸਨ। ਇੰਗਲੈਂਡ ਦੇ ਮਾਪੇ ਦੋ ਪਾਸਿਆਂ ਤੋਂ ਮਜਬੂਰੀ ਦੀ ਚੱਕੀ ਵਿਚ ਦੋਫ਼ਾੜ ਹੋ ਰਹੇ ਸਨ। ਇਕ ਪਾਸੇ, ਜੇ ਤਾਂ ਉਹ ਧੀ ਜਾਂ ਪੁੱਤ ਨੂੰ ਰੋਕਦੇ ਜਾਂ ਘੂਰਦੇ ਸਨ, ਤਾਂ ਪੁਲੀਸ ਮਗਰ ਪੈਂਦੀ ਸੀ ਕਿ ਤੁਸੀਂ ਬੱਚੇ ਦੀ ਅਜ਼ਾਦੀ ਦੇ ਰਾਹ ਵਿਚ 'ਰੋੜਾ' ਬਣਦੇ ਹੋ, ਉਸ ਨੂੰ ਆਪਣੇ ਢੰਗ ਤਰੀਕੇ ਨਾਲ਼ ਜਿਉਣ ਨਹੀਂ ਦਿੰਦੇ..? ਦੂਜੇ ਪਾਸੇ, ਜੇ ਕੋਈ ਨਾਬਾਲਗ ਲੜਕਾ ਜਾਂ ਲੜਕੀ ਚੋਰੀ ਚਕਾਰੀ ਜਾਂ ਕੋਈ ਹੋਰ ਵਾਰਦਾਤ ਕਰ ਦਿੰਦਾ ਸੀ, ਤਾਂ ਵੀ ਪੁਲੀਸ ਮਾਂ-ਬਾਪ ਨੂੰ ਅੱਗੇ ਧਰ ਲੈਂਦੀ ਸੀ ਕਿ ਤੁਹਾਡੇ ਬੱਚੇ ਨੇ 'ਕਰਾਈਮ' ਕੀਤਾ ਹੈ ਅਤੇ ਆ ਕੇ ਜਵਾਬ ਦਿਓ, ਤੁਸੀਂ ਬੱਚੇ ਦਾ ਪਾਲਣ-ਪੋਸ਼ਣ ਚੰਗੇ ਢੰਗ ਨਾਲ਼ ਨਹੀਂ ਕਰ ਰਹੇ...! ਇੰਗਲੈਂਡ ਦੇ ਜੰਮਪਲ ਬੱਚੇ ਹੀ ਅਜਿਹੇ ਅਣਭਿੱਜ

ਅਤੇ ਕੋਰੇ ਸਨ ਕਿ ਮਾਂ-ਬਾਪ ਦੀ ਗੱਲ ਸੁਣਨ ਨੂੰ ਹੀ ਤਿਆਰ ਨਹੀਂ ਸਨ। ਉਹ ਆਪਣੇ ਮਾਂ-ਬਾਪ ਨੂੰ 'ਮੈਡ ਪੇਰੈਂਟਸ' ਜਾਂ 'ਉਜੱਡ ਭਾਰਤੀ ਲੋਕ' ਕਹਿਣ ਅਤੇ ਬੇਇੱਜ਼ਤੀ ਕਰਨ ਤੋਂ ਵੀ ਗੁਰੇਜ ਨਹੀਂ ਸਨ ਕਰਦੇ। ਮਾਂ-ਬਾਪ ਅਗਲੀ ਪੀੜ੍ਹੀ ਤੋਂ ਅਤੀਅੰਤ ਚਿੰਤਤ ਅਤੇ ਦੁਖੀ ਸਨ। ਪੰਜਾਬੀ ਅਖ਼ਬਾਰਾਂ ਵਿਚ ਛਪਦੀਆਂ ਡਰਾਉਣੀਆਂ, ਪਰ ਸੱਚੀਆਂ ਖ਼ਬਰਾਂ ਉਹਨਾਂ ਦੀ ਨੀਂਦ ਹਰਾਮ ਕਰੀ ਰੱਖਦੀਆਂ ਅਤੇ ਉਹਨਾਂ ਨੂੰ ਆਪਣੇ ਬੱਚਿਆਂ, ਖ਼ਾਸ ਤੌਰ 'ਤੇ ਧੀਆਂ ਦਾ ਫ਼ਿਕਰ ਵੱਢ-ਵੱਢ ਖਾਂਦਾ ਸੀ। ਅਜਿਹੀਆਂ ਖ਼ਬਰਾਂ ਪੜ੍ਹ ਕੇ ਮਾਪੇ ਅਥਾਹ ਪ੍ਰੇਸ਼ਾਨ ਹੋ ਉਠਦੇ।

ਸੀਤਲ ਨੂੰ ਇਮਰਾਨ ਨਾਲੋਂ ਵੱਖ ਕਰਨ ਲਈ ਸੀਤਲ ਦੇ ਮਾਂ-ਬਾਪ ਨੇ ਰਿਸ਼ਤੇਦਾਰਾਂ ਦਾ ਸਹਾਰਾ ਵੀ ਲਿਆ। ਪਰ ਕੋਈ ਸਾਰਥਿਕ ਨਤੀਜਾ ਨਾ ਨਿਕਲਿਆ। ਸੀਤਲ ਦੇ ਕੰਨ 'ਤੇ ਜੂੰ ਨਾ ਸਰਕੀ। ਸਗੋਂ ਉਸ ਨੇ ਇੰਗਲੈਂਡ ਦੀ ਜੰਮਪਲ ਅਤੇ ਨਿਰਮੋਹੀ ਪੀੜ੍ਹੀ ਦਾ ਆਖਰੀ ਹਥਿਆਰ ਵਰਤਿਆ, ਘਰੋਂ ਭੱਜ ਜਾਣ ਜਾਂ ਪੁਲੀਸ ਨੂੰ ਫ਼ੋਨ ਕਰਨ ਦੀ ਧਮਕੀ ਮਾਰ ਦਿੱਤੀ। ਸੀਤਲ ਦੀ ਮਾਂ ਇਹ ਗੱਲ ਸੁਣ ਕੇ ਭੜ੍ਹਕ ਪਈ।

-"ਤੂੰ ਜੰਮਦੀ ਕਾਹਤੋਂ ਨਾ ਮਰ ਗਈ ਕੰਜਰੀਏ...! ਆਹ ਮੂੰਹ ਕਾਲ਼ਸ ਦੁਆਉਣ ਨੂੰ ਪਾਲ਼ਿਆ ਸੀ ਤੈਨੂੰ...? ਨ੍ਹੀ ਕਿੰਨੇ ਸੋਹਣੇ ਸੋਹਣੇ ਪੰਜਾਬੀ ਮੁੰਡੇ ਫਿਰਦੇ ਐ, ਤੈਨੂੰ ਸਿਰਫ਼ ਮੁਸਲਮਾਨ ਈ ਲੱਭਿਆ ਕੁੱਤੀਏ...?" ਉਸ ਨੇ ਆਪਣੀ ਛਾਤੀ ਅਤੇ ਪੱਟ ਪਿੱਟੇ।

ਪਰ ਸੀਤਲ ਟੱਸ ਤੋਂ ਮੱਸ ਨਾ ਹੋਈ।

-"ਸੀਤਲ..! ਬੇਟਾ ਜੇ ਤੇਰਾ ਵਿਆਹ ਕਰਵਾਉਣ ਦਾ ਈ ਮਨ ਐਂ, ਤਾਂ ਮੈਂ ਹਫ਼ਤੇ ਦੇ ਵਿਚ ਵਿਚ ਕੋਈ ਮੁੰਡਾ ਭਾਲ਼ ਦਿੰਨੈ..! ਤੂੰ ਮੁਸਲਮਾਨ ਮੁੰਡੇ ਦਾ ਖਹਿੜਾ ਛੱਡ, ਆਪਾਂ ਸ਼ਰੀਕੇ ਕਬੀਲੇ 'ਚ ਕਿਸੇ ਨੂੰ ਮੂੰਹ ਦਿਖਾਉਣ ਜੋਕਰੇ ਨਹੀਂ ਰਹਿਣਾ...! ਦੁਨੀਆਂ ਸਾਡੇ ਮੂੰਹ ਛਿੱਤਰ ਦਿਊ...! ਮੇਰੀ ਧੀ ਸਿਆਣੀ ਬਣ ਕੇ ਠੰਢੇ ਦਿਮਾਗ ਨਾਲ਼ ਸੋਚ...! ਚਿੱਟੀਆਂ ਪੱਗਾਂ ਪਿਉ ਧੀਆਂ ਪੁੱਤਾਂ ਦੇ ਸਿਰ 'ਤੇ ਈ ਬੰਨ੍ਹਦੇ ਐ..! ਧੀਆਂ ਮਾਂ ਬਾਪ ਦੀ ਇੱਜ਼ਤ ਨੂੰ ਲਾਜ ਨ੍ਹੀ ਲਾਉਂਦੀਆਂ ਹੁੰਦੀਆਂ...! ਮੁਸਲਮਾਨ ਮੁੰਡੇ ਦਾ ਖਹਿੜਾ ਛੱਡ ਦੇਹ, ਹੋਰ ਚਾਹੇ ਤੂੰ ਕੋਈ ਹਿੰਦੂ ਜਾਂ ਕਿਸੇ ਹੋਰ ਬਰਾਦਰੀ ਦਾ ਮੁੰਡਾ ਲੱਭ ਲੈ, ਵਿਆਹ ਤੇਰਾ ਮੈਂ ਕਰੂੰ...! ਪਰ ਇਮਰਾਨ ਦਾ ਪੱਲਾ ਛੱਡ ਦੇ ਮੇਰੀ ਧੀ ਬਣ ਕੇ...! ਜਿਦ ਨ੍ਹੀ ਕਰੀਦੀ ਹੁੰਦੀ ਪੁੱਤ, ਸ਼ੇਰ ਬੱਗਿਆ...! ਸਿਆਣੇ ਪੁੱਤ ਬਣੀਦਾ ਹੁੰਦੈ...! ਦੇਖਲਾ ਤੇਰੇ ਮਾਂ ਪਿਉ ਤੇਰੇ ਇਸ ਕਾਰੇ ਕਰ ਕੇ ਕਿੰਨੇ ਦੁਖੀ ਐ...?" ਮਾਮੇ ਨੇ ਸਮਝਾਇਆ।

-"ਆਈ ਡੋਂਟ ਕੇਅਰ ਅਬਾਊਟ ਦੈਟ ਸ਼ਿੱਟ..!" ਮਾਮੇ ਦੀ ਗੱਲ ਸੁਣ ਕੇ ਸੀਤਲ ਨੇ ਪਰਸ ਚੁੱਕਿਆ ਅਤੇ ਘਰੋਂ ਬਾਹਰ ਹੋ ਗਈ।

ਸਾਰੇ ਅਚੰਭੇ ਨਾਲ਼ ਦੇਖਦੇ ਹੀ ਰਹਿ ਗਏ। ਸਾਰੇ ਅਵਾਕ ਹੀ ਤਾਂ ਹੋ ਗਏ ਸਨ!

-"ਹਾਏ ਨ੍ਹੀ ਤੂੰ ਸਾਥੋਂ ਕਿਹੜੇ ਜੁੱਗ ਦਾ ਬਦਲਾ ਲੈਨੀ ਐਂ ਨ੍ਹੀ ਮੇਰੀਏ ਦੁਸ਼ਮਣੇ ਧੀਏ...!" ਸੀਤਲ ਦੀ ਮਾਂ ਕਿਰਪਾਲ ਕੌਰ ਨੇ ਹਿੱਕ 'ਚ ਦੁਹੱਥੜ ਮਾਰ ਕੇ ਵੈਣ ਪਾਇਆ।

-"ਚੁੱਪ ਕਰ ਕਿਰਪਾਲ ਕੁਰੇ..! ਬਹੁਤਾ ਨ੍ਹੀ ਕਲਪੀਦਾ ਹੁੰਦਾ..! ਰੱਬ ਭਲੀ ਕਰੂਗਾ..!" ਸੀਤਲ ਦੀ ਮਾਮੀ ਨੇ ਉਸ ਦਾ ਦਿਲ ਧਰਾਇਆ। ਪਰ ਫ਼ੋਕੇ ਧਰਵਾਸੇ ਉਸ ਲਈ ਆਸਰਾ ਨਹੀਂ ਬਣਦੇ ਸਨ।

-"ਨ੍ਹੀ ਰੱਬ ਵੀ ਪੁੱਤ ਖਾਣੇ ਦਾ ਕਿਤੇ ਨ੍ਹੀ ਸੁਣਦਾ ਨੀ ਮੇਰੀਏ ਭਰਜਾਈਏ..!" ਕਿਰਪਾਲ ਕੌਰ ਨੇ ਫਿਰ ਹਿੱਕ ਪਿੱਟੀ।

-"ਮੇਰਾ ਚਿੱਤ ਕਰਦੈ, ਜਿੱਥੇ ਵੀ ਦੋਨ੍ਹਾਂ ਨੂੰ ਦੇਖਾਂ, ਗੋਲ਼ੀ ਮਾਰਾਂ..!" ਸੀਤਲ ਦਾ ਪਿਉ ਗੁਰਚਰਨ ਸਿੰਘ ਗੁੱਸੇ ਵਿਚ ਸੜਿਆ ਹੋਇਆ ਬੋਲਿਆ। ਪਾਣੀ ਉਸ ਦੇ ਸਿਰ ਉਪਰੋਂ ਦੀ ਲੰਘ ਗਿਆ ਸੀ।

-"ਕੀ ਫ਼ਾਇਦਾ ਹੋਊ ਪ੍ਰਾਹੁਣਿਆਂ....? ਮਾਰ ਕੇ ਉਮਰ ਭਰ ਲਈ ਅੰਦਰ ਚਲਿਆ ਜਾਵੇਂਗਾ, ਘਰ ਤਾਂ ਪਹਿਲਾਂ ਈ ਮੂਧਾ ਵੱਜਿਆ ਪਿਐ..?" ਮਾਮੇ ਨੇ ਸਮਝੌਤੀ ਦਿੱਤੀ।

-"ਹੋਰ ਹੁਣ ਬੋਡੀ ਬਣ ਕੇ ਘਰੇ ਬਹਿਜਾਂ...? ਮੁਸਲਮਾਨ ਨਾਲ਼ ਤੁਰੀ ਫਿਰਦੀ ਨੂੰ ਸ਼ਾਬਾਸ਼ੇ ਦੇਵਾਂ...? ਮੇਰਾ ਤਾਂ ਸਰਬੰਧੀਆ ਮੱਚਿਆ ਪਿਐ ਕਾਲ਼ਜਾ...!" ਉਹ ਸੋਫ਼ੇ 'ਤੇ ਬੈਠਾ ਲਾਟਾਂ ਛੱਡੀ ਜਾ ਰਿਹਾ

ਸੀ।

-"ਮਾਰ ਮਰਾਈ ਨਿਰੀ ਮੂਰਖ਼ਤਾਈ ਐ..! ਮਰਨਾਂ ਮਾਰਨਾਂ ਮੂਰਖ਼ਾਂ ਦਾ ਕੰਮ ਐਂ...! ਠੰਢੇ ਦਿਮਾਗ ਨਾਲ਼ ਸੋਚ ਕੇ ਦੇਖ...!"

-".........। ਬੇਵੱਸੀ ਵਿਚ ਗੁਰਚਰਨ ਸਿੰਘ ਚੁੱਪ ਕਰ ਗਿਆ।

ਪੂਰੇ ਘਰ ਵਿਚ ਇਕ ਅਜੀਬ ਤਣਾਓ ਚੱਲ ਰਿਹਾ ਸੀ।

ਨਾ ਕਿਸੇ ਨੂੰ ਖਾਣ ਦੀ ਅਤੇ ਨਾ ਕਿਸੇ ਨੂੰ ਪੀਣ ਦੀ ਹੋਸ਼ ਸੀ। ਬੱਸ ਸੀਤਲ ਵਾਲ਼ਾ ਇੱਕੋ ਵਿਸ਼ਾ ਘਰ ਵਿਚ ਜਿੰਨ ਵਾਂਗ ਖ਼ੌਰੂ ਪਾ ਰਿਹਾ ਸੀ। ਘਰ ਵਿਚ ਬੁਰੀ ਤਰ੍ਹਾਂ ਨਾਲ਼ ਭੰਦਰੋਲ ਪਿਆ ਹੋਇਆ ਸੀ। ਚੁੱਲ੍ਹਾ ਤਪਣਾ ਬੰਦ ਹੋ ਗਿਆ ਸੀ ਅਤੇ ਉਹਨਾਂ ਦੀਆਂ ਆਤਮਾਵਾਂ ਦਾ ਸਿਵਾ ਬਲ਼ ਰਿਹਾ ਸੀ। ਗੁਰਚਰਨ ਸਿੰਘ ਨੇ ਆਪਣੇ ਵਕੀਲ ਦੀ ਰਾਇ ਲਈ। ਬਾਲਗ ਹੋਣ ਕਰਕੇ ਵਕੀਲ ਵੀ ਕੀ ਕਰ ਸਕਦਾ ਸੀ...? ਕਾਨੂੰਨ ਅੱਗੇ ਉਹ ਵੀ ਬੇਵੱਸ ਸੀ..। ਨਿਹੱਥਾ ਸੀ..। ਉਸ ਨੇ ਵੀ ਹੱਥ ਖੜ੍ਹੇ ਕਰ ਦਿੱਤੇ...। ਕੁੜੀ ਦੀ ਸੋਚ ਅਨੁਸਾਰ ਤੁਰਨ ਦੀ ਹੀ ਸਲਾਹ ਦਿੱਤੀ...। ਗੁਰਚਰਨ ਸਿੰਘ ਭਰਿਆ ਪੀਤਾ ਅਤੇ ਘੋਰ ਨਿਰਾਸ਼ ਬਾਹਰ ਆ ਗਿਆ ਸੀ।

ਗੁਰਚਰਨ ਸਿੰਘ ਸਾਰੀ ਸਾਰੀ ਰਾਤ ਨਾ ਸੌਂਦਾ। ਤਰ੍ਹਾਂ ਤਰ੍ਹਾਂ ਦੀਆਂ ਸੋਚਾਂ ਸੋਚਦਾ ਰਹਿੰਦਾ। ਇਹੀ ਹਾਲ ਕਿਰਪਾਲ ਕੌਰ ਦਾ ਸੀ। ਉਹ ਕਦੇ ਸੀਤਲ ਨੂੰ ਮਾਰਨ ਦੀਆਂ ਸਕੀਮਾਂ ਘੜ੍ਹਦਾ..। ਕਦੇ ਆਪ ਕੁਝ ਖਾ ਕੇ ਜਾਂ ਗੱਡੀ ਥੱਲੇ ਆ ਕੇ ਮਰ ਜਾਣ ਬਾਰੇ ਸੋਚਦਾ..। ਜੇ ਕਿਰਪਾਲ ਕੌਰ ਕਦੇ ਕੁਝ ਪੁੱਛਦੀ, ਜਾਂ ਤਾਂ ਉਹ ਉੱਤਰ ਹੀ ਨਾ ਦਿੰਦਾ ਅਤੇ ਜਾਂ ਫਿਰ ਖਿਝ ਕੇ ਪੈਂਦਾ..। ਕਸੂਰ ਕਿਰਪਾਲ ਕੌਰ ਦਾ ਕੋਈ ਵੀ ਨਹੀਂ ਸੀ..। ਪਰ ਉਹ ਘੁੱਟ ਵੱਟੀ ਚੁੱਪ ਕਰ ਰਹਿੰਦੀ..। ਉਹ ਘਰਵਾਲ਼ੇ ਦੀ ਮਾਨਸਿਕ ਹਾਲਤ ਬੜੀ ਚੰਗੀ ਤਰ੍ਹਾਂ ਸਮਝਦੀ ਸੀ..। ਦੋਨੋ ਜੀਅ ਪਾਗਲ ਹੋਣ ਦੀ ਸੀਮਾਂ ਤੱਕ ਪਹੁੰਚੇ ਹੋਏ ਸਨ..। ਰਿਸ਼ਤੇਦਾਰ ਉਸ ਤੋਂ ਵੀ ਵੱਧ ਔਖੇ ਸਨ..। ਸੀਤਲ ਦੇ ਮਾਮੇ ਦੀ ਭਾਈਚਾਰੇ ਵਿਚ ਚੰਗੀ ਭੱਲ ਬਣੀ ਹੋਈ ਸੀ..। ਉਹ ਇਕ ਵਾਰ 'ਮੇਅਰ' ਦੀਆਂ ਵੋਟਾਂ ਵਿਚ ਵੀ ਹਿੱਸਾ ਲੈ ਚੁੱਕਾ ਸੀ..। ਹਾਰ ਗਿਆ ਸੀ, ਇਹ ਇਕ ਵੱਖਰੀ ਗੱਲ ਸੀ..। ਪਰ ਸਾਰਾ ਭਾਈਚਾਰਾ ਉਸ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ..। ਉਸ ਦੀ ਵੀ ਇੱਜ਼ਤ ਦਾ ਸੁਆਲ ਬਣਿਆਂ ਹੋਇਆ ਸੀ..। ਦੁਨੀਆਂ ਦਾ ਕਿਹੜਾ ਮੂੰਹ ਫੜ ਲੈਣਾਂ ਸੀ..? ਉਸ ਦੀ ਵੀ ਪੂਰੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਸੀ ਕਿ ਸੀਤਲ ਮੁਸਲਮਾਨ ਮੁੰਡੇ ਨਾਲ਼ ਵਿਆਹ ਨਾ ਕਰੇ..। ਕਮਿਊਨਿਟੀ ਨੂੰ ਕੀ ਉਤਰ ਦੇਵੇਗਾ..? ਭਾਈਚਾਰਾ ਤਾਂ ਦੁਰਗਤੀ ਕਰੂਗਾ ਕਿ ਆਪਦੀ ਭਾਣਜੀ ਤਾਂ ਸਾਂਭੀ ਨਹੀਂ ਗਈ, ਲੋਕਾਂ ਦਾ ਭਲਾ ਕੀ ਇਹ ਸੁਆਹ ਕਰੂ..? ਪਰ ਵੱਸ ਦਾ ਰੋਗ ਕਿਸੇ ਦੇ ਵੀ ਨਹੀਂ ਸੀ..! ਸਭ ਦੇ ਸੰਘ ਵਿਚ ਕੋਹੜ ਕਿਰਲ਼ਾ ਫ਼ਸਿਆ ਹੋਇਆ ਸੀ..!

ਕਦੇ ਕਦੇ ਰਾਤ ਨੂੰ ਬੈੱਡ ਵਿਚ ਪਿਆ ਗੁਰਚਰਨ ਸਿੰਘ ਹੋਰ ਸਕੀਮ ਘੜ੍ਹਦਾ ਕਿ ਸੀਤਲ ਨੂੰ ਕਿਸੇ ਬਹਾਨੇ ਪੰਜਾਬ ਲਿਜਾਇਆ ਜਾਵੇ ਅਤੇ ਭਾੜ੍ਹੇ ਦੇ ਕਾਤਲਾਂ ਨੂੰ ਪੈਸਾ ਦੇ ਕੇ ਉਸ ਦਾ 'ਕੰਡਾ' ਕੱਢਿਆ ਜਾਵੇ। ਪਰ ਮਨ ਹਾਮ੍ਹੀਂ ਨਾ ਭਰਦਾ..। ਉਹ ਸਾਰੀ ਸਾਰੀ ਰਾਤ ਅਜੀਬ ਉਧੇੜਬੁਣ ਵਿਚ ਉਲ਼ਝਿਆ ਰਹਿੰਦਾ। ਨੀਂਦ ਉਸ ਦੇ ਨੇੜੇ ਵੀ ਨਾ ਢੁਕਦੀ। ਰਾਤ ਨੂੰ ਸੌਣ ਵਾਲ਼ੀਆਂ ਗੋਲ਼ੀਆਂ ਵੀ ਉਸ ਦੀ ਬਹੁਤੀ ਮੱਦਦ ਨਾ ਕਰਦੀਆਂ। ਗੋਲ਼ੀਆਂ ਖਾਣ ਦੇ ਬਾਵਜੂਦ ਵੀ ਉਹ ਸਾਰੀ ਸਾਰੀ ਰਾਤ ਪਾਸੇ ਪਰਤਦਾ ਰਹਿੰਦਾ। ਕਦੇ ਕਮਲ਼ਿਆਂ ਵਾਂਗ ਕਿਸੇ ਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ। ਕਦੇ ਅਚਾਨਕ ਉਠ ਕੇ ਦਰਵਾਜੇ ਵਿਚ ਮੁੱਕੀ ਮਾਰਦਾ। ਉਸ ਦੀ ਹਾਲਤ ਕਾਫ਼ੀ ਤਰਸਯੋਗ ਅਤੇ ਚਿੰਤਾਜਨਕ ਬਣੀ ਹੋਈ ਸੀ।

-"ਤੂੰ ਚੁੱਪ ਕਰ ਜਾਇਆ ਕਰ, ਤੇਰੇ ਦਿਮਾਗ 'ਚ ਫ਼ਰਕ ਪੈਜੂ..!" ਅਥਾਹ ਦੁਖੀ ਕਿਰਪਾਲ ਕੌਰ ਉਸ ਨੂੰ ਆਖਦੀ।

-"ਐਦੂੰ ਤਾਂ ਮੈਂ ਕਮਲ਼ਾ ਈ ਹੋਜਾਂ..! ਯੱਭ ਮੁੱਕੇ! ਹੋਰ ਰੱਬ ਤੋਂ ਕੀ ਲੈਣੈਂ..? ਕਿਰਪਾਲ ਕੁਰੇ..!"

-"ਹਾਂ...!"

-"ਦੇਖਲਾ ਕਿੰਨੀ ਦੁਨੀਆਂ ਨਿੱਤ ਮਰੀ ਜਾਂਦੀ ਐ..! ਪਤਾ ਨ੍ਹੀ ਰੱਬ ਮੈਨੂੰ ਕਿਉਂ ਨ੍ਹੀ ਚੱਕਦਾ..? ਕੀ

ਥੁੜਿਆ ਪਿਐ ਮੇਰੇ ਬਿਨਾਂ ਐਸ ਦੁਨੀਆਂ 'ਚ...? ਉਏ ਰੱਬਾ..! ਉਏ ਬੇੜੀ ਬਹਿਜੇ ਤੇਰੀ..! ਚੱਕਲਾ ਉਏ ਮੈਨੂੰ ਵੀ ਦੁਸ਼ਮਣਾਂ..! ਆਹ ਦਿਨ ਦਿਖਾਉਣ ਵਾਸਤੇ ਜਿਉਂਦਾ ਰੱਖਿਆ ਸੀ ਤੂੰ ਮੈਨੂੰ...? ਉਏ ਰੱਬਾ...!" ਗੁਰਚਰਨ ਬਾਵਰਿਆਂ ਵਾਂਗ ਬੋਲੀ ਅਤੇ ਰੋਈ ਜਾ ਰਿਹਾ ਸੀ। ਕਦੇ ਹੁਬਕੀਏਂ ਅਤੇ ਕਦੇ ਉਚੀ ਉਚੀ..!

-".........।" ਕਿਰਪਾਲ ਕੌਰ ਚੁੱਪ ਸੀ। ਉਹ ਪਤੀ ਦੇਵ ਦਾ ਦੁੱਖ ਭਲੀ ਭਾਂਤ ਸਮਝਦੀ ਸੀ।

-"ਸੋਚਿਆ ਸੀ ਦੋ ਧੀਆਂ ਈ ਬਥੇਰੀਐਂ, ਕੀ ਲੈਣੈਂ ਪੁੱਤ ਤੋਂ..? ਧੀਆਂ ਪੁੱਤਾਂ ਨਾਲੋਂ ਕਿਵੇਂ ਵੀ ਘੱਟ ਨ੍ਹੀ, ਪੁੱਤਾਂ ਵਾਂਗੂੰ ਪਾਲ਼ੀਆਂ..! ਹਰ ਸੁਖ ਸਹੂਲਤ ਦਿੱਤੀ, ਪੜ੍ਹਾਇਆ ਲਿਖਾਇਆ..! ਤੇ ਆਹ ਦੇਖਲਾ ਦਾੜ੍ਹੀ ਖੇਹ ਮਲ਼ਦੀਆਂ ਨੂੰ..! ਦੁਨੀਆਂ ਐਂਵੇਂ ਨ੍ਹੀ ਪੁੱਤ ਪੁੱਤ ਕੂਕਦੀ..? ਤੇ ਅੱਜ ਕੱਲ੍ਹ ਲੋਕ ਐਵੇਂ ਨ੍ਹੀ ਗਰਭਪਾਤ ਕਰਵਾਈ ਜਾਂਦੇ..! ਜਦੋਂ ਇੱਜਤ ਮਿੱਟੀ ਰੋਲ਼ਦੀਐਂ, ਫੇਰ ਪਤਾ ਲੱਗਦੈ..! ਦੱਸੋ ਬੰਦਾ ਕਰੂ ਤਾਂ ਕੀ ਕਰੂ..? ਆਹ ਸਿੱਖਾਂ ਦੇ ਆਗੂਆਂ ਨੂੰ ਤਾਂ ਆਪਸ ਵਿਚ ਲੜਨ ਮਰਨ ਤੋਂ ਵਿਹਲ ਨ੍ਹੀ..! ਪੁੱਛਣਾ ਹੋਵੇ, ਉਏ ਵੱਡਿਓ ਜੱਥੇਦਾਰੋ...! ਥੋਡੀਆਂ ਧੀਆਂ ਭੈਣਾਂ ਨੂੰ ਮੁਸਲਮਾਨ ਮੁੰਡੇ ਫ਼ਸਾ ਫ਼ਸਾ ਕੇ 'ਬਰੇਨ ਵਾਸ਼' ਕਰੀ ਜਾਂਦੇ ਐ, ਉਏ..! ਕਦੇ ਅੱਖਾਂ ਖੋਲ੍ਹ ਕੇ ਐਧਰ ਵੀ ਝਾਤੀ ਮਾਰ ਲਓ..! ਲੜ ਫੇਰ ਲਿਓ..! ਜੇ ਸਿੱਖਾਂ ਦੀ ਇੱਜ਼ਤ ਈ ਨਾ ਪੱਲੇ ਰਹੀ, ਚੱਕ ਲਿਓ ਜੱਥੇਦਾਰੀਆਂ ਸਿਰ 'ਤੇ...!" ਉਹ ਪਿਆ ਬੱਕੜਵਾਹ ਕਰੀ ਜਾ ਰਿਹਾ ਸੀ। ਕਿਰਪਾਲ ਕੌਰ ਆਪ ਦੁੱਖ ਵਿਚ ਸਾਹ ਰੋਕੀ ਪਈ ਸੀ। ਉਸ ਨੂੰ ਕੋਈ ਰਸਤਾ ਨਜ਼ਰ ਨਹੀਂ ਆਉਂਦਾ ਸੀ। ਚਾਰੇ ਪਾਸੇ ਹਨ੍ਹੇਰ ਗੁਬਾਰ ਅਤੇ ਪਰਲੋਂ ਹੀ ਦਿਸਦੀ ਸੀ। ਹੱਸਦਾ ਵੱਸਦਾ ਘਰ ਉੱਜੜ ਚੱਲਿਆ ਸੀ..। ਇੱਜ਼ਤ ਵੀਹੀਏਂ ਰੁਲ਼ ਤੁਰੀ ਸੀ..।

ਰਾਤ ਨੂੰ ਸੀਤਲ ਅੱਧੀ ਰਾਤੋਂ ਬਾਅਦ ਘਰੇ ਆਈ। ਗੁਰਚਰਨ ਸਿੰਘ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ ਸੀ। ਕਿਰਪਾਲ ਕੌਰ ਦੜ ਜਿਹੀ ਵੱਟੀ ਜਾਗਦੀ ਹੀ ਪਈ ਸੀ। ਉਸ ਨੇ ਦੱਬਵੇਂ ਪੈਰੀਂ ਉਠ ਕੇ ਦੇਖਿਆ ਤਾਂ ਸੀਤਲ ਤੋਂ ਸਿੱਧਾ ਖੜ੍ਹਾ ਨਹੀਂ ਹੋਇਆ ਜਾਂਦਾ ਸੀ। ਉਹ ਪੌੜੀਆਂ ਉਤਰ ਕੇ ਸਾਹਣ ਵਾਂਗ ਧੀ ਦੇ ਸਾਹਮਣੇ ਜਾ ਖੜ੍ਹੀ ਹੋਈ। ਸ਼ਰਾਬ ਦੇ ਨਸ਼ੇ ਕਾਰਨ ਸੀਤਲ ਦੀਆਂ ਅੱਖਾਂ ਚੜ੍ਹੀਆਂ ਹੋਈਆਂ ਸਨ। ਸਾਹਾਂ 'ਚੋਂ ਸਿਗਰਟਾਂ ਦੀ ਬੂਅ ਮਾਰ ਰਹੀ ਸੀ। ਕਿਰਪਾਲ ਕੌਰ ਦੇ ਸਿਰ ਨੂੰ ਫ਼ਤੂਰ ਚੜ੍ਹ ਗਿਆ। ਇਹ ਕੰਜਰੀ ਹੁਣ ਸਿਗਰਟਾਂ ਵੀ ਪੀਣ ਲੱਗ ਪਈ...? ਇਹਨੇ ਤਾਂ ਸਾਡੇ ਸਿੱਖ ਘਰਾਣੇਂ ਨੂੰ ਲਾਜ ਲਾ ਦਿੱਤੀ..! ਗੁਰੂ ਮਹਾਰਾਜ ਦਾ ਤਾਂ ਘੋੜ੍ਹਾ ਵੀ ਤੰਬਾਕੂ ਦੇ ਖੇਤ ਵਿਚ ਦੀ ਨਹੀਂ ਲੰਘਿਆਂ ਸੀ..। ਤੇ ਇਹ ਕੁਲਿਹਣੀ ਸਿੱਖ ਘਰਾਣੇ ਵਿਚ ਜੰਮ ਕੇ ਸਿਗਰਟਾਂ ਪੀਣ ਲੱਗ ਪਈ...?

-"ਤੈਨੂੰ ਮੈਂ ਕਾਹਨੂੰ ਜੰਮਣਾਂ ਸੀ ਲੁੱਚੀਏ...! ਹੁਣ ਤੂੰ ਸਿਗਟਾਂ ਵੀ ਧੂਹਣ ਲੱਗਪੀ..?" ਉਸ ਨੇ ਫਿਰ ਪਿੱਟਣ ਵਾਲਿਆਂ ਵਾਂਗ ਆਖਿਆ। ਪਰ ਉਹ ਬਹੁਤ ਹੀ ਹੌਲ਼ੀ ਬੋਲੀ ਸੀ ਕਿ ਕਿਤੇ ਗੁਰਚਰਨ ਸਿੰਘ ਦੀ ਜਾਗ ਨਾ ਖੁੱਲ੍ਹ ਜਾਵੇ!

-"ਓਹ ਯੂ ਸ਼ੱਟ ਅੱਪ ਮੰਮ...! ਸ਼ੱਟ ਯੂਅਰ ਗੱਬ ਮੰਮ..! ਆਈ ਡੋਂਟ ਲਿਸਨ ਐਂਡ ਆਈ ਡੋਂਟ ਕੇਅਰ...!" ਉਹ ਬਲ਼ਦ ਮੂਤਣੀਆਂ ਪਾਉਂਦੀ, ਆਪਣਾ ਪਰਸ ਪੌੜੀਆਂ ਵਿਚ ਹੀ ਸੁੱਟ ਉਪਰ ਚੜ੍ਹ ਗਈ ਅਤੇ ਆਪਣੀ ਛੋਟੀ ਭੈਣ ਦੇ ਕਮਰੇ ਵਿਚ ਜਾ ਕੇ ਬੈੱਡ 'ਤੇ ਪਈ ਨਹੀਂ, ਇਕ ਤਰ੍ਹਾਂ ਨਾਲ਼ 'ਧੜੰਮ' ਕਰਕੇ ਡਿੱਗ ਪਈ। ਖੜਾਕਾ ਕਿਰਪਾਲ ਕੌਰ ਨੂੰ ਥੱਲੇ ਸੁਣਿਆਂ ਸੀ। ਪੈਣ ਸਾਰ ਹੀ ਸੀਤਲ ਦੇ ਘੁਰਾੜ੍ਹੇ ਸ਼ੁਰੂ ਹੋ ਗਏ।

ਗੁੱਸੇ ਨਾਲ਼ ਕਿਰਪਾਲ ਕੌਰ ਖੜ੍ਹੀ ਕੰਬੀ ਜਾ ਰਹੀ ਸੀ। ਉਸ ਨੇ ਸੀਤਲ ਦਾ ਡਿੱਗਿਆ ਪਿਆ ਪਰਸ ਚੁੱਕ ਕੇ ਪਾਗਲਾਂ ਵਾਂਗ ਫ਼ਰੋਲਣਾਂ ਸ਼ੁਰੂ ਕਰ ਦਿੱਤਾ। ਪਰਸ ਵਿਚੋਂ ਦੋ ਸਿਗਰਟਾਂ ਦੀਆਂ ਡੱਬੀਆਂ, ਇਕ ਲਾਈਟਰ ਅਤੇ ਇਕ ਨਿਰੋਧਾਂ ਦਾ ਪੈਕਟ ਨਿਕਲ਼ਿਆ। ਦੇਖ ਕੇ ਕਿਰਪਾਲ ਕੌਰ ਡਿੱਗਣ ਵਾਲ਼ੀ ਹੋ ਗਈ। ਉਸ ਤੋਂ ਖੜ੍ਹਿਆ ਨਾ ਗਿਆ ਅਤੇ ਪੌੜੀਆਂ ਵਿਚ ਹੀ ਬੈਠ ਕੇ ਆਪਣੀ ਮਾੜੀ ਕਿਸਮਤ ਨੂੰ ਝੂਰਨ ਲੱਗ ਪਈ।

-"ਇਹ ਲੁੱਚੀ ਤਾਂ ਉਹਤੋਂ ਇੱਜਤ ਵੀ ਲੁਟਾਉਣ ਲੱਗ ਪਈ..? ਹਾਏ ਰੱਬਾ..! ਕਿਹੜੇ ਜਨਮ ਦੇ ਬਦਲੇ ਲੈਨੈਂ ਤੂੰ ਸਾਥੋਂ...? ਇਹਦੇ ਪਿਉ ਨੂੰ ਪਤਾ ਲੱਗ ਗਿਆ, ਉਹ ਤਾਂ ਮਰਜੂ ਜਾਂ ਮਾਰਦੂ..! ਉਹ ਤਾਂ

ਅੱਗੇ ਈ ਕਮਲ਼ਾ ਹੋਇਆ ਫਿਰਦੈ..? ਉਹਨੂੰ ਤਾਂ ਅੱਗੇ ਈ ਕਾਸੇ ਦੀ ਸੁਰਤ ਨ੍ਹੀ..!" ਉਸ ਨੇ ਨਿਰੋਧ, ਸਿਗਰਟਾਂ ਅਤੇ ਲਾਈਟਰ ਮੋੜ ਕੇ ਸੀਤਲ ਦੇ ਪਰਸ ਵਿਚ ਪਾ ਦਿੱਤੇ ਅਤੇ ਮੁੜ ਚੋਰਾਂ ਵਾਂਗ ਉਪਰ ਦੇਖਿਆ। ਗੁਰਚਰਨ ਸਿੰਘ ਨੀਂਦ ਵਾਲ਼ੀਆਂ ਗੋਲ਼ੀਆਂ ਦੀ ਘੂਕੀ ਵਿਚ ਘੁਰਾੜ੍ਹਿਆਂ ਦਾ ਘਰਾਸ ਗੇੜੀ ਜਾ ਰਿਹਾ ਸੀ।

ਕਿਰਪਾਲ ਕੌਰ ਨੇ ਪਰਸ ਦੀ ਜਿੱਪ ਬੰਦ ਕੀਤੀ ਅਤੇ ਕੁੜੀਆਂ ਦਾ ਕਮਰਾ ਖੋਲ੍ਹ ਕੇ ਪਰਸ ਅੰਦਰ ਵਗਾਹ ਮਾਰਿਆ ਕਿ ਕਿਤੇ ਗੁਰਚਰਨ ਸਿੰਘ ਦੇ ਹੱਥ ਨਾ ਲੱਗ ਜਾਵੇ। ਉਹ ਚੁਗਲਾਂ ਵਾਂਗ ਦੱਬਵੇਂ ਪੈਰੀਂ ਫਿਰ ਉਪਰ ਜਾ ਕੇ ਪੈ ਗਈ। ਸੀਤਲ ਦੇ ਪਰਸ ਵਿਚ ਨਿਰੋਧ ਅਤੇ ਸਿਗਰਟਾਂ ਦੇਖ ਕੇ ਉਸ ਦੇ ਹਾਲਾਤਾਂ ਦੀ ਹੋਰ ਜੱਖਣਾਂ ਪੱਟੀ ਗਈ ਸੀ। ਉਸ ਦੇ ਸਿਰ ਦੀਆਂ ਨਾੜਾਂ 'ਫੜੱਕ-ਫੜੱਕ' ਵੱਜੀ ਜਾ ਰਹੀਆਂ ਸਨ ਅਤੇ ਦਿਲ ਦੁਰਮਟ ਵਾਂਗ ਛਾਤੀ ਵਿਚ ਵੱਜ ਰਿਹਾ ਸੀ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਦੇ ਦਿਮਾਗ ਦੀ ਨਾੜੀ ਫ਼ਟ ਜਾਵੇਗੀ, ਜਾਂ ਉਸ ਦਾ ਦਿਲ ਫ਼ੇਲ੍ਹ ਹੋ ਜਾਵੇਗਾ..। ਉਸ ਨੇ ਸਿਰ ਉਗੀਸ ਕੇ ਗੁਰਚਰਨ ਸਿੰਘ ਵੱਲ ਦੇਖਿਆ। ਉਹ ਅਜੇ ਵੀ ਗੋਲ਼ੀਆਂ ਦੀ ਘੂਕੀ ਵਿਚ ਸੁੱਤਾ ਸੀ।

ਸਾਰਾ ਜੱਗ ਜਹਾਨ ਸੁੱਤਾ ਸੀ। ਪਰ ਕਿਰਪਾਲ ਕੌਰ ਦੇ ਨੀਂਦ ਨੇੜੇ ਤੇੜੇ ਵੀ ਨਹੀਂ ਸੀ। ਉਹ ਸੋਚਾਂ ਦੇ ਕੋਹਲੂ ਵਿਚ ਪੀੜੀ ਜਾ ਰਹੀ ਸੀ। ਕੀ ਕਸੂਰ ਐ ਮਾਪਿਆਂ ਦਾ...? ਗੁਰਚਰਨ ਸਿੰਘ ਨੇ ਆਪਣੀਆਂ ਦੋਵੇਂ ਧੀਆਂ ਨੂੰ ਪੁੱਤਾਂ ਵਾਂਗੂੰ ਪਾਲ਼ਿਆ ਸੀ। ਦੋ ਕੁੜੀਆਂ ਬਾਅਦ ਜਦ ਕਿਰਪਾਲ ਕੌਰ ਨੇ ਇਕ ਹੋਰ ਬੱਚੇ ਅਰਥਾਤ ਮੁੰਡੇ ਦੀ ਇੱਛਾ ਜ਼ਾਹਿਰ ਕੀਤੀ ਸੀ ਤਾਂ ਗੁਰਚਰਨ ਸਿੰਘ ਨੇ ਬੜੇ ਪ੍ਰੇਮ ਅਤੇ ਸਲੀਕੇ ਨਾਲ਼ ਆਖਿਆ ਸੀ, "ਕੀ ਗਰੰਟੀ ਐ ਕਿਰਪਾਲ ਕੁਰੇ ਬਈ ਅਗਲੀ ਵਾਰੀ ਮੁੰਡਾ ਈ ਹੋਊ..? ਆਪਾਂ ਨੂੰ ਰੱਬ ਨੇ ਦੋ ਧੀਆਂ ਬਖ਼ਸ਼ ਦਿੱਤੀਐਂ, ਮੈਂ ਇਹਨਾਂ ਨੂੰ ਪੁੱਤਾਂ ਨਾਲ਼ੋਂ ਵੱਧ ਜਾਣ ਕੇ ਪਾਲੂੰਗਾ..! ਚੰਗੀ ਪੜ੍ਹਾਈ ਕਰਵਾਊਂ..! ਤੇ ਜਦੋਂ ਇਹ ਕਿਸੇ ਚੰਗੇ ਕਿੱਤੇ 'ਤੇ ਲੱਗ ਗਈਆਂ, ਆਪਣੀ ਘਾਲ਼ੀ ਘਾਲਣਾਂ ਰਾਸ ਆਜੂ..! ਨਾਲ਼ੇ ਐਥੇ ਇੰਗਲੈਂਡ ਵਿਚ ਕੁੜੀ ਮੁੰਡੇ 'ਚ ਕੀ ਫ਼ਰਕ ਐ..? ਇਹ ਗੱਲਾਂ ਤਾਂ ਇੰਡੀਆ ਵਿਚ ਹੀ ਰਹਿ ਗਈਆਂ..! ਤੂੰ ਵੀ ਆਬਦੇ ਪੀਹਣ ਛੱਟਣ ਆਲ਼ੇ ਵਿਚਾਰ ਤਿਆਗ..! ਨਾਲ਼ੇ ਐਥੋਂ ਦੇ ਮੁੰਡੇ ਕਿਹੜਾ ਸਲੱਗ ਐ..? ਨਿੱਤ ਲੜਾਈ ਝਗੜਾ, ਡਰੱਗ, ਕੀ ਕੁਛ ਨ੍ਹੀ ਕਰਦੇ...? ਮਾਂ-ਪਿਉ ਦੇ ਨਾਸੀਂ ਧੂੰਆਂ ਲਿਆਈ ਰੱਖਦੇ ਐ..! ਗੁਰੂ ਮਹਾਰਾਜ ਕਿਰਪਾ ਕਰਨ, ਤੈਨੂੰ ਮੈਂ ਇਹਨਾਂ ਨੂੰ ਸੁਚੱਜੀ ਤਾਲੀਮ ਦੇ ਕੇ ਦਿਖਾਊਂ...!" ਤੇ ਗੁਰਚਰਨ ਸਿੰਘ ਨੇ ਕੋਈ ਕਸਰ ਵੀ ਨਹੀਂ ਛੱਡੀ ਸੀ।

ਉਹ ਆਪ ਵੀ ਕੋਈ ਨਸ਼ਾ ਨਹੀਂ ਕਰਦਾ ਸੀ। ਨਸ਼ਿਆਂ ਤੋਂ ਰਹਿਤ ਸੀ। ਉਸ ਨੂੰ ਤਾਂ ਇਹ ਸੀ ਕਿ ਨਸ਼ਈ ਮਾਪਿਆਂ ਦੇ ਜੁਆਕ ਹੀ ਨਸ਼ੇੜੀ ਬਣਦੇ ਹਨ। ਜਿਹੜੇ ਮਾਪੇ ਆਪ ਨਸ਼ਿਆਂ ਤੋਂ ਬਚੇ ਹੋਏ ਹਨ, ਉਹਨਾਂ ਦੇ ਬੱਚੇ ਵੀ ਨਸ਼ਿਆਂ ਤੋਂ ਦੂਰ ਰਹਿੰਦੇ ਹਨ। ਚਾਹੇ ਗੁਰਚਰਨ ਸਿੰਘ ਅੰਮ੍ਰਿਤਧਾਰੀ ਨਹੀਂ ਸੀ। ਪਰ ਉਸ ਨੂੰ ਸ਼ੁਰੂ ਤੋਂ ਹੀ ਕੋਈ ਵੈਲ-ਐਬ ਨਹੀਂ ਸੀ। ਉਹ ਗੁਰੂ ਘਰ ਦਾ ਪੱਕਾ ਸ਼ਰਧਾਲੂ ਸਿੱਖ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਾਸ਼ਕ ਸੀ। ਉਹ ਹਰ ਸ਼ਨਿੱਚਰਵਾਰ ਅਤੇ ਐਤਵਾਰ ਆਪਣੀਆਂ ਧੀਆਂ ਸੀਤਲ ਅਤੇ ਪਾਇਲ ਨੂੰ ਗੁਰਦੁਆਰੇ ਲੈ ਕੇ ਜਾਂਦਾ। ਕਾਰ 'ਤੇ ਖ਼ੁਦ ਸਕੂਲ ਛੱਡਣ ਜਾਂਦਾ। ਆਪ ਸਕੂਲੋਂ ਲੈ ਕੇ ਆਉਂਦਾ। ਹਰ ਸੱਭਿਆਚਾਰਕ ਪ੍ਰੋਗਰਾਮ 'ਤੇ ਉਹ ਕੁੜੀਆਂ ਸਮੇਤ ਸ਼ਿਰਕਤ ਕਰਦਾ ਅਤੇ ਹਰ ਸਾਲ ਧੀਆਂ ਨੂੰ ਪੰਜਾਬ ਲੈ ਕੇ ਜਾਂਦਾ। ਉਸ ਦੇ ਦਿਮਾਗ ਵਿਚ ਸੀ ਕਿ ਜੇ ਬੱਚੀਆਂ ਹਰ ਸਾਲ ਪੰਜਾਬ ਜਾਣਗੀਆਂ ਤਾਂ ਇਹਨਾਂ ਦਾ ਸਾਡੇ ਅਮੀਰ ਸੱਭਿਆਚਾਰ, ਸੱਚੇ ਸੁੱਚੇ ਵਿਰਸੇ ਅਤੇ ਆਪ ਦੀ ਮਾਂ-ਬੋਲੀ ਨਾਲ਼ ਸਨੇਹ ਵਧੇਗਾ। ਦੋਨੋਂ ਕੁੜੀਆਂ ਬੜੀ ਵਧੀਆ ਪੰਜਾਬੀ ਬੋਲਦੀਆਂ। ਥੋੜਾ ਬਹੁਤਾ ਲਿਖ ਪੜ੍ਹ ਵੀ ਲੈਂਦੀਆਂ।

ਗੁਰਚਰਨ ਸਿੰਘ ਬੜਾ ਖ਼ੁਸ਼ ਸੀ। ਘਰੇ ਉਹ ਉਹਨਾਂ ਨਾਲ਼ ਹਮੇਸ਼ਾ ਪੰਜਾਬੀ ਹੀ ਬੋਲਦਾ। ਸਿਰਫ਼ ਸਕੂਲ ਵਿਚ ਹੀ ਲੋੜ ਪੈਣ 'ਤੇ ਅੰਗਰੇਜ਼ੀ ਵਿਚ ਗੱਲ ਕਰਦਾ, ਜਿੱਥੇ ਅੰਗਰੇਜ਼ੀ ਬਿਨਾ ਬਿਲਕੁਲ ਸਰਦਾ ਨਹੀਂ ਸੀ। ਘਰ ਆ ਕੇ ਕੁੜੀਆਂ ਪੰਜਾਬੀ ਸੂਟ ਪਾਉਂਦੀਆਂ। ਪੰਜਾਬੀ ਖਾਣਾਂ ਖਾਂਦੀਆਂ। ਸੀਤਲ ਨੂੰ ਤਾਂ ਦਾਲ਼-ਸਬਜ਼ੀ ਵੀ ਬਣਾਉਣੀ ਆਉਂਦੀ ਸੀ। ਪਾਇਲ ਪਿਆਜ਼ ਬਗੈਰਾ ਕੱਟ ਦਿੰਦੀ। ਉਹ ਸਮਰੱਥਾ ਅਨੁਸਾਰ ਰਸੋਈ ਵਿਚ ਮਾਂ ਦੀ ਮੱਦਦ ਕਰਦੀਆਂ। ਸੀਤਲ ਤਾਂ ਅੜੇ ਥੁੜੇ ਰੋਟੀਆਂ ਵੀ ਲਾਹ ਲੈਂਦੀ। ਕਦੇ

ਕਦੇ ਬੱਚਿਆਂ ਦੀ ਚਾਹਤ ਅਨੁਸਾਰ ਗੁਰਚਰਨ ਉਹਨਾਂ ਨੂੰ 'ਮੈੱਕ ਡੋਨਾਲਡ' ਜਾਂ 'ਬਰਗਰ ਕਿੰਗ' ਵੀ ਲੈ ਜਾਂਦਾ। ਗੱਲ ਕੀ, ਉਸ ਨੇ ਬੱਚਿਆਂ ਦੀ ਹਰ ਜਾਇਜ਼ ਗੱਲ ਪੂਰੀ ਕੀਤੀ ਸੀ। ਕਿਸੇ ਗੱਲੋਂ ਕਦੇ ਥੁੜਨ ਨਹੀਂ ਦਿੱਤਾ ਸੀ। ਕਦੇ ਕਿਸੇ ਗੱਲੋਂ ਟੋਟ ਨਹੀਂ ਆਉਣ ਦਿੱਤੀ ਸੀ। ਹਰ ਤਰ੍ਹਾਂ ਦਾ ਲਾਡ ਪਿਆਰ ਦਿੱਤਾ ਸੀ। ਕਿਰਪਾਲ ਕੌਰ ਨੂੰ ਵੀ ਕਦੇ ਝਿੜਕਣ ਨਹੀਂ ਦਿੱਤਾ ਸੀ, "ਕਿਰਪਾਲ ਕੁਰੇ..! ਇਹ ਮੇਰੀਆਂ ਧੀਆਂ ਨਹੀਂ, ਪੁੱਤ ਐ..! ਇਹਨਾਂ ਨੂੰ ਘੂਰਿਆ ਨਾ ਕਰ..! ਜੇ ਇਹਨਾਂ ਨੂੰ ਕਦੇ ਘੂਰਿਆ, ਆਪਣੀ ਜੰਗ ਹੋਜੂ..!" ਗੁਰਚਰਨ ਆਖਦਾ। ਕੁੜੀਆਂ ਹੱਸਦੀਆਂ ਰਹਿੰਦੀਆਂ। ਕਿਰਪਾਲ ਕੌਰ ਹੱਸ ਕੇ ਆਖਦੀ, "ਗੁਰਚਰਨ ਜੀ, ਪੁੱਤਰ ਧੀ ਤੇ ਖੁਰਪਾ ਚੰਡੇ ਹੀ ਕੰਮ ਦਿੰਦੇ ਨੇ, ਘਿਉ ਦੇ ਕੋਲ ਚੁਚਕਾ ਰੱਖੀਏ ਨਾ ਅੰਗਿਆਰੀ...!"

-"ਮੇਰੀਆਂ ਧੀਆਂ ਚੰਡਣ ਆਲ਼ੀਆਂ ਹੈਨ੍ਹੀ...! ਸਿਆਣੀਆਂ ਧੀਐਂ ਮੇਰੀਆਂ ਤਾਂ..!" ਗੁਰਚਰਨ ਵੀ ਸੀਤਲ ਅਤੇ ਪਾਇਲ ਦੇ ਸਿਰ 'ਤੇ ਹੱਥ ਰੱਖ ਕੇ ਮੁਸਕਰਾ ਪੈਂਦਾ।

ਜਿਤਨਾ ਚਿਰ ਸੀਤਲ ਸਕੂਲ ਜਾਂਦੀ ਰਹੀ। ਗੁਰਚਰਨ ਸਕੂਲ ਛੱਡਣ ਜਾਂਦਾ ਰਿਹਾ ਅਤੇ ਲੈ ਕੇ ਵੀ ਆਉਂਦਾ ਰਿਹਾ। ਟਾਈਮ 'ਚੋਂ ਟਾਈਮ ਕੱਢ ਕੇ ਵੀ...! ਪਰ ਜਦੋਂ ਸੀਤਲ ਕਾਲਜ ਚਲੀ ਗਈ ਤਾਂ ਉਸ ਨੂੰ ਛੱਡਣ ਅਤੇ ਲਿਆਉਣ ਦਾ ਕੰਮ ਬੰਦ ਹੋ ਗਿਆ ਅਤੇ ਸਮਾਂ ਪਾ ਕੇ ਸੀਤਲ ਇਮਰਾਨ ਦੇ ਢਹੇ ਚੜ੍ਹ ਕੁਰਾਹੇ ਪੈ ਗਈ। ਖ਼ਰਬੂਜੇ ਨੂੰ ਦੇਖ ਕੇ ਖ਼ਰਬੂਜਾ ਰੰਗ ਫੜਦੈ! ਖ਼ਰਬੂਜਾ ਚਾਹੇ ਛੁਰੀ 'ਤੇ ਡਿੱਗੇ, ਚਾਹੇ ਛੁਰੀ ਖ਼ਰਬੂਜੇ 'ਤੇ, ਹਸ਼ਰ ਇੱਕੋ ਹੀ ਹੁੰਦੈ..! ਵੱਢਿਆ ਖ਼ਰਬੂਜੇ ਨੇ ਹੀ ਜਾਣਾਂ ਹੁੰਦੈ..! ਕੱਚੀ ਉਮਰ ਬੜੀ ਜਲਦੀ ਬੁਰਾਈ ਗ੍ਰਹਿਣ ਕਰਦੀ ਹੈ..! ਹੋਰ ਕੁੜੀਆਂ ਵੱਲ ਦੇਖ ਦੇਖ ਕੇ ਉਹ ਵੀ ਔਝੜ ਰਸਤੇ ਪੈ ਗਈ। ਨਾਲ਼ ਪੜ੍ਹਦੀਆਂ ਕੁੜੀਆਂ ਜਦੋਂ ਉਸ ਨੂੰ ਕਿਤੇ 'ਬਾਹਰ' ਘੁੰਮਣ ਫ਼ਿਰਨ ਲਈ ਪੁੱਛਦੀਆਂ ਤਾਂ ਸੀਤਲ 'ਨਾਂਹ' ਕਰ ਦਿੰਦੀ। ਕੁੜੀਆਂ ਉਸ ਵੱਲ ਦੇਖ ਕੇ ਹੱਸਦੀਆਂ। ਉਸ ਦਾ ਮਾਖ਼ੌਲ ਉਡਾਉਂਦੀਆਂ, "ਕੀ ਤੇਰੀ ਲਾਈਫ਼ ਐ ਸੀਤਲ...? ਮਾਂ ਬਾਪ ਤੋਂ ਈ ਡਰਦੀ ਰਹਿੰਨੀ ਐਂ..? ਫ਼ੱਕ ਯੂਅਰ ਪੇਰੈਂਟਸ ਐਂਡ ਗੋ ਵਿਦ ਅੱਸ, ਇੰਜੁਆਏ ਯੂਅਰ ਲਾਈਫ਼...! ਕਮ ਔਨ..!"

ਖ਼ੈਰ..! ਰੰਡੀਆਂ ਤਾਂ ਰੰਡ ਕੱਟ ਲੈਣ, ਪਰ ਉਂਗਲਾਂ ਵਾਲ਼ੇ ਨਹੀਂ ਕੱਟਣ ਦਿੰਦੇ। ਆਖਰ ਚਾਦਰ ਪਾ ਹੀ ਲੈਂਦੇ ਹਨ। ਪਰ ਗੁਰਚਰਨ ਨੂੰ ਆਪਣੀ ਧੀ 'ਤੇ ਰੱਬ ਵਰਗਾ ਵਿਸ਼ਵਾਸ ਸੀ। ਸੀਤਲ ਕਾਲਜ ਤੋਂ ਦਿਨ-ਬ-ਦਿਨ ਲੇਟ ਹੋਣ ਲੱਗੀ ਅਤੇ ਨਿੱਤ ਨਵੇਂ ਬਹਾਨੇ ਘੜ੍ਹਨ ਲੱਗੀ। ਕਿਰਪਾਲ ਕੌਰ ਨੇ ਗੁਰਚਰਨ ਨੂੰ ਇਸ ਪੱਖੋਂ ਸੁਚੇਤ ਕੀਤਾ, ਹਲੂਣਿਆਂ..! ਪਰ ਉਲਟਾ ਉਹ ਕਿਰਪਾਲ ਕੌਰ ਨੂੰ ਹੀ ਕੌੜਿਆ, "ਕਾਹਨੂੰ ਕੁੱਤੇ ਮਾਂਗੂੰ ਭੌਂਕੀ ਜਾਨੀ ਹੁੰਨੀ ਐਂ..? ਮੈਨੂੰ ਮੇਰੀ ਧੀ 'ਤੇ ਪਰਬਤ ਜਿੱਡਾ ਵਿਸ਼ਵਾਸ ਐ..! ਤੂੰ ਆਬਦੀ ਸਾਗ ਘੋਟੂ ਮੱਤ ਆਬਦੇ ਕੋਲ਼ੇ ਰੱਖਿਆ ਕਰ..! ਸਾਡੇ ਪਿਉ ਧੀ ਦੇ ਮਸਲੇ 'ਚ ਬਾਹਲ਼ਾ ਦਖ਼ਲ ਨਾ ਦਿਆ ਕਰ...!" ਘਰਵਾਲੇ ਅੱਗੇ ਕਿਰਪਾਲ ਕੌਰ ਚੁੱਪ ਵੱਟ ਗਈ। ਗੁਰਚਰਨ ਨੇ ਕਦੇ ਵੀ ਕਿਰਪਾਲ ਕੌਰ ਨੂੰ ਬੁਰਾ ਲਫ਼ਜ਼ ਨਹੀਂ ਕਿਹਾ ਸੀ। ਉਚੀ ਨਹੀਂ ਬੋਲਿਆ ਸੀ।

ਇਕ ਦਿਨ ਸੀਤਲ ਦੀ ਕਾਲਜ ਦੀ ਸਹੇਲੀ ਪਿੰਕੀ ਦਾ ਜਨਮ ਦਿਨ ਸੀ। ਉਸ ਨੇ ਸਾਰੇ ਨੇੜਲੇ ਦੋਸਤ ਮੁੰਡੇ ਕੁੜੀਆਂ ਨੂੰ ਸੱਦਾ-ਪੱਤਰ ਭੇਜਿਆ। ਉਹਨਾਂ ਵਿਚ ਸੀਤਲ ਅਤੇ ਇਮਰਾਨ ਵੀ ਸ਼ਾਮਲ ਸਨ। ਬਾਪ ਤੋਂ ਇਜਾਜ਼ਤ ਲੈ ਕੇ ਸੀਤਲ ਪਿੰਕੀ ਦੇ ਜਨਮ ਦਿਨ 'ਤੇ ਚਲੀ ਗਈ। ਰਾਤ ਉਸ ਨੇ ਪਿੰਕੀ ਦੇ ਘਰ ਹੀ ਰਹਿਣਾ ਸੀ। ਸਤਿਯੁਗੀ ਬਾਪ ਨੇ ਸੀਤਲ 'ਤੇ ਪੂਰਨ ਵਿਸ਼ਵਾਸ ਕਰ ਕੇ ਸੀਤਲ ਨੂੰ ਰਾਤ ਦੀ ਰਹਾਇਸ਼ ਲਈ ਵੀ 'ਹਾਂ' ਕਰ ਦਿੱਤੀ। ਪਹਿਲਾਂ ਗੁਰਚਰਨ ਨੇ ਪਿੰਕੀ ਤੋਂ ਫ਼ੋਨ ਕਰ ਕੇ ਪੁੱਛਿਆ ਕਿ ਉਸ ਦੇ ਮਾਂ-ਬਾਪ ਵੀ ਇਸ ਪਾਰਟੀ ਵਿਚ ਹੋਣਗੇ..? ਰਾਤ ਨੂੰ ਉਹ ਉਸ ਦੇ ਮਾਂ-ਬਾਪ ਕੋਲ਼ ਹੀ ਪੈਣਗੀਆਂ..?

-"ਅੰਕਲ ਜੀ...! ਤੁਹਾਨੂੰ ਮੇਰੇ 'ਤੇ ਵਿਸ਼ਵਾਸ ਨਹੀਂ...?" ਆਖ ਕੇ ਪਿੰਕੀ ਨੇ ਇੱਕੋ ਗੱਲ ਨਾਲ਼ ਹੀ ਗੁਰਚਰਨ ਦੀ ਤਸੱਲੀ ਕਰਵਾ ਦਿੱਤੀ ਸੀ।

-"ਨਹੀਂ ਬੇਟੇ...! ਜੇ ਇਤਬਾਰ ਨਾਂ ਹੁੰਦਾ, ਤਾਂ ਮੈਂ ਸੀਤਲ ਨੂੰ ਭੇਜਦਾ ਹੀ ਨਹੀਂ ਸੀ..! ਜੇ ਵਿਸ਼ਵਾਸ ਹੈ, ਤਾਂ ਹੀ ਭੇਜ ਰਹੇ ਆਂ..? ਇੰਜੁਆਏ ਕਰੋ ਬੇਟੇ..! ਹੈਪੀ ਬਰਥ ਡੇ ਟੂ ਯੂ...! ਟੇਕ ਕੇਅਰ...!! ਕੱਲ੍ਹ ਨੂੰ ਸੀਤਲ ਨੂੰ ਬਾਰਾਂ ਕੁ ਵਜੇ ਮੈਂ ਆ ਕੇ ਲੈ ਜਾਊਂ ਬੇਟੇ, ਜਦੋਂ ਸੁੱਤੀਆਂ ਉਠ ਖੜ੍ਹੀਆਂ

ਮੈਨੂੰ ਫ਼ੋਨ ਕਰ ਦਿਓ-!"

-"ਨਹੀਂ ਅੰਕਲ...! ਤੁਸੀਂ ਨਾ ਆਇਓ..! ਮੇਰੇ ਮੰਮ ਜਾਂ ਡੈਡ ਆਪ ਆ ਕੇ ਛੱਡ ਜਾਣਗੇ...! ਤੁਸੀਂ ਤਕਲੀਫ਼ ਨਾ ਕਰਿਓ ਪਲੀਜ਼...! ਨੋ ਫ਼ਿਕਰ, ਨੋ ਚਿੰਤਾ ਐਂਡ ਡੋਂਟ ਵਰੀ..!" ਪਿੰਕੀ ਹੱਸ ਪਈ।

-"ਔਲ ਰਾਈਟ ਪਿੰਕੀ ਬੇਟੇ...! ਨਾਲ਼ੇ ਏਸ ਬਹਾਨੇ ਤੇਰੇ ਮਾਂ ਬਾਪ ਨੂੰ ਵੀ ਮਿਲ਼ ਲਵਾਂਗੇ!" ਹੱਸਦੇ ਗੁਰਚਰਨ ਨੇ ਵੀ ਫ਼ੋਨ ਕੱਟ ਦਿੱਤਾ।

ਰਾਤ ਨੂੰ ਪਿੰਕੀ ਦੇ ਜਨਮ ਦਿਨ ਦੀ ਪਾਰਟੀ ਸ਼ੁਰੂ ਹੋਈ। ਵੀਹ ਮੁੰਡੇ ਕੁੜੀਆਂ ਪਾਰਟੀ ਵਿਚ ਆਏ ਸਨ। ਸਾਰੇ ਹੀ ਕਾਲਜ ਦੇ ਵਿਦਿਆਰਥੀ। ਦਸ ਮੁੰਡੇ ਅਤੇ ਦਸ ਹੀ ਕੁੜੀਆਂ! ਪਾਰਟੀ ਪਿੰਕੀ ਦੀ ਕਿਸੇ ਦੋਸਤ ਕੁੜੀ ਪੈਮ ਦੇ ਘਰ ਵਿਚ ਰੱਖੀ ਹੋਈ ਸੀ। ਪੈਮ ਦੇ ਮਾਂ-ਬਾਪ ਛੋਟੇ ਬੱਚਿਆਂ ਨਾਲ਼ ਦੋ ਮਹੀਨੇ ਲਈ ਪੰਜਾਬ ਗਏ ਹੋਏ ਸਨ। ਖੁੱਲ੍ਹੀ ਖੇਡ ਸੀ। ਨੇੜੇ ਤੇੜੇ ਸਿਰਫ਼ ਗੋਰੇ ਹੀ ਵਸਦੇ ਸਨ। ਖੁੱਲ੍ਹੇ ਡੁੱਲ੍ਹੇ ਘਰ ਵਿਚ ਬੀਅਰ, ਵਿਸਕੀ, ਕੋਕ, ਫ਼ੈਂਟਾ ਆਦਿ ਥੋਕ ਵਿਚ ਲਿਆ ਰੱਖੇ ਸਨ। ਕੇਟਰਿੰਗ ਸਰਵਿਸ ਵਾਲ਼ਿਆਂ ਨੂੰ ਮੀਟ-ਮੁਰਗਾ ਅਤੇ ਪੀਜ਼ਾ 'ਆਰਡਰ' ਕੀਤਾ ਹੋਇਆ ਸੀ।

ਪਾਰਟੀ ਦੀ ਅਸਲ ਸ਼ੁਰੂਆਤ ਹੋਈ।

ਜਨਮ ਦਿਨ ਦਾ ਕੇਕ ਕੱਟਿਆ ਗਿਆ।

"ਹੈਪੀ ਬਰਥ ਡੇ ਟੂ ਯੂ" ਹੋ ਗਿਆ। ਸਾਰਿਆਂ ਨੇ ਪਿੰਕੀ ਨੂੰ 'ਗਿਫ਼ਟ' ਦਿੱਤੇ। ਜੱਫ਼ੀਆਂ ਪਾਈਆਂ। ਲੰਬੀ ਉਮਰ ਦੀ ਕਾਮਨਾਂ ਕੀਤੀ। ਚੁੰਮੀਆਂ ਲਈਆਂ ਅਤੇ ਦਿੱਤੀਆਂ।

ਕੋਕਾ ਕੋਲਾ ਤੋਂ ਕੰਮ ਸ਼ੁਰੂ ਹੋ ਕੇ ਬੀਅਰ ਅਤੇ ਫਿਰ ਵਿਸਕੀ 'ਤੇ ਪੁੱਜ ਗਿਆ। ਪਿੰਕੀ ਦੇ ਮਾਂ-ਬਾਪ ਕਾਫ਼ੀ ਰੱਜੇ ਪੁੱਜੇ ਅਤੇ ਅਮੀਰ ਸਨ। ਪੈਸੇ ਦੀ ਕੋਈ ਕਮੀ ਨਹੀਂ ਸੀ। ਕਿਸੇ ਗੱਲੋਂ ਕੋਈ ਤੰਗੀ ਨਹੀਂ ਸੀ। ਉਸ ਦੇ ਬਾਪ ਦੀਆਂ ਤਿੰਨ ਜਿਊਲਿਰੀ ਦੀਆਂ ਦੁਕਾਨਾਂ ਸਨ। ਮਾਂ, ਬਾਪ ਅਤੇ ਭਰਾ ਖ਼ੁਦ ਦੁਕਾਨਾਂ ਚਲਾਉਂਦੇ ਸਨ। ਪਿੰਕੀ 'ਕੱਲੀ 'ਕੱਲੀ ਵਿਗੜੀ ਹੋਈ ਕੁੜੀ ਸੀ। ਮਾਂ ਬਾਪ ਵੀ ਆਪਣੇ ਬਿਜ਼ਨਸ ਵਿਚ ਮਸ਼ਰੂਫ਼ ਹੋਣ ਕਾਰਨ ਬਹੁਤਾ ਧਿਆਨ ਨਹੀਂ ਰੱਖ ਸਕਦੇ ਸਨ। ਵੀਹ ਕੁ ਸਾਲ ਦੀ ਵਿਗੜੀ ਕੁੜੀ ਪਿੰਕੀ ਹੁਣ ਤੱਕ ਦਸ-ਪੰਦਰਾਂ ਯਾਰ 'ਹੰਢਾ' ਚੁੱਕੀ ਸੀ। ਪੰਦਰਾਂ ਸਾਲ ਦੀ ਉਮਰ ਵਿਚ ਹੀ ਪਿੰਕੀ ਵਿਆਹੀਆਂ ਵਰੀਆਂ ਦੇ 'ਰਸਤੇ' ਤੁਰ ਪਈ ਸੀ। ਪਰ ਮਾਂ-ਬਾਪ ਨੂੰ ਕੁਝ ਵੀ ਪਤਾ ਨਹੀਂ ਸੀ। ਜਦੋਂ ਨੂੰ ਉਹ ਆਪੋ ਆਪਣੀਆਂ ਦੁਕਾਨਾਂ ਬੰਦ ਕਰ ਕੇ ਆਉਂਦੇ, ਪਿੰਕੀ ਘਰ ਹੁੰਦੀ। ਪੜ੍ਹ ਰਹੀ ਹੁੰਦੀ ਜਾਂ ਟੀ. ਵੀ. ਦੇਖ ਰਹੀ ਹੁੰਦੀ। ਦੇਖ ਕੇ ਮਾਂ-ਬਾਪ ਸੰਤੁਸ਼ਟ ਹੋ ਜਾਂਦੇ! ਉਹਨਾਂ ਦੇ ਭਾਅ ਦਾ ਤਾਂ ਪਿੰਕੀ ਬੜੀ ਸਤੀ ਸਵਿੱਤਰੀ ਸੀ। ਗਊ ਵਰਗੀ ਧੀ...! ਜਿਹੜੀ ਸਰੀਰਕ ਤ੍ਰਿਪਤੀ ਪਿੰਕੀ ਨੇ ਕਰਨੀ ਹੁੰਦੀ, ਮਾਂ-ਬਾਪ ਦੇ ਘਰ ਆਉਣ ਤੋਂ ਪਹਿਲਾਂ ਹੀ ਕਰ ਕਰਵਾ ਕੇ ਘਰ ਆ ਜਾਂਦੀ। ਉਸ ਦੇ ਮਾਂ-ਬਾਪ ਦੇ ਕਿਸੇ ਨਾਲ਼ ਬਹੁਤੇ ਸਬੰਧ ਵੀ ਨਹੀਂ ਸਨ। ਉਹ ਤਾਂ ਆਪਣੇ ਕਾਰੋਬਾਰ ਵਿਚ ਹੀ ਮਸਤ ਸਨ। ਸਿਰਫ਼ ਪੈਸੇ ਨੂੰ ਚਿੰਬੜੇ ਰਹਿਣ ਵਾਲ਼ੇ ਲੀਚੜ..!

ਪਿੰਕੀ ਨੇ ਆਪ ਵਿਸਕੀ ਦਾ ਦੌਰ ਸ਼ੁਰੂ ਕੀਤਾ ਅਤੇ ਦੂਜੇ ਮੁੰਡੇ ਕੁੜੀਆਂ ਨੂੰ ਵੀ ਵਰਤਾਉਣੀ ਸ਼ੁਰੂ ਕਰ ਦਿੱਤੀ। ਕੁਝ ਮੁੰਡੇ ਕੁੜੀਆਂ ਸਿਗਰਟਾਂ ਵੀ ਪੀ ਰਹੇ ਸਨ।

ਪਰ ਸੀਤਲ ਬੀਅਰ ਜਾਂ ਵਿਸਕੀ ਪੀਣ ਤੋਂ ਸਰਾਸਰ ਮੁਨੱਕਰ ਸੀ।

-"ਇਹ ਤਾਂ ਮਾਂ ਬਾਪ ਦੀ ਲਾਡਲੀ 'ਮੁੰਨੋ' ਐਂ...!" ਡਾਲੀ ਨੇ ਵਿਸਕੀ ਦੀ ਸਿੱਪ ਲੈਂਦਿਆਂ ਸੀਤਲ ਨੂੰ ਚਿੜਾਇਆ। ਹੱਥ ਵਿਚ ਉਹਦੇ ਗੰਨੇ ਜਿੱਡੀ ਸਿਰਗਟ ਫੜੀ ਹੋਈ ਸੀ।

-"ਇਹਨੂੰ ਪੁੱਛ ਤਾਂ ਲਵੋ, ਪੁੱਤੂ ਦੁੱਧੂ ਮੀਨੈ...?" ਲਵਲੀ ਵੀ ਪਿੱਛੇ ਨਾ ਰਹੀ।

-"ਸੀਤਲ, ਕੰਨਫ਼ਿਊਸ਼ੀਅਸ ਕਹਿੰਦੈ, ਫ਼ੌਰਗੈੱਟ ਅਬਾਊਟ ਪਾਸਟ, ਇੰਜੁਆਏ ਪਰੈਜ਼ੈਂਟ ਐਂਡ ਡੋਂਟ ਵਰੀ ਅਬਾਊਟ ਫ਼ਿਊਚਰ-!" ਇਮਰਾਨ ਫ਼ਿਲਾਸਫ਼ਰਾਂ ਵਾਂਗ ਬੋਲਿਆ।

-"ਕਮ ਔਨ ਸੀਤਲ..! ਕਾਹਤੋਂ ਬੇਇੱਜ਼ਤੀ ਕਰਵਾਈ ਜਾਨੀ ਐਂ..? ਕਮ ਔਨ ਯਾਰ...!" ਪਿੰਕੀ ਨੇ ਮੱਲੋਮੱਲੀ ਵਿਸਕੀ ਦਾ ਗਿਲਾਸ ਸੀਤਲ ਦੇ ਹੱਥ ਦੇ ਦਿੱਤਾ।

ਇੱਜ਼ਤ ਅਤੇ ਬੇਇੱਜ਼ਤੀ ਦੇ ਸੁਆਲ ਵਿਚ ਪਿੱਸਦੀ ਸੀਤਲ ਨੇ ਅੱਖਾਂ ਮੀਟ ਅਤੇ ਜਾੜ੍ਹ ਘੁੱਟ ਕੇ

ਗਿਲਾਸ ਖਾਲੀ ਕਰ ਦਿੱਤਾ।

-"ਗਰੇਟ ਗਰਲ...!"

-"ਗਰੇਟ ਸੀਤਲ, ਗਰੇਟ..!"

-"ਵੈਰ੍ਹੀ ਗੁੱਡ..!"

-"ਵੈੱਲ ਡਨ...!" ਮੁੰਡੇ ਕੁੜੀਆਂ ਨੇ ਖ਼ੁਸ਼ੀ ਵਿਚ ਤਾੜੀਆਂ ਚੁੱਕ ਦਿੱਤੀਆਂ। ਪਹਿਲੀ ਵਾਰ ਵਿਸਕੀ ਪੀਣ ਕਾਰਨ ਸੀਤਲ ਦਾ ਸਾਹ ਰੁਕ ਗਿਆ। ਅੱਖਾਂ ਖੜ੍ਹ ਗਈਆਂ। ਸ਼ਰਾਬ ਨੇ ਕੁੜੀ ਨੂੰ 'ਪੱਠਾ' ਲਾ ਦਿੱਤਾ ਸੀ। ਉਸ ਨੇ ਸਿਰ ਮੇਜ਼ 'ਤੇ ਸੁੱਟ ਲਿਆ। ਇਮਰਾਨ ਨੇ ਉਸ ਦੀ ਪਿੱਠ 'ਤੇ ਚਾਰ-ਪੰਜ ਹਲਕੇ ਜਿਹੇ ਧੱਫ਼ੇ ਮਾਰੇ। ਸੀਤਲ ਨੂੰ ਪੂਰਾ ਸਾਹ ਆਉਣ ਲੱਗ ਪਿਆ। ਉਸ ਨੇ ਕੁਝ ਕਰੜੇ ਖੰਘੂਰੇ ਜਿਹੇ ਮਾਰੇ। ਦਮੇਂ ਵਾਲ਼ੇ ਅਮਲੀ ਵਾਂਗ! ਵਿਸਕੀ ਨੇ ਆਪਣਾ ਰੰਗ ਢੰਗ ਦਿਖਾਉਣਾਂ ਸ਼ੁਰੂ ਕਰ ਦਿੱਤਾ। ਕੁਝ ਪਲਾਂ ਵਿਚ ਉਸ ਨੂੰ ਬਿਜਲੀ ਦੀ ਰੌਸ਼ਨੀ ਲੋਰੀਆਂ ਦਿੰਦੀ ਜਾਪੀ। ਮੂਡ ਖ਼ੁਸ਼ੀ ਦੇ ਖੰਭ ਲਾ ਸੱਤਵੇਂ ਅਸਮਾਨ ਚੜ੍ਹ ਗਿਆ। ਵਿਸਕੀ ਦੀ ਕੁੜੱਤਣ ਮਿਟਣ ਲੱਗੀ ਅਤੇ ਹਰ ਚੀਜ਼ ਮਿੱਠੀ-ਮਿੱਠੀ, ਪਿਆਰੀ-ਪਿਆਰੀ ਅਤੇ ਮਣਮੋਹਕ ਨਜ਼ਰ ਆਉਣ ਲੱਗ ਪਈ। ਸੀਤਲ ਦਾ ਮਨ ਬਾਘੀਆਂ ਪਾਉਣ ਨੂੰ ਕੀਤਾ। ਉਸ ਨੇ ਦੋ-ਤਿੰਨ ਕਿਲਕਾਰੀਆਂ ਜਿਹੀਆਂ ਵੀ ਮਾਰੀਆਂ। ਸਾਰਿਆਂ ਦਾ ਤਕਰੀਬਨ ਇਹੋ ਹਾਲ ਸੀ। ਅਜੇ ਮੁੰਡੇ ਕੁਝ ਕੁ ਥਾਂ ਸਿਰ ਸਨ। ਨਿੱਤ ਨਹੀਂ ਤਾਂ ਹਰ 'ਵੀਕ-ਇੰਡ' 'ਤੇ ਪੀਣ ਵਾਲ਼ੇ ਮੁੰਡਿਆਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪਿਆ ਸੀ। ਇਮਰਾਨ ਨੇ ਸੀਤਲ ਨੂੰ ਇਕ ਹੋਰ ਨਿੱਕਾ ਜਿਹਾ ਪੈੱਗ ਦੇ ਦਿੱਤਾ ਅਤੇ ਫੜ ਕੇ ਉਸ ਨੂੰ ਡਰਾਇੰਗ-ਰੂਮ ਦੇ ਇਕ ਕੋਨੇ ਵਿਚ ਲੈ ਗਿਆ।

-"ਆਰ ਯੂ ਔਲ ਰਾਈਟ ਸੀਤਲ...?" ਉਸ ਨੇ ਸੀਤਲ ਨੂੰ ਆਪਣੇ ਨਾਲ਼ ਘੁੱਟਦਿਆਂ ਪੁੱਛਿਆ। ਛਾਤੀ ਨਾਲ਼ ਛਾਤੀ ਘਸਾਈ।

-"ਫ਼ੈਨਟੈਸਟਿਕ ਮੈਨ...! ਰੀਅਲੀ ਫ਼ੈਨਟੈਸਟਿਕ...!! ਆਈ ਥਿੰਕ ਆਈ ਐੱਮ ਔਨ ਦਾ ਸੈਵਨਥ ਹੈਵਨ...!!!" ਉਸ ਨੇ ਇਮਰਾਨ ਨੂੰ ਘੁੱਟ ਕੇ ਜੱਫ਼ੀ ਪਾਉਂਦਿਆਂ ਕਿਹਾ।

-"ਨਾਈਸ...!" ਉਸ ਨੇ ਸੀਤਲ ਦੇ ਬੁੱਲ੍ਹ ਚੁੰਮਦਿਆਂ ਆਖਿਆ।

-"ਓਹ ਯੂ ਆਰ ਸੋ ਨਾਈਸ ਇਮਰਨ...! ਆਈ ਲਾਈਕ ਯੂ ਡਾਰਲਿੰਗ...! ਆਈ ਲਾਈਕ ਯੂ ਸੋ ਮੱਚ..!" ਸੀਤਲ ਨੇ ਪੈੱਗ ਪੀ ਕੇ ਗਿਲਾਸ ਇਕ ਪਾਸੇ ਰੱਖ ਦਿੱਤਾ ਅਤੇ ਇਮਰਾਨ ਦੁਆਲ਼ੇ ਕਿਸੇ ਵੇਲ ਵਾਂਗ ਚਿੰਬੜ ਗਈ।

-"ਇੰਜੁਆਇੰਗ...?" ਪਿੰਕੀ ਦੇ ਭਰਵੱਟੇ ਸੱਪ ਵਾਂਗ ਹਿੱਲੇ। ਉਸ ਨੇ ਇਮਰਾਨ ਨੂੰ ਪੁੱਛਿਆ।

-"ਓਹ ਯੈਅ...! ਵੂਈ ਆਰ ਇੰਜੁਆਇੰਗ ਵੈਰੀ ਵੈੱਲ ਪਿੰਕੀ, ਥੈਂਕ ਯੂ...! ਥੈਂਕ ਯੂ ਡਾਰਲਿੰਗ..! ਆਈ ਲਵ ਯੂ..!" ਇਮਰਾਨ ਦੀ ਥਾਂ ਸੀਤਲ ਨੇ ਉੱਤਰ ਦਿੱਤਾ। ਉਸ ਦੀਆਂ ਬਲਾਉਰੀ ਅੱਖਾਂ ਵਿਚ ਨਸ਼ਾ ਦੀਵੇ ਦੀ ਲਾਟ ਵਾਂਗ ਡੋਲ ਰਿਹਾ ਸੀ।

-"ਓ. ਕੇ. ਦੈਨ ...! ਗੋ ਆਹੈੱਡ...! ਇੰਜੁਆਏ ਯੂਅਰਸੈਲਫ਼...!" ਤੇ ਪਿੰਕੀ ਵਿਸਕੀ ਦਾ ਗਿਲਾਸ ਫੜੀ ਮਹਿਫ਼ਲ ਵਿਚ ਗੁੰਮ ਹੋ ਗਈ।

ਇਮਰਾਨ ਅਤੇ ਸੀਤਲ ਡਰਾਇੰਗ-ਰੂਮ ਵਿਚੋਂ ਬਾਹਰ ਗਾਰਡਨ ਵਿਚ ਆ ਗਏ। ਅੰਨ੍ਹੀਆਂ ਜਿਹੀਆਂ ਲਾਈਟਾਂ ਕਾਰਨ ਗਾਰਡਨ ਵਿਚ ਮੂੰਹ ਹਨ੍ਹੇਰਾ ਜਿਹਾ ਸੀ। ਉਹ ਇਕ ਦੂਜੇ ਨੂੰ ਹਲ਼ਕਿਆਂ ਵਾਂਗ ਬੁੱਲ੍ਹਾਂ ਰਾਹੀਂ 'ਪੀ' ਰਹੇ ਸਨ। ਇਕ ਦੂਜੇ ਦੀਆਂ ਘੁੱਟਾਂ ਭਰ ਰਹੇ ਸਨ।

ਸੀਤਲ ਛੋਟੇ-ਛੋਟੇ ਪੰਜ ਪੈੱਗ ਪੀ ਚੁੱਕੀ ਸੀ। ਹੁਣ ਉਸ ਨੂੰ ਪੂਰੀ ਹੋਸ਼ ਵੀ ਨਹੀਂ ਸੀ। ਫਿਰ ਪਤਾ ਨਹੀਂ ਕਿਉਂ ਉਸ ਨੇ ਇਮਰਾਨ ਦੇ ਗਲ਼ ਲੱਗ ਕੇ ਉਚੀ ਉਚੀ ਰੋਣਾਂ ਸ਼ੁਰੂ ਕਰ ਦਿੱਤਾ। ਇਮਰਾਨ ਚੁੱਪ ਕਰਾਉਣ ਦੇ ਬਹਾਨੇ ਸੀਤਲ ਦੀਆਂ ਜੁਆਨ ਛਾਤੀਆਂ ਪਲ਼ੋਸ ਰਿਹਾ ਸੀ। ਗਾਰਡਨ ਦੇ ਹਨ੍ਹੇਰੇ ਵਿਚ ਉਸ ਨੇ ਸੀਤਲ ਦੀ ਟੀ-ਸ਼ਰਟ ਗਲ਼ ਤੱਕ ਉਪਰ ਚੁੱਕ ਰੱਖੀ ਸੀ। ਕਿਸੇ ਅਲੌਕਿਕ ਜਿਹੇ ਅਜੀਬ ਸੁਆਦ ਵਿਚ ਸੀਤਲ ਨੇ ਰੋਣਾਂ ਬੰਦ ਕਰ ਦਿੱਤਾ। ਉਹ ਭਾਰੇ ਭਾਰੇ ਸਾਹ ਲੈ ਰਹੀ ਸੀ।

ਖਾਣੇ ਲਈ ਅਵਾਜ਼ ਪੈ ਗਈ।

ਇਮਰਾਨ ਦਾ ਸੁਆਦ ਮਾਰਿਆ ਗਿਆ।

-"ਅੱਜ ਆਪਾਂ 'ਕੱਠੇ ਪਵਾਂਗੇ ਸੀਤਲ...!" ਇਮਰਾਨ ਨੇ ਅੰਦਰ ਵੱਲ ਨੂੰ ਤੁਰਦਿਆਂ ਆਖਿਆ।

-"ਔਲ ਰਾਈਟ...! ਐਜ਼ ਯੂ ਲਾਈਕ ਇਮਰਨ ਡਾਰਲਿੰਗ...!" ਸੀਤਲ ਨੇ ਕਿਸੇ ਵੇਗ ਵਿਚ ਆ ਕੇ ਇਮਰਾਨ ਦੀ ਗੱਲ੍ਹ 'ਤੇ ਦੰਦੀ ਵੱਢੀ।

ਇਮਰਾਨ ਕੁਝ ਨਾ ਬੋਲਿਆ। ਕੁਝ ਨਾ ਗੌਲ਼ਿਆ। ਨਾ ਹੀ ਉਸ ਨੇ ਕੋਈ ਬੂ-ਕਲ਼ਾਪ ਕੀਤਾ। ਉਸ ਨੂੰ ਕੁਝ ਵੀ ਤਾਂ ਮਹਿਸੂਸ ਨਹੀਂ ਹੋਇਆ ਸੀ। ਸਗੋਂ ਸੀਤਲ ਦੀ ਦੰਦੀ ਦੇ ਦਰਦ ਵਿਚੋਂ ਵੀ ਉਸ ਨੂੰ ਅਜੀਬ ਆਨੰਦ ਜਿਹਾ ਆਇਆ ਸੀ। ਉਹ ਸੀਤਲ ਨੂੰ ਬੱਚੇ ਵਾਂਗ ਸਾਂਭ ਕੇ ਜਿਹੇ ਅੰਦਰ ਲੈ ਗਿਆ।

ਕੇਟਰਿੰਗ ਸਰਵਿਸ ਵਾਲ਼ੇ 'ਬਫ਼ੇ' ਲਾ ਹਟੇ ਸਨ। ਕੁੜੀਆਂ ਮੁੰਡਿਆਂ ਨੇ ਲੋੜ ਅਨੁਸਾਰ ਖਾਣਾਂ ਪਲੇਟਾਂ ਵਿਚ ਪਾਉਣਾਂ ਸ਼ੁਰੂ ਕਰ ਦਿੱਤਾ। ਸਾਰੇ ਸ਼ਰਾਬ ਦੇ ਨਸ਼ੇ ਵਿਚ ਅਲ਼ਕ ਵਹਿੜਕੇ ਵਾਂਗ 'ਝੂਲ' ਰਹੇ ਸਨ। ਖਾਣਾਂ ਅੱਧਾ ਖਾਧਾ ਅਤੇ ਅੱਧਾ ਥੱਲੇ ਡੋਲ੍ਹਿਆ ਜਾ ਰਿਹਾ ਸੀ। ਇਮਰਾਨ ਸੀਤਲ ਦੇ ਮੂੰਹ ਵਿਚ ਬੁਰਕੀਆਂ ਪਾ ਰਿਹਾ ਸੀ। ਸੀਤਲ ਸ਼ਰਾਬਣ ਹੋਈ ਬਲ਼ਦ ਵਾਂਗ ਬੁਰਕ ਜਿਹੇ ਮਾਰ ਰਹੀ ਸੀ। ਇਕ ਦੋ ਵਾਰ ਤਾਂ ਸੀਤਲ ਤੋਂ ਇਮਰਾਨ ਦੇ ਮੂੰਹ ਵਿਚ ਬੁਰਕੀ ਪਾਉਣ ਲੱਗੇ ਦੇ ਉਂਗਲ਼ 'ਤੇ ਦੰਦੀ ਵੀ ਵੱਢੀ ਗਈ ਸੀ। ਇਮਰਾਨ ਸ਼ਰਾਬੀ ਨਹੀਂ ਸੀ। ਪਰ ਵਿਸਕੀ ਦਾ ਨਸ਼ਾ ਉਸ ਦੇ ਸਿਰ 'ਤੇ ਵੀ ਸਵਾਰ ਸੀ। ਉਹ ਸੀਤਲ ਅਤੇ ਵਿਸਕੀ ਦੇ ਨਸ਼ੇ ਵਿਚ ਮਸਤਾਨਾਂ ਹੋਇਆ ਪਿਆ ਸੀ।

ਇਮਰਾਨ ਇੰਗਲੈਂਡ ਦਾ ਜੰਮਪਲ ਸੀ। ਉਸ ਦੇ ਮਾਂ-ਬਾਪ ਤੀਹ ਕੁ ਸਾਲ ਪਹਿਲਾਂ ਪਾਕਿਸਤਾਨ ਤੋਂ ਆ ਕੇ ਇੰਗਲੈਂਡ ਵਸੇ ਸਨ। ਇਮਰਾਨ ਹੋਰੀਂ ਸੱਤ ਭੈਣ ਭਰਾ ਸਨ। ਚਾਰ ਭਾਈ ਅਤੇ ਤਿੰਨ ਭੈਣਾਂ! ਇਮਰਾਨ ਸਭ ਤੋਂ ਛੋਟਾ ਅਤੇ ਲਾਡਲਾ ਰਿਹਾ ਸੀ। ਉਸ ਦਾ ਬਾਪ ਕਿਸੇ ਮੁਸਲਮਾਨ ਸੰਸਥਾ ਦਾ ਸਿਰ ਕਰਦਾ ਪ੍ਰਧਾਨ ਸੀ। ਮੁਸਲਮਾਨ ਭਾਈਚਾਰੇ ਵਿਚ ਵੀ ਉਸ ਦੀ ਪੂਰੀ ਪੁੱਛ-ਗਿੱਛ ਅਤੇ ਮਾਣ-ਤਾਣ ਸੀ। ਪਾਕਿਸਤਾਨੀ ਭਾਈਚਾਰਾ ਉਸ ਨੂੰ 'ਖ਼ਾਨ ਸਾਹਿਬ' ਆਖ ਕੇ ਬੁਲਾਉਂਦਾ ਸਤਿਕਾਰਦਾ ਸੀ। ਸਭ ਤੋਂ ਛੋਟਾ ਅਤੇ ਲਾਡਲਾ ਰੱਖਿਆ ਹੋਣ ਕਰ ਕੇ ਇਮਰਾਨ ਦੀ ਸ਼ਰਾਬ ਵੀ ਖ਼ਾਨ ਸਾਹਿਬ ਨੂੰ ਚੁੱਭਦੀ ਨਹੀਂ ਸੀ। ਉਹ ਆਪਣੇ ਬੱਚਿਆਂ ਸਮੇਤ ਹਰ ਸਾਲ ਪਾਕਿਸਤਾਨ ਜਾਂਦਾ। ਖ਼ਾਨ ਸਾਹਿਬ ਦੀਆਂ 'ਆਫ਼ ਲਾਈਸੈਂਸ' ਦੀਆਂ ਛੇ ਦੁਕਾਨਾਂ ਅਤੇ ਤਿੰਨ ਮਕਾਨ ਸਨ। ਦੋ ਘਰ ਉਸ ਨੇ ਕਿਰਾਏ 'ਤੇ ਦਿੱਤੇ ਹੋਏ ਸਨ ਅਤੇ ਇਕ ਖੁੱਲ੍ਹੇ ਡੁੱਲ੍ਹੇ ਮਕਾਨ ਵਿਚ ਉਹ ਆਪ ਪ੍ਰੀਵਾਰ ਸਮੇਤ ਸ਼ਾਹੀ ਠਾਠ ਨਾਲ਼ ਰਹਿੰਦਾ ਸੀ। ਇਮਰਾਨ 'ਤੇ ਕੋਈ ਖ਼ਾਸ ਪਾਬੰਦੀ ਨਹੀਂ ਸੀ। ਖ਼ਾਨ ਸਾਹਿਬ ਨੇ ਉਸ ਨੂੰ ਸਿਰਫ਼ ਇਕ ਹੀ 'ਵਾਰਨਿੰਗ' ਦਿੱਤੀ ਹੋਈ ਸੀ ਕਿ ਉਹ ਜੋ ਚਾਹੇ, ਕਰੇ...! ਸ਼ਰਾਬ ਪੀਣੀ ਹੈ, ਸ਼ਰਾਬ ਪੀਵੇ...! ਪਰ ਪਾਕਿਸਤਾਨੀ ਭਾਈਚਾਰੇ ਵਿਚ ਬਣੀ ਖ਼ਾਨ ਸਾਹਿਬ ਦੀ ਇੱਜ਼ਤ ਨੂੰ ਕੋਈ ਆਂਚ ਨਾ ਆਵੇ...! ਖ਼ਾਨ ਸਾਹਿਬ ਦਾ ਆਖਣ ਦਾ ਮਤਲਬ ਸੀ ਕਿ ਜੇ ਸ਼ਰਾਬ ਵੀ ਪੀਣੀ ਹੈ ਤਾਂ ਪਾਕਿਸਤਾਨੀ ਭਾਈਚਾਰੇ ਤੋਂ ਲੁਕ-ਛੁਪ ਕੇ ਪੀਤੀ ਜਾਵੇ! ਖ਼ਾਨ ਸਾਹਿਬ ਕਿਸੇ ਤਰ੍ਹਾਂ ਦਾ ਉਲਾਂਭਾ ਭਾਈਚਾਰੇ ਤੋਂ ਖੱਟਣਾਂ ਨਹੀਂ ਚਾਹੁੰਦੇ ਸਨ। ਇਮਰਾਨ ਵੀ ਬਾਪ ਦੀ ਹਦਾਇਤ ਨੂੰ ਬੋਚੀ ਆ ਰਿਹਾ ਸੀ...।

ਸਾਰਿਆਂ ਨੇ ਅੱਧ-ਪਚੱਧ ਰੋਟੀ ਖਾ ਲਈ।

-"ਪੈਣ ਦਾ ਕੀ ਪ੍ਰਬੰਧ ਐ ਪਿੰਕੀ...?" ਇਮਰਾਨ ਨੇ ਝੂਲ ਰਹੀ ਸੀਤਲ ਨੂੰ ਜੋਰ ਨਾਲ਼ ਆਸਰਾ ਦੇ ਕੇ ਸਾਂਭਿਆ ਹੋਇਆ ਸੀ। ਉਹ ਉਸ ਨੂੰ ਲਟੈਣ ਵਾਂਗ ਸਿੱਧੀ ਹੀ ਫੜੀ ਖੜ੍ਹਾ ਸੀ।

-"ਤੁਸੀਂ ਤਾਂ ਜਾ ਕੇ ਉਪਰ ਪਓ...! ਬਾਕੀਆਂ ਦਾ ਪ੍ਰਬੰਧ ਅਸੀਂ ਕਰਦੇ ਆਂ...! ਸੀਤਲ ਡਰੰਕ ਹੋ ਗਈ ਲੱਗਦੀ ਐ..? ਤੂੰ ਇਹਨੂੰ ਸਾਂਭ ਕੇ ਲੈ ਜਾ..! ਚੱਲ ਮੈਂ ਤੁਹਾਨੂੰ ਤੁਹਾਡਾ ਕਮਰਾ ਦਿਖਾ ਆਉਂਦੀ ਹਾਂ...!" ਪਿੰਕੀ ਨੇ ਇਮਰਾਨ ਨੂੰ ਕਿਸੇ ਵਿਸ਼ੇਸ਼ ਅੰਦਾਜ਼ ਵਿਚ ਆਖਿਆ। ਇਮਰਾਨ ਦਾ ਦਿਲ ਕੀਤਾ ਮਿਹਰਵਾਨ ਪਿੰਕੀ ਦੇ ਪੈਰੀਂ ਡਿੱਗ ਪਵੇ। ਉਹ ਸੀਤਲ ਨੂੰ ਬੁੱਕਲ਼ ਜਿਹੀ ਵਿਚ ਘੁੱਟੀ ਪਿੰਕੀ ਦੇ ਮਗਰ ਪੌੜੀਆਂ ਚੜ੍ਹ ਗਿਆ। ਉਹ ਅਧਰੰਗ ਦੇ ਮਰੀਜ਼ ਵਾਂਗ ਮਸਾਂ ਹੀ ਪੱਬ ਚੁੱਕਦੀ ਸੀ। ਮੁੰਡੇ ਕੁੜੀਆਂ ਨੂੰ ਬਹੁਤੀ ਕੋਈ ਹੋਸ਼ ਨਹੀਂ ਸੀ। ਕੋਈ ਕਿਸੇ ਵੱਲ ਬਹੁਤਾ ਧਿਆਨ ਨਹੀਂ ਦੇ ਰਿਹਾ ਸੀ। ਸਭ ਆਪੋ ਆਪਣੇ

ਇਸ਼ਕ ਮੁਸ਼ਕ ਵਿਚ ਉਲਝੇ ਹੋਏ, ਸਿਗਰਟਾਂ ਅਤੇ ਵਿਸਕੀ ਪੀ ਸਨ। ਪਾਰਟੀ ਦਾ ਆਨੰਦ ਮਾਣ ਰਹੇ ਸਨ। ਹਰ ਮੁੰਡੇ ਨੇ ਇਕ ਇਕ ਕੁੜੀ 'ਤੇ ਕਬਜ਼ਾ ਕੀਤਾ ਹੋਇਆ ਸੀ। ਹਰ ਜੋੜਾ ਆਪੋ ਆਪਣੀਆਂ ਗੱਲਾਂ ਵਿਚ ਖੁੱਭਿਆ ਹੋਇਆ ਸੀ। ਕਿਸੇ ਦਾ ਕਿਸੇ ਵੱਲ ਕੋਈ ਧਿਆਨ ਨਹੀਂ ਸੀ।

ਪਿੰਕੀ ਨੇ ਇਮਰਾਨ ਨੂੰ ਕਮਰਾ ਦਿਖਾ ਦਿੱਤਾ। ਸ਼ੁਕਰਾਨੇ ਵਜੋਂ ਇਮਰਾਨ ਨੇ ਪਿੰਕੀ ਨੂੰ ਗਲਵਕੜੀ ਵਿਚ ਘੁੱਟ ਕੇ ਅਹਿਸਾਸ ਕਰਵਾਇਆ ਕਿ ਉਸ ਉਪਰ ਉਸ ਦਾ ਅਹਿਸਾਨ ਹੈ।

-"ਕੁੰਡੀ ਬੰਦ ਕਰ ਲਇਓ...! ਗੁੱਡ ਨਾਈਟ..! ਸੀ ਯੂ ਟੂਮੌਰੋ...! ਬਾਏ ਸੀਤਲ...! ਇੰਜੁਆਏ ਯੁਅਰਸੈਲਫ਼...! ਟੇਕ ਇੱਟ ਇਜ਼ੀ ਬੇਬੀ..! ਗੁੱਡ ਨਾਈਟ...!" ਤੇ ਪਿੰਕੀ ਬਾਹਰ ਨਿਕਲ਼ ਗਈ।

ਸੀਤਲ ਨੂੰ ਬੈੱਡ ਉਪਰ ਲਿਟਾ ਕੇ ਇਮਰਾਨ ਨੇ ਦਰਵਾਜੇ ਦੀ ਕੁੰਡੀ ਚਾੜ੍ਹ ਦਿੱਤੀ।

-"ਆਰ ਯੂ ਓ. ਕੇ. ਸੀਤਲ...?" ਉਸ ਨੇ ਆਪਣੇ ਕੱਪੜੇ ਉਤਾਰਦਿਆਂ ਕਿਹਾ।

-"ਯੈਅ...! ਆਈ ਐਮ ਫ਼ਾਈਨ...!" ਸੀਤਲ ਦੇ ਉਤਰ ਤੋਂ ਇਮਰਾਨ ਨੂੰ ਮਹਿਸੂਸ ਹੋਇਆ ਕਿ ਸੀਤਲ ਦਾ ਨਸ਼ਾ ਢੈਲ਼ਾ ਪੈ ਗਿਆ ਸੀ।

-"ਕੁਛ ਪੀਣ ਨੂੰ ਲਿਆਵਾਂ...?"

-"ਲੈ ਆਓ...!" ਉਸ ਨੇ ਵੀ ਚੁਸਤ ਗਾਰਡ ਵਾਂਗ ਹਰੀ ਝੰਡੀ ਦਿਖਾਈ। ਇਮਰਾਨ ਨੇ ਅੱਧੀ ਲਾਹੀ ਪੈਂਟ ਫਿਰ ਉਪਰ ਖਿੱਚ ਲਈ। ਬੈੱਲਟ ਲਾ ਕੇ ਉਹ ਦਰਵਾਜੇ ਦੀ ਕੁੰਡੀ ਖੋਲ੍ਹ, ਦਗੜ-ਦਗੜ ਕਰਦਾ ਪੌੜੀਆਂ ਉਤਰ ਗਿਆ। ਅੱਧ-ਪਚੱਧ ਅੱਡੋ ਅੱਡੀ ਕਮਰਿਆਂ ਵਿਚ ਸੌਣ ਚਲੇ ਗਏ ਸਨ। ਕੁਝ ਕੰਬਲ਼ ਲੈ ਕੇ ਕਾਰਪਿੱਟ 'ਤੇ ਹੀ ਸੌਣ ਦੀ ਤਿਆਰੀ ਵਿਚ ਸਨ। ਸਾਰੇ ਹੀ ਨਸ਼ੇ ਕਾਰਨ ਊਧ-ਮਧੂਣੇ ਜਿਹੇ ਹੋਏ ਪਏ ਸਨ। ਚਿਹਰੇ ਭੰਗਰੂਣੇ ਗਏ ਸਨ। ਇਮਰਾਨ ਨੇ ਵਿਸਕੀ ਦਾ ਪੌਣਾਂ ਗਿਲਾਸ ਭਰ ਕੇ ਬਾਕੀ ਕੋਕ ਪਾ ਲਿਆ ਅਤੇ ਫ਼ੁਰਤੀ ਨਾਲ਼ ਉਪਰ ਚੜ੍ਹ ਆਇਆ। ਉਸ ਦਾ ਪੱਬ ਧਰਤੀ 'ਤੇ ਨਹੀਂ ਲੱਗਦਾ ਸੀ। ਇਕ ਤਰ੍ਹਾਂ ਨਾਲ਼ ਉਹ ਹਵਾ ਵਿਚ ਉਡ ਰਿਹਾ ਸੀ।

-"ਲੈ ਸੀਤਲ...! ਅੱਧਾ ਤੇਰਾ, ਤੇ ਅੱਧਾ ਮੇਰਾ...!" ਉਸ ਨੇ ਦਾਰੂ ਨਾਲ਼ ਭਰਿਆ ਗਿਲਾਸ ਸੀਤਲ ਦੇ ਬੁੱਲ੍ਹਾਂ ਨੂੰ ਲਾ ਦਿੱਤਾ। ਸੀਤਲ ਅੱਧਾ ਗਿਲਾਸ ਸ਼ਰਬਤ ਦੇ ਪਾਣੀ ਵਾਂਗ ਸੂਤ ਗਈ। ਹੁਣ ਉਸ ਨੂੰ ਵਿਸਕੀ ਕੌੜੀ ਨਹੀਂ ਲੱਗੀ ਸੀ। ਸੰਗਤਰੇ ਦੀ ਛਿੱਲੀ ਫ਼ਾੜੀ ਇਮਰਾਨ ਨੇ ਉਸ ਦੇ ਮੂੰਹ ਵਿਚ ਪਾ ਦਿੱਤੀ। ਸੰਗਤਰੇ ਵਰਗੇ ਬੁੱਲ੍ਹਾਂ ਵਿਚ ਦੱਬ ਸੀਤਲ ਨੇ ਫ਼ਾੜੀ ਚੂਸ ਲਈ ਅਤੇ ਸਿੱਧੀ ਸਲੋਟ ਬੈੱਡ 'ਤੇ ਸਿੱਧੀ ਲੇਟ ਗਈ। ਪਿਛਲੇ ਨਸ਼ੇ ਨੂੰ ਵਿਸਕੀ ਦੀ 'ਪੁੱਠ' ਬੜੀ ਛੇਤੀ ਚੜ੍ਹ ਗਈ ਸੀ। ਬਾਕੀ ਗਿਲਾਸ ਇਮਰਾਨ ਨੇ ਆਪ ਖਾਲੀ ਕਰ ਦਿੱਤਾ। ਉਪਰਲੀ ਬੱਤੀ ਬੁਝਾ ਦਿੱਤੀ ਅਤੇ ਸਿਰਹਾਣੇ ਵਾਲ਼ੀ ਬੱਤੀ ਬਾਲ਼ ਲਈ। ਇਮਰਾਨ ਨੇ ਤਨ ਦੇ ਕੱਪੜੇ ਲਾਹ ਕੇ ਦੂਰ ਵਗਾਹ ਮਾਰੇ ਅਤੇ ਅੱਧ ਬੇਹੋਸ਼ੀ ਦੀ ਹਾਲਤ ਵਿਚ ਪਈ ਸੀਤਲ ਨੂੰ ਪਲ਼ੋਸਣਾਂ ਅਤੇ ਚੂਸਣਾਂ ਸ਼ੁਰੂ ਕਰ ਦਿੱਤਾ। ਪਹਿਲਾਂ ਵਾਂਗ ਉਸ ਨੇ ਸੀਤਲ ਦੀ ਟੀ-ਸ਼ਰਟ ਉਪਰ ਚੁੱਕੀ ਹੋਈ ਸੀ। ਕਿਸੇ ਉਮੰਗ ਵਿਚ ਸੀਤਲ ਸੱਪ ਵਾਂਗ ਮੇਹਲ ਰਹੀ ਸੀ। ਕਿਸੇ ਆਨੰਦ ਜਿਹੇ ਵਿਚ ਉਸ ਨੇ ਆਪਣੇ ਕੱਪੜੇ ਆਪ ਹੀ ਉਤਾਰ ਦਿੱਤੇ। ਹੁਣ ਉਹ ਡਲ਼ੀ ਵਾਂਗ ਨਗਨ ਇਮਰਾਨ ਦੇ ਸਾਹਮਣੇ ਪਈ ਸੀ। ਇਮਰਾਨ ਨੇ ਉਸ ਦੇ ਮਖ਼ਮਲੀ ਸਰੀਰ ਨੂੰ ਪੀਣਾਂ ਨਹੀਂ, ਇਕ ਤਰ੍ਹਾਂ ਨਾਲ਼ 'ਸੜ੍ਹਾਕਣਾਂ' ਸ਼ੁਰੂ ਕਰ ਦਿੱਤਾ। ਉਹ ਸੀਤਲ ਉਪਰ ਕਿਸੇ ਭੁੱਖੀ ਸਰਾਲ਼ ਵਾਂਗ ਲਿਟਿਆ ਹੋਇਆ ਸੀ। ਸੀਤਲ ਸੁੰਡੀ ਵਾਂਗ ਤੜਪ ਜਿਹੀ ਰਹੀ ਸੀ। ਅਚਾਨਕ ਸੀਤਲ ਚੀਕੀ, "ਓਹ ਮਾਈ ਗੌਡ...! ਓਹ ਗੌਡ..!!" ਉਸ ਨੇ ਇਮਰਾਨ ਨੂੰ ਹੋਰ ਘੁੱਟ ਕੇ ਜੱਫ਼ੀ ਪਾ ਲਈ। ਫਿਰ ਉਸ ਨੇ ਇਮਰਾਨ ਨੂੰ ਧੱਕ ਕੇ ਪਿੱਛੇ ਸੁੱਟਣ ਦਾ ਯਤਨ ਕੀਤਾ। ਪਰ ਸ਼ਰਾਬੀ ਹੋਣ ਕਾਰਨ ਸੀਤਲ ਬਹੁਤੀ ਹੀਲ ਹੁੱਜਤ ਨਾ ਕਰ ਸਕੀ। ਸੁਆਦ ਅਤੇ ਪੀੜ ਦੀਆਂ ਲਹਿਰਾਂ ਵਿਚ ਗੋਤੇ ਖਾਂਦੀ ਸੀਤਲ ਰੁਕ ਰੁਕ ਸਾਹ ਲੈ ਰਹੀ ਸੀ। ਇਕ ਤੂਫ਼ਾਨ ਉਠਿਆਂ ਅਤੇ ਕੁਝ ਪਲ ਝੁੱਲ ਕੇ ਸ਼ਾਂਤ ਹੋ ਗਿਆ।

ਇਹ ਤੂਫ਼ਾਨ ਸਵੇਰ ਦੇ ਪੰਜ ਵਜੇ ਤੱਕ ਨਿਰੰਤਰ ਝੁੱਲਦਾ ਰਿਹਾ। ਹੁਣ ਸੀਤਲ ਨੂੰ ਵੀ ਲੱਜਤ ਜਿਹੀ ਆਉਣ ਲੱਗ ਪਈ ਸੀ।

ਸਵੇਰੇ ਪੰਜ ਵਜੇ ਜਾ ਕੇ ਉਹ ਸੁੱਤੇ।

ਪਾਰਟੀ ਵਿਚਲੇ ਬਾਕੀ ਮੁੰਡੇ ਕੁੜੀਆਂ ਦਾ ਵੀ ਸ਼ਾਇਦ ਇਹੀ ਵਰਤਾਰਾ ਚੱਲਦਾ ਰਿਹਾ ਸੀ।

ਅਗਲੇ ਦਿਨ ਸਾਰੇ ਦੁਪਿਹਰ ਇਕ ਵਜੇ ਦੇ ਕਰੀਬ ਉਠੇ।

ਸੀਤਲ ਦੀ ਇਮਰਾਨ ਨਾਲ਼ ਅੱਖ ਨਹੀਂ ਮਿਲ਼ ਰਹੀ ਸੀ। ਉਸ ਦੇ ਪੇਟ ਦਾ ਹੇਠਲਾ ਹਿੱਸਾ ਇਕ ਤਰ੍ਹਾਂ ਨਾਲ਼ ਮੱਚੀ ਸੜੀ ਜਾ ਰਿਹਾ ਸੀ। ਬੈੱਡ 'ਤੇ ਖ਼ੂਨ ਦਾ ਫ਼ੁਆਰਾ ਵਗ ਕੇ ਸੁੱਕ ਚੁੱਕਾ ਸੀ। ਸੀਤਲ ਬਾਥਰੂਮ ਜਾਣਾ ਚਾਹੁੰਦੀ ਸੀ। ਪਰ ਉਸ ਵਿਚ ਉਠਣ ਦਾ ਬਲ ਨਹੀਂ ਸੀ। ਇਮਰਾਨ ਫੜ ਕੇ ਉਸ ਨੂੰ ਬਾਥਰੂਮ ਲੈ ਕੇ ਗਿਆ। ਸੀਤਲ ਦਾ ਨਸ਼ਾ ਉਤਰ ਚੁੱਕਾ ਸੀ। ਉਸ ਦਾ ਦਿਲ ਘਾਊਂ-ਮਾਊਂ ਜਿਹਾ ਹੋ ਰਿਹਾ ਸੀ। ਜਦੋਂ ਉਹ ਬਾਥਰੂਮ 'ਚੋਂ ਵਾਪਸ ਆਈ ਤਾਂ ਉਸ ਨੇ ਰਾਤ ਵਾਲ਼ਾ ਬ੍ਰਿਤਾਂਤ ਸੋਚ ਕੇ ਹੁਬਕੀਂ-ਹੁਬਕੀਂ ਰੋਣਾਂ ਸ਼ੁਰੂ ਕਰ ਦਿੱਤਾ। ਇਮਰਾਨ ਉਸ ਦੇ ਵਾਲ਼ ਸਹਿਲਾਉਣ ਲੱਗ ਪਿਆ। ਪਰ ਸੀਤਲ ਨੇ ਉਸ ਦਾ ਹੱਥ ਝਟਕ ਦਿੱਤਾ। ਸਮੇਂ ਦੀ ਨਜ਼ਾਕਤ ਦੇਖ ਕੇ ਇਮਰਾਨ ਚੁੱਪ ਹੋ ਗਿਆ। ਹੇਠਾਂ ਮੁੰਡੇ ਕੁੜੀਆਂ ਉਚੀ ਉਚੀ ਹੱਸ ਰਹੇ ਸਨ। ਪਾਰਟੀ ਦੀ ਰਾਤ 'ਮਾਨਣ' ਦੀਆਂ ਗੱਲਾਂ ਹੋ ਰਹੀਆਂ ਸਨ।

ਪਰ ਸੀਤਲ ਚੁੱਪ ਸੀ।

ਇਮਰਾਨ ਖ਼ਾਮੋਸ਼ ਸੀ।

-"ਨਹਾ ਲੈ ਸੀਤਲ...! ਠੀਕ ਹੋਜੇਂਗੀ...! ਵਿਸ਼ਵਾਸ ਕਰ..! ਮੰਨ ਗੱਲ...!" ਇਮਰਾਨ ਨੇ ਕਿਹਾ। ਪਰ ਸੀਤਲ ਦਾ ਫਿਰ ਰੋਣ ਨਿਕਲ਼ ਗਿਆ। ਉਸ ਦਾ ਸਿਰ ਗੋਡਿਆਂ ਵਿਚ ਦਿੱਤਾ ਹੋਇਆ ਸੀ। ਇਮਰਾਨ ਨੇ ਉਸ ਦਾ ਸਿਰ ਬਾਹਾਂ ਵਿਚ ਲੈ ਲਿਆ। ਉਸ ਨੇ ਪਹਿਲਾਂ ਵਾਂਗ ਹੀ ਉਸ ਦਾ ਹੱਥ ਫਿਰ ਝਟਕ ਦਿੱਤਾ। ਫਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ, ਉਹ ਤੌਲੀਆ ਚੁੱਕ ਨਹਾਉਣ ਲਈ ਬਾਥਰੂਮ ਵਿਚ ਜਾ ਵੜੀ। ਉਸ ਨੇ ਗਰਮ ਗਰਮ ਪਾਣੀ ਆਪਣੇ ਪਿੰਡੇ 'ਤੇ ਪਾਉਣਾਂ ਸ਼ੁਰੂ ਕਰ ਦਿੱਤਾ। ਚੂੰਡੇ ਸਰੀਰ 'ਤੇ ਗਰਮ ਪਾਣੀ ਮਿਰਚਾਂ ਵਾਂਗ ਲੱਗਦਾ ਸੀ। ਪਰ ਇਕ ਪੱਖੋਂ ਉਸ ਨੂੰ ਅਰਾਮ ਜਿਹਾ ਵੀ ਆ ਰਿਹਾ ਸੀ। ਖਿੰਡੇ ਹੱਡ ਜੁੜਦੇ ਮਹਿਸੂਸ ਹੁੰਦੇ ਸਨ। ਬਾਥਰੂਮ ਦੇ ਟੱਬ ਵਿਚ ਖ਼ੂਨ ਰੰਗਿਆ ਪਾਣੀ ਧੜਾ ਧੜ ਵਗੀ ਜਾ ਰਿਹਾ ਸੀ। ਸੀਤਲ ਦਾ ਸਤ 'ਭੰਗ' ਹੋ ਚੁੱਕਾ ਸੀ। ਇਮਰਾਨ ਇਕ ਰਾਤ ਵਿਚ ਚਾਰ ਵਾਰ ਉਸ ਨਾਲ਼ 'ਹਮ-ਬਿਸਤਰ' ਹੋ ਚੁੱਕਿਆ ਸੀ। ਕੁੜੀ ਦੀ ਪਵਿੱਤਰਤਾ ਮਿੱਧੀ ਜਾ ਚੁੱਕੀ ਸੀ। ਅਛੂਹ ਕੁੜੀ ਮਧੋਲ਼ੀ ਜਾ ਚੁੱਕੀ ਸੀ। ਸਾਰਾ ਸਰੀਰ ਚੂਸਿਆ ਨਹੀਂ, ਚੂੰਡਿਆ ਜਾ ਚੁੱਕਾ ਸੀ। ਗਿੱਦੜ ਦੇ ਛੱਲੀ ਦਾ ਦੋਧਾ ਚੂੰਡਣ ਵਾਂਗ!

ਪਿੰਕੀ ਉਪਰ ਆਈ।

ਇਮਰਾਨ ਨੇ ਖ਼ੂਨ ਨਾਲ਼ ਲਿੱਬੜੇ ਬੈੱਡ ਵੱਲ ਇਸ਼ਾਰਾ ਕੀਤਾ। ਦੁਖੀ ਜਿਹੇ ਦਿਲ ਨਾਲ਼!

-"ਹੇਅ ਵੱਟ ਏ ਫ਼ੱਕ..! ਸ਼ੀ ਵਾਜ਼ ਰੀਅਲੀ ਏ ਵਰਜਨ ਗਰਲ ਇਮਰਨ...!" ਪਿੰਕੀ ਨੇ ਖ਼ੂਨ ਨਾਲ਼ ਲੱਥ ਪੱਥ ਹੋਏ ਬੈੱਡ ਵੱਲ ਦੇਖ ਕੇ ਕਿਹਾ।

-"ਯੈੱਸ...! ਸ਼ੀ ਵਾਜ਼..!" ਇਮਰਾਨ ਸਿਰਫ਼ ਇਤਨਾ ਹੀ ਆਖ ਸਕਿਆ।

-"ਡੋਂਟ ਵਰੀ ਅਬਾਊਟ ਫ਼ੱਕਿੰਗ ਬੈੱਡ ਐਂਡ ਬਲੱਡੀ ਬੈੱਡ ਸ਼ੀਟਸ...! ਅਸੀਂ ਸਫ਼ਾਈ ਵਾਲ਼ੀ ਨੂੰ ਮੰਗਵਾਉਣਾ ਹੀ ਹੈ, ਇਹ ਕੱਪੜੇ ਵੀ ਧੋ ਜਾਵੇਗੀ...।" ਪਿੰਕੀ ਨੇ ਉਸ ਦੀ ਮੁਸ਼ਕਿਲ ਹੱਲ ਕਰ ਦਿੱਤੀ।

-"ਆਈ ਐੱਮ ਸੌਰੀ ਪਿੰਕੀ...!"

-"ਫ਼ੌਰਗਿੱਟ ਇੱਟ ਇਮਰਨ...! ਇੰਜੁਆਏਡ...?" ਪਿੰਕੀ ਨੇ ਸ਼ੈਤਾਨ ਨਜ਼ਰਾਂ ਨਾਲ਼ ਝਾਕ ਕੇ ਪੁੱਛਿਆ।

-"ਯੈੱਸ..! ਆਫ਼ ਕੋਰਸ...! ਓਬੀਇਸਲੀ...! ਥੈਂਕ ਯੂ ਪਿੰਕੀ...!" ਇਮਰਾਨ ਸ਼ੁਕਰਾਨੇ ਵਿਚ ਝੁਕਿਆ ਪਿਆ ਸੀ। ਉਸ ਦਾ ਦਿਲ ਪਿੰਕੀ ਤੋਂ ਕੁਰਬਾਨ ਹੋ ਜਾਣ ਨੂੰ ਕਰਦਾ ਸੀ।

-"ਨੋ ਪਰੌਬਲਮ ਐਟ ਆਲ ਇਮਰਨ...! ਯੂ ਆਰ ਹੈਪੀ, ਆਈ ਐੱਮ ਹੈਪੀ...!"

-"ਪਰ ਸੀਤਲ ਦੁਖੀ ਜਿਹੀ ਹੋਈ ਪਈ ਐ...!"

-"ਕੋਈ ਗੱਲ ਨਹੀਂ...! ਡੋਂਟ ਵਰੀ ਅਬਾਊਟ ਦੈਟ...! ਹੁਣ ਉਸ ਨੂੰ ਇਸ ਦਾ ਭੁਸ ਪੈਜੂਗਾ..! ਬੱਸ ਪਹਿਲੀ ਵਾਰ ਹੀ ਮਹਿਸੂਸ ਜਿਹਾ ਹੁੰਦੈ...! ਸਭ ਨੂੰ ਈ ਮਹਿਸੂਸ ਹੁੰਦੈ, ਬਈ ਕੀ ਕਰ ਲਿਆ? ਪਰ

ਫਿਰ ਇਸ ਤੋਂ ਬਿਨਾਂ ਰਹਿ ਵੀ ਨਹੀਂ ਹੁੰਦਾ..! ਦੇਖ ਲਵੀਂ, ਤੇਰੇ ਕੋਲ਼ ਭੱਜੀ ਆਇਆ ਕਰੂ...!" ਤੇ ਉਹ ਉਚੀ ਉਚੀ ਹੱਸ ਕੇ ਥੱਲੇ ਉਤਰ ਗਈ।

ਸੀਤਲ ਨਹਾ ਕੇ ਵਾਪਿਸ ਆ ਗਈ। ਸਾਰਾ ਸਰੀਰ ਉਸ ਨੇ ਰਗੜ ਰਗੜ ਕੇ ਧੋਤਾ ਸੀ। ਕਦੇ ਉਸ ਦਾ ਮਨ ਕੁੜੱਤਣ ਨਾਲ਼ ਭਰ ਜਾਂਦਾ ਅਤੇ ਕਦੇ ਕੁਝ ਸੋਚ ਕੇ ਆਨੰਦਮਈ ਹੋ ਜਾਂਦਾ। ਉਸ ਨੂੰ ਇਹ ਨਹੀਂ ਪਤਾ ਲੱਗ ਰਿਹਾ ਸੀ ਕਿ ਉਹ ਇਸ ਕਾਰੇ ਨੂੰ ਬੁਰਾ ਗਰਦਾਨੇ ਜਾਂ ਚੰਗਾ...? ਪਰ ਉਸ ਦੀ ਰੂਹ ਜ਼ਰੂਰ ਹੌਲੀ ਫੁੱਲ ਵਰਗੀ ਹੋ ਗਈ ਸੀ। ਜਿਵੇਂ ਸਰੀਰ ਤੋਂ ਕੋਈ ਮਣਾਂ ਮੂੰਹੀਂ ਭਾਰ ਉਤਰ ਗਿਆ ਸੀ। ਉਸ ਦਾ ਦਿਮਾਗ ਅਤੇ ਵਜੂਦ ਸੱਤਵੇਂ ਸਵਰਗ ਵਿਚ ਉਡਾਰੀਆਂ ਲਾਉਂਦਾ ਮਹਿਸੂਸ ਹੋਇਆ। ਫਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ, ਉਸ ਨੇ ਘੁੱਟ ਕੇ ਇਮਰਾਨ ਨੂੰ ਜੱਫ਼ੀ ਪਾ ਲਈ। ਇਮਰਾਨ ਨੂੰ ਗੱਲ ਕਰਨ ਦਾ ਮੌਕਾ ਮਿਲ਼ ਗਿਆ।

-"ਸੀਤਲ...! ਇਕ ਗੱਲ ਆਖਾਂ..?"

ਸੀਤਲ ਨੇ ਸਤਰੰਗੀ ਪੀਂਘ ਵਰਗੀਆਂ ਅੱਖਾਂ ਉਪਰ ਚੁੱਕੀਆਂ। ਗੱਲ ਸੁਣਨ ਲਈ ਕੰਨ ਖੋਲ੍ਹੇ।

-"ਅੱਲ੍ਹਾ ਤਾਲਾ ਦੀ ਕਸਮ, ਸਾਰੀ ਜ਼ਿੰਦਗੀ ਪਿੱਛਾ ਨਹੀਂ ਜੇ ਦਿਆਂਗਾ, ਮੇਰੇ 'ਤੇ ਵਿਸ਼ਵਾਸ ਕਰ..!" ਇਮਰਾਨ ਬੋਲਿਆ।

ਸੀਤਲ ਨੇ ਉਸ ਨੂੰ ਫਿਰ ਗਲਵਕੜੀ ਵਿਚ ਘੁੱਟ ਲਿਆ। ਨਿਰਬਲ ਹੋਈ ਦੇ ਉਸ ਦੇ ਹੱਥ ਕੰਬੀ ਜਾ ਰਹੇ ਸਨ। ਇਮਰਾਨ ਨੇ ਵੀ ਉਸ ਨੂੰ ਜੱਫ਼ੀ ਪਾ ਲਈ।

-"ਹੁਣ ਸਿਹਤ ਕਿਵੇਂ ਐਂ...?"

-"ਠੀਕ ਹਾਂ..! ਪੇਟ ਦੇ ਹੇਠਾਂ ਦਰਦ ਹੋ ਰਿਹੈ-!"

-"ਹਟ ਜਾਵੇਗਾ, ਪਹਿਲੀ ਵਾਰ ਹੁੰਦਾ ਹੀ ਐ...।"

-"ਮੈਥੋਂ ਹੇਠਲਿਆਂ ਦੇ ਮੱਥੇ ਨਹੀਂ ਲੱਗਿਆ ਜਾਣਾ...!" ਸੀਤਲ ਨੂੰ ਥੱਲੇ ਬੈਠੇ ਮੁੰਡੇ ਕੁੜੀਆਂ ਤੋਂ ਸ਼ਰਮ ਜਿਹੀ ਆ ਰਹੀ ਸੀ।

-"ਸਾਰੀ ਰਾਤ ਉਹ ਵੀ ਆਪਣੇ ਵਾਲਾ ਕੰਮ ਹੀ ਕਰਦੇ ਰਹੇ ਐ...!" ਇਮਰਾਨ ਨੇ ਅਸਲੀਅਤ ਦੱਸ ਕੇ ਉਸ ਦਾ ਸੰਸਾ ਨਵਿਰਤ ਕਰਨਾ ਚਾਹਿਆ।

-"ਨ੍ਹਾਂਅ...? ਰੀਅਲੀ...!" ਸੀਤਲ ਨੂੰ ਯਕੀਨ ਨਾ ਆਇਆ।

-"ਅੱਲਾਹ ਦੀ ਕਸਮ...! ਬਿਲੀਵ ਮੀ ਸੀਤਲ..! ਮੈਂ ਦੋ ਕੁ ਵਜੇ ਹੇਠਾਂ ਕੋਕ ਲੈਣ ਗਿਆ ਸੀ, ਪੈਮ ਤੇ ਰਵੀ, ਪਿੰਕੀ ਤੇ ਜੈਸ ਹੋਰੀਂ ਮੈਂ ਆਪ ਅੱਖੀਂ ਦੇਖ ਕੇ ਆਇਐਂ..! ਇਮਾਨ ਨਾਲ ਆਖਦੈਂ!"

ਸੀਤਲ ਦੀ ਜ਼ਮੀਰ ਹਲਕੀ ਹੋ ਗਈ।

ਉਸ ਦੇ ਮਨ ਦਾ ਬੋਝ ਕਾਫ਼ੀ ਹੱਦ ਤੱਕ ਲਹਿ ਗਿਆ ਸੀ।

ਸਾਰਿਆਂ ਨੇ ਦੁਪਿਹਰ ਦਾ ਖਾਣਾਂ ਖਾਧਾ। ਪੀਜ਼ਾ ਸਰਵਿਸ ਵਾਲ਼ਿਆਂ ਤੋਂ ਪੀਜ਼ੇ ਮੰਗਵਾਏ ਗਏ ਸਨ।

ਦੁਪਿਹਰ ਦਾ ਖਾਣਾਂ ਖਾ ਕੇ ਸੀਤਲ ਟੈਕਸੀ ਲੈ ਕੇ ਘਰ ਆ ਗਈ। ਉਸ ਦਾ ਉਡਿਆ ਮੂੰਹ ਦੇਖ ਕੇ ਮਾਂ ਨੂੰ ਫ਼ਿਕਰ ਹੋਇਆ। ਸੁਆਲਾਂ ਦੀ ਮੂਰਤ ਬਣੀ ਕਿਰਪਾਲ ਕੌਰ ਸੀਤਲ ਦੇ ਸਾਹਮਣੇ ਖੜ੍ਹੀ ਸੀ। ਗੁਰਚਰਨ ਸਿੰਘ ਘਰ ਨਹੀਂ ਸੀ। ਛੁੱਟੀ ਦਾ ਦਿਨ ਹੋਣ ਕਰਕੇ ਕਿਸੇ ਪ੍ਰੋਗਰਾਮ 'ਤੇ ਗਿਆ ਹੋਇਆ ਸੀ।

-"ਕੀ ਹੋ ਗਿਆ ਸੀਤਲ, ਬਹੁਤੀ ਬੱਗੀ ਜਿਹੀ ਹੋਈ ਪਈ ਐਂ...?" ਸੀਤਲ ਦੀ ਤਰਸਯੋਗ ਹਾਲਤ ਦੇਖ ਕੇ ਕਿਰਪਾਲ ਕੌਰ ਦਾ ਦਿਲ ਹਿੱਲ ਗਿਆ। ਉਸ ਦੀਆਂ ਅੱਖਾਂ ਵਿਚ ਫ਼ਿਕਰ ਝਲਕਿਆ। ਪਰ ਧੀ 'ਤੇ ਉਸ ਨੂੰ ਕਿਸੇ ਗੱਲ ਦਾ ਸ਼ੱਕ ਨਾ ਹੋਇਆ।

-"ਮੰਮ..! ਅਸੀਂ ਸਵੇਰ ਦੇ ਪੰਜ ਵਜੇ ਤੱਕ ਡਾਂਸ ਕਰਦੇ ਰਹੇ, ਸਾਰੀ ਰਾਤ ਸੁੱਤੇ ਨਹੀਂ, ਤੇ ਇਕ ਅੱਜ ਮੈਨੂੰ ਪੀਰੀਅਡ ਆ ਗਏ, ਹੋਰ ਕੋਈ ਗੱਲ ਨਹੀਂ, ਬੱਸ ਸਿਹਤ ਜਿਹੀ ਨਹੀਂ ਠੀਕ...!" ਸੀਤਲ ਨੇ ਸਰਾਸਰ ਨਿਰੋਲ ਝੂਠ ਬੋਲਿਆ। ਸੰਖੇਪ ਗੱਲ ਕਰਕੇ ਮਾਂ ਦਾ ਫ਼ਿਕਰ ਨਬੇੜਨ ਦਾ ਯਤਨ ਕੀਤਾ। ਮਾਂ ਨੂੰ ਵੀ ਕਿਸੇ ਹੱਦ ਤੱਕ ਸੰਤੁਸ਼ਟੀ ਹੋ ਗਈ ਸੀ।

-"ਤੂੰ ਇਉਂ ਕਰ..! ਕੁਛ ਖਾ ਲੈ ਤੇ ਜਾ ਕੇ 'ਰਾਮ ਨਾਲ਼ ਸੌਂ ਜਾ, ਠੀਕ ਹੋਜੇਂਗੀ ਪੁੱਤ..! ਕੀ ਕਰਨਾ ਸੀ ਪਾਰਟੀ 'ਚ ਜਾ ਕੇ...? ਕੀ ਥੁੜਿਆ ਪਿਆ ਸੀ ਐਹੋ ਜੀ ਚੰਦਰੀ ਪਾਰਟੀ ਬਿਨਾਂ...? ਜਦੋਂ ਸਿਹਤ ਈ ਨ੍ਹੀ ਠੀਕ...?"

-"ਮੰਮ...! ਮੈਂ ਪੀਜ਼ਾ ਖਾ ਕੇ ਆਈ ਆਂ...! ਖਾਣਾਂ ਕੁਛ ਨ੍ਹੀ, ਹੁਣ ਮੈਨੂੰ ਕੀ ਪਤਾ ਸੀ ਬਈ ਮੈਨੂੰ ਉਥੇ ਪੀਰੀਅਡ ਆ ਜਾਣਗੇ...?"

-"ਫੇਰ ਜਾ ਕੇ ਸੌਂ ਜਾ ਪੁੱਤ..! ਸੌਂ ਕੇ ਠੀਕ ਹੋਜੇਂਗੀ...! ਜਾਹ ਅਰਾਮ ਕਰ...!"

ਸੀਤਲ ਅੰਬ ਦਾ ਜੂਸ ਪੀ ਕੇ ਆਪਣੇ ਬੈੱਡ ਰੂਮ ਵਿਚ ਚਲੀ ਗਈ, ਉਸ ਆਪਣੇ ਕੈਲੰਡਰ 'ਤੇ ਕੁਝ ਦਰਜ਼ ਕੀਤਾ ਅਤੇ ਲੰਮੀਆਂ ਤਾਣ ਕੇ ਪੈ ਗਈ। ਮਿੰਨ੍ਹਾਂ ਮਿੰਨ੍ਹਾਂ ਦਰਦ ਉਸ ਦੇ ਪੇਟ ਦੇ ਹੇਠ ਅਜੇ ਵੀ ਹੋ ਰਿਹਾ ਸੀ। ਪਰ ਗਰਮ ਗਰਮ ਪਾਣੀ ਨਾਲ਼ ਨਹਾ ਕੇ ਉਹ ਕਾਫ਼ੀ ਹੱਦ ਤੱਕ ਠੀਕ ਹੋ ਗਈ ਸੀ। ਜਲਦੀ ਹੀ ਉਸ ਨੂੰ ਨੀਂਦ ਨੇ ਘੇਰ ਲਿਆ।

# ਕਾਂਡ 9

ਅਜੇ ਰਮਣੀਕ ਕੰਮ 'ਤੇ ਜਾਣ ਲਈ ਤਿਆਰ ਹੀ ਹੋਇਆ ਸੀ ਕਿ ਕਿਸੇ ਦਾ ਫ਼ੋਨ ਖੜਕ ਪਿਆ।

ਫ਼ੋਨ ਹਨੀ ਨੇ ਹੀ ਚੁੱਕਿਆ।

ਜਦੋਂ ਉਸ ਨੇ 'ਹੈਲੋ' ਕਿਹਾ ਤਾਂ ਅੱਗਿਓਂ ਕਿਸੇ ਦੇ ਡੁਸਕਣ ਅਤੇ ਫਿਰ ਰੋਣ ਦੀ ਅਵਾਜ਼ ਆਈ। ਹਨੀ ਹੈਰਾਨ ਹੋ ਗਈ। ਇਹ ਕੌਣ ਸੀ? ਜੋ ਫ਼ੋਨ 'ਤੇ 'ਹੈਲੋ' ਕਹਿਣ ਸਾਰ ਹੀ ਰੋਣ ਲੱਗ ਪਿਆ।

-"ਕੌਣ ਐਂ...?" ਹਨੀ ਨੇ ਫਿਰ ਪੁੱਛਿਆ।

-"ਹੈਲੋ...?" ਫ਼ੋਨ ਕਰਨ ਵਾਲ਼ੀ ਕੋਈ ਔਰਤ ਸੀ। ਉਸ ਨੇ ਨੱਕ ਸੁਣਕਦਿਆਂ 'ਹੈਲੋ' ਆਖੀ ਸੀ।

-"ਹਾਂ, ਬੋਲੋ ਤਾਂ ਸਹੀ...!" ਹਨੀ ਨੇ ਆਖਿਆ।

-"ਹਨੀ ਭੈਣ ਜੀ ਮੈਂ ਦਵਿੰਦਰ ਬੋਲਦੀ ਆਂ..! ਤੁਸੀਂ ਮੈਨੂੰ ਨਹੀਂ ਜਾਣਦੇ, ਮੇਰੇ ਹੱਸਬੈਂਡ ਤੁਹਾਡੇ ਹੱਸਬੈਂਡ ਨਾਲ਼ ਸਕਿਊਰਿਟੀ ਵਿਚ ਕੰਮ ਕਰਦੇ ਨੇ...!" ਦਵਿੰਦਰ ਨੇ ਅੱਗਿਓਂ ਸੰਭਲਦਿਆਂ ਕਿਹਾ।

-"ਹਾਂ ਦੱਸੋ ਕੀ ਕੰਮ ਐਂ...? ਸਭ ਸੁੱਖ ਸਾਂਦ ਤਾਂ ਹੈ...?"

-"ਸੁੱਖ ਸਾਂਦ ਕਾਹਦੀ ਭੈਣ ਜੀ..? ਮੇਰੇ ਹੱਸਬੈਂਡ ਨੇ ਤਲਾਕ ਬਾਰੇ ਅਪਲਾਈ ਕੀਤਾ ਹੋਇਐ, ਦੋ ਵਾਰ ਅਦਾਲਤ ਵੀ ਜਾ ਆਏ ਐਂ..! ਹੁਣ ਤੀਜੀ ਪੇਸ਼ੀ 'ਤੇ ਪੱਕਾ ਤਲਾਕ ਐ..! ਰਮਣੀਕ ਵੀਰ ਜੀ ਨੂੰ ਆਖੋ ਕਿ ਉਹ ਮੇਰੇ ਹੱਸਬੈਂਡ ਨੂੰ ਸਮਝਾਉਣ...! ਮੈਂ ਤਾਂ ਪੱਟੀ ਗਈ ਭੈਣ ਜੀ...!" ਉਹ ਫਿਰ ਡੁਸਕ ਪਈ।

-"ਕੀ ਗੱਲ ਕੀ ਹੋਗੀ, ਕਸੂਰ ਕੀਹਦੈ...? ਉਹ ਤਲਾਕ ਕਿਉਂ ਮੰਗਦੇ ਨੇ...?"

-"ਜੇ ਸੱਚ ਦੱਸਾਂ ਤਾਂ ਕਸੂਰ ਤਾਂ ਭੈਣ ਜੀ ਸਰਾਸਰ ਮੇਰੈ...! ਕਾਹਨੂੰ ਕਿਸੇ ਨੂੰ ਵਾਧੂ ਦੋਸ਼ ਦੇਵਾਂ...? ਰਮਣੀਕ ਵੀਰ ਜੀ ਘਰ ਹੀ ਨੇ?"

-"ਹਾਂ, ਉਹ ਘਰ ਹੀ ਨੇ, ਗੱਲ ਕਰਵਾਵਾਂ..?"

-"ਕਰਵਾ ਦਿਓ ਭੈਣ ਜੀ ਬਣਕੇ, ਨਹੀਂ ਮੇਰਾ ਘਰ ਤਾਂ ਪੱਟਿਆ ਗਿਆ...!" ਦਵਿੰਦਰ ਦਾ ਫਿਰ ਰੋਣ ਨਿਕਲ਼ ਗਿਆ।

ਹਨੀ ਨੇ ਫ਼ੋਨ ਰਮਣੀਕ ਨੂੰ ਫੜਾ ਦਿੱਤਾ।

-"ਹੈਲੋ..!"

-"ਭਾਅ ਜੀ ਸਾਸਰੀਕਾਲ...!" ਦਵਿੰਦਰ ਨੇ ਕੁਝ ਸੰਭਲਦਿਆਂ ਆਖਿਆ।

-"ਸਾਸਰੀਕਾਲ ਜੀ-!"

-"ਭਾਅ ਜੀ ਮੈਂ ਦਵਿੰਦਰ ਬੋਲਦੀਂ ਐਂ, ਬਲਵਿੰਦਰ ਦੀ ਮਿਸਜ਼..! ਬਲਵਿੰਦਰ, ਜੀਹਨੂੰ ਬਿੱਲੂ ਕਹਿੰਦੇ ਐ-!"

-"ਹਾਂ, ਹਾਂ ਮੈਂ ਜਾਣਦੈਂ...! ਬਲਵਿੰਦਰ ਨੂੰ ਵੀ ਜਾਣਦੈਂ ਤੇ ਬਿੱਲੂ ਨੂੰ ਵੀ...!" ਰਮਣੀਕ ਨੇ ਵਿਅੰਗ ਨਾਲ਼ ਆਖਿਆ।

-"ਤੁਹਾਨੂੰ ਭਾਅ ਜੀ ਸਾਡੀ ਕਹਾਣੀ ਦਾ ਪਤਾ ਈ ਐ...!"

-"ਸਾਰਾ ਈ ਪਤੈ ਭੈਣ ਜੀ, ਸਾਰਾ ਈ ਪਤੈ..!" ਰਮਣੀਕ ਨੂੰ ਖੁੰਧਕ ਚੜ੍ਹ ਗਈ।

-"..........।" ਦਵਿੰਦਰ ਚੁੱਪ ਧਾਰ ਗਈ। ਕੀ ਆਖਦੀ...? ਜਦ ਦੋਸ਼ ਹੀ ਸਾਰਾ ਉਸ ਦਾ ਸੀ...!

-"ਭੈਣ ਜੀ ਗੱਲ ਇਹ ਐ...! ਸਿਆਣੇ ਆਖਦੇ ਹੁੰਦੇ ਐ, ਵਕਤੋਂ ਖੁੰਝੀ ਡੂਮਣੀਂ ਗਾਹੇ ਆਲ਼ ਪਤਾਲ਼..! ਜੇ ਤੁਸੀਂ ਸਮੇਂ ਸਿਰ ਵਕਤ ਸੰਭਾਲ਼ਿਆ ਹੁੰਦਾ ਤਾਂ ਆਹ ਨੌਬਤਾਂ ਈ ਨਹੀਂ ਸੀ ਆਉਣੀਆਂ...! ਭੈਣ ਜੀ ਗੁੱਸਾ ਨਾ ਕਰਿਓ, ਤੁਸੀਂ ਤਾਂ ਉਦੋਂ ਆਬਦੀ ਜ਼ਿੱਦ ਮਗਰ ਲੱਗ ਕੇ ਘਰਆਲ਼ੇ ਨੂੰ ਊਂਈਂ ਟਿੱਚ ਸਮਝਿਆ..! ਥੋਨੂੰ ਤਾਂ ਇਉਂ ਸੀ ਬਈ ਬਿੱਲੂ ਸਾਊ ਸ਼ਰੀਫ਼ ਜਿਆ ਹੈਗੈ, ਉਹਨੇ ਕਿਹੜਾ ਕਦੇ ਕੁਛ ਬੋਲਣੈਂ...? ਥੋਨੂੰ ਇਹ ਨ੍ਹੀ ਸੀ ਪਤਾ ਬਈ ਵਕਤ ਬੰਦੇ ਨੂੰ ਬਹੁਤ ਕੁਛ ਸਿਖਾ ਦਿੰਦੈ...! ਤੇ ਜੇ ਲੋੜ ਪਵੇ ਤਾਂ ਫ਼ਸਿਆ ਬੰਦਾ ਬਾਗੀ ਹੋਣ ਤੋਂ ਵੀ ਗੁਰੇਜ਼ ਨਹੀਂ ਕਰਦਾ..! ਆਹ ਹੁਣ ਦੇਖ ਲਓ! ਥੋਡੇ ਸਾਹਮਣੇ ਈ ਐਂ...? ਔਹ ਬੈਠੈ ਪਤੰਦਰ ਬਣਿਆਂ...!"

-"ਭਾਅ ਜੀ ਕੁਛ ਕਰੋ..! ਪਲੀਜ਼...! ਮੈਂ ਬਹੁਤ ਦੁਖੀ ਐਂ, ਮੇਰਾ ਤਾਂ ਪੇਕਿਆਂ ਦਾ ਸਾਰਾ ਟੱਬਰ ਦੁਖੀ ਐ...! ਸਾਡੇ ਤਾਂ ਖਾਨਦਾਨ 'ਚ ਕਿਸੇ ਦਾ ਤਲਾਕ ਨ੍ਹੀ ਸੀ ਹੋਇਆ ਭਾਅ ਜੀ-! ਨਾਲ਼ੇ ਥੋਨੂੰ ਪਤੈ ਬਈ ਤਲਾਕ ਆਲ਼ੀ ਤੀਮੀ ਨੂੰ ਲੋਕ ਕਿੱਦਾਂ ਦੀ ਸਮਝਦੇ ਨੇ..?"

-"ਭੈਣ ਜੀ ਤੁਸੀਂ ਉਸ ਬੰਦੇ ਨੂੰ ਅੱਖੋਂ ਪਰੋਖੇ ਈ ਐਨਾਂ ਕਰ ਦਿੱਤਾ ਸੀ, ਮਤਲਬ ਥੋਨੂੰ ਆਪਦੇ ਪੇਕਿਆਂ ਤੋਂ ਪਰ੍ਹੇ ਕੁਛ ਦਿਸਦਾ ਈ ਨਹੀਂ ਸੀ..! ਹੁਣ ਸਿੱਟੇ ਵੀ ਇਹਦੇ ਥੋਨੂੰ ਈ ਭੁਗਤਣੇ ਪੈਣੇਂ ਐਂ...! ਹੁਣ ਉਹਨੂੰ ਕੋਈ ਮੋਢਾ, ਕੋਈ ਸਹਾਰਾ ਮਿਲ ਗਿਆ..! ਹੁਣ ਉਹ ਆਪਣੇ ਟਿਕਾਣੇ 'ਤੇ ਖ਼ੁਸ਼ ਐ..! ਆਪਣੀ ਖ਼ੁਸ਼ੀ ਛੱਡ ਕੇ ਬੰਦਾ ਫੇਰ ਨਰਕ 'ਚ ਕਦੋਂ ਆਉਂਦੈ...? ਤੁਸੀਂ ਤਾਂ ਭੈਣ ਜੀ ਰੱਖਿਆ ਉਹਨੂੰ ਜੁੱਤੀ ਤੋਂ ਦੀ..! ਕੁੱਤਾ ਬਣਾਂ ਕੇ...!" ਰਮਣੀਕ ਨੇ ਵੀ ਖਰੀਆਂ ਖਰੀਆਂ ਸੁਣਾਂ ਧਰੀਆਂ।

-"ਭਾਅ ਜੀ ਮੈਂ ਮੰਨਦੀ ਆਂ ਬਈ ਮੇਰਾ ਝੁਕਾਅ ਮੇਰੇ ਪੇਕੇ ਘਰ ਵੱਲ ਜ਼ਿਆਦਾ ਰਿਹੈ...! ਇਸੇ ਕਰਕੇ ਈ ਤਾਂ ਮੈਂ ਪੱਟੀ ਬੈਠੀ ਆਂ..! ਘਰੇ 'ਕੱਲੀ ਬੈਠੀ ਨੂੰ ਘਰ ਖਾਣ ਆਉਂਦੈ..! ਆਖੋਂ ਤਾਂ ਮੈਂ ਮੁਆਫ਼ੀ ਮੰਗਣ ਲਈ ਵੀ ਤਿਆਰ ਆਂ, ਹੋਰ ਦੱਸੋ ਭਾਅ ਜੀ...?" ਉਹ ਰਮਣੀਕ ਦੇ ਤਰਲੇ ਕਰ ਰਹੀ ਸੀ।

-"ਮੁਆਫ਼ੀ ਆਲ਼ਾ ਸਮਾਂ ਤਾਂ ਮੇਰੀ ਨਜ਼ਰ ਵਿਚ ਬਹੁਤ ਦੂਰ ਚਲਿਆ ਗਿਆ ਭੈਣ ਜੀ...! ਜਦੋਂ ਤੁਹਾਨੂੰ ਮੁਆਫ਼ੀ ਮੰਗਣੀ ਚਾਹੀਦੀ ਸੀ, ਉਦੋਂ ਤਾਂ ਤੁਸੀਂ ਉਹਨੂੰ ਗਾਲ਼ ਤੋਂ ਬਿਨਾਂ ਜਾਂ ਕੁੱਤੇ ਤੋਂ ਬਿਨਾਂ ਗੱਲ ਨ੍ਹੀ ਸੀ ਕੀਤੀ...? ਹਰ ਚੀਜ਼ ਦਾ ਕੋਈ ਢੁਕਵਾਂ ਸਮਾਂ ਹੁੰਦੈ ਭੈਣ ਜੀ..! ਜੇ ਡਾਕਟਰ ਮਰੇ ਬੰਦੇ ਦੇ ਈ ਗੁਲੂਕੋਜ਼ ਲਾਈ ਜਾਊ, ਕੀ ਫ਼ਾਇਦਾ? ਜੇ ਬੰਦਾ ਸੁੱਕ ਚੁੱਕੀ ਵੇਲ ਨੂੰ ਪਾਣੀ ਪਾਈ ਜਾਊ, ਕੋਈ ਫ਼ਾਇਦਾ ਨਹੀਂ...! ਤੇ ਮੇਰੀ ਨਜ਼ਰ ਵਿਚ ਹੁਣ ਮੁਆਫ਼ੀ ਆਲ਼ਾ ਸਮਾਂ ਬਹੁਤ ਦੂਰ ਲੰਘ ਗਿਆ...! ਹੁਣ ਤਾਂ ਕਿਸੇ ਦੋ ਟੁੱਕ ਫ਼ੈਸਲੇ ਦਾ ਸਮਾਂ ਆ ਗਿਐ-!"

-"ਭਾਅ ਜੀ ਤੁਹਾਡਾ ਰੱਬ ਵਰਗਾ ਆਸਰਾ ਤੱਕ ਕੇ ਤੁਹਾਡੀ ਸ਼ਰਨ ਆਈ ਐਂ...! ਮੇਰੀ ਲਾਜ ਰੱਖੋ!"

-"ਦੇਖੋ ਭੈਣ ਜੀ...! ਜਦੋਂ ਅਸੀਂ ਪੰਜ ਸੱਤ ਜਾਣੇਂ ਮੁਆਫ਼ੀ ਮੰਗਣ ਲਈ ਆਖਦੇ ਸੀ, ਉਦੋਂ ਤੁਸੀਂ ਸਾਡੀ ਗੱਲ ਨ੍ਹੀ ਮੰਨੀ..! ਸਾਨੂੰ ਵੀ ਬੁਰਾ ਭਲਾ ਆਖਿਆ ਤੇ ਬਿੱਲੂ ਦੀ ਹਮਾਇਤ ਕਰਨ ਦਾ ਦੋਸ਼ ਵੀ ਥੋਡੇ

ਵੱਲੋਂ ਸਾਡੇ 'ਤੇ ਲੱਗਿਆ...! ਉਦੋਂ ਮੁਆਫ਼ੀ ਮੰਗਣ ਦਾ ਟਾਈਮ ਸੀ, ਤੇ ਹੁਣ ਜੇ ਅਸੀਂ ਬਿੱਲੂ ਨੂੰ ਕੁਛ ਆਖਦੇ ਐਂ, ਤਾਂ ਸਾਨੂੰ ਵੱਢਣ ਆਉਂਦੈ...! ਉਹ ਤਾਂ ਕਹਿੰਦੈ ਬਈ ਜਦੋਂ ਮੈਂ ਦੁਖੀ ਸੀ, ਜਦੋਂ ਮੇਰੇ ਨਾਲ਼ ਵਧੀਕੀਆਂ ਹੁੰਦੀਆਂ ਸੀ, ਉਦੋਂ ਨਾ ਕਿਸੇ ਨੇ ਮੇਰਾ ਸਾਥ ਦਿੱਤਾ, ਹੁਣ ਕਾਹਤੋਂ ਭੱਜੇ ਫਿਰਦੇ ਓਂ...?"

-"ਸੋਚੋ ਭਾਅ ਜੀ...! ਮੇਰੇ ਜੁਆਕਾਂ ਦਾ ਕੀ ਬਣੂੰ..? ਉਹ ਤਾਂ ਰੁਲ਼ ਜਾਣਗੇ...!" ਦਵਿੰਦਰ ਨੇ ਆਖਰੀ ਹਥਿਆਰ ਰਮਣੀਕ ਵੱਲ ਸਿੰਨ੍ਹ ਲਿਆ।

-"ਭੈਣ ਜੀ...! ਸਿਆਣੇ ਆਖਦੇ ਐ ਬਈ ਜਿੱਧਰ ਗਿਆ ਬਾਣੀਆਂ ਤੇ ਉਧਰੇ ਈ ਗਿਆ ਬਜਾਰ...! ਜਦੋਂ ਬੰਦਾ ਆਈ 'ਤੇ ਆ ਜਾਵੇ, ਸਾਰਾ ਕੁਛ ਭੁੱਲ ਜਾਂਦੈ..! ਅੱਖੋਂ ਪਰ੍ਹੇ ਜੱਗ ਮਰਨ ਆਲ਼ੀ ਗੱਲ ਐ..! ਇਹਦੇ ਬਾਰੇ ਤਾਂ ਥੋਨੂੰ ਪਹਿਲਾਂ ਸੋਚਣਾਂ ਚਾਹੀਦਾ ਸੀ..? ਹੁਣ ਸੱਪ ਖੱਡ 'ਚ ਵੜ ਗਿਐ, ਹੁਣ ਲੀਹ ਕੁੱਟਣ ਦਾ ਕੋਈ ਫ਼ਾਇਦਾ ਨ੍ਹੀ, ਹੁਣ ਘਰੇ ਬਹਿ ਕੇ ਰੱਬ ਰੱਬ ਕਰੋ...! ਜਦੋਂ ਥੋਨੂੰ ਕੋਈ ਮੱਤ ਦਿੰਦੇ ਸੀ, ਤੁਸੀਂ ਸਗੋਂ ਸਾਡੇ 'ਤੇ ਦੂਸ਼ਣ ਮੜ੍ਹ ਦਿੰਦੇ ਸੀ...! ਅਖੇ ਤੁਸੀਂ ਬਿੱਲੂ ਨਾਲ਼ ਰਲ਼ੇ ਹੋਏ ਐਂ..! ਉਧਰੋਂ ਉਹ ਬੋਲਦਾ ਸੀ, ਅਖੇ ਤੁਸੀਂ ਦਵਿੰਦਰ ਦੀ ਰਾਇ ਕਰਵਾਉਨੇ ਐਂ..! ਅਸੀਂ ਤਾਂ ਫਿਰ ਐਸੇ ਕਰ ਕੇ ਈ ਪਿੱਛੇ ਹੱਟ ਗਏ..! ਸਾਨੂੰ ਸਾਰਿਆਂ ਨੂੰ ਈ ਮਹਿਸੂਸ ਹੋ ਗਿਆ ਸੀ ਕਿ ਇਹ ਸਾਰਾ ਸਿਆਪਾ ਥੋਡੇ ਪੈਰੋਂ ਈ ਖੜ੍ਹਾ ਹੋਇਐ...! ਥੋਡੀਆਂ ਇਕ ਨਹੀਂ, ਕਿੰਨੀਆਂ ਵਧੀਕੀਆਂ ਕਰਕੇ ਪਿਐ...! ਮੁਆਫ਼ੀ ਮੰਗਣ ਲਈ ਤੁਸੀਂ ਤਿਆਰ ਨਹੀਂ ਸੀ, ਉਹ ਵੀ ਆਪਣੇ ਘਰਆਲ਼ੇ ਤੋਂ, ਜੀਹਦੇ ਨਾਲ਼ ਗੁਰੂ ਸਾਹਿਬ ਦੀ ਹਜੂਰੀ 'ਚ ਲਾਵਾਂ ਲਈਆਂ ਸੀ...! ਗੱਲ ਸਾਨੂੰ ਵਿਤੋਂ ਬਾਹਰ ਦਿਸੀ, ਤਾਂ ਅਸੀਂ ਪਿੱਛੇ ਹਟੇ...! ਉਧਰੋਂ ਸਾਡੀ ਉਹ ਬੇਇੱਜ਼ਤੀ ਕਰਦਾ ਸੀ, ਤੇ ਉਧਰੋਂ ਤੁਸੀਂ...! ਅਸੀਂ ਸੋਚਿਆ ਕੋਲਿਆਂ ਦੀ ਦਲਾਲੀ ਵਿਚ ਮੂੰਹ ਈ ਕਾਲ਼ਾ ਹੋਊ, ਚੁੱਪ ਕਰਕੇ ਘਰ ਬੈਠੋ...! ਕੀ ਲੈਣੈਂ ਐਹੋ ਜੀਆਂ ਸਰਪੈਂਚੀਆਂ ਤੋਂ...? ਦੋਨੋਂ ਧਿਰਾਂ ਈ ਬੇਇੱਜ਼ਤੀ ਕਰ ਕੇ ਘਰ ਨੂੰ ਤੋਰ ਦਿੰਦੀਐਂ..! ਅਸੀਂ ਕਿਹੜਾ ਵਿਚੋਂ ਕੁਛ ਖੱਟਣਾਂ ਸੀ...? ਸਾਨੂੰ ਤਾਂ ਇਉਂ ਸੀ ਬਈ ਥੋਡਾ ਘਰ ਵਸਜੇ...! ਬਿੱਲੂ ਦੀ ਪਿੱਠ ਸੁਣਦੀ ਐ, ਇਹਦੇ ਵਿਚ ਬਿੱਲੂ ਦਾ ਕੋਈ ਇਕ ਰੱਤੀ ਵੀ ਕਸੂਰ ਨਹੀਂ ਸੀ...! ਸਾਰਾ ਕਸੂਰ ਥੋਡਾ ਸੀ ਭੈਣ ਜੀ, ਸਰਾਸਰ ਥੋਡਾ...! ਮੇਰੇ ਦਿਮਾਗ ਅਨੁਸਾਰ ਹੁਣ ਦਿੱਲੀ ਬਹੁਤ ਦੂਰ ਲੰਘ ਚੁੱਕੀ ਐ ਭੈਣ ਜੀ...!" ਅੱਕੇ ਰਮਣੀਕ ਨੇ ਦਵਿੰਦਰ ਨੂੰ ਸਿੱਧੀਆਂ ਹੀ ਸੁਣਾਂ ਧਰੀਆਂ। ਉਹ ਸੋਚਦਾ ਸੀ ਕਿ ਕਿਹੋ ਜਿਹੀ ਔਰਤ ਹੈ..? ਨਾਲ਼ੇ ਚੋਰ ਨਾਲੇ ਚਤਰਾਈ..?? ਪਹਿਲਾਂ ਆਪਦੇ ਹੱਥੀਂ ਆਪਣਾ ਘਰ ਪੱਟ ਲਿਆ। ਰੰਘੜ੍ਹਊ 'ਚ ਆ ਕੇ ਵੇਲ਼ਾ ਸਾਂਭਿਆ ਨਹੀਂ ਗਿਆ। ਹੁਣ ਟਿੱਡੀਆਂ ਬੁਸ਼ਕਰਦੀ ਫ਼ਿਰਦੀ ਐ। ਕੀ ਸਮਝਦੀ ਐ ਇਹ ਦੁਨੀਆਂ ਨੂੰ...? ਬਈ ਸਾਰੀ ਦੁਨੀਆਂ ਪਾਗਲ ਐ...? ਸਿਰਫ਼ ਮੈਂ ਈ ਸਿਆਣੀ ਆਂ...? ਪਹਿਲਾਂ ਪੇਕਿਆਂ ਤੋਂ ਬਿਨਾਂ ਤਾਂ ਇਹਨੂੰ ਕਿਸੇ ਦੀ ਗੱਲ ਨਹੀਂ ਸੀ ਸੁਣਦੀ ਹੁੰਦੀ...! ਸਾਰਾ ਜਹਾਨ ਹੀ ਬੇਵਕੂਫ਼ ਲੱਗਦਾ ਸੀ...। ਹੁਣ ਦੁਹਾਈ ਦਿੰਦੀ ਫ਼ਿਰਦੀ ਐ, ਅਖੇ ਮੈਂ ਆਪਦੇ ਪੇਕਿਆਂ ਨੂੰ ਬੁਲਾਉਣਾਂ ਛੱਡ ਦਿੱਤਾ...। ਹੁਣ ਤਾਂ ਛੱਡ, ਚਾਹੇ ਬੁਲਾ...! ਹੁਣ ਤਾਂ ਬਿੱਲੂ ਪੰਛੀ 'ਫ਼ੁਰਰ' ਕਰ ਕੇ ਹਰਜੋਤ ਦੀ ਕੱਛ 'ਚ ਜਾ ਬਿਰਾਜਿਆ...। ਹੁਣ ਮਾਰੀ ਚੱਲ ਸੀਟੀਆਂ...। ਖਿਲਾਰੀ ਚੱਲ ਦਾਣੇਂ...! ਤੁੜਾਈ ਚੱਲ ਰੱਸੇ...! ਦੇਈ ਚੱਲ ਕਿੱਲੇ 'ਤੇ ਗੇੜੇ...! ਚੱਟ ਲੈ ਆਪਦੇ ਪੇਕਿਆਂ ਨੂੰ...! ਚੱਕ ਲੈ ਸਿਰ 'ਤੇ....! ਚੋਪੜ ਲੈ ਸਿੰਗ ਬਾਪੂ ਦੇ...! ਹੁਣ ਨ੍ਹੀ ਆਉਂਦਾ ਤੇਰਾ ਪਤੰਦਰ...! ਵਜਾਈ ਚੱਲ ਬੰਸਰੀਆਂ...!

-"ਭਾਅ ਜੀ ਕੁਛ ਕਰੋ..! ਇਕ ਪਾਸੇ ਤੁਸੀਂ ਮੈਨੂੰ ਭੈਣ ਜੀ ਆਖਦੇ ਓਂ, ਤੇ ਦੂਜੇ ਪਾਸੇ ਮੇਰੀ ਗੱਲ ਸੁਣਨ ਨੂੰ ਤਿਆਰ ਨਹੀਂ...? ਬਿੱਲੂ ਥੋਡੀ ਗੱਲ ਮੰਨਦੈ, ਕਿਵੇਂ ਨਾ ਕਿਵੇਂ ਉਹਨੂੰ ਸਮਝਾਓ..! ਉਹ ਥੋਡੀ ਗੱਲ ਮੰਨਦੇ ਐ, ਕੁਛ ਕਰੋ, ਮੈਂ ਕੱਲ੍ਹ ਨੂੰ ਫਿਰ ਫ਼ੋਨ ਕਰੂੰਗੀ-!" ਤੇ ਦਵਿੰਦਰ ਨੇ ਫ਼ੋਨ ਰੱਖ ਦਿੱਤਾ।

-"ਬੜੀ ਬੇਵਕੂਫ਼ ਔਰਤ ਐ...! ਇਹਦਾ ਦਿਮਾਗ ਈ ਖਰਾਬ ਹੋਇਆ ਪਿਐ..? ਜਦੋਂ ਅਸੀਂ ਮੁਆਫ਼ੀ ਲਈ ਆਖਿਆ, ਸਾਡੀ ਗੱਲ ਨ੍ਹੀ ਮੰਨੀ..! ਹੁਣ ਜਦੋਂ ਉਹ ਪਤੰਦਰ ਬਣ ਕੇ ਘਰ ਛੱਡ ਗਿਆ, ਤੇ ਤਲਾਕ ਬਾਰੇ ਅਰਜ਼ੀ ਦੇ ਦਿੱਤੀ, ਹੁਣ ਲੂੰਲੜੀਆਂ ਕੱਢਦੀ ਫ਼ਿਰਦੀ ਐ...! ਤੂੰ ਹੋਰ ਦੇਖ, ਉਹਨੂੰ ਬਿੱਲੂ ਇਉਂ ਆਖਦੀ ਐ, ਜਿਵੇਂ ਭਤੀਜਾ ਲੱਗਦਾ ਹੁੰਦੈ...!"

-"ਕੀ ਗੱਲ ਕੀ ਹੋਗੀ...?" ਹਨੀ ਆਪਣੀ ਜਗਾਹ ਹੈਰਾਨ ਸੀ।

-"ਉਏ ਇਹਦੇ ਪੇਕਿਆਂ ਦਾ ਸਾਰਾ ਪ੍ਰੀਵਾਰ ਵੀ ਤੱਤੇ ਪੈਰਾਂ ਆਲ਼ੈ..! ਉਹਨਾਂ ਨੇ ਇਹਦੀ ਪੂਛ ਮਰੋੜ ਮਰੋੜ ਕੇ ਇਹਦਾ ਦਿਮਾਗ ਖਰਾਬ ਕਰੀ ਰੱਖਿਆ..! ਇਹਨੂੰ ਵੀ ਬਿੱਲੂ ਜੁੱਤੀ ਦੇ ਯਾਦ ਨ੍ਹੀ ਸੀ..! ਬਿੱਲੂ ਨੂੰ ਇਹਨੇ ਘਰਵਾਲ਼ਾ ਸਮਝਿਆ ਈ ਨ੍ਹੀ...! ਪੇਕਿਆਂ ਦੇ ਆਖੇ ਲੱਗ ਲੱਗ ਉਹਨੂੰ ਤੰਗ ਕਰਦੀ ਰਹੀ, ਨਾਸਾਂ 'ਚ ਸਾਹ ਬੰਦ ਕਰੀ ਰੱਖਿਐ, ਤੇ ਜਦੋਂ ਹੁਣ ਉਹ ਇਹਦੀਆਂ ਘਤਿੱਤਾਂ ਤੋਂ ਦੁਖੀ ਹੋ ਕੇ ਕਿਸੇ ਹੋਰ ਦੀ ਬੁੱਕਲ਼ ਵਿਚ ਜਾ ਵੜਿਆ, ਤੇ ਤਲਾਕ ਸਿਰੇ 'ਤੇ ਆ ਗਿਆ, ਹੁਣ ਪਿੱਟਦੀ ਫ਼ਿਰਦੀ ਐ, ਅਖੇ ਰਾਜੀਨਾਵਾਂ ਕਰਵਾਓ ਤੇ ਉਹਨੂੰ ਘਰੇ ਲਿਆਓ..! ਲੈ ਦੱਸ...? ਬਈ ਉਹ ਕੁੱਕੜ ਐ ਜੀਹਨੂੰ ਕੱਛ 'ਚ ਦੱਬ ਕੇ ਘਰੇ ਲੈ ਆਈਏ..? ਉਹ ਵੀ ਅਕਸਰ ਇਨਸਾਨ ਐਂ-!"

-"ਬੜੀ ਬੇਵਕੂਫ਼ ਐ...!"

-"ਬੇਵਕੂਫ਼ ਵੀ ਐ, ਪਰ ਜ਼ਿੱਦੀ ਓਦੂੰ ਬਾਹਲ਼ੀ ਐ...! ਜੇ ਕੋਈ ਔਰਤ ਆਬਦੇ ਘਰਆਲ਼ੇ ਤੋਂ ਗਲਤੀ ਦੀ ਮੁਆਫ਼ੀ ਮੰਗ ਲਵੇ, ਕੀ ਘਸਦੈ...? ਇਹ ਐਨੀਂ ਜਿੱਦੀ ਨਿੱਕਲ਼ੀ ਬਈ ਕਿਸੇ ਦੀ ਗੱਲ 'ਤੇ ਕੰਨ ਨ੍ਹੀ ਧਰਿਆ..? ਬੱਸ ਆਬਦੇ ਪੇਕੇ ਪ੍ਰਵਾਰ ਦੇ ਸੋਹਿਲੇ ਈ ਗਾਉਂਦੀ ਰਹੀ..! ਬਈ ਬੰਦਾ ਕਿਤੇ ਤਾਂ ਕਿਸੇ ਦੀ ਗੱਲ ਮੰਨਦੈ? ਨ੍ਹਾਂ...! ਆਬਦੀ ਈ ਢੋਲਕੀ ਕੁੱਟੀ ਗਈ..! ਬੱਸ ਇੱਕੋ ਈ ਰਟ ਲਾਈ ਰੱਖੀ, ਇਹ ਜੀ ਮੇਰੇ ਪੇਕਿਆਂ ਨੂੰ ਗਾਲ੍ਹਾਂ ਕੱਢਦੈ, ਇਹ ਮੇਰੇ ਪੇਕਿਆਂ ਨੂੰ ਬੁਰਾ ਭਲਾ ਬੋਲਦੈ..! ਬਈ ਜਿਹੜਾ ਬੰਦਾ ਦੁਖੀ ਐ, ਜੀਹਦਾ ਘਰ ਪੱਟਿਆ ਜਾ ਰਿਹੈ, ਉਹ ਦੋਸ਼ੀ ਧਿਰ ਨੂੰ ਗਾਲ਼ਾਂ ਨਾ ਕੱਢੂ, ਹੋਰ ਇਨਾਮ ਦਿਊ...? ਹੁਣ ਤਲਾਕ ਬਾਡਰ 'ਤੇ ਪਹੁੰਚ ਗਿਆ, ਹੁਣ ਤਰਲੇ ਕਰਦੀ ਫਿਰਦੀ ਐ...! ਉਹਨੇ ਵਿਚਾਰੇ ਨੇ ਜਿੰਨਾਂ ਦਸੌਂਟਾ ਕੱਟਿਐ, ਮੈਂ ਕਹਿੰਨੈਂ ਕੋਈ ਹੋਰ ਹੁੰਦਾ, ਹੁਣ ਨੂੰ ਪਾਗਲ ਹੋ ਜਾਂਦਾ...! ਇਹ ਤਾਂ ਬਿੱਲੂ ਈ ਸੀ, ਜਿਹੜਾ ਜਰੀ ਗਿਆ...!"

-"ਕੀ, ਗੱਲ ਅਸਲ 'ਚ ਕੀ ਹੋਈ-ਇਹ ਤਾਂ ਦੱਸੋ...?"

-"ਉਏ ਬਿੱਲੂ ਪਹਿਲਾਂ ਕੇਟਰਿੰਗ 'ਚ ਕੰਮ ਕਰਦਾ ਹੁੰਦਾ ਸੀ, ਸਕਿਊਰਿਟੀ 'ਚ ਤਾਂ ਉਹ ਹੁਣੇਂ ਈ ਆਇਐ...! ਤਿੰਨ ਕੁ ਮਹੀਨੇ ਹੋਏ ਐ ਅਜੇ ਸਾਡੇ ਨਾਲ਼ ਸਕਿਊਰਿਟੀ 'ਚ ਆਏ ਨੂੰ!"

ਰਮਣੀਕ ਨੇ ਬਿੱਲੂ ਦੀ ਸਾਰੀ ਦਰਦ ਕਹਾਣੀ ਹਨੀ ਨੂੰ ਦੱਸਣੀ ਸ਼ੁਰੂ ਕੀਤੀ...........!

........ਸੜਦੀ ਬਲ਼ਦੀ ਦਵਿੰਦਰ ਹਰਜੋਤ ਦੇ ਘਰ ਪਹੁੰਚੀ। ਕਰੋਧ ਵਿਚ ਉਹ ਝੁਲ਼ਸੀ ਪਈ ਸੀ। ਉਸ ਨੇ ਜਾਣ ਸਾਰ ਹਰਜੋਤ ਨੂੰ ਗਾਲ਼ਾਂ ਦੀ ਛੂਟ ਵੱਟ ਲਈ।

-"ਨ੍ਹੀ ਲੁੱਚੀਏ, ਕੰਜਰੀਏ...! ਤੈਨੂੰ ਵਿਆਹਿਆ ਵਰਿਆ, ਜੁਆਕਾਂ ਜੱਲਿਆਂ ਆਲਾ ਮੇਰਾ ਬੰਦਾ ਈ ਲੱਭਿਆ...? ਕਿਤੇ ਹੋਰ ਨ੍ਹੀ ਸੀ ਖੇਹ ਖਾਧੀ ਜਾਂਦੀ ਹਰਾਮਜ਼ਾਦੀਏ...? ਕਿੰਨੇ ਐਥੇ ਛੜੇ ਛਟਾਂਕ ਧੱਕੇ ਖਾਂਦੇ ਫਿਰਦੇ ਐ...?" ਦਵਿੰਦਰ, ਜੋਤ ਨੂੰ ਵੱਢ-ਵੱਢ ਪੈਂਦੀ ਸੀ।

-"......।" ਜੋਤ ਬਿੱਲੂ ਦੇ ਇਸ਼ਾਰੇ 'ਤੇ ਚੁੱਪ ਹੀ ਰਹੀ। ਦਵਿੰਦਰ ਵੱਲੋਂ ਕੀਤੀ ਬੇਇੱਜ਼ਤੀ ਨੂੰ ਉਹ ਪਾਣੀ ਦੀ ਘੁੱਟ ਵਾਂਗ ਪੀ ਗਈ। ਮੁੱਖੋਂ ਇਕ ਭੈੜਾ ਸ਼ਬਦ ਵੀ ਨਾ ਉਚਾਰਿਆ। ਹਰਜੋਤ ਵੈਸੇ ਵੀ ਲੜਾਈ ਝਗੜੇ ਤੋਂ ਦੂਰ ਰਹਿਣ ਵਾਲ਼ੀ ਕੁੜੀ ਸੀ। ਕਦੇ ਕਿਸੇ ਨਾਲ਼ ਛੇਤੀ ਕੀਤੇ ਉਚੀ ਨਹੀਂ ਬੋਲਦੀ ਸੀ। ਸ਼ਾਂਤਮਈ ਸੁਭਾਅ ਦੀ ਕੁੜੀ। ਉਸ ਦੇ ਘਰਦੇ ਅਤੇ ਦੋਸਤ-ਮਿੱਤਰ ਉਸ ਨੂੰ ਸਿਰਫ਼ 'ਜੋਤ' ਆਖ ਕੇ ਬੁਲਾਉਂਦੇ ਸਨ।

-"ਜੇ ਮੇਰੇ ਘਰਆਲ਼ਾ ਗੰਦ, ਗੁੰਡੈ..? ਤੂੰ ਤਾਂ ਰੰਡੀਏ ਕੁਛ ਸੋਚ ਕਰਦੀ ਬਈ ਇਹ ਵਿਆਹਿਆ ਵਰਿਆ, ਜੁਆਕਾਂ ਜੱਲਿਆਂ ਆਲ਼ਾ ਕਬੀਲਦਾਰ ਐ...? ਜੁਆਕ ਇਹਦੇ ਬਰਾਬਰ ਦੇ ਹੋਏ ਪਏ ਐ..! ਜੇ ਇਹਨੂੰ ਕੰਜਰ ਨੂੰ ਨਹੀਂ ਸ਼ਰਮ, ਤਾਂ ਤੂੰ ਤਾਂ ਆਬਦਾ ਢਿੱਡ ਨੰਗਾ ਕਰਨੋਂ ਕੁਛ ਤਾਂ ਹਜਾ ਕਰਦੀ...!" ਦਵਿੰਦਰ ਉੱਬਲ਼-ਉੱਬਲ਼ ਪੈਂਦੀ ਸੀ।

-"ਦਵਿੰਦਰ ਭੈਣ ਬਣਕੇ ਮੂੰਹ ਬੰਦ ਕਰਲਾ..! ਮੈਂ ਤੇਰੇ ਘਰਆਲ਼ੇ ਨੂੰ ਕੋਈ ਮੇਹੜ ਪਾ ਕੇ ਨ੍ਹੀ ਸੀ ਲਿਆਉਂਦੀ..? ਜਦੋਂ ਇਹ ਤੇਰੇ ਘਰੋਂ ਆਉਂਦਾ ਸੀ, ਉਦੋਂ ਸੋਚ ਕਰਦੀ...? ਹੁਣ ਕਲਪਣ ਦਾ ਕੀ ਫ਼ਾਇਦਾ...? ਭੈਣ ਬਣਕੇ ਹੁਣ ਕਲੇਸ਼ ਨਾ ਕਰ, ਹੁਣ ਪਾਣੀ ਪੁਲ਼ਾਂ ਤੋਂ ਬਹੁਤ ਦੂਰ ਜਾ ਚੁੱਕਿਐ..! ਹੁਣ ਨਾ ਬਾਧੂ ਹਵਾ ਨੂੰ ਤਲਵਾਰਾਂ ਮਾਰ, ਹਾੜ੍ਹੇ ਮੇਰੀ ਭੈਣ ਬਣਕੇ...!" ਜੋਤ ਨੇ ਬੜੇ ਪਿਆਰ ਸਤਿਕਾਰ ਨਾਲ

ਦਵਿੰਦਰ ਨੂੰ ਸਮਝਾਉਣਾ ਚਾਹਿਆ। ਪਰ ਦਵਿੰਦਰ ਹੋਰ ਭੜ੍ਹਕ ਪਈ।

-"ਇਹ ਕੰਜਰ ਤਾਂ ਸ਼ਰਾਬੀ ਕਬਾਬੀ, ਤੀਮੀਆਂ ਦਾ ਠਰਕੀ ਐ..! ਤੂੰ ਤਾਂ ਕੋਈ ਸੋਚ ਕਰਨੀ ਸੀ...?"

-"......।" ਜੋਤ ਨੇ ਫਿਰ ਵੀ ਸਿਆਣਪ ਦੀ ਚੁੱਪ ਧਾਰੀ ਰੱਖੀ।

-"ਚੁੱਪ ਕਿਉਂ ਕਰਗੀ...? ਹੁਣ ਬੋਲਦੀ ਕਿਉਂ ਨ੍ਹੀ...? ਮੇਰਾ ਘਰ ਪੱਟ ਕੇ ਹੁਣ ਖ਼ੁਸ਼ ਐਂ ਕੁੱਤੀਏ...?" ਦਵਿੰਦਰ ਨੇ ਮੂੰਹ 'ਚੋਂ ਕਰੋਧ ਦੀ ਝੱਗ ਸੁੱਟੀ ਤਾਂ ਜੋਤ ਨੂੰ ਵੀ ਗੁੱਸਾ ਆ ਗਿਆ। ਉਹ ਵੀ ਅਕਸਰ ਹੱਡ ਮਾਸ ਦੀ ਬਣੀ ਹੋਈ ਸੀ। ਕੋਈ ਬ੍ਰਹਮ-ਗਿਆਨੀ ਨਹੀਂ ਸੀ ਕਿ ਗੁੱਸਾ ਹੀ ਨਾ ਆਉਂਦਾ...?

-"ਦਵਿੰਦਰ...! ਮੂੰਹ ਸੰਭਾਲ ਕੇ ਗੱਲ ਕਰ...!" ਜੋਤ ਨੇ ਉਸ ਨੂੰ ਵਰਜਿਆ।

-"ਮੇਰਾ ਘਰ ਪੱਟਿਆ ਗਿਆ, ਮੈਂ ਮੂੰਹ ਕਿਵੇਂ ਸੰਭਾਲਾਂ...? ਇਹ ਕੁੱਤਾ ਤਾਂ ਦਸ ਪੜ੍ਹਿਆ ਅਨਪੜ੍ਹ ਗਵਾਰ ਸੀ, ਤੂੰ ਤਾਂ ਪੜ੍ਹੀ ਲਿਖੀ ਗਰੈਜੂਏਟ ਐਂ...? ਤੂੰ ਤਾਂ ਕੁਛ ਸੋਚ ਕਰਦੀ...? ਪਰ ਤੂੰ ਸੋਚ ਕੀ ਕਰਨੀ ਸੀ..? ਤੈਨੂੰ ਤਾਂ ਕੰਜਰੀਏ ਆਬਦੀ ਅੱਗ ਲੱਗੀ ਵੀ ਸੀ...!" ਜਦ ਦਵਿੰਦਰ ਨੇ ਧਰਤੀ 'ਤੇ ਨਾ ਹੀ ਪੈਰ ਲਾਏ ਤਾਂ ਜੋਤ ਵੀ ਭੜ੍ਹਕ ਪਈ। ਅਕਸਰ ਉਹ ਵੀ ਆਦਮ ਜ਼ਾਤ ਸੀ।

-"ਦਵਿੰਦਰ...! ਅੱਜ ਤੈਨੂੰ ਘਰਆਲ਼ਾ ਯਾਦ ਆ ਗਿਆ...? ਤੂੰ ਉਦੋਂ ਕਿੱਥੇ ਗਈ ਸੀ...? ਜਦੋਂ ਤੇਰਾ ਖ਼ਸਮ ਘਰੋਂ ਭੱਜ-ਭੱਜ ਕੇ ਆਉਂਦਾ ਸੀ...? ਪੁੱਛਿਆ ਸੀ ਕੋਈ ਕਾਰਨ ਇਹਨੂੰ...? ਕਦੇ ਪੁੱਛਿਆ ਸੀ ਬਈ ਇਹ ਰਾਤਾਂ ਨੂੰ ਕਿੱਥੇ ਭਟਕਦਾ ਫਿਰਦੈ...? ਜਿਹੜਾ ਮਾਹੌਲ ਉਹ ਘਰ 'ਚ ਭਾਲਦਾ ਸੀ, ਸਿਰਜਿਆ ਸੀ ਉਹ ਮਾਹੌਲ ਕਦੇ ਘਰ ਵਿਚ...? ਕੁੱਲੀ ਗੁੱਲੀ ਤੇ ਜੁੱਲੀ ਦੇ ਨਾਲ਼ ਨਾਲ਼ ਬੰਦੇ ਨੂੰ ਸਰੀਰਕ ਤ੍ਰਿਪਤੀ ਵੀ ਚਾਹੀਦੀ ਐ..! ਚਾਹੀਦੀ ਐ ਨ੍ਹਾਂ...? ਜੇ ਘਰੋਂ ਇਹਨੂੰ ਸਰੀਰਕ ਤ੍ਰਿਪਤੀ ਮਿਲਦੀ ਹੁੰਦੀ, ਤਾਂ ਇਹ ਬਾਹਰ ਕਿਉਂ ਧੱਕੇ ਖਾਂਦਾ...? ਸੋਚਿਆ ਸੀ ਕਦੇ ਇਹ ਕੁਛ...? ਇਲਜ਼ਾਮ ਲਾਉਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰ ਕੇ ਤਾਂ ਦੇਖ...! ਆਬਦੀ ਪੀੜ੍ਹੀ ਹੇਠ ਤਾਂ ਸੋਟੀ ਫੇਰ...! ਵਸਦਾ ਰਸਦਾ ਘਰ ਬਾਰ ਛੱਡ ਕੇ ਕਿਸੇ ਨੂੰ ਬਾਹਰ ਧੱਕੇ ਖਾਣ ਦਾ ਕੋਈ ਚਾਅ ਨਹੀਂ ਹੁੰਦਾ ਦਵਿੰਦਰ ਭੈਣੇ...! ਤੇਰੇ ਤਾਂ ਅਛਨੇ ਪਛਨੇ ਲੋਟ ਨ੍ਹੀ ਸੀ ਆਉਂਦੇ...! ਕਰਿਆ ਸੀ ਕਦੇ ਆਬਦੇ ਬੰਦੇ ਦਾ ਖਿਆਲ...? ਪੁੱਛੀ ਸੀ ਕਦੇ ਇਹਦੀ ਬਾਤ...? ਪੈਸਾ ਖੋਟਾ ਆਪਣਾਂ ਤੇ ਬਾਣੀਏਂ ਨੂੰ ਕੀ ਦੋਸ਼...? ਹੁਣ ਮੈਨੂੰ ਤੇ ਆਬਦੇ ਬੰਦੇ ਨੂੰ ਦੋਸ਼ ਦੇਈ ਜਾਨੀ ਐਂ...?"

-"......!" ਜੋਤ ਦੀਆਂ ਦਲੀਲਾਂ ਨਾਲ਼ ਦਵਿੰਦਰ ਦਾ ਮੂੰਹ ਤਖ਼ਤੇ ਦੀ ਝੀਥ ਵਾਂਗ ਬੰਦ ਹੋ ਗਿਆ। ਜੋਤ ਨੇ ਥੋਬਾ ਹੀ ਤਾਂ ਲਾ ਦਿੱਤਾ ਸੀ। ਦੋਸ਼ ਉਸ ਦਾ ਸਰਾਸਰ ਆਪਣਾ ਸੀ। ਦੂਜਿਆਂ ਨੂੰ ਦੋਸ਼ ਦੇਣ ਦੀ ਕੀ ਜ਼ਰੂਰਤ ਸੀ...? ਇਲਜ਼ਾਮ ਲਾਉਣ ਦਾ ਕੀ ਲਾਭ ਸੀ...?

-"ਭੈਣ ਮੇਰੀਏ...! ਦੂਜਿਆਂ 'ਤੇ ਦੂਸ਼ਣ ਲਾਉਣ ਤੋਂ ਪਹਿਲਾਂ ਆਪਣੇ ਗਿਰੀਵਾਨ ਵਿਚ ਨਜ਼ਰ ਮਾਰੀਏ...! ਐਮੇ ਬਾਧੂ ਨੀ ਕਿਸੇ ਨੂੰ ਬੱਦੂ ਕਰੀਦਾ ਹੁੰਦਾ-।"

-"ਤੂੰ ਦੱਸ ਲੈ ਗੰਦਾ...? ਤੂੰ ਹੁਣ ਘਰੇ ਆਉਣੈਂ ਕਿ ਨਹੀਂ...?" ਉਹ ਜੋਤ ਵੱਲੋਂ ਹਟ ਕੇ ਬਿੱਲੂ ਨੂੰ ਸਿੱਧੀ ਹੋ ਗਈ। ਉਸ ਦੀ ਬਿੱਲੂ ਵੱਲ ਤੀਰ ਵਾਂਗ ਸਿੱਧੀ ਕੀਤੀ ਉਂਗਲ਼ ਕਰੋਧ ਨਾਲ਼ ਕੰਬੀ ਜਾ ਰਹੀ ਸੀ।

-"ਆਹ ਇਹਨੂੰ ਘਰੇ ਲਿਜਾਣ ਦੇ ਲੱਛਣ ਐਂ..?" ਜੋਤ ਨੇ ਆਖਿਆ, "ਐਹੋ ਜਿਹਾ ਸਤਿਕਾਰ ਤੂੰ ਇਹਨੂੰ ਘਰੇ ਦਿੰਦੀ ਹੋਵੇਂਗੀ...? ਘਰੇ ਇਹੇ ਸੁਆਹ ਰਹੂ...? ਐਥੋਂ ਪਤਾ ਲੱਗਦੈ ਦਵਿੰਦਰ ਬਈ ਤੂੰ ਬਹੁਤ ਪੜ੍ਹੀ ਲਿਖੀ ਐਂ, ਤੇ ਤੈਨੂੰ ਆਬਦੇ ਬੰਦੇ ਦਾ ਬੜਾ ਆਦਰ ਕਰਨਾ ਆਉਂਦੈ-।" ਘੁੱਗੂ ਜਿਹੇ ਹੋਏ ਬੈਠੇ ਬਿੱਲੂ ਦੀ ਥਾਂ ਜੋਤ ਨੇ ਹੀ ਉੱਤਰ ਮੋੜਿਆ।

ਬਿੱਲੂ ਅਜੇ ਵੀ ਨਹੀਂ ਬੋਲਿਆ ਸੀ।

-"ਜਿਹੜੇ ਚਾਰ ਜੁਆਕ ਜੰਮ ਕੇ ਸਿੱਟਤੇ, ਉਹਨਾਂ ਨੂੰ ਤੇਰਾ ਪਿਉ ਸਾਂਭੂ ਆ ਕੇ...?" ਉਸ ਨੇ ਨਵੀਂ ਅਕਾਸ਼ਬਾਣੀ ਕੀਤੀ।

-"ਜਿਹਨਾਂ ਦੀਆਂ ਸਾਰੀ ਦਿਹਾੜੀ ਲਾਲ਼ਾਂ ਚੱਟਦੀ ਫਿਰਦੀ ਐਂ, ਉਹੀ ਸਾਂਭਣਗੇ ਇਹਨਾਂ ਨੂੰ ਆ

ਕੇ...! ਮੇਰਾ ਪਿਓ ਕਿਉਂ ਸਾਂਭੂ...? ਪੁੱਛਿਐ ਕਦੇ ਮੇਰੇ ਪਿਓ ਦਾ ਹਾਲ ਤੁਸੀਂ...? ਬਈ ਹੈਗੈ ਕਿ ਮਰ ਗਿਆ...? ਮੇਰੇ ਪਿਓ ਨੂੰ ਕੀ ਚੱਟੀ ਪਈ ਐ ਬਈ ਇਹਨਾਂ ਨੂੰ ਸਾਂਭੂ...? ਗੱਲ ਸਾਰੀ ਇਹ ਥੋਡੇ ਪ੍ਰੀਵਾਰ ਦੀ ਮੰਨਣ, ਤੇ ਸਾਂਭੇ ਮੇਰਾ ਪਿਓ, ਕਿੱਥੇ ਲਿਖਿਐ ਇਹੇ...?" ਬਿੱਲੂ ਨੇ ਵੀ ਆਪਣੇ ਮਨ ਦੀ ਭੜ੍ਹਾਸ ਕੱਢ ਲਈ। ਸੱਚੀਆਂ ਸੁਣ ਕੇ ਠਰੀ ਦਵਿੰਦਰ, ਜੋਤ ਨੂੰ ਹੀ ਸੰਬੋਧਨ ਹੋਈ।

-"ਇਹ ਘਰੇ ਕਿਵੇਂ ਆਊ...? ਤੇਰੀ ਬੁੱਕਲ 'ਚੋਂ ਨਿੱਕਲੂ, ਤਾਂ ਹੀ ਘਰੇ ਆਊ...? ਤੂੰ ਈ ਇਹਨੂੰ ਸਿਖਾਉਨੀਂ ਐਂ...!" ਉੱਭੜ੍ਹਵਾਹੇ ਉਸ ਨੇ ਨਵਾਂ ਵਾਰ ਕੀਤਾ।

-"ਜੇ ਤੂੰ ਐਡੀ ਦਿਮਾਗਦਾਰ ਸੀ, ਤੂੰ ਇਹਨੂੰ ਆਪਣੀ ਬੁੱਕਲ 'ਚੋਂ ਨਿਕਲਣ ਈ ਕਾਹਤੋਂ ਦਿੱਤਾ...? ਕਿਹੜਾ ਬੰਦਾ ਐਡਾ ਕਮਲਾ ਹੋਊ, ਜਿਹੜਾ ਆਬਦਾ ਭਰਿਆ ਭਰਾਇਆ ਘਰ ਛੱਡ ਕੇ ਕਿਤੇ ਹੋਰ ਵਸੂ...? ਕਿਹੜਾ ਬੰਦੈ, ਜਿਹੜਾ ਆਬਦੀ ਤੀਮੀਂ ਛੱਡ ਕੇ ਦੂਜੀ ਕੋਲੇ ਜਾਊ...? ਇਹਦਾ ਕਾਰਨ ਲੱਭਣ ਦੀ ਤੂੰ ਕਦੇ ਕੋਸ਼ਿਸ਼ ਨ੍ਹੀ ਕੀਤੀ..? ਮੇਰੇ 'ਤੇ ਆ ਕੇ ਬੜੀ ਸ਼ੇਰ ਬਣਦੀ ਐਂ...? ਪਹਿਲਾਂ ਸਿਆਪੇ ਦੀ ਜੜ੍ਹ ਲੱਭੀਏ, ਫੇਰ ਉਹਨੂੰ ਸੁਲਝਾਉਣ ਦੀ ਸਕੀਮ ਸੋਚੀਏ...! ਧੌਂਸਾਂ ਨਾਲ ਬੰਦੇ ਘਰੀਂ ਨ੍ਹੀ ਵਸਦੇ ਹੁੰਦੇ...! ਹਰ ਬੰਦੇ ਨੂੰ ਆਤਮਿਕ ਤੇ ਸਰੀਰਕ ਸੰਤੁਸ਼ਟੀ ਦੀ ਲੋੜ ਹੁੰਦੀ ਐ...! ਸੰਭਿਆ ਤੈਥੋਂ ਤੇਰਾ ਬੰਦਾ ਆਪ ਤੋਂ ਨ੍ਹੀ, ਦੋਸ਼ ਹੁਣ ਤੂੰ ਦੂਜਿਆਂ 'ਤੇ ਮੜ੍ਹਦੀ ਐਂ..? ਤੇਰੇ ਐਸ ਰੰਘੜ੍ਹਊ ਨਾਲ ਤਾਂ ਇਹ ਘਰੇ ਆਉਣੋਂ ਰਿਹਾ...!" ਜੋਤ ਨੇ ਸਿਰੇ ਦੀ ਹੀ ਸੁਣਾਂ ਦਿੱਤੀ। ਉਹ ਅੱਜ ਸੌ ਹੱਥ ਰੱਸੇ ਦੇ ਸਿਰੇ 'ਤੇ ਗੰਢ ਨਹੀਂ ਰੱਖਣਾਂ ਚਾਹੁੰਦੀ ਸੀ। ਉਸ ਨੇ ਭੌਣ ਤੋਂ ਹੀ ਲਾਹ ਧਰੀ।

-"ਹੁਣ ਤੂੰ ਜਮਾਂ ਈ ਨੀ ਘਰੇ ਆਉਣਾਂ...?" ਉਹ ਬਿੱਲੂ ਵੱਲ ਨੂੰ ਝਈ ਲੈ ਕੇ ਆਈ। ਉਸ ਦੀਆਂ ਬੱਗੀਆਂ ਅੱਖਾਂ 'ਚੋਂ ਬਿੱਲੂ ਨੂੰ ਕਿਸੇ ਚੰਡਾਲਣੀਂ ਦਾ ਭੈਅ ਆਇਆ ਸੀ। ਉਹ ਕਚੀਲ੍ਹ ਵਾਂਗ ਬਿੱਲੂ ਦੇ ਸਾਹਮਣੇ ਢਾਕਾਂ 'ਤੇ ਹੱਥ ਰੱਖੀ ਖੜ੍ਹੀ ਸੀ। ਕੁੰਡਲ਼ ਬਣਾਏ ਵਾਲ਼ ਬਿੱਲੂ ਨੂੰ ਸਪੋਲ਼ੀਆਂ ਦਾ ਭੁਲੇਖਾ ਪਾ ਰਹੇ ਸਨ।

-"ਨਹੀਂ ਬੱਸ, ਮੈਂ ਨ੍ਹੀ ਘਰੇ ਆਉਣਾ...! ਕੰਮ ਖ਼ਤਮ...!" ਬਿੱਲੂ ਨੇ ਹਵਾ ਵਿਚ ਹੱਥ ਹਿਲਾ ਕੇ ਇਕ ਹੀ ਉੱਤਰ ਮੋੜਿਆ। ਬਹੁਤਾ ਬੋਲਣਾ ਉਸ ਨੇ ਮੁਨਾਸਿਬ ਹੀ ਨਾ ਸਮਝਿਆ। ਉਹ ਬੜਾ ਬੋਲ-ਬੋਲ ਦੇਖ ਚੁੱਕਿਆ ਸੀ। ਕੱਟੇ ਅੱਗੇ ਵੰਝਲੀ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਹੋਇਆ ਸੀ। ਉਸ ਨੇ ਤਾਂ ਮੋਕ ਨਾਲ਼ ਲਿੱਬੜੀ ਪੂਛ ਘੁੰਮਾ ਕੇ ਮੂੰਹ 'ਤੇ ਹੀ ਮਾਰਨੀ ਸੀ। ਉਸ ਨੂੰ ਮਿੱਠੀਆਂ ਸੁਰਾਂ ਦਾ ਕੀ ਗਿਆਨ..?

......ਬਿੱਲੂ ਦੀ ਸ਼ਾਦੀ ਹੋਈ ਨੂੰ ਤਕਰੀਬਨ ਵੀਹ ਸਾਲ ਹੋ ਗਏ ਸਨ। ਬੜਾ ਪਿਆਰ ਸੀ ਬਿੱਲੂ ਅਤੇ ਦਵਿੰਦਰ ਵਿਚ! ਉਹ ਇਕ ਦੂਜੇ ਨੂੰ ਦੇਖ-ਦੇਖ ਕੇ ਜਿਉਂਦੇ ਸਨ। ਇਕ ਦੂਜੇ ਦੇ ਸਾਹਾਂ ਵਿਚ ਸਾਹ ਲੈਂਦੇ ਸਨ। ਦਵਿੰਦਰ ਬਿੱਲੂ ਤੋਂ ਪੂਰੇ ਦਸ ਸਾਲ ਵੱਡੀ ਸੀ। ਪਰ ਫਿਰ ਵੀ ਉਹਨਾਂ ਦੀਆਂ ਪ੍ਰੇਮ-ਭਾਵਨਾਵਾਂ ਵਿਚ ਕੋਈ ਫ਼ਰਕ ਨਹੀਂ ਆਇਆ ਸੀ। ਉਹ ਦੋਨੋਂ ਬੜੀ ਸੰਤੁਸ਼ਟ ਜ਼ਿੰਦਗੀ ਬਸਰ ਕਰ ਰਹੇ ਸਨ। ਦੋਵੇਂ ਏਕਿ ਜੋਤਿ ਦੋਇ ਮੂਰਤਿ ਹੀ ਤਾਂ ਸਨ। ਬਿੱਲੂ ਦੇ ਯਾਰਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਬਿੱਲੂ ਦੀ ਘਰਵਾਲੀ ਦਵਿੰਦਰ 'ਤੇ ਬੜੇ ਨੱਕ-ਬੁੱਲ੍ਹ ਕੱਢੇ, ਤਾਹਨੇ ਮਾਰੇ, ਕਾਲ਼ੀ-ਕਲੂਟੀ ਅਤੇ ਬੁੱਢੀ ਦੱਸਿਆ..। ਪਰ ਬਿੱਲੂ ਆਪਣੀ ਦਵਿੰਦਰ ਵਿਚ ਹੀ ਮਸਤ ਸੀ। ਸੁਗੰਧੀ ਵਿਚ ਖਿੜੇ ਇਕ ਫੁੱਲ ਵਾਂਗ ਮਦਹੋਸ਼! ਉਸ ਨੂੰ ਕਿਸੇ ਦੀ ਪ੍ਰਵਾਹ ਹੀ ਨਹੀਂ ਸੀ। ਉਸ ਦੇ ਦਿਲ ਵਿਚ ਆਪਣੀ ਹੀ ਇਕ ਨਿੱਕੀ ਜਿਹੀ ਦੁਨੀਆਂ ਵਸਾਈ ਹੋਈ ਸੀ। ਇਕ ਅਨੋਖੀ ਅਤੇ ਆਨੰਦਮਈ ਦੁਨੀਆਂ!

ਬਿੱਲੂ ਅੱਸੀਵਿਆਂ ਦੇ ਸ਼ੁਰੂ ਵਿਚ ਇੰਗਲੈਂਡ ਆਇਆ ਸੀ। ਤਿੰਨ ਕੁ ਸਾਲਾਂ ਬਾਅਦ ਉਹ ਭਾਰਤ ਗਿਆ ਤਾਂ ਦਵਿੰਦਰ ਨੂੰ ਪਸੰਦ ਕਰ ਆਇਆ। ਰਿਸ਼ਤੇ ਉਸ ਨੂੰ ਹੋਰ ਵੀ ਬਥੇਰੇ ਆਉਂਦੇ ਸਨ। ਪਰ ਦਵਿੰਦਰ ਨੂੰ ਦੇਖ ਕੇ ਬਿੱਲੂ ਦਾ ਦਿਲ ਉਸ 'ਤੇ ਹੀ ਆ ਕੇ ਰੁਕ ਗਿਆ। ਦਵਿੰਦਰ ਰੰਗ ਦੀ ਥੋੜ੍ਹੀ ਪੱਕੀ ਸੀ। ਉਮਰ ਪੱਖੋਂ ਵੀ ਦਸ ਸਾਲ ਵੱਡੀ। ਪਰ ਬਿੱਲੂ ਨੂੰ ਇਸ ਸਭ ਕਾਸੇ ਦੀ ਕੋਈ ਪ੍ਰਵਾਹ ਹੀ ਨਹੀਂ ਸੀ। ਬਿੱਲੂ ਭੈਣਾਂ 'ਚੋਂ ਸਭ ਤੋਂ ਛੋਟਾ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਰਿਸ਼ਤੇਦਾਰਾਂ, ਯਾਰਾਂ-ਮਿੱਤਰਾਂ ਅਤੇ ਗੁਆਂਢ ਵਿਚੋਂ ਭਰਜਾਈਆਂ ਨੇ ਉਸ ਨੂੰ ਬੜੀਆਂ ਕੁੜੀਆਂ ਦੇ ਰਿਸ਼ਤੇ ਲਿਆਂਦੇ। ਵੱਡੇ ਅਮੀਰ ਘਰਾਂ ਦੇ

ਖ਼ਾਨਦਾਨੀ ਰਿਸ਼ਤੇ ਵੀ ਆਏ। ਪਰ ਬਿੱਲੂ ਨੇ ਸਾਰਿਆਂ ਨੂੰ ਅੱਖੋਂ-ਪਰੋਖੇ ਕਰ ਕੇ ਦਵਿੰਦਰ ਨੂੰ ਚੁਣ ਲਿਆ ਅਤੇ ਇੰਗਲੈਂਡ ਪਰਤ ਆਇਆ। ਸਾਲ ਕੁ ਬਾਅਦ ਬਿੱਲੂ ਫਿਰ ਭਾਰਤ ਆਇਆ ਤਾਂ ਉਸ ਨੇ ਸਾਰੇ ਯਾਰਾਂ-ਮਿੱਤਰਾਂ, ਰਿਸ਼ਤੇਦਾਰਾਂ ਅਤੇ ਭਰਜਾਈਆਂ ਨੂੰ ਠੁਕਰਾ ਕੇ ਦਵਿੰਦਰ ਨਾਲ ਕੋਰਟ-ਮੈਰਿਜ ਕਰ ਲਈ। ਰਿਸ਼ਤੇਦਾਰ, ਯਾਰ-ਮਿੱਤਰ ਅਤੇ ਭਰਜਾਈਆਂ ਨਿਰਾਸ਼ ਸਨ, ਨਰਾਜ਼ ਸਨ। ਉਹ ਦਵਿੰਦਰ ਵਿਚ ਨੁਕਸ ਅਤੇ ਨਿਘੋਚਾਂ ਕੱਢਦੀਆਂ ਰਹਿੰਦੀਆਂ, ਇਹ ਕਾਲੀ ਮੱਝ ਐ, ਇਹ ਸੁੱਤੀ ਪਈ ਨ੍ਹੀ ਉਠਦੀ, ਇਹ ਦਲਿੱਦਰ ਦੀ ਨਾਨੀ ਐਂ, ਇਹਨੂੰ ਘਰ ਦਾ ਕੋਈ ਕੰਮ ਨ੍ਹੀ ਆਉਂਦਾ, ਇਹ ਬੇਅਕਲ ਐ...। ਪਰ ਬਿੱਲੂ 'ਤੇ ਇਹਨਾਂ ਨਿਘੋਚਾਂ ਦਾ ਕੋਈ ਅਸਰ ਨਾ ਹੋਇਆ ਅਤੇ ਵਾਪਿਸ ਇੰਗਲੈਂਡ ਆ ਗਿਆ। ਆਉਣਸਾਰ ਉਸ ਨੇ ਦਵਿੰਦਰ ਦੀ ਰਾਹਦਾਰੀ ਦੇ ਪੇਪਰ ਤਿਆਰ ਕੀਤੇ ਅਤੇ ਭਾਰਤ ਭੇਜ ਦਿੱਤੇ। ਦਵਿੰਦਰ ਦਾ ਵੀਜ਼ਾ ਸੌਖਾ ਹੀ ਲੱਗ ਗਿਆ। ਉਹ ਇੰਗਲੈਂਡ ਆ ਗਈ। ਨਵੀਂ ਦੁਨੀਆਂ ਅਤੇ ਨਵੇਂ ਚਿਹਰੇ। ਜ਼ਿੰਦਗੀ ਜਿਉਣ ਦੇ ਵੱਖਰੇ ਹੀ ਢੰਗ ਅਤੇ ਚਤਰ ਜਗਤ ਵਿਚ ਵਿਚਰਨ ਦੇ ਅਨੋਖੇ ਤਰੀਕੇ! ਹਰ ਮੋੜ 'ਤੇ ਫੂਕ ਫੂਕ ਕੇ ਪੈਰ ਧਰਨ ਵਾਲੀ ਸੁਚੇਤ ਅਤੇ ਮਤਲਬੀ ਦੁਨੀਆਂ!

ਚਾਹੇ ਬਿੱਲੂ ਆਰਥਿਕ ਪੱਖੋਂ ਤੰਗ ਹੀ ਸੀ। ਪਰ ਉਹ ਦਵਿੰਦਰ ਨਾਲ ਪਰਚਿਆ ਹੋਇਆ ਸੀ। ਦਵਿੰਦਰ ਨੂੰ ਵੀ ਪੈਸੇ ਦੀ ਕੋਈ ਬਹੁਤੀ ਚਾਹਤ ਜਾਂ ਲੋਭ ਲਾਲਚ ਨਹੀਂ ਸੀ। ਉਹ ਆਪਣੇ ਬਿੱਲੂ ਨਾਲ ਖ਼ੁਸ਼ ਸੀ। ਦਿਨਾਂ ਜਾਂਦਿਆਂ ਨੂੰ ਕੀ ਲੱਗਦੈ...? ਤਿੰਨਾਂ ਸਾਲਾਂ ਵਿਚ ਦਵਿੰਦਰ ਦੇ ਤਿੰਨ ਕੁੜੀਆਂ ਹੋਈਆਂ। ਮੁੰਡੇ ਦੀ ਚਾਹਤ ਦੋਨਾਂ ਨੂੰ ਹੀ ਸੀ। ਉਹ ਗੁਰੂ ਦੇ ਦਰ-ਘਰ 'ਤੇ ਮੱਥੇ ਰਗੜਦੇ ਰਹੇ ਅਤੇ ਤਾਂ ਜਾ ਕੇ ਦੋ ਕੁ ਸਾਲਾਂ ਬਾਅਦ ਉਹਨਾਂ ਨੂੰ ਪੁੱਤਰ ਦੀ ਬਖ਼ਸ਼ਿਸ਼ ਹੋਈ। ਘਰ ਵਿਚ ਬੜੀ ਖ਼ੁਸ਼ੀ ਮਨਾਈ ਗਈ। ਗੁਰੂ ਦੇ ਸ਼ੁਕਰਾਨੇ ਵਜੋਂ ਆਖੰਡ ਪਾਠ ਪ੍ਰਕਾਸ਼ ਕਰਵਾਇਆ ਗਿਆ ਅਤੇ ਮੁੰਡੇ ਦੀ 'ਛਟੀ' ਕੀਤੀ ਗਈ। ਸਾਰਾ ਪ੍ਰੀਵਾਰ ਹੀ ਖ਼ੁਸ਼ ਸੀ। ਸਾਰੀਆਂ ਭੈਣਾਂ ਅਤੇ ਰਿਸ਼ਤੇਦਾਰਾਂ ਨੂੰ ਸਰਦਾ ਪੁੱਜਦਾ ਦਿੱਤਾ ਲਿਆ ਗਿਆ। ਬਿੱਲੂ ਦਾ ਬਾਪੂ ਤਾਂ ਅੱਜ ਬਹੁਤਾ ਹੀ ਖ਼ੁਸ਼ ਸੀ। ਉਹ ਵਾਰ-ਵਾਰ ਅਕਾਲ ਪੁਰਖ਼ ਦਾ ਸ਼ੁਕਰਾਨਾ ਕਰਦਾ, "ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ।।" ਦਾ ਉਚਾਰਨ ਕਰ ਰਿਹਾ ਸੀ।

ਖ਼ੈਰ! ਬੱਚੇ ਵੱਡੇ ਹੁੰਦੇ ਗਏ। ਦਿਨ ਬੀਤਦੇ ਗਏ। ਉਮਰ ਦੇ ਹਿਸਾਬ ਨਾਲ ਦਵਿੰਦਰ ਦਾ ਸਿਰ ਚਿੱਟਾ ਹੋ ਚੱਲਿਆ ਸੀ। ਕੋਈ ਕੋਈ ਧੌਲ਼ਾ ਬਿੱਲੂ ਦੇ ਸਿਰ ਵਿਚ ਵੀ ਫੁੱਟ ਪਿਆ ਸੀ। ਦਵਿੰਦਰ ਆਪਣੇ ਵਾਲ ਕਾਲੇ ਕਰ ਲੈਂਦੀ ਅਤੇ ਬਿੱਲੂ ਦਾਹੜੀ ਵਿਚੋਂ ਧੌਲ਼ੇ ਖਿੱਚਣ ਲੱਗ ਪਿਆ। ਕੁਝ ਸਾਲ ਬੀਤੇ। ਬਿੱਲੂ ਦਾ ਸਿਰ ਵੀ ਬੱਗੇ ਕੁੱਕੜ ਵਾਂਗ ਹੋ ਗਿਆ। ਉਸ ਨੇ ਵੀ ਦਾਹੜੀ ਅਤੇ ਵਾਲ ਰੰਗਣੇਂ ਸ਼ੁਰੂ ਕਰ ਦਿੱਤੇ। ਕਿਉਂਕਿ ਜੁਆਕ ਉਸ ਨੂੰ ਟਿਕਣ ਨਹੀਂ ਸਨ ਦਿੰਦੇ। ਜੁਆਕ ਆਖਦੇ ਸਨ, "ਪਾਪਾ ਜਦੋਂ ਵੀ ਤੁਸੀਂ ਸਾਡੇ ਸਕੂਲ ਆਵੋਂ ਤਾਂ ਦਾਹੜੀ ਅਤੇ ਵਾਲ਼ ਕਾਲ਼ੇ ਕਰ ਕੇ ਆਉਣੇ ਐਂ..! ਨਹੀਂ ਤਾਂ ਸਾਡੇ ਸਕੂਲ ਦੇ ਬੱਚੇ ਆਖਣਗੇ ਕਿ ਇਹਨਾਂ ਦਾ ਪਿਉ ਬੁੱਢੈ!"

ਖ਼ੈਰ...! ਕਸੂਰ ਇਸ ਗੱਲ ਵਿਚ ਕਿਸੇ ਦਾ ਵੀ ਨਹੀਂ ਸੀ ਕਿ ਕੌਣ ਵੱਡਾ ਅਤੇ ਕੌਣ ਛੋਟੀ ਉਮਰ ਦਾ ਸੀ। ਦਵਿੰਦਰ ਹੁਣ ਪੰਜਾਹ ਪੂਰੇ ਕਰ ਗਈ ਸੀ ਅਤੇ ਬਿੱਲੂ ਨੇ ਚਾਲੀਵੇਂ ਵਿਚ ਪੈਰ ਰੱਖ ਲਿਆ ਸੀ। ਪੰਜਾਹ ਸਾਲ ਦੀ ਔਰਤ ਅਤੇ ਚਾਰ ਬੱਚਿਆਂ ਦੀ ਮਾਂ...! ਉਸ ਦਾ ਬਿੱਲੂ ਨਾਲ਼ ਹਮ-ਬਿਸਤਰੀ ਲਈ ਮਨ ਨਾ ਕਰਦਾ। ਵੱਸ ਕੋਈ ਦਵਿੰਦਰ ਦੇ ਵੀ ਨਹੀਂ ਸੀ। ਬੱਸ, ਉਮਰ ਦੇ ਤਕਾਜ਼ੇ ਨਾਲ਼ ਉਸ ਦੀ ਸਰੀਰਕ ਪੱਖੋਂ ਚਾਹਤ ਹੀ ਮਰ ਗਈ ਸੀ। ਹੁਣ ਉਹ ਜੁਆਨੀ ਵਾਲ਼ਾ ਖਾਲ਼ਾ ਟੱਪ ਕੇ ਬੁਢ਼ਾਪੇ ਵੱਲ ਨੂੰ ਹੋ ਤੁਰੀ ਸੀ। ਅੱਧੀ ਸਦੀ ਦਾ ਸਫ਼ਰ ਦਵਿੰਦਰ ਨੇ ਪੂਰਾ ਕਰ ਲਿਆ ਸੀ। ਜਦ ਕਿ ਚਾਲ਼ੀ ਸਾਲ ਦਾ ਬਿੱਲੂ ਨਿੱਤ ਉਸ ਨਾਲ ਸਰੀਰਕ ਸਬੰਧ ਬਣਾਉਣੇ ਚਾਹੁੰਦਾ ਸੀ। ਕਦੇ ਕਦੇ ਬਿੱਲੂ ਨੂੰ ਨੀਂਦ ਨਾ ਆਉਂਦੀ ਅਤੇ ਉਹ ਜ਼ਬਰਦਸਤੀ ਹੀ ਦਵਿੰਦਰ ਨੂੰ ਕਾਬੂ ਕਰ ਲੈਂਦਾ। ਇਹਨਾਂ ਹਰਕਤਾਂ ਤੋਂ ਅੱਕ ਕੇ ਦਵਿੰਦਰ ਨੇ ਅਲੱਗ ਇਕ ਵੱਖ ਕਮਰੇ ਵਿਚ ਸੌਣਾਂ ਸ਼ੁਰੂ ਕਰ ਦਿੱਤਾ ਤਾਂ ਬਿੱਲੂ ਖਿਝ ਗਿਆ। ਰਾਤ ਨੂੰ ਜਦ ਬਿੱਲੂ ਨੂੰ ਹਲ਼ਕ ਜਿਹਾ ਉਠਦਾ ਤਾਂ ਉਹ ਕਮਰੇ ਵਿਚ ਸੁੱਤੀ ਦਵਿੰਦਰ ਨੂੰ ਗੁੱਝੇ ਠੋਲ੍ਹੇ ਜਿਹੇ ਮਾਰਦਾ...। ਜਗਾਉਣ ਦੀ ਕੋਸ਼ਿਸ਼ ਕਰਦਾ...। ਪਰ ਦਵਿੰਦਰ ਪਤਾ ਨਹੀਂ ਜਾਣ ਬੁੱਝ ਕੇ ਜਾਂ ਅੱਧ ਸੁੱਤੀ ਹੀ "ਕੀ ਗੱਲ ਐ - ਕੀ ਗੱਲ ਐ..?" ਕਰ ਕੇ ਛੱਤ

ਸਿਰ 'ਤੇ ਚੁੱਕ ਲੈਂਦੀ ਅਤੇ ਬਿੱਲੂ ਬੱਚੇ ਜਾਗ ਜਾਣ ਦੇ ਡਰੋਂ ਛਿੱਥਾ ਜਿਹਾ ਪੈ ਕੇ ਆਪਣੇ ਬੈੱਡ 'ਤੇ ਆ ਪੈਂਦਾ ਅਤੇ ਸਾਰੀ ਸਾਰੀ ਰਾਤ ਪਲ਼ਸੇਟੇ ਮਾਰਦੇ ਦੀ ਲੰਘ ਜਾਂਦੀ। ਕਦੇ ਕਦੇ ਉਹ ਕਰੋਧ ਵਿਚ ਐਨਾ ਦਧਨ ਹੋ ਜਾਂਦਾ ਕਿ ਉਸ ਦਾ ਇਹ ਸਾਰਾ ਘਰ ਬਾਰ ਤਿਆਗ ਕੇ ਕਿਤੇ ਉਠ ਜਾਣ ਨੂੰ ਜੀਅ ਕਰਦਾ। ਪਰ ਬੱਚਿਆਂ ਦਾ ਖ਼ਿਆਲ ਕਰਕੇ ਉਹ ਫਿਰ ਦੜ ਵੱਟ ਜਾਂਦਾ। ਉਹ ਸੋਚਦਾ ਕਿ ਬੱਚੇ ਅਜੇ ਛੋਟੇ ਸਨ, ਰੁਲ਼ ਜਾਣਗੇ...! ਦਵਿੰਦਰ ਇਕੱਲੀ ਇਹਨਾਂ ਨੂੰ ਪਾਲ਼ ਨਹੀਂ ਸਕੇਗੀ। ਇਹ ਖ਼ਿਆਲ ਉਸ ਦੇ ਪੈਰਾਂ ਦੀਆਂ ਬੇੜੀਆਂ ਬਣ ਜਾਂਦਾ ਅਤੇ ਉਹ ਮਨ ਮਾਰ ਕੇ ਘਰ ਵਿਚ ਰਹਿਣ ਲਈ ਮਜ਼ਬੂਰ ਹੋ ਜਾਂਦਾ।

ਅਕਸਰ ਬਿੱਲੂ ਵੀ ਇਕ ਇਨਸਾਨ ਸੀ। ਹੱਡ-ਮਾਸ ਦਾ ਬੰਦਾ ਸੀ। ਅੰਨ ਖਾਂਦਾ ਸੀ। ਉਸ ਨੇ ਕਈ ਵਾਰ ਇਸ ਵਿਸ਼ੇ 'ਤੇ ਦਵਿੰਦਰ ਨਾਲ ਗੱਲ ਕੀਤੀ। ਪਰ ਦਵਿੰਦਰ ਨੇ ਕੰਨ ਮੁੱਢ ਮਾਰ ਛੱਡਿਆ। ਕੋਈ ਗ਼ੌਰ ਨਾ ਕੀਤੀ। ਜੇ ਬਿੱਲੂ ਜੁਆਕਾਂ ਦੇ ਸਕੂਲ ਜਾਣ ਤੋਂ ਬਾਅਦ ਕਲ਼ੇਸ਼ ਜਿਹਾ ਕਰਦਾ ਤਾਂ ਦਵਿੰਦਰ ਫ਼ਸੀ ਫ਼ਸਾਈ, ਮਜ਼ਬੂਰੀ ਮਾਰੀ ਦਿਨੇ ਇਕ ਅੱਧੀ ਵਾਰ ਉਸ ਦਾ ਫ਼ਾਹਾ ਜਿਹਾ ਵੱਢ ਦਿੰਦੀ। ਦੋ ਚਾਰ ਦਿਨ ਬਿੱਲੂ ਫਿਰ ਚੁੱਪ ਜਿਹਾ ਰਹਿੰਦਾ। ਜੇ ਉਹ ਕਦੀ ਦਵਿੰਦਰ ਨਾਲ਼ ਇਸ ਪ੍ਰਤੀ ਗੱਲ ਕਰਨੀ ਚਾਹੁੰਦਾ ਤਾਂ ਉਹ ਅੜਬ ਕਲਰਕ ਵਾਂਗ ਬੈਠੀ ਹੀ ਨਾਂਹ-ਪੱਖੀ ਹੱਥ ਹਿਲਾ ਦਿੰਦੀ...। ਜਦੋਂ ਦਵਿੰਦਰ ਬਿੱਲੂ ਦੀ ਗੱਲ 'ਤੇ ਕੰਨ ਹੀ ਧਰਨੋਂ ਹਟ ਗਈ ਤਾਂ ਬਿੱਲੂ ਨੇ ਆਪਣੇ ਘਰ ਦੇ ਮਾਹੌਲ ਤੋਂ ਉਚਾਟ ਹੋ ਕੇ 'ਬਾਹਰਲੀ' ਦੁਨੀਆਂ ਵਿਚ ਝਾਤੀ ਮਾਰਨੀ ਸ਼ੁਰੂ ਕਰ ਦਿੱਤੀ। ਲੋੜ ਹਮੇਸ਼ਾ ਕਾਢ ਦੀ ਮਾਂ ਰਹੀ ਹੈ। ਡੁੱਬਦੇ ਨੂੰ ਅਗਰ ਤਿਣਕੇ ਦਾ ਸਹਾਰਾ ਮਿਲ ਜਾਵੇ ਤਾਂ ਆਦਮੀ ਫਿਰ ਵੀ ਆਪਣੇ ਆਪ ਨੂੰ ਖ਼ੁਸ਼-ਕਿਸਮਤ ਸਮਝਦਾ ਹੈ।

ਬਿੱਲੂ ਨੇ ਆਪਣੇ ਨਾਲ਼ ਕੰਮ ਕਰਦੀਆਂ ਔਰਤਾਂ ਨਾਲ 'ਖੁੱਲ੍ਹਣਾਂ' ਸ਼ੁਰੂ ਕਰ ਦਿੱਤਾ। ਆਪਣੇ ਘਰ ਦੇ ਦੁੱਖੜੇ ਦੂਜਿਆਂ ਕੋਲ ਫ਼ਰੋਲਣੇਂ ਸ਼ੁਰੂ ਕਰ ਦਿੱਤੇ। ਆਦਮੀ ਆਪਣੇ ਘਰ ਦਾ ਭੇਦ ਉਦੋਂ ਹੀ ਬਾਹਰ ਖਿਲਾਰਦਾ ਹੈ, ਜਦ ਉਸ ਦੀ ਘਰ ਵਿਚ ਕੋਈ ਸੁਣਨ ਵਾਲਾ ਨਹੀਂ ਰਹਿੰਦਾ। ਅਗਰ ਬੰਦਾ ਕਿਸੇ ਕੋਲ ਆਪਣੇ ਦਿਲ ਦਾ ਭੇਦ ਨਾ ਖੋਲ੍ਹੇ, ਤਾਂ ਉਹ ਦਿਮਾਗੀ ਤੌਰ 'ਤੇ ਪਾਗ਼ਲ ਹੋ ਜਾਵੇ। ਸਰੀਰਕ ਸੰਤੁਸ਼ਟੀ ਪੱਖੋਂ ਤਾਂ ਉਹ ਜਿਹੜਾ ਦੁਖੀ ਸੀ, ਉਹ ਤਾਂ ਸੀ ਹੀ...! ਪਰ ਹੁਣ ਉਹ ਮਾਨਸਿਕ ਪੱਖੋਂ ਵੀ ਕਮਜ਼ੋਰ ਪੈਣ ਲੱਗ ਪਿਆ ਅਤੇ ਗੁੰਮ ਸੁੰਮ ਜਿਹਾ ਰਹਿਣ ਲੱਗਿਆ। ਹਰ ਵਖ਼ਤ ਖ਼ੁਸ਼-ਖ਼ੁਸ਼ ਅਤੇ ਖਿੜਿਆ ਰਹਿਣ ਵਾਲਾ ਬਿੱਲੂ ਹੁਣ ਚੁੱਪ ਚਾਪ ਜਿਹਾ ਫਿਰਦਾ ਰਹਿੰਦਾ। ਨਾਲ ਕੰਮ ਕਰਨ ਵਾਲਿਆਂ ਵਿਚ ਇਹ ਚਰਚਾ ਆਮ ਚੱਲਦੀ ਰਹਿੰਦੀ ਸੀ ਕਿ ਬਿੱਲੂ ਨੂੰ ਕੋਈ ਗ਼ੈਬੀ ਚਿੰਤਾ ਜਾਂ ਬਿਮਾਰੀ ਸੀ।

ਜੋਤ ਕਈ ਦਿਨਾਂ ਤੋਂ ਬਿੱਲੂ ਦੇ ਹਾਵ ਭਾਵ ਤਾੜ ਰਹੀ ਸੀ। ਜੋਤ ਵੀ ਬਿੱਲੂ ਵਾਲੀ ਕੇਟਰਿੰਗ ਫ਼ਰਮ ਵਿਚ ਹੀ ਕੰਮ ਕਰਦੀ ਸੀ ਅਤੇ ਬਿੱਲੂ ਨਾਲ ਹੀ ਕਾਰ ਵਿਚ ਆਉਂਦੀ ਜਾਂਦੀ ਸੀ। ਉਸ ਦਾ ਤਿੰਨ ਸਾਲ ਪਹਿਲਾਂ ਤਲਾਕ ਹੋ ਚੁੱਕਿਆ ਸੀ। ਵੱਡੀ ਉਮਰ ਦਾ ਘਰਵਾਲ਼ਾ ਉਸ ਨੂੰ ਭਾਰਤ ਤੋਂ ਲਵੀ ਜਿਹੀ ਨੂੰ ਵਿਆਹ ਲਿਆਇਆ ਸੀ ਅਤੇ ਇੱਥੇ ਆ ਕੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। ਸਰੀਰਕ ਸੰਤੁਸ਼ਟੀ ਪੱਖੋਂ ਜੋਤ ਵੀ 'ਊਣੀਂ' ਹੀ ਰਹੀ ਸੀ। ਬਿੱਲੂ ਅਤੇ ਜੋਤ ਦਾ ਦੁਖਾਂਤ ਤਕਰੀਬਨ ਇੱਕੋ ਹੀ ਸੀ। ਜੋਤ ਦਾ ਪਤੀ ਬੁੱਢਾ ਅਤੇ ਬਿੱਲੂ ਦੇ ਘਰਵਾਲੀ ਬੁੜ੍ਹਾਪੇ ਵੱਲ ਨੂੰ ਮਾਰੋ ਮਾਰ ਤੁਰੀ ਹੋਈ...! ਜਦੋਂ ਇੱਕੋ ਪੱਖ ਦੇ ਦੋ ਦੁਖੀ ਇਕੱਠੇ ਹੋ ਜਾਣ ਤਾਂ ਹਮਦਰਦੀ ਆ ਕੇ ਆਪਣੀ ਜਗਾਹ ਮੱਲ ਲੈਂਦੀ ਹੈ ਅਤੇ ਕਿਸੇ ਹੱਦ ਤੱਕ ਦੁੱਖਾਂ ਦਾ ਨਿਪਟਾਰਾ ਹੋ ਜਾਂਦਾ ਹੈ। ਇਕਲਾਪੇ ਦਾ ਖ਼ਲਾਅ ਖ਼ਤਮ ਹੋ ਨਿੱਬੜਦਾ ਹੈ। ਜੋਤ ਦੇ ਜੋਰ ਦੇਣ 'ਤੇ ਬਿੱਲੂ ਨੇ ਆਪਣੇ ਦਿਲ ਦੀਆਂ ਪੀੜਾਂ ਉਸ ਸਾਹਮਣੇ ਰੱਖ ਦਿੱਤੀਆਂ। ਬੇਝਿਜਕ ਅਤੇ ਬੇਬਾਕ...!

-"ਜੋਤ...! ਅੱਜ ਮੈਨੂੰ ਘਰਵਾਲੀ ਦੀ ਸੇਜ ਮਾਣਿਆਂ ਮਹੀਨੇ ਤੋਂ ਵੀ ਉਪਰ ਹੋ ਗਿਆ..! ਇਹ ਸੱਚੀ ਗੱਲ ਅੱਜ ਮੈਂ ਤੇਰੇ ਕੋਲੇ ਦੱਸੀ ਐ...! ਪਰ ਜੇ ਤੈਨੂੰ ਮੇਰੇ ਨਾਲ਼ ਕੋਈ ਦਰਦ ਜਾਂ ਹਮਦਰਦੀ ਐ, ਤਾਂ ਇਹ ਗੱਲ ਅਗਾਂਹ ਨਾ ਕਰੀਂ...! ਬੰਦਾ ਦਿਲ ਦਾ ਭੇਦ ਵੀ ਐਥੇ ਕੀਹਦੇ ਕੋਲ ਖੋਲ੍ਹੇ...? ਮੈਨੂੰ ਲੱਗਦੈ ਮੈਂ ਇਉਂ ਈ ਕਮਲ਼ਾ ਹੋ ਕੇ ਕਦੇ ਮਰ ਜਾਊਂ...।" ਬਿੱਲੂ ਨੇ ਤਪਦੇ ਹਿਰਦੇ 'ਚੋਂ ਅੰਗਿਆਰਾਂ ਵਰਗੇ ਬੋਲ ਕੱਢੇ ਤਾਂ ਜੋਤ ਨੇ ਉਸ ਨੂੰ ਹਮਦਰਦੀ ਭਰੀ ਗਲਵਕੜੀ ਪਾ ਲਈ। ਜਿਵੇਂ ਬਿੱਲੂ ਦੇ ਜੁੱਗੜਿਆਂ ਜੁਗਾਂਤਰਾਂ ਦੇ ਦੁੱਖੜੇ ਟੁੱਟ ਗਏ ਸਨ...। ਪਿਆਸ ਮੁੱਕ ਗਈ ਸੀ...। ਭੜ੍ਹਕਣਾ ਸਾਂਤ ਹੋ ਗਈ ਸੀ...। ਰਹਿੰਦੀ ਜ਼ਿੰਦਗੀ

ਜਿਉਣ-ਮਾਨਣ ਦਾ ਕੋਈ ਮਾਰਗ ਦਿਸਿਆ ਸੀ...। ਉਬਲ਼ਦੀ ਮਾਨਸਿਕ ਪੀੜਾ ਸੀਤ ਹੋ ਗਈ ਸੀ'''। ਰੇਗਿਸਤਾਨ ਵਿਚ ਡਿੱਗੀ ਸੁਆਤੀ ਬੂੰਦ ਵਾਂਗ ਉਸ ਨੂੰ ਤਸੱਲੀ ਹੀ ਤਾਂ ਹੋ ਗਈ ਸੀ...!

-''ਬਿੱਲੂ...!'' ਜੋਤ ਨੇ ਅੱਧ ਖੁੱਲ੍ਹੀਆਂ ਅੱਖਾਂ ਨਾਲ ਤੱਕਦਿਆਂ ਆਖਿਆ। ਚਾਹੇ ਜੋਤ ਪੈਂਤੀਆਂ ਸਾਲਾਂ ਦੀ ਸੀ। ਪਰ ਉਸ ਦੇ ਸਰੀਰ ਦੀ ਕਸ਼ਿਸ਼, ਜੋਬਨ ਦੀ ਭਾਅ ਅਤੇ ਸੁਹੱਪਣ ਬਰਾਬਰ ਕਾਇਮ ਸੀ। ਬੱਚਾ ਉਸ ਦੇ ਕੋਈ ਨਹੀਂ ਸੀ।

-''ਹਾਂ...?'' ਬਿੱਲੂ ਨੇ ਕਿਸੇ ਆਨੰਦ, ਕਿਸੇ ਸੁਪਨੇ ਵਿਚੋਂ ਪਰਤਦਿਆਂ ਪੁੱਛਿਆ। ਉਸ ਦੀ ਭੁੱਜਦੀ ਹਿੱਕ ਹੁਣ ਠਰੀ ਪਈ ਸੀ।

-''ਤੁਸੀਂ ਮੇਰੇ ਘਰ ਚੱਲੋ...।'' ਕਾਰ ਵਿਚ ਆਉਂਦਿਆਂ ਜੋਤ ਨੇ ਆਪਣਾ ਸਿਰ ਬਿੱਲੂ ਦੇ ਮੋਢੇ 'ਤੇ ਰੱਖ ਦਿੱਤਾ ਤਾਂ ਬਿੱਲੂ ਨੇ ਇਕ ਹੱਥ ਨਾਲ ਉਸ ਦੇ ਸਿਰ ਨੂੰ ਪਲੋਸਣਾ ਸ਼ੁਰੂ ਕਰ ਦਿੱਤਾ। ਅੱਖਾਂ ਵਿਚ ਅੱਖਾਂ ਪਈਆਂ ਤਾਂ ਦਿਲ ਇੱਕ-ਮਿੱਕ ਹੋ ਗਏ। ਧੜਕਣਾਂ ਨੇ ਹਾਂਮੀ ਭਰੀ ਤਾਂ ਜੀਵਨ ਦੇ ਗਿ਼ਲੇ-ਸਿ਼ਕਵੇ ਨਵਿਰਤ ਹੋ ਗਏ। ਉਹ ਇਕ ਜਿੰਦ ਜਾਨ ਹੋਏ ਬੈਠੇ ਸਨ।

ਉਸ ਦਿਨ ਬਿੱਲੂ ਘਰ ਹੀ ਨਾ ਗਿਆ ਅਤੇ ਰਾਤ ਜੋਤ ਦੇ ਘਰ ਹੀ ਕੱਟੀ।

ਅਗਲੇ ਦਿਨ ਬਿੱਲੂ ਘਰ ਗਿਆ ਤਾਂ ਉਸ ਦੀ ਘਰਵਾਲ਼ੀ ਦਵਿੰਦਰ ਨੇ ਉਸ ਵੱਲ ਕੋਈ ਧਿਆਨ ਹੀ ਨਾ ਦਿੱਤਾ। ਜਿੱਥੇ ਮਰਜ਼ੀ ਐ ਭੌਂਕਦਾ ਫਿਰੇ ਕੁੱਤਾ...। ਮੈਨੂੰ ਕੀ...? ਮੇਰੇ ਕੋਲ 'ਫ਼ਰ੍ਹੀ' ਘਰ...। ਮੇਰੇ ਕੋਲ ਬੱਚੇ...। ਮੇਰੇ ਕੋਲ ਮੇਰੀਆਂ ਭੈਣਾਂ...। ਮੇਰੇ ਕੋਲ ਆਪਦਾ ਪੇਕਿਆਂ ਦਾ ਸਾਰਾ ਟੱਬਰ...। ਇਹ ਕੰਜਰ ਮੇਰੇ ਕੀ ਜੁੱਤੀ ਦੇ ਯਾਦ ਐ...? ਖਾਵੇ ਧੱਕੇ ਜਿੱਥੇ ਮਰਜ਼ੀ...! ਆਪੇ ਧੱਕੇ ਖਾ ਕੇ ਆਜੂਗਾ...। ਆਊਗਾ ਤਾਂ ਅਕਸਰ ਮੇਰੇ ਕੋਲੇ ਹੀ ਨ੍ਹਾਂ...? ਇਹ ਚਾਰ ਦਿਨਾਂ ਦੀ ਚਾਂਦਨੀ ਤੇ ਫਿਰ ਹਨ੍ਹੇਰੀ ਰਾਤ...। ਜਾਵੇ ਜਿਹੜੀ ਕੁੱਤੀ ਕੋਲੇ ਜਾਂਦੈ...। ਮੇਰੀ ਜਾਣਦੀ ਐ ਜੁੱਤੀ...। ਜੇ ਇਹਦੀ ਅੱਜ ਲੇਲੇ-ਪੇਪੇ ਕੀਤੀ, ਫੇਰ ਬਾਹਲਾ ਸਿਰ ਨੂੰ ਚੜੂ...। ਵੀਹ ਸੁ਼ਰਤਾਂ ਰੱਖੂ...। ਦੇਖ ਲੇ ਕਰ ਕੇ, ਕੀ ਕਰਦੈ...! ਵੀਹ ਸਾਲ ਮੇਰੇ ਨਾਲ ਰਹਿ ਕੇ ਹੁਣ ਮੈਂ ਇਹਨੂੰ ਮਾੜੀ ਲੱਗਣ ਲੱਗਪੀ...? ਕੀ ਕੁੱਤੇ ਨੂੰ ਬੁੱਢਾ ਹੋ ਕੇ ਜੁਆਨੀ ਚੜ੍ਹੀ ਐ...! ਮਰੇ ਜਿੱਥੇ ਮਰਦੈ...! ਦਵਿੰਦਰ ਉਸ ਵੱਲੋਂ ਬੇਪ੍ਰਵਾਹ ਹੋ ਗਈ ਸੀ। ਉਸ ਨੂੰ ਇਹ ਨਹੀਂ ਪਤਾ ਸੀ ਕਿ ਮੇਰੀ ਹੈਂਕੜ, ਮੇਰੀ ਆਕੜ ਇਕ ਦਿਨ ਮੈਨੂੰ ਹੀ 'ਇਕੱਲੀ' ਕਰ ਦੇਵੇਗੀ ਅਤੇ ਬਿੱਲੂ ਮੈਥੋਂ ਦਿਨ ਬਦਿਨ ਦੂਰ ਹੀ ਦੂਰ ਹੁੰਦਾ ਚਲਾ ਜਾਵੇਗਾ...। ਨਿਮਰਤਾ ਵੀ ਕੋਈ ਆਗੰਮੀ ਸ਼ੈਅ ਹੁੰਦੀ ਐ...। ਨਿਮਰਤਾ ਸੌ ਦੁੱਖਾਂ ਦੀ ਦੁਆਈ...! ਪਰ ਨਿਮਰਤਾ ਤਾਂ ਉਸ ਦੇ ਨੇੜ ਨਹੀਂ ਢੁੱਕੀ ਸੀ...। ਨਿਮਰਤਾ ਅਤੇ ਹੰਕਾਰ ਦੇ ਆਪਣੇ ਆਪਣੇ ਡੇਰੇ...। ਦੂਰ ਦੂਰ ਕਿਨਾਰੇ...! ਇਕ ਦੂਜੇ ਦੇ ਵਿਰੋਧੀ ਕਿਨਾਰੇ...!

ਉਧਰ ਬਿੱਲੂ ਅਤੇ ਜੋਤ ਦੇ ਪ੍ਰੇਮ ਦੀਆਂ ਗੰਢਾਂ ਦਿਨੋਂ ਦਿਨ ਹੋਰ ਪੀਡੀਆਂ ਹੁੰਦੀਆਂ ਗਈਆਂ ਸਨ। ਉਹ ਦਿਨੋਂ ਦਿਨ ਇਕ ਜੋਤ ਹੁੰਦੇ ਗਏ। ਜੋਤ ਨੇ ਉਸ ਦੇ ਜੀਵਨ ਦਾ ਅਧੂਰਾ ਖੱਪਾ ਪੂਰਿਆ ਸੀ ਅਤੇ ਬਿੱਲੂ ਨੇ ਜੋਤ ਦੀ ਵੈਰਾਨ ਜਿ਼ੰਦਗੀ ਵਿਚ ਖੇੜਾ ਲਿਆਂਦਾ ਸੀ। ਦੋਨੋਂ ਇਕ ਦੂਜੇ ਦੇ 'ਪੂਰਕ' ਸਨ। ਆਪਣੀ ਇਸ ਨਵੀਂ ਜਿ਼ੰਦਗੀ ਵਿਚ ਸੰਤੁਸ਼ਟ ਸਨ। ਬਿੱਲੂ ਕਦੇ ਦਿਨ ਵੇਲੇ ਆਪਣੇ ਘਰੇ ਆਉਂਦਾ ਅਤੇ ਆਪਣੇ ਕੱਪੜੇ ਬਗੈਰਾ ਚੁੱਕ ਲਿਜਾਂਦਾ। ਦਵਿੰਦਰ ਨੂੰ ਕੋਈ ਪ੍ਰਵਾਹ ਨਹੀਂ ਸੀ। ਦਵਿੰਦਰ ਨੂੰ ਕਈ ਦੇਸੀ ਬੰਦੇ-ਬੁੜ੍ਹੀਆਂ ਨੇ ਜੋਤ ਬਾਰੇ ਦੱਸ ਵੀ ਦਿੱਤਾ ਸੀ। ਪਰ ਉਸ ਦੇ ਮਨ ਵਿਚ ਇਹ ਵੱਡਾ ਭੁਲੇਖਾ ਸੀ, ਭਰਮ ਸੀ ਕਿ ਬਿੱਲੂ ਇਕ ਨਾ ਇਕ ਦਿਨ ਧੱਕੇ-ਧੋੜੇ ਖਾ ਕੇ ਆਪੇ ਹੀ ਘਰ ਨੂੰ ਮੋੜੇ ਪਾ ਲਵੇਗਾ। ਪਰ ਬਿੱਲੂ ਟਿੱਬਿਆਂ ਦੇ ਊਠ ਵਾਂਗ ਲੰਮੀਆਂ ਪੁਲ਼ਾਂਘਾਂ ਨਾਲ਼ ਉਸ ਨਾਲੋਂ ਦਿਨੋਂ ਦਿਨ ਫ਼ਰਕ ਪਾਉਂਦਾ ਜਾ ਰਿਹਾ ਸੀ। ਦਵਿੰਦਰ ਦੀ ਇਸ ਬੇਪ੍ਰਵਾਹੀ ਨੇ ਉਹਨਾਂ ਵਿਚਕਾਰ ਪਈ ਦਰਾੜ ਹੋਰ ਚੌੜੀ ਕਰ ਮਾਰੀ ਸੀ। ਬਿੱਲੂ ਇਸ ਪੱਖੋਂ ਹੋਰ ਚਿੜ ਗਿਆ ਸੀ ਕਿ ਦਵਿੰਦਰ ਨੂੰ ਜੇ ਮੇਰੀ ਕੋਈ ਪ੍ਰਵਾਹ ਨਹੀਂ ਸੀ ਤਾਂ ਫਿਰ ਮੈਨੂੰ ਕਾਹਦੀ ਚਿੰਤਾ...? ਬੱਚੇ ਵੱਡੇ ਐ...। ਆਪੇ ਸਕੂਲ ਚਲੇ ਜਾਂਦੇ ਅਤੇ ਆਪੇ ਆ ਜਾਂਦੇ ਨੇ...। ਇੱਥੇ ਕਿਹੜਾ ਭਾਰਤ ਐ ਬਈ ਬੱਚੇ ਰੁਲ਼ ਖੁਲ਼ ਜਾਣਗੇ...? ਇੱਥੇ ਤਾਂ ਗੌਰਮਿੰਟ ਬੱਚਿਆਂ ਦਾ ਖਿ਼ਆਲ ਮਾਪਿਆਂ ਨਾਲੋਂ ਵੀ ਜਿ਼ਆਦਾ ਰੱਖਦੀ ਐ...।

ਦਵਿੰਦਰ ਦੇ ਭਾਅ ਦੀ ਤਾਂ ਉਦੋਂ ਬਣੀ, ਜਦੋਂ ਬਿੱਲੂ ਨੇ ਆਪਣੇ ਵਕੀਲ ਰਾਹੀਂ ਦਵਿੰਦਰ ਨੂੰ ਤਲਾਕ

ਦੇ ਕਾਗਜ਼ ਭਿਜਵਾਏ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਬਿੱਲੂ ਕਦੀ ਤਲਾਕ ਵਾਲਾ ਕਦਮ ਵੀ ਚੁੱਕੇਗਾ...? ਪਾਣੀ ਗਲ਼-ਗਲ਼ ਆਇਆ ਦੇਖ ਕੇ ਉਸ ਨੇ ਬਿੱਲੂ ਕੋਲ ਆਪਣੇ 'ਵਿਚੋਲੇ' ਭੇਜਣੇ ਸ਼ੁਰੂ ਕਰ ਦਿੱਤੇ। ਪਰ ਬਿੱਲੂ ਨੇ ਲੱਤ ਤੱਕ ਨਾ ਲਾਈ। ਉਸ ਨੂੰ ਆਪਣਾ ਟਿਕਾਣਾ ਅਤੇ ਮਨ ਦੀ ਸ਼ਾਂਤੀ ਮਿਲ ਗਈ ਸੀ। ਜਿਸ ਸੰਪੂਰਨਤਾ ਅਤੇ ਸੰਤੁਸ਼ਟੀ ਨੂੰ ਉਹ ਸਾਲਾਂ ਬੱਧੀ ਭਟਕਦਾ ਰਿਹਾ ਸੀ, ਉਹ ਜੋਤ ਦੇ ਰੂਪ ਵਿਚ ਉਸ ਦੀ ਝੋਲੀ ਆਣ ਡਿੱਗੀ ਸੀ। ਆਖਰ ਜਦ ਧੰਧੇ ਘੜ੍ਹੇ ਬਿੱਲੂ 'ਤੇ ਕਿਸੇ ਵਿਚੋਲੇ ਦਾ ਅਸਰ ਨਾ ਹੋਇਆ ਤਾਂ ਦਵਿੰਦਰ ਜੋਤ ਕੋਲ ਆਪ ਜਾ ਵੜੀ ਅਤੇ ਅਕਲ ਅਨੁਸਾਰ 'ਬਚਨ-ਬਿਲਾਸ' ਕਰ ਆਈ ਸੀ....।

ਰਮਣੀਕ ਨੇ ਫਿਰ ਇਨਸਾਨੀਅਤ ਦੇ ਨਾਤੇ ਬਿੱਲੂ ਨਾਲ਼ ਗੱਲ ਚਲਾਈ।

ਬਿੱਲੂ ਨੇ ਰਮਣੀਕ ਨੂੰ ਪੁੱਠੀਆਂ ਸਿੱਧੀਆਂ ਅਤੇ ਕੋਰੀਆਂ ਫਿਰ ਸੁਣਾਂ ਦਿੱਤੀਆਂ।

ਉਸ ਦੀਆਂ ਕੋਸ਼ਿਸ਼ਾਂ ਦਾ ਕੋਈ ਸਾਰਥਿਕ ਨਤੀਜਾ ਨਾ ਨਿਕਲ਼ਿਆ।

ਅਦਾਲਤ ਨੇ ਉਹਨਾਂ ਨੂੰ ਰਾਜ਼ੀਨਾਵਾਂ ਕਰਨ ਲਈ ਚਾਰ ਹਫ਼ਤੇ ਦਾ ਟਾਈਮ ਦਿੱਤਾ ਅਤੇ ਇਕ ਟੁੱਟੀ ਗੰਢਣ ਵਾਲ਼ੀ ਸੰਸਥਾ ਦੀ 'ਅਪਾਇੰਟਮੈਂਟ' ਬਣਾ ਦਿੱਤੀ। ਪਰ ਬਿੱਲੂ ਵਾਰ ਵਾਰ ਉਸ ਦੇਖੇ ਹੋਏ ਮੇਲੇ ਵਿਚ ਫਿਰ ਤੋਂ ਪੈਰ ਨਹੀਂ ਮਿੱਧਵਾਉਣੇ ਚਾਹੁੰਦਾ ਸੀ। ਉਸ ਨੇ ਦਵਿੰਦਰ ਨਾਲ਼ ਰਾਜ਼ੀਨਾਵੇਂ ਬਾਰੇ ਲੱਤ ਹੀ ਨਾ ਲਾਈ। ਉਹ ਦਵਿੰਦਰ ਤੋਂ ਨਰਾਜ਼ ਘੱਟ ਅਤੇ ਨਿਰਾਸ਼ ਜ਼ਿਆਦਾ ਸੀ। ਕਿਉਂਕਿ ਦਵਿੰਦਰ ਵਾਰ ਵਾਰ ਵਾਅਦੇ ਕਰਕੇ ਬਿੱਲੂ ਕੋਲ਼ ਮੁੱਕਰਦੀ ਰਹੀ ਸੀ।

ਰਮਣੀਕ ਹੋਰਾਂ ਨੇ ਆਖਰ ਵਾਰ ਫਿਰ ਕੋਸ਼ਿਸ਼ ਕੀਤੀ ਤਾਂ ਬਿੱਲੂ ਨੇ ਸਿਰਫ਼ ਇੱਕੋ 'ਚ ਹੀ ਨਬੇੜ ਦਿੱਤੀ।

-"ਇਹ ਟੱਬਰ ਅਮਰ ਵੇਲ ਵਰਗੈ ਰੰਮੀ..! ਇਹ ਤਾਂ ਉੱਲੂ ਮਾਂਗੂੰ ਜਿਹੜੇ ਦਰੱਖ਼ਤ 'ਤੇ ਬੈਠਣਗੇ, ਓਸੇ ਦਾ ਭੱਠਾ ਬਿਠਾਉਣਗੇ..! ਮੈਂ ਵੀਹਾਂ ਸਾਲਾਂ 'ਚ ਬਹੁਤ ਸੰਤਾਪ ਤੇ ਦਸੌਂਟਾ ਕੱਟਿਐ ਇਸ ਦੁਸ਼ਟ ਤੀਮੀ ਨਾਲ਼..! ਹੁਣ ਬਾਈ ਬਣਕੇ ਮੇਰੇ ਬਦਲੇ ਨਾ ਲਓ..! ਇਹ ਪਰਨਾਲ਼ਾ ਤਾਂ ਉਸੇ ਥਾਂ ਈ ਰਹਿਣੈਂ, ਇਹਦੇ 'ਤੇ ਕੋਈ ਅਸਰ ਨ੍ਹੀ ਹੋਣਾਂ..! ਇਹਨਾਂ ਦੇ ਟੱਬਰ ਦਾ ਕੋਈ ਇਤਬਾਰ ਨਹੀਂ..! ਐਥੇ ਗੱਲ ਕਰਕੇ ਔਥੇ ਜਾ ਕੇ ਮੁੱਕਰ ਜਾਣਗੇ..! ਤੇ ਬਾਈ ਮਰੇ ਤੇ ਮੁੱਕਰੇ ਬੰਦੇ ਦਾ ਕੋਈ ਇਲਾਜ ਨਹੀਂ ਹੁੰਦਾ..! ਇਹਦੀਆਂ ਭੈਣਾਂ ਆਖਦੀਆਂ ਮੈਂ ਆਪ ਕੰਨੀਂ ਸੁਣੀਐਂ ਬਈ ਆਦਮੀ ਨੂੰ ਆਬਦੇ ਨੇੜੇ ਨਾ ਲੱਗਣ ਦਿਓ, ਜੁਆਕਾਂ ਨੂੰ ਬਾਪ ਖ਼ਿਲਾਫ਼ ਭੜ੍ਹਕਾਓ ਤੇ ਜੁਆਕਾਂ ਨੂੰ ਪਿਉ ਨਾਲ਼ ਲੜਾਓ...! ਬੰਦੇ ਵੱਲ ਧਿਆਨ ਨਾ ਦਿਓ ਤੇ ਕੁੱਤਾ ਬਣਾ ਕੇ ਰੱਖੋ...! ਲੈ ਸਾਂਭ ਲਵੇ ਹੁਣ ਜੁਆਕ..! ਲੜਾ ਲਵੇ ਮੇਰੇ ਨਾਲ਼..! ਮੈਂ ਘਰ ਹੀ ਛੱਡ ਗਿਆ, ਕਰਲੇ ਮਨ ਖ਼ੁਸ਼ ਜਿਹੜਾ ਕਰਦੀ ਐ..! ਚੌੜੀ ਹੋ ਕੇ ਬਹਿਜੇ ਭੇਣਾਂ ਤੇ ਜੁਆਕਾਂ 'ਚ..! ਪਰ ਮੈਨੂੰ ਹੁਣ ਮੇਰੀ ਆਬਦੀ ਜ਼ਿੰਦਗੀ ਜਿਉਣ ਦਿਓ ਭਰਾਵੋ, ਤੁਹਾਡੀ ਹਮਦਰਦੀ ਲਈ ਬਹੁਤ ਬਹੁਤ ਮਿਹਰਬਾਨੀ...! ਹੁਣ ਜਾਓ ਬਾਈ ਬਣਕੇ ਤੇ ਜਿਉਂਦੇ ਵਸਦੇ ਰਹੋ...!"

ਰਮਣੀਕ ਹੋਰੀਂ ਚੁੱਪ ਕਰਕੇ ਵਾਪਸ ਆ ਗਏ ਸਨ।

ਬਿੱਲੂ ਨੇ ਉਹਨਾਂ ਨੂੰ ਆਖਰੀ ਗੱਲ ਹੀ ਤਾਂ ਸੁਣਾ ਦਿੱਤੀ ਸੀ!

ਜਦ ਆਖਰ ਤਲਾਕ ਦੀ ਮਿਥੀ ਤਾਰੀਖ਼ ਆਈ ਤਾਂ ਬਿੱਲੂ ਦੀ ਜਾਇਦਾਦ ਦਾ ਅੱਧ ਦਵਿੰਦਰ ਨੂੰ ਮਿਲ ਗਿਆ। ਬਿੱਲੂ ਨੇ ਵੀ ਅੱਧ ਦੇਣ ਲੱਗੇ ਨੇ ਕੋਈ ਝਿਜਕ ਨਹੀਂ ਦਿਖਾਈ ਸੀ। ਇਹ ਤਾਂ ਉਸ ਦਾ ਹੱਕ ਬਣਦਾ ਹੀ ਸੀ...? ਗੌਰਮਿੰਟ ਦਾ ਕਾਨੂੰਨ ਸੀ...! ਉਹ ਆਪਣੇ ਮਨ ਦੀ ਸ਼ਾਂਤੀ ਚਾਹੁੰਦਾ ਸੀ...। ਆਪਣੀ ਸਰੀਰਕ ਸੰਤੁਸ਼ਟੀ ਲੋਚਦਾ ਸੀ...। ਜਦ ਔਰਤ ਜੱਜ ਤਲਾਕ ਦਾ ਆਖਰੀ ਫ਼ੈਸਲਾ ਦੇਣ ਤੋਂ ਪਹਿਲਾਂ ਦਵਿੰਦਰ ਨੂੰ ਸੰਬੋਧਨ ਹੋਈ, "ਤੁਸੀਂ ਆਖਰ ਵਿਚ ਕੁਛ ਕਹਿਣਾ ਚਾਹੁੰਦੇ ਹੋ...?" ਤਾਂ ਦਵਿੰਦਰ ਰੋਂਦਿਆਂ ਬੋਲੀ ਸੀ, "ਮੈਂ ਤਾਂ ਆਪਣਾ ਆਖਰੀ ਸ਼ਬਦ ਇਹ ਹੀ ਕਹਾਂਗੀ ਕਿ ਕੋਈ ਔਰਤ ਆਪਣੇ ਪੇਕੇ ਪ੍ਰੀਵਾਰ ਪਿੱਛੇ ਲੱਗ ਕੇ ਆਪਣੇ ਮਰਦ ਨੂੰ ਤੰਗ ਨਾ ਕਰੇ ਅਤੇ ਅੱਖੋਂ ਪਰੋਖੇ ਨਾ ਕਰੇ, ਸਗੋਂ ਆਪਣਾ ਘਰ ਸੰਭਾਲ਼ੇ ਅਤੇ ਕਿਸੇ ਭੈਣ ਜਾਂ ਕਿਸੇ ਮਾਂ ਬਾਪ ਦੀ ਸੁਣ ਕੇ ਆਪਣਾਂ ਘਰ ਨਾ ਉਜਾੜੇ...! ਦੂਜੀ ਗੱਲ ਇਹ ਯੂਅਰ ਆਨਰ ਕਿ ਕੋਈ ਵੀ ਔਰਤ ਆਪਣੇ ਤੋਂ ਛੋਟੀ ਉਮਰ ਦੇ ਮਰਦ ਨਾਲ ਵਿਆਹ ਨਾ ਕਰਵਾਵੇ...! ਇਹਦੇ

ਵਿਚ ਬਿੱਲੂ ਦਾ ਕੋਈ ਕਸੂਰ ਨਹੀਂ ਅਤੇ ਨਾ ਹੀ ਕਸੂਰ ਜੋਤ ਦਾ ਹੈ...! ਕਸੂਰ ਸਿਰਫ਼ ਮੇਰੀ ਵੱਡੀ ਉਮਰ ਦਾ ਹੈ, ਜਿਸ ਕਰ ਕੇ ਮੈਂ ਆਪਣੇ ਮਰਦ ਨੂੰ ਪੂਰਾ ਖ਼ੁਸ਼ ਨਹੀਂ ਰੱਖ ਸਕੀ...! ਦੂਜੀ ਗੱਲ ਜੱਜ ਸਾਹਿਬਾਂ ਇਹ ਹੈ ਕਿ ਆਖਰੀ ਦਮ ਤੱਕ ਜੇ ਔਰਤ ਨਾਲ ਨਿਭ ਸਕਦੈ, ਤਾਂ ਸਿਰਫ਼ ਪਤੀ ਹੀ ਨਿਭ ਸਕਦੈ, ਨਹੀਂ ਤਾਂ ਸਾਰੇ ਬੱਚੇ ਅਤੇ ਭੈਣ ਭਰਾ, ਸਭ ਛੱਡ ਕੇ ਭੱਜ ਜਾਂਦੇ ਨੇ, ਤੇ ਪਿੱਛੇ ਰਹਿ ਜਾਂਦੀ ਐ ਇਕ ਔਰਤ...! ਸਿਰਫ਼ ਅਤੇ ਸਿਰਫ਼ ਆਪਣਾ ਕੀਤਾ ਭੁਗਤਣ ਲਈ ਤੇ ਜ਼ਿੰਦਗੀ ਦਾ ਰਹਿੰਦਾ ਦਸੌਂਟਾ ਭੋਗਣ ਲਈ...।" ਤੇ ਉਹ ਬਿੱਲੂ ਅਤੇ ਜੋਤ ਵੱਲ ਮੁਆਫ਼ੀ ਭਰੀਆਂ ਨਜ਼ਰਾਂ ਨਾਲ ਤੱਕਦੀ ਅਤੇ ਘੋਰ ਉਦਾਸ ਅਦਾਲਤ ਤੋਂ ਬਾਹਰ ਹੋ ਗਈ ਸੀ।

ਰਮਣੀਕ ਹੋਰੀਂ ਇਹ ਫ਼ੈਸਲਾ ਸੁਣ ਕੇ ਉਦਾਸ ਹੋ ਗਏ ਸਨ।

ਸਕਿਊਰਿਟੀ ਦੀ ਕੰਟੀਨ ਵਿਚ ਅੱਜ ਕਾਫ਼ੀ ਰੌਣਕ ਸੀ। ਡਿਊਟੀ ਤੋਂ ਬਾਅਦ ਅੱਜ 'ਬੌਕਸਿੰਗ-ਡੇ' ਮਨਾਇਆ ਜਾ ਰਿਹਾ ਸੀ। ਡਿਊਟੀ ਤੋਂ ਬਾਅਦ, ਵਿਹਲੇ ਹੋ ਕੇ ਉਹ ਅੱਜ ਪਹਿਲੀ ਵਾਰ ਉਹ ਕੰਟੀਨ ਵਿਚ 'ਖਾਣ-ਪੀਣ' ਬੈਠੇ ਸਨ। ਬੌਕਸਿੰਗ-ਡੇ ਦਾ ਤਿਉਹਾਰ ਹੋਣ ਕਰਕੇ ਸਕਿਊਰਿਟੀ ਇੰਚਾਰਜ ਵੱਲੋਂ ਉਹਨਾਂ ਨੂੰ ਕੰਨਟੀਨ ਵਿਚ ਅੱਜ ਖਾਣ ਪੀਣ ਦੀ ਖੁੱਲ੍ਹ ਦਿੱਤੀ ਗਈ ਸੀ। ਸਾਰਿਆਂ ਨੇ ਪੈਸੇ ਇਕੱਠੇ ਕੀਤੇ ਅਤੇ ਜੁਗਰਾਜ ਫ਼ੌਜੀ ਨੂੰ ਬੀਅਰ ਅਤੇ ਵਿਸਕੀ ਲੈਣ ਭੇਜ ਦਿੱਤਾ। ਡਿਊਟੀ ਖਤਮ ਕਰਕੇ ਉਹ ਕੰਟੀਨ ਵਿਚ ਰਾਠ ਬਣੇ ਬੈਠੇ ਸਨ।

ਫ਼ੌਜੀ ਸੇਨਜ਼ਬਰੀ ਵਿਚੋਂ ਬੀਅਰਾਂ ਦੇ ਡੱਬੇ ਅਤੇ ਵਿਸਕੀ ਖਰੀਦ, ਰਾਕਟ ਵਾਂਗ ਮੁੜ ਆਇਆ।

-"ਉਹ ਬੱਲੇ ਫ਼ੌਜੀਆ..! ਆਹ ਤਾਂ ਬਈ ਬੜੀ ਫੁਰਤੀ ਮਾਰੀ..?" ਕਾਮਰੇਡ ਨੇ ਆਖਿਆ।

-"ਫੇਰ ਵੀ ਫ਼ੌਜੀ ਰਿਹੈ, ਕਿਤੇ ਮਾੜੀ ਮੋਟੀ ਗੱਲ ਐ...?" ਢਿੱਲੋਂ ਬੋਲਿਆ।

-"ਫ਼ੌਜੀਆ, ਕੱਲ੍ਹ ਬੜਾ ਦੁਖੀ ਜਿਆ ਸੀ...? ਸੁੱਖ ਸੀ...?" ਜੈਤੋ ਵਾਲ਼ਾ ਸਾਧੂ ਬੋਲਿਆ।

-"ਕਾਹਨੂੰ ਯਾਰ ਫ਼ਿਊਨਰਲ ਤੋਂ ਆਇਆ ਸੀ-!" ਬੀਅਰ ਦੇ ਡੱਬੇ ਦਾ ਨੱਕ ਮਰੋੜਦਿਆਂ ਫ਼ੌਜੀ ਅੱਕਿਆਂ ਵਾਂਗ ਬੋਲਿਆ।

-"ਆਇਐਂ ਫ਼ਿਊਨਰਲ ਤੋਂ ਸੀ, ਤੇ ਪੱਗ ਬੰਨ੍ਹੀ ਫ਼ਿਰਦਾ ਸੀ ਤੋਤੇ ਰੰਗੀ...!" ਹਰਚੰਦ ਟੱਲੇਵਾਲੀਏ ਨੇ ਵਿਅੰਗ ਨਾਲ਼ ਕਿਹਾ।

-"ਚੱਲ ਛੱਡ ਤੋਤੇ ਰੰਗੀ ਨੂੰ...! ਕੌਣ ਚਾਲੇ ਪਾ ਗਿਆ..?"

-"ਬਰਾੜ ਚੜ੍ਹਾਈ ਕਰ ਗਿਆ...!" ਫ਼ੌਜੀ ਨੇ ਸੰਖੇਪ ਦੱਸਿਆ।

-"ਕਿਹੜਾ ਬਰਾੜ...?" ਕਾਮਰੇਡ ਨੇ ਜਾਇਜਾ ਲੈਣਾਂ ਚਾਹਿਆ।

-"ਚੰਦ...! ਚੰਦ ਬਰਾੜ...!"

-"ਫੇਰ ਤੂੰ ਅੱਕਿਆ ਕਾਹਤੋਂ ਫ਼ਿਰਦਾ ਸੀ...? ਮਰ ਜਾਣਾਂ ਤਾਂ ਕਿਸੇ ਦੇ ਕੋਈ ਵੱਸ ਨ੍ਹੀ ਹੁੰਦਾ...!"

-"ਉਏ ਕਾਹਦੀ ਗੱਲ ਐ ਯਾਰ, ਦੁਨੀਆਂ ਸਾਲ਼ੀ ਗਰਕਣ 'ਤੇ ਆਈ ਪਈ ਐ।" ਫ਼ੌਜੀ ਫਿਰ ਵੱਢ ਖਾਣਿਆਂ ਵਾਂਗ ਬੋਲਿਆ।

-"ਗੱਲ ਤਾਂ ਦੱਸ, ਕਾਹਨੂੰ ਪੈਰਾਂ ਹੇਠੋਂ ਮਿੱਟੀ ਕੱਢੀ ਜਾਨੈਂ?"

-"ਚੰਦ ਦੇ ਮੁੰਡਿਆਂ ਨੇ ਆਬਦੇ ਛੋਟੇ ਭਰਾ ਨੂੰ ਮੰਗਵਾਉਣ ਦਾ ਅੱਡੀ ਚੋਟੀ ਦਾ ਜੋਰ ਲਾ ਲਿਆ-!"

-"ਉਹ ਤਾਂ ਸਾਰੀ ਦੁਨੀਆਂ ਨੂੰ ਪਤੈ-!"

-"ਤੂੰ ਗੱਲ ਤਾਂ ਸੁਣ...! ਵਿੱਚੇ ਘੋੜ੍ਹਾ ਕਾਹਨੂੰ ਭਜਾ ਲੈਨਾਂ ਹੁੰਨੈ...?" ਫ਼ੌਜੀ ਅੱਕ ਕੇ ਬੋਲਿਆ।

-"ਗੱਲ ਸੁਣ ਲਓ ਬਈ...!" ਕਾਮਰੇਡ ਨੇ ਹਦਾਇਤ ਜਿਹੀ ਕੀਤੀ।

-"ਮੁੰਡਾ ਤਾਂ ਆਇਆ ਨਾ...! ਜਿੱਦੇਂ ਚੰਦ ਮਰਿਐ, ਮੈਨੂੰ ਵੱਡੇ ਮੁੰਡੇ ਨੇ ਫ਼ੋਨ ਕਰਤਾ, ਬਈ ਬਾਪੂ ਜੀ ਚੜ੍ਹਾਈ ਕਰ ਗਏ..! ਚਲੋ ਮੈਂ ਚਲਿਆ ਗਿਆ, ਜਾਣਾਂ ਈ ਸੀ...?"

-"ਆਹੋ ਫ਼ਰਜ ਬਣਦਾ ਸੀ...! ਤੇਰੀ ਐਨੀ ਨੇੜਤਾ ਸੀਗੀ।" ਕਾਮਰੇਡ ਹੁੰਗਾਰਾ ਭਰ ਰਿਹਾ ਸੀ।

-''ਚਲੋ ਜਦੋਂ ਮੈਂ ਹਸਪਤਾਲ਼ ਪਹੁੰਚਿਆ, ਅਸੀਂ ਚੰਦ ਦੀ ਦੇਹ ਦੇ ਦਰਸ਼ਣ ਕਰਕੇ ਘਰ ਨੂੰ ਆ ਗਏ..! ਘਰੇ ਆਉਣ ਸਾਰ ਵੱਡੇ ਮੁੰਡੇ ਨੇ ਚੱਕ ਕੇ ਆਬਦੇ ਛੋਟੇ ਭਰਾ ਨੂੰ ਫ਼ੋਨ ਕੀਤਾ..! ਬਾਪੂ ਦਾ ਅਫ਼ਸੋਸ ਨ੍ਹੀ ਕੀਤਾ..! ਸਾਲ਼ਾ ਪੋਪਲ਼ ਜਿਆ ਆਬਦੇ ਭਰਾ ਨੂੰ ਬਣਾਂ ਸਮਾਰ ਕੇ ਕਹਿੰਦਾ ਅਖੇ ਸਾਲ਼ਿਆ ਇੰਗਲੈਂਡ ਆਉਣ ਦੀ ਤਿਆਰੀ ਕਰ, ਬਾਪੂ ਮਰ ਗਿਆ ਤੇ ਤੈਨੂੰ ਬਾਪੂ ਦੇ ਸਸਕਾਰ 'ਤੇ ਵੀਜ਼ਾ ਮਿਲਜੂਗਾ-!''

-''ਵਾਹ ਜੀ ਵਾਹ...! ਹੈਅ ਥੋਡੀ ਮਾਂ ਦੀ....ਥੋਡੀ ਦੀ! ਬਈ ਸਾਲ਼ਿਓ ਜੱਗ ਰਵੀਰਾ ਤਾਂ ਕਰ ਲਓ...!''

-''ਜਾਂ ਤੁਸੀਂ ਚੁੱਪ ਈ ਕਰਜੋ...? ਬਾਹਰਲੇ ਬੰਦੇ ਜਾਣ ਤੋਂ ਬਾਅਦ ਫ਼ੋਨ ਕਰ ਲਿਓ, ਐਡੀ ਕੀ ਨ੍ਹੇਰੀ ਆਈ ਐ..?'' ਸਾਰਿਆਂ ਨੇ ਮਹਿਸੂਸ ਕੀਤਾ।

-''ਫ਼ੋਨ ਕਰਕੇ ਬਾਪੂ ਮਰੇ ਦਾ ਅਫ਼ਸੋਸ ਨ੍ਹੀ ਕੀਤਾ...! ਸਿੱਧਾ ਈ ਕਹਿੰਦਾ ਅਖੇ ਤਿਆਰੀ ਕਰ, ਬਾਪੂ ਦੇ ਸਸਕਾਰ 'ਤੇ ਆਉਣ ਦੇ ਬਹਾਨੇ ਤੈਨੂੰ ਵੀਜ਼ਾ ਮਿਲਜ...! ਐਹੋ ਜੇ ਤਾਂ ਇਹ ਐ ਲੰਡੇ ਬੋਤੇ ਦੇ ਸਾਲ਼ੇ..! ਮੈਂ ਤਾਂ ਉਠ ਕੇ ਈ ਤੁਰ ਆਇਆ..! ਬੱਸ ਕੱਲ੍ਹ ਸਸਕਾਰ 'ਤੇ ਗਿਆ ਤੇ ਸਸਕਾਰ ਕਰਵਾ ਕੇ ਸਿੱਧਾ ਈ ਕੰਮ 'ਤੇ ਆ ਗਿਆ...!'' ਆਖ ਕੇ ਫ਼ੌਜੀ ਹਲਕਾ ਹੋ ਗਿਆ।

-''ਬਿੱਲੂ ਦਾ ਵੀ ਤਲਾਕ ਹੋ ਗਿਆ ਬਈ...!'' ਰਮਣੀਕ ਨੇ ਨਵਾਂ ਪ੍ਰਸਾਰਨ ਕੀਤਾ।

-''ਹੋਣਾਂ ਈ ਸੀ...! ਉਹਦੀ ਘਰਦੀ ਦੇ ਕਿਹੜਾ ਵਸਣ ਦੇ ਕੋਈ ਚਾਲੇ ਸੀ...?''

-''ਸਹੁਰੀ ਪੈਰਾਂ ਹੇਠੋਂ ਮਿੱਟੀ ਵੀ ਬਾਹਲ਼ੀ ਕੱਢਦੀ ਸੀ ਬਈ...।'' ਢਿੱਲੋਂ ਨੇ ਆਖਿਆ।

-''ਗੱਲ ਈ ਨ੍ਹੀ ਸੀ ਗੌਲ਼ਦੀ..? ਬਈ ਬੰਦਾ ਹੁੰਦੈ, ਕਦੇ ਕਿਸੇ ਦੀ ਤਾਂ ਗੱਲ ਮੰਨਦੈ...?''

-''ਚੱਲ, ਪਾਈ ਚੱਲ ਆਬਦੀਆਂ ਭੈਣਾਂ ਨੂੰ ਸਲਾਮੀਆਂ...! ਮਾਰਲਾ ਸਲੂਟ ਪੇਕਿਆਂ ਨੂੰ...! ਤੁਰ ਗਿਆ ਛੱਡ ਕੇ ਤੇਰਾ ਪਤੰਦਰ...!''

-''ਯਾਰ ਬਿੱਲੂ ਵਿਚਾਰਾ ਵੀ ਕੀ ਕਰੇ...? ਤੀਮੀ ਕੁੜੀ ਯਾਹਵੇ ਦੀ ਬਾਹਲ਼ੀ ਡਾਢੀ ਐ...।''

-''ਜ਼ਿੰਦੀ ਵੀ ਬਾਹਲ਼ੀ ਐ ਸਹੁਰੀ..! ਕਿਸੇ ਦੀ ਗੱਲ ਈ ਨ੍ਹੀ ਸੀ ਸੁਣਦੀ, ਆਬਦਾ ਈ ਘੋੜ੍ਹਾ ਦਬੱਲ ਤੁਰਦੀ ਸੀ!'' ਸੇਵਕ ਨੇ ਕਿਹਾ।

-''ਫੇਰ ਵਿਚੋਂ ਨਿਕਲ਼ਿਆ ਕੀ? ਤਬਾਹੀ...! ਨਿੱਕੇ ਨਿੱਕੇ ਜੁਆਕ ਐ..!'' ਸਾਧੂ ਤੋਂ ਵੀ ਰਿਹਾ ਨਾ ਗਿਆ।

-''ਉਹ ਯਾਰ ਅਸਲ ਗੱਲ ਦਾ ਤਾਂ ਕਿਸੇ ਨੂੰ ਪਤਾ ਈ ਨੀ...!'' ਰਮਣੀਕ ਬੋਲਿਆ।

-''ਚਲੋ ਜਿਹੋ ਜਿਹੀ ਬੰਦੇ ਦੀ ਮੱਤ ਹੁੰਦੀ ਐ ਵਰਤ ਲੈਂਦੈ..! ਛੱਡੋ ਇਸ ਗੱਲ ਨੂੰ...!'' ਕਾਮਰੇਡ ਨੇ ਗੱਲ 'ਤੇ ਮਿੱਟੀ ਪਾਉਣ ਦੇ ਰੌਂਅ ਵਿਚ ਕਿਹਾ। ਉਹ ਕਿਸੇ ਦੀ ਨਿੱਜੀ ਜ਼ਿੰਦਗੀ ਦਾ ਭੇਦ ਖੁੱਲ੍ਹਵਾਉਣਾ ਨਹੀਂ ਚਾਹੁੰਦਾ ਸੀ।

-''ਰੌਲੂ ਇੰਡੀਆ ਤੋਂ ਮੁੜ ਵੀ ਆਇਆ...?'' ਬੰਤ ਸਿੰਘ ਨੂੰ ਦੂਰ ਤੁਰੇ ਆਉਂਦੇ ਦੇਖ ਕੇ ਸਾਧੂ ਬੋਲਿਆ। ਬੰਤ ਸਿੰਘ ਨੂੰ ਸਾਰੇ 'ਰੌਲੂ' ਆਖ ਕੇ ਸੰਬੋਧਨ ਹੁੰਦੇ ਸਨ। ਉਹ ਨਿੱਕੀ ਨਿੱਕੀ ਗੱਲ ਤੋਂ ਝਗੜਾ ਵਿੱਢ ਲੈਂਦਾ ਸੀ। ਸਭ ਤੋਂ ਉਚੀ ਬੋਲਦਾ। ਰੌਲ਼ਾ ਪਾਉਂਦਾ। ਕਿਸੇ ਦੀ ਘੱਟ ਹੀ ਸੁਣਦਾ। ਪਰ ਆਪਣੀ ਗੱਲ ਸੁਣਾਉਣ ਨੂੰ ਪਹਿਲ ਦਿੰਦਾ ਸੀ।

-''ਜੇ ਮੁੜਿਐ, ਤਾਂ ਈ ਤੁਰਿਆ ਆਉਂਦੈ...?'' ਕਾਮਰੇਡ ਨੇ ਟਾਂਚ ਕੀਤੀ।

-''ਉਏ ਐਹੋ ਜਿਹੇ ਦਾ ਭੂਤ ਵੀ ਤੁਰਿਆ ਫ਼ਿਰਦਾ ਹੁੰਦੈ।''

ਸਾਰੇ ਹੱਸ ਪਏ।

-''ਇਹਦੀ ਡਿਊਟੀ ਅੱਜ ਕਿੱਥੇ ਸੀ...?''

-''ਬਈ ਪਤਾ ਨ੍ਹੀ, ਮੈਨੂੰ ਤਾਂ ਮਿਲ਼ੇ ਨੂੰ ਵੀ ਦੋ ਮਹੀਨੇ ਹੋ ਗਏ।''

-''ਸਾਸਰੀਕਾਲ ਜੀ ਸੰਗਤੇ....!'' ਬੰਤ ਨੇ ਆਉਣ ਸਾਰ ਹੱਥ ਜੋੜ ਕੇ ਸਿਰ ਤੋਂ ਉਪਰ ਚੁੱਕੇ। ਛੱਜਲੀ ਲਾਉਣ ਵਾਲ਼ਿਆਂ ਵਾਂਗ।

-"ਆ ਬਈ ਬੰਤ ਸਿਆਂ..! ਕੀ ਹਾਲ ਚਾਲ ਐ?"

-"ਹਾਲ ਚਾਲ ਠੀਕ ਠਾਕ ਐ ਕਾਮਰੇਡ ਸਾਹਿਬ ਜੀ, ਬੱਸ ਭਰਾਵਾਂ ਆਸਰੇ ਤੁਰੇ ਫ਼ਿਰਦੇ ਐਂ।"

-"ਬਹਿਜਾ...! ਆਜਾ..!" ਕਾਮਰੇਡ ਨੇ ਕੁਰਸੀ ਚੁੱਕ ਕੇ ਇਕ ਪਾਸੇ ਕਰ ਲਈ ਅਤੇ ਬੰਤ ਸਿੰਘ ਲਈ ਜਗਾਹ ਬਣਾ ਦਿੱਤੀ।

ਬੰਤ ਸਿੰਘ ਅਗਲੀ ਕੁਰਸੀ ਲੈ ਕੇ ਬੈਠ ਗਿਆ।

-"ਇੰਡੀਆ ਤੋਂ ਕਦੋਂ ਆਇਐਂ, ਬੰਤ ਸਿਆਂ?"

-"ਹਫ਼ਤਾ ਕੁ ਹੋ ਗਿਆ...!"

-"ਹੋਰ ਸੁਣਾਂ ਪੰਜਾਬ ਦੀ ਕੋਈ ਨਵੀਂ ਤਾਜੀ..?" ਕਾਮਰੇਡ ਨੇ ਗੱਲ ਛੇੜੀ।

-"ਨਵੀਂ ਤਾਜੀ ਕਾਹਦੀ ਐ ਕਾਮਰੇਡ ਜੀ, ਪੰਜਾਬ ਉੱਜੜਦਾ ਜਾਂਦੈ-!"

-"ਉੱਜੜਦਾ ਤਾਂ ਕੀ ਜਾਂਦੈ ਬੰਤ ਸਿਆਂ..? ਪੰਜਾਬ ਤਾਂ ਉੱਜੜ ਗਿਆ ਆਖ।" ਕਾਮਰੇਡ ਨੇ ਉਲਾਂਭਾ ਦੇਣ ਵਾਲ਼ਿਆਂ ਵਾਂਗ ਕਿਹਾ।

-"ਉਏ ਕੋਈ ਚੱਜ ਦਾ ਬਚਨ ਕਰ ਲਓ...! ਕਾਹਨੂੰ ਦੁਰਬਚਨ ਕਰੀ ਜਾਨੇ ਐਂ?" ਫ਼ੌਜੀ ਡਰਿਆਂ ਵਾਂਗ ਬੋਲਿਆ।

-"ਕੀ ਚੱਜ ਦਾ ਬਚਨ ਕਰੀਏ ਫ਼ੌਜੀਆ..? ਸੱਚ ਤੋਂ ਭੱਜ ਕੇ ਜਾਵਾਂਗੇ ਕਿੱਥੇ? ਫ਼ੋਕਾ ਧਰਵਾਸ ਕਾਹਤੋਂ ਦੇਈਏ ਦਿਲ ਨੂੰ? ਮਰਦੇ ਬੰਦੇ ਨੂੰ ਦੇਖ ਕੇ ਕੈਮ ਐਂ, ਕੈਮ ਐਂ ਦਾ ਰੌਲ਼ਾ ਪਾਈ ਜਾਈਏ, ਇਹ ਕਿੱਧਰਲਾ ਸਿਧਾਂਤ ਐ..?"

-"ਯਾਰ ਪਹਿਲੀ ਗੱਲ ਤਾਂ ਇਹ ਐ, ਬਈ ਲੋਕ ਮੈਰਿਜ ਪੈਲਿਸਾਂ ਵਿਚ ਵਿਆਹ ਸ਼ਾਦੀਆਂ ਕਰ ਕਰ ਦਿਵਾਲ਼ੇ ਕੱਢੀ ਜਾਂਦੇ ਐ ਆਬਦੇ-!"

-"ਗੱਲ ਇਹ ਐ ਬੰਤ ਸਿਆਂ, ਇਹ ਜਿਹੜਾ ਮੈਰਿਜ ਪੈਲਿਸਾਂ ਆਲ਼ਾ ਸਿਆਪਾ ਐ, ਇਹ ਤੋਰਿਆ ਕੀਹਨੇ ਐਂ...? ਇਹ ਆਪਾਂ 'ਬਾਹਰਲਿਆਂ' ਨੇ ਈ ਆਪਣੇ ਪੰਜਾਬ ਦੇ ਲੋਕਾਂ ਦੇ ਗਲ਼ ਕੁੱਤੇ ਵਾਂਗੂੰ ਕਲੀਂਡਰ ਪਾਇਐ..? ਰਿਵਾਜ ਆਪਾਂ ਤੋਰੇ ਐ, ਤੇ ਭੇਡ ਦੇ ਮਗਰ ਭੇਡ ਖੂਹ 'ਚ ਡਿੱਗਣ ਵਾਂਗੂੰ ਸਾਡੇ ਪੰਜਾਬੀ ਭਰਾ ਵੀ ਮੈਰਿਜ ਪੈਲਿਸਾਂ ਵਿਚ ਵਿਆਹ ਕਰ ਕਰ ਕੁਰਕ ਹੋਣ ਲੱਗ ਪਏ।" ਕਾਮਰੇਡ ਨੇ ਫਿਰ ਭੜ੍ਹਾਸ ਕੱਢੀ।

-"ਇਕ ਗੱਲ ਹੋਰ ਸੁਣ ਲਓ ਯਾਰ, ਪਿੱਛੇ ਜਿਹੇ ਮੈਂ ਪਿੰਡ ਗਿਆ ਸੀ ਨ੍ਹਾਂ...?" ਫ਼ੌਜੀ ਨੇ ਵਾਰੀ ਲੈਂਦਿਆਂ ਕਿਹਾ।

-"ਸਾਡੇ ਪਿੰਡ ਕਿਸੇ ਜੱਟ ਨੇ ਕੁੜੀ ਆਸਤੇ ਮੁੰਡਾ ਦੇਖਿਆ..! ਮੁੰਡਾ ਫ਼ਿੱਟ ਵੀ ਆ ਗਿਆ, ਕੁੜੀ ਵੀ ਮੁੰਡੇ ਆਲ਼ਿਆਂ ਨੂੰ ਪਸੰਦ ਆ ਗਈ, ਸਾਰਾ ਕੁਛ ਔਰੈਟ ਹੋ ਗਿਆ..! ਮੁੰਡੇ ਦਾ ਪਿਉ ਆਬਦੇ ਪਿੰਡ ਪਹੁੰਚ ਕੇ ਮੋਬਾਇਲ 'ਤੇ ਪੁੱਛਦੈ, ਅਖੇ ਰਿਸ਼ਤੇਦਾਰਾ ਵਿਆਹ ਕਿਹੜੇ ਪੈਲਿਸ 'ਚ ਕਰਨੈਂ...? ਕੁੜੀ ਦਾ ਪਿਉ ਕਹਿੰਦਾ ਸਰਦਾਰ ਜੀ, ਪੈਲਿਸ ਪੂਲਸ 'ਤੇ ਕਾਹਨੂੰ ਬਾਧੂ ਖਰਚਾ ਕਰਨੈ..? ਵਿਆਹ ਤਾਂ ਆਪਾਂ ਪਿੰਡ ਈ ਕਰਾਂਗੇ...! ਜਿਹੜਾ ਬਾਧੂ ਖਰਚਾ ਆਪਾਂ ਪੈਲਸ 'ਤੇ ਕਰਨੈਂ, ਮੁੰਡੇ ਕੁੜੀ ਨੂੰ ਕੋਈ ਚੀਜ ਬਣਾ ਕੇ ਦਿਆਂਗੇ..? ਮੁੰਡੇ ਦੇ ਪਿਉ ਨੇ ਮੋਬਾਇਲ ਫ਼ੋਨ 'ਤੇ ਈ ਵਿਆਹ ਵੱਲੋਂ ਝੱਗਾ ਚੱਕ ਦਿੱਤਾ...! ਅਖੇ ਸਾਡੀ ਤਾਂ ਬੇਇੱਜ਼ਤੀ ਹੋਜੂ..! ਸਾਡੇ ਤਾਂ ਰਿਸ਼ਤੇਦਾਰ ਆਖਣਗੇ ਬਈ ਸਾਲ਼ਿਆਂ ਨੇ ਨੰਗਾਂ ਨਾਲ਼ ਨਾਤਾ ਜੋੜ ਲਿਆ, ਵਿਆਹ ਪੈਲਿਸ 'ਚ ਨ੍ਹੀ ਕੀਤਾ...! ਐਹੋ ਜੀਆਂ ਤਾਂ ਆਪਣੇ ਲੋਕਾਂ ਦੀਆਂ ਗੱਲੈਂ!"

-"ਉਏ ਹੁਣ ਤਾਂ ਲੋਕ ਐਨੇ ਲੀਰ ਦੇ ਫ਼ਕੀਰ ਹੋਗੇ ਐ, ਪਤੰਦਰ ਗਲ਼ ਥਾਣੀਂ ਪਜਾਮਾ ਲਾਹੁੰਦੇ ਐ।"

-"ਹੋਰ ਸੁਣ ਲੈ ਫ਼ੌਜੀਆਂ...! ਸਿਆਣੇ ਕਹਿੰਦੇ ਹੁੰਦੇ ਐ, ਅਖੇ ਸੁਣ ਲੈ ਨਿਹਾਲਿਆ ਚੋਰਾਂ ਦੀਆਂ ਗੱਲਾਂ..! ਸਾਲ਼ੇ ਕੁੜੀ ਦੀ ਨੱਥ ਵੀ ਲੈ ਗਏ...! ਸਾਡੇ ਪਿੰਡ ਐਤਕੀਂ ਕਿਸੇ ਮੁੰਡੇ ਦਾ ਵਿਆਹ, ਪਤੰਦਰ ਜਿਉਂ ਸਵੇਰੇ ਪੰਜ ਵਜੇ ਤੋਂ ਸਪੀਕਰ 'ਚ ਬੋਲਣ ਲੱਗੇ, ਅਖੇ ਜੀ ਪਿੰਡ 'ਚ ਜੇ ਕਿਸੇ ਨੂੰ ਟਾਈ ਲਾਉਣੀ ਆਉਂਦੀ ਹੋਵੇ, ਵਿਆਹ ਆਲ਼ੇ ਘਰੇ ਪਹੁੰਚਣ ਦੀ ਕਿਰਪਾਲਤਾ ਕਰੇ..! ਅਖੇ ਵਿਆਹ ਆਲ਼ੇ ਮੁੰਡੇ ਦੇ

ਟਾਈ ਲਾਉਣੀ ਐਂ...!"

-"ਲੈ ਦੱਸ...! ਕੀ ਫ਼ਾਹਾ ਆਇਆ ਪਿਆ ਸੀ ਟਾਈ ਖੁਣੋਂ..? ਜਦੋਂ ਟਾਈ ਲਾਉਣੀ ਈ ਨ੍ਹੀ ਆਉਂਦੀ, ਨਾ ਲਾਓ...! ਸਾਲ਼ੇ ਟਾਈ ਦੇ...!"

-"ਫੇਰ ਕੀ ਭਾਈ? ਜਦੋਂ ਨਾ ਸਪੀਕਰ 'ਚ ਬੋਲਣੋਂ ਹਟੇ, ਤਾਂ ਮੇਰੇ ਘਰਆਲ਼ੀ ਕਹਿੰਦੀ ਅਖੇ ਤੁਸੀਂ ਜਾ ਕੇ ਟਾਈ ਲਾ ਆਓ, ਥੋਨੂੰ ਲਾਉਣੀ ਆਉਂਦੀ ਐ..! ਮੈਂ ਅੱਕ ਕੇ ਕਿਹਾ, ਚੁੱਪ ਕਰਕੇ ਪੈਜਾ, ਮੈਂ ਉਹਨਾਂ ਦਾ ਚੌਕੀਦਾਰ ਐਂ...? ਪਿਆ ਨ੍ਹੀ ਜਾਂਦਾ ਚੁੱਪ ਕਰਕੇ...? ਚਲੋ ਜੀ, ਮੇਰੇ ਘਰਆਲ਼ੀ ਐਨੀ ਤੱਤੀ, ਉਹਨੇ ਵਿਆਹ ਆਲਿਆਂ ਦੇ ਘਰੇ ਫ਼ੋਨ ਕਰ ਦਿੱਤਾ ਬਈ ਮੇਰੇ ਘਰਆਲ਼ੇ ਨੂੰ ਟਾਈ ਲਾਉਣੀ ਆਉਂਦੀ ਐ..! ਉਹਨੇ ਆਪ ਤਾਂ ਆਉਣਾਂ ਨ੍ਹੀ, ਥੋੜ੍ਹਾ ਜਿਆ ਢਿੱਲੈ, ਤੁਸੀਂ ਆਪ ਆ ਕੇ ਉਹਤੋਂ ਟਾਈ ਲੁਆ ਜਾਓ..! ਚਲੋ ਜੀ, ਉਹ ਆਏ, ਤੇ ਮੈਂ ਟਾਈ ਦੀ ਗੰਢ ਬੰਨ੍ਹ ਦਿੱਤੀ...! ਨਾਲ਼ ਖੜ੍ਹਾ ਵਿਚੋਲਾ ਪਿੱਟ ਉਠਿਆ, ਅਖੇ ਆਹ ਰੱਸਾ ਜਿਆ ਤਾਂ ਬਲੈਤੀਏ ਨੇ ਮਿੰਟ 'ਚ ਬੰਨ੍ਹਤਾ..? ਸਾਲ਼ਿਓ ਐਨੀ ਕੁ ਗੱਲ ਦੀ ਖਾਤਰ ਈ ਢੰਡੋਰਾ ਪਿੱਟੀ ਗਏ...? ਚਲੋ ਜੀ, ਟਾਈ ਲੱਗੀ, ਤਾਂ ਜੰਨ ਚੜ੍ਹੀ...!"

-"ਸਾਡੇ ਵੇਲ਼ੇ ਚਾਦਰੇ ਬੰਨ੍ਹ ਕੇ ਮਿੰਟ 'ਚ ਤੁਰ ਪੈਂਦੇ ਸੀ, ਹੁਣ ਤਾਂ ਸਾਲ਼ਿਆਂ ਦੇ ਲਟਰਮ ਪਟਰਮ ਈ ਲੋਟ ਨ੍ਹੀ ਆਉਂਦੇ, ਬੁੜ੍ਹਝ ਜੱਟਾਂ ਨੂੰ ਵੀ ਸੁਰਤ ਆਈ ਪਈ ਐ-!"

-"ਸੁਰਤ ਅਰਗੀ ਸੁਰਤ...? ਇਕ ਵਿਆਹ 'ਚ ਕੋਈ ਗਾਉਣ ਆਲ਼ਾ ਲੱਗਿਆ ਵਿਆ ਸੀਗਾ..! ਲੋਕ ਨੱਚੀ ਜਾਣ..! ਪੀਤੀ 'ਚ ਸਮਝ ਕਿਸੇ ਨੂੰ ਲੱਗੇ ਨਾ ਬਈ ਗਾਉਣ ਆਲ਼ਾ ਗਾਉਂਦਾ ਕੀ ਐ..? ਸਮਝ ਕੀ ਲੱਗਣੀ ਸੀ..? ਦਾਰੂ ਨਾਲ਼ ਤਾਂ ਜੱਟ ਟੁੰਨ ਹੁੰਦੇ ਐ! ਚਲੋ, ਤੇ ਭਾਈ ਗਾਉਣ ਆਲ਼ਾ ਗਾਈ ਜਾਵੇ, ਤੇ ਇਕ ਜੱਟ ਡਾਂਗ ਚੱਕੀ ਫਿਰੇ..! ਜੱਟ ਦੇ ਹੱਥ 'ਚ ਡਾਂਗ ਦੇਖ ਕੇ, ਤੇ ਜੱਟ ਦੇ ਤੌਰ ਭੌਰ ਦੇਖ ਕੇ ਗਾਉਣ ਆਲ਼ਾ ਬਿਚਾਰਾ ਘਾਬਰ ਗਿਆ ਬਈ ਜੱਟ ਕਿਤੇ ਡਾਂਗ ਨਾ ਵਾਹੁੰਣ ਲੱਗ ਪਵੇ...? ਉਹ ਗਾਉਂਦਾ ਗਾਉਂਦਾ ਡਰਦਾ ਰੁਕ ਗਿਆ, ਤੇ ਜੱਟ ਪਤਾ ਗਾਉਣ ਆਲ਼ੇ ਨੂੰ ਕੀ ਕਹਿੰਦਾ...?"

-"ਕੀ ਕਹਿੰਦਾ...?" ਸਾਰੇ ਗਿੱਦੜ ਦੇ ਹੁਆਂਕਣ ਵਾਂਗ ਇਕੱਠੇ ਹੀ ਬੋਲੇ।

-"ਕਹਿੰਦਾ ਅਖੇ ਤੂੰ ਗਾ ਬਾਈ...! ਤੈਨੂੰ ਮੈਂ ਕੁਛ ਨ੍ਹੀ ਆਖਦਾ...! ਮੈਂ ਤਾਂ ਉਹਨੂੰ ਭਾਲ਼ਦੈਂ, ਜਿਹੜਾ ਤੈਨੂੰ ਬੁੱਕ ਕਰ ਕੇ ਆਇਆ ਸੀ...!" ਫ਼ੌਜੀ ਦੀ ਗੱਲ ਨਾਲ਼ ਸਾਰੇ ਪਾਸੇ ਹਾਸੜ ਮੱਚ ਗਈ। ਕਾਮਰੇਡ ਦੇ ਮੂੰਹੋਂ ਬੀਅਰ ਦਾ ਫ਼ਰਾਟਾ ਵੱਜਿਆ। ਸਪਰੇਅ ਕਰਨ ਵਾਲ਼ਿਆਂ ਵਾਂਗ ਛਿੜਕਾਅ ਹੋ ਗਿਆ। ਸਾਰਿਆਂ ਨੇ ਪਾਸਾ ਜਿਹਾ ਵੱਟ ਕੇ ਆਪਣਾ ਬਚਾ ਕੀਤਾ।

-"ਅੱਜ ਕੱਲ੍ਹ ਦੇ ਜੁਆਕ ਵੀ ਸਾਲ਼ੇ ਘੱਟ ਨ੍ਹੀ-!"

-"ਘੱਟ ਬੰਤ ਸਿਆਂ ਅੱਜ ਕੱਲ੍ਹ ਹੈ ਕੌਣ...? ਸਾਰੇ ਈ ਸੋਲ਼ਾਂ ਕਲਾਂ ਸੰਪੂਰਨ ਸਮਝਦੇ ਐ ਆਬਦੇ ਆਪ ਨੂੰ!" ਕਾਮਰੇਡ ਨੇ ਮੂੰਹ ਸਾਫ਼ ਕਰਦਿਆਂ ਕਿਹਾ।

-"ਨਹੀਂ ਕਾਮਰੇਡਾ ਗੱਲ ਸੁਣਨ ਆਲ਼ੀ ਐ..! ਮੇਰੇ ਆਲ਼ੇ ਸਾਲ਼ੇ ਦਾ ਮੁੰਡਾ ਰਸੋਈ ਵਿਚ ਕਿਤੇ ਸੇਵੀਆਂ ਕੜਛੀ ਨਾਲ਼ ਈ ਖਾਣ ਲੱਗ ਪਿਆ..! ਮੇਰੇ ਘਰਆਲ਼ੀ ਉਹਨੂੰ ਆਖਣ ਲੱਗੀ, ਅਖੇ ਕੜਛੀ ਨੂੰ ਮੂੰਹ ਲਾ ਕੇ ਨ੍ਹੀ ਖਾਈਦਾ ਹੁੰਦਾ ਪੁੱਤ, ਹਾਬੜਾ ਲੱਗ ਜਾਂਦੈ..! ਪਤਾ ਕੀ ਕਹਿੰਦਾ...?"

ਉੱਤਰ ਦੀ ਉਡੀਕ ਵਿਚ ਕੋਈ ਨਾ ਬੋਲਿਆ।

-"ਕਹਿੰਦਾ ਭੂਆ ਜੀ, ਅੱਜ ਮੰਮੀ ਦੇ ਮੂੰਹ ਨੂੰ ਕੜਛੀ ਲਾਊਂਗਾ, ਅਖੇ ਜਦੋਂ ਮੰਮੀ ਨੂੰ ਹਾਬੜਾ ਲੱਗ ਗਿਆ, ਆਪੇ ਨਿੱਤ ਨਵੀਂ ਚੀਜ ਖਾਣ ਨੂੰ ਬਣਾਇਆ ਕਰੂ!"

-"ਠੀਕ ਐ ਫੇਰ..! ਲੋੜ ਕਾਢ ਦੀ ਮਾਂ ਐਂ..! ਇਹ ਵੀ ਦਿਮਾਗੀ ਬੱਚੇ ਦੀ ਗੱਲ ਐ...!" ਸੇਵਕ ਵਿਸਕੀ ਦੇ ਪੈੱਗ ਨੂੰ ਕਾਟੋ ਵਾਂਗ ਫੜੀ ਬੈਠਾ ਸੀ।

-"ਇਉਂ ਕਿਤੇ ਹਾਬੜੇ ਲੱਗਦੇ ਐ..? ਇਹ ਤਾਂ ਲੋਕਾਂ ਨੇ ਗੱਲਾਂ ਘੜ੍ਹੀਆਂ ਹੋਈਆਂ ਨੇ, ਬਈ ਅਗਲਾ ਚੀਜ ਜੂਠੀ ਨਾ ਕਰੇ!" ਕਾਮਰੇਡ ਨੇ ਤਰਕਸ਼ੀਲ ਦਲੀਲ ਅੱਗੇ ਲਿਆ ਰੱਖੀ।

-"ਬੰਤ ਸਿਆਂ, ਆਹ ਲੰਗਰ ਦਾ ਰੌਲ਼ਾ ਜਿਆ ਚੱਲਦਾ ਸੀ, ਆ ਗਿਆ ਲੋਟ..? ਅੱਧੇ ਕਹਿੰਦੇ ਸੀ

ਥੱਲੇ ਬੈਠ ਕੇ ਲੰਗਰ ਛਕੋ ਤੇ ਅੱਧੇ ਕਹਿੰਦੇ ਕੁਰਸੀਆਂ 'ਤੇ ਈ ਲੋਟ ਐ, ਹੋ ਗਿਆ ਮਸਲਾ ਹੱਲ...?" ਫ਼ੌਜੀ ਨੇ ਪੁੱਛਿਆ।

-"ਬਈ ਪਤਾ ਨ੍ਹੀ..! ਆਪਾਂ ਤਾਂ ਕਦੇ ਐਹੋ ਜੇ ਮਸਲਿਆਂ 'ਚ ਦਖਲ ਨ੍ਹੀ ਦਿੱਤਾ..! ਜੋ ਮਰਜੀ ਐ, ਕਰੀ ਜਾਣ..! ਜੇ ਥੱਲੇ ਬੈਠ ਕੇ ਮਿਲਜੇ, ਤਾਂ ਵੀ ਵਾਹਿਗੁਰੂ ਆਖ ਕੇ ਛਕ ਲਈਦੈ, ਜੇ ਕੁਰਸੀਆਂ 'ਤੇ ਮਿਲਜੇ, ਤਾਂ ਵੀ ਗੁਰੂ ਦਾ ਸ਼ੁਕਰਾਨਾਂ ਕਰ ਕੇ ਛਕ ਲਈਦੈ, ਹੈ ਤਾਂ ਗੁਰੂ ਕਾ ਲੰਗਰ ਈ..? ਨਾ ਉਹ ਕੁਰਸੀਆਂ 'ਤੇ ਭਿੱਟਿਆ ਜਾਂਦੈ, ਤੇ ਨਾ ਥੱਲੇ...! ਲੰਗਰ ਤਾਂ ਗੁਰੂ ਕਾ ਲੰਗਰ ਈ ਰਹਿੰਦੈ..! ਕਿਉਂ ਕਾਮਰੇਟਾ...?" ਬੰਤ ਸਿੰਘ ਨੇ ਮੱਲੋਮੱਲੀ ਕਾਮਰੇਡ ਤੋਂ ਹਾਮ੍ਹੀਂ ਭਰਵਾਉਣੀ ਚਾਹੀ।

-"ਇਸ ਬਾਰੇ ਮੈਂ ਇਕ ਉਦਾਹਰਣ ਦੇਣੀਂ ਚਾਹੂੰਗਾ...।" ਕਾਮਰੇਡ ਨੇ ਕਹਿਣਾਂ ਸ਼ੁਰੂ ਕੀਤਾ।

-"ਕਿਸੇ ਮੇਰੇ ਵਰਗੇ ਨੂੰ ਕੋਈ ਸੰਤ ਮਿਲ਼ ਪਿਆ...! ਉਸ ਨੇ ਸੰਤ ਜੀ ਨੂੰ ਪੁੱਛਿਆ ਕਿ ਸੰਤ ਜੀ, ਲੰਗਰ ਭੁੰਜੇ ਬੈਠ ਕੇ ਛਕਣਾਂ ਚਾਹੀਦੈ ਜਾਂ ਕੁਰਸੀਆਂ 'ਤੇ...? ਸੰਤ ਜੀ ਨੇ ਕਿਹਾ ਪੁਰਖਾ..! ਇਹ ਸਭ ਰੱਜੇ ਪੇਟ ਦੀਆਂ ਘਤਿੱਤਾਂ ਨੇ..! ਫਰਜ ਕਰੋ ਮੈਨੂੰ ਭੁੱਖ ਲੱਗੀ ਐ, ਉਦੋਂ ਨਾ ਮੈਨੂੰ ਫ਼ਰਸ਼ ਦਿਸਦੀ ਐ, ਤੇ ਨਾ ਕੁਰਸੀ..! ਬੱਸ ਮੈਨੂੰ ਐਨਾਂ ਪਤੈ ਬਈ ਮੈਨੂੰ ਭੁੱਖ ਲੱਗੀ ਐ, ਤੇ ਮੇਰਾ ਪੇਟ ਰੋਟੀ ਮੰਗਦੈ..! ਮੈਨੂੰ ਗੁਰੂ ਵੱਲੋਂ ਦੋ ਪ੍ਰਸ਼ਾਦਿਆਂ ਦੀ ਬਖ਼ਸ਼ਿਸ਼ ਹੋ ਜਾਵੇ, ਮੇਰੀ ਸੁਤਾ ਸ਼ਰਧਾ ਸਿਰਫ਼ ਗੁਰੂ ਕੇ ਲੰਗਰ ਵਿਚ ਹੋਵੇਗੀ, ਨਾ ਕਿ ਕੁਰਸੀ ਜਾਂ ਫ਼ਰਸ਼ 'ਤੇ..! ਕੋਝ ਸਿਰਫ਼ ਆਪਣੇ ਮਨ ਦੇ ਸ਼ੁਕਰਾਨੇ ਵਿਚ ਐ...! ਉਹਨਾਂ ਸਿੰਘਾਂ ਦੇ ਲੰਗਰ ਬਾਰੇ ਤੁਸੀਂ ਕੀ ਆਖੋਂਗੇ, ਜਿਹੜੇ ਘੋੜਿਆਂ ਦੀਆਂ ਕਾਠੀਆਂ 'ਤੇ ਬੈਠ ਕੇ, ਛੋਲਿਆਂ ਦੀ ਮੁੱਠੀ ਚੱਬ ਕੇ, ਗੁਰੂ ਦਾ ਸ਼ੁਕਰਾਨਾਂ ਕਰੀ ਜਾਂਦੇ ਸੀ...? ਉਹ ਛੋਲਿਆਂ ਨੂੰ ਈ ਗੁਰੂ ਦੇ ਬਦਾਮ ਦੱਸਦੇ ਸੀ-!"

-"ਨਾਲ਼ੇ ਰੱਬ ਦਾ ਨਾਂ ਸਾਥੋਂ ਵੱਧ ਜਪਦੇ ਸੀ-!"

-"ਤੇ ਨਾਲ਼ੇ ਛੁਡਾਉਂਦੇ ਸੀ ਲੋਕਾਂ ਦੀਆਂ ਧੀਆਂ ਭੈਣਾਂ-!"

-"ਨਾਲ਼ੇ ਲੜਦੇ ਸੀ ਭਿਆਨਕ ਜੰਗਾਂ...!"

-"ਪਰ ਯਾਰ, ਗੁਰੂ ਮਹਾਰਾਜ ਨੇ ਤਾਂ ਭੁੰਜੇ ਬੈਠ ਕੇ ਹੀ ਸੰਗਤ ਪੰਗਤ ਦੀ ਰੀਤ ਚਲਾਈ ਸੀ।"

-"ਗੁਰੂ ਮਹਾਰਾਜ ਨੇ ਤਾਂ ਦਸਵੰਧ ਕੱਢਣ ਦੀ ਰੀਤ ਵੀ ਚਲਾਈ ਸੀ..! ਦੱਸ ਖਾਂ ਕਿੰਨੇ ਕੁ ਆਪਣੀ ਕਮਾਈ 'ਚੋਂ ਦਸਵੰਧ ਕੱਢਦੇ ਐ..? ਸਵੇਰੇ ਅੰਮ੍ਰਿਤ ਵੇਲ਼ੇ ਉਠ ਕੇ, ਇਸ਼ਨਾਨ ਕਰਕੇ ਪੰਜ ਬਾਣੀਆਂ ਦੇ ਧਾਰਨੀ ਬਣਾਇਆ ਸੀ, ਦੱਸ ਕਿੰਨੇ ਕੁ ਇਸ 'ਤੇ ਅਮਲ ਕਰਦੇ ਐ...? ਜਾਤਾਂ ਪਾਤਾਂ 'ਚੋਂ ਸਾਨੂੰ ਗੁਰੂ ਮਹਾਰਾਜ ਨੇ ਕੱਢਿਆ ਸੀ, ਤੇ ਅੱਜ ਦੇਖ ਲੈ ਜਾਤਾਂ ਪਾਤਾਂ ਦੇ ਨਾਂ 'ਤੇ ਈ ਗੁਰੂ ਘਰ ਬਣੇ ਹੋਏ ਨੇ..! ਕੋਈ ਰਾਮਗੜ੍ਹੀਆ ਪ੍ਰੀਵਾਰ ਤੁਸੀਂ ਛੇਤੀ ਕੀਤੇ ਸਿੰਘ ਸਭਾ ਗੁਰਦੁਆਰੇ 'ਚ ਨਹੀਂ ਦੇਖੋਂਗੇ...! ਥੋਡੇ ਸਾਹਮਣੇ ਈ ਐ, ਆਹ ਰਾਮਗੜ੍ਹੀਆ ਗੁਰਦੁਆਰਾ, ਆਹ ਸਿੰਘ ਸਭਾ, ਆਹ ਰਵਿਦਾਸੀਏ ਸਿੱਖਾਂ ਦਾ, ਆਹ ਲੁਬਾਣੇਂ ਸਿੱਖਾਂ ਦਾ, ਦੱਸੋ ਫਿਰ ਗੁਰੂ ਦਾ ਘਰ ਕਿਹੜਾ ਹੋਇਆ...? ਇਹਨਾਂ ਗੱਲਾਂ ਵੱਲ ਅਸੀਂ ਧਿਆਨ ਨ੍ਹੀ ਦਿੰਦੇ, ਪਰ ਨਿੱਕੀ ਨਿੱਕੀ ਗੱਲ ਤੋਂ ਅਸੀਂ ਲੜੀ ਜਾਨੇ ਐਂ...! ਜਾਤਾਂ ਪਾਤਾਂ 'ਚੋਂ ਅਸੀਂ ਨਿਕਲ਼ ਨਹੀਂ ਸਕੇ, ਜਿੱਥੇ ਗੁਰੂ ਨੇ ਸਾਨੂੰ ਮਾਨਸ ਕੀ ਜਾਤ ਸੱਭੇ ਏਕੋ ਪਹਿਚਾਨਬੋ ਦਾ ਉਪਦੇਸ਼ ਦਿੱਤਾ, ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ਦਾ ਸਬਕ ਕਿੱਧਰ ਗਿਆ...? ਭੁੱਖੇ ਦਾ ਮੂੰਹ ਗੁਰੂ ਕੀ ਗੋਲਕ 'ਤੇ ਕਿੰਨੇ ਕੁ ਅਮਲ ਕਰਦੇ ਐ...? ਇੰਡੀਆ ਤੋਂ ਕੋਈ ਮੰਤਰੀ ਆ ਜਾਵੇ ਤਾਂ ਉਸ ਦੀ ਆਓ ਭਗਤ 'ਚ ਹਜਾਰਾਂ ਪੌਂਡ ਫੂਕ ਦੇਣਗੇ, ਕਿਸੇ ਲੋੜਵੰਦ ਦੀ ਜਮਾਂ ਮੱਦਦ ਨ੍ਹੀ ਕਰਦੇ..! ਤੇ ਜੇ ਅਸੀਂ ਗੁਰੂ ਮਹਾਰਾਜ ਦੇ ਇਹਨਾਂ ਉਪਦੇਸ਼ਾਂ ਵੱਲ ਧਿਆਨ ਨਹੀਂ ਦਿੰਦੇ, ਤਾਂ ਦੂਜਿਆਂ ਵੱਲ ਉਂਗਲ਼ ਕਰਕੇ ਕਿਉਂ ਲੜਾਈ ਵਿੱਢਦੇ ਹਾਂ...?" ਰਮਣੀਕ ਦੀਆਂ ਦਲੀਲਾਂ ਨੇ ਸਾਰਿਆਂ ਨੂੰ ਸੋਚਾਂ ਵਿਚ ਪਾ ਦਿੱਤਾ।

-"ਚਲੋ ਛੱਡੋ..! ਇਹ ਗੱਲਾਂ ਹੈਗੀਐਂ ਧਰਮੀਂ ਜਾਂ ਕੌਮੀਂ! ਕੋਈ ਹੋਰ ਗੱਲ ਕਰੋ...!" ਕਾਮਰੇਡ ਨੇ ਵਿਸ਼ਾ ਬਦਲਣਾਂ ਚਾਹਿਆ।

-"ਉਏ ਆਪਣੀ ਤਾਂ ਉਹ ਗੱਲ ਐ, ਦੋ ਅਮਲੀ ਦਾਰੂ ਪੀ ਜਾਂਦੇ ਸੀ, ਅਸਮਾਨ 'ਚ ਦੋ ਕਾਂ ਉਡੇ ਜਾਂਦੇ ਸੀ..! ਇਕ ਅਮਲੀ ਦੂਜੇ ਨੂੰ ਕਹਿੰਦਾ ਅਖੇ ਦੇਖ ਉਏ, ਕੀ ਦੇ ਮਗਰ ਕੀ ਉਡਿਆ ਜਾਂਦੈ..? ਦੂਜੇ ਨੇ

ਇਹ ਨ੍ਹੀ ਕਿਹਾ ਬਈ ਕਾਂ ਦੇ ਮਗਰ ਕਾਂ ਉਡਿਆ ਜਾਂਦੈ, ਕਹਿੰਦਾ ਛੱਡ ਯਾਰ, ਪੈੱਗ ਪਾ...! ਐਹੋ ਜਿਆਂ ਦੇ ਮਗਰ ਐਹੋ ਜੇ ਈ ਉਡਦੇ ਹੁੰਦੇ ਐ...!"

ਹਾਸਾ ਮੱਚ ਗਿਆ।

-"ਥੋਨੂੰ ਮੈਂ ਇਕ ਜੋਕ ਸੁਣਾਉਣੈਂ-ਇਕ ਵਾਰੀ ਇਕ ਇਕ ਅਮਲੀ ਮਰ ਗਿਆ-!"

-"ਅੱਛਾ...!" ਬੰਤ ਸਿੰਘ ਡੱਬਾ ਲੈ ਕੇ ਲੋਟ ਹੋ ਕੇ ਸਾਹਮਣੇ ਬੈਠ ਗਿਆ।

-"ਅਮਲੀਆਂ ਦੀ ਕੌਂਸਲ ਨੇ ਅਮਲੀ ਦਾ ਸਸਕਾਰ ਬੜੀ ਠਾਠ ਨਾਲ਼ ਕੀਤਾ ਜੀ..! ਮੂੰਹ 'ਚ ਸ਼ਰਾਬ ਪਾਈ, ਭੁੱਕੀ ਭੋਰੀ, ਅਰਥੀ 'ਤੇ ਸ਼ਰਾਬ ਦਾ ਛਿੜਕਾਅ ਕੀਤਾ, ਅਗਨੀ ਦਿਖਾਉਣ ਲੱਗਿਆਂ ਨੇ ਫ਼ੀਮ ਦਾ ਕੰਡਾ ਮੂੰਹ 'ਚ ਪਾਇਆ...! ਅਖੇ ਅਮਲੀ ਦੀ ਸੁਤਾ ਪਿੱਛੇ ਨਾ ਰਹਿਜੇ...? ਸਸਕਾਰ ਤੋਂ ਬਾਅਦ ਅਮਲੀਆਂ ਨੇ ਉਸ ਨੂੰ ਸ਼ਰਧਾਂਜਲੀ ਦੇਣ ਵਾਸਤੇ ਪ੍ਰੋਗਰਾਮ ਉਲੀਕਿਆ, ਭੁੱਕੀ ਲਿਆਂਦੀ, ਅਫ਼ੀਮ ਦਾ ਭੰਡਾਰਾ ਚਲਾਇਆ, ਰੂੜੀ ਮਾਰਕਾ ਦੀਆਂ ਬੋਤਲਾਂ ਕੱਢ ਕੇ ਭੰਡਾਰੇ ਵਿਚ ਰੱਖੀਆਂ...! ਤੇ ਲਾ ਕੇ ਚਾਰ ਚਾਰ ਪੈੱਗ, ਅਮਲੀਆਂ ਦੀ ਕੌਂਸਲ ਦੇ ਪ੍ਰਧਾਨ ਨੇ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕੀਤੀ-!"

-"ਕਿਵੇਂ ਕੀਤੀ...?"

-"ਅਖੇ ਜੀ ਬੋਘੂ ਅਮਲੀ ਦੇ ਤੁਰ ਜਾਣ ਨਾਲ਼ ਅਮਲੀ ਜਗਤ ਨੂੰ ਇਕ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ ਹੈ, ਉਸ ਦੀ ਯਾਦ ਵਿਚ ਉਸ ਦੀ ਬਰਸੀ 'ਤੇ ਹਰ ਸਾਲ ਅਮਲੀ ਸਭਾ ਬੁਲਾਈ ਜਾਇਆ ਕਰੇਗੀ ਅਤੇ ਮਹੀਨੇ ਵਿਚ ਘੱਟੋ ਘੱਟ ਇਕ ਵਾਰੀ ਬੇਸੁਰਤ ਹੋ ਕੇ ਡਿੱਗਣ ਵਾਲ਼ੇ ਅਮਲੀ ਨੂੰ 'ਧਤੂਰਾ ਪੁਰਸਕਾਰ' ਬਖ਼ਸ਼ਿਆ ਜਾਇਆ ਕਰੇਗਾ...! ਸਾਡੇ ਵਿਛੜ ਚੁੱਕੇ ਸਾਥੀ ਅਮਲੀ ਦੀਆਂ ਪਾਈਆਂ ਬਲ਼ਦ ਮੂਤਣੀਆਂ ਨੂੰ ਹਰ ਸਾਲ ਯਾਦ ਕੀਤਾ ਜਾਇਆ ਕਰੇਗਾ, ਤੇ ਜਾਣ ਲੱਗੇ ਧਮਕੀਆਂ ਜੀਆਂ ਵੀ ਦੇ ਗਏ...!

-"ਉਹ ਕੀ...?"

-"ਅਖੇ ਭੁੱਕੀ ਤੇ ਸ਼ਰਾਬ ਵਿਚ ਮਿਲਾਵਟ ਕਰਨ ਵਾਲ਼ਿਆਂ ਨੂੰ ਅਸੀਂ ਤਾੜਨਾਂ ਕਰਦੇ ਐਂ ਕਿ ਉਹਨਾਂ ਨੂੰ ਹੁਣ ਬਾਜ ਆ ਜਾਣਾਂ ਚਾਹੀਦੈ..! ਅਮਲੀ ਯੂਨੀਅਨ ਨੇ ਬਹੁਤ ਚਿਰ ਸਬਰ ਕਰ ਲਿਆ, ਬਹੁਤ ਕੁਝ ਬਰਦਾਸ਼ਤ ਕਰ ਲਿਆ..! ਤੇ ਅਸੀਂ ਸਰਕਾਰ ਨੂੰ ਵੀ ਅਪੀਲ ਕਰਦੇ ਹਾਂ ਕਿ ਅਮਲੀ ਯੂਨੀਅਨ ਦੇ ਕਾਰਕੁੰਨਾਂ ਨੂੰ ਅਮਲੀ ਪੈਨਸ਼ਨ ਲਾਈ ਜਾਵੇ ਅਤੇ ਹੋਰ ਯੋਗ ਭੱਤੇ ਮੁਹੱਈਆ ਕਰਵਾਏ ਜਾਣ..! ਅਗਰ ਸਰਕਾਰ ਨੇ ਅਮਲੀ ਯੂਨੀਅਨ ਦੀ ਕੋਈ ਗੱਲ ਨਾ ਸੁਣੀਂ, ਤਾਂ ਜਹਾਦ ਛੇੜਿਆ ਜਾਵੇਗਾ ਅਤੇ ਧਰਨੇ ਦਿੱਤੇ ਜਾਣਗੇ...!"

-"ਆਹ ਤਾਂ ਬਈ ਕੋਲ਼ੋ ਈ ਜੋੜ ਕੇ ਛੱਡਤੀ ਫ਼ੌਜੀਆ-!" ਰਮਣੀਕ ਨੇ ਹੱਸਦਿਆਂ ਆਖਿਆ।

-"ਨ੍ਹਾ ਹੋਰ ਤੈਨੂੰ ਮੁਫ਼ਤ 'ਚ ਮੈਂ ਲਾਇਬ੍ਰੇਰੀ 'ਚੋਂ ਲਿਆ ਕੇ ਸੁਣਾਇਆ ਕਰਾਂ...?" ਫ਼ੌਜੀ ਨੇ ਉਲਟਾ ਵਾਰ ਕੀਤਾ।

ਸਾਰੇ ਹੱਸ ਪਏ!

-"ਯਾਰ ਦਿਨੋਂ ਦਿਨ ਕੋਈ ਨਾ ਕੋਈ ਨਵਾਂ ਵਾਦ ਵਿਵਾਦ ਉਠਦੈ-!" ਕਾਮਰੇਡ ਬੋਲਣ ਹੀ ਲੱਗਿਆ ਸੀ ਕਿ ਬੰਤ ਸਿੰਘ ਉਸ ਦੀ ਗੱਲ ਕੱਟ ਕੇ ਬੋਲਿਆ।

-"ਕਾਮਰੇਟਾ ਤੂੰ ਵਾਦ ਵਿਵਾਦ ਦੀ ਸੁਣ ਲੈ...! ਸਾਰੀ ਦੁਨੀਆਂ 'ਵਾਦਾਂ' ਨੇ ਈ ਮਾਰਲੀ..!"

-"ਚਾਨਣਾਂ ਪਾਅ...!" ਫ਼ੌਜੀ ਨੇ ਬੀਅਰ ਦਾ ਡੱਬਾ ਖਾਲੀ ਕਰ ਕੇ ਕੂੜੇ ਵਾਲ਼ੇ ਢੋਲ ਵਿਚ ਸੁੱਟ ਦਿੱਤਾ।

-"ਦੇਖ ਫ਼ੌਜੀਆ-!" ਬੰਤ ਸਿੰਘ ਨੇ ਵੀ ਬੀਅਰ ਦਾ ਡੱਬਾ ਖਾਲੀ ਕਰਦਿਆਂ ਕਿਹਾ। ਉਸ ਦਾ ਮੂਡ ਬਣਿਆਂ ਹੋਇਆ ਸੀ, "ਪਹਿਲਾਂ ਨਕਸਲਵਾਦ, ਫੇਰ ਖਾੜਕੂਵਾਦ, ਬੁਸ਼ਵਾਦ, ਸੱਦਾਮਵਾਦ, ਬਿਨ ਲਾਦਨਵਾਦ, ਬਲੇਅਰਵਾਦ, ਹੁਣ ਮੈਨੂੰ ਹੋਰ ਡਰ ਲੱਗਣ ਲੱਗ ਪਿਐ..!"

-"ਉਹ ਵੀ ਦੱਸ ਦੇਹ, ਕੱਚ ਨਾ ਰੱਖ ਕੋਈ...!" ਫ਼ੌਜੀ ਨੇ ਬੰਤ ਸਿੰਘ ਦੀ ਪੂਛ ਨੂੰ ਵੱਟ ਚਾੜ੍ਹਿਆ। ਨਸ਼ਾ ਦੋਨਾਂ ਦੀਆਂ ਅੱਖਾਂ ਵਿਚ ਹੀ ਖ਼ੌਰੂ ਪਾਉਂਦਾ ਸੀ।

-"ਹੁਣ ਸ਼ੁਰੂ ਹੋਇਐ ਯੋਗਾਵਾਦ, ਫੇਰ ਸ਼ੁਰੂ ਹੋਊ ਲਸਣਵਾਦ, ਫੇਰ ਅਧਰਕਵਾਦ...!"

-"ਚੱਲ ਬੱਸ ਕਰ, ਪੀਤੀ ਬੀਅਰ ਦਾ ਮੁੱਲ ਤੂੰ ਮੋੜਤੈ...!" ਫ਼ੌਜੀ ਨੇ ਬੰਤ ਸਿੰਘ ਨੂੰ ਬਰੇਕ ਲਾਏ।

-"ਬਾਬਾ ਤੂੰ ਨ੍ਹੀ ਬੋਲਦਾ ਅੱਜ...? ਤੂੰ ਕਿਵੇਂ ਪੈਂਚਰ ਜਿਆ ਹੋਇਆ ਬੈਠੈਂ...?" ਬੰਤ ਸਿੰਘ ਨੇ ਬਾਬਾ ਫ਼ੌਜਾ ਸਿੰਘ ਨੂੰ ਹੁੱਝ ਲਾਈ।

-"ਜੇ ਕਹੋਂ ਮੈਂ ਕੋਈ ਸੁਣਾਂ ਦਿੰਨੈਂ, ਪਰ ਆਪਾਂ ਤਾਂ ਸਰੋਤਿਆਂ 'ਚ ਈ ਆਉਨੇ ਆਂ ਭਾਈ...!" ਫ਼ੌਜਾ ਸਿੰਘ ਨੇ ਕਿਹਾ।

-"ਨਹੀਂ ਬਾਬਾ...! ਤੋੜ ਵਿਛੋੜੀ ਨਾ ਕਰ..! ਇਕ ਅੱਧੇ ਚੁੱਟਕਲੇ ਦਾ ਤਾਂ ਯੋਗਦਾਨ ਪਾ...!" ਕਾਮਰੇਡ ਬੋਲਿਆ।

-"ਲਓ ਫੇਰ ਸੁਣੋ...! ਕਿਸੇ ਮੰਤਰੀ ਨੇ ਡਾਕਟਰ ਨੂੰ ਪੁੱਛਿਆ, ਡਾਕਟਰ ਸਾਹਿਬ ਮੇਰੀ ਰਿਪੋਰਟ ਜ਼ਰਾ ਮੇਰੇ ਸਮਝਣ ਵਾਲ਼ੀ ਭਾਸ਼ਾ 'ਚ ਦੱਸੋ...! ਤਾਂ ਡਾਕਟਰ ਨੇ ਮੰਤਰੀ ਜੀ ਦੀ ਭਾਸ਼ਾ ਵਿਚ ਡਾਕਟਰੀ ਰਿਪੋਰਟ ਪੜ੍ਹਨੀ ਸ਼ੁਰੂ ਕਰ ਦਿੱਤੀ, ਕਹਿੰਦਾ ਮੰਤਰੀ ਜੀ, ਰਿਪੋਰਟ ਦੇ ਅਨੁਸਾਰ ਤੁਹਾਡਾ ਬਲੱਡ ਪ੍ਰੈਸ਼ਰ ਘੋਟਾਲ਼ਿਆਂ ਵਾਂਗ ਵਧ ਗਿਆ ਹੈ, ਫ਼ੇਫ਼ੜੇ ਝੂਠੀ ਤਸੱਲੀ ਦੇ ਰਹੇ ਨੇ, ਤੇ ਗੁਰਦੇ ਤਿਆਗ ਪੱਤਰ ਦੇਣ ਵਾਲ਼ੇ ਹਨ...!" ਬਾਬੇ ਦੀ ਗੱਲ ਸੁਣ ਕੇ ਸਾਰੇ ਹੱਸ ਪਏ।

-"ਵਾਹ ਜੀ ਵਾਹ...!" ਕਾਮਰੇਡ ਹੱਸਦਾ ਸਿਰ ਫੇਰੀ ਜਾ ਰਿਹਾ ਸੀ।

-"ਕਿਸੇ ਮਾਸਟਰ ਨੇ ਵਿਦਿਆਰਥੀ ਨੂੰ ਪੁੱਛਿਆ, ਕਾਕਾ 'ਅੰਬੈਸਡਰ' ਕਿਸ ਨੂੰ ਕਹਿੰਦੇ ਨੇ..? ਵਿਦਿਆਰਥੀ ਕਹਿੰਦਾ ਅਖੇ ਜੀ ਕਾਰ ਨੂੰ, ਮਾਸਟਰ ਕਹਿਣ ਲੱਗਿਆ, ਉਏ ਨਹੀਂ! ਮੇਰਾ ਮਤਲਬ 'ਰਾਜਦੂਤ' ਕਿਸ ਨੂੰ ਆਖਦੇ ਨੇ..? ਕਹਿੰਦਾ ਜੀ ਮੋਟਰਸਾਈਕਲ ਨੂੰ...!"

-"ਨਜ਼ਾਰੇ ਆਗੇ..! ਅੱਜ ਜੰਮੀ ਐਂ ਮਹਿਫ਼ਲ...! ਅੱਜ ਮਨਾਇਆ ਗਿਐ ਬੌਕਸਿੰਗ-ਡੇ ਪੂਰੀ ਤਸੱਲੀ ਨਾਲ਼..!" ਕਾਮਰੇਡ ਪੂਰਾ ਖ਼ੁਸ਼ ਸੀ।

-"ਬੰਤ ਸਿਉਂ ਬਿਨਾਂ ਤਾਂ ਯਾਰ ਮਹਿਫ਼ਲ ਸੁੰਨੀ ਸੁੰਨੀ ਜੀ ਲੱਗਦੀ ਸੀ-!"

-"ਦੇਖਲਾ ਫੇਰ..! ਅੱਜ ਬੀਅਰ ਦੇ ਡੱਬਿਆਂ ਨੇ ਵੀ ਰੰਗ ਬੰਨ੍ਹਤਾ..!" ਫ਼ੌਜੀ ਨੇ ਅਗਲੇ ਡੱਬੇ ਦਾ ਮੂੰਹ ਪੱਟਦਿਆਂ ਕਿਹਾ।

-"ਕਾਮਰੇਡ ਸਾਹਿਬ..! ਆਹ ਅਕਾਲੀਆਂ ਦੀ ਆਪਸੀ ਲੜਾਈ ਮਿਟੂ ਕਿ ਨਹੀਂ...?" ਫ਼ੌਜੀ ਨੇ ਅਗਲਾ ਅੱਧਾ ਡੱਬਾ ਖਾਲੀ ਕਰਦੇ ਨੇ ਨਵੀਂ ਗੱਲ ਤੋਰੀ।

-"ਫ਼ੌਜੀਆ...! ਆਪਸੀ ਲੜਾਈ ਤਾਂ ਖ਼ੈਰ ਮਿਟ ਜਾਂਦੀ ਐ, ਕੋਈ ਵੱਡੀ ਗੱਲ ਨਹੀਂ...! ਪਰ ਜਿਹੜੀ ਸੈਂਟਰ ਗੌਰਮਿੰਟ ਨਾਲ਼ ਲੜਾਈ ਐ, ਇਹਨਾਂ ਨੂੰ ਉਹਦੇ ਬਾਰੇ ਜਰੂਰ ਸੋਚਣਾਂ ਚਾਹੀਦੈ...! ਪਾਣੀਆਂ ਦੇ ਮਸਲੇ, ਕਿਸਾਨਾਂ ਸਿਰ ਕਰਜ਼ੇ, ਕਿਸਾਨਾਂ ਵੱਲੋਂ ਧੜਾਂ ਧੜ ਖ਼ੁਦਕਸ਼ੀਆਂ...!"

-"ਕਾਮਰੇਡ ਸਾਹਿਬ...! ਮਾਫ਼ ਕਰਨਾਂ, ਅਕਾਲੀਆਂ ਦੇ ਨਾਅਰਿਆਂ ਵਿਚ ਈ ਕਾਣ ਐਂ...! ਲੈ ਕੇ ਕੀ ਇਹਨਾਂ ਨੇ ਪੰਜਾਬ ਲਈ ਸੁਆਹ ਡਿੱਗਣੈਂ...?"

-"ਉਹ ਕਿਵੇਂ...?" ਫ਼ੌਜੀ ਬੀਅਰ ਨਾਲ਼ 'ਬਾਬੂ' ਬਣਿਆਂ ਬੈਠਾ ਸੀ।

-"ਇਹ ਪਤੰਦਰ ਨਾਅਰਾ ਈ ਪੁੱਠਾ ਮਾਰਦੇ ਐ-!"

-"ਉਹ ਕਿਹੜਾ, ਇਹ ਵੀ ਦੱਸ...? ਅੱਗੇ ਤਾਂ ਤੁਰ...! ਥਾਂ 'ਤੇ ਈ ਸਲਿੱਪ ਕਰੀ ਜਾਨੈਂ...?" ਫ਼ੌਜੀ ਦੀ ਜੁਬਾਨ ਮੂੰਹ ਵਿਚ ਡੱਕ-ਡੱਕ ਵੱਜਣ ਲੱਗ ਪਈ ਸੀ। ਉਹ ਬੀਅਰ ਦੇ ਡੱਬੇ ਵੀ ਬੜੀ ਤੇਜ਼ੀ ਨਾਲ਼ ਨਬੇੜ ਰਿਹਾ ਸੀ। ਵਿਸਕੀ ਅਜੇ ਸ਼ੁਰੂ ਹੋਣੀਂ ਸੀ।

-"ਅਕਾਲੀ ਨਾਅਰਾ ਮਾਰਦੇ ਐ, "ਰਾਜ ਲੈ ਕੇ, ਛੱਡਾਂਗੇ...! ਰਾਜ ਲੈ ਕੇ, ਛੱਡਾਂਗੇ...!!" ਬਈ ਰਾਜ ਲੈ ਲਵਾਂਗੇ, ਤੇ ਫੇਰ ਛੱਡ ਵੀ ਦਿਆਂਗੇ! ਬਈ ਭਲਿਓ ਮਾਣਸੋ, ਨਾਅਰਾ ਤਾਂ ਚੱਜ ਨਾਲ਼ ਲਾ ਲਓ..! ਤੁਸੀਂ ਨਾਅਰਾ ਮਾਰੋ ਬਈ "ਰਾਜ ਲੈ ਕੇ ਰਹਾਂਗੇ...! ਰਾਜ ਲੈ ਕੇ ਰਹਾਂਗੇ...!!" ਇਹ ਪੁੱਠੇ ਤੁਰ ਪੈਂਦੇ ਐ, ਅਖੇ ਰਾਜ ਲੈ ਕੇ, ਛੱਡਾਂਗੇ...!"

ਹਾਸੜ ਮੱਚ ਗਈ।

-"ਇਕ ਹੋਰ ਦੇਖਲੋ...! ਆਹ ਪਿੱਛੇ ਜਿਹੇ ਰੈਲੀ ਹੋਈ ਸੀ ਨ੍ਹਾਂ...?"

-"ਆਹੋ ਰੈਲੀਆਂ ਤਾਂ ਹੁੰਦੀਆਂ ਈ ਰਹਿੰਦੀਐਂ...!"

-"ਖ਼ੈਰ, 'ਕਾਲੀਆਂ ਨੇ ਬੈਨਰ ਪਤਾ ਕੀ ਬਣਵਾਏ? ਮੰਤਰੀ ਦਾ ਨਾਂ ਲਿਖਿਆ ਵਾ, ਨਾਂ ਤਾਂ ਕਾਹਨੂੰ ਲੈਣੈਂ..? ਬੈਨਰ 'ਤੇ ਲਿਖਿਆ ਅਖੇ, ਮੰਤਰੀ ਜੀ ਤੇਰੀ ਸੋਚ 'ਤੇ - ਪਹਿਰਾ ਦਿਆਂਗੇ ਠੋਕ ਕੇ...! ਇਹ ਨਾਅਰਾ ਉਦੋਂ ਮਾਰਦੇ ਹੁੰਦੇ ਐ, ਜਦੋਂ ਕੋਈ ਚੰਗੇ ਕੰਮ ਕਰਨ ਵਾਲ਼ਾ ਮਰ ਜਾਵੇ, ਤੇ ਉਸ ਦੇ ਜਾਣ ਤੋਂ ਬਾਅਦ ਉਸ ਦੇ ਸਸਕਾਰ 'ਤੇ, ਜਾਂ ਉਸ ਦੇ ਭੋਗ 'ਤੇ ਨਾਅਰੇ ਮਾਰਦੇ ਹੁੰਦੇ ਬਈ ਮੰਤਰੀ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ...! ਤੇ ਇਹ ਪਤੰਦਰ ਜਿਉਂਦੇ ਨੂੰ ਈ ਮਾਰੀ ਜਾਂਦੇ ਐ...? ਅਖੇ ਮੰਤਰੀ ਜੀ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ...! ਲਓ ਕਰ ਲਓ ਘਿਉ ਨੂੰ ਭਾਂਡਾ...! ਕਿੰਨੇ ਬੇਅਕਲੇ ਐ...!"

-"ਉਏ ਮੰਤਰੀਆਂ ਸ਼ੰਤਰੀਆਂ ਦੇ ਚਮਚਿਆਂ ਤੇ ਚਾਪਲੂਸਾਂ ਦਾ ਤਾਂ ਸਾਧ ਦੀ ਕੁੱਤੀ ਆਲ਼ਾ ਹਾਲ ਐ...! ਸਾਧ ਦੀ ਕੁੱਤੀ ਮਾਂਗੂੰ ਜੀਹਦੀ ਢੂਹੀ ਨੂੰ ਆਟਾ ਲੱਗਿਆ ਹੋਵੇ, ਉਸ ਦੇ ਮਗਰ ਈ ਤੁਰ ਪੈਣਗੇ ਬਈ ਐਥੋਂ ਰੋਟੀ ਦੀ ਬੁਰਕੀ ਜਰੂਰ ਮਿਲੂ...!"

-"ਇਕ ਗੱਲ ਮੰਤਰੀਆਂ ਦੀ ਹੋਰ ਐ...! ਵੋਟਾਂ ਲੈਣ ਆਉਣਗੇ ਤੇ ਆਖਣਗੇ, ਅਸੀਂ ਰਾਜ ਨਹੀਂ, ਸੇਵਾ ਕਰਾਂਗੇ...! ਪਰ ਜਦੋਂ ਲੈ ਲੈਂਦੇ ਐ ਵੋਟਾਂ? ਤੇ ਓਸ ਤੋਂ ਬਾਅਦ ਦਿਖਾਲ਼ੀ ਈ ਨ੍ਹੀ ਦਿੰਦੇ ਪਤੰਦਰ-!"

-"ਉਹ ਦਿਖਾਈ ਕਿਉਂ ਦੇਣ...? ਕੋਠਾ ਉਸਰਿਆ ਤੇ ਤਰਖਾਣ ਵਿਸਰਿਆ-!"

-"ਉਏ ਨਹੀਂ...! ਵੋਟਾਂ ਮਗਰੋਂ ਰਾਜ ਆਪ ਕਰਦੇ ਐ ਤੇ 'ਸੇਵਾ' ਲੋਕਾਂ ਦੀ ਪੁਲ਼ਸ ਕਰਦੀ ਐ...!"

-"ਉਏ ਸੱਚ ਯਾਰ..? ਆਹ ਪਿੱਛੇ ਜਿਹੇ ਅਖ਼ਬਾਰ 'ਚ ਖ਼ਬਰ ਛਪੀ ਸੀ ਬਈ ਦੁੱਧ ਦੇ ਵਪਾਰੀਆਂ ਨੂੰ ਪਰਮਿਟ 'ਤੇ ਇੰਗਲੈਂਡ ਸੱਦਿਆ ਜਾਊ...?"

-"ਤੇ ਬੱਕਰੀਆਂ ਆਲ਼ੇ ਵੀ ਇਸ ਕੈਟਾਗਰੀ 'ਚ ਆਉਂਦੇ ਐ...?"

-"ਤੂੰ ਕੋਈ ਮੰਗਵਾਉਣਾਂ ਹੋਊ?"

-"ਉਏ ਕਾਹਨੂੰ? ਮੈਂ ਤਾਂ ਸੁਤੇ ਈ ਪੁੱਛਿਆ ਸੀ! ਤੁਸੀਂ ਮੇਰੇ 'ਤੇ ਗੱਲ ਕਾਹਨੂੰ ਲਿਆ ਖੜਾਉਣੇ ਐਂ?"

-"ਮੈਨੂੰ ਬੱਕਰੀਆਂ ਆਲ਼ੇ ਤੋਂ ਇਕ ਗੱਲ ਯਾਦ ਆਗੀ..!"

-"ਕੋਈ ਚੱਜ ਦੀ ਸੁਣਾਈਂ...!"

-"ਕਿਉਂ...? ਸੱਤ ਸੰਗ 'ਚ ਬੈਠੈਂ...?"

-"ਚੱਲ ਤੂੰ ਸੁਣਾਂ ਤਾਂ ਸਹੀ...! ਕਾਹਨੂੰ ਵੱਢਣ ਆਉਨੈਂ?"

-"ਸਾਡੇ ਪਿੰਡ ਇਕ ਸੱਜਣ ਸੀ ਬੱਕਰੀਆਂ ਆਲ਼ਾ...! ਉਹਦੇ ਸਾਰੇ ਸਰੀਰ 'ਤੇ ਦੈਂਤਾਂ ਵਾਂਗੂੰ ਜੱਤ...! ਇਕ ਦਿਨ ਉਹ ਸਵੇਰੇ ਮੂੰਹ 'ਨ੍ਹੇਰੇ ਨ੍ਹਾਈ ਜਾਵੇ...! ਤੇ ਉਧਰੋਂ ਆ ਗਿਆ ਉਹਦਾ ਗੁਆਂਢੀ ਤਾਇਆ...! ਤਾਏ ਨੂੰ ਨ੍ਹੀ ਸੀ ਪਤਾ ਬਈ ਉਹਦੇ ਸਰੀਰ 'ਤੇ ਐਨੀ ਜੱਤ ਐ..? ਚਲੋ ਜੀ, ਤਾਏ ਨੇ ਨਹਾਉਂਦੇ ਸੱਜਣ ਦੇ ਠਾਹ ਦੇਣੇ ਡਾਂਗ ਮਾਰੀ...! ਕਹਿੰਦਾ ਮੇਰੇ ਸਾਲ਼ੇ ਦਾ ਕਮਲ਼ਾ, ਸਣੇਂ ਕੰਬਲ਼ ਈ ਨ੍ਹਾਈ ਜਾਂਦੈ...! ਕੁੜ੍ਹੀ ਯ੍ਹਾਵੇ ਦਾ ਕਮਲ਼ਾ ਲਾਣਾਂ...!"

ਹਾਸੜ ਪੈ ਗਈ।

-"ਫੇਰ...? ਸੱਜਣ ਗਿੱਲੇ ਪਿੰਡੇ ਡਾਂਗ ਵੱਜਣ ਨਾਲ਼ ਪਿੱਟ ਉਠਿਆ..! ਕਹਿੰਦਾ, ਤਾਇਆ ਮੈਂ ਭੂਰੇ ਸਣੇਂ ਨ੍ਹੀ ਨ੍ਹਾਉਂਦਾ, ਮੇਰੇ ਸਰੀਰ 'ਤੇ ਜੱਤ ਈ ਐਨੀ ਐਂ, ਭੂਰੇ ਦਾ ਤਾਂ ਭੁਲੇਖਾ ਪੈਂਦੈ...! ਤੇ ਤਾਇਆ ਭੈਮਾਨ ਜਿਆ ਹੋ ਗਿਆ, ਕਹਿੰਦਾ ਮਾਫ਼ ਕਰੀਂ ਸੱਜਣਾਂ, ਮੈਂ ਤਾਂ ਸੱਚੀਂ ਭੁਲੇਖਾ ਖਾ ਗਿਆ ਸੀ ਬਈ ਕਿਤੇ ਸਾਲ਼ਾ ਕੰਬਲ਼ ਦੇ ਉਤੋਂ ਦੀ ਈ ਨ੍ਹਾਈ ਜਾਂਦੈ...!"

ਬੀਅਰਾਂ ਦੇ ਡੱਬੇ ਖ਼ਤਮ ਹੋ ਗਏ।

ਵਿਸਕੀ ਦਾ ਦੌਰ ਸ਼ੁਰੂ ਹੋ ਗਿਆ।

-"ਉਏ ਯਾਰ ਮੇਰੇ ਇਕ ਹੋਰ ਗੱਲ ਚੇਤੇ ਆ ਗਈ...!" ਬੰਤ ਸਿਉਂ ਨੇ ਗਿਲਾਸ ਖਾਲੀ ਕਰਦੇ ਨੇ ਗੱਲ ਸ਼ੁਰੂ ਕੀਤੀ।

-"ਉਹ ਵੀ ਦੱਸ ਲੈ..! ਅੱਜ ਗੱਲ ਕੋਈ ਦਿਲ 'ਚ ਨਾ ਰੱਖੀਂ।"

-"ਉਏ ਸਾਡੇ ਆਲ਼ੀ ਰੋਡ 'ਤੇ ਗੁਰਚਰਨ ਸਿਉਂ ਰਹਿੰਦੈ।"

-"ਬਈ ਪਤਾ ਨ੍ਹੀ, ਮੈਂ ਤਾਂ ਜਾਣਦਾ ਨ੍ਹੀ।"

-"ਅਸੀਂ ਤਾਂ ਆਪ ਨ੍ਹੀ ਜਾਣਦੇ..! ਐਥੇ ਬੀਹ ਗੁਰਚਰਨ ਸਿਉਂ ਹੋਰੀਂ ਤੁਰੇ ਫਿਰਦੇ ਐ।" ਫ਼ੌਜੀ ਦਾਰੂ ਦੀ ਲੋਰ ਵਿਚ 'ਤੋਤਾ' ਬਣ ਗਿਆ ਸੀ।

-"ਕੀ ਹੋ ਗਿਆ ਉਹਨੂੰ..?" ਕਾਮਰੇਡ ਨੇ ਗੱਲ ਦੀ ਤਹਿ ਤੱਕ ਜਾਣਾ ਚਾਹਿਆ।

-"ਯਾਰ ਉਹਦੀ ਕਾਲਜ ਪੜ੍ਹਦੀ ਕੁੜੀ ਸਹੁਰੀ ਮੁਸਲਮਾਨ ਨਾਲ਼ ਕੁੰਡਾ ਪਸਾਈ ਫ਼ਿਰਦੀ ਐ...!" ਬੰਤ ਸਿਉਂ ਨੇ ਆਪਣੇ ਵੱਲੋਂ ਪੂਰਾ ਤਾਣ ਲਾ ਕੇ ਦੱਸਿਆ।

-"ਇਹ ਕੋਈ ਨਵੀਂ ਗੱਲ ਨ੍ਹੀ ਬੰਤ ਸਿਆਂ...! ਇਹ ਤਾਂ ਘਰ ਘਰ ਦਾ ਦੁਖਾਂਤ ਐ..!" ਕਾਮਰੇਡ ਨੇ ਉਸ ਦੀ ਗੱਲ ਅਣਗੌਲ਼ੀ ਕਰ ਮਾਰੀ।

-"ਯਾਰ...! ਜੱਟਾਂ ਦੀ ਕੁੜੀ, ਮੁਸਲਮਾਨਾਂ ਦੇ ਮੁੰਡੇ ਦੀ ਬੁੱਕਲ਼ 'ਚ ਵੜੀ ਫਿਰੇ, ਲੋਹੜਾ ਨ੍ਹੀ...?" ਉਹ ਧਾਹ ਮਾਰਨ ਵਾਲ਼ਿਆਂ ਵਾਂਗ ਬੋਲਿਆ ਸੀ।

-"ਨਵੀਂ ਪੀੜ੍ਹੀ ਦੇ ਦਿਮਾਗ ਨੂੰ ਪੁੱਠੀ ਭਮਾਲ਼ੀ ਆਈ ਵੀ ਐ...! ਸਮਝਾਉਣ 'ਤੇ ਵੀ ਨ੍ਹੀ ਸਮਝਦੀ..! ਦੱਸੋ ਤੁਸੀਂ ਕੀ ਕਰੋਂਗੇ?"

-"ਜੇ ਜੁਆਕਾਂ ਨੂੰ ਘੂਰਦੇ ਐਂ, ਤਾਂ ਸਾਲ਼ੀ ਗੌਰਮਿੰਟ ਮਗਰ ਪੈਂਦੀ ਐ-।"

-"ਯਾਰ ਹੁਣ ਪੰਜਾਬ 'ਚ ਕਿਹੜਾ ਘੱਟ ਵਾਰਦਾਤਾਂ ਹੋਈ ਜਾਂਦੀਐਂ...? ਸਾਡੇ ਗੁਆਂਢ ਪਿੰਡ ਦੀ ਕੁੜੀ ਨੇ ਘਰੋਂ ਭੱਜ ਕੇ ਭਈਏ ਨਾਲ਼ ਵਿਆਹ ਕਰਵਾ ਲਿਆ...।" ਸੇਵਕ ਨੇ ਨਵੀਂ ਖ਼ਬਰ ਸੁਣਾਈ।

-"ਚਲੋ ਇਹ ਤਾਂ ਛੱਡੋ...!" ਕਾਮਰੇਡ ਨੇ ਆਪਣੀ ਗੱਲ ਤੋਰੀ, "ਆਹ ਜਿਹੜਾ ਅੰਮ੍ਰਿਤਸਰ ਦੀਆਂ ਦੋ ਕੁੜੀਆਂ ਨੇ ਆਪਸ ਵਿਚ ਸ਼ਾਦੀ ਕੀਤੀ ਐ, ਇਹ ਤਾਂ ਸਭ ਤੋਂ ਈ ਭੈੜ੍ਹਾ ਕੰਮ ਐਂ...! ਚਲੋ ਇਕ ਔਰਤ ਮਰਦ ਨਾਲ਼ ਸ਼ਾਦੀ ਕਰਦੀ ਐ, ਇਹ ਤਾਂ ਆਮ ਜੀ ਗੱਲ ਐ, ਪਰ ਸਮਲਿੰਗੀ...? ਇਹ ਬਾਹਰਲੇ ਕਲਚਰ ਤੇ ਨਿਰਲੱਜ ਪ੍ਰਚਾਰ ਦਾ ਅਸਰ ਨਹੀਂ ਤਾਂ ਹੋਰ ਕੀ ਐ...?"

-"ਆਹ ਜਦੋਂ ਦੇ ਪੰਜਾਬ 'ਚ ਡਿਸ਼ ਚੈਨਲ ਚੱਲੇ ਐ, ਇਹਨਾਂ ਨੇ ਸਾਰੇ ਪੰਜਾਬ ਦੀ ਜੱਖਣਾਂ ਪੱਟਤੀ...! ਅਗਲੀ ਪੀੜ੍ਹੀ ਤਾਂ ਅੱਗੇ ਨ੍ਹੀ ਸੀ ਮਾਨ, ਹੁਣ ਬਾਹਰਲੇ ਮੁਲਕਾਂ ਦੀ ਪੀੜ੍ਹੀ ਦੀਆਂ ਘਤਿੱਤਾਂ ਦੇਖ ਕੇ ਸਾਡੇ ਆਲ਼ੀ ਪੀੜ੍ਹੀ ਵੀ ਵਿਗੜਨ ਲੱਗ ਪਈ।"

-"ਕਾਮਰੇਟਾ..! ਪੰਜਾਬ 'ਚ ਕੋਈ ਸੁਧਾਰ ਆਊ ਕਿ ਨਹੀਂ..? ਤੂੰ ਤਾਂ ਬਾਹਵਾ ਕੁਛ ਪੜ੍ਹਦਾ ਰਹਿੰਨੈਂ..?"

-"ਦੇਖੋ ਭਰਾਵੋ...! ਜਿੰਨਾ ਚਿਰ ਪੰਜਾਬ ਪ੍ਰਤੀ ਆਪਣੇ ਲੀਡਰ ਇਮਾਨਦਾਰ ਨਹੀਂ ਹੁੰਦੇ, ਪੰਜਾਬ ਦਾ ਕੁਛ ਵੀ ਸੁਧਰ ਨ੍ਹੀ ਸਕਦਾ..! ਏਕੇ ਵਿਚ ਬਰਕਤ ਦੀ ਕਹਾਣੀ ਆਪਾਂ ਸਕੂਲਾਂ 'ਚ ਪੜ੍ਹਦੇ ਰਹੇ ਐਂ, ਇੱਥੇ ਸਾਰੇ ਈ ਪੜ੍ਹੇ ਲਿਖੇ ਤੇ ਤੁਰੇ ਫਿਰੇ ਸੱਜਣ ਬੈਠੇ ਐਂ..! ਆਪਣੇ ਲੀਡਰ ਈ ਇਕ ਮੁੱਠ ਹੋ ਕੇ ਨਹੀਂ ਤੁਰ ਸਕਦੇ..! ਜਿੰਨਾਂ ਚਿਰ ਪੰਜਾਬ ਦੇ ਭਲੇ ਲਈ ਕੋਈ ਸਾਂਝਾ ਫ਼ਰੰਟ ਅੱਗੇ ਆ ਕੇ ਕੰਮ ਨਹੀਂ ਕਰਦਾ, ਉਨਾਂ ਚਿਰ ਪੰਜਾਬ ਉਜਾੜੇ ਵੱਲ ਨੂੰ ਈ ਜਾਊ...! ਹੱਥੀਂ ਵਣਜ ਪਰਾਈ ਖੇਤੀ, ਕਦੇ ਨਾ ਹੁੰਦੇ ਬੱਤੀਆਂ ਤੋਂ ਤੇਤੀ ਵਾਲ਼ੀ ਗੱਲ ਬਣੀ ਹੋਈ ਐ ਅੱਜ ਦੇ ਪੰਜਾਬ ਦੀ...! ਪੰਜਾਬ ਦਾ ਭਲਾ ਕਿਸੇ ਨੇ ਬਾਹਰੋਂ ਤਾਂ ਕਰਨ ਆਉਣਾਂ ਨ੍ਹੀ...? ਆਪਣੇ ਪੰਜਾਬ ਦੇ ਲੀਡਰਾਂ ਨੇ ਈ ਕਰਨੈਂ...? ਤੇ ਲੀਡਰ ਆਪਣੇ ਆਪਣੇ ਸੁਆਰਥ ਪ੍ਰਤੀ ਸੁਚੇਤ ਐ, ਉਹਨਾਂ ਦੇ ਭਾਅ ਦਾ ਤਾਂ ਪੰਜਾਬ ਕੱਲ੍ਹ ਨੂੰ ਮਰਦਾ, ਅੱਜ ਮਰਜੇ...! ਕਿਸੇ ਨੂੰ ਕੋਈ ਫ਼ਿਕਰ ਨ੍ਹੀ, ਕਿਸੇ ਨੂੰ ਕੋਈ ਚੱਟੀ ਨ੍ਹੀ ਪਈ...! ਆਪਦੇ ਧੀਆਂ ਪੁੱਤਾਂ ਤੇ ਅਗਲੀਆਂ ਪੁਸ਼ਤਾਂ ਵਾਸਤੇ

ਇਹਨਾਂ ਨੇ ਬਥੇਰਾ ਧਨ ਇਕੱਠਾ ਕਰ ਲਿਆ..! ਜਿੱਦੇਂ ਪੰਜਾਬ ਨਿੱਘਰਦਾ ਦਿਸਿਆ, ਇਹਨਾਂ ਨੇ ਬਾਹਰਲੇ ਮੁਲਕਾਂ ਨੂੰ ਉਡਾਰੀਆਂ ਮਾਰ ਜਾਣੀਐਂ, ਖੂਹ 'ਚ ਪੈਣ ਪੰਜਾਬੀ...! ਦੇਖ ਲਓ, ਆਪਣੇ ਲੀਡਰ ਆਪਾਂ ਪ੍ਰਵਾਸੀਆਂ ਨੂੰ ਪੰਜਾਬ ਵਿਚ ਪੈਸਾ ਲਾਉਣ ਨੂੰ ਵਾਸਤੇ ਪਾਉਂਦੇ ਐ...? ਤੇ ਆਪ ਇਹ ਆਪਣੀਆਂ ਜਾਇਦਾਦਾਂ ਪੰਜਾਬ ਤੋਂ ਬਾਹਰ ਬਣਾਉਂਦੇ ਐ, ਹਰਿਆਣਾਂ, ਰਾਜਸਥਾਨ, ਹਿਮਾਚਲ ਪ੍ਰਦੇਸ, ਡੁਬਈ, ਅਮਰੀਕਾ ਤੇ ਹੋਰ ਦੇਸ਼ਾਂ ਜਾਂ ਸੂਬਿਆਂ ਵਿਚ ਇਹਨਾਂ ਦੇ ਕਾਰੋਬਾਰ ਐ...! ਇਹਨਾਂ ਨੂੰ ਕੋਈ ਪੁੱਛਣ ਵਾਲ਼ਾ ਹੋਵੇ, ਬਈ ਇਹ ਆਪ ਕਿਉਂ ਨ੍ਹੀ ਪੰਜਾਬ ਵਿਚ ਇਨਵੈਸਟਮੈਂਟ ਕਰਦੇ..? ਫੇਰ ਜੇ ਕੋਈ ਭੁੱਲਿਆ ਭਟਕਿਆ ਪ੍ਰਵਾਸੀ ਭੁੱਲ ਭੁਲੇਖੇ ਪੰਜਾਬ 'ਚ ਪੈਸਾ ਲਾਉਣ ਆ ਵੀ ਜਾਂਦੈ, ਉਹ ਲੁੱਟਿਆ ਪੱਟਿਆ ਜਾਂਦੈ..! ਉਹਦੀ ਕੋਈ ਸੁਣਵਾਈ ਨ੍ਹੀ, ਕੋਈ ਸਹੂਲਤ ਨ੍ਹੀ, ਆਹ ਹਰਿਆਣੇ ਆਲ਼ੇ ਦੇਖ ਲੈ..! ਜੇ ਕੋਈ ਪ੍ਰਵਾਸੀ ਉਥੇ ਪੈਸਾ ਲਾਉਣ ਜਾਂਦੈ, ਉਹਨੂੰ ਵੀ. ਆਈ. ਪੀ. ਵਾਂਗੂੰ ਸਾਂਭਦੇ ਐ...! ਤੇ ਆਪਣੇ ਆਲ਼ੇ ਅਗਲੇ ਦੀ ਬਾਤ ਨ੍ਹੀ ਪੁੱਛਦੇ...? ਜਿੰਨ੍ਹਾਂ ਨੇ ਪਹਿਲਾਂ ਪੰਜਾਬ ਵਿਚ ਪੈਸਾ ਲਾਇਐ, ਉਹ ਚੰਘਿਆੜ੍ਹਾਂ ਮਾਰਦੇ ਈ ਪਿੱਛੇ ਮੁੜੇ ਐ...! ਪੂਰੇ ਝੱਗੇ ਝਾੜ੍ਹ ਕੇ...! ਨਾਲ਼ੇ ਦੁਨੀਆਂ ਹੁਣ ਐਨੀ ਕਮਲ਼ੀ ਨਹੀਂ, ਜਿੰਨੀ ਆਪਣੇ ਲੀਡਰ ਸਮਝਦੇ ਐ...!"

ਰਾਤ ਦੇ ਦਸ ਵਜੇ ਤੱਕ ਪਾਰਟੀ ਚੱਲੀ।

ਕਾਮਰੇਡ ਤੋਂ ਬਿਨਾਂ ਸਾਰੇ ਸ਼ਰਾਬੀ ਹੋ ਚੁੱਕੇ ਸਨ। ਕਿਸੇ ਨੂੰ ਕਿਸੇ ਦੇ ਘਰਵਾਲ਼ੀ ਨੇ 'ਪਿੱਕ' ਕਰ ਲਿਆ। ਕਿਸੇ ਨੂੰ ਉਸ ਦਾ ਲੜਕਾ ਆ ਕੇ ਲੈ ਗਿਆ। ਕੋਈ ਟੈਕਸੀ ਅਤੇ ਕੋਈ ਬੱਸ ਫੜ ਕੇ ਘਰ ਨੂੰ ਚਲਾ ਗਿਆ।

## ਕਾਂਡ 10

ਗੁਰਚਰਨ ਸਿੰਘ ਦੇ ਘਰ ਵਿਚ ਤੂਫ਼ਾਨ ਮੱਚਿਆ ਹੋਇਆ ਸੀ। ਕਾਲਜ ਤੋਂ ਬਾਅਦ ਇਮਰਾਨ ਨਾਲ਼ ਕਿਸੇ ਪੱਬ ਜਾਂ ਕਲੱਬ ਵਿਚ ਜਾਣਾ ਸੀਤਲ ਦਾ 'ਰੁਟੀਨ' ਹੀ ਬਣ ਗਿਆ ਸੀ। ਪਹਿਲੇ ਕੁਝ ਦਿਨ ਕੁਝ ਬਹਾਨੇ ਚੱਲਦੇ ਰਹੇ। ਕਿਰਪਾਲ ਕੌਰ ਅਤੇ ਗੁਰਚਰਨ ਸਿੰਘ ਵੀ ਇਕ ਤਰ੍ਹਾਂ ਨਾਲ਼ ਆਵੇਸਲ਼ੇ ਹੀ ਰਹੇ। ਉਹਨਾਂ ਨੂੰ ਸੀਤਲ ਧੀ 'ਤੇ ਪੂਰਨ ਵਿਸ਼ਵਾਸ ਜਿਉਂ ਸੀ? ਪਰ ਇਕ ਦਿਨ ਜਦੋਂ ਸੀਤਲ ਘਰ ਆਈ, ਤਾਂ ਉਸ ਦੇ ਪੈਰ ਧਰਤੀ 'ਤੇ ਖੜ੍ਹ ਨਹੀਂ ਰਹੇ ਸਨ। ਉਸ ਦਾ ਸਰੀਰ ਡੋਲ ਰਿਹਾ ਸੀ। ਰੱਬ ਦਾ ਸ਼ੁਕਰ ਕਿ ਗੁਰਚਰਨ ਸਿੰਘ ਘਰ ਨਹੀਂ ਸੀ। ਧੀ ਦੀ ਸ਼ਰਾਬੀ ਹਾਲਤ ਦੇਖ ਕੇ ਕਿਰਪਾਲ ਕੌਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ। ਸਿਰ ਨੂੰ ਚੱਕਰ ਆਇਆ। ਉਸ ਨੇ ਬੇਹੋਸ਼ੀ ਜਿਹੀ ਦੇ ਆਲਮ ਵਿਚ ਸੀਤਲ ਨੂੰ ਡੌਲ਼ਿਆਂ ਤੋਂ ਜਾ ਫੜਿਆ।

-"ਨ੍ਹੀ ਕੀ ਹੋ ਗਿਆ ਤੈਨੂੰ...?" ਕਿਰਪਾਲ ਕੌਰ ਨੇ ਇਕ ਤਰ੍ਹਾਂ ਨਾਲ਼ ਲੇਰ ਜਿਹੀ ਮਾਰੀ।

-"ਨਥਿੰਗ ਮੰਮ...! ਨਥਿੰਗ ਐਟ ਔਲ...! ਆਈ ਐਮ ਫ਼ਾਈਨ..!" ਸੀਤਲ ਖੜ੍ਹੀ ਹੱਸੀ ਜਾ ਰਹੀ ਸੀ। ਉਸ ਦੇ ਵਾਲ਼ ਉਸ ਦੇ ਮੂੰਹ 'ਤੇ ਖਿੱਲਰੇ ਹੋਏ ਸਨ।

ਕਿਰਪਾਲ ਕੌਰ ਨੂੰ ਉਸ ਦੇ ਮੂੰਹ 'ਚੋਂ ਸ਼ਰਾਬ ਦਾ ਮੁਸ਼ਕ ਆਇਆ।

ਉਸ ਦੀਆਂ ਖਾਨਿਓਂ ਗੁਆਚ ਗਈਆਂ।

-"ਨ੍ਹੀ ਤੂੰ ਸ਼ਰਾਬ ਪੀਤੀ ਐ...?" ਕਿਰਪਾਲ ਕੌਰ ਨੂੰ ਦੰਦਲ਼ ਪੈਣ ਵਾਲ਼ੀ ਹੋ ਗਈ।

-"ਹਾਂ-।" ਉਸ ਨੇ ਪੌੜੀਆਂ ਵਿਚ ਬੈਠਦੀ ਨੇ ਆਖਿਆ।

-"ਨੀ ਚੁੜੇਲੇ...! ਮਰ ਕਿਉਂ ਨਾ ਗਈ ਤੂੰ ਐਹੋ ਜੀਆਂ ਘਤਿੱਤਾਂ ਕਰਨ ਤੋਂ ਪਹਿਲਾਂ..? ਤੇਰਾ ਪਿਉ ਕੀ ਸੋਚੂ, ਜੀਹਨੇ ਥੋਨੂੰ ਪੁੱਤਾਂ ਮਾਂਗੂੰ ਪਾਲ਼ਿਐ..? ਆਪਣੇ ਕਲਚਰ ਦਾ ਤਾਂ ਕੋਈ ਖਿਆਲ ਕੀਤਾ ਹੁੰਦਾ...!"

-"ਕਲਚਰ..? ਵਾਅਟ ਫ਼ੱਕਿੰਗ ਕਲਚਰ...?" ਉਹ ਉਚੀ ਉਚੀ ਹੱਸ ਪਈ, "ਇਟ ਇਜ਼ ਵੈਰੀ ਨਾਈਸ ਟੂ ਬੀ ਏ ਨਾਰਮਲ ਪਰਸਨ ਫ਼ਾਰ ਵੱਨਸ... ! ਆਈ ਥਿੰਕ ਦਿਸ ਇਜ਼ ਅਬਾਊਟ ਐਜ਼ ਨੌਰਮਲ ਐਜ਼ ਆਈ ਐੱਮ ਐਵਰ ਗੋਇੰਗ ਟੂ ਗੈੱਟ...!" ਉਹ ਪੌੜੀਆਂ ਵਿਚ ਬੈਠੀ ਅੰਗਰੇਜ਼ੀ ਘੋਟੀ ਜਾ ਰਹੀ ਸੀ।

-"ਪੰਜਾਬੀ ਬੋਲ ਕੁੱਤੀਏ, ਪੰਜਾਬੀ...! ਤੈਨੂੰ ਚੰਗਾ ਭਲਾ ਪਤੈ ਬਈ ਮੈਨੂੰ ਅੰਗਰੇਜ਼ੀ ਨ੍ਹੀ ਆਉਂਦੀ ਲੁੱਚੀਏ...!"

-"ਯੂ ਫ਼ੱਕ ਔਫ਼ ਮੰਮ...! ਫ਼ੱਕ ਔਫ਼, ਐਂਡ ਸ਼ੱਟ ਅੱਪ...!" ਤੇ ਉਹ ਨਸ਼ੇ ਵਿਚ ਨਾਗ ਵਾਂਗ ਮੇਲ੍ਹਦੀ ਪੌੜੀਆਂ ਚੜ੍ਹ ਗਈ ਅਤੇ ਆਪਣੇ ਕਮਰੇ ਵਿਚ ਜਾ ਕੇ ਬੈੱਡ 'ਤੇ ਮੂਧੇ ਮੂੰਹ ਡਿੱਗ ਪਈ।

ਕਿਰਪਾਲ ਕੌਰ ਦਾ ਸਾਰਾ ਸਰੀਰ 'ਝਰਨ-ਝਰਨ' ਕਰੀ ਜਾ ਰਿਹਾ ਸੀ। ਉਸ ਦੀਆਂ ਅੱਖਾਂ ਸਾਹਮਣੇ ਧਰਤੀ ਘੁਕੀ ਜਾ ਰਹੀ ਸੀ। ਉਹ ਲੋਕਾਂ ਦੀਆਂ ਕੁੜੀਆਂ ਦੇ ਕਿੱਸੇ ਤਾਂ ਨਿੱਤ ਸੁਣਦੀ ਆਈ ਸੀ। ਪਰ ਅੱਜ ਤਾਂ ਇਹ ਨਵੇਂ ਯੁੱਗ ਦੀ ਅੱਗ ਉਸ ਦੇ ਆਪ ਦੇ ਘਰ ਨੂੰ ਹੀ ਆ ਪਈ ਸੀ। ਉਸ ਨੂੰ ਧਰਤੀ ਗਰਕਣ ਲਈ ਵਿਹਲ ਨਹੀਂ ਦੇ ਰਹੀ ਸੀ। ਕੀ ਸੋਚੇਗਾ ਉਸ ਦੇ ਘਰਵਾਲ਼ਾ ਗੁਰਚਰਨ ਸਿਉਂ..? ਕਿੰਨਾਂ ਪਿਆਰ ਕਰਦਾ ਸੀ ਉਹ ਆਪਣੀਆਂ ਧੀਆਂ ਨੂੰ...! ਕਿੰਨੀਆਂ ਸਧਰਾਂ ਨਾਲ਼ ਪਾਲ਼ਿਆ ਸੀ ਉਸ ਨੇ ਆਪਣੀਆਂ ਧੀਆਂ ਨੂੰ..! ਕਿਵੇਂ ਦੱਸੂੰ ਮੈਂ ਉਸ ਵਿਚਾਰੇ ਨੂੰ ਇਸ ਕੁੱਤੀ ਦੀਆਂ ਕਰਤੂਤਾਂ...? ਇਹਦੀਆਂ ਕਰਤੂਤਾਂ ਸੁਣ ਕੇ ਉਹ ਤਾਂ ਖੜ੍ਹਾ ਖੜੋਤਾ ਹੀ ਭਸਮ ਹੋ ਜਾਊ...! ਕਿੰਨੀਆਂ ਆਸਾਂ ਸੀ ਗੁਰਚਰਨ ਸਿੰਘ ਨੂੰ ਆਪਣੀਆਂ ਲਾਡਲੀਆਂ ਧੀਆਂ ਤੋਂ...? ਤੇ ਜਦੋਂ ਉਸ ਨੂੰ ਇਸ ਦੀ ਆਹ ਸ਼ਰਾਬ ਪੀਣ ਵਾਲ਼ੀ ਕਰਤੂਤ ਦਾ ਪਤਾ ਲੱਗਿਆ, ਉਹ ਤਾਂ ਮਰਨ ਮੰਡਣ ਤੱਕ ਜਾਊ...? ਖ਼ੈਰ ਇਹ ਉਮਰ ਹੀ ਖ਼ਤਰਨਾਕ ਹੁੰਦੀ ਐ...! ਇਹਨੂੰ ਬੈਠ ਕੇ ਸਮਝਾਵਾਂਗੇ...! ਸਿਆਣੀ ਧੀ ਹੈ ਸੀਤਲ...! ਸਮਝ ਜਾਵੇਗੀ...! ਇਕ ਅੱਧੀ ਗਲਤੀ ਤਾਂ ਬੱਚੇ ਤੋਂ ਹੋ ਹੀ ਜਾਂਦੀ ਐ...! ਇੱਥੋਂ ਦਾ ਮਾਹੌਲ ਈ ਚੰਦਰਾ ਐਹੋ ਜਿਐ..! ਕੁੜੀਆਂ ਨੂੰ ਦੇਖ ਕੇ ਕੁੜੀਆਂ ਵਿਗੜਦੀਐਂ...! ਅੱਜ ਦਾ ਕਸੂਰ ਗੁਰਚਰਨ ਨੂੰ ਦੱਸਿਆ ਜਾਵੇ, ਜਾਂ ਨਾਂ...? ਨਹੀਂ, ਹੁਣ ਉਹ ਸੌਂ ਗਈ ਐ...! ਅੱਜ ਦੀ ਗੱਲ ਗੁਰਚਰਨ ਤੋਂ ਛੁਪਾ ਲਈ ਜਾਵੇ..! ਬੱਸ ਟਾਲ਼ਾ ਮਾਰ ਦਿੱਤਾ ਜਾਵੇ ਕਿ ਸੀਤਲ ਦਾ ਚਿੱਤ ਢਿੱਲਾ ਹੈ..! ਦੁਆਈ ਲੈ ਕੇ ਸੌਂ ਗਈ ਹੈ..! ਮਾਵਾਂ ਦਾ ਕੰਮ ਹੁੰਦੈ ਧੀ ਦੀਆਂ ਬੁਰਾਈਆਂ ਬਾਪ ਤੋਂ ਛੁਪਾਉਣਾਂ...! ਨਾ ਕਿ ਉਸ ਨੂੰ ਦੱਸ ਕੇ ਲਾਂਬੂ ਲਾਉਣਾਂ..! ਘਰ ਦਾ ਮਾਹੌਲ ਚੰਗੀ ਔਰਤ ਛੇਤੀ ਕੀਤੇ ਡਾਵਾਂਡੋਲ ਨਹੀਂ ਹੋਣ ਦਿੰਦੀ...! ਨਹੀਂ, ਅੱਜ ਵਾਲ਼ੀ ਗੱਲ ਮੈਂ ਗੁਰਚਰਨ ਨੂੰ ਨਹੀਂ ਦੱਸਾਂਗੀ...! ਨਾਲ਼ੇ ਉਸ ਦੀ ਡਿਊਟੀ ਵੀ ਰਾਤ ਦੇ ਦਸ ਵਜੇ ਤੱਕ ਹੈ...! ਜਦੋਂ ਨੂੰ ਉਸ ਨੇ ਆਉਣਾਂ ਹੈ, ਬੱਚੇ ਅੱਗੇ ਵੀ ਸੌਂ ਜਾਂਦੇ ਨੇ...! ਕੱਲ੍ਹ ਨੂੰ ਇਸ ਨੂੰ ਇਹਦੇ ਬਾਪ ਦੀ ਇੱਜ਼ਤ ਦਾ ਵਾਸਤਾ ਦੇ ਕੇ ਇਹਨੂੰ ਸਮਝਾਵਾਂਗੀ...! ਦਿਮਾਗਦਾਰ ਕੁੜੀ ਹੈ, ਸਮਝ ਜਾਵੇਗੀ...! ਗਲਤੀ ਹਰ ਬੱਚਾ ਕਰ ਲੈਂਦੈ..!

ਕਿਸੇ ਖੜਕੇ ਨਾਲ਼ ਉਸ ਦੀ ਘੁੰਮਣਘੇਰੀਆਂ ਵਿਚ ਪਈ ਸੋਚ ਟੁੱਟੀ।

ਪਾਇਲ ਸਕੂਲੋਂ ਆਈ ਸੀ।

-"ਹਾਏ ਮੰਮ...!" ਉਸ ਨੇ ਬਾਹਰਲਾ ਦਰਵਾਜਾ ਬੰਦ ਕਰਦਿਆਂ ਕਿਹਾ।

-"ਹਾਏ ਪੁੱਤੂ...!" ਕਿਰਪਾਲ ਕੌਰ ਪਾਇਲ ਲਈ ਖਾਣਾਂ ਬਣਾਉਣ ਲਈ ਰਸੋਈ ਵਿਚ ਚਲੀ ਗਈ।

-"ਮੰਮ, ਇਕ ਗੱਲ ਦੱਸਾਂ...?" ਪਾਇਲ ਨੇ ਆਪਣਾਂ ਸਕੂਲ ਬੈਗ ਇਕ ਪਾਸੇ ਰੱਖਦਿਆਂ ਹੌਲ਼ੀ ਜਿਹੇ ਮਾਂ ਦੇ ਕੰਨ ਵਿਚ ਚੋਰਾਂ ਵਾਂਗ ਕਿਹਾ।

ਕਿਰਪਾਲ ਕੌਰ ਦਾ ਕਾਲ਼ਜਾ ਨਿਕਲ਼ ਗਿਆ।

ਉਹ ਤਾਂ ਪਹਿਲਾਂ ਹੀ ਭਵਸਾਗਰ ਵਿਚ ਗੋਤੇ ਖਾ ਰਹੀ ਸੀ।

-"ਨ੍ਹੀ ਅੰਦਰ ਆ ਕੇ ਦੱਸ...!" ਕਿਰਪਾਲ ਕੌਰ ਨੇ ਪਾਇਲ ਨੂੰ ਰਸੋਈ ਅੰਦਰ ਧੂਹ ਲਿਆ।

-"ਅੱਜ ਸੀਤਲ ਇਕ ਪਾਕਿਸਤਾਨੀ ਮੁੰਡੇ ਇਮਰਾਨ ਨਾਲ਼ 'ਕਿੱਸੀਆਂ' ਕਰਦੀ ਸੀ...!" ਆਖ ਕੇ ਪਾਇਲ ਨੇ ਮਾਂ ਨੂੰ ਦੌਰਾ ਪੈਣ ਵਾਲ਼ਾ ਕਰ ਦਿੱਤਾ।

-"ਕੀਹਨੇ ਦੇਖੀ ਐ...?" ਉਸ ਦਾ ਦਿਲ ਛਾਪੇਖਾਨੇ ਦੀ ਮਸ਼ੀਨ ਵਾਂਗ ਹਿੱਕ 'ਚ ਵੱਜੀ ਜਾ ਰਿਹਾ ਸੀ।

-"ਮੈਂ ਤੇ ਮੇਰੀ ਫ਼ਰਿੰਡਜ਼ ਨੇ-।"

-"ਕਿੱਥੇ...?" ਕਿਰਪਾਲ ਕੌਰ ਹਰਫ਼ਲੀ ਦੀ 'ਤੇ ਸੁਆਲ ਤੇ ਸੁਆਲ ਕਰੀ ਜਾ ਰਹੀ ਸੀ।

-"ਸਾਡੇ ਸਕੂਲ ਦੀ ਬਾਹਰਲੀ ਪਾਰਕ 'ਚ...!"

-"ਨ੍ਹੀ ਹਾਏ...! ਬੂਹ ਮੈਂ ਮਰਗੀ...!! ਇਹ ਲੁੱਚੀ ਬੋਡੇ ਸਕੂਲ ਦੀ ਪਾਰਕ 'ਚ ਕੀ ਕਰਨ ਗਈ ਸੀ...?" ਉਹ ਪਲ ਪਲ ਬੌਂਦਲ਼ਦੀ ਜਾ ਰਹੀ ਸੀ।

-"ਆਈ ਡੋਂਟ ਨੋ...! ਆਸਕ ਹਰ...!"

-"ਨ੍ਹੀ ਕਿਵੇਂ ਇਹ ਜਲੂਸ ਕੱਢਦੀ ਫਿਰਦੀ ਐ ਸਾਡਾ..? ਉਥੇ ਆਪਣੀਆਂ ਪੰਜਾਬੀ ਕੁੜੀਆਂ ਵੀ ਸੀਗੀਆਂ...?" ਕਿਰਪਾਲ ਕੌਰ ਨੂੰ ਅਗਲਾ ਫ਼ਿਕਰ ਤੋੜ ਤੋੜ ਖਾਣ ਲੱਗਿਆ।

-"ਯੈੱਸ, ਔਬੀਅਸਲੀ...!"

ਕਿਰਪਾਲ ਕੌਰ ਸਿਰ ਫੜ ਕੇ ਬੈਠ ਗਈ।

ਫਿਰ ਉਸ ਨੂੰ ਪਤਾ ਨਹੀਂ ਕੀ ਸੁੱਝਿਆ।

ਪਾਇਲ ਨੂੰ ਫਿਰ ਰਸੋਈ ਵਿਚ ਖਿੱਚ ਲਿਆਈ।

-"ਮੰਮ...! ਵੱਟ ਆਰ ਯੂ ਡੂਇੰਗ...?" ਪਾਇਲ ਹੈਰਾਨ ਸੀ।

-"ਗੱਲ ਸੁਣ ਪੁੱਤ...! ਤੂੰ ਹੁਣ ਕੋਈ ਨਿਆਣੀ ਨ੍ਹੀ...! ਇਹ ਗੱਲ ਤੂੰ ਆਬਦੇ ਡੈਡ ਕੋਲ਼ ਨ੍ਹੀ ਕਰਨੀ...! ਆਪਾਂ ਉਹਨੂੰ ਕੱਲ੍ਹ ਨੂੰ ਬੈਠ ਕੇ ਸਮਝਾਵਾਂਗੇ, ਠੀਕ ਐ..? ਤੇਰਾ ਪਿਉ ਤਾਂ ਮਰਨ ਮਾਰਨ 'ਤੇ ਹੋਜੂ..! ਹਾੜ੍ਹੇ ਮੇਰੀ ਧੀ...! ਇਹ ਗੱਲ ਹੁਣ ਆਬਦੇ ਕੋਲ਼ੇ ਈ ਰੱਖੀਂ...! ਤੇਰੇ ਪਿਉ ਨੂੰ ਕਿਸੇ ਗੱਲ ਦੀ ਕੋਈ ਖ਼ਬਰ ਨਾ ਹੋਵੇ...! ਬੱਸ ਜੇ ਕਦੇ ਕੁਛ ਪੁੱਛੇ ਵੀ, ਤਾਂ ਵੀ ਨ੍ਹੀ ਦੱਸਣਾਂ..! ਓ. ਕੇ.?"

-"ਨੋ ਪਰਾਬਲਮ ਮੰਮ, ਆਈ ਵੋਂਟ...! ਡੋਂਟ ਵਰੀ...!" ਪਾਇਲ ਨੇ ਮਾਂ ਦੀ ਚਿੰਤਾ ਨਵਿਰਤ ਕਰ ਦਿੱਤੀ। ਪਾਇਲ ਵੀ ਹੁਣ ਕੋਈ ਬਹੁਤੀ ਨਿਆਣੀ ਨਹੀਂ ਸੀ। ਸੋਲ੍ਹਵੇਂ ਸਾਲ ਵਿਚ ਪੈਰ ਧਰਨ ਵਾਲ਼ੀ ਸੀ। ਸੋਹਣੀ ਸੁਨੱਖੀ ਪਾਇਲ ਸੀਤਲ ਨਾਲ਼ੋਂ ਕੁਝ ਦਿਮਾਗੀ ਅਤੇ ਸੰਜੀਦਾ ਲੱਗਦੀ ਸੀ।

-"ਪਾਇਲ, ਤੇਰੇ ਕੋਲ਼ੇ ਗੱਲ ਕਰਦੀ ਆਂ ਪੁੱਤ..! ਮੇਰਾ ਕਾਲ਼ਜਾ ਭੁੱਜਿਆ ਪਿਐ..! ਅੱਜ ਕੁਲੱਛਣੀ ਸ਼ਰਾਬ ਪੀ ਫਿਰਦੀ ਸੀ-?"

-"ਵਾਅਟ...? ਸ਼ਰਾਬ..?? ਓਹ ਮਾਈ ਗੌਡ...!" ਪਾਇਲ ਵੀ ਠਠੰਬਰ ਗਈ ਸੀ।

-"ਆਹੋ ਪੁੱਤ...! ਪਤਾ ਨ੍ਹੀ ਇਸ ਕੁਲਿਹਣੀਂ ਨੇ ਆਪਣੇ ਘਰੇ ਜਨਮ ਕਿਵੇਂ ਲੈ ਲਿਆ..? ਮੇਰੇ ਤਾਂ ਨਾ ਕੋਈ ਪੇਕੀਂ ਤੇ ਨਾ ਕੋਈ ਸਹੁਰੀਂ ਸ਼ਰਾਬ ਪੀਂਦਾ ਸੀ..! ਦੇਖਿਐ ਕਿਤੇ ਆਬਦੇ ਪਿਉ, ਦਾਦੇ ਜਾਂ ਮਾਮੇ ਨਾਨੇ ਨੂੰ ਕਦੇ ਸ਼ਰਾਬ ਪੀਂਦੇ..?" ਕਿਰਪਾਲ ਕੌਰ ਕਲਪੀ।

-"ਨੋ...! ਓਬੀਅਸਲੀ ਨੌਟ..!"

-"ਹਾਏ ਰੱਬਾ...! ਇਹ ਸਾਡੇ ਪ੍ਰੀਵਾਰ 'ਚ ਕਿਵੇਂ ਜੰਮਪੀ ਦੁਸ਼ਟ...? ਜੇ ਇਹਦੇ ਪਿਉ ਨੂੰ ਪਤਾ ਲੱਗ ਗਿਆ, ਕੀ ਬਣੂੰ...?" ਕਿਰਪਾਲ ਕੌਰ ਨੂੰ ਅਗਲਾ ਫ਼ਿਕਰ ਵੱਢ ਵੱਢ ਖਾ ਰਿਹਾ ਸੀ।

ਕਿਰਪਾਲ ਕੌਰ ਨੇ ਪਾਇਲ ਨੂੰ ਖਾਣਾ ਬਣਾ ਦਿੱਤਾ।

ਰਾਤ ਨੂੰ ਗੁਰਚਰਨ ਸਿੰਘ ਗਿਆਰਾਂ ਕੁ ਵਜੇ ਘਰੇ ਆਇਆ। ਅੱਗੇ ਵੀ ਬੱਚੇ ਉਸ ਦੇ ਆਉਣ ਤੋਂ

ਪਹਿਲਾਂ ਸੌਂ ਜਾਂਦੇ ਸਨ। ਗੁਰਚਰਨ ਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ ਸੀ। ਰੋਟੀ ਤਿਆਰ ਕਰਦੀ ਕਿਰਪਾਲ ਕੌਰ ਉਸ ਨੂੰ ਬਹੁਤਾ ਹੀ ਚੁੱਪ ਚੁੱਪ ਜਿਹਾ ਲੱਗੀ। ਉਸ ਨੇ ਰੋਟੀ ਤਿਆਰ ਕਰ ਕੇ ਗੁਰਚਰਨ ਅੱਗੇ ਲਿਆ ਧਰੀ। ਪਰ ਮੂੰਹੋਂ ਕੁਛ ਨਾ ਬੋਲੀ। ਗੁਰਚਰਨ ਨੂੰ ਉਸ ਦੇ ਵਿਵਹਾਰ ਤੋਂ ਘੋਰ ਹੈਰਾਨੀ ਹੋਈ। ਕਿਰਪਾਲ ਕੌਰ ਹਰ ਰੋਜ਼ ਕੰਮ ਤੋਂ ਪਰਤੇ ਗੁਰਚਰਨ ਨਾਲ਼ ਗੱਲਾਂ ਬਾਤਾਂ ਕਰਦੀ। ਬੀਤੇ ਦਿਨ ਬਾਰੇ ਪੁੱਛਦੀ। ਪਰ ਅੱਜ ਤਾਂ ਉਹ ਮੂੰਹੋਂ ਹੀ ਨਹੀਂ ਫੁੱਟੀ ਸੀ।

-"ਕੀ ਗੱਲ ਚੁੱਪ ਜੀ ਐਂ, ਸੁੱਖ ਐ...?" ਉਸ ਨੇ ਰੋਟੀ ਖਾਂਦਿਆਂ ਪੁੱਛਿਆ।

-"ਮੇਰਾ ਨਾ ਅੱਜ ਸਿਰ ਬਹੁਤ ਦੁਖੀ ਜਾਂਦੈ, ਲੱਗਦੈ ਜਿਵੇਂ ਬੁਖ਼ਾਰ ਹੁੰਦੈ।" ਉਸ ਨੇ ਨਿਰੋਲ ਝੂਠ ਬੋਲਿਆ।

-"ਫੇਰ ਰੋਟੀ ਲਾਹ ਕੇ ਰੱਖ ਦੇਣੀਂ ਸੀ ਤੇ ਅਰਾਮ ਕਰ ਲੈਣਾਂ ਸੀ..! ਰੋਟੀ ਮੈਂ ਆਪੇ ਗਰਮ ਕਰਕੇ ਖਾ ਲੈਂਦਾ..? ਕੰਮ 'ਤੇ ਵੀ ਆਪ ਈ ਗਰਮ ਕਰੀਦੀਐਂ..? ਉਥੇ ਕਿਹੜਾ ਬੇਬੇ ਬੈਠੀ ਹੁੰਦੀ ਐ...?" ਗੁਰਚਰਨ ਸਿੰਘ ਆਦਤ ਮੂਜਬ ਹੱਸਿਆ।

-"ਮੈਂ ਸੋਚਿਆ, ਜੇ ਬੰਦੇ ਨੂੰ ਕੰਮ ਤੋਂ ਆਉਣ ਸਾਰ ਗਰਮ ਗਰਮ ਰੋਟੀ ਨਾ ਮਿਲ਼ੇ, ਕੀ ਫ਼ਾਇਦਾ ਮੇਰਾ ਘਰ ਬੈਠੀ ਦਾ..?"

-"ਉਏ ਇਹ ਗੱਲਾਂ ਨ੍ਹੀ ਸੋਚੀਦੀਆਂ ਹੁੰਦੀਆਂ...! ਸਿਹਤ ਐ ਤਾਂ ਸਭ ਕੁਛ ਐ, ਜੇ ਸਿਹਤ ਈ ਨ੍ਹੀਂ ਠੀਕ...!" ਰੋਟੀ ਖਾਂਦੇ ਗੁਰਚਰਨ ਨੇ ਗੱਲ ਵਿਚੇ ਹੀ ਛੱਡ ਦਿੱਤੀ।

-"ਚਲੋ ਕੋਈ ਗੱਲ ਨ੍ਹੀ..! ਤੁਸੀਂ ਸਕੂਨ ਨਾਲ਼ ਰੋਟੀ ਖਾਓ..! ਮੈਂ ਠੀਕ ਹੋਜੂੰਗੀ ਕੱਲ੍ਹ ਤੱਕ..! ਪੈਰਾਸਿਟਾਮੋਲ ਲਈ ਐ।"

-"ਮੈਂ ਤਾਂ ਕੱਲ੍ਹ ਨੂੰ ਵੀ ਕੰਮ ਕਰਨੈਂ-।" ਗੁਰਚਰਨ ਨੇ ਦੱਸਿਆ।

-"ਕਿੰਨੇ ਵਜੇ..?"

-"ਆਹੀ ਡਿਊਟੀ-ਦਸ ਤੋਂ ਦਸ...!"

-"ਸ਼ਨਿੱਚਰ ਐਤਵਾਰ ਤਾਂ ਛੁੱਟੀ ਕਰ ਲਿਆ ਕਰੋ..!"

-"ਉਏ ਘਰੇ ਵੀ ਕੀ ਕਰਨੈਂ...? ਅਗਲੇ ਮਹੀਨੇ ਮੈਂ ਰੋਡ ਟੈਕਸ ਵੀ ਭਰਨੈਂ ਤੇ ਕਾਰ ਦੀ ਇੰਸ਼ੋਰੈਂਸ ਵੀ ਆਉਣ ਆਲ਼ੀ ਐ..! ਮੈਂ ਕਿਹਾ ਦੋ ਤਿੰਨ ਸ਼ਨੀਵਾਰ ਲਾ ਲਈਏ, ਵਾਧੂ ਖਰਚਾ ਪੂਰਾ ਹੋਜੂ।"

-"ਚਲੋ...! ਥੋਡੀ ਮਰਜੀ...!" ਕਿਰਪਾਲ ਕੌਰ ਨੇ ਆਖਿਆ। ਵੈਸੇ ਉਸ ਨੇ ਸ਼ੁਕਰ ਵੀ ਕੀਤਾ ਕਿ ਗੁਰਚਰਨ ਕੰਮ 'ਤੇ ਹੋਵੇਗਾ ਤਾਂ ਸੀਤਲ ਨੂੰ ਸਮਝਾਉਣ 'ਚ ਸੌਖ ਹੋ ਜਾਵੇਗੀ। ਉਹ ਵਾਹ ਲੱਗਦੀ ਘਰਵਾਲ਼ੇ ਤੋਂ ਭੇਦ ਗੁਪਤ ਹੀ ਰੱਖਣਾਂ ਚਾਹੁੰਦੀ ਸੀ।

ਗੁਰਚਰਨ ਨੇ ਰੋਟੀ ਖਾ ਲਈ। ਬੱਚਿਆਂ ਬਾਰੇ ਉਸ ਨੇ ਕੁਝ ਵੀ ਨਾ ਪੁੱਛਿਆ। ਹੱਥ ਧੋ ਕੇ ਕੱਪੜੇ ਬਦਲਣ ਲੱਗ ਪਿਆ।

ਕਿਰਪਾਲ ਕੌਰ ਵੀ ਸੌਣ ਚਲੀ ਗਈ।

ਗਰਮ ਦੁੱਧ ਪੀ ਕੇ ਗੁਰਚਰਨ ਤਾਂ ਪੈਣ ਸਾਰ ਹੀ ਘੁਰਾੜ੍ਹੇ ਮਾਰਨ ਲੱਗ ਪਿਆ। ਪਰ ਨੀਂਦ ਕਿਰਪਾਲ ਕੌਰ ਦੇ ਨੇੜੇ ਤੇੜੇ ਵੀ ਨਹੀਂ ਸੀ।

ਸੀਤਲ ਦੀਆਂ ਕਰਤੂਤਾਂ ਨੇ ਉਸ ਦੀ ਨੀਂਦ ਚੱਟ ਲਈ ਸੀ।

ਪਰ ਗੁਰਚਰਨ ਸਿੰਘ ਗੂੜ੍ਹੀ ਨੀਂਦ ਸੌਂ ਰਿਹਾ ਸੀ। ਕਿਰਪਾਲ ਕੌਰ ਘੱਟੋ ਘੱਟ ਗੁਰਚਰਨ ਨੂੰ ਉਤਨਾ ਚਿਰ ਦੱਸਣਾਂ ਮੁਨਾਸਿਬ ਨਹੀਂ ਸਮਝਦੀ ਸੀ, ਜਿਤਨਾ ਚਿਰ ਪਾਣੀ ਉਸ ਦੇ ਸਿਰ ਤੋਂ ਦੀ ਨਹੀਂ ਲੰਘਦਾ ਸੀ। ਉਹ ਸੋਚਦੀ ਸੀ ਕਿ ਮੇਰਾ ਬੰਦਾ ਸਵੇਰੇ ਦਸ ਵਜੇ ਤੋਂ ਰਾਤ ਦੇ ਦਸ ਵਜੇ ਤੱਕ, ਬਾਰ੍ਹਾਂ ਬਾਰ੍ਹਾਂ ਘੰਟੇ ਕੰਮ ਕਰਦੈ, ਤੇ ਕੰਮ ਵਾਲ਼ੇ ਬੰਦੇ ਨੂੰ ਅਰਾਮ ਵੀ ਤਾਂ ਚਾਹੀਦੈ..? ਅਗਰ ਮੈਂ ਉਸ ਨੂੰ ਸੀਤਲ ਦੇ ਕਾਰਿਆਂ ਬਾਰੇ ਦੱਸ ਦਿੱਤਾ, ਤਾਂ ਗੁਰਚਰਨ ਦੀ ਨੀਂਦ ਹਰਾਮ ਹੋ ਜਾਵੇਗੀ ਅਤੇ ਉਹ ਤੋੜਾ-ਖੋਹੀ ਕਰੇਗਾ..! ਇਸ ਲਈ ਵਾਹ ਲੱਗਦੀ ਉਹ ਇਹ ਮਸਲਾ ਅਜੇ ਆਪਣੇ ਤੱਕ ਹੀ ਸੀਮਤ ਰੱਖਣਾਂ ਚਾਹੁੰਦੀ ਸੀ।

ਅਗਲੇ ਦਿਨ ਸ਼ਨਿੱਚਰਵਾਰ ਸੀ।

ਗੁਰਚਰਨ ਤਿਆਰ ਹੋ ਕੇ ਸਵੇਰੇ ਨੌਂ ਵਜੇ ਹੀ ਕੰਮ 'ਤੇ ਚਲਾ ਗਿਆ।

ਕਿਰਪਾਲ ਕੌਰ ਨੂੰ ਸਾਰੀ ਰਾਤ ਨੀਂਦ ਨਹੀਂ ਪਈ ਸੀ। ਉਹ ਜਿਵੇਂ ਪਈ ਸੀ, ਉਵੇਂ ਹੀ ਉਠ ਬੈਠੀ ਸੀ। ਗੁਰਚਰਨ ਲਈ ਪਰਾਉਂਠੇ ਪਕਾ ਕੇ ਡੱਬੇ ਵਿਚ ਪਾ ਦਿੱਤੇ ਸਨ। ਗੁਰਚਰਨ ਨੇ ਚਾਹ ਪੀਂਦਿਆਂ ਕਿਰਪਾਲ ਕੌਰ ਦੀ ਸਿਹਤ ਦਾ ਹਾਲ ਪੁੱਛਿਆ ਤਾਂ ਕਿਰਪਾਲ ਕੌਰ ਨੇ "ਹੁਣ ਠੀਕ ਐਂ" ਆਖ ਕੇ ਉਸ ਦਾ ਫ਼ਿਕਰ ਨਬੇੜ ਦਿੱਤਾ ਸੀ। ਪਰਾਉਂਠਿਆਂ ਵਾਲ਼ਾ ਡੱਬਾ ਅਤੇ ਚਾਹ ਵਾਲ਼ੀ ਥਰਮੋਸ ਲੈ ਕੇ ਗੁਰਚਰਨ ਕੰਮ 'ਤੇ ਚਲਾ ਗਿਆ ਸੀ।

ਗਿਆਰਾਂ ਕੁ ਵਜੇ ਕਿਰਪਾਲ ਕੌਰ ਨੇ ਸੀਤਲ ਅਤੇ ਪਾਇਲ ਨੂੰ ਉਠਾ ਲਿਆ।

ਪਾਇਲ ਤਾਂ ਬੁਰਸ਼ ਕਰ ਕੇ ਹੇਠਾਂ ਆ ਗਈ। ਪਰ ਸੀਤਲ ਅਜੇ ਉਪਰ ਹੀ ਸੀ।

ਕਿਰਪਾਲ ਕੌਰ ਨੇ ਪਾਇਲ ਨੂੰ ਨਾਸ਼ਤਾ ਬਣਾ ਦਿੱਤਾ।

-"ਸੀਤਲ...!" ਕਿਰਪਾਲ ਕੌਰ ਨੇ ਅਵਾਜ਼ ਮਾਰੀ।

-"...........। ਪਰ ਉਪਰੋਂ ਕੋਈ ਅਵਾਜ਼ ਨਾ ਆਈ।

-"ਸੀਤਲ...! ਕੀ ਕਰਦੀ ਐਂ ਪੁੱਤ ਉਤੇ..? ਥੱਲੇ ਆ ਜਾਹ, ਨਾਸ਼ਤਾ ਬਣਿਆਂ ਪਿਐ...!"

ਸੀਤਲ ਭੂਚਾਲ਼ ਵਾਂਗ ਥੱਲੇ ਆ ਗਈ।

-"ਮੰਮ...! ਵਾਏ ਆਰ ਯੂ ਸ਼ਾਊਟਿੰਗ...? ਕੀਪ ਕੁਆਇਟ..!" ਉਸ ਨੇ ਬਦਤਮੀਜ਼ਾਂ ਵਾਂਗ ਕਿਹਾ।

-"ਸੀਤਲ...! ਬਹੇਵ ਯੂਅਰਸੈਲਫ਼...!" ਪਾਇਲ ਨੇ ਵਰਜਿਆ।

-"ਮੈਂ ਤਾਂ ਪੁੱਤ ਤੈਨੂੰ ਕੋਈ ਸ਼ਾਊਟ ਨ੍ਹੀ ਕੀਤਾ..? ਮੈਂ ਤਾਂ ਤੈਨੂੰ ਨਾਸ਼ਤੇ ਵਾਸਤੇ ਈ ਆਖਿਐ...।" ਕਿਰਪਾਲ ਕੌਰ ਅੱਧ ਕੁ ਦੀ ਹੋ ਕੇ ਬੋਲੀ।

-"ਆਈ ਡੋਂਟ ਵਾਂਟ ਐਨੀ ਫ਼ੱਕਿੰਗ ਨਾਸ਼ਤਾ...!" ਤੇ ਉਹ ਫਿਰ ਅੱਗ ਲੱਗੀ ਵਾਲ਼ਿਆਂ ਵਾਂਗ ਉਪਰ ਚੜ੍ਹ ਗਈ।

-"ਕਿਹੋ ਜੀ ਕੁੜੀ ਐ ਇਹੇ..? ਹਾਏ ਰੱਬਾ, ਕੀ ਹੋ ਗਿਆ ਇਹਨੂੰ...?" ਉਹ ਇਕ ਤਰ੍ਹਾਂ ਨਾਲ਼ ਕੁਰਸੀ 'ਚ ਡਿੱਗ ਪਈ।

ਪਾਇਲ ਚੁੱਪ ਚਾਪ ਨਾਸ਼ਤਾ ਕਰ ਰਹੀ ਸੀ। ਸੀਤਲ ਦੇ ਦੁਰਾਚਾਰ ਨੇ ਉਸ ਦਾ ਨਾਸ਼ਤਾ ਵੀ ਦੁੱਭਰ ਕਰ ਦਿੱਤਾ ਸੀ।

-"ਇਹ ਉਪਰ ਕਰਦੀ ਕੀ ਐ...?"

-"ਮੇਕ ਅੱਪ...!" ਪਾਇਲ ਬੋਲੀ।

-"ਮੇਕ ਅੱਪ ਕਰਕੇ ਇਹਨੇ ਕਿਤੇ ਜਾਣੈਂ...?"

-"ਪਤਾ ਨ੍ਹੀ...!" ਪਾਇਲ ਬੜੇ ਸੰਖੇਪ ਉਤਰ ਦੇ ਰਹੀ ਸੀ।

ਕਿਰਪਾਲ ਕੌਰ ਸਾਹਣ ਵਾਂਗ ਧੁੱਸ ਦੇ ਕੇ ਉਪਰ ਚਲੀ ਗਈ।

ਸੀਤਲ ਮੇਕ-ਅੱਪ ਵਿਚ ਰੁੱਝੀ ਹੋਈ ਸੀ। ਉਸ ਨੇ ਕਿਰਪਾਲ ਕੌਰ ਆਈ ਦਾ ਬਹੁਤਾ ਕੋਈ ਨੋਟਿਸ ਨਾ ਲਿਆ।

ਕਿਰਪਾਲ ਕੌਰ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ। ਉਸ ਦਾ ਜੀਅ ਕੀਤਾ ਕਿ ਡੰਡਾ ਲੈ ਕੇ ਸੀਤਲ ਦੀ ਤਹਿ ਲਾ ਦੇਵੇ। ਪਰ ਕੰਮ ਖਰਾਬ ਹੋਣ ਦੇ ਡਰੋਂ ਉਸ ਨੇ ਧਹੱਮਲ ਹੀ ਵਰਤੀ।

-"ਸੀਤਲ...! ਪੁੱਤ ਮੇਰੇ ਕੋਲ਼ ਤਾਂ ਬੈਠ..! ਮੈਂ ਤੇਰੇ ਨਾਲ਼ ਇਕ ਗੱਲ ਕਰਨੀ ਐਂ-!"

-"ਮੰਮ, ਆਈ ਡੋਂਟ ਵਾਂਟ ਟੂ ਟਾਕ ਟੂ ਯੂ...! ਰਾਈਟ...? ਡੋਂਟ ਡਿਸਟੱਰਬ ਮੀ..!" ਸੀਤਲ ਨੇ ਤੋੜ ਕੇ ਉਤਰ ਮੋੜਿਆ।

-"ਸੀਤਲ, ਪੁੱਤ ਤੈਨੂੰ ਚੰਗੀ ਭਲੀ ਨੂੰ ਕੀ ਹੋ ਗਿਆ..? ਪੁੱਤ ਅਸੀਂ ਤਾਂ ਤੇਰਾ ਕਦੇ ਮੂੰਹ ਵੀ ਨਹੀਂ

ਫ਼ਿਟਕਾਰਿਆ ਕਦੇ? ਤੈਨੂੰ ਦੇਖ ਦੇਖ ਜਿਉਨੇ ਆਂ..? ਤੂੰ ਮੈਨੂੰ ਮੂੰਹ ਨ੍ਹੀ ਬੋਲਦੀ..? ਪੁੱਤ ਮੈਂ ਫੇਰ ਵੀ ਤੇਰੀ ਮਾਂ ਐਂ..! ਮੇਰੀ ਗੱਲ ਤਾਂ ਸੁਣ...!" ਕਿਰਪਾਲ ਕੌਰ ਨੇ ਤਰਲਾ ਪਾਇਆ।

-"ਮੰਮ, ਆਈ ਟੋਲਡ ਯੂ ਆਲਰੈਡੀ..! ਆਈ ਡੋਂਟ ਵਾਂਟ ਟੂ ਟਾਕ ਟੂ ਯੂ...!" ਉਹ ਆਪਣੀ ਮੇਕ-ਅੱਪ ਵਿਚ ਹੀ ਮਘਨ ਰਹੀ। ਉਸ ਨੇ ਮਾਂ ਵੱਲ ਤੱਕਣ ਦੀ ਵੀ ਤਕਲੀਫ਼ ਨਾ ਕੀਤੀ।

ਕਿਰਪਾਲ ਕੌਰ ਦੇ ਸਿਰ ਨੂੰ ਫ਼ਤੂਰ ਚੜ੍ਹ ਗਿਆ।

-"ਤੂੰ ਹੁਣ ਸਾਡੇ ਨਾਲ਼ ਕਾਹਨੂੰ ਗੱਲ ਕਰਨਾ ਚਾਹੁੰਨੀ ਐਂ..? ਤੈਨੂੰ ਤਾਂ ਅੱਜ ਕੱਲ੍ਹ ਮੁਸਲਮਾਨ ਈ ਚੰਗੇ ਲੱਗਦੇ ਐ..! ਜਿੰਨ੍ਹਾਂ ਨਾਲ਼ ਤੂੰ ਪਾਰਕਾਂ 'ਚ ਖੜ੍ਹ ਕੇ ਮੂੰਹ 'ਚ ਮੂੰਹ ਪਾਉਨੀ ਐਂ ਕੁੱਤੀਏ...!" ਉਸ ਨੇ ਅਗਲਾ ਪਿਛਲਾ ਸਾਰਾ ਗੁੱਭ ਗੁਭਾਹਟ ਕੱਢ ਮਾਰਿਆ। ਸੀਤਲ ਦੇ ਵਰਤਾਓ ਤੋਂ ਉਸ ਦੇ ਮਨ ਤਨ ਨੂੰ ਅੱਗ ਲੱਗ ਗਈ ਸੀ। ਚਾਹੇ ਕਿਰਪਾਲ ਕੌਰ ਨੂੰ ਅੰਗਰੇਜ਼ੀ ਬਹੁਤੀ ਨਹੀਂ ਆਉਂਦੀ ਸੀ। ਪਰ ਉਹ ਸਮਝ ਤਕਰੀਬਨ ਸਾਰੀ ਹੀ ਲੈਂਦੀ ਸੀ। ਬੱਚੇ ਘਰ ਵਿਚ ਆਮ ਹੀ ਅੰਗਰੇਜ਼ੀ ਬੋਲਦੇ ਸਨ। ਕਿਰਪਾਲ ਕੌਰ ਨੇ ਗੋਰਿਆਂ ਦੀ ਇਕ ਕੱਪੜੇ ਦੀ ਫ਼ੈਕਟਰੀ ਵਿਚ ਕੰਮ ਕੀਤਾ ਸੀ। ਜਿੱਥੇ ਉਸ ਨੂੰ ਥੋੜੀ ਬਹੁਤੀ ਅੰਗਰੇਜ਼ੀ ਸਮਝਣੀ ਅਤੇ ਸਮਝਾਉਣੀ ਆ ਗਈ ਸੀ। ਅੰਗਰੇਜ਼ੀ ਪੱਖੋਂ ਉਹ ਆਪਣਾ ਵਧੀਆ ਡੰਗ ਸਾਰ ਲੈਂਦੀ ਸੀ।

-"ਸੋ ਵਾਅਟ...? ਆਈ ਐਮ ਅਡੱਲਟ, ਰਾਈਟ..? ਆਈ ਐਮ ਓਵਰ ਏਟੀਨ...! ਆਈ ਕੈਨ ਮੈਨੇਜ ਮਾਈ ਓਨ ਲਾਈਫ਼ ਮਾਈ ਸੈੱਲਫ਼...!" ਉਸ ਨੇ ਆਖਰੀ ਤੋੜਾ ਝਾੜ ਦਿੱਤਾ।

-"ਅੱਛਾ...! ਹੁਣ ਤੂੰ ਸੜਕਾਂ ਜਾਂ ਪਾਰਕਾਂ 'ਚ ਕੰਜਰਖਾਨਾਂ ਕਰਿਆ ਕਰੇਂਗੀ...?"

ਰੌਲ਼ਾ ਸੁਣ ਕੇ ਪਾਇਲ ਉਪਰ ਆ ਗਈ।

-"ਸੀਤਲ, ਵਾਏ ਆਰ ਯੂ ਸੋ ਰੂਡ ਟੂ ਮੰਮ...? ਆਨਸਰ ਹਰ ਕੁਐਸਚਨ..!"

-"ਓਹ ਯੂ ਸ਼ੱਟ ਯੂਅਰ ਮਾਊਥ, ਯੂ ਅਗਲੀ ਬਿੱਚ...!" ਤੇ ਉਹ ਆਪਣੀ ਮੇਕ-ਅੱਪ ਪੂਰੀ ਕਰ ਆਪਣਾ ਪਰਸ ਲੈ ਕੇ ਦਗੜ ਦਗੜ ਕਰਦੀ ਪੌੜੀਏਂ ਉਤਰ ਗਈ ਅਤੇ ਘਰੋਂ ਬਾਹਰ ਹੋ ਗਈ।

ਕਿਰਪਾਲ ਕੌਰ ਅਤੇ ਪਾਇਲ ਠੱਗਿਆਂ ਵਾਂਗ ਝਾਕ ਰਹੀਆਂ ਸਨ।

-"ਦੇਖ ਲੁੱਚੀ ਨੂੰ ਕੀ ਅੱਗ ਲੱਗੀ ਐ ਨ੍ਹੀ...! ਲੂਤ ਲੂਤ ਕਰਦੀ ਫਿਰਦੀ ਐ...!" ਕਿਰਪਾਲ ਕੌਰ ਨੇ ਅੰਦਰਲੀ ਭੜ੍ਹਾਸ ਬਾਹਰ ਕੱਢੀ।

-"ਮੰਮ, ਡੋਂਟ ਵਰੀ...! ਧੱਕੇ ਖਾ ਕੇ ਆਪੇ ਆ ਜਾਊ...!" ਪਾਇਲ ਤੋਂ ਦੁਖੀ ਮਾਂ ਦਾ ਮੂੰਹ ਦੇਖਿਆ ਨਹੀਂ ਗਿਆ ਸੀ।

ਕਿਰਪਾਲ ਕੌਰ ਭੁੰਜੇ ਬੈਠ ਕੇ ਕੀਰਨੇ ਪਾਉਣ ਲੱਗ ਪਈ।

ਦੁਖੀ ਅਤੇ ਘਬਰਾਈ ਪਾਇਲ ਨੇ ਮਾਂ ਦੇ ਕੀਰਨੇ ਸੁਣ ਕੇ ਰਸੋਈ ਦੀ ਬਾਰੀ ਬੰਦ ਕਰ ਦਿੱਤੀ ਕਿ ਕਿਤੇ ਕੁਝ ਗੁਆਂਢੀਆਂ ਨੂੰ ਨਾ ਸੁਣ ਜਾਵੇ..? ਬੇਇੱਜ਼ਤੀ ਹੋਵੇਗੀ..!

ਦਿਨੋਂ ਦਿਨ ਸੀਤਲ ਇਮਰਾਨ ਦੇ ਨੇੜੇ ਹੁੰਦੀ ਗਈ। ਕਾਲਜ ਬਰੇਕ ਮੌਕੇ ਉਹ ਇਮਰਾਨ ਦੀ ਬੁੱਕਲ਼ ਵਿਚ ਪਈ ਰਹਿੰਦੀ। ਰਾਤ ਨੂੰ ਰਜਾਈ ਵਿਚ ਲੁਕ ਕੇ ਘੰਟਾ ਘੰਟਾ ਉਸ ਨਾਲ਼ ਫ਼ੋਨ 'ਤੇ ਗੱਲਾਂ ਕਰਦੀ। ਰਾਤ ਨੂੰ ਉਸ ਨੂੰ ਨੀਂਦ ਨਾ ਆਉਂਦੀ। ਕਾਲਜ ਤੋਂ ਬਾਅਦ ਇਮਰਾਨ ਦੇ ਕਮਰੇ ਵਿਚ ਜਾ ਕੇ ਉਸ ਨਾਲ਼ ਹਮ-ਬਿਸਤਰ ਹੁੰਦੀ। ਵਿਸਕੀ ਪੀਂਦੀ। ਹੋਰ ਤਾਂ ਹੋਰ, ਹੁਣ ਤਾਂ ਉਹ ਇਮਰਾਨ ਨਾਲ਼ ਸਿਗਰਟ ਦੇ ਸੂਟੇ ਵੀ ਲਾਉਣ ਲੱਗ ਪਈ ਸੀ। ਇਮਰਾਨ ਪੰਜਾਬੀ ਪਾਕਸਤਾਨੀ ਸੀ। ਕਦੇ ਕਦੇ ਉਹ ਠੇਠ ਪੰਜਾਬੀ ਵਿਚ ਗੱਲਾਂ ਕਰਦੇ। ਪੰਜਾਬੀ ਵੱਲੋਂ ਉਹਨਾਂ ਵਿਚੋਂ ਕੋਈ ਵੀ ਮਾਰ ਨਹੀਂ ਖਾਂਦਾ ਸੀ। ਇਮਰਾਨ ਦਾ ਸਾਰਾ ਪ੍ਰੀਵਾਰ ਘਰੇ ਪੰਜਾਬੀ ਬੋਲਦਾ ਸੀ। ਇਮਰਾਨ ਦੀ ਮਾਂ ਨੂੰ ਤਾਂ ਇਕ ਲਫ਼ਜ਼ ਵੀ ਅੰਗਰੇਜ਼ੀ ਦਾ ਨਹੀਂ ਆਉਂਦਾ ਸੀ। ਅੰਗਰੇਜ਼ੀ ਨਾਲ਼ ਉਸ ਦਾ ਵਾਹ ਹੀ ਨਹੀਂ ਪਿਆ ਸੀ। ਨਾ ਕੰਮ ਕੀਤਾ ਸੀ, ਨਾ ਕਾਰ। ਨਾ ਹੀ ਕੰਮ ਕਰਨ ਦੀ ਉਸ ਨੂੰ ਜ਼ਰੂਰਤ ਹੀ ਪਈ ਸੀ। ਕਿਉਂਕਿ ਇਮਰਾਨ ਦੇ ਬਾਪ ਖ਼ਾਨ ਕੋਲ਼ ਖੁੱਲ੍ਹਾ ਪੈਸਾ ਸੀ। ਹੁਣ ਤਾਂ ਉਸ ਦੇ ਜੁਆਕ ਵੀ ਕੰਮ ਕਾਰ ਕਰਨ ਲੱਗ ਪਏ ਸਨ। ਖੁੱਲ੍ਹੀ ਡੁੱਲ੍ਹੀ ਪ੍ਰਾਪਰਟੀ ਸੀ। ਪੈਸੇ ਵੱਲੋਂ ਕੋਈ ਚਿੰਤਾ ਨਹੀਂ ਸੀ।

-"ਇਮਰਨ...!" ਇਮਰਾਨ ਨਾਲ਼ ਨਿਰਵਸਤਰ ਪਈ ਸੀਤਲ ਬੋਲੀ।

-"ਹਾਂ...?"

-"ਇਕ ਗੱਲ ਪੁੱਛਾਂ...?"

-"ਸੌ ਪੁੱਛੋ ਸੋਹਣਿਓਂ...!"

-"ਤੇਰੀ ਨਜ਼ਰ ਵਿਚ ਪਿਆਰ ਦੀ ਪ੍ਰੀਭਾਸ਼ਾ ਕੀ ਐ...?" ਉਸ ਨੇ ਇਕ ਅਵੱਲਾ ਹੀ ਸੁਆਲ ਇਮਰਾਨ ਵੱਲ ਵਗਾਹ ਮਾਰਿਆ, "ਆਈ ਮੀਨ ਡੈਫ਼ੀਨੇਸ਼ਨ ਔਫ਼ ਲਵ...!"

ਇਮਰਾਨ ਉਠ ਕੇ ਬੈਠ ਗਿਆ। ਇਕ ਗੁੰਝਲ਼ਦਾਰ ਸੁਆਲ ਨੇ ਉਸ ਨੂੰ ਰੋਲ਼ ਲਿਆ ਸੀ।

-"ਮੈਨੂੰ ਪੰਜਾਬੀ ਵੀ ਪੂਰੀ ਆਂਦੀ ਐ ਤੇ ਅੰਗਰੇਜ਼ੀ ਵੀ..! ਤੂੰ ਪਿਆਰ ਦੀ ਪ੍ਰੀਭਾਸ਼ਾ ਦੀ ਗੱਲ ਪੁੱਛੀ ਐ..? ਮੇਰੇ ਨਿੱਜੀ ਵਿਚਾਰ ਹਨ ਕਿ ਪਿਆਰ ਦੀ ਕੋਈ ਵੀ ਪ੍ਰੀਭਾਸ਼ਾ ਨਹੀਂ...! ਪ੍ਰੀਭਾਸ਼ਾ ਸਿਰਫ਼ ਅਤੇ ਸਿਰਫ਼ ਪਾਖੰਡੀ ਜਾਂ ਫ਼ਰੇਬੀ ਹੀ ਦੱਸ ਸਕਦੇ ਨੇ...! ਪਿਆਰ ਦਾ ਮਤਲਬ ਕਿਸੇ ਦੇ ਹਿਰਦੇ ਵਿਚ ਤਨ-ਮਨ ਨਾਲ਼ ਵਸ ਜਾਣਾ ਔਰ ਕਿਸੇ ਨੂੰ ਦਿਲ ਵਿਚ ਵਸਾ ਲੈਣਾ...! 'ਤੇਰ-ਮੇਰ' ਅਤੇ 'ਮੈਂ-ਤੂੰ' ਤੋਂ ਨਿਰਲੇਪ...! ਪਾਰਸ਼ੈਲਟੀ ਜਾਂ ਡਿਫ਼ਰੈਂਸੀਸ਼ਨ ਤੋਂ ਡਿਸਇੰਨਟਰੱਸਟਡ, ਨਿਊਟਰਲ..! ਜ਼ਿੰਦਗੀ ਅਤੇ ਰਿਸ਼ਤੇ ਦੀ ਹਰ ਸਰਹੱਦ ਤੋਂ ਪਾਰ...! ਰੂਹਾਂ ਦਾ ਇਕ-ਮਿੱਕ ਹੋ ਜਾਣਾ ਪ੍ਰੇਮ ਦੀ ਪ੍ਰੀਭਾਸ਼ਾ ਨਹੀਂ ਅਰਥ ਐ...! ਸੁਆਰਥ ਅਤੇ ਪ੍ਰੇਮ ਇਕ ਦੂਜੇ ਦੇ ਵਿਰੋਧੀ ਸ਼ਬਦ ਨੇ...! ਪਰ ਉਸ ਦੀ ਪ੍ਰੀਭਾਸ਼ਾ ਨਹੀਂ ਦੱਸੀ ਜਾ ਸਕਦੀ...ਗੂੰਗੇ ਦੇ ਗੁੜ ਖਾਣ ਵਾਂਗ...! ਤੁਸੀਂ ਕੀ ਦੱਸੋਂਗੇ ਕਿ ਮੈਂ ਕਿਸੇ ਨੂੰ ਪੰਜ ਕਿਲੋ ਪ੍ਰੇਮ ਕਰਦਾ ਹਾਂ...? ਪੰਜ ਫ਼ੁੱਟ...? ਜਾਂ ਫਿਰ ਪੰਜ ਕਿਲੋਮੀਟਰ...??? ਪੰਜ ਮੀਲ ਜਾਂ ਪੰਦਰਾਂ ਮਣ...? ਜਿਸ ਨਾਲ਼ ਪ੍ਰੇਮ ਹੋ ਜਾਵੇ, ਉਸ ਨੂੰ ਤਾਂ ਹਿਰਦੇ ਅੰਦਰੋਂ ਹੀ ਮਹਿਸੂਸ ਕਰ ਕੇ ਜੋ ਆਨੰਦ ਆਉਂਦਾ ਹੈ, ਦੱਸਣ ਤੋਂ ਪਰ੍ਹੇ ਅਤੇ ਦਿਸਹੱਦਿਆਂ ਤੋਂ ਪਾਰ ਹੈ...!"

ਸੀਤਲ ਇਮਰਾਨ ਦੇ ਉਤਰ ਤੋਂ ਸੰਤੁਸ਼ਟ ਸੀ। ਮੰਤਰ ਮੁਘਧ ਹੋਈ ਸੁਣ ਰਹੀ ਸੀ। ਇਮਰਾਨ ਨੇ ਉਸ ਦੀ ਤਸੱਲੀ ਹੀ ਤਾਂ ਕਰਵਾ ਦਿੱਤੀ ਸੀ।

-"ਪਰ...!" ਉਸ ਨੇ ਸੀਤਲ ਨੂੰ 'ਵਾਰਨਿੰਗ' ਦੇਣ ਵਾਲ਼ਿਆਂ ਵਾਂਗ ਕਹਿ ਕੇ ਗੱਲ ਅੱਗੇ ਸ਼ੁਰੂ ਕੀਤੀ, "ਪਰ, ਸਿਰਫ਼ 'ਭਾਰ ਢੋਣ' ਵਾਲ਼ੇ ਰਿਸ਼ਤੇ ਗਲ਼ ਪਾ ਕੇ ਇਸ ਨੂੰ ਗਲ਼ ਪਿਆ 'ਢੋਲ' ਵਜਾਉਣਾ ਤਾਂ ਆਖਿਆ ਜਾ ਸਕਦਾ ਹੈ...ਪਰ ਪਿਆਰ ਨਹੀਂ..! ਹਰ ਰਿਸ਼ਤੇ ਵਿਚ ਪਿਆਰ ਦਾ ਪਹਿਲੂ, ਆਈ ਮੀਨ ਫ਼ੇਸ, ਪੁਆਇੰਟ ਔਫ਼ ਵਿਊ ਵੱਖਰਾ ਹੈ...ਅਸੀਂ ਮਾਂ ਨੂੰ ਚੁੰਮਦੇ ਹਾਂ ਤਾਂ ਸਾਡੇ ਮਨ ਵਿਚ ਕੁਝ ਹੋਰ ਹੈ...! ਧੀ ਨੂੰ ਚੁੰਮਦੇ ਹਾਂ, ਮਨ ਵਿਚ ਕੁਝ ਹੋਰ ਹੈ, ਪਤਨੀ ਜਾਂ ਮਾਸ਼ੂਕ ਨੂੰ ਚੁੰਮਦੇ ਹਾਂ, ਤਾਂ ਦਿਲ ਵਿਚ ਕੁਝ ਹੋਰ ਹੈ..! ਜਿਵੇਂ ਲੋਕ ਰੱਬ ਨੂੰ ਪਿਆਰ ਨਹੀਂ ਕਰਦੇ...ਉਸ ਨੂੰ ਪਿਆਰ ਕਰਨ ਦਾ ਦਾਅਵਾ ਜਾਂ ਢਕੌਂਜ ਕਰਦੇ ਨੇ...! ਇਹ ਦਾਅਵਾ ਉਹਨਾਂ ਦੀ ਮਜਬੂਰੀ, ਡਰ, ਸੁਆਰਥ ਜਾਂ ਲਾਲਚ ਤਾਂ ਆਖਿਆ ਜਾ ਸਕਦਾ ਹੈ, ਪਰ ਪਿਆਰ ਨਹੀਂ...! ਕਿਉਂਕਿ ਮਾਨੁੱਖ ਨੂੰ ਸਵਰਗ ਦਾ ਲਾਲਚ ਅਤੇ ਨਰਕ ਦਾ ਡਰ ਦਿੱਤਾ ਹੋਇਆ ਹੈ...! ਆਦਮੀ ਇਕ ਪਾਸੇ ਨੂੰ ਭੱਜਦਾ ਹੈ ਤੇ ਦੂਜੇ ਪਾਸਿਓਂ ਡਰਦਾ ਹੈ...! ਇਕ ਗੱਲ ਆਖਾਂ...? ਜਿਹੜਾ ਬੰਦਾ ਸਾਰੀ ਜ਼ਿੰਦਗੀ ਪ੍ਰੇਮ ਭਟਕਣਾ ਵਿਚ ਹੀ ਬਣਵਾਸ ਕੱਟਦਾ ਫਿਰਦਾ ਹੈ, ਸ਼ਾਇਦ ਉਹ ਤੈਨੂੰ ਪ੍ਰੇਮ ਦੀ ਪ੍ਰੀਭਾਸ਼ਾ ਸਮਝਾ ਵੀ ਨਾ ਸਕੇ...! ਜਾਂ ਹੋ ਸਕਦਾ ਹੈ, ਉਸ ਨੂੰ ਪ੍ਰੇਮ ਦੀ ਪ੍ਰੀਭਾਸ਼ਾ ਖ਼ੁਦ ਨੂੰ ਨਾ ਆਉਂਦੀ ਹੋਵੇ..? ਖ਼ੈਰ, ਕੁਝ ਹੋਰ ਪੁੱਛਣਾ ਹੈ ਤਾਂ ਦੱਸ...!" ਇਮਰਾਨ ਦੀਆਂ ਦਲੀਲਾਂ ਨੇ ਸੀਤਲ ਨੂੰ ਕੀਲ ਲਿਆ।

-"ਬਾਗ਼ੀ ਹੋਣ ਜਾਂ ਕ੍ਰਾਂਤੀ, ਆਈ ਮੀਨ ਰਿਵਿਊਲੇਸ਼ਨ ਬਾਰੇ ਤੇਰਾ ਕੀ ਖਿਆਲ ਐ...?" ਉਹ ਉਸ ਨਾਲ਼ ਟਿੱਚ ਬਟਨ ਵਾਂਗ ਲੱਗੀ ਹੋਈ ਸੀ।

-"ਕ੍ਰਾਂਤੀ ਅੱਜ ਦੇ ਯੁੱਗ ਵਿਚ ਤਬਾਹੀ ਦਾ ਨਾਮ ਹੈ...! ਇਸ ਤੋਂ ਇਲਾਵਾ ਅੱਜ ਦੇ ਯੁੱਗ ਵਿਚ ਬੱਚਿਆਂ ਜਾਂ ਨੌਜਵਾਨਾਂ ਨੂੰ ਕ੍ਰਾਂਤੀ ਬਾਰੇ ਨਹੀਂ, ਸ਼ਾਂਤੀ ਬਾਰੇ ਉਪਦੇਸ਼ ਦੇਣ ਦੀ ਲੋੜ ਹੈ...! ਕਿਉਂਕਿ ਕਿਸੇ ਦਾ ਕੀਤਾ ਸਲੂਕ ਤੁਹਾਨੂੰ ਤੁਹਾਡੀ ਕਦਰ-ਕੀਮਤ ਦਰਸਾਉਂਦਾ ਹੈ..! ਅਗਰ ਕੋਈ ਤੁਹਾਡੇ ਨਾਲ਼ ਪਿਆਰਾ ਤੇ ਮਿੱਠਾ ਮਿੱਠਾ ਸਲੂਕ ਕਰਦਾ ਹੈ, ਤੁਹਾਨੂੰ ਉਸ 'ਤੇ ਮਾਣ ਵੀ ਹੁੰਦਾ ਹੈ ਅਤੇ ਉਸ ਪ੍ਰਤੀ ਸਤਿਕਾਰ ਵਿਚ

ਵੀ ਵਾਧਾ ਹੁੰਦਾ ਹੈ...! ਅਗਰ ਕੋਈ ਤੁਹਾਡੇ ਨਾਲ਼ ਜ਼ਾਲਮਾਨਾ ਵਿਵਹਾਰ ਕਰਦਾ ਹੈ, ਤੁਹਾਨੂੰ ਇਨਸਾਨ ਨਾ ਸਮਝ ਕੇ ਸਿਰਫ਼ ਆਪਣੇ ਮਨੋਰਥ ਪ੍ਰਤੀ ਹੀ ਸੁਚੇਤ ਹੈ, ਤੁਸੀਂ ਉਸ ਵੱਲੋਂ ਮੁੱਖ ਮੋੜ ਕੇ 'ਆਪਣੇ' ਰਸਤੇ ਪੈ ਜਾਂਦੇ ਹੋ ਅਤੇ ਨਿਕਲਣ ਵਾਲ਼ੇ ਸਿੱਟਿਆਂ ਦੀ ਪ੍ਰਵਾਹ ਨਹੀਂ ਕਰਦੇ...! ਕਿਉਂਕਿ ਪੱਖਪਾਤ ਵਿਤਕਰੇ ਦੀ ਮਾਂ ਹੈ...!"

-"ਯੂ ਆਰ ਗਰੇਟ ਇਮਰਨ..! ਯੂ ਆਰ ਰੀਅਲੀ ਗਰੇਟ...!" ਉਸ ਨੇ ਘੁੱਟ ਕੇ ਉਸ ਨੂੰ ਗਲਵਕੜੀ ਪਾ ਲਈ।

-"ਕੁਛ ਪੀਣੈਂ...?" ਇਮਰਾਨ ਨੇ ਪੁੱਛਿਆ।

-"ਓਬੀਅਸਲੀ...! ਗਿਵ ਮੀ ਸਮ ਵਿਸਕੀ ਵਿਦ ਕੋਕ ਐਂਡ ਦੈਨ ਫ਼ੱਕ ਮੀ...!" ਉਹ ਲਾਚੜੀ ਹੋਈ ਬੋਲੀ।

ਇਮਰਾਨ ਨੇ ਵਿਸਕੀ ਵਿਚ ਕੋਕ ਪਾ ਕੇ ਸੀਤਲ ਅੱਗੇ ਕਰ ਦਿੱਤਾ।

* * * * * * *

ਸੀਤਲ ਦੇ ਘਰ ਵਿਚ ਹੜਦੁੰਗ ਮੱਚਿਆ ਹੋਇਆ ਸੀ।

ਪਾਣੀ ਸਿਰ ਉਪਰੋਂ ਲੰਘ ਜਾਣ ਕਾਰਨ ਪਾਇਲ ਦੀ ਮੌਜੂਦਗੀ ਵਿਚ ਕਿਰਪਾਲ ਕੌਰ ਨੇ ਗੁਰਚਰਨ ਨੂੰ ਸਾਰਾ ਕੁਝ ਬਗੈਰ ਕਿਸੇ ਭੂਮਿਕਾ ਤੋਂ ਦੱਸ ਦਿੱਤਾ ਸੀ। ਕੱਛ ਵਿਚੋਂ ਮੂੰਗਲ਼ਾ ਵੱਜਣ ਕਾਰਨ ਗੁਰਚਰਨ ਬੌਂਦਲ਼ ਜਿਹਾ ਗਿਆ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਸ ਘੁੰਮਣਘੇਰੀ ਵਿਚੋਂ ਸੀਤਲ ਨੂੰ ਕਿਵੇਂ ਬਾਹਰ ਕੱਢਿਆ ਜਾਵੇ..? ਉਸ ਨੇ ਜੋਸ਼ ਨਾਲ਼ੋਂ ਹੋਸ਼ ਤੋਂ ਕੰਮ ਲੈਣਾਂ ਚਾਹਿਆ। ਪਰ ਅੱਕੀਂ ਪਲ਼ਾਈਂ ਹੱਥ ਮਾਰਨ ਵਾਂਗ ਦਿਮਾਗ ਵਿਚ ਕੁਝ ਵੀ ਤਾਂ ਨਹੀਂ ਆਇਆ ਸੀ। ਉਹ ਦਿਮਾਗ ਅੰਦਰ ਇਕ ਤਰ੍ਹਾਂ ਨਾਲ਼ ਕਰੋਲ਼ੇ ਜਿਹੇ ਦੇ ਰਿਹਾ ਸੀ। ਉਸ ਦੀ ਸੁਰਤ ਮਾਰੀ ਪਈ ਸੀ।

-"ਕਿਰਪਾਲ, ਜੇ ਝੱਗਾ ਚੱਕਾਂਗੇ ਤਾਂ ਆਪਣਾ ਢਿੱਡ ਈ ਨੰਗਾ ਹੋਊ...!" ਉਸ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ।

-"ਪਰ ਕੁਛ ਨਾ ਕੁਛ ਤਾਂ ਕਰਨਾਂ ਈ ਪਊ...? ਜੇ ਕੋਈ ਨਾ ਉਤਾ ਵਾਚਿਆ ਤਾਂ ਇਹ ਮੁਸਲਮਾਨ ਨਾਲ਼ ਨਿਕਲ਼ਜੂ? ਫੇਰ ਕੀ ਕਰਾਂਗੇ..?" ਕਿਰਪਾਲ ਕੌਰ ਜਿਵੇਂ ਖੂਹ 'ਚੋਂ ਬੋਲੀ ਸੀ।

-"..........।" ਗੁਰਚਰਨ ਚੁੱਪ ਸੀ। ਉਸ ਨੂੰ ਕੁਝ ਸੁੱਝ ਹੀ ਨਹੀਂ ਰਿਹਾ ਸੀ।

-"ਤੁਸੀਂ ਇਉਂ ਕਰੋ...!"

-"ਦੱਸ...?"

"ਉਸ ਮੁਸਲਮਾਨ ਦੇ ਘਰ ਦਾ ਪਤਾ ਕਰੋ, ਤੇ ਉਹਦੇ ਮਾਂ ਪਿਉ ਨਾਲ਼ ਗੱਲ ਕਰੋ...! ਉਹਨਾਂ ਨੂੰ ਇਹ ਹੀ ਦੱਸੋ ਬਈ ਭਾਈ ਅਸੀਂ ਸਿੱਖ, ਤੇ ਤੁਸੀਂ ਮੁਸਲਮਾਨ, ਸਾਡਾ ਮੇਲ ਕਿੱਥੇ...? ਸਾਡੀਆਂ ਤਾਂ ਰਸਮਾਂ ਰਿਵਾਜ ਵੀ ਉਹਨਾਂ ਨਾਲ਼ੋਂ ਉਲਟ ਐ..! ਜਿਹੜੀ ਗਲਤੀ ਜੁਆਕਾਂ ਨੇ ਹੁਣ ਤੱਕ ਕਰ ਲਈ, ਇਹਨਾਂ ਨੂੰ ਮੁਆਫ਼...! ਤੇ ਹੁਣ ਤੁਸੀਂ ਆਪਣੇ ਮੁੰਡੇ ਨੂੰ ਸਮਝਾਓ...! ਆਪਾਂ ਫੇਰ ਵੀ ਇੰਡੀਅਨ ਤੇ ਪਾਕਿਸਤਾਨੀ ਭਾਈ ਐਂ..! ਇੱਜ਼ਤ ਹਰੇਕ ਧਰਾਉਂਦੈ..! ਹੁਣ ਸਾਡੇ 'ਤੇ ਰਹਿਮ ਕਰੋ..! ਅਜੇ ਤਾਂ ਕਿਸੇ ਨੂੰ ਪਤੈ, ਕਿਸੇ ਨੂੰ ਨਹੀਂ ਪਤਾ...! ਆਪਣੇ ਮੁੰਡੇ ਨੂੰ ਸਮਝਾਓ...! ਜੋ ਕੰਮ ਪਿਆਰ ਨਾਲ਼ ਨਿਕਲ਼ ਜਾਵੇ, ਉਹਦੇ ਨਾਲ਼ ਦੀ ਰੀਸ ਨ੍ਹੀ...!"

ਗੁਰਚਰਨ ਚੁੱਪ ਚਾਪ ਸੁਣ ਰਿਹਾ ਸੀ।

-"ਪਾਇਲ ਓਸ ਮੁੰਡੇ ਨੂੰ ਜਾਣਦੀ ਐ..!"

-"ਪਾਇਲ...! ਪਾਇਲ ਬੇਟੇ...!" ਗੁਰਚਰਨ ਨੇ ਅਵਾਜ਼ ਦਿੱਤੀ।

ਅਵਾਜ਼ ਦੇ ਨਾਲ਼ ਹੀ ਪਾਇਲ ਥੱਲੇ ਆ ਗਈ।

-"ਕੀ ਐ ਡੈਡ...?"

-"ਸੀਤਲ ਦੀ ਸਾਰੀ ਕਹਾਣੀ ਬਾਰੇ ਤੈਨੂੰ ਪਤਾ ਈ ਐ ਬੇਟੇ..!"
-"ਹਾਂ ਡੈਡ...।"
-"ਬੇਟੇ ਕੀ ਨਾਂ ਐਂ ਓਸ ਮੁੰਡੇ ਦਾ?"
-"ਇਮਰਨ ਐਂ ਡੈਡ...!"
-"ਕਿੱਥੇ ਰਹਿੰਦੈ..? ਮੈਂ ਕੱਲ੍ਹ ਨੂੰ ਸਕੂਲ 'ਚੋਂ ਆਪਣੀਆਂ ਫ਼ਰੈਂਡਜ਼ ਤੋਂ ਪਤਾ ਕਰ ਦਿਊਂ..!"
-"ਕੱਲ੍ਹ ਨੂੰ ਪਤਾ ਕਰ ਬੇਟੇ...!"
-"ਕਰ ਦਿਊਂਗੀ ਡੈਡ..!"

ਅਗਲੇ ਦਿਨ ਪਾਇਲ ਨੇ ਇਮਰਾਨ ਦਾ ਐਡਰੈੱਸ ਲਿਆ ਕੇ ਗੁਰਚਰਨ ਨੂੰ ਦੇ ਦਿੱਤਾ। ਫ਼ੋਨ ਨੰਬਰ ਕੋਈ ਮਿਲ਼ਿਆ ਨਹੀਂ ਸੀ। ਇਮਰਾਨ ਦਾ ਘਰ ਕੋਈ ਬਹੁਤੀ ਦੂਰ ਨਹੀਂ ਸੀ। ਗੁਰਚਰਨ ਨੇ ਬਿਮਾਰ ਦਾ ਬਹਾਨਾ ਲਾ ਕੇ ਡਾਕਟਰ ਤੋਂ ਹਫ਼ਤੇ ਦਾ ਮੈਡੀਕਲ ਸਰਟੀਫ਼ਿਕੇਟ ਲੈ ਲਿਆ। ਅਗਲੇ ਦਿਨ ਉਸ ਨੇ ਇਮਰਾਨ ਦੇ ਘਰ ਦਾ ਜਾਇਜਾ ਲਿਆ ਅਤੇ ਗੁਰੂ ਘਰ ਆ ਗਿਆ।

ਗੁਰੂ ਘਰ ਗਿਆਨੀ ਜੀ ਨਾਲ਼ 'ਸਵਰਗ-ਨਰਕ' 'ਤੇ ਵਿਚਾਰ ਚੱਲ ਰਹੀ ਸੀ। ਹਫ਼ਤੇ ਵਿਚ ਇਕ ਵਾਰ ਗੁਰੂ ਘਰ ਕਿਸੇ ਵਿਸ਼ੇ 'ਤੇ ਵਿਚਾਰ ਕੀਤੀ ਜਾਂਦੀ ਸੀ।

-"ਦੇਖੋ ਜੀ ਪਵਿੱਤਰ ਗੁਰਬਾਣੀ ਦਾ ਫ਼ੁਰਮਾਨ ਹੈ: ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸ।। ਹੋਨਾ ਹੋ ਸੋ ਹੋਈ ਹੈ ਮਨਹਿ ਨ ਕੀਜੈ ਆਸ।। ਇਸ ਤੋਂ ਇਲਾਵਾ ਇਲਾਹੀ ਗੁਰਬਾਣੀ ਇਹ ਵੀ ਫ਼ੁਰਮਾਨ ਕਰਦੀ ਐ: ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।। ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪ੍ਰਸਾਦੇ।। ਗੁਰੂ ਪਿਆਰਿਓ, ਸਵਰਗ ਅਤੇ ਨਰਕ ਬਾਰੇ ਕਬੀਰ ਜੀ ਵੀ ਇਹੀ ਬਿਆਨ ਕਰਦੇ ਹਨ: ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰਰ ਕੇ ਪਰਸਾਦਿ।। ਚਰਨ ਕਮਲ ਕੀ ਮਾਉਜ ਮਹਿ ਰਹਉ ਅੰਤਿ ਅਰੁ ਆਦਿ।।" ਗਿਆਨੀ ਜੀ ਗੁਰਬਾਣੀ ਵਿਚੋਂ ਦਲੀਲਾਂ ਦੇ ਰਹੇ ਸਨ।

-"ਆਓ ਗੁਰਚਰਨ ਸਿੰਘ ਜੀ, ਆਓ ਪਧਾਰੋ...!" ਗਿਆਨੀ ਜੀ ਨੇ ਬੜੇ ਅਦਬ ਨਾਲ਼ ਆਖਿਆ।

ਗੁਰਚਰਨ ਅੰਦਰ ਜਾ ਕੇ ਦਰੀ 'ਤੇ ਬੈਠ ਗਿਆ।

-"ਗੁਰੂ ਪਿਆਰਿਓ...! ਤੁਸੀਂ ਕਰੋ ਬਚਨ ਬਿਲਾਸ, ਆਨੰਦ ਲਓ, ਤੇ ਮੈਂ ਗੁਰੂ ਕੇ ਲੰਗਰ ਦਾ ਜਾਇਜਾ ਲੈ ਲਵਾਂ..!" ਤੇ ਗਿਆਨੀ ਜੀ ਉਠ ਕੇ ਅੰਦਰ ਚਲੇ ਗਏ।

ਗੁਰਚਰਨ ਨੇ ਇਕ ਪਾਸੇ ਕਰ ਕੇ ਆਪਣੇ ਨੇੜਲੇ ਜੋਟੀਦਾਰਾਂ ਨਾਲ਼ ਦਿਲ ਦਾ ਦੁੱਖ ਸਾਂਝਾ ਕੀਤਾ। ਸਾਰੀ ਗੱਲ ਦੱਸੀ ਅਤੇ ਇਸ ਦਾ ਕੋਈ ਸਾਰਥਿਕ ਹੱਲ ਪੁੱਛਿਆ। ਗੁਰਚਰਨ ਨੇ ਆਤਮ ਵਿਸ਼ਵਾਸ ਗੁਆਇਆ ਨਹੀਂ ਸੀ। ਖਿੜਕਿਆ ਹੋਣ ਦੇ ਬਾਵਜੂਦ ਵੀ ਉਸ ਦਾ ਦਿਮਾਗ ਸਥਿਰ ਸੀ। ਕਾਹਲ਼ੀ ਜਾਂ ਗੁੱਸਾ ਤਬਾਹੀ ਦਾ ਕਾਰਨ ਬਣ ਸਕਦਾ ਸੀ। ਇੰਗਲੈਂਡ ਵਿਚ ਬਥੇਰੇ ਚਾਚੇ, ਬਾਪ ਜਾਂ ਦਾਦੇ ਸਨ, ਜੋ ਆਪਣੀਆਂ ਧੀਆਂ, ਭਤੀਜੀਆਂ ਜਾਂ ਪੋਤੀਆਂ ਨੂੰ ਮਾਰ ਕੇ ਜਾਂ ਕੁੱਟ ਕੇ ਜੇਲ੍ਹ ਦੀ ਸਜ਼ਾ ਕੱਟ ਰਹੇ ਸਨ। ਜਾਂ ਕੱਟ ਚੁੱਕੇ ਸਨ। ਲੋਕਾਂ ਵਿਚ ਭੰਡੀ ਹੋਈ ਸੀ ਅਤੇ ਹਰ ਇਕ ਨੇ ਉਹਨਾਂ ਨੂੰ ਬੇਵਕੂਫ਼ ਕਿਹਾ ਸੀ। ਗੋਰੇ ਲੋਕ ਭਾਰਤੀ ਲੋਕਾਂ ਨੂੰ ਵੱਖ ਨਫ਼ਰਤ ਕਰਨ ਲੱਗ ਪਏ ਸਨ, ਜੋ ਆਪਣੀਆਂ ਬੱਚੀਆਂ ਦੀ 'ਖ਼ੁਸ਼ੀ' ਨਹੀਂ 'ਜਰ' ਸਕਦੇ ਸਨ। ਉਹ ਸਾਡੇ ਦੇਸੀ ਲੋਕਾਂ ਨੂੰ ਇਸ ਪੱਖੋਂ 'ਉਜੱਡ' ਅਤੇ 'ਨੈਰੋ-ਮਾਈਂਡਿਡ ਪੀਪਲ' ਦੱਸਦੇ ਸਨ। ਇਸ ਪੱਖੋਂ ਇੰਗਲੈਂਡ ਦੀ ਮੈਟਰੋਪੋਲੀਟਨ ਪੁਲੀਸ ਦੇਸੀ ਪ੍ਰੀਵਾਰਾਂ 'ਤੇ ਖ਼ਾਸ ਅੱਖ ਰੱਖ ਰਹੀ ਸੀ। ਅਗਰ ਕੋਈ ਕੁੜੀ ਪੁਲੀਸ ਪਾਸ ਜਾ ਕੇ ਇਹ ਬਿਆਨ ਦਾਗ ਦਿੰਦੀ ਸੀ ਕਿ ਮੈਂ ਫ਼ਲਾਨੇ ਮੁੰਡੇ ਨੂੰ ਪ੍ਰੇਮ ਕਰਦੀ ਹਾਂ, ਪਰ ਮੇਰੇ ਮਾਂ ਬਾਪ ਇਸ ਨਾਲ਼ ਸਹਿਮਤ ਨਹੀਂ ਅਤੇ ਮੇਰੀ ਜਾਨ ਨੂੰ ਖ਼ਤਰਾ ਹੈ, ਤਾਂ ਪੁਲੀਸ ਵੱਧ ਚੜ੍ਹ ਕੇ, ਉਸ ਕੁੜੀ ਦੀ ਮੱਦਦ 'ਤੇ ਆ ਖੜ੍ਹਦੀ। ਕੇਅਰ ਸੈਂਟਰਾਂ ਵਿਚ ਰਹਾਇਸ਼ ਦਾ ਪ੍ਰਬੰਧ ਕਰਦੀ ਅਤੇ ਮਾਂ ਬਾਪ ਨੂੰ ਕੇਅਰ ਸੈਂਟਰ ਦਾ ਪਤਾ ਤੱਕ ਨਾ ਦਿੱਤਾ ਜਾਂਦਾ। ਕਈ ਕੁੜੀਆਂ ਨੇ ਜ਼ਿਦ ਵਿਚ ਆ ਕੇ, ਝੂਠੇ ਬਿਆਨ ਦੇ ਕੇ ਵੀ ਆਪਣੇ ਮਾਂ ਬਾਪ ਜਾਂ ਭਰਾ ਫ਼ਸਾਏ ਸਨ। ਬਿਨਾਂ ਕਿਸੇ ਕਾਰਨ ਤੋਂ...! ਸਿਰਫ਼ ਮਾੜੀ ਮੋਟੀ ਘਰ ਵਿਚ ਹੋਈ ਲੜਾਈ ਤੋਂ ਚਿੜ ਕੇ ਕੁੜੀਆਂ ਨੇ ਆਪਣੀਆਂ ਹੋਰ ਗੋਰੀਆਂ ਜਾਂ ਅਵਾਰਾ ਦੇਸੀ ਕੁੜੀਆਂ ਦੇ ਆਖੇ

ਲੱਗ, ਪੁਲੀਸ ਕੋਲ਼ ਝੂਠੇ ਬਿਆਨ ਦਰਜ ਕਰਵਾ ਕੇ ਮਾਪਿਆਂ ਦੀ 'ਬਲੀ' ਦਿੱਤੀ ਸੀ। ਫਿਰ ਨਾ ਉਹ ਘਰ ਦੀਆਂ ਅਤੇ ਨਾ ਘਾਟ ਦੀਆਂ ਰਹੀਆਂ ਸਨ...।

ਜਦੋਂ ਬਜੁਰਗ ਖੜਕ ਸਿੰਘ ਨੇ ਮੁਸਲਮਾਨ ਭਾਈਚਾਰੇ ਬਾਰੇ ਬੁਰਾ ਭਲਾ ਬੋਲਣਾਂ ਸ਼ੁਰੂ ਕਰ ਦਿੱਤਾ ਤਾਂ ਰਘਬੀਰ ਸਿੰਘ ਸਿੱਧੂ ਨੇ ਉਸ ਦੇ ਬਰੇਕ ਲਾਏ। ਰਘਬੀਰ ਸਿੰਘ ਸਿੱਧੂ ਦਾ ਪਿਛਲਾ ਪਿੰਡ ਬਾਘੇਪੁਰਾਣੇਂ ਕੋਲ਼ 'ਚੰਨੂਵਾਲ਼' ਸੀ!

-"ਦੇਖੋ ਸਰਦਾਰ ਖੜਕ ਸਿੰਘ ਜੀ...! ਤੁਸੀਂ ਤਾਂ ਆਪ ਸਿਆਣੇ ਹੋ..! ਸਾਡੇ ਨਾਲ਼ੋਂ ਕਾਫ਼ੀ ਸੀਨੀਅਰ ਵੀ ਹੋ..! ਮੈਂ ਇਹ ਗੱਲ ਮੰਨਦਾ ਹਾਂ ਕਿ ਤੁਹਾਡੀ ਪੋਤਰੀ ਨਾਲ਼ ਵੀ ਅਜਿਹੀ ਕਹਾਣੀ ਬੀਤ ਚੁੱਕੀ ਐ..! ਸਾਨੂੰ ਇਸ ਗੱਲ ਦਾ ਦੁੱਖ ਅਤੇ ਅਫ਼ਸੋਸ ਵੀ ਹੈ, ਇਹਦੇ ਵਿਚ ਕੋਈ ਸ਼ੱਕ ਨਹੀਂ..! ਇਹ ਸਿਰਫ਼ ਤੁਹਾਡੇ ਨਾਲ਼ ਹੀ ਨਹੀਂ, ਪੰਜਾਬੀ ਭਾਈਚਾਰੇ ਦੇ ਹੋਰ ਪ੍ਰੀਵਾਰਾਂ ਨਾਲ਼ ਵੀ ਪ੍ਰਤੱਖ ਬੀਤੀ ਐ..! ਪਰ, ਇਕ ਬੰਦੇ ਦੀ ਕਰਤੂਤ ਕਾਰਨ ਸਾਰੀ ਕੌਮ ਦੋਸ਼ੀ ਨਹੀਂ ਹੋ ਜਾਂਦੀ...! ਇਸ ਨੂੰ ਧਿਆਨ ਵਿਚ ਰੱਖਣ ਦੀ ਅਤੀਅੰਤ ਲੋੜ ਹੈ..! ਜੋਸ਼ ਨਾਲ਼ੋਂ ਹੋਸ਼ ਤੋਂ ਕੰਮ ਲਿਆ ਜਾਵੇ ਤਾਂ ਸਭ ਤੋਂ ਅੱਛਾ ਰਹੇਗਾ..! ਇਹ ਕਮਿਊਨਿਟੀਆਂ ਦੇ, ਭਾਈਚਾਰੇ ਦੇ ਮਿਲਵਰਤਣ ਦਾ ਸੁਆਲ ਵੀ ਐ..! ਅਸੀਂ ਸਾਰੀ ਸਮੁੱਚੀ ਕਮਿਊਨਿਟੀ ਨੂੰ ਅੱਖੜ ਬੋਲ ਕਬੋਲ ਕਰ ਕੇ ਆਪਣੇ ਖ਼ਿਲਾਫ਼ ਖੜ੍ਹਾਉਣ ਲਈ ਪਹਿਲ ਕਰਦੇ ਹਾਂ..!" ਸਿੱਧੂ ਬੋਲਿਆ ਸੀ।

-"ਦੇਖੋ..!" ਅਮਰੀਕ ਸਿੰਘ ਢਿੱਲੋਂ ਨੇ ਆਪਣੀ ਵਾਰੀ ਲੈਂਦਿਆਂ ਗੱਲ ਸ਼ੁਰੂ ਕੀਤੀ, "ਖੂਹ ਦੀ ਮੌਣ ਪੱਥਰ ਦੀ ਹੁੰਦੀ ਸੱਜਣੋ, ਤੇ ਘੜ੍ਹਾ ਹੁੰਦੈ ਮਿੱਟੀ ਦਾ...! ਹਰ ਰੋਜ ਇਕੋ ਜਗਾਹ ਟਿਕਣ ਨਾਲ਼ ਮਿੱਟੀ ਦਾ ਘੜ੍ਹਾ ਪੱਥਰ ਦੀ ਮੌਣ ਵਿਚ ਟੋਆ ਪਾ ਦਿੰਦੈ...! ਮੇਰਾ ਕਹਿਣ ਦਾ ਮਤਲਬ ਐ ਬਈ ਖ਼ਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਫ਼ੜਦੈ...! ਇਕ ਲਿੱਬੜੀ ਮੱਝ ਦੂਜੀਆਂ ਨੂੰ ਲਬੇੜਦੀ ਐ...! ਆਪਣੀਆਂ ਹੀ ਵਿਗੜੀਆਂ ਕੁੜੀਆਂ, ਆਬਦਾ ਕਾਣ ਲਕੋਣ ਖਾਤਰ ਦੂਜੀਆਂ ਕੁੜੀਆਂ ਨੂੰ ਇਸ ਨੀਚ ਕੰਮ ਵੱਲ ਪ੍ਰੇਰਿਤ ਕਰਦੀਐਂ, ਤਾਂ ਕਿ ਆਬਦੇ ਮਾਂ ਬਾਪ ਨੂੰ ਆਖਣ ਜੋਕਰੀਆਂ ਹੋ ਜਾਣ, ਦਲੀਲ ਦੇਣ ਜੋਕਰੀਆਂ ਹੋ ਜਾਣ, ਕਿ ਦੇਖੋ, ਮੈਂ 'ਕੱਲੀ ਹੀ ਨਹੀਂ, ਫ਼ਲਾਣੇ ਦੀ ਕੁੜੀ ਵੀ ਆਹ ਕੁਛ ਕਰਦੀ ਐ...! ਆਬਦੀਆਂ ਕੱਛ 'ਚ ਤੇ ਦੂਜੇ ਦੀਆਂ ਹੱਥ 'ਚ ਆਲ਼ੀ ਗੱਲ...! ਇਹ ਤਾਂ ਉਹ ਗੱਲ ਐ ਬਈ ਅੰਨ੍ਹੀ ਦਾਈ ਤੇ ਪੁੱਠੇ ਥਾਂ ਹੱਥ..! ਉਹ ਆਬਦੀ ਦੁਸ਼ਟ ਸੰਖਿਆ ਵਧਾਉਣ ਵਾਸਤੇ ਕੁੜੀਆਂ ਨੂੰ ਆਪਣੀਆਂ ਵਿਗੜੀਆਂ ਕੁੜੀਆਂ ਹੱਲਾਸ਼ੇਰੀ ਦੇ ਕੇ ਮਾਂ ਬਾਪ ਦੇ ਵਿਰੁੱਧ ਕਰਦੀਐਂ, ਤੇ ਫੇਰ ਜਦੋਂ ਉਹ ਇਹਨਾਂ ਦੇ ਹਾਣ ਦੀਆਂ ਹੋ ਕੇ, ਇਹਨਾਂ ਦੇ ਰਸਤੇ ਈ ਤੁਰ ਪੈਂਦੀਐਂ, ਫੇਰ ਇਹ ਉਹਨਾਂ ਨੂੰ ਘਤਿੱਤਾਂ ਸਿਖਾਉਂਦੀਐਂ ਤੇ ਮਾਂ ਬਾਪ ਦੇ ਖ਼ਿਲਾਫ਼ ਕਾਨੂੰਨੀ ਐਕਸ਼ਨ ਲੈਣ ਜਾਂ ਘਰੋਂ ਭੱਜਣ ਲਈ ਦਬਾ ਪਾਉਂਦੀਐਂ, ਰੇਤਦੀਐਂ...! ਦੂਜੀ ਗੱਲ, ਸਾਰੀ ਮੁਸਲਮਾਨ ਕਮਿਊਨਿਟੀ 'ਤੇ ਬਹੁਤਾ ਇਲਜ਼ਾਮ ਲਾਉਣਾ ਗਲਤ ਹੈ..! ਇਹਦੇ ਵਿਚ ਆਪਣੀਆਂ ਕੁੜੀਆਂ ਦਾ ਰੋਲ ਵੀ ਸ਼ੱਕੀ, ਸੌੜਾ ਤੇ ਸਮਾਜ ਵਿਰੋਧੀ ਹੈ...! ਮਾਪੇ ਕਾਨੂੰਨ ਤੋਂ ਡਰਦੇ ਬੱਚਿਆਂ ਅੱਗੇ ਆਤਮ ਸਮਰਪਣ ਕਰੀ ਜਾਂਦੇ ਐ..! ਹੋਰ ਉਹਨਾਂ ਅੱਗੇ ਕੋਈ ਚਾਰਾ ਵੀ ਨਹੀਂ, ਕੀ ਕਰਨ..? ਸੱਪ ਦੇ ਮੂੰਹ 'ਚ ਕੋਹੜ ਕਿਰਲ਼ੀ ਆਈ ਵੀ ਐ, ਖਾਂਦਾ ਕੋਹੜੀ ਤੇ ਛੱਡਦੈ ਕਲੰਕੀ...! ਮਾਪੇ ਦੱਸੋ ਕਿਹੜੇ ਖੂਹ 'ਚ ਛਾਲ਼ ਮਾਰਨ...?" ਢਿੱਲੋਂ ਨੇ ਇਕ ਲੰਮਾ ਚੌੜਾ ਭਾਸ਼ਨ ਝਾੜ ਦਿੱਤਾ।

-"ਨਾਲ਼ੇ ਢਿੱਲੋਂ ਸਾਹਿਬ ਗੱਲ ਹੋਰ ਵੀ ਐ-!" ਸਿੱਧੂ ਨੇ ਕਹਿਣਾਂ ਸ਼ੁਰੂ ਕੀਤਾ, "ਮੈਂ ਬਾਈ ਜੀ ਕਿੰਨੇ ਚਿਰ ਦਾ ਟੈਕਸੀ ਚਲਾਉਨੈਂ..? ਆਮ ਦੇਖਿਐ ਕਿ ਰਾਤ ਨੂੰ ਪੱਬਾਂ ਕਲੱਬਾਂ ਵਿਚ ਜਾਂ ਬਰੌਡਵੇਅ 'ਤੇ ਸਿਰਫ਼ ਤੇ ਸਿਰਫ਼ ਆਪਣੀਆਂ ਇੰਡੀਅਨ ਕੁੜੀਆਂ ਹੀ ਨਜ਼ਰ ਆਉਂਦੀਐਂ..! ਕਦੇ ਮੈਨੂੰ ਕੋਈ ਪਾਕਿਸਤਾਨੀ ਕੁੜੀ ਦਿਖਾ ਦਿਓ ਬਰੌਡਵੇਅ 'ਤੇ 'ਕੱਲੀ ਜਾਂਦੀ...? ਹੋਊਗੀ ਕੋਈ ਸੌ 'ਚੋਂ ਇਕ...? ਕਿਉਂਕਿ ਕਣਕ 'ਚ ਕਾਂਗਿਆਰੀ ਵੀ ਹੁੰਦੀ ਐ, ਪਰ ਬਹੁਤ ਘੱਟ ਪਾਕਿਸਤਾਨੀ ਕੁੜੀਆਂ ਥੋਨੂੰ ਸੜਕਾਂ 'ਤੇ ਮੱਟਰ ਗਸ਼ਤੀ ਕਰਦੀਆਂ ਫਿਰਦੀਆਂ ਦਿਸਣਗੀਆਂ...! ਪਰ ਆਪਣੀਆਂ ਕੁੜੀਆਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਫਿਰਦੀਆਂ ਹੁੰਦੀਐਂ...! ਪਾਕਿਸਤਾਨੀ ਕੁੜੀਆਂ ਜੇ ਰਾਤ ਨੂੰ ਕਿਤੇ ਫਿਰਦੀਆਂ ਵੀ ਹੋਣਗੀਆਂ, ਤਾਂ

ਸਿਰਫ਼ ਆਪਣੇ ਮਾਂ ਬਾਪ ਨਾਲ਼, ਜਾਂ ਭਰਾ ਨਾਲ਼ ਤੇ ਜਾਂ ਫੇਰ ਘਰਆਲ਼ੇ ਨਾਲ਼..! ਕੱਲੀ ਥੋਨੂੰ ਕੋਈ ਵੀ ਪਾਕਿਸਤਾਨੀ ਕੁੜੀ ਰਾਤ ਨੂੰ ਸੜਕ 'ਤੇ ਨਜ਼ਰ ਨਹੀਂ ਆਊਗੀ...! ਪਤਾ ਨ੍ਹੀ ਆਪਣੀਆਂ ਸਹੁਰੀਆਂ ਨੂੰ ਕੀ ਅੱਗ ਲੱਗੀ ਐ...?" ਸਿੱਧੂ ਨੇ ਵੀ ਆਪਣਾ ਪੂਰਾ ਜੋਰ ਲਾ ਦਿੱਤਾ ਸੀ।

-"ਇਕ ਗੁਰਚਰਨ ਸਿਆਂ ਇਹ ਸਹੁਰੀ ਉਮਰ ਈ ਐਹੋ ਜੀ ਕੱਚੀ ਤੇ ਕੁਲਿਹਣੀਂ ਹੁੰਦੀ ਐ, ਆਬਦੇ ਚੰਗੇ ਮੰਦੇ ਬਾਰੇ ਸੋਚ ਨਹੀਂ ਸਕਦੀ...! ਦੋਸ਼ ਸਾਰਾ ਮਾਂ ਬਾਪ ਦੇ ਸਿਰ ਮੜ੍ਹਿਆ ਜਾਂਦੈ, ਅਖੇ ਘਰ ਬੋਰਿੰਗ ਐ, ਘਰੇ ਸਾਨੂੰ ਅਜ਼ਾਦੀ ਨਹੀਂ, ਅਸੀਂ ਇਸ ਤੰਗ ਮਾਹੌਲ ਵਿਚ ਨਹੀਂ ਰਹਿ ਸਕਦੀਆਂ...! ਸਾਨੂੰ ਸਾਡੇ ਬਾਪੂ ਹੋਰੀਂ ਆਹ ਹੁਣ ਤੱਕ ਡੰਡਿਆਂ ਨਾਲ਼ ਕੁੱਟਦੇ ਰਹੇ ਐ, ਮੱਝ ਆਂਗੂੰ...! ਤੇ ਐਥੋਂ ਦੇ ਸਹੁਰੇ ਜੁਆਕਾਂ ਦਾ ਤਾਂ ਰੱਬ ਈ ਰਾਖੈ..? ਪਤਾ ਨਹੀਂ ਆਪਣਿਆਂ ਨੂੰ ਕੀ ਪੁੱਠੀ ਭਮਾਲ਼ੀ ਆਈ ਵੀ ਐ...? ਗੱਲ ਈ ਨ੍ਹੀ ਸੁਣਦੇ...!"

-"ਇਕ ਗੱਲ ਹੋਰ ਸੋਚਣ ਆਲ਼ੀ ਐ...!" ਸਿੱਧੂ ਨੇ ਕਿਹਾ, "ਇਸ ਗੱਲ ਦੀ ਮੈਨੂੰ ਅਜੇ ਤੱਕ ਸਮਝ ਵੀ ਨਹੀਂ ਆਈ, ਬਈ ਮਾਂ ਬਾਪ ਵੀਹ ਇੱਕੀ ਸਾਲ ਨਾਲ਼ ਰੱਖ ਕੇ ਜੁਆਕਾਂ ਨੂੰ ਪਾਲ਼ਦੇ ਐ, ਹਰ ਸੁਖ ਸਹੂਲਤ ਦਿੰਦੇ ਐ, ਲਾਡ ਪਿਆਰ ਕਰਦੇ ਐ, ਰਾਤਾਂ ਅਤੇ ਓਵਰ ਟਾਈਮ ਲਾ ਕੇ ਇਹਨਾਂ ਦੀਆਂ ਫ਼ਰਮਾਇਸ਼ਾਂ ਪੂਰੀਆਂ ਕਰਦੇ ਐ, ਮੂੰਹੋਂ ਕੱਢ ਕੱਢ ਦਿੰਦੇ ਐ, ਆਪ ਜਿਵੇਂ ਮਰਜ਼ੀ ਐ ਨੰਗ ਮਲੰਗ ਰਹਿਣ...! ਪਰ ਬੱਚਿਆਂ ਨੂੰ ਕਿਸੇ ਗੱਲੋਂ ਤਲਕਣ ਨ੍ਹੀ ਦਿੰਦੇ...! ਤੇ ਇਹਨਾਂ ਸਾਲ਼ੇ ਕਲ਼ਯੁਗੀ ਜੁਆਕਾਂ ਨੂੰ ਮਾਂ ਬਾਪ ਦਾ ਪਿਆਰ ਇੱਕੀਆਂ ਸਾਲਾਂ 'ਚ ਨ੍ਹੀ ਆਉਂਦਾ..? ਤੇ ਜੇ ਕੋਈ ਕੁੜੀ ਜਾਂ ਮੁੰਡਾ ਮਿਲ਼ਪੇ, ਤਾਂ ਇਹਨਾਂ ਨੂੰ ਉਹਦਾ ਪਿਆਰ ਦਸਾਂ ਦਿਨਾਂ 'ਚ ਆਉਣ ਲੱਗ ਪੈਂਦੈ, ਕੀ ਇਹ ਮਾਂ ਬਾਪ ਨਾਲ਼ ਧੱਕਾ ਤੇ ਬੇਇਨਸਾਫ਼ੀ ਨਹੀਂ...?"

-"ਇਹ ਉਮਰ ਈ ਕੱਚੀ ਤੇ ਭਾਵਕ ਹੁੰਦੀ ਐ ਸਿੱਧੂ ਸਾਹਬ..! ਤੇ ਸੋਚ ਹੁੰਦੀ ਐ ਸੀਮਤ..! ਆਪਣਾ ਬੁਰਾ ਭਲਾ ਨ੍ਹੀ ਛੇਤੀ ਕੀਤੇ ਸੋਚਦੇ..!"

-"ਸਿੱਧੂ ਸਾਹਿਬ, ਇਹ ਹੁਣ ਸਿਰਫ਼ ਇੰਗਲੈਂਡ ਦਾ ਈ ਦੁਖਾਂਤ ਨਹੀਂ, ਅਮਰੀਕਾ, ਕੈਨੇਡਾ ਦੀ ਤਾਂ ਤੁਸੀਂ ਗੱਲ ਛੱਡੋ, ਐਸ ਕੰਮ ਵਿਚ ਤਾਂ ਹੁਣ ਪੰਜਾਬ 'ਚ ਵੀ ਬੁਰਾ ਹਾਲ ਐ..!" ਢਿੱਲੋਂ ਨੇ ਵਾਰੀ ਲਈ।

-"ਪਰ ਢਿੱਲੋਂ ਸਾਹਿਬ, ਪੰਜਾਬ ਦੇ ਜੁਆਕ ਮਾੜਾ ਮੋਟਾ ਰਿਸ਼ਤੇਦਾਰਾਂ ਦੀ ਤਾਂ ਸ਼ਰਮ ਕਰਦੇ ਐ..? ਐਥੇ ਤਾਂ ਕੁੜੀ ਯ੍ਹਾਵੀ ਉਹ ਵੀ ਹੈਨ੍ਹੀ...!"

-"ਦੇਖੋ ਜੀ, ਮੈਂ ਪੱਚੀ ਸਾਲ ਇੰਗਲੈਂਡ ਦੇ ਸਕੂਲਾਂ ਵਿਚ ਪੜ੍ਹਾਇਐ..! ਅੱਗੇ ਮੁੰਡੇ ਕੁੜੀਆਂ ਮਾਂ ਬਾਪ ਦੀ ਗੱਲ ਸੁਣਦੇ ਵੀ ਸੀ, ਤੇ ਮੰਨਦੇ ਵੀ ਸੀ..! ਤੇ ਹੁਣ ਤਾਂ ਗੁਰਚਰਨ ਸਿਆਂ ਆਵਾ ਈ ਊਤਿਆ ਪਿਐ..! ਬਾਬੇ ਫ਼ਰੀਦ ਦੀ ਬਾਣੀ ਆਲ਼ੀ ਗੱਲ ਹੋਈ ਪਈ ਐ, ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।। ਊਚੈ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ।। ਸੁਖੀ ਕੋਈ ਵੀ ਨ੍ਹੀ, ਜੀਹਨੂੰ ਵੀ ਮਰਜੀ ਛੇੜ ਲਓ, ਚੀਕਾਂ ਮਾਰਦੈ..! ਇਹ ਤਾਂ ਸਿੱਧੂ ਸਾਹਿਬ ਘਰ ਘਰ ਦਾ ਦੁੱਖ ਐ...!"

-"ਹੁਣ ਗੁਰਚਰਨ ਸਿਉਂ ਹੋਰਾਂ ਦਾ ਕੀ ਹੱਲ ਕਰੀਏ..?" ਸਿੱਧੂ ਨੇ ਢਿੱਲੋਂ ਨੂੰ ਪੁੱਛਿਆ।

-"ਦੱਸ ਗੁਰਚਰਨ ਸਿਆਂ...? ਅਸੀਂ ਆਫ਼ਟਰ ਆਲ ਤੁਹਾਡੇ ਮਿੱਤਰ ਆਂ..! ਜਿਵੇਂ ਆਖੋਂਗੇ, ਉਵੇਂ ਈ ਕਰਲਾਂਗੇ...!" ਢਿੱਲੋਂ ਨੇ ਸਾਰੀ ਗੱਲ ਗੁਰਚਰਨ 'ਤੇ ਸੁੱਟ ਦਿੱਤੀ।

-"ਮੈਂ ਉਸ ਮੁੰਡੇ ਇਮਰਾਨ ਦਾ ਐਡਰੈੱਸ ਲੈ ਆਇਐਂ, ਉਹਦਾ ਘਰ ਵੀ ਦੇਖ ਆਇਐਂ..! ਆਪਾਂ ਉਹਦੇ ਘਰੇ ਚੱਲ ਕੇ ਉਹਦੇ ਮਾਂ ਬਾਪ ਨਾਲ਼ ਗੱਲ ਕਰੀਏ...?" ਗੁਰਚਰਨ ਨੇ ਆਪਣੀ ਤਜ਼ਵੀਜ਼ ਰੱਖੀ।

-"ਆਪਣੀ ਕੁੜੀ ਆਪਣੀ ਕਿੰਨ੍ਹੀ ਕੁ ਗੱਲ ਸੁਣਦੀ ਐ..?" ਢਿੱਲੋਂ ਨੇ ਸੰਖੇਪ ਜਿਹਾ ਜਾਇਜਾ ਚਾਹਿਆ।

-"ਉਹ ਤਾਂ ਗੱਲ ਸੁਣਦੀ ਈ ਨਹੀਂ ਢਿੱਲੋਂ ਸਾਹਿਬ...! ਉਹਦੀ ਮਾਂ ਨੇ ਬਥੇਰ੍ਹਾ ਜਾਭਾਂ ਦਾ ਭੇੜ੍ਹ ਕੀਤੈ, ਪਰ ਨ੍ਹਾਂ...! ਦਿਮਾਗ ਈ ਖਰਾਬ ਹੋਇਆ ਪਿਐ ਜੁਆਕਾਂ ਦਾ..! ਪਤਾ ਨ੍ਹੀ ਸਾਲ਼ੇ ਨੇ ਕੀ ਘੋਲ਼ ਕੇ ਸਿਰ ਪਾ ਦਿੱਤਾ...?" ਗੁਰਚਰਨ ਨੇ ਆਪਣੇ ਵੱਲੋਂ ਪੂਰੀ ਇਮਾਨਦਾਰੀ ਨਾਲ਼ ਦੱਸਿਆ। ਕੋਈ ਲਕੋ ਨਹੀਂ

ਰੱਖਿਆ ਸੀ।

-"ਮੁੰਡੇ ਦੇ ਪਿਉ ਨਾਲ਼ ਗੱਲ ਕਰ ਲੈਨੇ ਐਂ..! ਮੁਸਲਮਾਨਾਂ 'ਚ ਮਾਂ ਨਾਲ਼ ਗੱਲ ਕਰਨ ਦਾ ਤਾਂ ਰਿਵਾਜ ਨ੍ਹੀ..! ਰਿਵਾਜ ਨਾ ਕਹੋ, ਇਜਾਜ਼ਤ ਕਹਿਲੋ..! ਪਰ ਜਿੰਨਾਂ ਕੁ ਆਪਣੀ ਕੁੜੀ ਆਪਣੇ ਆਖੇ ਲੱਗਦੀ ਐ, ਓਨਾਂ ਕੁ ਈ ਉਹਨਾਂ ਦਾ ਮੁੰਡਾ ਉਹਨਾਂ ਦੇ ਆਖੇ ਲੱਗਦਾ ਹੋਊ, ਕਿਉਂ ਸਿੱਧੂ ਸਾਹਿਬ..? ਕੀ ਖ਼ਿਆਲ ਐ...?"

-"ਕੋਈ ਸ਼ੱਕ ਨਹੀਂ...! ਨ੍ਹੋ ਡਾਊਟ...!"

-"ਪਰ ਕੋਸ਼ਿਸ਼ ਕਰਨ 'ਚ ਕੋਈ ਹਰਜ਼ ਨਹੀਂ, ਚੱਲੋ ਚੱਲਦੇ ਐਂ..! ਕੋਈ ਫ਼ੋਨ ਨੰਬਰ ਹੈਨ੍ਹੀ..? ਵਲੈਤ 'ਚ ਬਿਨਾਂ ਫ਼ੋਨ ਕਰਨ ਤੋਂ ਕਿਸੇ ਦੇ ਘਰੇ ਜਾਣਾਂ-।"

-"ਨਹੀਂ, ਫ਼ੋਨ ਨੰਬਰ ਨਹੀਂ ਮਿਲ਼ਿਆ ਢਿੱਲੋਂ ਸਾਹਿਬ...।" ਗੁਰਚਰਨ ਨੇ ਗੱਲ ਕੱਟ ਕੇ ਕਿਹਾ।

ਖ਼ੈਰ, ਉਹ ਗੁਰਚਰਨ ਦੀ ਕਾਰ ਵਿਚ ਬੈਠ ਤੁਰ ਪਏ ਅਤੇ ਖ਼ਾਨ ਸਾਹਿਬ ਦੇ ਘਰ ਦੀ ਡੋਰ-ਬੈੱਲ ਜਾ ਖੜਕਾਈ।

ਦਰਵਾਜਾ ਖ਼ਾਨ ਸਾਹਿਬ ਨੇ ਹੀ ਖੋਲ੍ਹਿਆ।

ਸਲਵਾਰ ਕਮੀਜ਼ ਦੇ ਉਪਰ ਦੀ ਪਾਈ ਝੱਗੀ ਅਤੇ ਸ਼ੈਤਾਨ ਜਿਹੀਆਂ ਨਜ਼ਰਾਂ ਵਾਲ਼ਾ ਖ਼ਾਨ ਕੋਈ ਸਾਊ ਬੰਦਾ ਨਜ਼ਰ ਨਹੀਂ ਆਉਂਦਾ ਸੀ। ਨਿੱਕੀਆਂ ਬਰੀਕ ਅੱਖਾਂ ਅਤੇ ਸਾਢੇ ਕੁ ਚਾਰ ਫ਼ੁੱਟ ਦਾ ਖ਼ਾਨ ਪੂਰਾ ਛਟਿਆ ਬੰਦਾ ਲੱਗਦਾ ਸੀ! ਉਸ ਦੇ ਲੰਮੀ ਦਾਹੜ੍ਹੀ, ਪਰ ਮੁੱਛਾਂ ਜੜ੍ਹ ਤੋਂ ਹੀ ਰਗੜੀਆਂ ਹੋਈਆਂ ਸਨ। ਸਿਰ ਦੇ ਵਾਲ਼ ਅਤੇ ਦਾਹੜ੍ਹੀ ਨੂੰ ਮਹਿੰਦੀ ਲਾਈ ਹੋਈ ਸੀ। ਹੱਥ ਵਿਚ ਤੁਅੱਸਵੀ ਫੜੀ ਹੋਈ ਸੀ ਅਤੇ ਨਜ਼ਰਾਂ ਵਿਚ ਕੋਈ ਸੁਆਲ ਹਰਕਤ ਕਰ ਇਹਾ ਸੀ! ਉਸ ਦੀਆਂ ਚੁਸਤ ਅੱਖਾਂ ਸਰਦਾਰਾਂ 'ਤੇ ਘੁਕੀ ਜਾ ਰਹੀਆਂ ਸਨ।

-"ਤੁਸੀਂ ਸਰਦਾਰ ਜੀ...? ਮੇਰੇ ਕੋਲ ਈ ਆਏ ਓ, ਜਾਂ ਕਿਸੇ ਗਲਤੀ ਨਾਲ ਮੇਰੇ ਦਰਵਾਜੇ ਦੀ ਬੈੱਲ ਕਰ ਛੱਡੀ ਏ...?" ਖ਼ਾਨ ਨੇ ਨਿੱਕੀਆਂ ਅੱਖਾਂ, ਪਰ ਤੇਜ਼ ਘੋਖ਼ਵੀਂ ਨਜ਼ਰ ਨਾਲ਼ ਉਹਨਾਂ ਨੂੰ ਡੂੰਘਾਈ ਨਾਲ਼ ਪੜ੍ਹਦਿਆਂ ਪੁੱਛਿਆ।

-"ਆਪ ਇਮਰਾਨ ਦੇ ਫ਼ਾਦਰ ਸਾਹਿਬ ਹੋ...?" ਗੁਰਚਰਨ ਨੇ ਪੁੱਛਿਆ।

-"ਜੀ ਹਾਂ...! ਜੀ ਹਾਂ...!! ਆਈ ਐਮ ਹਿਜ਼ ਰੀਅਲ ਫ਼ਾਦਰ ਸਰਦਾਰ ਜੀ..!" ਖ਼ਾਨ ਹੈਰਾਨ ਹੋ ਗਿਆ।

-"ਤਾਂ ਅਸੀਂ ਤੁਹਾਡੇ ਕੋਲ਼ ਈ ਇਕ ਕੰਮ ਆਏ ਸੀ...!" ਗੁਰਚਰਨ ਨੇ ਉੱਤਰ ਦਿੱਤਾ।

-"ਜੀ ਆਇਆਂ ਨੂੰ...! ਇਕ ਮਿੰਟ ਸਰਦਾਰ ਜੀ...!" ਖ਼ਾਨ ਅੰਦਰ ਚਲਾ ਗਿਆ। ਉਸ ਨੇ ਸਿਟਿੰਗ-ਰੂਮ ਵਿਚ ਬੈਠੀਆਂ ਔਰਤਾਂ ਨੂੰ ਉਪਰ ਜਾਣ ਦਾ ਇਸ਼ਾਰਾ ਕੀਤਾ। ਔਰਤਾਂ ਇਸ਼ਾਰਾ ਸਮਝਦੀਆਂ ਹੀ ਉਪਰ ਨੂੰ ਰੇਲ ਬਣ ਗਈਆਂ। ਖ਼ਾਨ ਬਾਹਰ ਆ ਗਿਆ।

-"ਆਓ ਸਰਦਾਰ ਜੀ...! ਲੰਘ ਆਓ...! ਖ਼ੁਸ਼ ਆਮਦੀਦ..! ਧੰਨਭਾਗ ਸਾਡੇ, ਜਿਹੜੇ ਦਰਸ਼ਣ ਹੋਏ ਤੁਹਾਡੇ...! ਜੀ ਆਇਆਂ ਨੂੰ...! ਵੈੱਲ ਕਮ..! ਪਲੀਜ਼ ਕਮ ਇਨ...!" ਉਸ ਦੀ ਬੋਲੀ ਅਤੇ 'ਆਓ-ਭਗਤ' ਅਤੇ ਖੁੱਲ੍ਹੇ ਡੁੱਲ੍ਹੇ ਘਰ ਤੋਂ ਢਿੱਲੋਂ ਨੂੰ ਮਹਿਸੂਸ ਹੋਇਆ ਕਿ ਖ਼ਾਨ ਜ਼ਰੂਰ ਕੋਈ ਸਿਆਸਤ ਵਿਚ ਪੈਰ ਰੱਖਣ ਵਾਲ਼ਾ ਅਮੀਰ ਬੰਦਾ ਸੀ।

ਉਹ ਅੰਦਰ ਲੰਘ ਗਏ।

ਅੰਦਰੋਂ ਹੁੱਕੇ ਦੇ ਤੰਬਾਕੂ ਦਾ ਮੁਸ਼ਕ ਉਹਨਾਂ ਦੇ ਸਿਰ ਨੂੰ ਭੰਬੂਕਾ ਬਣ ਕੇ ਚੜ੍ਹਿਆ। ਉਹਨਾਂ ਦਾ ਦਮ ਘੁੱਟਿਆ ਗਿਆ ਸੀ। ਪਰ ਉਹ ਸਾਹ ਜਿਹਾ ਘੁੱਟ ਕੇ ਬੈਠ ਗਏ। ਬੈਠਣਾ ਤਾਂ ਪੈਣਾਂ ਹੀ ਸੀ!

-"ਮੇਰਾ ਨਾਂ ਅਸ਼ਰਫ਼ ਖ਼ਾਨ ਐਂ ਸਰਦਾਰ ਜੀ...! ਪਰ ਸਾਰਾ ਭਾਈਚਾਰੇ ਦੇ ਲੋਗ ਮੈਨੂੰ ਖ਼ਾਨ ਦੇ ਨਾਂਮ ਨਾਲ਼ ਹੀ ਬੁਲਾਂਦੇ ਨੇ...!" ਉਸ ਨੇ ਵਾਰੋ ਵਾਰੀ ਸਾਰਿਆਂ ਨਾਲ਼ ਬੜੀ ਗਰਮਜੋਸ਼ੀ ਨਾਲ਼ ਹੱਥ ਮਿਲਾਇਆ।

-"ਨਾਈਸ ਟੂ ਮੀਟ ਯੂ ਖ਼ਾਨ ਸਾਹਿਬ...!" ਢਿੱਲੋਂ ਨੇ ਆਦਰ ਨਾਲ਼ ਕਿਹਾ।

-"ਕੰਮ ਤੋਂ ਪਹਿਲਾਂ ਇਹ ਦੱਸੋ, ਕਿ ਕੀ ਪੀਓਂਗੇ..?" ਉਸ ਨੇ ਆਪਣੀ ਨਜ਼ਰ ਵਾਲ਼ੀ ਐਨਕ ਚਾੜ੍ਹ ਲਈ ਅਤੇ ਖੂਹ 'ਤੇ ਜੋੜੇ ਬੋਤੇ ਦੇ ਖੋਪਿਆਂ ਵਰਗੀਆਂ ਐਨਕਾਂ ਵਿਚੋਂ ਹੁਣ ਉਸ ਨੇ ਸਾਰਿਆਂ ਦੀ ਗੁਪਤ ਤਲਾਸ਼ੀ ਜਿਹੀ ਲੈਣੀ ਸ਼ੁਰੂ ਕਰ ਦਿੱਤੀ। ਉਸ ਦੀਆਂ ਅੱਖਾਂ ਦੀ ਨਜ਼ਰ ਸੁਆਲੀਆ ਬਣੀ ਹੋਈ ਸੀ।

-"ਨਹੀਂ ਖ਼ਾਨ ਸਾਹਿਬ, ਪੀਣਾਂ ਤਾਂ ਅਸੀਂ ਕੁਛ ਨਹੀਂ, ਮਿਹਰਬਾਨੀ...! ਬੱਸ ਤੁਹਾਡੇ ਪੰਜ ਸੱਤ ਮਿੰਟ ਹੀ ਲੈਣੇਂ ਨੇ...!" ਢਿੱਲੋਂ ਬੋਲਿਆ।

-"ਕੀ ਗੱਲਾਂ ਕਰਦੇ ਓ ਬਾਦਸ਼ਾਹੋ..! ਹੁਕਮ ਕਰੋ...? ਬੰਦਾ ਹਾਜ਼ਰ ਈ...!" ਉਹ ਖੁੱਲ੍ਹ ਕੇ ਸਾਹਮਣੇ ਸੋਫ਼ੇ 'ਤੇ ਸਜ ਗਿਆ।

ਗੁਰਚਰਨ ਦੀ ਜਗਾਹ ਢਿੱਲੋਂ ਨੇ ਸੀਤਲ ਅਤੇ ਇਮਰਾਨ ਦਾ ਸੰਖੇਪ ਕਿੱਸਾ ਖ਼ਾਨ ਸਾਹਿਬ ਦੇ ਅੱਗੇ ਖੋਲ੍ਹ ਦਿੱਤਾ।

ਖ਼ਾਨ ਦੀਆਂ ਕੱਛਾਂ ਵਿਚ ਕੁਤਕੁਤੀਆਂ ਹੋਈਆਂ। ਮੇਰਾ ਫ਼ਰਜ਼ੰਦ ਸਿੰਘਣੀ ਫ਼ਸਾਈ ਫ਼ਿਰਦੈ...? ਇਹ ਤਾਂ ਮੇਰੇ ਲਈ ਬੜੇ ਮਾਣ ਵਾਲ਼ੀ ਗੱਲ ਈ..! ਨਿੱਤ ਸਾਡੇ ਆਕਾ ਆਖਦੇ ਨੇ ਕਿ ਹਿੰਦੂ-ਸਿੱਖਾਂ ਦੀਆਂ ਕੁੜੀਆਂ ਫ਼ਸਾਓ ਤੇ ਮੁਸਲਮਾਨ ਬਣਾਓ...! ਤੇ ਮੇਰੇ ਬੱਬਰ ਸ਼ੇਰ ਨੇ ਤਾਂ ਆਪ ਹੀ ਮੋਰਚਾ ਮਾਰ ਲਿਆ ਈ...? ਉਏ ਬੱਲੇ ਉਏ ਇਮਰਾਨ ਸ਼ੇਰਾ...! ਨਹੀਂ ਰੀਸਾਂ ਤੇਰੀਆਂ...! ਤੂੰ ਹੋਇਆ ਏਂ ਅਸਲ ਪਿਉ ਖ਼ਾਨ ਦਾ ਬਾਘ ਪੁੱਤਰ...! ਸਦਕੇ ਤੇਰੇ..! ਮਾਰ ਘੱਤੀ ਏ, ਮਾਰ...! ਤੇ ਉਹ ਵੀ ਖੜੱਪੇ ਸੱਪ ਵਰਗੀ...! ਬੱਲੇ ਉਏ ਸ਼ੇਰ ਪੁੱਤਰਾ ਤੇਰੇ...! ਖ਼ਾਨ ਮਨ ਵਿਚ ਹੀ ਇਮਰਾਨ ਨੂੰ ਥਾਪੀਆਂ ਦੇ ਰਿਹਾ ਸੀ।

-"ਦੇਖੋ ਸਰਦਾਰ ਜੀ...! ਅਸੀਂ ਵੀ ਪੰਜਾਬੀ ਆਂ..! 1947 ਤੋਂ ਪਹਿਲਾਂ ਤਾਂ ਆਪਾਂ ਸਾਰੇ ਇਕ ਹੀ ਸੀ..? ਉਹ ਤਾਂ ਆਹ ਮੌਾ ਪ੍ਰਸਤ ਲੀਡਰਾਂ ਦੀ ਬੇੜੀ ਬੈਠ ਗਈ ਸੀ ਜੇ, ਜਿੰਨ੍ਹਾਂ ਨੇ ਹਿੰਦੋਸਤਾਨ ਤੇ ਪਾਕਿਸਤਾਨ ਵੱਖ ਵੱਖ ਕਰਵਾਏ..? ਨਹੀਂ ਅਵਾਮ ਤਾਂ ਕਦੇ ਵੀ ਵੱਖ ਨਹੀਂ ਹੋਣਾਂ ਚਾਹੁੰਦੀ ਸੀ...! ਸਰਦਾਰ ਜੀ...! ਤੁਸਾਂ ਦੀ ਅਤੇ ਅਸਾਂ ਦੀ ਇੱਜ਼ਤ ਸਾਂਝੀ...! ਮੈਂ ਅੱਜ ਹੀ ਇਮਰਾਨ ਨਾਲ ਗੱਲ ਕਰ ਲਵਾਂਗਾ..! ਨਾਲੇ ਤੁਸਾਂ ਨੂੰ ਤਾਂ ਪਤਾ ਹੀ ਹੈ ਕਿ ਅਸੀਂ ਦੂਜੇ ਮਜਹਬ ਵਿਚ ਤਾਂ ਕੀ, ਖ਼ਾਨਦਾਨ ਵਿਚੋਂ ਬਾਹਰ ਜਾ ਕੇ ਵੀ ਸ਼ਾਦੀ ਨਹੀਂ ਜੇ ਕਰਦੇ...? ਮੈਂ ਅੱਜ ਹੀ ਉਸ ਕੁੱਤੇ ਦੇ ਪੁੱਤਰ ਦੇ ਕੰਨ ਪਿਆ ਖਿੱਚ ਛੱਡਨਾਂ ਵਾਂ...! ਤੁਸੀਂ ਚਿੰਤਾ ਨਾ ਜੇ ਕਰੋ ਸਰਦਾਰ ਜੀ...! ਹੋਰ ਕੋਈ ਸੇਵਾ ਹੈ ਤਾਂ ਖ਼ਾਨ ਤੁਸਾਂ ਲਈ ਜਾਨ ਵਾਰਨ ਲਈ ਤਿਆਰ ਈ...!" ਉਸ ਨੇ ਗੱਲੀਂ ਬਾਤੀਂ ਉਹਨਾਂ ਦੇ 'ਫ਼ੁੱਲ' ਪਾ ਦਿੱਤੇ। ਸੰਤੁਸ਼ਟੀ ਕਰਵਾਈ। ਪਰ ਅੰਦਰੋਂ ਖ਼ੁਸ਼ੀ ਖ਼ਾਨ ਦੇ ਕੰਨਾਂ ਵਿਚੋਂ ਬਾਹਰ ਡੁੱਲ੍ਹ ਰਹੀ ਸੀ। ਉਸ ਦੇ ਪੁੱਤਰ ਨੇ ਸੱਪ ਪਿਆ ਮਾਰਿਆ ਸੀ, ਤੇ ਉਹ ਵੀ ਖੜੱਪਾ...! ਇਮਰਾਨ ਜਿਹੇ ਸ਼ੇਰ ਪੁੱਤਰ ਕਿਤੇ ਘਰ ਘਰ ਜੰਮਣੇ ਨੇ...? ਆਜਾ ਪੁੱਤ ਇਮਰਾਨ ਘਰ, ਅੱਜ ਤੈਨੂੰ ਚੁੱਕ ਕੇ ਬਾਲਾ ਪਿਆ ਕੱਢਾਂਗਾ...! ਤੇ ਡਾਢਾ ਇਨਾਮ ਛਨਾਮ ਵੀ ਪਿਆ ਦੇਵਾਂਗਾ..! ਤੂੰ ਸਰਦਾਰਨੀ ਫ਼ਸਾਈ ਐ, ਕੋਈ ਨਿੱਕਾ ਮੋਟਾ ਕੰਮ ਨਹੀਂ ਜੇ ਕੀਤਾ...! ਯਾਹ ਅੱਲਾਹ...! ਇਮਰਾਨ ਵਰਗੇ ਸ਼ੇਰ ਪੁੱਤਰ ਘਰ ਘਰ ਜੰਮਣ...! ਉਸ ਦਾ ਦਿਲ ਖ਼ੁਸ਼ੀ ਵਿਚ ਚਾਂਭੜਾਂ ਪਾ ਰਿਹਾ ਸੀ। ਪਰ ਉਂਜ ਉਹ ਘੁੱਗੂ ਜਿਹਾ ਹੋਇਆ ਬੈਠਾ ਸੀ..! ਲੱਤ 'ਤੇ ਲੱਤ ਧਰੀ...!

-"ਮਿਹਰਬਾਨੀ ਖ਼ਾਨ ਸਾਹਿਬ...! ਸਾਨੂੰ ਤਾਂ ਬਹੁਤ ਫ਼ਿਕਰ ਸੀ ਕਿ ਪਤਾ ਨਹੀਂ ਤੁਸੀਂ ਕਿਹੋ ਜਿਹੇ ਬੰਦੇ ਹੋਵੋਂਗੇ..? ਪਰ ਤੁਹਾਨੂੰ ਮਿਲ ਕੇ ਅਪਾਰ ਖ਼ੁਸ਼ੀ ਹੋਈ, ਗੱਲ ਖ਼ਾਨ ਸਾਹਿਬ ਇਹ ਹੈ...! ਬਈ ਜੇ ਆਬਦੀ ਬਰਾਦਰੀ ਵਿਚੋਂ ਵੀ ਮੁੰਡਾ ਹੋਵੇ..? ਬੰਦਾ ਵਿਆਹ ਸ਼ਾਦੀ ਬਾਰੇ ਸੋਚ ਵਿਚਾਰ ਵੀ ਲੈਂਦੈ, ਰਾਈਟ..? ਤੇ ਬਾਕੀ ਤੁਹਾਨੂੰ ਆਪਣੇ ਭਾਈਚਾਰੇ ਦਾ ਤਾਂ ਪਤਾ ਈ ਐ...? ਰਾਈ ਦਾ ਪਹਾੜ ਬਣਾਂ ਲੈਂਦੇ ਐ...!"

-"ਦੈਟਸ ਟਰੂ..! ਦੈਟਸ ਵੈਰ੍ਹੀ ਟਰੂ ਸਰਦਾਰ ਜੀ...! ਨੋ੍ ਡਾਊਟ...! ਤੁਸੀਂ ਆਪਣਾ ਨਾਮ ਤੇ ਦੱਸਿਆ ਨਹੀਂ...!" ਉਸ ਨੇ ਸਹਿਮਤੀ ਦੇ ਨਾਲ਼ ਉਲਾਂਭਾ ਜਿਹਾ ਵੀ ਦੇ ਮਾਰਿਆ।

-"ਸੌਰੀ, ਮੁਆਫ਼ ਕਰਨਾ ਖ਼ਾਨ ਸਾਹਿਬ..! ਆਪਣੀ ਜਾਣ ਪਛਾਣ ਕਰਵਾਉਣੀਂ ਤਾਂ ਅਸੀਂ ਭੁੱਲ

ਈ ਗਏ ਸੀ..? ਇਹ ਨੇ ਜੀ ਉਸ ਲੜਕੀ ਦੇ ਬਾਪ, ਸਰਦਾਰ ਗੁਰਚਰਨ ਸਿੰਘ..! ਇਹ ਸਿੱਧੂ ਸਾਹਿਬ ਤੇ ਮੈਨੂੰ ਢਿੱਲੋਂ ਆਖਦੇ ਐ ਜੀ...!"

-"ਮਿਹਰਬਾਨੀ ਢਿੱਲੋਂ ਸਾਹਿਬ...! ਪਰ ਤੁਸੀਂ ਕੁਝ ਖਾਧਾ ਪੀਤਾ ਤੇ ਹੈ ਨਹੀਂ..?" ਉਸ ਨੇ ਲੜਕੀ ਦੇ ਬਾਪ ਆਖਣ 'ਤੇ ਗੁਰਚਰਨ ਵੱਲ ਵਿਸ਼ੇਸ਼ ਨਜ਼ਰਾਂ ਨਾਲ਼ ਦੇਖ ਕੇ ਕਿਹਾ।

-"ਨਹੀਂ ਹੁਣ ਸਾਨੂੰ ਦਿਓ ਛੁੱਟੀ..! ਅਸੀਂ ਕਿਸੇ ਜ਼ਰੂਰੀ ਮੀਟਿੰਗ 'ਤੇ ਜਾਣੈਂ, ਤੇ ਨਾਲ਼ੇ ਸਾਡੀ ਇਕ ਹੋਰ ਬੇਨਤੀ ਮੰਨੋ..!"

-"ਹੁਕਮ ਤੇ ਕਰੋ ਜਨਾਬ...! ਖ਼ਾਨ ਤੁਸਾਂ ਲਈ ਜਹੱਨਮ ਜਾਣ ਲਈ ਵੀ ਤਿਆਰ ਏ..! ਕੀ ਗੱਲਾਂ ਪਏ ਕਰਦੇ ਓ ਜੀ ਸਰਦਾਰ ਬਹਾਦਰ...?"

-"ਇੰਨ ਕੇਸ, ਸਾਨੂੰ ਆਪਣਾ ਫ਼ੋਨ ਨੰਬਰ ਦੇ ਦਿਓ...!" ਢਿੱਲੋਂ ਨੇ ਬੇਨਤੀ ਕੀਤੀ।

-"ਲਓ ਸਰਦਾਰ ਜੀ...! ਇਹ ਵੀ ਕੋਈ ਗੱਲ ਏ..? ਆਹ ਲਓ ਮੇਰਾ ਕਾਰਡ...!" ਉਸ ਨੇ ਝੱਗੀ ਦੀ ਉਪਰਲੀ ਜੇਬ 'ਚੋਂ ਕਾਰਡ ਕੱਢ ਕੇ ਉਹਨਾਂ ਦੇ ਅੱਗੇ ਰੱਖ ਦਿੱਤਾ।

ਉਹ ਖ਼ਾਨ ਦਾ ਧੰਨਵਾਦ ਕਰਕੇ ਬਾਹਰ ਆ ਗਏ।

-"ਬੰਦਾ ਮੈਨੂੰ ਗਿੱਦੜਮਾਰ ਈ ਲੱਗਦੈ...!" ਢਿੱਲੋਂ ਨੇ ਉਮਰ ਦੇ ਤਜ਼ਰਬੇ ਨੂੰ ਮੁੱਖ ਰੱਖ ਕੇ ਆਖਿਆ।

-"ਗਿੱਦੜਮਾਰ ਦਾ ਕੀ ਮਤਲਬ ਢਿੱਲੋਂ ਸਾਹਿਬ...?" ਗੱਲ ਸਿੱਧੂ ਦੇ ਸਿਰ ਉਪਰੋਂ ਦੀ ਲੰਘ ਗਈ ਸੀ।

ਢਿੱਲੋਂ ਹੱਸ ਪਿਆ।

-"ਗਿੱਦੜਮਾਰ ਬੰਦੇ ਉਹ ਹੁੰਦੇ ਐ, ਸਿੱਧੂ ਸਾਹਿਬ..! ਜਿਹੜੇ ਮਿਹਰਬਾਨ ਜੀ ਨਜ਼ਰ ਨਾਲ਼ ਦੱਬਵੇਂ ਜੇ ਪੈਰੀਂ ਆਉਂਦੇ ਐ, ਤੇ ਬੰਦੇ ਨੂੰ ਟੰਬਾ ਮਾਰ ਕੇ ਮਿੰਟ 'ਚ ਟੇਢਾ ਕਰ ਦਿੰਦੇ ਐ..! ਮੂੰਹੋਂ ਮਿੱਠੇ ਤੇ ਅੰਦਰੋ ਛੁਰੀ...!" ਢਿੱਲੋਂ ਨੇ ਗੱਲ ਦੀ ਵਿਆਖਿਆ ਕੀਤੀ।

-"ਰਾਈਟ..!"

-"ਇਹਦੀ ਨਜ਼ਰ ਵੀ ਚੁਗਲ ਝਾਤੀਆਂ ਆਲ਼ੀ ਐ...!" ਢਿੱਲੋਂ ਨੇ ਅਗਲਾ ਤਜ਼ਰਬਾ ਫ਼ਰੋਲ਼ਿਆ।

-"ਚੁਗਲ ਝਾਤੀਆਂ ਦਾ ਤਰਜ਼ਮਾ ਵੀ ਕਰ ਦਿਓ...! ਥੋਡੀਆਂ ਗੱਲਾਂ ਡੂੰਘੀਆਂ ਹੁੰਦੀਐਂ..!" ਸਿੱਧੂ ਸਾਹਿਬ ਨੇ ਕਿਹਾ।

-"ਸਿੱਧੂ ਸਾਹਿਬ, ਚੁਗਲ ਝਾਤੀਆਂ ਉਹਨੂੰ ਕਹਿੰਦੇ ਐ, ਬਈ ਨਾਲ਼ੇ ਤਾਂ ਕਿਸੇ ਵੱਲੀਂ ਟੇਢੀ ਜੀ ਅੱਖ ਨਾਲ਼ ਝਾਕੀ ਜਾਣਾਂ, ਤੇ ਨਾਲ਼ੇ ਡਰੀ ਜਾਣਾਂ ਕਿਤੇ ਮਗਰ ਦੀ ਫ਼ੌੜ੍ਹਾ ਨਾ ਵੱਜੇ ਮੌਰਾਂ 'ਚ...!"

ਸਾਰੇ ਹੱਸ ਪਏ।

-"ਢਿੱਲੋਂ ਸਾਹਿਬ ਮੈਨੂੰ ਇਕ ਗੱਲ ਦੀ ਅਜੇ ਤੱਕ ਸਮਝ ਨਹੀਂ ਆਈ...?"

-"ਕਿਹੜੀ ਦੀ ਜੀ...?"

-"ਤੁਸੀਂ ਵੱਡੇ ਵੀਰ ਸਾਥੋਂ ਕਾਫ਼ੀ ਸੀਨੀਅਰ ਓਂ..! ਬਈ ਬੰਦੇ ਨੇ ਰੱਬ ਕਦੇ ਨਹੀਂ ਦੇਖਿਆ, ਰਾਈਟ...?"

-"ਜੀ, ਬਿਲਕੁਲ ਰਾਈਟ..!"

-"ਬੰਦਾ ਰੱਬ ਨੂੰ ਮਨਾਉਣ ਲਈ ਅੱਡੀ ਚੋਟੀ ਦਾ ਜੋਰ ਲਾ ਦਿੰਦੈ..! ਪਰ ਰੱਬ ਉਹਨੂੰ ਫੇਰ ਵੀ ਨ੍ਹੀ ਮਿਲ਼ਦਾ, ਠੀਕ ਐ...?"

-"ਬਿਲਕੁਲ ਠੀਕ...!"

-"ਤੇ ਇਨਸਾਨ ਬੰਦੇ ਦੇ ਹਮੇਸ਼ਾ ਸਾਹਮਣੇ ਰਹਿੰਦੈ..! ਸੁਖੀ ਵੀ ਤੇ ਕਦੇ ਦੁਖੀ ਵੀ..! ਪਰ ਬੰਦਾ ਜਿਉਂਦੇ ਇਨਸਾਨ ਦੀ ਭੋਰਾ ਕਦਰ ਨ੍ਹੀ ਕਰਦਾ..? ਉਂ ਆਪਣੇ ਪ੍ਰਚਾਰਕ ਪਿੱਟੀ ਜਾਂਦੇ ਐ, ਅਖੇ ਬੰਦੇ 'ਚ ਰੱਬ ਵਸਦੈ..!"

-"ਪ੍ਰਚਾਰਕਾਂ ਤੋਂ ਮੈਨੂੰ ਇਕ ਗੱਲ ਯਾਦ ਆ ਗਈ ਸਿੱਧੂ ਸਹਿਬ..!"

-"ਜ਼ਰੂਰ ਸੁਣਾਓ ਮਹਾਰਾਜ...!"

-"ਖ਼ੈਰ ਮਹਾਰਾਜ ਤਾਂ ਮੈਂ ਕਾਹਨੂੰ ਐਂ, ਤੁਸੀਂ ਗੱਲ ਸੁਣੋਂ...!"

-"ਸੁਣਾਓ ਜੀ...!"

-"ਮੈਂ ਉਦੋਂ ਸ਼ਾਇਦ ਸੱਤਵੀਂ ਅੱਠਵੀਂ 'ਚ ਪੜ੍ਹਦਾ ਹੁੰਦਾ ਸੀ, ਛੋਟਾ ਈ ਸੀ ਅਜੇ-!"

-"ਆਹੋ, ਸੱਤਵੀਂ ਅੱਠਵੀਂ 'ਚ ਪੜ੍ਹਦਾ ਅਜੇ ਬੱਚਾ ਈ ਹੁੰਦੈ ਜੀ..! ਕੋਈ ਤੇਰਾਂ ਚੌਦਾਂ ਸਾਲ ਉਮਰ ਹੋਊਗੀ...?"

-"ਅਸੀਂ ਸਾਡੇ ਬਾਹਰਲੇ ਘਰ ਦਾ ਬਗਲ਼ ਮਾਰੀਏ, ਤੇ ਜਿਹੜਾ ਮਿਸਤਰੀ ਸੀ, ਉਹ ਸੀ ਤਾਂ ਬਿਰਧ, ਪਰ ਸੀ ਕੱਟੜ ਕਾਮਰੇਡ...!"

-"ਤਰਕਸ਼ੀਲ...!"

-"ਹਾਂ ਜੀ....! ਤਰਕਸ਼ੀਲ...!! ਉਹ ਕੰਧ 'ਤੇ ਬੈਠਾ ਇੱਟਾਂ ਲਾਈ ਜਾਵੇ ਤੇ ਮੈਂ ਇੱਟਾਂ ਫੜਾਵਾਂ, ਦੋ ਸਾਡੇ ਕੋਲ਼ੇ ਦਿਹਾੜੀਏ-!"

-"ਠੀਕ...!"

-"ਖ਼ੈਰ ਜੀ, ਸਵੇਰੇ ਕੋਈ ਨੌਂ ਕੁ ਵੱਜੇ ਹੋਣਗੇ..? ਉਥੋਂ ਦੀ ਗੁਰਦੁਆਰੇ ਆਲ਼ਾ ਭਾਈ ਤੇ ਚਾਰ ਪੰਜ ਹੋਰ ਸਿੰਘ ਗੁਰੂ ਮਹਾਰਾਜ ਦੀ ਸਵਾਰੀ ਲਈ ਜਾਣ, ਮਤਲਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ-!"

-"ਹਾਂ ਜੀ, ਸਮਝ ਗਿਆ।"

-"ਲਓ ਜੀ, ਅਸੀਂ ਗੁਰੂ ਮਹਾਰਾਜ ਦੀ ਸਵਾਰੀ ਆਉਂਦੀ ਦੇਖ ਕੇ ਸਾਰੇ ਚੱਪਲੀਆਂ ਲਾਹ ਕੇ, ਆਦਰ 'ਚ ਹੱਥ ਜੋੜ ਕੇ ਖੜ੍ਹ ਗਏ, ਖੜ੍ਹਨਾ ਈ ਸੀ? ਸਾਡੇ ਗੁਰੂ ਜਿਓਂ ਹੋਏ...!"

-"ਬਿਲਕੁਲ ਜੀ, ਕੋਈ ਸ਼ੱਕ ਨ੍ਹੀ...!"

-"ਲਓ ਜੀ, ਅਸੀਂ ਹੱਥ ਜੋੜੀ ਖੜ੍ਹੇ, ਪਰ ਮਿਸਤਰੀ ਇੱਟਾਂ ਲਾਈ ਗਿਆ..! ਉਹਨੇ ਹੱਥ ਨਾ ਜੋੜੇ, ਤੇ ਨਾ ਈ ਕੰਮ ਕਰਨੋਂ ਹਟਿਆ..! ਮੈਂ ਬੜੀ ਹੈਰਾਨਗੀ ਨਾਲ਼ ਕਿਹਾ, ਮਿਸਤਰੀ ਜੀ...! ਬਾਬੇ ਦੀ ਸਵਾਰੀ ਜਾਂਦੀ ਸੀ, ਤੇ ਤੁਸੀਂ ਤਾਂ ਵੀ ਇੱਟਾਂ ਲਾਉਣੋਂ ਨ੍ਹੀ ਹਟੇ..? ਦੋ ਮਿੰਟ ਸਤਿਕਾਰ 'ਚ ਹੱਥ ਈ ਜੋੜ ਲੈਂਦੇ...? ਮੈਨੂੰ ਪਤਾ ਕੀ ਕਹਿੰਦਾ...?"

-"ਕੀ ਕਹਿੰਦਾ...?"

-"ਕਹਿੰਦਾ ਗੱਲ ਸੁਣ ਓਏ ਪਾੜ੍ਹਿਆ...! ਜਦੋਂ ਤੇਰਾ ਬਾਪੂ ਸਵੇਰੇ ਹਲ਼ ਜੋੜ ਕੇ ਤੁਰਦੈ, ਉਦੋਂ ਕਿਸੇ ਨੇ ਉਹਦੇ ਹਲ਼ ਨੂੰ ਮੱਥਾ ਟੇਕਿਐ...? ਮੈਂ ਬੜਾ ਹੈਰਾਨ ਬਈ ਹਲ਼ ਨਾਲ਼ ਗੁਰੂ ਮਹਾਰਾਜ ਦੀ ਸਵਾਰੀ ਦਾ ਕੀ ਮੇਲ...? ਕਿੱਥੇ ਹਲ਼, ਕਿੱਥੇ ਗੁਰੂ..? ਖ਼ੈਰ ਜੀ, ਮੈਂ ਇਹ ਗੱਲ ਪੁੱਛ ਈ ਲਈ, ਬਈ ਮਿਸਤਰੀ ਜੀ..! ਜੱਟ ਦੇ ਹਲ਼ ਤੇ ਬਾਬੇ ਦੀ ਬੀੜ ਦਾ ਕੀ ਮੇਲ...? ਮੈਨੂੰ ਬਣਾਂ ਸੁਆਰ ਕੇ ਪਤਾ ਕੀ ਕਹਿੰਦਾ...?"

-"ਹਾਂ...?"

-"ਕਹਿੰਦਾ, ਬਾਬਾ ਹੋਊ ਤੇਰੇ ਲਈ ਜਾਂ ਐਹਨਾਂ ਦਿਹਾੜੀਆਂ ਲਈ..! ਆਹ ਜਿਹੜੇ ਤੇਰੇ ਬਾਬੇ ਦੀ ਬੀੜ ਚੱਕੀ ਜਾਂਦੇ ਐ..? ਇਹਨਾਂ ਦੇ ਭਾਅ ਦਾ ਤਾਂ ਹਲ਼ ਤੋਂ ਵੱਧ ਕੇ ਕੁਛ ਨ੍ਹੀ..! ਹੁਣ ਜਾ ਕੇ ਬਾਬੇ ਨੂੰ ਹਲ਼ ਮਾਂਗੂੰ ਜੋੜ ਲੈਣਗੇ, ਤੇ ਜਿਹੜੇ ਚਾਰ ਛਿੱਲੜ 'ਕੱਠੇ ਹੋਣਗੇ, ਉਹਦੇ ਨਾਲ਼ ਲੁੱਟਣਗੇ ਬੁੱਲੇ...! ਕਹਿੰਦਾ, ਓਏ ਪਾੜ੍ਹਿਆ..! ਇਹਨਾਂ ਦੇ ਭਾਅ ਦਾ ਕੋਈ ਬਾਬਾ ਨ੍ਹੀ..! ਇਹਨਾਂ ਦੇ ਭਾਅ ਦਾ ਤਾਂ ਹਲ਼ ਈ ਐ, ਦੇਖ ਲੈ ਕਿਵੇਂ ਤੇਰੇ ਬਾਬੇ ਦੀ ਹਜੂਰੀ 'ਚ ਇਹ ਛਿੱਤਰੋ ਛਿੱਤਰੀ ਹੁੰਦੇ ਐ..? ਜੇ ਇਹ ਤੇਰੇ ਬਾਬੇ ਨੂੰ ਰੱਬ ਸਮਝਦੇ ਹੋਣ? ਜਾਂ ਗੁਰੂ ਸਮਝਦੇ ਹੋ? ਜਾਂ ਇਹਨਾਂ ਨੂੰ ਗੁਰੂ ਦਾ ਕੋਈ ਭੈਅ ਹੋਵੇ? ਤਾਂ ਉਹਦੀ ਹਜੂਰੀ 'ਚ ਇਹ ਲੜ੍ਹਨ ਨਾਂ...! ਲੈ ਬਈ ਸਿੱਧੂ ਸਾਹਿਬ, ਮੈਨੂੰ ਉਸ ਮਿਸਤਰੀ ਦੀ ਗੱਲ ਬਹੁਤ ਵਾਰੀ ਚੇਤੇ ਆਈ ਐ, ਪਰ ਸੁਣਾਈ ਮੈਂ ਅੱਜ ਐ...!"

-"ਕਿੱਡਾ ਥੋਡਾ ਚੇਤਾ ਚੰਗੈ ਢਿੱਲੋਂ ਸਾਹਬ...!"

ਗੁਰਚਰਨ ਨੇ ਗੱਡੀ ਗੁਰੂ ਘਰ ਦੀ ਪਾਰਕਿੰਗ ਵਿਚ ਆ ਲਾਈ।

-"ਲਓ ਜੀ ਢਿੱਲੋਂ ਸਾਹਿਬ ਤੇ ਸਿੱਧੂ ਸਾਹਿਬ, ਤੁਹਾਡੀ ਬਹੁਤ ਬਹੁਤ ਮਿਹਰਬਾਨੀ...!"

-"ਮਿਹਰਬਾਨੀ ਆਲ਼ੀ ਕਿਹੜੀ ਗੱਲ ਐ ਗੁਰਚਰਨ ਸਿਆਂ..? ਭਰਾਵਾਂ ਦੀ ਬਾਂਹ ਭਰਾ ਫੜਦੇ ਈ ਆਏ ਐ..? ਕੱਲਾ ਕੋਈ ਵੱਡਾ ਨ੍ਹੀ ਹੁੰਦਾ..! ਫ਼ਿਕਰ ਨਾ ਕਰੀਂ ਹੁਣ..! ਬਾਬਾ ਭਲੀ ਕਰੂਗਾ...! ਆਹ ਖ਼ਾਨ ਦਾ ਕਾਰਡ ਫੜ ਲੈ, ਕਿਤੇ ਲੋੜ ਪੈ ਜਾਂਦੀ ਐ...!" ਢਿੱਲੋਂ ਨੇ ਕਾਰਡ ਗੁਰਚਰਨ ਨੂੰ ਫ਼ੜਾਉਂਦਿਆਂ ਕਿਹਾ।

ਕਾਰਡ ਫੜ ਕੇ ਗੁਰਚਰਨ ਨੇ ਜੇਬ ਵਿਚ ਪਾ ਲਿਆ।

* * * * *

ਗੁਰਚਰਨ ਹੋਰਾਂ ਦੇ ਜਾਣ ਤੋਂ ਤੁਰੰਤ ਬਾਅਦ ਖ਼ਾਨ ਆਪਣੇ ਟੈਲੀਫ਼ੋਨ ਨੂੰ ਚਿੰਬੜ ਗਿਆ।

ਅੱਜ ਉਹ ਅਤੀਅੰਤ ਖ਼ੁਸ਼ ਸੀ। ਪਤਾ ਨਹੀਂ ਉਸ ਨੇ ਕਿਸ ਨੂੰ ਫ਼ੋਨ ਮਿਲ਼ਾ ਲਿਆ? ਦੂਜੀ ਬੈੱਲ 'ਤੇ ਹੀ ਕਿਸੇ ਨੇ ਫ਼ੋਨ ਚੁੱਕ ਲਿਆ।

-"ਬਾਜੀ ਆਸਲਾਮਾ ਲੇਕੁਮ...! ਖ਼ਾਨ ਬੋਲਦਾ ਪਿਆ ਵਾਂ...!" ਉਸ ਨੇ ਬੜਾ ਲਿਫ਼ ਕੇ ਆਖਿਆ।

-"ਬਾ-ਲੇਕੁਮ ਸਲਾਮ ਭਾਈ ਜਾਨ...! ਹੋਰ ਸਭ ਖ਼ੈਰਾਂ ਨੇ...?" ਉਧਰੋਂ ਕਿਸੇ ਔਰਤ ਦੀ ਅਵਾਜ਼ ਸੀ।

-"ਸਭ ਅੱਲਾਹ ਤਾਲਾ ਦਾ ਫ਼ਜ਼ਲ ਈ ਬਾਜੀ..! ਹੋਰ ਸੁਣਾਓ, ਹੈਦਰ ਸਾਹਿਬ ਘਰ ਈ ਨੇ..?"

-"ਘਰ ਈ ਨੇ ਭਾਈ ਜਾਨ, ਇਕ ਮਿਨਟ ਮੈਂ ਗੱਲ ਕਰਵਾਨੀ ਆਂ...!"

ਪਲ ਵਿਚ ਹੀ ਹੈਦਰ ਸਾਹਿਬ ਨੇ ਫ਼ੋਨ 'ਤੇ 'ਹੈਲੋ' ਆ ਆਖੀ।

-"ਅਸਲਾਮਾ ਲੇਕੁਮ ਹੈਦਰ ਸਾਹਿਬ..! ਖ਼ਾਨ ਪਿਆ ਬੋਲਦਾ ਈ...!"

-"ਬਾ-ਲੇਕੁਮ ਸਲਾਮ ਖ਼ਾਨ ਭਾਈ..! ਬੜੀ ਦੇਰ ਬਾਅਦ ਯਾਦ ਪਿਆ ਕੀਤਾ ਈ...? ਖ਼ੈਰ ਤੇ ਹੈ..?"

-"ਮੁਆਫ਼ੀ ਭਾਈ ਜਾਨ...! ਮਸ਼ਰੂਫ਼ ਈ ਇਤਨਾ ਹੋ ਗਿਆ ਸਾਂ, ਬੱਸ ਸਮਾਂ ਈ ਨਹੀਂ ਪਿਆ ਮਿਲਿਆ, ਕੀ ਕਰਦਾ..? ਮੁਆਫ਼ੀ ਦਾ ਖ਼ੁਆਸਤਗ਼ਾਰ ਹਾਂ...!"

-"ਹੋਰ ਸੁਣਾਓ-?"

-"ਇਕ ਬੜੀ ਤਕੜੀ ਖ਼ੁਸ਼ਖ਼ਬਰੀ ਈ ਹੈਦਰ ਭਾਈ..! ਬੜੀ ਜ਼ਬਰਦਸਤ ਖ਼ੁਸ਼ਖ਼ਬਰੀ...!"

-"ਦੇਰ ਨਾ ਪਏ ਕਰੋ...! ਪਰਦਾ ਉਠਾਓ ਤੇ ਜਲਵਾ ਦਿਖਾਓ..! ਜਲਦੀ ਦੱਸੋ, ਅੱਲਾਹ ਤੁਸਾਂ ਦੇ ਵੱਲ ਈ...!"

-"ਆਪਣੇ ਫ਼ਰਜ਼ੰਦ ਇਮਰਾਨ ਨੇ ਇਕ ਸਰਦਾਰਾਂ ਦੀ ਕੁੜੀ ਪਈ ਫ਼ਸਾਈ ਏ...!" ਉਸ ਨੇ ਗਿੱਠ ਉਚਾ ਹੋ ਕੇ ਦੱਸਿਆ।

-"ਸੁਭਾਨ ਅੱਲਾਹ...! ਸੁਭਾਨ ਅੱਲਾਹ...!! ਤੁਸਾਂ ਨੂੰ ਕਿੱਦਾਂ ਪਤਾ ਚੱਲਿਆ ਈ...?"

-"ਅੱਜ ਮੇਰੇ ਪਾਸ ਤਿੰਨ ਸਰਦਾਰ ਪਏ ਆਏ ਸਨ-।"

-"ਅੱਛਾ...! ਕੀ ਕਰਣ...?"

-"ਆਪਣੇ ਬਰਖ਼ੁਰਦਾਰ ਇਮਰਾਨ ਨੇ ਇਕ ਸਰਦਾਰਾਂ ਦੀ ਲੜਕੀ ਪਈ ਫ਼ਸਾ ਰੱਖੀ ਏ...!" ਉਸ ਨੇ ਬੜੇ ਤਾਣ ਨਾਲ਼ ਦੱਸਿਆ।

-"ਮੁਬਾਰਕਬਾਦ ਖ਼ਾਨ ਭਾਈ, ਮੁਬਾਰਕਬਾਦ...! ਤੁਸਾਂ ਦੇ ਮੂੰਹ ਘੀ ਸ਼ੱਕਰ...! ਕਿਆ ਡਾਢੀ ਖ਼ਬਰ ਪਈ ਸੁਨਾਈ ਏ...! ਬੜਾ ਜ਼ਬਰਦਸਤ ਧਮਾਕਾ ਪਿਆ ਕੀਤਾ ਈ ਫ਼ਰਜ਼ੰਦ ਮੀਆਂ ਨੇ...! ਮੇਰੀ

ਬਾਤ ਸੁਨੋ ਖ਼ਾਨ ਭਾਈ...! ਇਕੱਲੇ ਈ ਹੋ...?" ਹੈਦਰ ਨੇ ਚੋਰਾਂ ਵਾਂਗ ਪੁੱਛਿਆ।

-"ਹਾਂ ਬਿਲਕੁਲ ਇਕੱਲਾ ਹਾਂ ਇਸ ਵਕਤ ਤਾਂ...!"

-"ਫਿਰ ਤੁਸਾਂ ਦੇ ਪਾਸ ਸਰਦਾਰ ਕੀ ਕਰਣ ਆਏ ਸਨ?"

-"ਉਹ ਆਖ ਰਹੇ ਸਨ ਕਿ ਤੁਸਾਂ ਦੇ ਲੜਕੇ ਨੇ ਅਸਾਂ ਦੀ ਲੜਕੀ ਫ਼ਸਾ ਰੱਖੀ ਏ, ਤੇ ਉਸ ਨੂੰ ਉਸ ਦੇ ਪਿੱਛੇ ਤੋਂ ਹਟਾਓ!"

-"ਅੱਛਾ...?"

-"ਤੇ ਮੈਂ ਚਾਰ ਮਿੱਠੀਆਂ ਸ਼ੋਸ਼ੀਆਂ ਪਈਆਂ ਛੋੜ ਛੱਡੀਆਂ ਕਿ ਸਰਦਾਰ ਜੀ, ਫ਼ਿਕਰ ਨਾ ਕਰੋ..! ਅਸਾਂ ਤੇ ਮਜ਼ੂਬ ਤੋਂ ਬਾਹਰ ਜਾ ਕੇ ਸ਼ਾਦੀ ਹੀ ਨਹੀਂ ਪਏ ਕਰਦੇ..? ਮੈਂ ਲੜਕੇ ਨੂੰ ਵਰਜ਼ ਦੇਵਾਂਗਾ, ਤੇ ਉਹ ਸੰਤੁਸ਼ਟ ਹੋ ਕੇ ਟੁਰ ਗਏ..! ਹੈਦਰ ਭਾਈ ਤੁਸਾਂ ਨੂੰ ਤੇ ਪਤਾ ਈ ਏ ਕਿ ਅਸਾਂ ਨੇ ਘਾਟ ਘਾਟ ਦਾ ਪਾਣੀ ਪਿਆ ਪੀਤਾ ਏ..? ਅਸਾਂ ਇਹਨਾਂ ਸਰਦਾਰਾਂ ਨੂੰ ਕੀ ਪਏ ਸਮਝਨੇ ਆਂ..? ਕਰਣ ਵਾਲਾ ਕੰਮ ਇੰਸ਼ਾਲਾ ਇਮਰਾਨ ਮੀਆਂ ਨੇ ਕਰ ਛੋੜਿਆ ਜੇ..।"

ਹੈਦਰ ਉੱਚੀ ਉੱਚੀ ਹੱਸ ਪਿਆ।

-"ਜੀਉ ਖ਼ਾਨ ਭਾਈ...! ਜੁੱਗ ਜੁੱਗ ਪਏ ਜੀਉ...! ਤੁਸਾਂ ਦੀ ਜ਼ਿੰਦਾਬਾਦ ਪਈ ਹੋ ਜਾਣੀ ਏਂ..!"

-"ਆਪਣੇ ਬਜ਼ੁਰਗ ਪਏ ਆਖਦੇ ਸਨ ਕਿ ਬੱਕਰੀ ਸ਼ੇਰ ਪਾਸ ਖ਼ੁਦ ਚੱਲ ਕੇ ਆ ਗਈ ਏ, ਹੁਣ ਉਸ ਦੀ ਖ਼ੈਰ ਨਹੀਂ...! ਜਦੋਂ ਮਰਜ਼ੀ ਕੁਰਬਾਨ ਕਰ ਦੇਈਏ, ਕੀ ਖ਼ਿਆਲ ਈ...?"

-"ਗੱਲ ਬਿਲਕੁਲ ਦਰਸੁਤ ਈ, ਭਾਈ ਜਾਨ..!"

-"ਇਕ ਹੋਰ ਕੰਮ ਕਰਿਆ ਜੇ ਖ਼ਾਨ ਭਾਈ...! ਮੈਂ ਅੱਜ ਸ਼ਾਮਾਂ ਨੂੰ ਸਦੀਕੀ ਸਾਹਿਬ ਨਾਲ਼ ਗੱਲ ਕਰਸਾਂ..! ਤੁਸਾਂ ਇਮਰਾਨ ਮੀਆਂ 'ਤੇ ਜ਼ੋਰ ਪਾ ਕੇ ਸਰਦਾਰਨੀ ਦਾ ਮਜ਼ਹਬ ਤਬਦੀਲ ਕਰਵਾਓ..! ਜਿਤਨੀ ਵੀ ਜਲਦੀ ਹੋ ਸਕੇ, ਮਜਹਬ ਤਬਦੀਲ ਕਰਵਾਓ, ਦੇਰ ਨਾ ਕਰਸੋ...! ਇਮਰਾਨ ਮੀਆਂ ਨੂੰ ਆਖੋ ਕਿ ਸਰਦਾਰਨੀ 'ਤੇ ਜ਼ੋਰ ਪਾਵੇ ਕਿ ਮੈਂ ਤੇਰੇ ਨਾਲ਼ ਤਦ ਪਿਆ ਰਹਿਸਾਂ, ਜਦ ਤੂੰ ਮਜ਼ਹਬ ਤਬਦੀਲ ਕਰ ਲਵੇਂਗੀ..! ਛੋੜ ਸਿੱਖਾਂ ਵਾਲਾ ਮਜ਼ਹਬ ਤੇ ਇਸਲਾਮ ਵਿਚ ਸ਼ਮਿਲ ਹੋ..! ਨਹੀਂ ਤਾਂ ਅਸਾਂ ਦੀ ਦੁਆ ਸਲਾਮ ਖ਼ਤਮ...!" ਹੈਦਰ ਨੇ ਰਾਇ ਦਿੱਤੀ।

-"ਨਹੀਂ ਹੈਦਰ ਭਾਈ...! ਕਾਹਲੀ ਸੰਗ ਕੀਤਾ ਕੰਮ ਖ਼ਰਾਬ ਪਿਆ ਹੋਸੀ...! ਕੰਮ ਆਪਾਂ ਸਾਰੇ ਜ਼ਿਹਨ ਨਾਲ ਕਰਨੇ ਨੇ, ਗਰਮ ਗੋਸ਼ਤ ਨਾਲ ਜੀਭ ਪਈ ਸੜ ਜਾਂਦੀ ਏ...! ਮੈਂ ਸਭ ਤੋਂ ਪਹਿਲਾਂ ਤਾਂ ਅੱਜ ਇਮਰਾਨ ਮੀਆਂ ਨੂੰ ਥਾਪੀ ਦੇਸਾਂ..! ਫੇਰ ਜਿਵੇਂ ਵੀ ਅਗਲਾ ਕਦਮ ਪੁੱਟਿਆ, ਮੈਂ ਜਨਾਬ ਤੁਸਾਂ ਨੂੰ ਖ਼ਬਰ ਕਰਸਾਂ, ਤੁਸਾਂ ਸਦੀਕੀ ਭਾਈ ਨਾਲ ਮਸ਼ਬਰਾ ਕਰ ਲੈਣਾਂ...!"

-"ਇੰਸ਼ਾ-ਲਾ...! ਖ਼ੁਦਾ ਹਾਫ਼ਿਜ਼ ਖ਼ਾਨ ਭਾਈ...!"

-"ਖ਼ੁਦਾ ਹਾਫ਼ਿਜ਼...!"

ਫ਼ੋਨ ਕੱਟੇ ਗਏ।

## ਕਾਂਡ 11

ਇਮਰਾਨ ਦੇ ਬਾਪ ਖ਼ਾਨ ਨੇ ਇਮਰਾਨ ਨੂੰ ਥਾਪੀ ਦਿੱਤੀ ਸੀ। ਉਸ ਦੇ ਸੂਰਮੇਂ ਪੁੱਤਰ ਨੇ ਸਰਦਾਰਾਂ ਦੀ ਕੁੜੀ ਪੱਟ ਕੇ ਉਸ ਦੀ ਭਾਈਚਾਰੇ ਵਿਚ ਸ਼ਾਨ ਬਣਾਈ ਸੀ..। ਇਮਰਾਨ ਉਸ ਦਾ ਵਾਕਿਆ ਹੀ ਝੰਡੇ ਹੇਠਲਾ ਪੁੱਤਰ ਸੀ, ਜਿਸ ਨੇ ਟੀਸੀ ਦਾ ਬੇਰ ਤੋੜਿਆ ਸੀ..। ਰੋੜੇ ਨਹੀਂ ਮਾਰੇ ਸਨ, ਬੱਸ ਹੱਥ ਪਾ ਕੇ ਹੀ ਤੋੜ ਲਿਆ ਸੀ...। ਬਾਪ ਦੇ ਥਾਪੜੇ ਨਾਲ਼ ਇਮਰਾਨ ਸ਼ੇਰ ਬਣ ਗਿਆ...। ਉਹ ਤਾਂ ਬਾਪ ਤੋਂ ਡਰ ਰਿਹਾ ਸੀ..? ਪਰ ਬਾਪ ਨੇ ਤਾਂ ਉਸ ਦੀ ਸੋਚ ਤੋਂ ਉਲਟ ਥਾਪੜਾ ਦਿੱਤਾ ਸੀ..! ਉਸ ਨੇ ਸਾਰੀ ਗੱਲ ਸੀਤਲ ਨੂੰ ਜਾ ਦੱਸੀ...। ਸੀਤਲ ਦੇ ਧਰਤੀ 'ਤੇ ਪੈਰ ਲੱਗਣੋਂ ਹੱਟ ਗਏ...। ਉਹ ਅਸਮਾਨ ਹੀ ਤਾਂ ਉਡ ਗਈ ਸੀ...। ਬੱਦਲ਼ਾਂ ਦੀ ਬੁੱਕਲ਼ ਵਿਚ ਬੈਠ...! ਸੀਤਲ ਤਾਂ ਸੋਚ ਰਹੀ ਸੀ ਕਿ ਮੁਸਲਮਾਨ ਭਾਈਚਾਰਾ ਤਾਂ ਸਾਡੇ ਭਾਈਚਾਰੇ ਨਾਲ਼ੋਂ ਵੀ ਕੱਟੜਪੰਥੀ ਅਤੇ ਮਜ਼ਬੀ ਸਿਧਾਂਤਾਂ ਪ੍ਰਤੀ ਸਖ਼ਤ ਹੈ...? ਕੀ ਪਤਾ ਇਮਰਾਨ ਦਾ ਅਮੀਰ ਬਾਪ ਸਾਡੀ ਇਸ ਮਿੱਤਰਤਾਈ ਨੂੰ ਮਾਨਤਾ ਦੇਵੇ, ਜਾਂ ਸ਼ਾਇਦ ਨਾ ਦੇਵੇ...? ਸਾਡੀ ਦੋਸਤੀ ਕਬੂਲੇ ਜਾਂ ਸ਼ਾਇਦ ਨਾ ਕਬੂਲੇ...? ਉਸ ਨੂੰ ਇਹ ਡਰ ਦਿਨ ਰਾਤ ਘੁਣ ਵਾਂਗ ਅੰਦਰੋ ਅੰਦਰੀ ਖਾਂਦਾ ਰਹਿੰਦਾ। ਪਰ ਅੱਜ ਇਮਰਾਨ ਨੇ ਉਸ ਨੂੰ ਜਦੋਂ ਇਹ ਖ਼ਬਰ ਸੁਣਾਈ ਤਾਂ ਉਹ ਖ਼ੁਸ਼ੀ ਵਿਚ ਪਾਗਲ ਹੋਣ ਵਾਲ਼ੀ ਹੋ ਗਈ। ਉਸ ਨੇ ਇਮਰਾਨ ਦੇ ਗਲ਼ ਨੂੰ ਚਿੰਬੜ ਕੇ "ਓਹ ਰੀਅਲੀ...!" ਦੀ ਚੀਕ ਮਾਰੀ ਸੀ। ਤੇ ਇਮਰਾਨ ਨੇ ਵੀ ਲਲਕਾਰਾ ਮਾਰਨ ਵਾਲ਼ਿਆਂ ਵਾਂਗ, "ਯੈਹ...!" ਆਖਿਆ ਸੀ। ਇਮਰਾਨ ਨੇ ਉਸ ਨੂੰ ਇਕ ਨਵਾਂ ਨਕੋਰ ਮੋਬਾਇਲ ਫ਼ੋਨ ਵੀ ਦਿੱਤਾ, ਜਿਹੜਾ ਉਸ ਦੇ ਬਾਪ, ਖ਼ਾਨ ਨੇ ਭਵਿੱਖ ਵਿਚ ਬਣਨ ਵਾਲ਼ੀ "ਨੂੰਹ ਰਾਣੀ" ਲਈ ਭੇਜਿਆ ਸੀ! ਇਸ ਤੋਂ ਇਲਾਵਾ ਖ਼ਾਨ ਨੇ ਦੋ ਸੌ ਇਕ ਪੌਂਡ 'ਸ਼ਗਨ' ਵੀ ਭੇਜਿਆ ਸੀ। ਖ਼ਾਨ ਨੇ ਇਹ ਇੱਛਾ ਵੀ ਜ਼ਾਹਿਰ ਕੀਤੀ ਸੀ ਕਿ ਇਮਰਾਨ ਸੀਤਲ ਨੂੰ ਜ਼ਰੂਰ ਆਪਣੇ ਨਾਲ਼ ਘਰ ਲੈ ਕੇ ਆਵੇ ਅਤੇ ਸਾਰੇ ਪ੍ਰੀਵਾਰ ਨੂੰ ਮਿਲਾਵੇ। ਸੀਤਲ ਨੂੰ ਮਿਲ ਕੇ ਅਸੀਂ ਬਹੁਤ ਖ਼ੁਸ਼ੀ ਮਹਿਸੂਸ ਕਰਾਂਗੇ। ਸਾਡੇ ਬਾਪ ਦਾਦੇ ਵੀ 1947 ਵਿਚ ਪੰਜਾਬ ਤੋਂ ਜਲੰਧਰ ਲਾਗਿਓਂ ਪਾਕਿਸਤਾਨ ਆਏ ਸਨ ਅਤੇ ਸਾਡਾ ਹਿੰਦੋਸਤਾਨ ਦੇ ਪੰਜਾਬ ਨਾਲ਼ ਨਹੁੰ ਮਾਸ ਦਾ ਰਿਸ਼ਤਾ ਸੀ।

ਸੀਤਲ ਨੂੰ ਨਵਾਂ ਮੋਬਾਇਲ ਫ਼ੋਨ ਦੇਖ ਕੇ ਚਾਅ ਚੜ੍ਹ ਗਿਆ।

ਪਰ ਉਸ ਨੇ ਦੋ ਸੌ ਇਕ ਪੌਂਡ ਲੈਣੋਂ ਇਨਕਾਰ ਕਰ ਦਿੱਤਾ।

-"ਅੱਬੂ ਜਾਨ ਮੈਨੂੰ ਨਰਾਜ਼ ਹੋਣਗੇ...!" ਆਖ ਕੇ ਇਮਰਾਨ ਨੇ ਪੌਂਡ ਉਸ ਦੇ ਪਰਸ ਵਿਚ ਪਾ ਦਿੱਤੇ। ਸੀਤਲ ਨੇ ਕੈਮਰੇ ਵਾਲ਼ੇ ਮੋਬਾਇਲ ਫ਼ੋਨ ਦੀ ਸਰਸਰੀ ਡਾਕਟਰੀ ਸ਼ੁਰੂ ਕਰ ਦਿੱਤੀ। ਔਪਸ਼ਨਜ਼ ਦੇਖੀਆਂ ਅਤੇ ਸਮਝੀਆਂ। ਸੀਤਲ ਸੋਚ ਰਹੀ ਸੀ ਕਿ ਕਿੰਨਾਂ ਚੰਗਾ ਹੈ ਇਮਰਾਨ ਦਾ ਬਾਪ..! ਬਿਨਾਂ ਦੇਖੇ ਹੀ ਆਪਣੇ ਖ਼ਰਚੇ 'ਤੇ ਮੈਨੂੰ ਮੋਬਾਇਲ ਲੈ ਦਿੱਤਾ..? ਕਿੰਨਾਂ ਖੁੱਲ੍ਹੇ ਦਿਲ ਵਾਲ਼ਾ ਇਨਸਾਨ ਹੈ...। ਅਜੇ ਤਾਂ ਮੇਰਾ ਇਮਰਾਨ ਨਾਲ਼ ਰਿਸ਼ਤਾ ਹੀ ਕੋਈ ਨਹੀਂ, ਮੈਨੂੰ ਮੋਬਾਇਲ ਵੀ ਲੈ ਦਿੱਤਾ..? ਜਦੋਂ ਕਿਤੇ ਰਿਸ਼ਤਾ ਜੁੜ ਗਿਆ, ਪਤਾ ਨਹੀਂ ਕੀ-ਕੀ ਖ਼ਰੀਦ ਕੇ ਦੇਣਗੇ...? ਕਿੰਨਾਂ ਅਮੀਰ ਪ੍ਰੀਵਾਰ ਹੈ..! ਜੇ ਇਮਰਾਨ ਨਾਲ਼ ਮੇਰਾ ਸੱਚੀਂ ਰਿਸ਼ਤਾ ਜੁੜ ਜਾਵੇ, ਮੈਂ ਅਮੀਰੀ ਵਿਚ ਸਾਰੀ ਜ਼ਿੰਦਗੀ ਐਸ਼ ਕਰਾਂ..! ਆਪਦੇ ਬਾਪ ਦੇ ਘਰ ਤਾਂ ਮੈਂ ਤੰਗੀ ਤਰੁਸ਼ੀ ਹੀ ਕੱਟੀ ਹੈ..! ਬਾਪ ਨੇ ਤਾਂ ਮੈਨੂੰ ਸਾਰੀ ਜ਼ਿੰਦਗੀ ਮੋਬਾਇਲ ਨਹੀਂ ਸੀ ਖ਼ਰੀਦ ਕੇ ਦੇਣਾਂ..! ਇਮਰਾਨ ਦੇ ਪਿਉ ਨੇ ਮਿੰਟ ਨਹੀਂ ਲਾਇਆ..! ਨਾਲ਼ੇ ਦੋ ਸੌ ਇਕ ਪੌਂਡ ਭੇਜੇ..! ਨਾ ਕਦੇ ਮੈਨੂੰ ਦੇਖਿਆ, ਨਾ ਭਾਲ਼ਿਆ...! ਕਿੰਨਾਂ ਦਿਲ ਦਰਿਆ ਇਨਸਾਨ ਹੈ...! ਉਹ ਸ਼ੁਕਰਾਨੇ ਵਿਚ ਝੁਕੀ ਖੜ੍ਹੀ ਸੀ।

-"ਇਹਦੇ ਵਿਚ ਪੰਜ ਸੌ ਮਿੰਟ ਤੇ ਸੌ ਟੈਕਸਟ ਮੈਸਿਜ਼ ਫ਼ਰੀ ਨੇ...! ਜੇ ਤੂੰ ਇਸ ਤੋਂ ਵੀ ਉਪਰ ਫ਼ੋਨ ਕਰ ਲਵੇਂਗੀ, ਕੋਈ ਚਿੰਤਾ ਨਹੀਂ...! ਬਿੱਲ ਤਾਂ ਅੱਬੂ ਜਾਨ ਨੇ ਹੀ ਦੇਣੈਂ..? ਇਹਦੀ ਵੀ ਚਿੰਤਾ ਨਾ ਕਰੀਂ!" ਇਮਰਾਨ ਨੇ ਕਿਹਾ।

-"ਨਹੀਂ, ਪੰਜ ਸੌ ਮਿੰਟ ਵੀ ਬਹੁਤ ਹੁੰਦੇ ਨੇ ਇਮਰਨ...! ਤੇ ਸੌ ਟੈਕਸਟ ਮੈਸਿਜ਼ ਵੀ ਬਹੁਤ ਹੁੰਦੇ ਨੇ..! ਮੈਂ ਤੈਥੋਂ ਬਿਨਾਂ ਹੋਰ ਫ਼ੋਨ ਵੀ ਕੀਹਨੂੰ ਕਰਨੈਂ..?" ਉਸ ਦਾ ਹੱਦੋਂ ਵੱਧ ਭਾਵੁਕ ਹੋਈ ਦਾ ਰੋਣ ਨਿਕਲ਼ ਗਿਆ। ਇਮਰਾਨ ਨੇ ਖਿੱਚ ਕੇ ਉਸ ਨੂੰ ਆਪਣੀ ਤਪਦੀ ਹਿੱਕ ਨਾਲ਼ ਲਾ ਲਿਆ। ਇਮਰਾਨ ਦੀਆਂ ਉਂਗਲ਼ਾਂ ਦੀ ਕੰਘੀ ਸੀਤਲ ਦੇ ਵਾਲ਼ਾਂ ਵਿਚ ਫ਼ਿਰ ਰਹੀ ਸੀ।

-"ਗਿਵ ਮੀ ਏ ਸਿਗਰੇਟ ਇਮਰਨ...!" ਉਸ ਨੇ ਪਹਿਲੀ ਵਾਰ ਮੰਗ ਕੇ ਸਿਗਰਟ ਲਈ ਸੀ। ਇਮਰਾਨ ਤਾਂ ਸਿਗਰਟਾਂ ਆਮ ਹੀ ਪੀਂਦਾ ਸੀ। ਉਸ ਦੇ ਦੇਖੋ ਦੇਖੀ ਸੀਤਲ ਨੇ ਵੀ ਸਿਗਰਟਾਂ ਪੀਣੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਪੱਬ ਜਾਂ ਕਲੱਬ ਵਿਚ ਤਾਂ ਉਹ ਆਮ ਹੀ ਸਿਗਰਟ ਪੀ ਲੈਂਦੀ ਸੀ। ਇਮਰਾਨ ਨੇ ਸਿਗਰਟ ਦਾ ਪੂਰਾ ਪੈਕਿਟ ਹੀ ਉਸ ਦੇ ਹਵਾਲੇ ਕਰ ਦਿੱਤਾ। ਇਕ ਸੁਨਿਹਰੀ ਲਾਈਟਰ ਵੀ ਦੇ ਦਿੱਤਾ। ਜਿਸ 'ਤੇ ਇਕ ਨਗਨ ਕੁੜੀ ਦੀ ਫ਼ੋਟੋ ਬਣੀ ਹੋਈ ਸੀ। ਉਹ ਕਾਲਜ ਦੀ ਪਾਰਕ ਦੇ ਬਾਹਰ ਬੈਠੇ ਸਿਗਰਟ ਪੀ ਰਹੇ ਸਨ ਅਤੇ ਨਵੇਂ ਮੋਬਾਇਲ ਵਿਚ ਨੰਬਰ 'ਫ਼ੀਡ' ਕਰ ਰਹੇ ਸਨ।

ਉਸ ਦਿਨ ਸੀਤਲ ਰਾਤ ਅੱਠ ਕੁ ਵਜੇ ਇਮਰਾਨ ਕੋਲੋਂ ਘਰ ਆ ਗਈ।

ਉਸ ਨੇ ਕਿਸੇ ਵੱਲ ਵੀ ਧਿਆਨ ਨਾ ਦਿੱਤਾ। ਸਿੱਧੀ ਆਪਣੇ ਕਮਰੇ ਵਿਚ ਚਲੀ ਗਈ। ਗੁਰਚਰਨ ਅਜੇ ਕੰਮ 'ਤੇ ਹੀ ਸੀ। ਉਸ ਨੇ ਹਮੇਸ਼ਾ ਵਾਂਗ ਰਾਤ ਗਿਆਰਾਂ ਵਜੇ ਕੰਮ ਤੋਂ ਘਰ ਆਉਣਾਂ ਸੀ। ਉਸ ਦੀ ਜੱਦੋਜਹਿਦ ਕੋਈ ਵੀ ਰੰਗ ਨਹੀਂ ਲਿਆਈ ਸੀ। ਭੱਜ ਨੱਠ ਨੇ ਕੰਮ ਨਹੀਂ ਕੀਤਾ ਸੀ। ਭੱਜ ਨੱਠ ਤਾਂ, ਤਾਂ ਕੰਮ ਕਰਦੀ, ਜੇ ਖ਼ਾਨ ਇਮਾਨਦਾਰ ਹੁੰਦਾ...? ਖ਼ਾਨ ਨੇ ਤਾਂ ਸਗੋਂ ਇਮਰਾਨ ਨੂੰ 'ਸ਼ਾਬਾਸ਼' ਦਿੱਤੀ ਸੀ, ਜਿਸ ਨੇ ਸਰਦਾਰਨੀ ਖੰਭਾਂ ਹੇਠਾਂ ਲਿਆਂਦੀ ਸੀ...। ਮਾਮਲਾ ਕਿਵੇਂ ਸਥਿਰ ਹੁੰਦਾ...? ਖ਼ਾਨ ਕੋਲ਼ ਜਾ ਕੇ ਤਾਂ ਗੁਰਚਰਨ ਹੋਰਾਂ ਨੇ ਕੰਮ ਹੋਰ ਖ਼ਰਾਬ ਕਰ ਲਿਆ ਸੀ...! ਪਰ ਗੁਰਚਰਨ ਹੋਰਾਂ ਨੂੰ ਵਿਚਾਰਿਆਂ ਨੂੰ ਕੀ ਪਤਾ ਸੀ..? ਕਿਹੜਾ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ...? ਕਿਹੜਾ ਕੋਈ ਕਿਸੇ ਦਾ ਦਿਲ ਪੜ੍ਹ ਸਕਦੈ...? ਮਰੇ ਪਾਪੀ ਜੀਹਦੇ ਮਨ 'ਚ ਪਾਪ...! ਗੁਰਚਰਨ ਹੋਰੀਂ ਤਾਂ ਖ਼ਾਨ ਕੋਲ਼ ਇਕ ਅਰਜ਼ ਅਤੇ ਆਸ ਲੈ ਕੇ ਹੀ ਗਏ ਸਨ...?

ਜਦੋਂ ਗੁਰਚਰਨ ਨੂੰ ਲੱਗਿਆ ਕਿ ਮਾਮਲਾ ਸੁਧਰਨ ਦੀ ਵਜਾਏ ਹੋਰ ਵਿਗੜਦਾ ਜਾ ਰਿਹਾ ਸੀ? ਤਾਂ ਉਹ ਫਿਰ ਢਿੱਲੋਂ ਅਤੇ ਸਿੱਧੂ ਸਾਹਿਬ ਹੋਰਾਂ ਕੋਲ਼ ਪਹੁੰਚਿਆ।

ਅੱਗਿਓਂ ਉਹ ਵੀ ਉਸ ਨੂੰ ਦੁਖੀ ਜਿਹੇ ਹੋ ਕੇ ਮਿਲ਼ੇ। ਸਾਰੀ ਗੱਲ ਸੁਣ ਕੇ ਉਹ ਨਿਰਾਸ਼ ਹੀ ਤਾਂ ਹੋ ਗਏ ਸਨ। ਖ਼ਾਨ ਤੋਂ ਉਹਨਾਂ ਨੂੰ ਕਿਸੇ ਭਲੇ ਦੀ ਆਸ ਸੀ। ਜਦੋਂ ਬੰਦੇ ਦੀ ਆਸ 'ਤੇ ਪਾਣੀ ਫਿਰ ਜਾਵੇ, ਬੰਦੇ ਦਾ ਨਿਰਾਸ਼ ਹੋਣਾਂ ਇਕ ਕੁਦਰਤੀ ਗੱਲ ਹੈ! ਖ਼ਾਨ ਨੇ ਉਹਨਾਂ ਦੀ ਕੋਈ ਮੱਦਦ ਨਹੀਂ ਕੀਤੀ ਸੀ, ਸਗੋਂ ਬਲ਼ਦੀ 'ਤੇ ਤੇਲ ਹੀ ਛਿੜਕਿਆ ਸੀ..!

-"ਦਸਵੇਂ ਪਾਤਿਸ਼ਾਹ ਨੇ ਆਪਾਂ ਨੂੰ ਇਕ ਸਬਕ ਦਿੱਤਾ ਸੀ...! ਬਈ ਆਬਦੀ ਬਾਂਹ ਤੇਲ ਵਿਚ ਭਿਉਂ ਲਵੋ, ਤੇ ਫੇਰ ਤਿਲ਼ਾਂ ਦੀ ਢੇਰੀ ਵਿਚ ਦੇ ਦਿਓ..! ਜਿੰਨੇ ਤਿਲ਼ ਉਸ ਬਾਂਹ ਨੂੰ ਲੱਗਣ, ਮੁਸਲਮਾਨ ਓਨੀਆਂ ਕਸਮਾਂ ਵੀ ਖਾਵੇ, ਤਾਂ ਵੀ ਉਸ 'ਤੇ ਵਿਸ਼ਵਾਸ ਨਾ ਕਰੋ...!" ਸਿੱਧੂ ਨੇ ਆਪਣੇ ਮਨ ਦੀ ਭੜ੍ਹਾਸ ਕੱਢ ਲਈ। ਉਸ ਨੇ ਸਿੱਧੀ ਹੀ ਸੁਣਾ ਦਿੱਤੀ ਸੀ।

-"ਆਪਾਂ ਖ਼ਾਨ ਨੂੰ ਫ਼ੋਨ ਕਰਕੇ ਕਨਸੋਅ ਤਾਂ ਲਈਏ, ਬਈ ਕੀ ਕਹਿੰਦੈ..?" ਗੁਰਚਰਨ ਨੇ ਅਜੇ ਵੀ ਆਸ ਦਾ ਪੱਲਾ ਨਹੀਂ ਛੱਡਿਆ ਸੀ।

-"ਕੋਈ ਹਰਜ਼ ਨਹੀਂ, ਕਰੋ...! ਪਰ ਮੈਂ ਤਾਂ ਥੋਨੂੰ ਓਦਣ ਈ ਦੱਸ ਦਿੱਤਾ ਸੀ ਬਈ ਬੰਦਾ ਗਿੱਦੜਮਾਰ ਐ-!" ਢਿੱਲੋਂ ਆਪਣੀ ਜਗਾਹ ਸੱਚਾ ਸੀ।

ਗੁਰਚਰਨ ਨੇ ਫ਼ੋਨ ਮਿਲ਼ਾ ਕੇ ਢਿੱਲੋਂ ਨੂੰ ਫੜਾ ਦਿੱਤਾ। ਸਪੀਕਰ ਉਸ ਨੇ ਫ਼ੋਨ ਮਿਲਾਉਣ ਤੋਂ ਪਹਿਲਾਂ ਹੀ ਛੱਡ ਦਿੱਤਾ ਸੀ।

ਅੱਗਿਓਂ ਖ਼ਾਨ ਨੇ ਹੀ ਫ਼ੋਨ ਚੁੱਕਿਆ।

ਜਦੋਂ ਉਸ ਨੇ 'ਹੈਲੋ' ਆਖੀ ਤਾਂ ਢਿੱਲੋਂ ਨੇ ਬੋਲਣਾਂ ਸ਼ੁਰੂ ਕੀਤਾ।

-"ਖ਼ਾਨ ਸਾਹਿਬ, ਆ-ਸਲਾਮਾ ਲੇਕੁਮ...!"

-"ਬਾ-ਲੇਕੁਮ ਸਲਾਮ, ਕੌਣ ਸਾਹਬ ਬੋਲ ਰਹੇ ਨੇ ਜਨਾਬ...?" ਖ਼ਾਨ ਨੇ ਪ੍ਰਸ਼ਨ ਕੀਤਾ।

-"ਖ਼ਾਨ ਸਾਹਿਬ ਮੈਂ ਢਿੱਲੋਂ ਬੋਲਦੈਂ..! ਉਸ ਦਿਨ ਅਸੀਂ ਕੁੜੀ ਦੇ ਮਸਲੇ 'ਚ ਆਪ ਜੀ ਦੇ ਕੋਲ ਆਏ ਸੀ, ਆਇਆ ਕੁਛ ਯਾਦ...?"

-"ਹਾਂ ਜੀ, ਹਾਂ ਜੀ ਢਿੱਲੋਂ ਸਾਹਿਬ, ਕੀ ਹਾਲ ਚਾਲ ਨੇ..? ਸਭ ਖ਼ੈਰ ਤਾਂ ਹੈ ਨ੍ਹਾਂ..? ਸਿਹਤਾਂ ਵੱਲ ਨੇ...?" ਖ਼ਾਨ ਰੇਡੀਓ ਵਾਂਗ ਬੋਲਣ ਲੱਗ ਪਿਆ।

-"ਸਭ ਠੀਕ ਠਾਕ ਐ ਖ਼ਾਨ ਸਾਹਿਬ...! ਉਸ ਦਿਨ ਸਾਡੇ ਆਉਣ ਦਾ ਕੋਈ ਬਹੁਤਾ ਚੰਗਾ ਨਤੀਜਾ ਨਹੀਂ ਨਿਕਲ਼ਿਆ ਜੀ...! ਅਸੀਂ ਤਾਂ ਦੁਬਾਰਾ ਰਿਕੁਐਸਟ ਕਰਨ ਲਈ ਹੀ ਫ਼ੋਨ ਕੀਤੈ..।"

-"ਢਿੱਲੋਂ ਸਾਹਿਬ ਗੱਲ ਇਹ ਵੇ ਕਿ ਮੈਂ ਉਸ ਦਿਨ ਆਪਣੇ ਲੜਕੇ ਨੂੰ ਵਰਜ਼ ਦਿੱਤਾ ਸੀ..! ਉਸ ਨੇ ਮੈਨੂੰ ਅੱਗੇ ਤੋਂ ਲੜਕੀ ਨਾਲ਼ ਨਾ ਮਿਲਣ ਦਾ ਵਾਅਦਾ ਵੀ ਦਿੱਤਾ ਸੀ..! ਦੇਖੋ ਸਰਦਾਰ ਬਹਾਦਰ, ਘਰ ਦੀ ਤਾਂ ਅਸੀਂ ਮਾਪੇ ਜ਼ਿਮੇਵਾਰੀ ਲੈ ਸਕਦੇ ਵਾਂ, ਪਰ ਕਾਲਜ ਵਿਚ ਹੁਣ ਅੱਲਾਹ ਨੂੰ ਪਤੈ, ਕੀ ਪਏ ਕਰਦੇ ਨੇ...? ਹਾਂ, ਜੇ ਲੜਕੀ ਮੇਰੇ ਘਰ ਪਈ ਆਉਂਦੀ ਹੋਵੇ, ਤਾਂ ਮੈਂ ਤੁਸਾਂ ਦਾ ਦੇਣਦਾਰ ਹੋਸੀ..! ਬਾਹਰਲੀ ਜ਼ਿੰਮੇਵਾਰੀ ਦੱਸੋ ਮੈਂ ਕਿੱਦਾਂ ਪਿਆ ਲਵਾਂ..? ਕਿੱਡਾ ਵੱਡਾ ਵਲੈਤ ਈ, ਹੁਣ ਹਰ ਜਗਾਹ ਤਾਂ ਅਸੀਂ ਬੱਚਿਆਂ ਦੇ ਪਿੱਛੇ ਨਹੀਂ ਨ੍ਹਾ ਜੇ ਜਾ ਸਕਦੇ...? ਤੁਸਾਂ ਤੇ ਆਪ ਸਿਆਣੇ, ਪੜ੍ਹੇ ਲਿਖੇ ਜੇ..? ਦੱਸੋ ਮੈਂ ਕੀ ਕਰਸਾਂ..?" ਖ਼ਾਨ ਨੇ ਇਕ ਤਰ੍ਹਾਂ ਨਾਲ਼ ਸਾਰੀਆਂ ਗੱਲਾਂ ਦੀ ਜ਼ਿੰਮੇਵਾਰੀ ਉਹਨਾਂ ਦੇ ਸੁਆਲਾਂ ਉਪਰ ਹੀ ਸੁੱਟ ਦਿੱਤੀ।

-"ਖ਼ਾਨ ਸਾਹਿਬ, ਇਕ ਵਾਰ ਮੁੰਡੇ ਨੂੰ ਕਰੜਾ ਹੋ ਕੇ ਕਿਉਂ ਨਹੀਂ ਆਖ ਦਿੰਦੇ..? ਅਕਸਰ ਉਹ ਫਿਰ ਵੀ ਤੁਹਾਡਾ ਬੱਚਾ ਐ..? ਤੁਹਾਡੀ ਗੱਲ ਕਿਵੇਂ ਨਾ ਮੰਨੂੰਗਾ..?" ਢਿੱਲੋਂ ਨੂੰ ਖਿਝ ਚੜ੍ਹ ਗਈ ਸੀ।

-"ਦੇਖੋ ਸਰਦਾਰ ਜੀ, ਜੁਆਨ ਲੜਕਾ ਵੇ, ਤੇ ਇੰਗਲੈਂਡ ਦਾ ਜੰਮਪਲ਼, ਠੀਕ ਐ ਜੀ...? ਜੇ ਉਸ ਨੂੰ ਅਸਾਂ ਘੂਰਾਂਗੇ, ਸਾਡਾ ਘਰ ਛੱਡ ਕੇ ਕਿਤੇ ਟੁਰ ਜਾਸੀ, ਫਿਰ ਅਸਾਂ ਕਿਸ ਦੀ ਮਾਂ ਨੂੰ ਮਾਸੀ ਪਏ ਆਖਾਂਗੇ..? ਤੁਸਾਂ ਆਪਣੀ ਲੜਕੀ ਨੂੰ ਕਿਉਂ ਨਹੀਂ ਜੇ ਸਮਝਾਂਦੇ...?" ਖ਼ਾਨ ਨੇ ਠੂਣਾਂ ਉਹਨਾਂ ਸਿਰ ਹੀ ਭੰਨਿਆਂ।

-"ਬਥੇਰੀ ਸਮਝਾਈ ਐ ਖ਼ਾਨ ਸਾਹਿਬ..! ਪਰ ਸਹੁਰੀ ਸਮਝਦੀ ਨ੍ਹੀ, ਕੀ ਕਰੀਏ..? ਇਸੇ ਕਰਕੇ ਤਾਂ ਅਸੀਂ ਤੁਹਾਡੀ ਸ਼ਰਨ ਆਏ ਸੀ, ਪਰ ਤੁਸੀਂ ਸਾਨੂੰ ਨਿਰਾਸ਼ ਹੀ ਕੀਤੈ।"

-"ਦੇਖੋ ਸਰਦਾਰ ਜੀ, ਮੈਂ ਆਪਣਾ ਲੜਕਾ ਲਾਡਾਂ, ਸਧਰਾਂ ਤੇ ਸ਼ਗਨਾਂ ਨਾਲ਼ ਪਾਲ਼ਿਆ ਪੋਸਿਆ ਜੇ, ਜੁਆਨ ਕੀਤਾ ਜੇ..! ਹੁਣ ਤੁਸੀਂ ਕੀ ਪਏ ਸੋਚਦੇ ਹੋ, ਕਿ ਮੈਂ ਤੁਹਾਡੇ ਕਰਕੇ ਆਪਣਾ ਮੁੰਡਾ ਹੱਥ ਵਿਚੋਂ ਗੁਆ ਲਵਾਂ..? ਕੁਝ ਸੋਚ ਕਰੋ ਜੇ ਸਰਦਾਰ ਜੀ...! ਅਗਰ ਤੁਸਾਂ ਦੀ ਲੜਕੀ ਨਹੀਂ ਸਮਝਾਈ ਸਮਝ ਰਹੀ, ਮੇਰਾ ਲੜਕਾ ਕਿੱਦਾਂ ਪਿਆ ਸਮਝੇਗਾ..? ਸਰਦਾਰ ਜੀ, ਅੱਲਾਹ ਮਾਫ਼ੀ ਦੇਵੇ..! ਮੇਰੇ ਉਪਰ ਇਕ ਅਹਿਸਾਨ ਕਰੋ, ਤੁਸਾਂ ਆਪਣੀ ਲੜਕੀ ਨੂੰ ਸਮਝਾਓ..! ਅੱਲਾਹ ਦੇ ਵਾਸਤੇ ਮੈਨੂੰ ਮੁਆਫ਼ ਕਰੋ...!" ਖ਼ਾਨ ਨੇ ਫ਼ੋਨ ਕੱਟ ਦਿੱਤਾ।

ਸਾਰੇ ਝੂਠੇ ਜਿਹੇ ਹੋ ਗਏ। ਉਹਨਾਂ ਨੂੰ ਖ਼ਾਨ ਤੋਂ ਪਹਿਲਾਂ ਹੀ ਭਦਰਕਾਰੀ ਦੀ ਕੋਈ ਆਸ ਨਹੀਂ ਸੀ। ਉਹ ਇੰਜ ਖੜ੍ਹੇ ਸਨ ਜਿਵੇਂ ਉਹਨਾਂ ਦੀ ਜੇਬ ਕਤਰੀ ਗਈ ਹੋਵੇ!

-"ਦੱਸੋ ਦਸਵੇਂ ਪਾਤਿਸ਼ਾਹ ਦਾ ਬਚਨ ਰਤੀ ਭਰ ਵੀ ਝੂਠ ਐ ਤਾਂ...?" ਢਿੱਲੋਂ ਨੇ ਕਿਹਾ।

-"ਢਿੱਲੋਂ ਸਾਹਿਬ, ਮੇਰਾ ਚਿੱਤ ਕਰਦੈ ਹਰਾਮਜ਼ਾਦੀ ਦੇ ਗੋਲ਼ੀ ਮਾਰਾਂ...! ਐਨੀ ਜਲਾਲਤ...? ਗੰਦੀ ਔਲ਼ਾਦ ਸਮਝਦੀ ਈ ਨ੍ਹੀਂ...?" ਗੁਰਚਰਨ ਨੇ ਮੂੰਹ 'ਚੋਂ ਅੰਦਰ ਧੁਖ਼ਦੀ ਅੱਗ ਬਾਹਰ ਕੱਢੀ।

-"ਫ਼ਾਇਦਾ ਕੀ ਹੋਊ ਗੁਰਚਰਨ ਸਿਆਂ...? ਇਕ ਮਰੂ, ਦੂਜਾ ਅੰਦਰ ਹੋਊ, ਲੋਕਾਂ ਦੀ ਦੁਰ ਦੁਰ ਬਾਧੂ ਦੀ...! ਪਿੱਛੋਂ ਜਿਹੜੇ ਵਿਚਾਰੇ ਨਿਰਦੋਸ਼ੇ ਜੁਆਕ ਰੁਲ਼ਦੇ ਐ, ਉਹ ਵੱਖਰੇ...! ਘਰਆਲ਼ੀਆਂ ਊਂ ਸੂਲ਼ੀ ਟੰਗੀਆਂ ਰਹਿੰਦੀਐਂ..! ਰੰਨ ਗਈ ਨਾਲ਼ੇ ਕੰਨ ਪਾਟੇ ਆਲ਼ੀ ਗੱਲ...!" ਢਿੱਲੋਂ ਨੇ ਗੁਰਚਰਨ ਦੇ ਧੁਖ਼ਦੇ ਹਿਰਦੇ 'ਤੇ ਪਾਣੀ ਛਿੜਕਿਆ।

-"ਕਈ ਵਾਰੀ ਸੋਚੀਦੈ, ਬਈ ਮਨਾਂ...! ਕੰਮ ਐਹਨਾਂ ਵਾਸਤੇ ਕਰਦੇ ਐਂ, ਜਿਹੜੇ ਸਾਲ਼ੇ ਗੱਲ ਈ ਨ੍ਹੀ ਸੁਣਦੇ..? ਬੜੇ ਤੰਗ ਐਂ ਢਿੱਲੋਂ ਸਾਹਿਬ..! ਕਈ ਵਾਰੀ ਕੁਛ ਖਾ ਕੇ ਮਰ ਜਾਣ ਨੂੰ ਜੀਅ ਕਰਦੈ..! ਦੁਨੀਆਂ 'ਤੇ ਦਿਲ ਨ੍ਹੀ ਲੱਗਦਾ ਕਦੇ ਕਦੇ...!" ਗੁਰਚਰਨ, ਢਿੱਲੋਂ ਕੋਲ਼ ਰੋਣਹਾਕਾ ਹੋਇਆ ਖੜ੍ਹਾ ਸੀ।

-"ਕਮਲ਼ ਨ੍ਹੀ ਮਾਰੀਦਾ ਹੁੰਦਾ ਗੁਰਚਰਨ ਸਿਆਂ...! ਚੰਗੇ ਮੰਦੇ ਦਿਨ, ਚੰਗਾ ਮੰਦਾ ਸਮਾਂ ਬੰਦੇ 'ਤੇ ਆਉਂਦਾ ਈ ਰਹਿੰਦੈ, ਐਨਾਂ ਡੋਲੀਦਾ ਨ੍ਹੀ ਹੁੰਦਾ...! ਰੱਬ 'ਤੇ ਭਰੋਸਾ ਰੱਖੀਦੈ..!" ਢਿੱਲੋਂ ਨੇ ਦਿਲ ਧਰਾਇਆ।

-"ਨਾਲ਼ੇ ਭੀੜ੍ਹਾਂ ਸੰਘੀੜ੍ਹਾਂ ਬੰਦਿਆਂ 'ਤੇ ਈ ਆਉਂਦੀਐਂ...! ਡੋਲਣ ਨਾਲ਼ ਨ੍ਹੀ ਕੁਛ ਬਣਦਾ..! ਸੋਚਣਾਂ ਇਹ ਹੀ ਹੁੰਦੈ ਕਿ ਇਸ ਭੀੜ ਸੰਘੀੜ੍ਹ 'ਚੋਂ ਨਿਕਲ਼ਣਾਂ ਕਿਵੇਂ ਐਂ..? ਕਿੱਡੇ ਕਿੱਡੇ ਸੰਕਟ ਗੁਰੂਆਂ 'ਤੇ ਵੀ ਆਏ? ਤੇ ਉਹ ਤੇਰਾ ਕੀਆ ਮੀਠਾ ਲਾਗੈ ਦਾ ਉਚਾਰਣ ਕਰਦੇ, ਹਰ ਨਾਮ ਪਦਾਰਥ ਹੀ ਮੰਗਦੇ ਰਹੇ...! ਸੰਕਟ ਵੇਲ਼ੇ ਰੱਬ ਦਾ ਪੱਲਾ ਘੁੱਟ ਕੇ ਫੜ ਲਈਏ, ਗੁਰਚਰਨ ਸਿਆਂ..! ਉਹ ਹੀ ਐ ਰੱਖਣਹਾਰ...!" ਸਿੱਧੂ ਨੇ ਹੌਸਲਾ ਦਿੱਤਾ। ਗੁਰਚਰਨ ਦੇ ਦੁੱਖ ਵਿਚ ਸ਼ਰੀਕ ਸਿੱਧੂ ਦਿਲੋਂ ਪਸੀਜਿਆ ਖੜ੍ਹਾ ਸੀ। ਔਲ਼ਾਦ ਦੇ ਦੁੱਖ ਬੁਰੇ! ਉਹ ਖੜ੍ਹਾ ਸੋਚ ਰਿਹਾ ਸੀ।

-"ਸਿੱਧੂ ਸਾਹਿਬ, ਉਹ ਤਾਂ ਸਮਰੱਥ ਗੁਰੂ ਸੀ-ਅਸੀਂ ਤਾਂ ਕਲਯੁਗੀ ਕੀੜੇ ਐਂ...!" ਗੁਰਚਰਨ ਫ਼ਿੱਸ ਪਿਆ।

-"ਕੀ ਕਰਾਂ...? ਸਾਲ਼ੀ ਸਮਝ ਨ੍ਹੀ ਆਉਂਦੀ...! ਕਦੇ ਕੀੜੀ 'ਤੇ ਪੈਰ ਨ੍ਹੀ ਸੀ ਧਰਿਆ ਢਿੱਲੋਂ ਸਾਹਿਬ...! ਮੈਂ ਆਹ ਦਿਨ ਵੀ ਦੇਖਣੇ ਸੀ..? ਹਾਏ ਉਏ ਰੱਬਾ..! ਐਦੂੰ ਤਾਂ ਤੂੰ ਮੈਨੂੰ ਚੱਕ ਈ ਲੈਂਦਾ...!" ਗੁਰਚਰਨ ਸਿੰਘ ਰੋਣ ਲੱਗ ਪਿਆ। ਢਿੱਲੋਂ ਨੇ ਉਸ ਦੀ ਪਿੱਠ ਥਾਪੜਨੀ ਸ਼ੁਰੂ ਕਰ ਦਿੱਤੀ। ਪਰ ਗੁਰਚਰਨ ਦੇ ਹਟਕੋਰੇ ਹੋਰ ਉਚੇ ਹੋ ਗਏ। ਗੁਰਚਰਨ ਦੀ ਤਰਸਯੋਗ ਹਾਲਤ ਦੇਖ ਕੇ ਸਿੱਧੂ ਦਾ ਨਰਮ ਦਿਲ ਲਹੂ ਲੁਹਾਣ ਹੋਇਆ, ਨੁੱਚੜੀ ਜਾ ਰਿਹਾ ਸੀ। ਪੰਜਾਬ ਦਾ ਅਣਖ਼ੀ ਜੁਆਨ ਇੰਗਲੈਂਡ ਦੀ ਜੰਮਪਲ, ਆਪਹੁਦਰੀ ਔਲ਼ਾਦ ਦੇ ਦੁੱਖ ਕਰਕੇ ਇਕ ਤਰ੍ਹਾਂ ਨਾਲ਼ 'ਗਊ ਦਾ ਜਾਇਆ' ਬਣਿਆਂ ਫ਼ਿਰਦਾ ਸੀ। ਉਸ ਦੀਆਂ ਆਸਾਂ ਸਧਰਾਂ ਦੀ ਕੁੱਖ ਬਾਂਝ ਹੋ ਗਈ ਸੀ..!

ਤੀਜੇ ਦਿਨ ਸ਼ਨਿੱਚਰਵਾਰ ਨੂੰ ਸੀਤਲ ਇਮਰਾਨ ਨਾਲ਼ ਉਸ ਦੇ ਘਰ ਚਲੀ ਗਈ।

ਖ਼ਾਨ ਨੂੰ ਚਾਅ ਚੜ੍ਹ ਗਿਆ। ਔਰਤਾਂ ਨੇ ਸੀਤਲ ਨਾਲ਼ ਕੋਈ ਬਹੁਤੀ ਗੱਲ ਨਹੀਂ ਕੀਤੀ ਸੀ। ਉਹ 'ਹਾਏ-ਹੈਲੋ' ਤੋਂ ਬਾਅਦ ਘੁੱਗੂ ਜਿਹੀਆਂ ਹੋਈਆਂ ਸੋਫ਼ੇ 'ਤੇ ਬੈਠੀਆਂ 'ਗਟਰ-ਗਟਰ' ਝਾਕ ਰਹੀਆਂ ਸਨ। ਉਹਨਾਂ ਦੇ ਬੁੱਲ੍ਹ ਸੀਤੇ ਹੋਏ ਅਤੇ ਚਿਹਰੇ ਪੱਥਰ ਲੱਗਦੇ ਸਨ। ਸਿਰਫ਼ ਅੱਖਾਂ ਹੀ ਹਰਕਤ ਕਰ ਰਹੀਆਂ ਸਨ।

-"ਆਓ ਬੇਟੇ, ਆਓ...! ਵੈੱਲ ਕਮ...! ਵੈੱਲ ਕਮ...!! ਜਕਣ ਜਾਂ ਡਰਨ ਦੀ ਕੋਈ ਜ਼ਰੂਰਤ ਨਹੀਂ ਜੇ...! ਇਸ ਗ਼ਰੀਬ ਖ਼ਾਨੇ ਨੂੰ ਆਪਣਾ ਘਰ ਹੀ ਸਮਝੋ ਬੇਟੇ...!" ਖ਼ਾਨ ਨੇ ਸੀਤਲ ਦੇ ਸਿਰ 'ਤੇ ਹੱਥ ਰੱਖਿਆ ਅਤੇ ਉਸ ਨੂੰ ਬੋਚ ਕੇ ਸੋਫ਼ੇ 'ਤੇ ਲਿਆ ਬਿਠਾਇਆ। ਖ਼ਾਨ ਨੂੰ ਇਹ ਨਹੀਂ ਸੁੱਝ ਰਿਹਾ ਸੀ ਕਿ ਉਹ ਸੀਤਲ ਨੂੰ ਕਿੱਥੇ ਬਿਠਾਵੇ ਅਤੇ ਕਿੱਥੇ ਉਠਾਵੇ...? ਉਹ ਗੱਲੀਂ ਬਾਤੀਂ ਸੀਤਲ ਦੇ ਅੰਦਰ ਵੜਦਾ ਜਾ ਰਿਹਾ ਸੀ। ਉਸ ਦੀਆਂ ਗੱਲਾਂ ਕੀਲ ਲੈਣ ਵਾਲ਼ੀਆਂ ਸਨ।

-"ਬੇਟੇ, ਜਦੋਂ ਮੈਨੂੰ ਤੇਰੇ ਬਾਰੇ ਪਤਾ ਲੱਗਾ, ਮੈਂ ਇਮਰਾਨ ਨੂੰ ਗੁੱਸੇ ਹੋਇਆ, ਬਈ ਬੇਵਕੂਫ਼ ਫ਼ਰਜ਼ੰਦ ਜੀ...! ਤੁਸਾਂ ਨੇ ਅਸਾਂ ਨੂੰ ਸਾਡੀ ਨੂੰਹ ਰਾਣੀ ਨਹੀਂ ਜੇ ਦਿਖਾਉਣੀ..? ਮੈਂ ਇਸ ਗਧੇ ਨਾਲ਼ ਕਾਫ਼ੀ ਖ਼ਫ਼ਾ ਹੋਇਆ..! ਮੇਰੇ ਵਾਲਦ ਸਾਹਿਬ ਹੋਰੀਂ ਵੀ ਬੇਟੇ ਤੁਸਾਂ ਦੇ ਪੰਜਾਬ 'ਚੋਂ ਹੀ ਪਾਕਿਸਤਾਨ ਆਏ ਸਨ..! ਜਲੰਧਰ ਕੋਲ਼ ਸਾਡਾ ਪਿੰਡ ਸੀ, ਮੇਰਾ ਬਹੁਤ ਪ੍ਰੇਮ ਹੈ ਤੁਸਾਂ ਦੇ ਪੰਜਾਬ ਨਾਲ਼..! ਕਸਮ ਨਾਲ਼ ਜਾਣੀਂ, ਜਦੋਂ ਮੈਨੂੰ ਤੇਰੇ ਬਾਰੇ ਬੇਟਾ ਪਤਾ ਚੱਲਿਆ, ਮੈਂ ਤਾਂ ਅੱਲਾਹ ਦੀ ਕਸਮ ਫ਼ੁੱਲਿਆ ਨਾ ਪਿਆ ਸਮਾਂਵਾਂ..! ਖ਼ੁਸ਼ੀ ਵਿਚ ਮੇਰਾ ਧਰਤੀ 'ਤੇ ਪੈਰ ਨਾ ਜੇ ਲੱਗੇ..! ਫੇਰ ਮੈਂ ਇਸ ਬਦਮਗਜ਼ ਨੂੰ ਫ਼ੋਨ 'ਤੇ ਨਰਾਜ਼ ਹੋਇਆ, ਬਈ ਬੇਵਕੂਫ਼ਾ..! ਸਾਨੂੰ ਸਾਡੀ ਬਹੂ ਰਾਣੀ ਤਾਂ ਦਿਖਾ, ਬੁੱਕਲ਼ ਵਿਚ ਗੁੜ ਪਿਆ ਭੋਰਦਾ ਪਿਆ ਏਂ..? ਐਡਾ ਜ਼ਾਲਿਮ ਬੱਚਾ, ਸਾਨੂੰ ਹੁਣ ਤੱਕ ਨਹੀਂ ਸੀ ਜੇ ਕੁਝ ਦੱਸਿਆ...! ਬਈ ਕੁਝ ਖਾਣ ਪੀਣ ਨੂੰ ਦਿਓ ਜੇ ਮੇਰੀ ਬੇਟੀ ਨੂੰ...!" ਖ਼ਾਨ ਨੇ ਪਿੱਛੇ ਮੁੜ ਕੇ ਆਪਣੀ ਘਰਵਾਲ਼ੀ ਨੂੰ ਆਖਿਆ ਤਾਂ ਉਹ ਗੋਹ-ਗਹੀਰੇ ਵਾਂਗ ਸੋਫ਼ੇ ਤੋਂ ਮਸਾਂ ਹੀ ਉਠੀ। ਉਸ ਦਾ ਸਰੀਰ ਇਤਨਾ ਭਾਰਾ ਸੀ ਕਿ ਉਸ ਨੂੰ ਬੈਠ ਕੇ

ਉਠਣ ਲੱਗਿਆਂ ਆਪਣੇ ਆਪ ਨਾਲ਼ ਪੂਰਾ ਯੁੱਧ ਕਰਨਾ ਪੈਂਦਾ ਸੀ। ਕਦੇ ਕਦੇ ਉਸ ਨੂੰ ਫੜ ਕੇ ਵੀ ਉਠਾਉਣਾਂ ਪੈਂਦਾ। ਭੁੰਜੇ ਬੈਠੀ ਨੂੰ ਤਾਂ ਮੌਲੇ ਬਲ਼ਦ ਵਾਂਗ ਪੂਛੋਂ ਫੜ ਕੇ ਖੜ੍ਹੀ ਕਰਨਾ ਪੈਂਦਾ ਸੀ।

-"ਕੀ ਨਾਂਮ ਐਂ ਬੇਟੇ ਤੇਰਾ..?" ਖ਼ਾਨ ਨੇ ਸੂਈ ਫਿਰ ਤਵੇ 'ਤੇ ਧਰ ਲਈ।

-"ਜੀ ਸੀਤਲ...!" ਸੀਤਲ ਦੇ ਮੂੰਹੋਂ ਫ਼ੁੱਲ ਹੀ ਤਾਂ ਕਿਰੇ ਸਨ।

-"ਸੁਭਾਨ ਅੱਲਾਹ...! ਸੀਤਲ...! ਕਿਆ ਪਿਆਰਾ ਨਾਮ ਜੇ..? ਬਿਲਕੁਲ ਤੇਰੇ ਵਰਗਾ ਬੇਟੇ, ਬਿਲਕੁਲ ਤੇਰੇ ਵਰਗਾ ਤੇਰਾ ਨਾਮ...!"

ਇਮਰਾਨ ਦੀ ਮਾਂ ਅੰਬ ਦਾ ਜੂਸ ਲੈ ਆਈ।

-"ਬੇਟੇ ਸੀਤਲ, ਇਹ ਮੇਰੀ ਗਿੱਦੜ ਪੀੜ੍ਹੀ ਏ...!" ਖ਼ਾਨ ਨੇ ਇਸ਼ਾਰੇ ਨਾਲ਼ ਦੱਸਿਆ।

-"...........।" ਸੀਤਲ ਚੁੱਪ ਸੀ। ਉਸ ਨੇ ਜੂਸ ਦਾ ਗਿਲਾਸ ਫੜ ਲਿਆ। ਉਸ ਨੂੰ 'ਗਿੱਦੜ ਪੀੜ੍ਹੀ' ਦੀ ਕੋਈ ਸਮਝ ਨਹੀਂ ਆਈ ਸੀ। ਉਹ ਸ਼ਰਮਾ ਕੇ ਜਿਹੇ ਖ਼ਾਨ ਦੀ ਬੀਵੀ ਵੱਲ ਝਾਕੀ। ਬੀਵੀ ਦੀਆਂ ਸਿਰਫ਼ ਅੱਖਾਂ ਹੀ ਝਪਕ ਰਹੀਆਂ ਸਨ। ਬੋਲਦੀ ਉਹ ਕੁਝ ਵੀ ਨਹੀਂ ਸੀ, ਨਾ ਹੱਸਦੀ ਸੀ ਅਤੇ ਨਾ ਮੁਸਕਰਾਉਂਦੀ ਸੀ। ਸੀਤਲ ਨੂੰ ਜਾਪਿਆ ਕਿ ਜਾਂ ਤਾਂ ਉਹ ਗੂੰਗੀ ਅਤੇ ਜਾਂ ਫਿਰ ਬੋਲ਼ੀ ਹੋਵੇਗੀ, ਜਿਹੜੀ ਨਾ ਹੱਸੀ ਅਤੇ ਨਾ ਹੀ ਕੋਈ ਉੱਤਰ ਦਿੱਤਾ। ਪਰ ਉਸ ਨੂੰ ਇਤਨਾ ਕੁ ਜ਼ਰੂਰ ਪਤਾ ਚੱਲ ਗਿਆ ਸੀ ਕਿ ਖ਼ਾਨ ਕੋਈ ਟਿੱਚਰ ਕਰ ਗਿਆ ਸੀ। ਪਰ ਗੱਲ ਜਹਾਜ ਵਾਂਗ ਉਸ ਦੇ ਸਿਰ ਉਪਰੋਂ ਲੰਘ ਗਈ ਸੀ।

-"ਨਹੀਂ ਸਮਝੀ...?" ਖ਼ਾਨ ਖਿੜ ਖਿੜਾ ਕੇ ਹੱਸ ਪਿਆ।

-"ਮੇਰਾ ਮਤਲਬ ਇਹ ਹੈ ਬੇਟੇ ਕਿ ਇਹ ਮੇਰੀ ਬੁੱਢੀ, ਮਤਲਬ ਵਾਈਫ਼ ਏ, ਇਮਰਾਨ ਦੀ ਵਾਲਿਦਾ...!" ਸੀਤਲ ਨੇ ਸਤਿਕਾਰ ਵਿਚ ਸਿਰ ਝੁਕਾ ਦਿੱਤਾ। ਇਮਰਾਨ ਦੀ ਮਾਂ ਨੇ ਵੀ ਸਿਰ ਝੁਕਾਇਆ। ਪਰ ਸੁੱਜਿਆ ਮੂੰਹ ਭੋਰਾ ਵੀ ਨਹੀਂ ਹਿਲਾਇਆ ਸੀ। ਸੀਤਲ ਨੂੰ ਉਸ ਦੀ ਚੁੱਪ ਤੋਂ ਭੈਅ ਜਿਹਾ ਆਇਆ ਸੀ। ਉਸ ਦਾ ਸਾਰਾ ਸਰੀਰ ਬੁਰਕੇ ਵਿਚ ਲਕੋਇਆ ਹੋਇਆ ਸੀ। ਸਿਰਫ਼ ਚਿਹਰਾ ਹੀ ਨੰਗਾ ਸੀ। ਉਸ ਦੇ ਉਜੜੇ ਜਿਹੇ ਪੀਲ਼ੇ ਚਿਹਰੇ ਤੋਂ ਸੀਤਲ ਅੰਦਾਜ਼ਾ ਲਾ ਰਹੀ ਸੀ ਕਿ ਇਮਰਾਨ ਦੀ ਮਾਂ ਖ਼ੁਸ਼ ਨਹੀਂ ਸੀ। ਬਾਕੀ ਕੁੜੀਆਂ ਵੀ ਮੜ੍ਹੀਆਂ ਵਾਂਗ ਚੁੱਪ ਚਾਪ ਬੈਠੀਆਂ ਸਨ। ਕਦੇ ਕਦੇ ਉਹ ਆਪਸ ਵਿਚ ਕੋਈ ਗੁੱਝੀ ਜਿਹੀ ਗੱਲ ਕਰਕੇ ਦੰਦੀਆਂ ਜਿਹੀਆਂ ਕੱਢਦੀਆਂ ਸਨ।

-"ਸ਼ਰੀਫ਼ਾਂ, ਕੁਝ ਖਾਣ ਨੂੰ ਵੀ ਬਣਾਓ ਬਈ...! ਚੁੱਪ ਕਿਉਂ ਬੈਠੀਐਂ...? ਦੇਖੋ ਆਪਣੇ ਘਰੇ ਕੌਣ ਆਇਐ..! ਸੀਤਲ, ਮੇਰੀ ਬੱਚੀ...!" ਖ਼ਾਨ ਨੇ ਰੌਲ਼ਾ ਜਿਹਾ ਪਾਉਣਾ ਸ਼ੁਰੂ ਕਰ ਦਿੱਤਾ।

ਸ਼ਰੀਫ਼ਾਂ ਚੁੱਪ ਚਾਪ ਕਿਚਨ ਵਿਚ ਚਲੀ ਗਈ। ਬਗੈਰ ਕੁਝ ਬੋਲਿਆਂ।

ਕਿਚਨ ਵਿਚ ਜਾ ਕੇ ਉਸ ਨੇ ਇਮਰਾਨ ਨੂੰ ਹੱਥ ਦੇ ਇਸ਼ਾਰੇ ਨਾਲ਼ ਸੱਦਿਆ। ਇਮਰਾਨ ਕਿਚਨ ਵਿਚ ਚਲਾ ਗਿਆ। ਉਸ ਦੀ ਮਾਂ ਸ਼ਰੀਫ਼ਾਂ ਨੇ ਉਸ ਨਾਲ਼ ਕੋਈ ਗੁੱਝੀ ਗੱਲ ਕੀਤੀ।

ਗੱਲ ਸੁਣ ਕੇ ਇਮਰਾਨ ਵਾਪਿਸ ਆ ਗਿਆ।

-"ਗੋਸ਼ਤ ਤਾਂ ਬਣਿਆਂ ਪਿਐ ਅੱਬੂ..!" ਇਮਰਾਨ ਨੇ ਕਿਹਾ।

-"ਮੈਨੂੰ ਕੀ ਦੱਸਦਾ ਪਿਐਂ ਬੇਵਕੂਫ਼ਾ...? ਸੀਤਲ ਨੂੰ ਪੁੱਛ ਕਿ ਉਸ ਨੇ ਕੀ ਖਾਣੈਂ? ਸੀਤਲ ਬੇਟੀ ਮਹਿਮਾਨ ਐਂ ਆਪਣੀ, ਨਾ ਕਿ ਮੈਂ..!" ਖ਼ਾਨ ਬੋਲਿਆ।

-"ਡੂ ਯੂ ਈਟ ਮੀਟ ਸੀਤਲ...?" ਇਮਰਾਨ ਨੇ ਉਸ ਨੂੰ ਪੁੱਛਿਆ।

-"ਉਏ ਖੋਤੇ ਦੇ ਪੁੱਤਰਾ...! ਪੰਜਾਬੀ ਬੋਲ ਉਏ...! ਕਿੱਧਰੋਂ ਆ ਗਿਆ ਵੱਡਾ ਅੰਗਰੇਜ਼...!" ਖ਼ਾਨ ਨੇ ਮਿੰਨ੍ਹਾਂ ਜਿਹਾ ਘੂਰਿਆ।

-"ਕਿਉਂ ਸੀਤਲ ਬੇਟੇ, ਗੋਸ਼ਤ ਖਾ ਲੈਂਦੀ ਏਂ...?" ਖ਼ਾਨ ਨੇ ਪੁੱਛਿਆ।

ਸ਼ਰਮਾਉਂਦੀ ਸੀਤਲ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

-"ਅੱਜ ਗੋਸ਼ਤ ਵੀ ਲੇਲੇ ਦਾ ਈ ਬਣਾਇਐ ਬੇਟੇ! ਹੋਰ ਨਹੀਂ...! ਫ਼ਿਕਰ ਨਾ ਕਰ! ਤੇਰੀ ਸਹਿਮਤੀ ਬਿਨਾ ਤੈਨੂੰ ਕੁਝ ਵੀ ਨਹੀਂ ਜੇ ਖੁਆਵਾਂਗੇ, ਖਾਣਾਂ ਲਗਾਓ ਬਈ...!" ਖ਼ਾਨ ਨੇ ਐਲਾਨ ਕਰ

ਦਿੱਤਾ।

ਖਾਣਾਂ ਲੱਗ ਗਿਆ।

ਸਾਰਿਆਂ ਨੇ ਇਕੱਠਿਆਂ ਨੇ ਬੈਠ ਕੇ ਖਾਣਾਂ ਖਾਧਾ।

ਖਾਣੇਂ ਤੋਂ ਬਾਅਦ ਫ਼ਲਾਂ ਦੀ ਟੋਕਰੀ ਆ ਗਈ।

ਫ਼ਲ ਖਾ ਕੇ ਸਾਰੇ ਵਿਹਲੇ ਹੋ ਗਏ।

-"ਸੀਤਲ ਜੇ ਤੇਰੇ ਘਰ ਦੇ ਤੈਨੂੰ ਤੰਗ ਫ਼ੰਗ ਕਰਨ..! ਚੁੱਪ ਕਰਕੇ ਖ਼ਾਨ ਬਾਪੂ ਕੋਲ਼ ਆ ਜਾਵੀਂ, ਆਪਣੇ ਕੋਲ਼ ਦੋ ਬੈੱਡ ਰੂਮ ਦਾ ਘਰ ਵਿਹਲਾ ਪਿਐ..! ਜਿਵੇਂ ਮਰਜ਼ੀ ਐ, ਐਸ਼ ਨ੍ਹਾ ਰਹਿਓ..! ਵਸੋ ਰਸੋ, ਮੌਜ ਕਰੋ..! ਕੋਈ ਤੁਸਾਂ ਦੀ ਹਵਾ ਵੱਲ ਵੀ ਨਾ ਦੇਖੂ..! ਤੇਰੇ ਖ਼ਾਨ ਅੱਬੂ ਨੂੰ ਦੁਨੀਆਂ ਪਈ ਜਾਣਦੀ ਹੈ...! ਚਾਰ ਜਣੇ ਸਲਾਮ ਦੁਆ ਵੀ ਕਰਦੇ ਨੇ, ਔਰ ਗੱਲ ਵੀ ਮੰਨਦੇ ਨੇ! ਕਿਸੇ ਕਿਸਮ ਦਾ ਕੋਈ ਫ਼ਿਕਰ ਨਹੀਂ, ਕੋਈ ਕਿਰਾਇਆ ਨਹੀਂ, ਕੋਈ ਬਿੱਲ ਨਹੀਂ, ਸਾਰਾ ਕੁਝ ਮੈਂ ਆਪ ਹੀ ਭਰਾਂਗਾ, ਬੱਸ ਮੈਨੂੰ ਤੁਸਾਂ ਦੀ ਖ਼ੁਸ਼ੀ ਚਾਹੀਦੀ ਏ...!"

ਸੀਤਲ ਅੰਦਰ ਖ਼ੁਸ਼ੀ ਦੀਆਂ ਫ਼ੁੱਲਝੜੀਆਂ ਜਗੀਆਂ।

ਦਿਮਾਗ ਅੰਦਰ ਚਾਅ ਦੀਆਂ ਘੰਟੀਆਂ ਖੜਕੀਆਂ।

-"ਪਰ ਇਕ ਗੱਲ ਹੈ ਬੇਟੀ ਸੀਤਲ...!" ਖ਼ਾਨ ਨੇ ਇਉਂ ਉਂਗਲ਼ ਉਠਾਈ ਜਿਵੇਂ ਕਿਸੇ ਖ਼ਤਰੇ ਦਾ ਸੰਕੇਤ ਦੇਣਾਂ ਹੋਵੇ।

ਅਗਲੀ ਗੱਲ ਸੁਣਨ ਲਈ ਸੀਤਲ ਨੇ ਸਹੇ ਵਾਂਗ ਕੰਨ ਚੁੱਕੇ। ਝੁਕੀਆਂ ਅੱਖਾਂ ਉਪਰ ਉਠੀਆਂ।

-"ਦੇਖ ਬੇਟੇ...! ਤੇਰੇ ਖ਼ਾਨ ਅੱਬੂ ਨੂੰ ਸਾਰਾ ਭਾਈਚਾਰਾ ਜਾਣਦਾ ਈ...! ਅੱਲਾਹ ਨੂੰ ਗਵਾਹ ਜਾਣ ਕੇ ਆਖਦਾ ਪਿਆ ਵਾਂ, ਜੇ ਇਮਰਾਨ ਨੇ ਕਿਸੇ ਸਿੱਖਣੀ ਨਾਲ਼ ਸ਼ਾਦੀ ਰਚਾ ਲਈ, ਸਾਰਾ ਮੁਸਲਿਮ ਭਾਈਚਾਰਾ ਸਾਡਾ ਹੁੱਕਾ ਪਾਣੀ ਤਿਆਗ ਦੇਵੇਗਾ..! ਪੁੱਤਰ, ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ..! ਅਗਰ ਤੂੰ ਤੇ ਇਮਰਾਨ ਇਕੱਠੇ ਜ਼ਿੰਦਗੀ ਬਸਰ ਕਰਨਾ ਚਾਹੋ, ਤਾਂ ਤੈਨੂੰ ਬੇਟੇ ਮਜ਼ਹਬ ਬਦਲਣਾਂ ਪੈਸੀ..! ਨਹੀਂ ਸਾਡਾ ਸਾਰੇ ਭਾਈਚਾਰੇ ਨੇ ਬਾਈਕਾਟ ਪਿਆ ਕਰ ਧਰਨਾ ਈ, ਤੇ ਅਸੀਂ ਕਿਸੇ ਨੂੰ ਚਿਹਰਾ ਦਿਖਾਉਣ ਜੋਗੇ ਨਹੀਂ ਰਹਿਣਾਂ..! ਕਿਸੇ ਨੇ ਅਸਾਂ ਨੂੰ ਕਿਸੇ ਹਲਾਲ ਦੁਕਾਨ ਤੋਂ ਸਮਾਨ ਨਹੀਂ ਜੇ ਖਰੀਦਣ ਦੇਣਾਂ, ਮਸੀਤੇ ਨਹੀਂ ਜੇ ਵੜਨ ਦੇਣਾਂ, ਹੁਣ ਤੂੰ ਦੇਖ ਬੇਟੇ...! ਜੇ ਭਾਈਚਾਰਾ ਹੁੱਕਾ ਪਾਣੀ ਤਿਆਗ ਦੇਵੇ, ਤਾਂ ਇਕ ਮੁਸਲਮਾਨ ਦਾ ਜੀਣਾਂ ਮੁਹਾਲ ਪਿਆ ਹੋ ਜਾਂਦਾ ਈ-!" ਉਸ ਨੇ ਆਪਣੇ ਚਤਰ ਦਿਮਾਗ ਦੇ ਭੱਥੇ 'ਚੋਂ ਇਕੋ ਸਮੇਂ ਕਈ ਤੀਰ ਚਲਾਏ।

-".............।" ਸੀਤਲ ਚੁੱਪ ਸੀ।

ਉਸ ਨੇ ਕੋਈ ਵੀ ਉਤਰ ਨਹੀਂ ਦਿੱਤਾ ਸੀ।

-"ਬੇਟੇ ਇਕ ਮੁਸਲਮਾਨ ਲਈ ਕਿਸੇ ਗ਼ੈਰ ਮਜ਼ਹਬ ਦੀ ਲੜਕੀ ਨਾਲ਼ ਸ਼ਾਦੀ ਰਚਾਉਣੀ 'ਹਰਾਮ' ਹੈ..! ਮੈਨੂੰ ਗ਼ਲਤ ਨਾ ਸਮਝ ਜਾਸੀ ਪੁੱਤਰ..? ਮੈਂ ਤੁਸਾਂ ਆਪਣੀ ਮਜਬੂਰੀ ਪਿਆ ਦੱਸਨਾਂ ਵਾਂ..! ਕਦੀ ਇਹ ਨਾ ਪਈ ਸੋਚੀਂ ਕਿ ਮੈਂ ਬੇਈਮਾਨ ਜਾਂ ਹਰਾਮੀ ਆਦਮੀ ਹਾਂ..! ਮੇਰੇ ਪ੍ਰੀਵਾਰ ਦੀ ਮਜਬੂਰੀ ਸਮਝਣ ਦੀ ਕੋਸ਼ਿਸ਼ ਕਰਸੀ ਬੇਟੇ..! ਕੱਲ੍ਹ ਨੂੰ ਮੈਂ ਆਪਣੇ ਦੂਸਰੇ ਧੀਆਂ ਪੁੱਤਰਾਂ ਦੇ ਨਿਕਾਹ ਪਏ ਕਰਨੇ ਨੇ..! ਅਗਰ ਅੱਜ ਇਮਰਾਨ ਕਿਸੇ ਗ਼ੈਰ ਮਜ਼ਹਬ ਦੀ ਲੜਕੀ ਨਾਲ਼ ਨਿਕਾਹ ਕਰਸੀ, ਤਾਂ ਮੇਰੇ ਬਾਕੀ ਬੱਚੇ ਤਾਂ ਕੁਆਰੇ ਰਹਿ ਜਾਸੀ..! ਉਹਨਾਂ ਨਾਲ਼ ਕੋਈ ਨਿਕਾਹ ਕਿਸੇ ਨੇ ਨਹੀਂ ਜੇ ਕਰਨਾ..! ਸਾਰਾ ਭਾਈਚਾਰਾ ਸਿਰਫ਼ ਇਮਰਾਨ ਕਰਕੇ ਅਸਾਂ ਦੇ ਪ੍ਰੀਵਾਰ ਨੂੰ 'ਹਰਾਮੀ' ਕਹਿਸੀ..! ਹੁੱਕੇ ਪਾਣੀ ਦੀ, ਰੋਟੀ ਬੇਟੀ ਦੀ ਸਾਂਝ ਖ਼ਤਮ..! ਸਮਝ ਗਈ ਬੇਟੇ...? ਮੇਰੀ ਮਜਬੂਰੀ ਨੂੰ ਸਮਝ ਮੇਰੀ ਬੱਚੀ...! ਅਜੇ ਕੋਈ ਜ਼ਰੂਰੀ ਨਹੀਂ, ਤੇਰੇ ਕੋਲ ਟਾਈਮ ਹੈ..! ਦੋ ਹਫ਼ਤੇ, ਚਾਰ ਹਫ਼ਤੇ...! ਉਤਨੀਂ ਦੇਰ ਤੂੰ ਤੇ ਇਮਰਾਨ ਮਿਲਣਾ ਗਿਲਣਾ ਬੰਦ ਕਰ ਦਿਓ..! ਅਗਰ ਮੁਸਲਿਮ ਭਾਈਚਾਰੇ ਵਿਚੋਂ ਕਿਸੇ ਨੇ ਦੇਖ ਲਿਆ, ਫ਼ੱਡਾ ਪੈਸੀ...! ਮੇਰੀ ਮੁੱਦਤਾਂ ਦੀ ਬਣਾਈ ਇੱਜ਼ਤ ਖ਼ਤਮ-!" ਉਸ ਨੇ ਸੀਤਲ ਦੀ ਦੁਖਦੀ ਰਗ ਫੜ ਲਈ ਸੀ।

ਸੀਤਲ ਨੇ ਇਮਰਾਨ ਵੱਲ ਦੇਖਿਆ।

ਇਮਰਾਨ ਨੀਵੀਂ ਪਾਈ ਬੈਠਾ ਸੀ। ਉਸ ਨੇ ਹੁਣ ਤੱਕ ਇਕ ਲਫ਼ਜ਼ ਵੀ ਨਹੀਂ ਬੋਲਿਆ ਸੀ। ਹੋ ਸਕਦੈ ਬਾਪ ਮੂਹਰੇ ਕਦੇ ਨਾ ਬੋਲਿਆ ਹੋਵੇ...? ਜਾਂ ਇਹਨਾਂ ਦੇ ਭਾਈਚਾਰੇ ਦਾ ਦਸਤੂਰ ਹੋਵੇ ਕਿ ਬਾਪ ਅੱਗੇ ਨਹੀਂ ਬੋਲਣਾਂ...? ਧਰਮ ਬਦਲੀ ਕਰਨ ਤੋਂ ਸੀਤਲ ਥਿੜਕੀ। ਉਸ ਦੇ ਮਨ ਨੇ ਹੁੰਗਾਰਾ ਨਾ ਭਰਿਆ। ਸਿੱਖ ਧਰਮ ਵਿਚੋਂ ਮੁਸਲਮਾਨ ਧਰਮ ਵਿਚ ਪ੍ਰਵੇਸ਼...? ਗੁਰਦੁਆਰੇ ਦਾ ਭਾਈ ਜੀ ਤਾਂ ਸਾਖੀਆਂ ਸੁਣਾਉਂਦਾ ਹੁੰਦਾ ਸੀ ਕਿ ਸਿੰਘਾਂ ਨੇ ਖੋਪਰ ਤਾਂ ਲੁਹਾ ਲਏ, ਜਿਉਂਦੇ ਨੀਂਹਾਂ ਵਿਚ ਚਿਣੇ ਗਏ, ਸਿੰਘਣੀਆਂ ਨੇ ਆਪਣੇ ਬੱਚਿਆਂ ਦੇ ਟੋਟੇ ਝੋਲ਼ੀਆਂ ਵਿਚ ਪੁਆ ਲਏ, ਸਵਾ ਸਵਾ ਮਣ ਪੀਹਣ ਹੱਥੀਂ ਪੀਠਿਆ, ਪਰ ਦੀਨ ਕਬੂਲ ਨਹੀਂ ਸੀ ਕੀਤਾ...। ਉਸ ਨੂੰ ਗਿਆਨੀ ਜੀ ਦੀ ਸੁਣਾਈ ਇਕ ਸਾਖੀ ਯਾਦ ਆਈ। ਇਕ ਛੋਟਾ ਜਿਹਾ ਬੱਚਾ ਮੁਗਲ ਫ਼ੌਜ ਨੇ ਫੜ ਕੇ ਬਾਦਸ਼ਾਹ ਮੂਹਰੇ ਪੇਸ਼ ਕੀਤਾ। ਬਾਦਸ਼ਾਹ ਨੂੰ ਉਸ ਦੀ ਨਿਆਣੀ ਜਿਹੀ ਉਮਰ ਦੇਖ ਕੇ ਰਹਿਮ ਆ ਗਿਆ। ਬਾਦਸ਼ਾਹ ਨੇ ਆਪਣੇ ਫ਼ੌਜੀਆਂ ਨੂੰ ਹੁਕਮ ਕੀਤਾ ਕਿ ਇਸ ਦੀ ਮਾਂ ਨੂੰ ਹਾਜ਼ਰ ਕੀਤਾ ਜਾਵੇ। ਸਿਪਾਹੀ ਗਏ ਅਤੇ ਉਸ ਦੀ ਮਾਂ ਨੂੰ ਫੜ ਲਿਆਏ ਅਤੇ ਬਾਦਸ਼ਾਹ ਸਲਾਮਤ ਦੇ ਸਾਹਮਣੇ ਪੇਸ਼ ਕਰ ਦਿੱਤਾ। ਬਾਦਸ਼ਾਹ ਨੇ ਉਸ ਬੱਚੇ ਦੀ ਮਾਂ ਨੂੰ ਕਿਹਾ ਕਿ ਮੈਨੂੰ ਤੇਰੇ ਨਿਆਣੇ ਬੱਚੇ 'ਤੇ ਰਹਿਮ ਆ ਗਿਆ ਹੈ। ਉਸ ਦੀ ਉਮਰ ਅਜੇ ਮਰਨ ਵਾਲ਼ੀ ਨਹੀਂ। ਅਜੇ ਉਸ ਨੇ ਰੰਗਲੀ ਦੁਨੀਆਂ ਦਾ ਦੇਖਿਆ ਹੀ ਕੀ ਹੈ...? ਉਸ ਦੀ ਬੜੀ ਜ਼ਿੰਦਗੀ ਮਾਨਣ ਵਾਲ਼ੀ ਪਈ ਹੈ। ਮੈਂ ਉਸ ਨੂੰ ਮੁਆਫ਼ ਕਰ ਕੇ ਛੱਡ ਸਕਦਾ ਹਾਂ, ਅਗਰ ਉਹ ਇਕ ਵਾਰ ਆਖ ਦੇਵੇ ਕਿ ਮੈਂ ਗੁਰੂ ਗੋਬਿੰਦ ਸਿੰਘ ਦਾ 'ਸਿੰਘ' ਨਹੀਂ ਹਾਂ। ਮਾਤਾ ਨੇ ਬਾਦਸ਼ਾਹ ਸਲਾਮਤ ਨੂੰ ਆਪਣੇ ਬੱਚੇ ਨਾਲ਼ ਮਿਲਾਉਣ ਲਈ ਬੇਨਤੀ ਕੀਤੀ। ਬਾਦਸ਼ਾਹ ਨੇ ਇਜਾਜ਼ਤ ਦੇ ਦਿੱਤੀ। ਸਿਪਾਹੀ ਨਾਲ਼ ਭੇਜ ਦਿੱਤੇ। ਮਾਤਾ ਨੇ ਆਪਣੇ ਨਿਆਣੇ ਜਿਹੇ ਪੁੱਤਰ ਅੱਗੇ ਹੱਥ ਜੋੜੇ ਕਿ ਪੁੱਤਰਾ...! ਰਹਿਣਾਂ ਤਾਂ ਤੂੰ ਗੁਰੂ ਗੋਬਿੰਦ ਸਿੰਘ ਦਾ ਸਿੰਘ ਹੀ ਹੈ! ਪਰ ਬਾਦਸ਼ਾਹ ਦੇ ਸਾਹਮਣੇ ਇਕ ਵਾਰੀ ਆਖ ਦੇਹ ਕਿ ਮੈਂ 'ਸਿੰਘ' ਨਹੀਂ ਹਾਂ। ਬਾਲ ਨੇ ਪੁੱਛਿਆ, ਮਾਤਾ ਜੀ ਤੁਸੀਂ ਵਾਕਿਆ ਹੀ ਮੇਰੀ ਮਾਤਾ ਹੋ...? ਇਸ ਵਿਚ ਕੋਈ ਸ਼ੱਕ ਹੈ ਪੁੱਤਰਾ..? ਮਾਂ ਨੇ ਤਰਲਾ ਕੀਤਾ। ਤਾਂ ਹੀ ਤਾਂ ਆਖ ਰਹੀ ਹਾਂ ਕਿ ਬਾਦਸ਼ਾਹ ਦੇ ਸਾਹਮਣੇ ਇਕ ਵਾਰ ਆਖ ਦੇਹ ਕਿ ਮੈਂ ਸਿੰਘ ਨਹੀਂ ਹਾਂ, ਤੇਰੀ ਜਾਨ ਬਖ਼ਸ਼ੀ ਹੋ ਜਾਵੇਗੀ। ਤਾਂ ਪੁੱਤਰ ਨੇ ਪੁੱਛਿਆ, ਮਾਤਾ ਜੀ ਤੁਸੀਂ ਮੇਰੇ ਮਾਤਾ ਜੀ ਹੋ ਕੇ ਮੈਨੂੰ ਮੇਰੇ ਗੁਰੂ ਗੋਬਿੰਦ ਸਿੰਘ ਤੋਂ ਬੇਮੁੱਖ ਹੋਣ ਲਈ ਆਖ ਰਹੇ ਹੋ..? ਤੇਰੀ ਜਾਨ ਦੀ ਸਲਾਮਤੀ ਲਈ ਆਖ ਰਹੀ ਆਂ ਪੁੱਤਰਾ...! ਇਕ ਵਾਰ ਆਖ ਦੇਹ ਕਿ ਮੈਂ ਸਿੰਘ ਨਹੀਂ ਹਾਂ...! ਤਾਂ ਪੁੱਤਰ ਬੋਲਿਆ ਕਿ ਮਾਤਾ ਜੀ, ਅਗਰ ਤੁਸੀਂ ਮੇਰੀ ਜਾਨ ਬਖ਼ਸ਼ੀ ਲਈ ਮੈਨੂੰ ਮੇਰੇ ਕਲਗੀਆਂ ਵਾਲ਼ੇ ਪਾਤਿਸ਼ਾਹ ਤੋਂ ਬੇਮੁੱਖ ਹੋਣ ਲਈ ਆਖਦੇ ਹੋ, ਤਾਂ ਤੁਸੀਂ ਜੋ ਮਰਜੀ ਕਹੀ ਜਾਓ ਕਿ ਤੁਸੀਂ ਮੇਰੇ ਮਾਤਾ ਜੀ ਹੋ..! ਪਰ, ਮੈਂ ਆਪ ਜੀ ਨੂੰ ਆਖਦਾ ਹਾਂ ਕਿ ਮੈਂ ਤੁਹਾਡਾ ਪੁੱਤਰ ਨਹੀਂ ਅਤੇ ਤੁਸੀਂ ਮੇਰੇ ਮਾਤਾ ਨਹੀਂ ਹੋ...! ਨਾ ਹਉ ਤੇਰਾ ਪੂੰਗੜਾ ਨਾ ਤੂੰ ਮੇਰੀ ਮਾਈ...! ਨਿੱਕੇ ਨਿੱਕੇ ਬੱਚਿਆਂ ਨੇ ਆਪਣੀ ਜਾਨ, ਆਪਣੇ ਮਾਂ ਬਾਪ, ਹੂਰਾਂ ਅਤੇ ਲਾਲਚਾਂ ਦੀ ਪ੍ਰਵਾਹ ਨਾ ਕਰਦਿਆਂ, ਸ਼ਹਾਦਤ ਦੇ ਕੇ ਸਿੱਖੀ ਬਰਕਰਾਰ ਰੱਖੀ...। ਮੈਂ ਕਿਉਂ ਮੁਸਲਮਾਨ ਧਰਮ ਗ੍ਰਹਿਣ ਕਰਾਂ....? ਮੁੰਡੇ ਬਥੇਰੇ...! ਮੁੰਡਿਆਂ ਦਾ ਕਿਤੇ ਮੈਨੂੰ ਘਾਟੈ...? ਡੈਡ ਤਾਂ ਆਖਦੇ ਸੀ ਕਿ ਮੁੰਡਿਆਂ ਦੀ ਮੈਂ ਲਾਈਨ ਲਾ ਦਿਆਂ...। ਸਿਰਫ਼ ਮੇਰੀ 'ਹਾਂ' ਦੀ ਲੋੜ ਹੈ। ਉਹ ਗਹਿਰੀਆਂ ਸੋਚਾਂ ਵਿਚ ਉਥਲ਼ ਪੁੱਥਲ਼ ਹੋ ਰਹੀ ਸੀ। ਉਸ ਦੀ ਸੋਚ ਖ਼ਾਨ ਦੀ ਅਵਾਜ਼ ਨਾਲ ਟੁੱਟੀ।

-"ਕਿਹੜੀਆਂ ਸੋਚਾਂ ਵਿਚ ਪੈ ਗਈ ਮੇਰੀ ਬੱਚੀ...?" ਖ਼ਾਨ ਬੋਲਿਆ ਸੀ। ਉਸ ਨੂੰ ਖ਼ਾਨ ਦਾ ਚਿਹਰਾ ਡਰਾਉਣਾਂ ਲੱਗਿਆ। ਖ਼ਾਨ ਵਿਚੋਂ ਉਸ ਨੂੰ ਜ਼ਾਲਮ ਮੁਗਲ ਬਾਦਸ਼ਾਹ ਹੀ ਤਾਂ ਦਿਸਿਆ ਸੀ।

-"..........।" ਸੀਤਲ ਕੁਝ ਨਾ ਬੋਲੀ। ਬੱਸ ਖ਼ਾਨ ਦੀ ਗੱਲ ਸੁਣ ਕੇ ਨੀਵੀਂ ਜ਼ਰੂਰ ਪਾ ਲਈ ਸੀ।

-"ਇਮਰਾਨ...! ਜਾਹ ਬੇਟੇ, ਸੀਤਲ ਬੇਟੀ ਨੂੰ ਟਿਊਬ ਸਟੇਸ਼ਨ 'ਤੇ ਛੱਡ ਕੇ ਆ...! ਕੁਵੇਲਾ ਪਿਆ ਹੁੰਦਾ ਈ! ਜਾਹ ਬੇਟੇ...! ਹੁਣ ਘਰ ਨੂੰ ਜਾਹ...! ਹਨ੍ਹੇਰਾ ਨਹੀਂ ਕਰਨਾ ਬੇਟੇ...! ਸਿਆਣੇ ਬੱਚੇ ਹਨ੍ਹੇਰੇ ਹੋਏ ਘਰੋਂ ਬਾਹਰ ਨਹੀਂ ਫ਼ਿਰਦੇ ਹੁੰਦੇ...! ਜਦੋਂ ਮਰਜ਼ੀ ਐ, ਦਿਨੇ ਆ, ਰਾਤ ਨੂੰ ਆ, ਤੇਰਾ

ਆਪਣਾਂ ਘਰ ਐ ਮੇਰੀ ਬੱਚੀ! ਖ਼ੁਸ਼ ਖ਼ੁਸ਼ ਵਸੋ...! ਜੀਂਦੀ ਵਸਦੀ ਰਹੁ..! ਅੱਲਾਹ ਦਾ ਰਹਿਮ ਤੇਰੇ ਨਾਲ ਈ, ਜਾਹ ਬੇਟੇ ਇਮਰਾਨ..!" ਸੀਤਲ ਦੇ ਚਿਹਰੇ ਦੇ ਹਾਵ-ਭਾਵ ਦੇਖ ਕੇ ਖ਼ਾਨ ਦੇ ਚਤਰ ਦਿਮਾਗ ਨੇ ਫ਼ੱਟ ਗੱਲ ਬੁੱਝ ਲਈ ਸੀ ਕਿ ਸੀਤਲ ਛੇਤੀ ਕੀਤੇ ਮਜ਼ਹਬ ਬਦਲੀ ਨਹੀਂ ਕਰੇਗੀ। ਫੇਰ ਵੀ ਸਿੰਘਣੀ ਐ..! ਇਹਨਾਂ ਦੇ ਵੱਡ ਵਡੇਰੇ ਮਰਨੀਂ ਮਰ ਗਏ। ਪਰ ਇਸਲਾਮ ਧਾਰਨ ਨਹੀਂ ਕੀਤਾ। ਇਹ ਵੀ ਉਹਨਾਂ ਦਾ ਖ਼ੂਨ ਹੀ ਹੈ..! ਇਹ ਹਰਾਮਜ਼ਾਦੀ ਛੇਤੀ ਕੀਤੇ ਮੇਰੇ ਫ਼ਰਾਂ ਹੇਠ ਆਉਣ ਵਾਲ਼ੀ ਨਹੀਂ..! ਇਹਨੂੰ ਤਾਂ ਕਿਸੇ ਲਾਲਚ ਵਿਚ ਲਿਆ ਕੇ ਹੀ ਧਰਮ ਬਦਲੀ ਕਰਵਾਇਆ ਜਾ ਸਕਦੈ..! ਪਰ ਖ਼ਾਨ ਮੀਆਂ ਇਹਦਾ ਖਹਿੜ੍ਹਾ ਨਹੀਂ ਛੱਡਣਾਂ...! ਜੇ ਇਹ ਸਰਦਾਰਨੀ ਹੈ, ਤਾਂ ਤੇਰਾ ਨਾਮ ਵੀ ਖ਼ਾਨ ਐ...। ਤੂੰ ਬੰਦੇ ਵੇਚ ਕੇ ਖਾਧੇ ਹੋਏ ਐ...। ਇਹ ਛੱਪੜ ਦੀ ਡੱਡੀ ਮੇਰੇ ਸਾਹਮਣੇ ਕੀ ਸ਼ੈਅ ਹੈ...? ਇਹ ਤਾਂ ਬੱਗੀ ਤਿੱਤਰੀ ਕਮਾਦੋਂ ਨਿਕਲ਼ੀ ਹੈ, ਤੇ ਤੂੰ ਵੀ ਕਿਸੇ ਬਾਜ਼ ਨਾਲ਼ੋਂ ਘੱਟ ਨਹੀਂ। ਇਹਨੂੰ ਤਾਂ ਮੈਂ ਪੈਰਾਂ ਨਾਲ਼ ਹੀ ਮਧੋਲ਼ ਧਰਾਂਗਾ...! ਇਹ ਸਮਝਦੀ ਕੀ ਹੈ ਆਪਣੇ ਆਪ ਨੂੰ..? ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ...? ਖ਼ਾਨ ਅੱਗੇ ਤਾਂ ਕਹਿੰਦੇ ਕਹਾਉਂਦੇ ਨਹੀਂ ਅੜ ਸਕੇ, ਤੂੰ ਕਿਹੜੇ ਬਾਗ ਦੀ ਮੂਲ਼ੀ ਐਂ...? ਸੱਪ ਜਦੋਂ ਖੱਡ 'ਚ ਵੜਦੈ ਸਾਰੇ ਵਲ਼ ਕੱਢ ਲੈਂਦੈ...! ਤੇ ਜੇ ਮੈਂ ਤੈਨੂੰ ਤੱਕਲ਼ੇ ਵਰਗੀ ਸਿੱਧੀ ਨਾ ਕਰਤਾ ਤਾਂ ਮੈਨੂੰ ਖ਼ਾਨ ਨਹੀਂ, ਕਿਸੇ ਹਰਾਮੀ ਸੂਅਰ ਦੀ ਔਲ਼ਾਦ ਆਖੀਂ...! ਬੱਸ ਥੋੜ੍ਹੀ ਦੇਰ ਇੰਤਜ਼ਾਰ ਕਰ...! ਤੇਰੇ ਵਰਗੀਆਂ ਤਾਂ ਮੈਂ ਵੇਚ ਵੇਚ ਕੇ ਖਾਧੀਆਂ ਹੋਈਆਂ ਨੇ..!

-"ਅੱਛਾ ਜੀ, ਮੈਂ ਫਿਰ ਚੱਲਦੀ ਆਂ...! ਨਾਈਸ ਟੂ ਮੀਟ ਯੂ...! ਥੈਂਸਕ ਫ਼ਾਰ ਡਿਨਰ...!" ਸੀਤਲ ਨੇ ਆਪਣਾ ਪਰਸ ਸੰਭਾਲਦਿਆਂ ਖ਼ਾਨ ਨੂੰ ਆਖਿਆ।

-"ਕਿਹੜੀ ਗੱਲ ਕਰ ਦਿੱਤੀ ਸੂ ਬੱਚੂ...? ਤੇਰਾ ਆਪਣਾ ਘਰ ਈ...! ਦਿਨ ਆ, ਚਾਹੇ ਰਾਤ ਨੂੰ ਆ...! ਜਦੋਂ ਜੀਅ ਕਰੇ, ਆਪਣਾ ਵਿਹਲਾ ਪਿਆ ਘਰ ਜਦੋਂ ਮਰਜ਼ੀ ਐ ਆ ਕੇ ਸਾਂਭ ਲਵੀਂ, ਆਹ ਲੈ...!" ਖ਼ਾਨ ਨੇ ਉਸ ਨੂੰ ਸੌ ਪੌਂਡ ਹੱਥ ਵਿਚ ਦਿੰਦਿਆਂ ਕਿਹਾ। ਸੀਤਲ ਨੇ ਬਥੇਰ੍ਹੀ ਨਾਂਹ-ਨੁੱਕਰ ਕੀਤੀ। ਪਰ ਖ਼ਾਨ ਨੇ ਮੱਲੋਮੱਲੀ ਸੌ ਪੌਂਡ ਉਸ ਦੇ ਹੱਥ 'ਤੇ ਰੱਖ ਕੇ ਉਸ ਦੀ ਮੁੱਠੀ ਬੰਦ ਕਰ ਦਿੱਤੀ।

-"ਇਮਰਾਨ, ਆਹ ਫੜ ਦਸ ਪੌਂਡ, ਤੇ ਸੀਤਲ ਬੇਟੀ ਨੂੰ ਟਿਊਬ ਦੀ ਟਿਕਟ ਤੂੰ ਆਪ ਲੈ ਕੇ ਦੇਣੀਂ ਹੈ..! ਸਮਝ ਗਿਆ...?" ਖ਼ਾਨ ਨੇ ਦਸਾਂ ਦਾ ਨੋਟ ਦਿੰਦਿਆਂ ਉਸ ਨੂੰ ਤਾਕੀਦ ਕੀਤੀ।

-"ਠੀਕ ਅੱਬੂ ਜਾਨ...!" ਉਸ ਨੇ ਦਸ ਪੌਂਡ ਫੜਦਿਆਂ ਉਤਰ ਦਿੱਤਾ।

ਖ਼ਾਨ ਨੇ ਸੀਤਲ ਦੇ ਸਿਰ 'ਤੇ ਹੱਥ ਰੱਖਿਆ ਅਤੇ ਉਹ ਸਾਰਿਆਂ ਨੂੰ ਹੱਥ ਜੋੜ ਕੇ ਬਾਹਰ ਇਮਰਾਨ ਨਾਲ਼ ਬਾਹਰ ਨਿਕਲ਼ ਗਈ।

ਖ਼ਾਨ ਫਿਰ ਫ਼ੋਨ ਨੂੰ ਚਿੰਬੜ ਗਿਆ।

ਉਸ ਨੇ ਹੈਦਰ ਨੂੰ ਫ਼ੋਨ ਮਿਲਾ ਲਿਆ।

ਹੈਦਰ ਨੇ ਤੁਰੰਤ ਹੀ ਫ਼ੋਨ ਚੁੱਕ ਲਿਆ। ਜਿਵੇਂ ਉਹ ਖ਼ਾਨ ਦੇ ਫ਼ੋਨ ਦੀ ਹੀ ਉਡੀਕ ਕਰ ਰਿਹਾ ਸੀ।

-"ਆ-ਸਲਾਮਾਂ ਲੇਕੁਮ ਹੈਦਰ ਭਾਈ...!" ਅੱਜ ਖ਼ਾਨ ਦੀ ਅਵਾਜ਼ ਵਿਚ ਬੜ੍ਹਕ ਨਹੀਂ, ਲੇਰ ਜਿਹੀ ਸੀ।

-"ਬਾ-ਲੇਕੁਮ ਸਲਾਮ ਖ਼ਾਨ ਭਾਈ ਜਾਨ...! ਕੋਈ ਖ਼ਬਰ ਸ਼ਬਰ ਦਿੱਤੀ ਹੀ ਨਹੀਂ..? ਮੈਂ ਤਾਂ ਕਦੋਂ ਦਾ ਉਡੀਕ ਰਿਹਾ ਸਾਂ।"

-"ਖ਼ਬਰ ਸ਼ਬਰ ਹੈ ਈ ਕੋਈ ਨਹੀਂ ਹੈਦਰ ਭਾਈ, ਦੱਸਾਂ ਕੀ...?" ਉਹ ਬਹੁਤ ਦੁਖੀਆਂ ਵਾਂਗ ਬੋਲਿਆ।

-"ਕੀ ਫ਼ੱਡਾ ਹੋ ਗਿਆ...? ਖ਼ਾਨ ਮੀਆਂ ਤੋਂ ਸਰਦਾਰਨੀ ਸੂਤਰ ਨਹੀਂ ਜੇ ਆਈ ਲੱਗਦੀ...?" ਉਸ ਨੇ ਟਕੋਰ ਕੀਤੀ। ਖ਼ਾਨ ਹੋਰ ਤੜਪ ਉਠਿਆ। ਅੰਦਰੋਂ ਤਾਂ ਉਹ ਅੱਗੇ ਹੀ ਫ਼ੱਟੜ ਹੋਇਆ ਪਿਆ ਸੀ।

-"ਹੈਦਰ ਮੀਆਂ...! ਬਜੁਰਗ ਆਖਦੇ ਸਨ ਕਿ ਜੇ ਘੀ ਸਿੱਧੀ ਉਂਗਲੀ ਨਾਲ ਨਾ-ਨਾ ਪਿਆ ਨਿਕਲੇ..? ਤਾਂ ਉਹ ਟੇਢੀ ਕਰਨੀ ਪੈਸੀ।"

-"ਦਰੁਸਤ...!"

-"ਹੈਦਰ ਮੀਆਂ ਪੀਠੇ ਦਾ ਛਾਨਣਾਂ ਕੀ...? ਅਸਾਂ ਨੂੰ ਉਹ ਉਂਗਲੀ ਟੇਢੀ ਕਰਨੀ ਪੈਸੀ..।"

-"ਕੋਈ ਹਰਜ਼ ਨਹੀਂ ਜੇ ਟੇਢੀ ਕਰਨ ਦਾ ਵੀ, ਖ਼ਾਨ ਭਾਈ ਜਾਨ।"

-"ਸਰਦਾਰਨੀ ਛੇਤੀ ਕੀਤੇ ਆਪਣੀ ਛੱਤਰੀ ਉਪਰ ਬੈਠਦੀ ਨਜ਼ਰ ਨਹੀਂ ਆਂਦੀ, ਇਸ ਦਾ ਕੋਈ ਹੋਰ ਹੱਲ ਕੱਢਸਾਂ...!"

-"ਖ਼ਾਨ ਭਾਈ..! ਅਸੀਂ ਹੋਏ ਮੋਟੇ ਦਿਮਾਗ ਵਾਲੇ, ਤੇ ਤੁਸੀਂ ਦਿਮਾਗਦਾਰ ਬੰਦੇ..! ਇਸ ਦਾ ਹੱਲ ਤਾਂ ਤੁਸਾਂ ਨੂੰ ਹੀ ਕੱਢਣਾ ਪੈਸੀ।"

-"ਕੋਈ ਗੱਲ ਨਹੀਂ, ਬੱਕਰੇ ਦੀ ਮਾਂ ਭਾਈ ਜਾਨ ਕਿਤਨੇ ਕੁ ਦਿਨ ਸੁੱਖਾਂ ਪਈ ਮਨਾਏਗੀ...? ਸ਼ੇਰ ਦੀ ਜੂਹੇ ਵਿਚ ਜਦੋਂ ਲੇਲਾ ਜਾ ਵੜਦੈ ਨੂੰ..? ਤਾਂ ਸ਼ੇਰ ਉਸ ਨਾਲ਼ ਪਹਿਲਾਂ ਕਲੋਲਾਂ ਕਰਦਾ ਈ, ਤੇ ਮੁੜ ਬੜੀ ਹਸਰਤ ਨਾਲ ਉਸ ਨੂੰ ਖਾਸੀ, ਪੌਂਚੇ ਮਾਰ ਮਾਰ...! ਛਿੱਕ ਛਿੱਕ ਕੇ...! ਮਧੋਲ ਮਧੋਲ ਕੇ...!"

-"ਖ਼ਾਨ ਭਾਈ ਇਕ ਗੱਲ ਯਾਦ ਰੱਖਸੀ...! ਕਿਤੇ ਲੇਲੇ ਨੂੰ ਬਾਜ਼ ਨਾ ਲੈ ਕੇ ਉਡ ਜਾਵੇ..? ਸ਼ੇਰ ਦੇਖਦਾ ਹੀ ਰਹਿ ਜਾਂਦੈ..! ਬਾਜ਼ ਦੀ ਫੁਰਤੀ ਸ਼ੇਰ ਨਾਲੋਂ ਜ਼ਿਆਦਾ ਹੁੰਦੀ ਪਈ ਏ, ਤੇ ਇਕ ਉਸ ਨੇ ਅਸਮਾਨੋਂ ਆਉਣਾਂ ਤੇ ਆਪਣਾ ਸ਼ਿਕਾਰ ਲੈ ਕੇ ਉਡ ਜਾਣਾ, ਸ਼ੇਰ ਜਬਾੜ੍ਹਾ ਸਾਫ਼ ਕਰਦਾ ਹੀ ਰਹਿ ਜਾਂਦਾ ਈ, ਖ਼ਿਆਲ ਰੱਖਸੀ ਖ਼ਾਨ ਭਾਈ ਜਾਨ...!"

-"ਨੋ ਚਿੰਤਾ ਹੈਦਰ ਮੀਆਂ...! ਨੋ ਫ਼ਿਕਰ...! ਬੜੀ ਜਲਦੀ ਤੁਸਾਂ ਨੂੰ ਖ਼ੁਸ਼ਖ਼ਬਰੀ ਦਿਆਂਗਾ..! ਪੌਂਡਾਂ ਦਾ ਚੋਗਾ ਸੁੱਟ ਕੇ ਮੁਰਗੀ ਮੈਂ ਤਕਰੀਬਨ ਖੁੱਡੇ ਗਿੜਾਅ ਲਈ ਏ..! ਦੋ ਬੈੱਡ ਰੂਮ ਦੇ ਘਰ ਦਾ ਵੀ ਦਾਣਾਂ ਖਿਲਾਰ ਸੁੱਟਿਆ ਈ...! ਬੱਸ ਅਜੇ ਸ਼ਿਕਾਰ ਥੋੜ੍ਹਾ ਕੱਚਾ ਤੇ ਲੈਰਾ ਈ, ਛੇਤੀ ਕੀਤੇ ਆਪਣੇ ਖੁੱਡੇ 'ਚੋਂ ਬਾਹਰ ਨਹੀਂ ਜੇ ਜਾਸੀ..! ਬੱਗੀ ਕਬੂਤਰੀ ਛੱਤਰੀ 'ਤੇ ਰੂੰ ਦੇਖ ਕੇ ਕਬੂਤਰ ਦੇ ਭੁਲੇਖੇ ਆ ਫ਼ਸਦੀ ਏ..! ਇਹ ਤਾਂ ਹੈ ਹੀ ਆਪਣੀ ਕੁੜਿੱਕੀ 'ਚ ਭਾਈ ਜਾਨ..! ਜੇ ਆਪਣੀ ਇਹ ਸਕੀਮ ਸਿਰੇ ਨਾ ਚੜ੍ਹੀ, ਤਾਂ ਕੋਈ ਅਗਲੀ ਸਕੀਮ ਪਏ ਉਲੀਕਾਂਗੇ, ਨੋ ਚਿੰਤਾ...!"

-"ਜਲਦੀ ਖ਼ਬਰ ਕਰਨਾਂ ਖ਼ਾਨ ਭਾਈ...!"

-"ਇੰਸ਼ਾ-ਲਾ...!"

-"ਖ਼ੁਦਾ ਹਾਫ਼ਿਜ਼ ਹੈਦਰ ਭਾਈ...!"

-"ਖ਼ੁਦਾ ਹਾਫ਼ਿਜ਼ ਭਾਈ ਜਾਨ...!"

ਉਹਨਾਂ ਨੇ ਫ਼ੋਨ ਕੱਟ ਦਿੱਤੇ।

## ਕਾਂਡ 12

ਸੀਤਲ ਦੁਬਿਧਾ ਵਿਚ ਫ਼ਸੀ ਹੋਈ ਸੀ। ਨਾ ਤਾਂ ਉਹ ਇਮਰਾਨ ਨੂੰ ਛੱਡਣਾਂ ਚਾਹੁੰਦੀ ਸੀ ਅਤੇ ਨਾ ਹੀ ਇਸਲਾਮ ਕਬੂਲ ਕਰਨਾ ਚਾਹੁੰਦੀ ਸੀ। ਪਰ ਦੋ ਬੇੜੀਆਂ ਦੀ ਸਵਾਰ ਉਹ ਹੋਣਾਂ ਨਹੀਂ ਚਾਹੁੰਦੀ ਸੀ। ਹੁਣ ਉਸ ਨੂੰ ਮਾਂ ਬਾਪ ਉਤਨੇ ਬੁਰੇ ਜਿਹੇ ਨਹੀਂ ਲੱਗਦੇ ਸਨ, ਜਿੰਨੇ ਉਹ ਪਹਿਲਾਂ ਲੱਗਦੇ ਸਨ। ਹੁਣ ਉਸ

ਨੂੰ ਕਦੇ ਕਦੇ ਮਾਂ ਬਾਪ ਦਾ ਨਿੱਘਾ ਨਿੱਘਾ ਪਿਆਰ ਜਿਹਾ ਵੀ ਆਉਣ ਲੱਗ ਪਿਆ। ਹੁਣ ਉਹ ਇਮਰਾਨ ਨਾਲ਼ ਉਸ ਦੇ ਕਮਰੇ ਵਿਚ ਕੁਝ ਘੰਟੇ ਬਿਤਾਉਣ ਤੋਂ ਬਾਅਦ ਚੁੱਪ ਚਾਪ ਆਪਣੇ ਕਮਰੇ ਵਿਚ ਜਾ ਪੈਂਦੀ। ਅੱਗੇ ਵਾਂਗ ਕਿਸੇ ਨੂੰ ਖਿਝ ਕੇ ਨਹੀਂ ਪੈਂਦੀ ਸੀ। ਵੱਢੂੰ-ਖਾਊਂ ਨਹੀਂ ਕਰਦੀ ਸੀ। ਚੁੱਪ ਚਾਪ ਜਿਹੀ ਰਹਿੰਦੀ ਸੀ। ਖ਼ਾਨ ਦੀਆਂ ਗੱਲਾਂ ਤੋਂ ਉਸ ਨੂੰ ਇੰਜ ਮਹਿਸੂਸ ਹੋਇਆ ਸੀ ਕਿ ਖ਼ਾਨ ਬਦੋਬਦੀ ਉਸ ਤੋਂ ਧਰਮ ਤਬਦੀਲ ਕਰਵਾਉਣ ਲਈ ਜੋਰ ਪਾ ਰਿਹਾ ਸੀ। ਦੁਨੀਆਂ ਐਨੀ ਵੀ ਗਿਰ ਸਕਦੀ ਹੈ? ਇਸ ਬਾਰੇ ਕਦੇ ਉਸ ਨੇ ਜ਼ਿੰਦਗੀ ਵਿਚ ਵੀ ਸੋਚਿਆ ਨਹੀਂ ਸੀ ਕਿ ਦੁਨੀਆਂ ਦੇ ਲੋਕ ਆਪਣੇ ਧਰਮ ਪ੍ਰਤੀ ਇਤਨੇ ਸੁਆਰਥੀ ਵੀ ਹੋ ਸਕਦੇ ਹਨ...? ਪਿਆਰ ਦਾ ਤਾਂ ਕੋਈ ਧਰਮ ਹੀ ਨਹੀਂ ਹੁੰਦਾ...! ਇਸ਼ਕ ਨਾ ਦੇਖੇ ਜ਼ਾਤ ਕੁਜਾਤ ਤੇ ਭੁੱਖ ਨਾ ਦੇਖੇ ਮਾਸ...! ਇਹਦੇ ਬਾਰੇ ਮੈਂ ਕੱਲ੍ਹ ਨੂੰ ਇਮਰਾਨ ਨਾਲ਼ ਇਕ ਟੁੱਕ ਗੱਲ ਕਰਾਂਗੀ ਕਿ ਉਸ ਦੀ ਤਜ਼ਵੀਜ਼ ਕੀ ਹੈ...? ਪਰ ਇਮਰਾਨ ਨੇ ਤਾਂ ਕਦੇ ਧਰਮ ਬਦਲਣ ਬਾਰੇ ਬਾਤ ਵੀ ਨਹੀਂ ਪਾਈ...? ਹੋ ਸਕਦੈ ਇਮਰਾਨ ਸਿਰਫ਼ ਮੇਰੇ ਜਿਸਮ ਨਾਲ਼ ਹੀ ਖੇਡਦਾ ਹੋਵੇ, ਤੇ ਮੁੜ ਕੇ ਧਰਮ ਦਾ ਬਹਾਨਾ ਲਾ ਕੇ ਲੱਤ ਮਾਰੇ...? ਪਰ ਇਮਰਾਨ ਇਹੋ ਜਿਹਾ ਦੁਸ਼ਟ ਲੱਗਦਾ ਨਹੀਂ...। ਉਸ ਦਾ ਬਾਪ ਹੀ ਚੋਰ ਅਤੇ ਚਤਰ ਜਿਹਾ ਲੱਗਦਾ ਹੈ...। ਉਸ ਦੀ ਨਜ਼ਰ ਵੀ ਤਾਂ ਸ਼ੈਤਾਨ ਜਿਹੀ ਹੀ ਹੈ...। ਗੱਲ ਕਰਦਾ ਕਰਦਾ ਹਮੇਸ਼ਾ ਦੰਦੀਆਂ ਜਿਹੀਆਂ ਕੱਢੀ ਜਾਊ...! ਯੱਧਾ ਹੋਇਐ ਮਜ਼ਹਬ ਤਬਦੀਲ ਕਰਨ ਦਾ...! ਮੈਂ ਇਮਰਾਨ ਨੂੰ ਛੱਡ ਦੇਵਾਂਗੀ, ਪਰ ਆਪਣਾ ਸਿੱਖੀ ਧਰਮ ਨਹੀਂ ਛੱਡਾਂਗੀ...! ਆਖਰ ਫ਼ਿਰ ਵੀ ਸਿੱਖਾਂ ਦੀ ਕੁੜੀ ਹਾਂ..!

ਅਗਲੇ ਦਿਨ ਕਾਲਜ ਤੋਂ ਬਾਅਦ ਉਹ ਇਮਰਾਨ ਨਾਲ਼ ਉਸ ਦੇ ਬੈੱਡ ਵਿਚ ਪਈ ਸੀ।

-"ਇਮਰਾਨ, ਤੇਰੇ ਨਾਲ਼ ਇਕ ਗੱਲ ਕਰਨੀ ਐਂ...!" ਸੀਤਲ ਨੇ ਕਿਹਾ।

ਆਚੰਭੇ ਵਿਚ ਇਮਰਾਨ ਉਠ ਕੇ ਬੈਠ ਗਿਆ।

ਉਸ ਨੇ ਆਪਣੀ ਬੁਨੈਣ ਪਾ ਲਈ। ਕੱਛਾ ਪਹਿਨ ਲਿਆ।

-"ਇਕ ਨਹੀਂ, ਸੌ ਕਰ...!" ਉਸ ਨੇ ਪਾਸੇ ਪਿਆ ਕੋਕ ਅਤੇ ਵਿਸਕੀ ਦਾ ਭਰਿਆ ਗਿਲਾਸ ਚੁੱਕ ਲਿਆ ਅਤੇ ਇਕੋ ਸਾਹ ਖਾਲੀ ਕਰ ਦਿੱਤਾ।

-"ਤੇਰੇ ਅੱਬੂ ਜਾਨ ਮੈਨੂੰ ਮਜ਼ਹਬ ਬਦਲਣ ਲਈ ਆਖ ਰਹੇ ਨੇ, ਜੇ ਮੈਂ ਮਜ਼ਹਬ ਬਦਲੀ ਨਾ ਕੀਤਾ, ਤਾਂ ਤੂੰ ਮੈਨੂੰ ਛੱਡ ਦੇਵੇਂਗਾ..?" ਉਸ ਨੇ ਸਿੱਧੇ ਸੁਆਲ ਵਿਚ ਇਕ ਵੀ ਵਲ਼ ਨਾ ਰੱਖਿਆ।

-"ਪ੍ਰੇਮ ਦੀ ਨਜ਼ਰ ਵਿਚ ਨਾ ਕੋਈ ਮਜ਼ਹਬ ਅਤੇ ਨਾ ਕੋਈ ਭਾਈਚਾਰੇ ਦੀ ਕੰਧ ਹੁੰਦੀ ਹੈ, ਜੇ ਮੈਂ ਹੁਣ ਤੱਕ ਤੈਨੂੰ ਮਜ਼ਹਬ ਤਬਦੀਲ ਕਰਨ ਲਈ ਆਖਿਆ ਹੈ, ਤਾਂ ਦੱਸ...?"

-"........।" ਸੀਤਲ ਚੁੱਪ ਰਹੀ। ਉਹ ਅਗਲੇ ਸੁਆਲ ਲਈ ਸ਼ਬਦ ਭਾਲ਼ ਰਹੀ ਸੀ।

-"ਸੀਤਲ, ਇਕ ਗੱਲ ਸੱਚੀ ਦੱਸਾਂ..? ਸਾਡੇ ਸਾਰੇ ਪ੍ਰੀਵਾਰ ਵਿਚੋਂ ਅੱਬੂ ਜਾਨ ਦੇ ਸਾਹਮਣੇ ਕੋਈ ਬੋਲਦਾ ਤੱਕ ਨਹੀ, ਇਹ ਤੂੰ ਦੇਖ ਹੀ ਲਿਆ ਹੋਣੈਂ..?"

ਸੀਤਲ ਨੇ 'ਹਾਂ' ਵਿਚ ਸਿਰ ਹਿਲਾਇਆ।

-"ਸਾਡੇ ਪਾਕਿਸਤਾਨ ਵਿਚ ਸ਼ਾਇਦ ਹਿੰਦੋਸਤਾਨ ਨਾਲ਼ੋਂ ਜ਼ਿਆਦਾ ਕੱਟੜਤਾ ਅਤੇ ਸਖ਼ਤਾਈ ਹੈ, ਖ਼ਾਸ ਤੌਰ 'ਤੇ ਮਜ਼ਹਬ ਪੱਖ ਤੋਂ।"

-"ਇਹ ਤਾਂ ਮੈਨੂੰ ਪਤਾ ਹੀ ਹੈ...!"

-"ਇਸ ਲਈ ਅੱਬੂ ਜਾਨ ਪੁਰਾਣੇ ਖ਼ਿਆਲਾਂ ਦੇ ਹੋਣ ਕਰਕੇ ਮਜ਼ਹਬ ਮਜ਼ਹਬ ਕੂਕਦੇ ਰਹਿੰਦੇ ਨੇ..! ਪਰ ਤੂੰ ਕਿਸੇ ਗੱਲ ਦਾ ਫ਼ਿਕਰ ਨਾ ਕਰ, ਤੇਰੇ ਕਰਕੇ ਮੈਂ ਸਾਰੇ ਪ੍ਰੀਵਾਰ ਨੂੰ ਤਾਂ ਕੀ...? ਸਾਰੇ ਸੰਸਾਰ ਨੂੰ ਛੱਡ ਸਕਦੈਂ, ਹੋਰ ਦੱਸ?"

ਬੈੱਡ ਤੋ ਉਠ ਕੇ ਸੀਤਲ ਨੇ ਉਸ ਨੂੰ ਜੱਫ਼ੀ ਪਾ ਲਈ।

ਸੀਤਲ ਦੀ ਸੰਤੁਸ਼ਟੀ ਹੀ ਤਾਂ ਹੋ ਗਈ ਸੀ।

-"ਇਕ ਗੱਲ ਹੋਰ ਹੈ ਸੀਤਲ...! ਤੈਨੂੰ ਮਜ਼ਹਬ ਬਾਰੇ ਕੋਈ ਕੁਝ ਨਹੀਂ ਆਖੂਗਾ..! ਪਰ ਜਦੋਂ ਆਪਾਂ ਸ਼ਾਦੀ ਕੀਤੀ, ਕਰਨਾ ਆਪਾਂ ਨੂੰ ਨਿਕਾਹ ਹੀ ਪਵੇਗਾ..! ਜਾਂ ਫ਼ਿਰ ਸਿਰਫ਼ ਤੇ ਸਿਰਫ਼ ਕੋਰਟ ਮੈਰਿਜ਼,

ਕਿਉਂਕਿ ਅਗਰ ਆਪਾਂ ਅੱਬੂ ਜਾਨ ਤੋਂ ਪ੍ਰਾਪਰਟੀ 'ਚੋਂ ਕੁਛ ਲੈਣਾਂ ਚਾਹੁੰਦੇ ਹਾਂ, ਤਾਂ ਆਪਾਂ ਨੂੰ ਉਹਨਾਂ ਦੀ ਇਕ ਅੱਧੀ ਗੱਲ ਤਾਂ ਮੰਨਣੀਂ ਹੀ ਪਵੇਗੀ, ਨਹੀਂ ਫਿਰ ਅੱਬੂ ਜਾਨ ਆਪਾਂ ਨੂੰ ਕੁਝ ਵੀ ਨਹੀਂ ਲਈ ਬੈਠੇ..! ਭਾਈਚਾਰੇ ਵਿਚ ਆਪਣੀ ਸ਼ਾਖ਼ ਬਰਕਰਾਰ ਰੱਖਣ ਲਈ ਉਹ ਮੈਨੂੰ ਬੇਦਖ਼ਲ ਵੀ ਕਰ ਸਕਦੇ ਹਨ, ਸੋਚ ਲੈ..! ਇਹ ਅੱਧੇ ਮਿਲੀਅਨ ਪੌਂਡ ਦੀ ਕਹਾਣੀ ਹੈ...!" ਇਮਰਾਨ ਨੇ ਅਗਲਾ ਪੱਥਰ ਸੁੱਟਿਆ। ਸੀਤਲ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਮਰਾਨ ਉਸ ਵੱਲ ਦਾ ਸੀ ਜਾਂ ਆਪਣੇ ਬਾਪ ਵੱਲ ਦਾ?

-"ਛੱਡ ਮੈਂ ਸਭ ਨੂੰ ਸਕਦੈਂ ਤੇਰੇ ਲਈ..! ਪਰ ਗੱਲ ਪੰਜ ਲੱਖ ਪੌਂਡ ਦੀ ਐ, ਤੇ ਪੈਸੇ ਬਿਨਾਂ ਜ਼ਿੰਦਗੀ ਨਹੀਂ ਹੈ ਸੀਤਲ...! ਹੋਰ ਤੇ ਹੋਰ, ਇੰਗਲੈਂਡ ਵਿਚ ਹੋਰ ਤਾਂ ਕੀ, ਪੈਸੇ ਬਿਨਾਂ ਬੰਦੇ ਨੂੰ ਕਬਰ ਵੀ ਨਸੀਬ ਨਹੀਂ ਹੁੰਦੀ...! ਕੀ ਖ਼ਿਆਲ ਐ...?" ਉਸ ਨੇ ਉਸ ਨੂੰ ਗੱਲਾਂ ਦਾ ਉਲਝਾਅ ਪਾ ਲਿਆ।

-"ਦੈਟਸ ਟਰੂ...! ਨੋ ਡਾਊਟ...!"

-"ਆਪਣੇ ਕੋਲ਼ ਪੈਸਾ ਹੋਊ, ਤਾਂ ਹੀ ਐਸ਼ ਕਰਾਂਗੇ..? ਨਹੀਂ ਤਾਂ ਸਾਰੀ ਉਮਰ ਲੋਕਾਂ ਵਾਂਗ ਕੰਮ ਧੰਦੇ ਕਰਦਿਆਂ ਦੀ ਖ਼ਤਮ ਹੋ ਜਾਣੀਂ ਐਂ, ਹੈ ਕਿ ਨਹੀਂ ਸੱਚ?"

-"ਬਿਲਕੁਲ ਸੱਚ..!"

-"ਤੇ ਫੇਰ ਅੱਬੂ ਜਾਨ ਦੀ ਇਕ ਅੱਧੀ ਗੱਲ ਆਪਾਂ ਨੂੰ ਮੰਨਣੀਂ ਪੈਣੀਂ ਐਂ...!"

-"ਅੱਬੂ ਜਾਨ ਕੰਮ ਕਾਰ ਕਰਦੇ ਕੀ ਨੇ?"

-"ਸੱਚ ਆਖਾਂ?"

-"ਆਖ...!"

-"ਜਦੋਂ ਦੀ ਮੇਰੀ ਸੁਰਤ ਸੰਭਲ਼ੀ ਹੈ, ਮੈਂ ਤਾਂ ਉਹਨਾਂ ਕੋਲ਼ ਸਿਰਫ਼ ਦੁਕਾਨਾਂ ਅਤੇ ਘਰ ਹੀ ਦੇਖੇ ਐ, ਮਤਲਬ ਬਿਜ਼ਨਿਸ ਮੈਨ ਤੌਰ 'ਤੇ!"

-"ਉਸ ਤੋਂ ਪਹਿਲਾਂ ਕੀ ਕਰਦੇ ਸੀ..?"

-"ਬਈ ਸੀਤਲ, ਅੱਲਾਹ ਤਾਲਾ ਦੀ ਕਸਮ..! ਮੈਂ ਕਦੇ ਵੀ ਨਹੀਂ ਪੁੱਛਿਆ..! ਪਰ ਐਨਾਂ ਜ਼ਰੂਰ ਪਤੈ ਕਿ ਉਹ ਹਰ ਤੀਜੇ ਮਹੀਨੇ ਪਾਕਿਸਤਾਨ ਜਾਂਦੇ ਨੇ, ਤੇ ਉਹਨਾਂ ਦੀ ਮੰਤਰੀਆਂ ਸੰਤਰੀਆਂ ਅਤੇ ਵੱਡੇ ਵੱਡੇ ਪੁਲੀਸ ਅਤੇ ਮਿਲਟਰੀ ਅਫ਼ਸਰਾਂ ਵਿਚ ਬਹੁਤ ਇੱਜ਼ਤ ਹੈ...! ਆਪਣੇ ਅੱਬੂ ਜਾਨ ਮਾੜੀ ਮੋਟੀ ਸ਼ੈਅ ਨਹੀਂ, ਬਹੁਤ ਮਾਣ ਤਾਣ ਵਾਲੇ ਬੰਦੇ ਨੇ...!"

-"..........।"

-"ਜਦੋਂ ਇਹ ਪਾਕਿਸਤਾਨ ਜਾਂਦੇ ਨੇ, ਤਾਂ ਵੱਡੇ ਵੱਡੇ ਆਫ਼ੀਸਰ ਇਹਨਾਂ ਨੂੰ ਏਅਰਪੋਰਟ ਦੇ ਵੀ. ਆਈ. ਪੀ. ਲੌਂਜ 'ਚੋਂ ਲੈ ਕੇ ਜਾਂਦੇ ਨੇ..! ਤੂੰ ਕਦੇ ਉਹਨਾਂ ਨਾਲ਼ ਪਾਕਿਤਾਨ ਜਾ ਕੇ ਤਾਂ ਦੇਖ...! ਤੈਨੂੰ ਵੱਡੇ ਵੱਡੇ ਅਫ਼ਸਰ ਸਿਰ 'ਤੇ ਨਾ ਚੁੱਕ ਲੈਣ...!"

-"ਨਾ ਬਾਬਾ, ਮੈਨੂੰ ਨ੍ਹੀ ਚਾਹੀਦੇ ਵੱਡੇ ਵੱਡੇ ਅਫ਼ਸਰ...! ਮੈਨੂੰ ਤਾਂ ਸਿਰਫ਼ ਮੇਰਾ ਇਮਰਾਨ ਹੀ ਚਾਹੀਦੈ..!" ਉਸ ਨੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ।

-"ਤੂੰ ਹੁਣ ਆਪਣੇ ਮਕਾਨ 'ਚ ਕਦੋਂ ਆਉਣੈਂ..? ਅੱਬੂ ਜਾਨ ਬਹੁਤ ਵਾਰੀ ਆਖ ਚੁੱਕੇ ਨੇ ਕਿ ਜੇ ਤਾਂ ਮਕਾਨ 'ਚ ਰਹਿਣੈਂ, ਤਾਂ ਆ ਜਾਵੋ..! ਤੇ ਨਹੀਂ ਤਾਂ ਮੈਂ ਕਿਰਾਏ 'ਤੇ ਦੇ ਦਿਆਂਗਾ।"

ਸੀਤਲ ਸੋਚੀਂ ਪੈ ਗਈ।

ਉਸ ਦੇ ਘਰਵਾਲ਼ਿਆਂ ਨੇ ਹੁਣ ਇਕ ਤਰ੍ਹਾਂ ਨਾਲ਼ ਰੱਬ ਦਾ ਭਾਣਾਂ ਮਿੱਠਾ ਕਰਕੇ ਮੰਨ ਲਿਆ ਸੀ। ਹੁਣ ਉਹ ਸੀਤਲ ਨੂੰ ਕੁਝ ਵੀ ਨਹੀਂ ਆਖਦੇ ਸਨ। ਮਾਂ ਉਸ ਦੀ ਰੋਟੀ ਹਰ ਰੋਜ ਬਣਾਂ ਕੇ ਰੱਖਦੀ। ਸੀਤਲ ਕਦੇ ਰੋਟੀ ਖਾ ਲੈਂਦੀ ਅਤੇ ਕਦੇ ਰੋਟੀ ਨੂੰ ਹੱਥ ਤੱਕ ਨਾ ਲਾਉਂਦੀ। ਜੇ ਜੀਅ ਕਰਦਾ 'ਹਾਏ' ਆਖ ਦਿੰਦੀ। ਜੇ ਜੀਅ ਨਾ ਜੀਅ ਕਰਦਾ, ਚੁੱਪ ਚਾਪ ਉਪਰ ਕਮਰੇ ਵਿਚ ਜਾ ਕੇ ਸੌਂ ਜਾਂਦੀ। ਕਿਰਪਾਲ ਕੌਰ ਨੇ ਬਥੇਰੀ ਮਗਜ਼ ਖ਼ਪਾਈ ਕਰ ਕੇ ਦੇਖ ਲਈ ਸੀ। ਰੱਬ ਦੇ ਰੰਗਾਂ ਦਾ ਕੋਈ ਲੇਖਾ ਨਹੀਂ, ਜੋ ਨਬੀਆਂ ਨੂੰ ਮੰਡੀਆਂ ਵਿਚ ਵਿਕਵਾ ਦਿੰਦਾ ਹੈ..! ਸੀਤਲ ਦੀ ਮਾਂ ਸੋਚਦੀ। ਉਸ ਦੀਆਂ ਸਮਝੌਤੀਆਂ ਦਾ ਸੀਤਲ ਥੰਧੇ ਘੜ੍ਹੇ 'ਤੇ ਕੋਈ

ਅਸਰ ਨਾ ਹੋਇਆ। ਸਿਆਣਪ ਦੀਆਂ ਬੂੰਦਾਂ ਤਿਲ੍ਹਕ ਤਿਲ੍ਹਕ ਡਿੱਗਦੀਆਂ ਰਹੀਆਂ। ਮਾਂ ਦੇ ਸਿਰ ਖਪਾਈ ਕਰਨ ਦੇ ਬਾਵਜੂਦ ਵੀ ਸੀਤਲ ਇਮਰਾਨ ਦੀ ਰਜਾਈ 'ਨਿੱਘੀ' ਕਰਦੀ ਰਹੀ। ਹੁਣ ਤਾਂ ਉਸ ਦਾ ਖ਼ੁਦ ਦਾ ਵੀ ਦਿਮਾਗ ਖ਼ਰਾਬ ਹੋ ਗਿਆ ਸੀ। ਅਗਰ ਇਮਰਾਨ ਕੋਈ ਹੀਲ ਹੁੱਜਤ ਨਾ ਕਰਦਾ ਤਾਂ ਸੀਤਲ ਆਪ ਗਧੇ ਵਾਂਗ ਹਿਣਕ ਕੇ ਉਸ ਦੇ ਉਪਰ ਜਾ ਚੜ੍ਹਦੀ। ਚੜ੍ਹਦੀ ਜੁਆਨੀ ਅਤੇ ਗਰਮ ਖ਼ੂਨ ਸੀ। ਸੀਤਲ ਦੇ ਵੀ ਵੱਸ ਨਹੀਂ ਸੀ।

-"ਮੈਨੂੰ ਆਹ ਸਮੈਸਟਰ ਖ਼ਤਮ ਕਰ ਲੈਣਦੇ, ਸਾਰਾ ਡੇੜ੍ਹ ਮਹੀਨਾ ਤਾਂ ਰਹਿ ਗਿਆ..? ਫੇਰ ਆਪਾਂ ਮੂਵ ਹੋਣ ਬਾਰੇ ਸੋਚਾਂਗੇ...! ਪਰ ਅੱਬੂ ਜਾਨ ਮੈਨੂੰ ਫੇਰ ਨਾ ਮਜ਼ਹਬ ਬਦਲੀ ਬਾਰੇ ਕਹਿਣ ਲੱਗ ਜਾਣ..? ਮੈਂ ਧਰਮ ਕਿਸੇ ਸ਼ਰਤ 'ਤੇ ਵੀ ਬਦਲੀ ਨਹੀਂ ਕਰੂੰਗੀ..! ਮੈਂ ਤਾਂ ਤੇਰੇ ਘਰੇ ਸਰਦਾਰਨੀ ਹੀ ਆਊਂਗੀ।"

-"ਸਦਕੇ ਤੇਰੇ...! ਤੁਸਾਂ ਦੇ ਲੀਡਰਾਂ ਬਾਰੇ ਤਾਂ ਸੁਣਿਆਂ ਸੀ ਬਈ ਨਿੱਕੀ ਨਿੱਕੀ ਗੱਲ ਤੋਂ ਸਿਦਕ ਤੋਂ ਡਿੱਗ ਜਾਂਦੇ ਐ, ਪਰ ਤੂੰ ਤਾਂ ਸ਼ੇਰ ਸਰਦਾਰਨੀ ਐਂ, ਸੀਤਲ..!" ਉਸ ਨੇ ਸੀਤਲ ਨੂੰ ਲੱਕੋਂ ਚੁੱਕ ਲਿਆ।

-"ਪਰ ਧਰਮ ਬਦਲੀ ਸਾਡੇ ਲੀਡਰ ਵੀ ਨਹੀਂ ਕਰਦੇ...!" ਉਸ ਨੇ ਪੱਕ ਕਰਨਾਂ ਚਾਹਿਆ।

-"ਪਰ ਤੇਰੇ ਲੀਡਰ ਐਨੇ ਪੱਕੇ ਮਜ਼ਹਬੀ ਵੀ ਨਹੀਂ ਹੁੰਦੇ, ਜਿੰਨੀ ਸ਼ਾਹਦੀ ਤੂੰ ਭਰਦੀ ਐਂ...!" ਇਮਰਾਨ ਨੇ ਟਕੋਰ ਕੀਤੀ।

-"ਲੀਡਰ ਤਾਂ ਕਿਸੇ ਦੇਸ਼ ਦੇ ਵੀ ਧਰਮ ਪ੍ਰਤੀ ਪੱਕੇ ਨਹੀਂ ਹੁੰਦੇ..! ਉਹ ਤਾਂ ਝੂਠ, ਤੂਫ਼ਾਨ, ਲਾਰੇ, ਦੰਗੇ ਕਰਨ ਕਰਾਉਣ 'ਚ ਮਾਹਰ ਹੁੰਦੇ ਐ, ਧਰਮ ਉਹਨਾਂ ਦੇ ਕੀ ਯਾਦ ਐ..? ਮੇਰੇ ਦਾਦਾ ਜੀ ਆਖਦੇ ਹੁੰਦੇ ਸੀ ਬਈ ਲੀਡਰ ਵੋਟਾਂ ਵੇਲ਼ੇ ਗਧੇ ਨੂੰ ਬਾਪੂ ਆਖਦੇ ਐ, ਤੇ ਲੀਡਰ ਬਣਨ ਤੋਂ ਬਾਅਦ ਬਾਪੂ ਨੂੰ ਗਧਾ ਦੱਸਦੇ ਐ...! ਕੌਮਾਂ ਆਪਣੇ ਲੀਡਰਾਂ ਨੂੰ ਆਪਣੀ ਮਰਜ਼ੀ ਅਨੁਸਾਰ ਤਬਦੀਲ ਨਹੀਂ ਕਰ ਸਕਦੀਆਂ ਅਤੇ ਨਾਂ ਹੀ ਆਪਣੇ ਅਨੁਸਾਰ ਸਿਆਸਤ ਨੂੰ ਢਾਲ ਸਕਦੀਐਂ..! ਹਰ ਬੰਦੇ ਨੂੰ ਆਪਣੇ ਲੀਡਰਾਂ ਦੀ ਸਿਆਸਤ ਅਨੁਸਾਰ ਢਲਣਾਂ ਪੈਂਦੈ...! ਮਜ਼ਹਬ ਦੀ ਤਾਂ ਗੱਲ ਹੀ ਹੋਰ ਐ..? ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ਮਜ਼ਹਬ ਅਨੁਸਾਰ ਤੁਹਾਨੂੰ ਚੱਲਣਾਂ ਹੀ ਪੈਂਦੈ..! ਮਜ਼ਹਬ ਦੇ ਸਿਧਾਂਤ ਤੁਸੀਂ ਤਾਂ ਕੀ...? ਤੁਹਾਡੀਆਂ ਪੁਸ਼ਤਾਂ ਵੀ ਨਹੀਂ ਬਦਲ ਸਕਦੀਆਂ...! ਕਿਉਂਕਿ ਇਹ ਸਿਧਾਂਤ ਲੋਕਾਂ ਦੇ ਨਹੀਂ, ਸਾਡੇ ਪੀਰਾਂ ਪੈਗੰਬਰਾਂ ਦੇ ਰਚੇ ਹੋਏ ਨੇ...! ਦੁਨੀਆਂ ਦੀ ਕੋਈ ਵੀ ਕੌਮ ਸੱਚੀ ਸੁੱਚੀ ਨਹੀਂ..! ਸਿੱਖ ਸਿੱਖਾਂ ਨੂੰ ਮਾਰੀ ਜਾ ਰਹੇ ਨੇ ਤੇ ਮੁਸਲਮਾਨ ਮੁਸਲਮਾਨਾਂ ਨੂੰ..! ਤੇ ਸਾਡੇ ਲੀਡਰ ਆਪਣੇ ਮੁਫ਼ਾਦਾਂ ਲਈ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਨੇ...! ਭਾਈ ਜੀ ਵੀ ਚੁੱਪ ਨੇ ਤੇ ਮੌਲਵੀ ਵੀ...! ਹਰ ਪਾਸੇ ਲੋਭ, ਮੋਹ, ਸੁਆਰਥ ਅਤੇ ਈਰਖ਼ਾ..! ਸੰਸਾਰ ਵਿਚੋਂ ਨਾ ਤਾਂ ਚੰਗਿਆਈ ਖ਼ਤਮ ਹੋਈ ਐ ਅਤੇ ਨਾ ਬੁਰਿਆਈ...! ਇਕ ਗੱਲ ਯਾਦ ਰੱਖੀਂ ਸੀਤਲ..! ਜੋ ਬੰਦਾ ਚੰਗਿਆਈ ਨਾਲੋਂ ਟੁੱਟ ਜਾਂਦੈ, ਕੁਦਰਤ ਵੀ ਉਸ ਨੂੰ ਬਚਾਉਣ ਦਾ ਉਪਰਾਲਾ ਨਹੀਂ ਕਰਦੀ ਤੇ ਉਹ ਆਪਣੀ ਹੋਂਦ ਆਪ ਹੀ ਗੁਆ ਬੈਠਦੈ...! ਦੁਨੀਆਂ ਦੀ ਹਰ ਸ਼ੈਅ ਆਪਣੇ ਵਕਤ ਮੁਤਾਬਿਕ ਆਉਂਦੀ ਐ ਤੇ ਵਕਤ ਮੁਤਾਬਿਕ ਹੀ ਖ਼ਤਮ ਹੋ ਜਾਂਦੀ ਐ..! ਹਰ ਨਜ਼ਰ ਆਉਣ ਵਾਲ਼ੀ ਚੀਜ਼ ਦਾ ਇਕ ਨਾ ਇਕ ਦਿਨ ਖ਼ਾਤਮਾਂ ਲਾਜ਼ਮੀ ਐ...! ਸਮਾਂ ਇਕ ਉਹ ਅਨੁਸਾਸ਼ਨ 'ਚ ਬੱਝਿਆ ਹੋਇਐ, ਜੋ ਪੁਰਾਣਿਆਂ ਨੂੰ ਖ਼ਤਮ ਕਰਕੇ ਨਵਿਆਂ ਨੂੰ ਸਿਰਜ਼ਦਾ ਹੈ...! ਦੇਖ ਲੈ ਸੀਤਲ, ਇਸਲਾਮ ਨਾਲ਼ ਜੁੜੇ ਲੋਕ ਕਿੰਨੀ ਮੁੱਦਤ ਤੋਂ ਜੱਦੋਜਹਿਦ ਕਰਦੇ ਆ ਰਹੇ ਨੇ...! ਪਰ ਪਾਇਆ ਉਹਨਾਂ ਨੇ ਹੁਣ ਤੱਕ ਕੁਝ ਵੀ ਨਹੀਂ...! ਗੁਆਇਆ ਈ ਗੁਆਇਆ ਐ...! ਕਿਉਂ...? ਕਿਉਂਕਿ ਉਹਨਾਂ ਨੇ ਵਕਤ ਮੁਤਾਬਿਕ ਆਪਣੇ ਆਪ ਵਿਚ ਤਬਦੀਲੀ ਨਹੀਂ ਲਿਆਂਦੀ..! ਤਬਦੀਲੀ ਜ਼ਿੰਦਗੀ ਨੂੰ ਇਕ ਨਵਾਂ ਰੂਪ ਦਿੰਦੀ ਐ...! ਪਰ ਲੋਕਾਂ ਵਿਚ ਤਬਦੀਲੀ ਨਾਂ ਆਉਣ ਕਾਰਨ ਅੱਜ ਇਸਲਾਮ ਦੇ ਲੋਕ ਮਰ ਖ਼ਪ ਰਹੇ ਨੇ, ਲੀਡਰ ਹੱਥ 'ਤੇ ਹੱਥ ਧਰੀ ਬੈਠੇ ਤਮਾਸ਼ਾ ਦੇਖ ਰਹੇ ਨੇ ਜਾਂ ਅਮਰੀਕਾ ਵਰਗੇ ਘਾਗ ਦੇਸ਼ ਦੀ ਝੋਲ਼ੀ ਚੁੱਕ ਰਹੇ ਨੇ...! ਮੀਡੀਆ ਸਮੇਂ ਸਮੇਂ ਅਤੇ ਵੱਖੋ ਵੱਖਰੇ ਕਲਚਰਾਂ ਵਿਚਕਾਰ ਪ੍ਰਾਪੇਗੰਡਾ ਖੜ੍ਹਾ ਕਰਦਾ ਰਿਹਾ ਹੈ, ਦੁਨੀਆਂ ਜਾਣਦੀ ਹੈ ਕਿ ਇਹ ਭਵਿੱਖ ਲਈ ਕੋਹੜ ਸਾਬਤ ਹੋਵੇਗਾ..! ਆਮ ਅਵਾਮ ਹੁਣ ਮਾਰਧਾੜ ਤੋਂ ਤੰਗ ਆ ਚੁੱਕੀ ਹੈ,

ਲੋਕ ਕੰਨਫ਼ਰੰਟੇਸ਼ਨ ਨਹੀਂ ਚਾਹੁੰਦੇ..! ਉਹ ਇਕ ਦੂਜੇ ਵਿਚ ਪਈਆਂ ਗ਼ਲਤ ਫ਼ਹਿਮੀਆਂ ਨੂੰ ਦੂਰ ਕਰਕੇ ਅਮਨ ਨਾਲ਼ ਆਪਣੇ ਕਾਰੋਬਾਰ ਕਰਨਾਂ ਚਾਹੁੰਦੇ ਨੇ..! ਪੜ੍ਹੇ ਲਿਖੇ ਅਤੇ ਸੂਝਵਾਨ ਲੋਕ ਆਪਣੇ ਆਪ ਨੂੰ ਤਿਆਰ ਕਰਕੇ, ਆਪਣੇ ਬੱਚਿਆਂ ਦਾ ਭਵਿੱਖ ਸੁਧਾਰਨਾਂ ਲੋਚਦੇ ਨੇ..! ਜੰਗ ਤੋਂ ਹਰ ਕੋਈ ਤੌਬਾ ਕਰਦਾ ਹੈ...! ਅੱਜ ਇਸਲਾਮ ਦੇ ਲੋਕਾਂ ਨੂੰ ਅਮਰੀਕਾ ਨੇ ਇਕ ਤਰ੍ਹਾਂ ਨਾਲ਼ ਜੜ੍ਹੋਂ ਉਖੇੜਿਆ ਹੋਇਆ ਹੈ..! ਵਰਲਡ ਟਰੇਡ ਸੈਂਟਰ ਐਕਸ਼ਨ ਤੋਂ ਬਾਅਦ ਮੁਸਲਮਾਨਾਂ ਨੂੰ ਦੁਨੀਆਂ ਭਰ ਵਿਚ ਭੰਡਿਆ, ਦੁਨੀਆਂ ਵਿਚ ਰੱਜ ਕੇ ਬਦਨਾਮ ਕੀਤਾ..! ਪਰ ਮੁਸਲਮਾਨ ਲੀਡਰ ਹੀ ਅਮਰੀਕਾ ਦੀ ਝੋਲ਼ੀ ਚੁੱਕੀ ਜਾ ਰਹੇ ਨੇ..! ਜੋ ਚੰਗਿਆਈ ਨਹੀਂ ਕਰ ਸਕਦਾ, ਨਾਂ ਉਹ ਚੰਗਾ ਸਿੱਖ ਅਤੇ ਨਾਂ ਹੀ ਚੰਗਾ ਮੁਸਲਮਾਨ ਬਣ ਸਕਦੈ...! ਕੌਮ ਕੋਈ ਵੀ ਬੁਰੀ ਨਹੀਂ, ਮਜ਼ਹਰ ਕੋਈ ਵੀ ਮਾੜਾ ਨਹੀਂ, ਪਰ ਅੱਲਾਹ ਮੁਆਫ਼ੀ ਦੇਵੇ, ਲੀਡਰ ਕਿਸੇ ਕੌਮ ਦਾ ਵੀ ਨਹੀਂ ਚੰਗਾ...! ਹੋ ਸਕਦੈ ਕੋਈ ਸੌ 'ਚੋਂ ਇਕ ਅੱਲਾਹ ਦਾ ਬੰਦਾ ਇਮਾਨਦਾਰ ਜਾਂ ਆਪਣੀ ਕੌਮ ਪ੍ਰਤੀ ਵਫ਼ਾਦਾਰ ਹੋਵੇ..? ਪਰ ਇਕ ਗੱਲ ਹੈ, ਜਿਲ੍ਹਿਆਂ ਦੇ ਲੀਡਰ ਸੂਬਾ ਗੌਰਮਿੰਟ ਦੇ ਗ਼ੁਲਾਮ, ਸੂਬੇ ਦੇ ਲੀਡਰ ਸੈਂਟਰ ਦੇ ਗ਼ੁਲਾਮ, ਤੇ ਸੈਂਟਰ ਦੇ ਲੀਡਰ ਅਮਰੀਕਾ ਦੇ ਗ਼ੁਲਾਮ...!" ਇਮਰਾਨ ਨੇ ਇਕ ਲੰਮਾਂ ਚੌੜਾ ਭਾਸ਼ਨ ਝਾੜ ਧਰਿਆ।

-".......।" ਸੀਤਲ ਚੁੱਪ ਚਾਪ ਸੁਣ ਰਹੀ ਸੀ।

-"ਖ਼ੈਰ ਛੱਡ, ਨਾ ਤੁਸਾਂ ਦਾ ਕੋਈ ਲੀਡਰ ਐ, ਤੇ ਨਾ ਅਸਾਂ ਦਾ..? ਕਾਹਨੂੰ ਆਪਾਂ ਵਾਧੂ ਦਿਮਾਗ ਖ਼ਰਾਬ ਕਰਦੇ ਆਂ..?" ਇਮਰਾਨ ਨੇ ਗੱਲ 'ਤੇ ਮਿੱਟੀ ਪਾ ਦਿੱਤੀ।

ਸੀਤਲ ਹਮੇਸ਼ਾ ਵਾਂਗ ਅੱਠ ਕੁ ਵਜੇ ਘਰ ਆ ਗਈ।

ਨਾ ਹੀ ਕਿਸੇ ਨੇ ਉਸ ਨੂੰ ਬੁਲਾਇਆ ਅਤੇ ਨਾ ਹੀ ਉਹ ਕਿਸੇ ਨਾਲ਼ ਬੋਲੀ। ਸਿੱਧੀ ਹੀ ਕਮਰੇ ਵਿਚ ਚਲੀ ਗਈ। ਕਦੇ ਕਦੇ ਕਿਰਪਾਲ ਕੌਰ ਦਾ ਜੀਅ ਕਰਦਾ ਕਿ ਉਹ ਡੰਡਾ ਲੈ ਕੇ ਇਕ ਦਿਨ ਸੀਤਲ ਦੀ ਤਹਿ ਲਾ ਦੇਵੇ, ਤੇ ਪੁੱਛੇ, ਕੰਜਰੀਏ..! ਤੈਨੂੰ ਆਹ ਕੰਜਰਖਾਨੇ ਕਰਨ ਵਾਸਤੇ ਜੰਮਿਆਂ ਤੇ ਪਾਲ਼ਿਆ ਸੀ..? ਅਸੀਂ ਹੁਣ ਐਨੇ ਮਾੜੇ ਹੋ ਗਏ ਕਿ ਤੂੰ ਸਾਡੇ ਨਾਲ਼ ਗੱਲ ਕਰਨੀ ਵੀ ਤਕਲੀਫ਼ ਮੰਨਦੀ ਐਂ..? ਤੇਰੇ ਪੈ ਜਾਣ ਐਹੋ ਜੀ ਦੇ ਕੀੜੇ, ਆਹੀ ਸ਼ਿਲਾ ਦੇਣਾਂ ਸੀ ਸਾਡੇ ਲਾਡ ਤੇ ਪਿਆਰ ਦਾ..? ਤੂੰ ਕੋਈ ਅਲੈਹਦੀ ਜੰਮੀ ਐਂ..? ਹੋਰ ਲੋਕਾਂ ਦੀਆਂ ਕੁੜੀਆਂ ਈ ਨ੍ਹੀ..? ਜਿਹੜੀਆਂ ਮਾਂ ਬਾਪ ਦੇ ਆਖੇ ਲੱਗ ਕੇ ਇੰਡੀਅਨ ਮੁੰਡਿਆਂ ਨਾਲ਼ ਵਿਆਹ ਕਰਵਾਈ ਜਾਂਦੀਐਂ..? ਤੂੰ ਕੋਈ ਉਤੋਂ ਡਿੱਗੀ ਵੀ ਐਂ..? ਲੋਕਾਂ ਦੀਆਂ ਕੁੜੀਆਂ ਜੇ ਆਬਦੀ ਮਰਜੀ ਨਾਲ਼ ਵਿਆਹ ਕਰਵਾਉਂਦੀਐਂ, ਤਾਂ ਚੰਗੇ ਇੰਡੀਅਨ ਮੁੰਡੇ ਦੇਖਦੀਐਂ..! ਤੇ ਤੈਨੂੰ ਕੁੱਤੀਏ ਆਹ ਮੁਸਲਮਾਨ ਈ ਮਿਲ਼ਿਆ..? ਲੁੱਚੀ ਕਿਸੇ ਥਾਂ ਦੀ..! ਕਿਰਪਾਲ ਕੌਰ ਦੇ ਦਿਲ ਵਿਚ ਕਾਲ਼ ਪਿਆ ਰਹਿੰਦਾ।ਉਸ ਦੀ ਅੰਦਰਲੀ ਅਣਖ਼ ਅਤੇ ਸਵੈਮਾਨ ਖੇਰੂੰ-ਖੇਰੂੰ ਹੋ ਜਾਂਦਾ..! ਚਾਹਤਾਂ ਸੜ ਕੇ ਸੁਆਹ ਹੋ ਜਾਣ ਕਾਰਨ ਹਿਰਦੇ 'ਚੋਂ ਟੀਸ ਉਠਦੀ..!

ਸੀਤਲ ਦੀ ਬੇਪ੍ਰਵਾਹੀ ਤੱਕ ਕੇ ਕਿਰਪਾਲ ਕੌਰ ਦੇ ਅੰਦਰ ਇਕ ਯੁੱਧ ਛਿੜ ਜਾਂਦਾ। ਪਰ ਗੁਰਚਰਨ ਨੇ ਉਸ ਨੂੰ ਤਾਕੀਦ ਕੀਤੀ ਹੋਈ ਸੀ, ਸੀਤਲ ਨੂੰ ਕੁਝ ਵੀ ਨਹੀਂ ਆਖਣਾਂ! ਅਜੇ ਤਾਂ ਕਿਸੇ ਨੂੰ ਪਤਾ ਸੀ, ਕਿਸੇ ਨੂੰ ਨਹੀਂ ਸੀ ਪਤਾ। ਪਰ ਜੇ ਉਸ ਨੇ ਸੀਤਲ ਨੂੰ ਬੋਲ ਕਬੋਲ ਕੀਤਾ, ਜਾਂ ਥੱਪੜ ਮਾਰ ਦਿੱਤਾ, ਤਾਂ ਉਸ ਨੇ ਪੁਲੀਸ ਨੂੰ ਫ਼ੋਨ ਕਰ ਦੇਣਾਂ ਸੀ ਅਤੇ ਪੁਲੀਸ ਨੇ ਦਰਵਾਜੇ ਅੱਗੇ ਆ ਕੇ ਖੁਰਗੋ ਵਾਧੂ ਪੱਟਣੀ ਸੀ! ਆਂਢ ਗੁਆਂਢ ਵਿਚ ਵਾਧੂ ਦੀ ਬਦਨਾਮੀ ਅਤੇ ਨਮੋਸ਼ੀ..! ਇਸ ਕਰਕੇ ਕਿਰਪਾਲ ਕੌਰ ਲਹੂ ਦਾ ਘੁੱਟ ਭਰਕੇ ਚੁੱਪ ਕਰ ਜਾਂਦੀ। ਉਸ ਦੀ ਜ਼ਮੀਰ ਹਰ ਰੋਜ ਕਤਰਾ ਕਤਰਾ ਕਰਕੇ ਜ਼ਿਬਾਹ ਹੋ ਰਹੀ ਸੀ। ਉਹ ਹਰ ਰੋਜ ਕਿਣਕਾ ਕਿਣਕਾ ਹੋ ਕੇ ਮਰਦੀ। ਸਾਰੀ ਸਾਰੀ ਰਾਤ ਉਸ ਨੂੰ ਨੀਂਦ ਨਾ ਪੈਂਦੀ। ਗੁਰਚਰਨ ਤਾਂ ਕੰਮ ਤੋਂ ਆ ਕੇ ਥੱਕਿਆ ਹੰਭਿਆ ਸੌਂ ਜਾਂਦਾ। ਪਰ ਕਈ ਵਾਰ ਗੁਰਚਰਨ ਦੀ ਵੀ ਸਾਰੀ ਰਾਤ ਅੱਖ ਨਾ ਲੱਗਦੀ। ਉਹ ਨੀਂਦ ਦੀਆਂ ਗੋਲ਼ੀਆਂ ਖਾ ਕੇ ਸੌਂਦਾ। ਹੋਰ ਉਸ ਦੇ ਕੋਲ਼ ਕੋਈ ਚਾਰਾ ਨਹੀਂ ਸੀ। ਕੰਮ ਤੋਂ ਬਿਨਾ ਸਰਦਾ ਨਹੀਂ ਸੀ। ਘਰ ਦੀ ਕਿਸ਼ਤ, ਬਿਜਲੀ, ਗੈਸ ਦਾ ਬਿੱਲ, ਕਾਰ ਦੀ ਇਸ਼ੋਰੈਂਸ ਅਤੇ ਘਰ ਦੇ ਹੋਰ ਫ਼ੁਟਕਲ ਖਰਚੇ..! ਕੰਮ ਕਰਨ ਬਿਨਾਂ ਸਰਦਾ ਨਹੀਂ ਸੀ ਅਤੇ ਅਨੀਂਦਰੇ ਬੰਦੇ ਤੋਂ ਕੰਮ ਹੁੰਦਾ ਨਹੀਂ! ਇਸ ਲਈ

ਗੁਰਚਰਨ ਹਰ ਰੋਜ ਹੀ ਨੀਂਦ ਵਾਲ਼ੀਆਂ ਗੋਲ਼ੀਆਂ ਦਾ ਸਹਾਰਾ ਲੈਂਦਾ। ਕਿਰਪਾਲ ਕੌਰ ਵੀ ਦਿਨ ਰਾਤ ਦੀ ਸੋਚ ਕਾਰਨ ਦਿਨ ਬਦਿਨ ਸਿਹਤ ਪੱਖੋਂ ਨਿੱਘਰਦੀ ਜਾ ਰਹੀ ਸੀ। ਉਸ ਦਾ ਕਿਸੇ ਕੋਲ਼ ਖੜ੍ਹਨ ਨੂੰ ਜੀਅ ਨਾ ਕਰਦਾ। ਕਿਸੇ ਨਾਲ਼ ਗੱਲ ਕਰਨ ਨੂੰ ਵੱਢੀ ਰੂਹ ਨਾ ਕਰਦੀ। ਉਹ ਗੁੰਮ ਸੁੰਮ ਜਿਹੀ ਰਹਿਣ ਲੱਗ ਪਈ ਸੀ। ਉਹ ਗੁਰਚਰਨ ਨੂੰ ਸਵੇਰੇ ਪਰਾਉਂਠੇ ਲਾਹ ਕੇ ਡੱਬੇ ਵਿਚ ਪਾ ਦਿੰਦੀ। ਪਰ ਉਸ ਨੂੰ ਆਪ ਨੂੰ ਭੁੱਖ ਲੱਗਣੋਂ ਹਟ ਗਈ ਸੀ। ਉਸ ਦੀ ਸੁਤਾ ਸਿਰਫ਼ ਅਤੇ ਸਿਰਫ਼ ਸੀਤਲ ਵੱਲ ਰਹਿੰਦੀ। ਜੇ ਪਾਇਲ ਮਾਂ ਨੂੰ ਰੋਟੀ ਖਾਣ ਬਾਰੇ ਪੁੱਛਦੀ ਤਾਂ ਕਿਰਪਾਲ ਕੌਰ, "ਮੈਂ ਤਾਂ ਖਾ ਲਈ ਸੀ ਪੁੱਤ ਤੇਰੇ ਆਉਣ ਤੋਂ ਪਹਿਲਾਂ ਈ!" ਆਖ ਕੇ ਪਾਇਲ ਦਾ ਦਿਲ ਜਿਹਾ ਰੱਖਣ ਲਈ ਆਖ ਦਿੰਦੀ। ਕਿਰਪਾਲ ਕੌਰ ਦਾ ਦਿਲ ਘਟਦਾ ਰਹਿੰਦਾ। ਸੀਤਲ ਦੀ ਚੰਚਲ ਬਿਰਤੀ ਕਾਰਨ ਕਿਰਪਾਲ ਕੌਰ ਆਪੇ ਦੀ ਨਗਨ ਅਵਸਥਾ ਸਾਹਮਣੇ ਖੜ੍ਹ ਕੇ ਦਰਦਾਂ ਲੱਦੀ ਅੰਦਰੋਂ ਕਤਲ ਹੁੰਦੀ ਰਹਿੰਦੀ..! ਉਸ ਨੂੰ ਇਹ ਡਰ ਬਣਿਆਂ ਹੋਇਆ ਸੀ ਕਿ ਸੀਤਲ ਜਿਹੜੇ ਰਸਤੇ ਤੁਰ ਪਈ ਸੀ, ਉਹ ਰਸਤਾ ਸਿੱਧਾ ਹੀ ਤਬਾਹੀ ਵੱਲ ਨੂੰ ਜਾਂਦਾ ਸੀ। ਉਸ ਨੂੰ ਕਿਸੇ ਵੱਡੇ ਦੁਖਾਂਤ ਤੋਂ ਡਰ ਲੱਗਦਾ ਰਹਿੰਦਾ। ਜੇ ਕੋਈ ਇੰਡੀਅਨ ਜਾਂ ਪੰਜਾਬੀ ਮੁੰਡਾ ਹੁੰਦਾ, ਤਾਂ ਬੰਦਾ ਵੀਹ ਸਿਆਣੂੰ ਕੱਢ ਲੈਂਦੈ..! ਪਰ ਪਾਕਿਸਤਾਨ 'ਚ ਕੀਹਨੂੰ ਭਾਲ਼ੀਏ..? ਉਹ ਧੁਖ਼ਦੀ ਚਿਤਾ ਵਾਂਗ ਹਾਉਕਾ ਭਰਦੀ ਅਤੇ ਉਸ ਦਾ ਸਾਰਾ ਸਰੀਰ ਝੰਜੋੜਿਆ ਜਾਂਦਾ ਅਤੇ ਉਸ ਦੀ ਰੂਹ ਕੰਬ ਕੰਬ ਜਾਂਦੀ। ਜੇ ਇਹ ਕੁੱਤੀ ਉਸ ਨਾਲ਼ ਪਾਕਿਸਤਾਨ ਜਾ ਵੱਜੀ, ਤਾਂ ਕਿੱਥੋਂ ਭਾਲ਼ਾਂਗੇ..? ਉਸ ਨੂੰ ਦਿਨ ਰਾਤ ਇਹੀ ਝੋਰਾ ਖਾਂਦਾ ਰਹਿੰਦਾ ਅਤੇ ਫ਼ੱਟੜ ਸੋਚ ਬਿਲਕਦੀ ਰਹਿੰਦੀ।

ਸ਼ੁਕਰਵਾਰ ਦੀ ਰਾਤ ਸੀ।

ਸੀਤਲ ਸਾਰੀ ਰਾਤ ਘਰ ਨਾ ਆਈ।

ਉਸ ਦਾ ਕੰਨ ਸਾਰੀ ਰਾਤ ਦਰਵਾਜੇ ਵੱਲ ਹੀ ਰਿਹਾ। ਪਰ ਕੰਮ ਤੋਂ ਆਏ ਗੁਰਚਰਨ ਨੂੰ ਉਸ ਨੇ ਕਿਸੇ ਗੱਲ ਦੀ ਭਾਫ਼ ਨਾ ਕੱਢੀ। ਉਹ ਸੋਚਦੀ ਸੀ ਕਿ ਬੰਦਾ ਕੰਮ ਤੋਂ ਅੱਕਿਆ ਥੱਕਿਆ ਘਰ ਆਉਂਦੈ। ਜੇ ਉਸ ਨੂੰ ਦੱਸ ਦਿੱਤਾ, ਉਸ ਨੇ ਤਾਂ ਸਾਰੀ ਰਾਤ ਸੌਣਾਂ ਨਹੀਂ ਸੀ। ਹਰਖ਼ ਦਾ ਮਾਰਿਆ ਬੰਦਾ ਨਰਕ 'ਚ ਪੈ ਜਾਂਦੈ...! ਹਾਲਾਤਾਂ ਤੋਂ ਅੱਕਿਆ ਬੰਦਾ ਕਿਸੇ ਗੱਡੀ ਥੱਲੇ ਹੀ ਆਊ..? ਮਰੂ ਜਾਂ ਮਾਰੂ...! ਘਰ ਦੀ ਤਬਾਹੀ ਦੋਨੋਂ ਪਾਸੇ ਹੀ..! ਇਹ ਸੋਚ ਕੇ ਉਸ ਨੇ ਚੁੱਪ ਵੱਟ ਲਈ ਸੀ।

ਸਾਰੀ ਰਾਤ ਕਿਰਪਾਲ ਕੌਰ ਪਾਸੇ ਮਾਰਦੀ ਰਹੀ। ਅੱਧੀ ਰਾਤ ਟੱਪ ਚੁੱਕੀ ਸੀ। ਸ਼ਾਇਦ ਕਿਰਪਾਲ ਕੌਰ ਦੀ ਅੱਖ ਲੱਗ ਗਈ ਸੀ। ਉਸ ਨੂੰ ਕੋਈ ਡਰਾਉਣਾਂ ਸੁਪਨਾ ਆਇਆ, ਤਾਂ ਉਸ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਗੁਰਚਰਨ ਦੀ ਅੱਖ ਖੁੱਲ੍ਹ ਗਈ ਅਤੇ ਉਹ ਡਰੇ ਵਹਿੜਕੇ ਵਾਂਗ ਭੜ੍ਹੱਕ ਕੇ ਜਿਹੇ ਉਠਿਆ। ਜਦੋਂ ਉਸ ਨੇ ਕਿਰਪਾਲ ਕੌਰ ਨੂੰ ਹਲੂਣਿਆਂ ਤਾਂ ਉਹ ਚੁੱਪ ਕਰ ਗਈ। ਉਸ ਨੇ ਉਠ ਕੇ ਬੱਤੀ ਜਗਾਈ।

-"ਪਾਣੀ ਦੇਵਾਂ...?" ਗੁਰਚਰਨ ਨੇ ਪੁੱਛਿਆ।

-"......। " ਪਰ ਕਿਰਪਾਲ ਕੌਰ ਵੱਲੋਂ ਕੋਈ ਉਤਰ ਨਾ ਆਇਆ।

ਗੁਰਚਰਨ ਨੇ ਬੱਤੀ ਦੇ ਚਾਨਣ ਵਿਚ ਉਸ ਦੇ ਬੜਾ ਨੇੜੇ ਹੋ ਕੇ ਦੇਖਿਆ ਤਾਂ ਕਿਰਪਾਲ ਕੌਰ ਮੂੰਹ ਅੱਡੀ, ਬੇਹੋਸ਼ ਪਈ ਸੀ। ਅੱਖਾਂ ਖੁੱਲ੍ਹੀਆਂ ਸਨ। ਗੁਰਚਰਨ ਉਸ ਦੀ ਹਾਲਤ ਦੇਖ ਕੇ ਡਰ ਗਿਆ। ਉਸ ਨੇ ਜੁਆਕਾਂ ਨੂੰ ਹਾਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

-"ਸੀਤਲ...! ਕੁੜ੍ਹੇ ਪਾਇਲ...!! ਜਲਦੀ ਆਓ ਥੋਡੀ ਮਾਂ ਨੂੰ ਪਤਾ ਨ੍ਹੀ ਕੀ ਹੋ ਗਿਆ...! ਜਲਦੀ ਆਓ ਭੱਜ ਕੇ...!" ਘਬਰਾਏ ਗੁਰਚਰਨ ਨੇ ਕੁੜੀਆਂ ਦੇ ਕਮਰੇ ਨੂੰ ਧੱਫ਼ੇ ਮਾਰਨੇ ਸ਼ੁਰੂ ਕਰ ਦਿੱਤੇ।

ਪਾਇਲ ਅੱਖਾਂ ਮਲ਼ਦੀ ਉਠ ਕੇ ਆ ਗਈ। ਸੁੱਤੀ ਉਠੀ ਕਰਕੇ ਤੇਜ਼ ਬੱਤੀ ਉਸ ਦੀਆਂ ਅੱਖਾਂ ਝੱਲ ਨਹੀਂ ਸਕੀਆਂ ਸਨ। ਉਸ ਨੇ ਅੱਖਾਂ ਸਕੋੜ ਲਈਆਂ।

-"ਪੁੱਤ ਖੜ੍ਹੀ ਕੀ ਕਰਦੀ ਐਂ...? ਐਂਬੂਲੈਂਸ ਨੂੰ ਫ਼ੋਨ ਕਰ...! ਨਾਲ਼ੇ ਪਾਣੀ ਲਿਆ ਭੱਜ ਕੇ..!"

ਪਾਇਲ ਮਾਂ ਦੀ ਬੁਰੀ ਜਿਹੀ ਹਾਲਤ ਦੇਖ ਕੇ ਘਬਰਾਈ ਪਾਣੀ ਲੈਣ ਭੱਜ ਗਈ।

ਜਦ ਉਹ ਪਾਣੀ ਲੈ ਕੇ ਆਈ ਤਾਂ ਗੁਰਚਰਨ ਨੇ ਮੂੰਹ ਖੋਲ੍ਹ ਕੇ ਪਾਣੀ ਪਾਉਣਾਂ ਚਾਹਿਆ। ਪਰ ਕਿਰਪਾਲ ਕੌਰ ਨੂੰ ਦੰਦਲ਼ ਪਈ ਹੋਈ ਸੀ।

-"ਜਾਹ ਪੁੱਤ ਚਮਚਾ ਲੈ ਕੇ ਆ ਜਲਦੀ...! ਇਹਨੂੰ ਤਾਂ ਦੰਦਲ਼ ਪੈ ਗਈ...!" ਗੁਰਚਰਨ ਨੇ ਚੀਕਣ ਵਾਂਗ ਪਾਇਲ ਨੂੰ ਆਖਿਆ। ਪਾਇਲ ਫਿਰ ਥੱਲੇ ਭੱਜ ਗਈ। ਉਸ ਦਾ ਸਾਰਾ ਸਰੀਰ ਕੰਬਣ ਲੱਗ ਪਿਆ ਸੀ। ਦੰਦਲ਼ ਬਾਰੇ ਉਸ ਨੂੰ ਕੋਈ ਸਮਝ ਨਹੀਂ ਪਈ ਸੀ।

ਪਾਇਲ ਜਿੰਨੀ ਜਲਦੀ ਹੇਠਾਂ ਗਈ ਸੀ, ਉਤਨੀ ਜਲਦੀ ਹੀ ਚਮਚਾ ਲੈ ਕੇ ਉਪਰ ਆ ਗਈ।

-"ਪੁੱਤ ਐਂਬੂਲੈਂਸ ਨੂੰ ਫ਼ੋਨ ਕਰ 999 'ਤੇ...! ਜਲਦੀ ਕਰ...!" ਗੁਰਚਰਨ ਨੇ ਚਮਚੇ ਨਾਲ਼ ਦੰਦਲ਼ ਭੰਨ ਲਈ ਅਤੇ ਫਿਰ ਪਾਣੀ ਦੀ ਘੁੱਟ ਮੂੰਹ ਵਿਚ ਪਾ ਦਿੱਤੀ।

ਪਾਇਲ ਊਰੀ ਬਣੀ ਫਿਰਦੀ ਸੀ।

ਉਸ ਨੇ ਐਂਬੂਲੈਂਸ ਨੂੰ ਫ਼ੋਨ ਕਰ ਦਿੱਤਾ।

ਦਸ ਕੁ ਮਿੰਟਾਂ ਵਿਚ ਐਂਬੂਲੈਂਸ ਆ ਗਈ ਅਤੇ ਕਿਰਪਾਲ ਕੌਰ ਨੂੰ ਲੱਦ ਹਸਪਤਾਲ਼ ਨੂੰ ਤੁਰ ਗਈ। ਨਾਲ਼ ਗੁਰਚਰਨ ਗਿਆ ਸੀ।

-"ਪਾਇਲ...! ਦਰਵਾਜੇ ਨੂੰ ਲੌਕ ਕਰ ਲਈਂ ਪੁੱਤ...! ਡਰੀਂ ਨਾ ਸ਼ੇਰਾ, ਮੈਂ ਜਲਦੀ ਈ ਆਜੂੰਗਾ..! ਫ਼ਿਕਰ ਨਾ ਕਰੀਂ ਸ਼ੇਰਾ...!" ਉਸ ਨੇ ਰੋਣਹਾਕਾ ਹੋਏ ਨੇ ਐਂਬੂਲੈਂਸ ਵਿਚ ਬੈਠਦਿਆਂ ਕਿਹਾ ਸੀ।

ਕਿਰਪਾਲ ਕੌਰ ਨੂੰ ਹਸਪਤਾਲ਼ ਦਾਖ਼ਲ ਕਰ ਲਿਆ ਗਿਆ।

ਇਲਾਜ ਸ਼ੁਰੂ ਹੋ ਗਿਆ। ਗੁਰਚਰਨ ਟੈਕਸੀ ਲੈ ਕੇ ਘਰ ਆ ਗਿਆ। ਪਾਇਲ ਫਿਰ ਸੌਂ ਗਈ ਸੀ।

ਅਗਲੇ ਦਿਨ ਗੁਰਚਰਨ ਨੇ ਕੰਮ ਤੋਂ ਛੁੱਟੀਆਂ ਲੈ ਲਈਆਂ। ਛੁੱਟੀਆਂ ਉਸ ਦੀਆਂ ਜਮ੍ਹਾਂ ਪਈਆਂ ਹੀ ਸਨ।

## ਕਾਂਡ 13

ਹਨੀ ਨੂੰ ਕੰਮ 'ਤੇ ਲੱਗੀ ਨੂੰ ਤਕਰੀਬਨ ਤਿੰਨ ਮਹੀਨੇ ਹੋ ਗਏ ਸਨ। ਹਨੀ ਦੇ ਬਾਪੂ ਦਾ ਉਸ ਨੂੰ ਤਕਰੀਬਨ ਹਫ਼ਤੇ ਵਿਚ ਦੋ-ਤਿੰਨ ਵਾਰ ਫ਼ੋਨ ਆ ਜਾਂਦਾ। ਉਹ ਹਰ ਵਾਰ ਬੁੱਕਣ ਨੂੰ ਇੰਗਲੈਂਡ ਬੁਲਾਉਣ ਲਈ ਜੋਰ ਪਾਉਂਦਾ। ਹਨੀ ਟਰੱਪਲ਼ ਮਾਰ ਕੇ ਆਖਦੀ ਕਿ ਅਜੇ ਉਹ ਕੰਮ 'ਤੇ ਨਹੀਂ ਲੱਗੀ। ਜਦੋਂ ਕੰਮ 'ਤੇ ਲੱਗ ਗਈ, ਬੁੱਕਣ ਨੂੰ ਰਾਹਦਾਰੀ ਭੇਜ ਦੇਵੇਗੀ।

-"ਦੋ ਕਿੱਲੇ ਫੂਕ ਕੇ ਤੇਰਾ ਵਿਆਹ ਕੀਤਾ ਸੀ ਹਨਿੰਦਰ..! ਪਰ ਤੂੰ ਆਪਣੇ ਬੁੱਕਣ ਬਾਰੇ ਜਰੂਰ ਕੁਛ ਸੋਚ...! ਚਾਹੇ ਕੋਈ ਅੰਨ੍ਹੀਂ ਕਾਣੀਂ, ਛੱਡੀ ਛੱਡਾਈ ਭਾਲ ਲਈਂ ਧੀਏ..! ਐਥੇ ਚਾਰ ਕਿੱਲਿਆਂ ਦੇ ਮੂੰਹ ਨੂੰ ਇਹਨੂੰ ਕਿਸੇ ਨੇ ਸਕੀ ਧੀ ਨਹੀਂ ਦੇਣੀਂ..! ਅੱਜ ਕੱਲ੍ਹ ਜੱਟਾਂ ਦੀ ਨਸੌੜ ਬੜੀ ਉਚੀ ਹੋਈ ਵੀ ਐ..! ਤੇਰੀ ਖਾਤਰ ਦੋ ਕਿੱਲਿਆਂ ਨੂੰ ਇਸੇ ਕਰਕੇ ਈ ਲਾਂਬੂ ਲਾਇਆ ਸੀ, ਬਈ ਤੇਰੇ ਨਾਲ ਸਾਡੀ ਜੂਨ ਵੀ ਸੁਧਰਜੂ...।"

-"ਐਥੇ ਜਾ ਕੇ ਸਹੁਰਿਆਂ ਦੀ ਹੋ ਕੇ ਬਹਿਗੀ...? ਸਾਡਾ ਵੀ ਖਿਆਲ ਰੱਖ ਮਾੜਾ ਮੋਟਾ...! ਕਿੰਨੀ

ਨਿਮੋ੍ਰੀ ਹੋਗੀ ਕੁੜੇ ਤੂੰ...? ਤੂੰ ਪ੍ਰਾਹੁਣੇ ਨੂੰ ਈ ਪੁੱਛ ਕੇ ਦੇਖਲਾ...! ਤੀਮੀ ਦੇ ਮਗਰ ਬੰਦਾ ਨਾ ਲੱਗੇ...? ਤੀਮੀ 'ਚ ਕਣ ਕੰਡਾ ਹੋਣਾਂ ਚਾਹੀਦੈ, ਬੰਦਾ ਤਾਂ ਬਾਂਦਰ ਮਾਂਗੂੰ ਅੱਗੇ ਪਿੱਛੇ ਟੱਪਦਾ ਫਿਰਦੈ...!" ਬੇਬੇ ਨੇ ਵੀ ਹਨੀ ਨੂੰ ਮਿਹਣਾਂ ਦਿੱਤਾ ਸੀ।

-"ਤੂੰ ਪ੍ਰਾਹੁਣੇ ਦੇ ਗਿੱਟਿਆਂ ਨੂੰ ਪੈ...!" ਵਿਚ ਦੀ ਬਾਪੂ ਬੋਲ ਗਿਆ ਸੀ।

-"ਚੱਲ ਮੈਂ ਕਰਦੀ ਐਂ ਗੱਲ ਅੱਜ-!" ਆਖ ਕੇ ਉਸ ਨੇ ਫ਼ੋਨ ਰੱਖ ਦਿੱਤਾ।

ਹਨੀ ਨੇ ਸੋਚਿਆ ਕਿ ਅੱਜ ਰਮਣੀਕ ਨਾਲ਼ ਗੱਲ ਜ਼ਰੂਰ ਕਰੇਗੀ। ਵੱਧ ਤੋਂ ਵੱਧ ਨਾਂਹ ਹੀ ਕਰ ਦੇਵੇਗਾ...? ਗੋਲ਼ੀ ਤਾਂ ਮੇਰੇ ਮਾਰਨੋਂ ਰਿਹਾ..? ਪੁੱਛ ਕੇ ਤਾਂ ਦੇਖਾਂ...? ਪੁੱਛਣ ਵਿਚ ਤਾਂ ਕੋਈ ਹਰਜ ਨਹੀਂ..? ਜੇ ਕਾਜ਼ੀ ਸਬਕ ਨਾ ਦਿਊ, ਜੁਆਕ ਨੂੰ ਤਾਂ ਨਹੀਂ ਰੱਖ ਲਊ...? ਨਾਲ਼ੇ ਰਮਣੀਕ ਤਾਂ ਹੈ ਵੀ ਲੋਲ੍ਹਾ ਜਿਹਾ...! ਅੱਜ ਨਹੀਂ, ਕੱਲ੍ਹ ਨੂੰ ਪੁੱਛੂੰਗੀ...! ਕੱਲ੍ਹ ਨੂੰ ਉਸ ਨੂੰ ਛੁੱਟੀ ਐ...!

ਸ਼ਨਿੱਚਰਵਾਰ ਦਾ ਦਿਨ ਸੀ। ਦੋ ਛੁੱਟੀਆਂ ਸਨ। ਹਨੀ ਨਿੱਖਰ-ਤਿੱਖਰ ਕੇ ਰਮਣੀਕ ਦੀ ਬੁੱਕਲ ਵਿਚ ਬੈਠ, ਉਸ ਨੂੰ ਮੰਗ ਮੁਤਾਬਿਕ ਦਾਰੂ ਪਿਆ ਰਹੀ ਸੀ। ਵਲੈਤ ਦਾ ਉਸ ਨੂੰ ਵਾਹਵਾ 'ਪਾਹ' ਲੱਗ ਗਿਆ ਸੀ। ਰਮਣੀਕ ਤੋਂ ਚੋਰੀ ਉਸ ਨੇ ਕੁਝ ਪੈਸੇ ਕਾਪੀ ਵਿਚ ਜਮ੍ਹਾਂ ਕਰਵਾਏ ਹੋਏ ਸਨ। ਕਿਸੇ ਨੂੰ ਕੋਈ ਖ਼ਬਰ ਨਹੀਂ ਸੀ।

ਨਸ਼ੇ ਕਾਰਨ ਰਮਣੀਕ ਵਾਕਿਆ ਹੀ ਬਾਂਦਰ ਵਾਂਗ ਲਾਚੜਿਆ ਬੈਠਾ ਸੀ। ਮੁਰਗੇ ਦੀ ਟੰਗ ਨੂੰ ਉਹ ਇਉਂ ਚੱਬਦਾ ਸੀ, ਜਿਵੇ ਬਲਦ ਕੜਬ ਚੱਬਦੈ। ਖਾਂਦੇ ਦੇ ਬੁੱਲ੍ਹ ਅਤੇ ਜੀਭ ਗਿੱਧਾ ਪਾ ਰਹੇ ਸਨ।

-"ਥੋਨੂੰ ਅੱਜ ਮੈਂ 'ਜੀ' ਕਹਿ ਕੇ ਬੁਲਾਵਾਂ ਜਾਂ ਨਾਂ ਲਵਾਂ?" ਹਨੀ ਨੇ ਪੈੱਗ ਪੇਸ਼ ਕਰਦਿਆਂ ਪੁੱਛਿਆ।

-"ਅੱਜ ਤੂੰ ਮੈਨੂੰ ਖ਼ਸਮ ਆਖ...!" ਮੱਝ ਵਾਂਗ ਉਗਾਲਾ ਜਿਹਾ ਕਰਦੇ ਰਮਣੀਕ ਨੇ ਮੱਤ ਮੁਤਾਬਿਕ ਗੱਲ ਕੀਤੀ।

-"ਮੇਰੇ ਪਿਆਰੇ-ਪਿਆਰੇ ਖ਼ਸਮ ਜੀ...! ਇਕ ਗੱਲ ਆਖਾਂ...?" ਹਨੀ ਉਸ ਦੇ ਬਿਲਕੁਲ ਨਜ਼ਦੀਕ ਹੋ ਗਈ।

-"ਸੱਤਰ ਆਖ...!" ਉਹ ਪਟਿਆਲੇ ਵਾਲਾ ਰਾਜਾ ਬਣਿਆਂ ਬੈਠਾ ਸੀ।

-"ਨਾਂਹ ਤਾਂ ਨਹੀਂ ਕਰਦੇ...?"

-"ਮੈਂ ਕਮਲੈਂ...? ਤੇਰੀ ਖਾਤਰ ਮੈਂ ਆਬਦਾ ਸਾਰਾ ਪ੍ਰੀਵਾਰ ਛੱਡਤਾ, ਨਾਂਹ ਕਿਉਂ ਕਰੂੰ...?"

-"ਸੋ ਮੇਰੇ ਪਿਆਰੇ ਪਿਆਰੇ ਖ਼ਸਮ ਜੀ, ਆਪਣਾ ਬੁੱਕਣ ਐਥੇ ਆਉਣ ਨੂੰ ਬਾਹਲੇ ਰੱਸੇ ਜਿਹੇ ਤੁੜਾਉਂਦੈ...।" ਆਖ ਕੇ ਹਨੀ ਨੇ ਰਮਣੀਕ ਦਾ ਜਿੰਨ ਵਰਗਾ ਚਿਹਰਾ ਨਿਰਖਿਆ, ਸਪੀਡ ਪੜ੍ਹੀ।

ਰਮਣੀਕ ਚੁੱਪ ਹੋ ਗਿਆ। ਹਨੀ ਨੂੰ ਗੱਲ ਸਿਰੇ ਲੱਗਦੀ ਨਜ਼ਰ ਨਾ ਆਈ। ਖ਼ੀਰ ਵਿਚ ਸੁਆਹ ਪੈਂਦੀ ਲੱਗੀ। ਸਕੀਮ ਫ਼ੇਲ੍ਹ ਹੁੰਦੀ ਜਾਪੀ।

-"ਤੁਸੀਂ ਚੁੱਪ ਜਿਹੇ ਕਰ ਗਏ...? ਐਥੇ ਆ ਕੇ ਤਾਂ ਉਹ ਆਪਣੀਂ ਬਾਂਹ ਬਣੂੰ..! ਛੇ ਫ਼ੁੱਟਾ ਜੁਆਨ ਮੁੰਡੈ...।"

-"ਉਥੇ ਭੁੱਖੇ ਮਰਦੇ-ਮਰਦੇ ਐਥੇ ਆ ਕੇ ਰਾਣੀ ਖਾਂ ਦੇ ਸਾਲੇ ਬਣ ਜਾਂਦੇ ਐ, ਰਹਿਣ ਦੇ ਬਾਂਹ ਬਣਾਉਣ ਨੂੰ...! ਆਪਾਂ ਕਿਹੜਾ ਕਿਸੇ ਨਾਲ ਜੰਗ ਲੜਨੀ ਐਂ...?" ਹਨੀ ਹੱਦੋਂ ਵੱਧ ਹੈਰਾਨ ਹੋ ਗਈ। ਉਸ ਨੂੰ ਜਾਪਿਆ ਕਿ ਇਹ ਰਮਣੀਕ ਨਹੀਂ, ਕੋਈ ਬਜ਼ੁਰਗ ਅੰਦਰੋਂ ਬੋਲ ਰਿਹਾ ਸੀ। ਦਾਰੂ ਪੀ ਕੇ ਤਾਂ ਉਹ ਬਿਲਕੁਲ 'ਉੱਲੂ' ਸੀ..!

-"ਸਾਲਾ ਤਾਂ ਉਹਨੇ ਥੋਡਾ ਈ ਰਹਿਣੈਂ..? ਬਰਾਬਰ ਕੰਮ ਕਰੂ..! ਆਪਾਂ ਮਕਾਨ ਦਾ ਕਰਜਾ ਲਾਹ ਦਿਆਂਗੇ...।"

-"ਕਰਜਾ ਲਹਿਜੂ ਆਪੇ, ਬੇਬੇ ਆਖਦੀ ਹੁੰਦੀ ਸੀ, ਇੱਥੋਂ ਦੀ ਧਰਤੀ ਦਾ ਪਾਣੀ ਈ ਮਾੜੈ..! ਬੰਦਾ ਉਹਨੀਂ ਅੱਖੀਂ ਨਹੀਂ ਰਹਿੰਦਾ..! ਜਦੋਂ ਚਾਰ ਪੈਸੇ ਕੋਲੇ ਹੋ ਜਾਂਦੇ ਐ, ਮੰਗਵਾਉਣ ਵਾਲਿਆਂ ਨੂੰ ਈ ਮੱਤਾਂ ਦੇਣ ਲੱਗ ਜਾਂਦੇ ਐ, ਤੇ ਨਾਲੇ ਕੱਢਦੇ ਐ ਨਿਘੋਚਾਂ...!" ਹਨੀ ਨੇ ਅਜਿਹੀਆਂ ਗੁਣੀਂ ਗਿਆਨੀ ਗੱਲਾਂ

ਆਪਣੇਂ 'ਧੱਤੂ' ਪਤੀ-ਦੇਵ ਦੇ ਮੂੰਹੋਂ ਪਹਿਲੀ ਵਾਰ ਸੁਣੀਆਂ ਸਨ। ਉਸ ਨੇ ਆਪਣਾ ਆਖਰੀ ਅਤੇ ਸਭ ਤੋਂ ਵੱਡਾ ਹਥਿਆਰ ਵਰਤਿਆ। ਰਮਣੀਕ ਦੇ ਪੱਟਾਂ 'ਤੇ ਸਿਰ ਧਰ ਰੋਣ ਲੱਗ ਪਈ। ਰਮਣੀਕ ਦਾ ਹਮਦਰਦ ਦਿਲ ਪਿਘਲ ਗਿਆ। ਹਨੀ ਰੋਂਦੀ ਉਹ ਕਦਾਚਿੱਤ ਜਰ ਨਹੀਂ ਸਕਦਾ ਸੀ।

-"ਉਠ, ਚੁੱਪ ਕਰ..! ਮੈਨੂੰ ਦੁਖੀ ਨਾ ਕਰ, ਜਿਵੇਂ ਕਹੇਂ ਕਰਲਾਂਗੇ..!" ਉਹ ਬੋਲਿਆ। ਹਨੀ ਉਸ ਦੇ ਗਲ ਨੂੰ ਸੱਪ ਵਾਂਗ ਵਲ਼ੇਂਵਾਂ ਮਾਰ ਹੋਰ ਉਚੀ ਡੁਸਕਣ ਲੱਗ ਪਈ। ਰਮਣੀਕ ਨੇ ਮੱਝ ਦੀ ਜੀਭ ਵਰਗੀ ਜੀਭ ਉਸ ਦੀ ਧੌਣ 'ਤੇ ਫੇਰੀ। ਕਾਲੇ ਨਾਗ ਵਰਗੀ ਜੀਭ ਬੜੀ ਫੁਰਤੀ ਨਾਲ ਫਿਰ ਅੰਦਰ ਚਲੀ ਗਈ। ਹਨੀ ਦੇ ਸਰੀਰ ਨੂੰ ਝਰਨਾਹਟ ਚੜ੍ਹੀ..!

-"ਬੱਸ ਵੀ ਕਰ ਬੇਬੇ ਮੇਰੀਏ...! ਉਠ ਪੇਕ ਪਾ ਕੇ ਦੇਹ, ਸਾਲਿਆਂ ਦੀ ਨੇ ਨਸ਼ਾ ਈ ਖੋਟਾ ਕਰਤਾ...!" ਉਸ ਨੇ ਉਸ ਨੂੰ ਵਰਜਿਆ। 'ਬੇਬੇ' ਸੁਣ ਕੇ ਹਨੀ ਨੂੰ ਖੁਸ਼ੀ ਹੋਈ ਕਿ ਇਹ ਤਾਂ ਰਮਣੀਕ ਹੀ ਬੋਲ ਰਿਹਾ ਸੀ! ਦਾਰੂ ਪੀ ਕੇ ਘਰਵਾਲੀ ਨੂੰ 'ਬੇਬੇ' ਆਖਣ ਵਾਲਾ ਰਮਣੀਕ ਤੋਂ ਬਿਨਾ ਹੋਰ ਹੋ ਕੌਣ ਸਕਦਾ ਸੀ...? ਉਸ ਦੇ ਦਿਲ ਨੂੰ ਪੂਰਾ ਧਰਵਾਸ ਹੋ ਗਿਆ..।

ਅੱਖਾਂ ਅਤੇ ਨੱਕ ਪੂੰਝਦੀ ਹਨੀ ਨੇ ਚਤਰ ਨਜ਼ਰ ਨਾਲ਼ ਘੋਖ਼ਦਿਆਂ ਰਮਣੀਕ ਨੂੰ ਦਾਰੂ ਦਾ ਗਿਲਾਸ ਭਰ ਦਿੱਤਾ।

-"ਇਕ ਗੱਲ ਐ...।" ਉਸ ਨੇ ਗਿਲਾਸ ਖਾਲੀ ਕਰਕੇ ਧੁੜਧੜੀ ਲੈਂਦਿਆਂ ਆਖਿਆ।

-"ਬੇਬੇ ਆਖਦੀ ਹੁੰਦੀ ਸੀ, ਹੱਥਾਂ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਐਂ..! ਮੰਗਵਾ ਮੈਂ ਦਿੰਨੈਂ, ਪਰ ਪਿੱਛੇ ਵਰਤਣ ਵੱਲੋਂ ਵੀ ਜਾਵਾਂਗੇ..!" ਉਸ ਨੇ ਫਿਰ ਕੰਨ ਕੀਤੇ। ਹਨੀ ਨੂੰ ਉਸ ਦਾ ਦਿਮਾਗ ਫਿਰ ਟਿਕਾਣੇਂ ਆਇਆ ਜਾਪਿਆ। ਇਹ ਕਿਹੋ ਜਿਹਾ ਦਿਮਾਗ ਸੀ ਬੰਦੇ ਦਾ...? ਕਦੇ ਬਹੁਤੀਆਂ ਹੀ ਸਚਿਆਰੀਆਂ ਗੱਲਾਂ ਕਰਨ ਲੱਗ ਪੈਂਦਾ ਸੀ ਅਤੇ ਕਦੇ ਲੰਡਰ ਕੁੱਤੇ ਵਾਂਗ ਵਾਹਣੀਂ ਜਾ ਖੜ੍ਹਦਾ ਸੀ..?

-"ਕਿਵੇਂ ਜਾਵਾਂਗੇ ਵਰਤਣ ਵੱਲੋਂ...? ਮੈਂ ਕਾਹਦੇ ਆਸਤੇ ਬੈਠੀ ਐਂ...? ਮੇਰਾ ਭਰਾ ਐ, ਮਾਰ ਮਾਰ ਛਿੱਤਰ ਸਿਰ ਨਾ ਗੰਜਾ ਕਰਦੂੰ...?" ਉਹ ਲੜਨ ਵਾਲ਼ਿਆਂ ਵਾਂਗ ਬੋਲੀ।

-"ਚਲੋ...! ਮੰਨ ਲੈਨੇ ਐਂ, ਪਰ ਮੰਗਵਾਉਣਾ ਸਿਰਫ਼ ਮੈਂ ਤੇਰੇ ਕਰਕੇ ਐ..!"

-"ਮੈਂ ਹਿੱਕ ਠੋਕ ਕੇ ਆਖਦੀ ਆਂ..! ਜੇ ਥੋਡਾ ਪਾਣੀ ਨਾ ਭਰੇ, ਮੈਨੂੰ ਫੜ ਲਿਓ...।" ਉਹ ਅਮਰ ਵੇਲ ਵਾਂਗ ਰਮਣੀਕ ਦੁਆਲੇ ਲਿਪਟ ਗਈ।

-"ਉਹ ਤਾਂ ਮੈਂ ਫੜ ਈ ਲੈਣੀਂ ਐਂ...!" ਦਾਰੂ ਨਾਲ਼ 'ਤੋਤਾ' ਬਣੇ ਰਮਣੀਕ ਨੇ ਹਨੀ ਨੂੰ ਸੱਪ ਵਾਂਗ ਗੁੰਝਲ਼ੀ ਵਿਚ ਲੈ ਲਿਆ।

ਗੱਲ ਪੱਕੀ ਹੋ ਗਈ।

ਪੂਰਾ ਹਫ਼ਤਾ ਹਨੀ ਨੇ ਰਮਣੀਕ ਨੂੰ ਦਾਰੂ ਵਿਚ 'ਟੁੰਨ' ਰੱਖਿਆ। ਸਕਿਉਰਿਟੀ ਵਿਚੋਂ 'ਬਿਮਾਰ ਐ' ਆਖ ਕੇ ਦੋ ਹਫ਼ਤੇ ਦੀ ਛੁੱਟੀ ਦੁਆ ਲਈ। ਦਿਨ ਰਾਤ ਰਮਣੀਕ ਦੁਆਲੇ ਦਾਰੂ ਦਾ ਗਿਲਾਸ ਗੇੜੀਂ ਪਿਆ ਰਹਿੰਦਾ। ਦਸਾਂ ਦਿਨਾਂ ਦੇ ਵਿਚ-ਵਿਚ ਹੀ ਬੁੱਕਣ ਦੀ ਟਿਕਟ ਅਤੇ ਰਾਹਦਾਰੀ ਇੰਜ ਪਿੰਡ ਜਾ ਵੱਜੀ, ਜਿਵੇਂ ਮੁੰਡਾ ਹੋਏ ਤੋਂ ਖੁਸਰੇ ਆ ਵੱਜਦੇ ਐ।

ਘਰ ਵਿਚ ਰੌਣਕ ਆ ਗਈ। ਮੂਧਾ ਵੱਜਦਾ ਘਰ ਪੈਰਾਂ 'ਤੇ ਹੁੰਦਾ ਜਾਪਿਆ। ਬੁੱਕਣ ਨੇ ਸ਼ੀਸ਼ਾ ਅਤੇ ਮੋਚਨਾ ਨਾਲੀ ਵਿਚ ਵਗਾਹ ਕੇ ਮਾਰਿਆ ਅਤੇ ਗੁਰਮੇਲ ਨਾਈ ਦੀ ਦੁਕਾਨ 'ਤੇ ਜਾ ਖੜ੍ਹਾ।

-"ਬਾਈ, ਦਾੜ੍ਹੀ ਤੇ ਮੁੱਛਾਂ 'ਚੋਂ 'ਕੱਲਾ 'ਕੱਲਾ ਧੌਲਾ ਚੁਗ ਦੇਹ..! ਇਕ ਨਾ ਰਹੇ...!" ਉਸ ਨੇ ਗੁਰਮੇਲ ਨੂੰ ਅਬਦਾਲੀ ਹੁਕਮ ਕੀਤਾ।

ਗੁਰਮੇਲ ਹੱਸ ਪਿਆ।

-"ਬੁੱਕਣਾਂ...! ਇਹ ਤਾਂ ਸਾਰੀ ਈ ਬੱਗੀ ਹੋਈ ਪਈ ਐ..? ਆਖੇਂ ਤਾਂ ਸਾਰੀ ਦਾੜ੍ਹੀ ਈ ਖਿੱਚ ਦਿੰਨੈਂ, ਤੇ ਨਾਲੇ ਧੂਹ ਦਿੰਨੈਂ ਮੁੱਛਾਂ, ਕੰਮ ਨਿੱਬੜੂ...!"

-"ਬਾਈ ਗੁਰਮੇਲ..! ਬਾਹਰ ਜਾਣੈਂ..! ਬੱਸ ਅੱਜ ਐਂ, ਪਤਾ ਨਹੀਂ ਕੱਲ੍ਹ ਐਂ..?" ਉਸ ਨੇ ਬਹੁਤ

ਧੀਮੀ ਅਵਾਜ਼ ਵਿਚ ਕਿਹਾ।

-"ਫੇਰ ਇਉਂ ਕਰ...! ਰਾਤ ਨੂੰ ਆ ਜਾਈਂ, ਇਹਦੇ 'ਤੇ ਦੁਆਈ ਲਾ ਦਿਆਂਗੇ..! ਨਾਲੇ ਪਾਲਟੀ ਦੀ ਬੋਤਲ ਫੜੀ ਆਈਂ, ਰੰਗ ਵਾਹਵਾ ਚੜੂ...।" ਗੁਰਮੇਲ ਬੋਲਿਆ।

ਰਾਤ ਨੂੰ ਮੁਫ਼ਤੀ ਦੀ ਰੂੜੀ-ਮਾਰਕਾ ਪੀ ਕੇ ਗੁਰਮੇਲ ਨੇ ਬੁੱਕਣ ਨੂੰ ਬਲੀ ਦੇਣ ਵਾਲੇ ਮੁਰਗੇ ਵਰਗਾ ਬਣਾ ਦਿੱਤਾ।

ਸਿਰ ਦੇ ਝਾਫ਼ੇ ਵਰਗੇ ਵਾਲ਼ ਵੀ ਰੰਗ ਦਿੱਤੇ।

ਅੰਬੈਸੀ ਦੀ ਕਾਰਵਾਈ ਤੋਂ ਬਾਅਦ ਭਲੇ ਵੇਲ਼ੇ ਵਿਚ ਬੁੱਕਣ ਨੂੰ ਇੰਗਲੈਂਡ ਦਾ ਵੀਜ਼ਾ ਮਿਲ਼ ਗਿਆ। ਹਨੀ ਦਾ ਕਾਰਜ ਰਾਸ ਆ ਗਿਆ। ਰਮਣੀਕ ਨੇ ਖ਼ੁਸ਼ੀ ਕੀਤੀ। ਉਸ ਕੋਲ਼ ਟਾਈਮ ਨਹੀਂ ਸੀ। ਰਮਣੀਕ ਨੂੰ ਕੋਸ਼ਿਸ਼ ਕਰਨ 'ਤੇ ਵੀ ਛੁੱਟੀ ਨਾ ਮਿਲ਼ ਸਕੀ। ਉਸ ਨੇ ਯਾਰਾਂ ਦੋਸਤਾਂ ਨੂੰ ਬੁੱਕਣ ਨੂੰ ਏਅਰਪੋਰਟ ਤੋਂ ਲਿਆਉਣ ਦੀ ਬੇਨਤੀ ਕੀਤੀ। ਸਾਰੇ ਮਿੱਤਰਾਂ ਨੇ ਕਮਰਕਸੇ ਕਰ ਲਏ। ਉਹਨਾਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਪ੍ਰਮ-ਮਿੱਤਰ ਦੇ ਸਾਲ਼ਾ ਸਾਹਿਬ ਨੇ ਭਾਰਤ ਤੋਂ ਉਹਨਾਂ ਕੋਲ਼ 'ਬਾਹਰ' ਆਉਣਾ ਸੀ। ਉਸ ਨੇ ਆਪਣੇ ਮਿੱਤਰਾਂ ਦੋਸਤਾਂ ਕੋਲ਼ ਪਹੁੰਚ ਕੀਤੀ ਸੀ, "ਸਾਲੇ ਨੇ ਆਉਣੈਂ ਯਾਰ..! ਜੇ ਤੁਸੀਂ ਉਹਨੂੰ ਹੀਥਰੋ ਏਅਰਪੋਰਟ ਤੋਂ ਲੈ ਆਵੋਂ...?" ਦੋਸਤਾਂ ਨੇ ਹੁੰਗਾਰਾ ਭਰ ਦਿੱਤਾ ਸੀ। ਰਮਣੀਕ ਨੇ ਇਹ ਵੀ ਦੱਸਿਆ ਕਿ ਸਾਲ਼ਾ ਸਾਹਿਬ ਤਾਂ 'ਸਿੱਧਰੇ' ਜਿਹੇ ਹੀ ਹਨ, ਕੋਈ ਉੱਘ ਦੀ ਪਤਾਲ਼ ਗੱਲ ਕਰ ਦੇਵੇ, ਤਾਂ ਬਾਈ ਬਣਕੇ ਗੁੱਸਾ ਨਾ ਕਰਿਓ..! ਉਹਨਾਂ ਨੇ ਇਹ ਵੀ ਹੱਸ ਕੇ ਕਬੂਲ ਕਰ ਲਿਆ। ਰਮਣੀਕ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਅਗਰ ਆਪਾਂ ਸਾਲ਼ਾ ਸਾਹਿਬ ਨੂੰ ਏਅਰਪੋਰਟ ਤੋਂ ਨਾ ਲੈਣ ਗਏ ਤਾਂ ਘਰਵਾਲੀ ਸਾਹਿਬਾਂ ਘਰ ਵਿਚ ਬੁਸ਼-ਸੱਦਾਮ ਜੰਗ ਖੜ੍ਹੀ ਕਰ ਦੇਵੇਗੀ। ਤਾਂ ਦੋਸਤਾਂ ਨੇ ਉਸ ਨੂੰ ਨਿਸਚਿੰਤ ਹੋ ਜਾਣ ਲਈ ਹਿੱਕ ਠੋਕ ਦਿੱਤੀ ਅਤੇ ਆਪਣੇ ਬਾਕੀ ਸੱਜਣ-ਮਿੱਤਰਾਂ ਨੂੰ ਤਿਆਰੀ ਕਸ ਲੈਣ ਲਈ ਆਖਿਆ। ਸਾਲ਼ਾ ਸਾਹਿਬ ਨੂੰ ਲੈ ਕੇ ਆਉਣਾ ਸੀ, ਕੋਈ ਲੱਲੋ-ਪੱਤੋ ਗੱਲ ਨਹੀਂ ਸੀ! ਕੀ ਹੋ ਗਿਆ ਸੀ ਕਿ ਉਹ ਰਮਣੀਕ ਦਾ ਸਾਲ਼ਾ ਸੀ? ਉਹਨਾਂ ਦਾ ਵੀ ਤਾਂ 'ਕੁਛ' ਲੱਗਦਾ ਹੀ ਸੀ...? ਮਿੱਤਰ ਦੀ ਮਾਂ, ਉਹਨਾਂ ਦੀ ਮਾਂ...! ਮਿੱਤਰ ਦਾ ਭਰਾ, ਉਹਨਾਂ ਦਾ ਭਰਾ...! ਮਿੱਤਰ ਦਾ ਬਾਪ, ਉਹਨਾਂ ਦਾ ਬਾਪ...! ਮਿੱਤਰ ਦੇ ਸਾਲ਼ਾ ਸਾਹਿਬ ਵੀ ਤਾਂ ਉਹਨਾਂ ਦੇ 'ਸਾਲਾ ਸਾਹਿਬ' ਹੀ ਲੱਗੇ ਨ੍ਹਾ...?

ਖ਼ੈਰ! ਉਹਨਾਂ ਨੇ ਨੌਂ ਸੀਟਾਂ ਵਾਲੀ ਵੈਨ ਕਿਰਾਏ 'ਤੇ ਲੈ ਲਈ ਅਤੇ ਸੱਤ ਜਾਣਿਆਂ ਨੇ ਲੰਡਨ ਹੀਥਰੋ ਏਅਰਪੋਰਟ ਨੂੰ ਚਾਲੇ ਪਾ ਦਿੱਤੇ। ਉਹਨਾਂ ਦਾ ਖਾਣ-ਪੀਣ ਅਤੇ ਪੈਟਰੋਲ ਦਾ ਖਰਚਾ ਰਮਣੀਕ ਸਿਰ ਸੀ। ਚਾਰ ਬੈਲਨਟਾਈਨ ਦੀਆਂ ਬੋਤਲਾਂ ਉਹਨਾਂ ਨੇ ਵੈਨ ਵਿੱਚ ਰੱਖ ਲਈਆਂ ਸਨ। ਬਾਕੀ ਖਾਣ ਪੀਣ ਦਾ ਪ੍ਰਬੰਧ ਰਸਤੇ 'ਚੋਂ ਹੀ ਹੋ ਜਾਣਾ ਸੀ। ਹਾਸਾ ਠੱਠਾ ਕਰਦੇ ਉਹ ਸਾਰੇ ਸਵੇਰੇ ਦਸ ਕੁ ਵਜੇ ਲੰਡਨ ਦੇ ਏਅਰਪੋਰਟ 'ਤੇ ਪੁੱਜ ਗਏ। ਸਾਲ਼ਾ ਸਾਹਿਬ ਦੀ ਫ਼ਲਾਈਟ ਸਹੀ ਟਾਈਮ 'ਤੇ ਗਿਆਰ੍ਹਾਂ ਵਜੇ ਹੀ ਆ ਰਹੀ ਸੀ। ਉਹਨਾਂ ਦੇ ਡਰਾਈਵਰ ਤੋਂ ਛੁੱਟ ਬਾਕੀ ਭਾਈਬੰਦਾਂ ਨੇ ਫ਼ਲਾਈਟ ਦਾ ਸਮਾਂ ਪੜ੍ਹ ਕੇ ਇਕ-ਇਕ ਪੈੱਗ ਲਾ ਲਿਆ। ਏਅਰਪੋਰਟ 'ਤੇ ਭਲਵਾਨੀ ਗੇੜੇ ਦਿੱਤੇ, ਜਿਵੇਂ ਮੁੰਡੇ-ਖੁੰਡੇ ਕਿਸੇ ਬਰਾਤ ਵਿਚ ਜਾ ਕੇ ਬਿਗਾਨੇ ਪਿੰਡ ਵਿਚ ਦਿੰਦੇ ਹਨ।

ਮੋਰ ਵਾਂਗ ਖੰਭ ਜਿਹੇ ਖਿਲਾਰ ਕੇ ਗਿਆਰਾਂ ਵਜੇ ਫ਼ਲਾਈਟ ਆ ਉੱਤਰੀ। ਰਮਣੀਕ ਦੇ ਸਾਲ਼ਾ ਸਾਹਿਬ, ਬੁੱਕਣ ਸਿੰਘ ਬਾਹਰ ਆ ਗਏ। ਬਿਲਕੁਲ ਸਿੱਧ ਪੱਧਰਾ ਬੰਦਾ...! ਹਲ ਵਾਹ ਪੇਂਡੂ ਜੱਟ...! ਇਕ ਹੱਥ ਵਿਚ ਅਟੈਚੀ ਅਤੇ ਦੂਜੇ ਹੱਥ ਵਿਚ ਬਿਸਕੁਟਾਂ ਵਾਲਾ ਪੀਪਾ ਫੜਿਆ ਹੋਇਆ। ਪੀਪੇ ਦੀ ਕੁੰਡੀ ਵਿਚ, ਖੁੱਲ੍ਹ ਜਾਣ ਦੇ ਡਰੋਂ ਇਕ ਡੱਕਾ ਅੜਾਇਆ ਹੋਇਆ ਸੀ। ਰਮਣੀਕ ਦੇ ਦੱਸਣ ਅਨੁਸਾਰ, ਸਾਲਾ ਸਾਹਿਬ ਦੀ ਚਾਲ-ਢਾਲ ਅਤੇ ਬਿਸਕੁਟਾਂ ਵਾਲੇ ਪੀਪੇ ਤੋਂ ਉਹਨਾਂ ਨੂੰ ਸਾਲ਼ਾ ਸਾਹਿਬ ਨੂੰ ਪਹਿਚਾਨਣ ਵਿਚ ਕੋਈ ਅੜੱਚਣ ਨਹੀਂ ਆਈ ਸੀ। ਜਦੋਂ ਉਹਨਾਂ ਨੇ ਉਸ ਨੂੰ ਆਪਣੀ ਜਾਣ-ਪਹਿਚਾਣ ਦੱਸੀ ਤਾਂ ਉਸ ਨੇ ਵੱਡੀ ਸਾਰੀ "ਸੌਸਰੀਕਾਲ ਬਾਈ ਜੀ...!" ਆਖਿਆ। ਅਟੈਚੀ ਤਾਂ ਉਹਨਾਂ ਨੇ ਫੜ ਲਿਆ, ਪਰ ਪੀਪੇ ਨੂੰ ਕਿਸੇ ਨੇ ਏਡਜ਼ ਦੇ ਮਰੀਜ਼ ਵਾਂਗ ਹੱਥ ਨਾ ਪਾਇਆ। ਚਾਹੇ ਉਹ ਭਾਈਬੰਦ ਵੀ ਪੰਜਾਬ ਤੋਂ ਮੱਕੀਆਂ ਗੁੱਡਦੇ ਹੀ ਇੱਥੇ

ਆਏ ਸੀ, ਪਰ ਐਥੇ ਆ ਕੇ ਉਹਨਾਂ ਦੀ 'ਪੁਜੀਸ਼ਨ' ਕੁਝ 'ਉੱਚੀ' ਹੋ ਗਈ ਸੀ। ਚਾਹੇ ਉਹਨਾਂ 'ਚੋਂ ਗਿੱਲ ਵੀ ਬੱਧਨੀ ਕਲਾਂ ਤੋਂ ਖ਼ੁਦ ਬਿਸਕੁਟ ਕਢਵਾ ਕੇ ਲਿਆਉਂਦਾ ਰਿਹਾ ਸੀ, ਪਰ ਅੱਜ ਉਸ ਨੂੰ ਵੀ ਪੀਪੇ ਨੂੰ ਹੱਥ ਲਾਉਂਦਿਆਂ ਸ਼ਰਮ ਆ ਰਹੀ ਸੀ। ਦਿਨਾਂ ਦਿਨਾਂ ਗੱਲ ਹੁੰਦੀ ਐ...! ਸਮੇਂ ਸਮੇਂ ਅਨੁਸਾਰ ਬੰਦਾ ਤਾਂ ਕੀ, ਪਸ਼ੂ ਵੀ ਬਦਲ ਜਾਂਦੈ...!

-"ਸਾਲ਼ ਗਰਾਮ ਜੀ ਪੈੱਗ ਲਾਓਂਗੇ...?" ਕੁਲਵੰਤ ਨੇ ਇੱਜ਼ਤ ਕਰਦਿਆਂ ਪੁੱਛਿਆ।

-"ਲਾਊਂਗਾ-ਲਾਊਂਗਾ...! ਜਰੂਰ ਲਾਊਂਗਾ ਯਾਰ ਬਾਈ...!" ਪੈੱਗ ਦਾ ਨਾਂ ਲਏ ਤੋਂ ਉਸ ਨੂੰ ਗਧੇ ਵਾਂਗ ਹੀਂਗਣਾ ਛੁੱਟ ਪਿਆ।

ਭਾਈਬੰਦ ਨੇ ਪੈੱਗ ਪਾ ਦਿੱਤਾ।

ਸਾਲ਼ਾ ਸਾਹਿਬ ਨੇ ਸ਼ਰਬਤ ਪੀਣ ਵਾਂਗ ਪੈੱਗ ਇਕੋ ਸਾਹ ਸਿਰੇ ਲਾ ਦਿੱਤਾ।

-"ਇਕ ਹੋਰ ਪਾ ਯਾਰ...! ਇਹਦੇ ਨਾਲ ਤਾਂ ਖਸਮਾਂ ਨੂੰ ਖਾਣੀਂ ਧਰਨ ਵੀ ਗਿੱਲੀ ਨ੍ਹੀ ਹੋਈ...।"

ਕੁਲਵੰਤ ਨੇ ਇਕ ਹੋਰ ਪੈੱਗ ਪਾ ਦਿੱਤਾ। ਸਾਲ਼ਾ ਸਾਹਿਬ ਨੇ ਉਹ ਵੀ ਧੁਰ ਲਾ ਦਿੱਤਾ।

-"ਚਲੋ, ਚਾਲੇ ਪਾਓ..! ਜਾ ਕੇ ਦੋ ਘੰਟੇ ਸੌਣਾਂ ਵੀ ਐ, ਰਾਤ ਨੂੰ ਕੰਮ 'ਤੇ ਵੀ ਜਾਣੈਂ...।"

ਗੱਡੀ ਤੁਰ ਪਈ।

ਅਜੇ ਉਹ 'ਮੋਟਰ-ਵੇ' 'ਤੇ ਅਜੇ ਚੜ੍ਹੇ ਨਹੀਂ ਸੀ ਕਿ ਬੁੱਕਣ ਨੇ 'ਰੋਕੀਂ-ਰੋਕੀਂ' ਦਾ ਰੌਲਾ ਪਾ ਦਿੱਤਾ। ਭਾਈਬੰਦ ਨੇ ਵੈਨ ਰੋਕ ਲਈ। ਉਹਨਾਂ ਨੇ ਸੋਚਿਆ ਕਿਤੇ ਸਾਲ਼ਾ ਸਾਹਿਬ ਦਾ ਦਿਲ ਨਾ ਘਿਰਨ ਲੱਗ ਪਿਆ ਹੋਵੇ...? ਜਹਾਜ ਦਾ ਸਫ਼ਰ, ਅਨੀਂਦਰਾ ਅਤੇ ਫੇਰ ਬਾਹਰਲਾ ਠੰਡਾ ਮੌਸਮ...!

-"ਕੀ ਗੱਲ ਹੋ ਗਈ...?" ਡਰਾਈਵਰ ਭਾਈਬੰਦ ਨੇ ਪੁੱਛਿਆ।

-"ਮੈਨੂੰ ਇਉਂ ਲੱਗਿਐ, ਜਿਵੇਂ ਔਹ ਮਗਰਲੀ ਕਾਰ ਕੁੜੀ ਚਲਾਉਂਦੀ ਹੁੰਦੀ ਐ...?" ਬੁੱਕਣ ਨੇ ਬਚਨ ਕੀਤੇ।

ਸਾਰੇ ਹੱਸ ਪਏ।

-"ਇੱਥੇ ਬਾਈ ਜੀ ਕੁੜੀਆਂ ਹੋਰ ਬਹੁਤ ਕੁਛ ਕਰਦੀਐਂ..! ਕਾਰਾਂ ਵੀ ਕੁੜੀਆਂ ਈ ਚਲਾਉਂਦੀਐਂ, ਕੋਈ ਸ਼ੱਕ ਨ੍ਹੀ...।" ਗੱਡੀ ਫਿਰ ਤੋਰ ਲਈ ਗਈ।

-"ਕਮਾਲ ਦੀ ਗੱਲ ਐ ਬਈ...!" ਉਹ ਖਿੜ ਖਿੜਾ ਕੇ ਹੱਸ ਪਿਆ। ਰਸਤੇ ਵਿਚ ਪੈੱਗ-ਸ਼ੈੱਗ ਲਾਉਂਦੇ ਉਹ ਤਿੰਨ ਕੁ ਘੰਟਿਆਂ ਬਾਅਦ ਰਮਣੀਕ ਦੇ ਘਰ ਆ ਗਏ। ਸਾਲ਼ਾ ਸਾਹਿਬ ਆਪਣੀ ਭੈਣ ਹਨੀ ਨੂੰ ਕੁੜੀ ਦੇ ਕਾਰ ਚਲਾਉਣ ਦੀਆਂ ਗੱਲਾਂ ਦੱਸਣ ਲੱਗ ਪਏ। ਸਾਲਾ ਸਾਹਿਬ ਦੀ ਭੈਣ ਅਰਥਾਤ ਭਾਈਬੰਦਾਂ ਦੀ ਭਰਜਾਈ ਜੀ ਆਪਣੇ ਭਰਾ ਦੀਆਂ ਝੱਲ-ਵਲੱਲੀਆਂ ਗੱਲਾਂ ਸੁਣ ਕੇ ਸ਼ਰਮ ਖਾ ਰਹੀ ਸੀ। ਉਹਨਾਂ ਨੇ ਵੀ ਜਾਣਾ ਹੀ ਬਿਹਤਰ ਸਮਝਿਆ। ਜਦੋਂ ਉਹ ਤੁਰਨ ਲੱਗੇ ਤਾਂ ਰਮਣੀਕ ਵੀ ਕੰਮ ਤੋਂ ਆ ਗਿਆ। ਉਸ ਨੇ ਉਹਨਾਂ ਦਾ ਧੰਨਵਾਦ ਕੀਤਾ ਅਤੇ ਬੋਤਲ ਕੱਢ ਕੇ ਅੱਗੇ ਰੱਖ ਦਿੱਤੀ। ਬੁੱਕਣ ਸਾਹਿਬ ਹਲਵਾਈ ਦੇ ਕੁੱਤੇ ਵਾਂਗ ਰਸੋਈ ਵਿਚ ਜਾ ਵੜੇ ਸਨ। ਰਸੋਈ ਵਿਚ ਜਿਹੜਾ ਕੁਝ ਦਿਸਿਆ, ਨਬੇੜ ਦਿੱਤਾ...।

-"ਸਾਲਾ ਐਥੋਂ ਦਾ ਸਾਗ ਬਕਬਕਾ ਜਿਐ...!" ਕੁੱਤੇ ਵਾਂਗ ਮੂੰਹ ਮਾਰਦੇ ਸਾਲ਼ਾ ਸਾਹਿਬ ਨੇ ਬਾਹਰ ਆਉਂਦਿਆਂ, ਮੂੰਹ ਘਸਮੈਲ਼ਾ ਜਿਹਾ ਕਰਦਿਆਂ ਕਿਹਾ।

-"ਵੇ ਕਿਹੜਾ ਸਾਗ...? ਸਾਗ ਤਾਂ ਮੈਂ ਬਣਾਇਆ ਈ ਨ੍ਹੀ...!" ਹਨੀ ਪਿੱਟਣ ਵਾਂਗ ਬੋਲੀ।

-"ਉਹ ਜਿਹੜਾ ਕੌਲੀ 'ਚ ਪਿਆ ਸੀ, ਉਹ ਕੀ ਸੀ...?"

-"ਹਾਏ ਮੈਂ ਮਰਜਾਂ, ਫਿੱਟ੍ਹੇ ਮੂੰਹ...! ਵੇ ਮਰ ਜਾਣਿਆਂ...! ਉਹ ਤਾਂ ਮੈਂ ਮਹਿੰਦੀ ਘੋਲ ਕੇ ਰੱਖੀ ਸੀ, ਆਬਦੇ ਸਿਰ 'ਚ ਲਾਉਣ ਵਾਸਤੇ...!"

ਸਾਰੇ ਹੱਸ ਪਏ।

ਸਾਲਾ ਸਾਹਿਬ ਛਿੱਥੇ ਜਿਹੇ ਪੈ ਗਏ।

-"ਕੋਈ ਗੱਲ ਨ੍ਹੀ ਭਰਜਾਈ..! ਮਹਿੰਦੀ ਕੋਈ ਮਾੜੀ ਚੀਜ ਨ੍ਹੀ, ਅੰਦਰ ਲਾਲੀ ਝਗੜੂ...!"

ਭਾਈਬੰਦਾਂ ਨੇ ਗੱਲ ਹਾਸੇ ਪਾ ਲਈ ਕਿ ਹਨੀ ਨਮੋਸ਼ੀ ਨਾ ਮੰਨ ਜਾਵੇ!

-"ਬੇੜੀ ਬਹਿਣਿਆਂ, ਤੂੰ ਊਤ ਦਾ ਊਤ ਈ ਰਿਹਾ...! ਐਥੇ ਆ ਕੇ ਕੀ ਤੂੰ ਲੱਲ੍ਹਰ ਲਾਦੇਂਗਾ...?" ਹਨੀ ਨੂੰ ਬੇਇੱਜ਼ਤੀ ਡੋਬੀ ਜਾਂਦੀ ਸੀ।

ਪੈੱਗ ਸ਼ੈਗ ਲਾ ਕੇ ਮਿੱਤਰ ਚਲੇ ਗਏ।

ਕੁਲਵੰਤ ਨੂੰ ਤੀਜੇ ਦਿਨ ਹਨੀ ਦਾ ਫ਼ੋਨ ਆ ਗਿਆ। ਬੁੱਕਣ ਦੇ ਵਾਲ਼ ਝੜਦੇ ਸਨ। ਸਿਰ ਵਿਚ ਸਿੱਕਰੀ ਸੀ। ਡਾਕਟਰ ਦੇ ਲੈ ਕੇ ਜਾਣਾ ਸੀ। ਹਨੀ ਦੀ ਡਿਊਟੀ ਕਸੂਤੀ ਸੀ। ਇਸ ਕਰਕੇ ਇਹ ਸੇਵਾ ਵੀ ਕੁਲਵੰਤ ਦੇ ਹਿੱਸੇ ਹੀ ਆਉਣੀ ਸੀ। ਕੁਲਵੰਤ ਸੋਮਵਾਰ ਨੂੰ ਬੁੱਕਣ ਨੂੰ ਡਾਕਟਰ ਦੇ ਲੈ ਗਿਆ। ਜਦੋਂ ਉਹਨਾਂ ਦੀ ਵਾਰੀ ਆਈ ਤਾਂ ਬੁੱਕਣ ਡਾਕਟਰ ਨੂੰ ਦੇਖ ਕੇ ਹੀ ਭੱਜ ਤੁਰਿਆ। ਕੁਲਵੰਤ ਨੇ ਕੁੱਤੇ ਵਾਂਗ ਮਗਰ ਮਗਰ ਤੀੜ ਦੇ ਲਈ! ਜਦ ਕੁਲਵੰਤ ਨੇ ਉਸ ਨੂੰ ਘੇਰ ਕੇ ਕਾਰਨ ਪੁੱਛਿਆ ਤਾਂ ਉਹ ਹਫ਼ਿਆ ਬੋਲਿਆ, "ਡਾਕਟਰ ਤਾਂ ਭੈਣ ਦੇਣਾ ਆਪ ਗੰਜੈ, ਮੇਰਾ 'ਲਾਜ ਉਹ ਸੁਆਹ ਕਰੂ...?" ਕੁਲਵੰਤ ਨੂੰ ਹਾਸੇ ਦੇ ਨਾਲ ਨਾਲ ਗੁੱਸਾ ਵੀ ਆਈ ਜਾਵੇ। ਪਰ ਫਿਰ ਵੀ ਉਸ ਨੇ ਆਪਣੇ ਮਿੱਤਰ ਦੀ ਯਾਰੀ ਦਾ ਲਿਹਾਜ ਕਰਦਿਆਂ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਬੇਅਰਥ..! ਆਪਣੀ ਇੱਜ਼ਤ ਆਪਣੇ ਹੱਥ ਲੈ ਕੇ ਉਹ ਵਾਪਿਸ ਆ ਗਏ।

ਕੁਝ ਦਿਨਾਂ ਬਾਅਦ ਫਿਰ ਰਮਣੀਕ ਨੇ ਕੁਲਵੰਤ ਕੋਲ ਪਹੁੰਚ ਕੀਤੀ, ਸਾਲਾ ਸਾਹਿਬ ਨੂੰ ਕੰਮ 'ਤੇ ਲੁਆਓ...! ਕੁਲਵੰਤ ਨੇ ਅੱਗੇ ਆਪਣੇ ਮਿੱਤਰਾਂ ਦੀ ਡਿਊਟੀ ਲਾ ਦਿੱਤੀ। ਇਕ ਮਿੱਤਰ ਦੀ ਫ਼ੈਕਟਰੀ ਵਿਚ ਇਕ ਸਫ਼ਾਈ ਕਰਨ ਵਾਲੇ ਬੰਦੇ ਦੀ ਜ਼ਰੂਰਤ ਸੀ। ਬੁੱਕਣ ਸਿਉਂ ਪਹਿਲਾਂ ਤਾਂ ਲੱਤ ਹੀ ਨਾ ਲਾਵੇ, ਅਖੇ ਮੈਂ ਜੱਟ ਪੁੱਤ ਐਂ, ਮੈਂ ਕੋਈ ਭੰਗੀ ਨ੍ਹੀ..! ਸਫ਼ਾਈ ਕਾਹਤੋਂ ਕਰਾਂ...? ਚਲੋ, ਉਸ ਨੂੰ ਪਲੋਸ ਬੁਸ਼ਕਾਰ ਕੇ ਸਮਝਾਇਆ ਕਿ ਇਕ ਵਾਰੀ ਇਹ ਡਿਊਟੀ ਲੈ-ਲਾ, ਜਦੋਂ ਵੀਜ਼ਾ ਲੱਗ ਗਿਆ, ਕੋਈ ਹੋਰ ਠੋਰਾ ਲੱਭ ਲਵਾਂਗੇ। ਬੁੱਕਣ ਸਿਉਂ ਮੰਨ ਗਿਆ।

ਕੁਲਵੰਤ ਦੇ ਮਿੱਤਰ ਦੀ ਜੱਦੋਜਹਿਦ ਰੰਗ ਲਿਆਈ।

ਸਾਲ਼ਾ ਸਾਹਿਬ ਨੂੰ ਕੰਮ 'ਤੇ ਲਾ ਦਿੱਤਾ। ਉਸ ਨੇ ਬਾਹਰਲੀ ਸਫ਼ਾਈ ਦੇ ਨਾਲ-ਨਾਲ ਪੁਰਸ਼ਾਂ ਦੀਆਂ ਟੁਆਇਲਟਾਂ ਵੀ ਸਾਫ਼ ਕਰਨੀਆਂ ਸਨ। ਔਰਤਾਂ ਵਾਲੀਆਂ ਟੁਆਇਲਟਾਂ ਵਿਚ ਜਾਣ ਦੀ ਸਖ਼ਤ ਮਨਾਹੀ ਸੀ। ਔਰਤਾਂ ਦੀਆਂ ਟੁਆਇਲਟਾਂ ਦੀ ਸਫ਼ਾਈ ਸਿਰਫ਼ ਔਰਤ ਕਰਮਚਾਰੀ ਹੀ ਕਰਦੀਆਂ ਸਨ। ਕੁਲਵੰਤ ਦੇ ਮਿੱਤਰ ਨੇ ਸਾਲ਼ਾ ਸਾਹਿਬ ਨੂੰ ਸਮਝਾਇਆ ਹੋਇਆ ਸੀ ਕਿ ਗੋਰੀ ਚਮੜੀ ਕੰਮ ਦੀ ਹੈ, ਚੰਮ ਦੀ ਨਹੀਂ...! ਜਿੰਨਾਂ ਫ਼ੋਰਮੈਨ ਨੂੰ ਖ਼ੁਸ਼ ਰੱਖੇਂਗਾ, ਉਹ ਉਤਨਾ ਹੀ ਤੇਰੇ 'ਤੇ ਮਿਹਰਵਾਨ ਹੋਵੇਗਾ...! ਹੋ ਸਕਦੈ ਉਹ ਖ਼ੁਸ਼ ਹੋ ਕੇ ਤੈਨੂੰ ਮੇਰੇ ਨਾਲ ਦੀ ਮਸ਼ੀਨ 'ਤੇ ਹੀ ਕੰਮ ਦੇ ਦੇਵੇ...? ਬੁੱਕਣ ਨੇ ਗੱਲ ਲੜ ਬੰਨ੍ਹ ਲਈ। ਸਫ਼ਾਈ ਪੱਖੋਂ ਉਹ ਕੋਈ ਸ਼ਕਾਇਤ ਨਹੀਂ ਆਉਣ ਦਿੰਦਾ ਸੀ। ਸਫ਼ਾਈ ਦੀ 'ਨ੍ਹੇਰੀ' ਲਿਆਈ ਰੱਖਦਾ ਸੀ।

ਇਕ ਦਿਨ ਉਹ ਫ਼ੋਰਮੈਨ ਨੂੰ 'ਖ਼ੁਸ਼' ਕਰਨ ਲਈ ਪੁਰਸ਼ਾਂ ਵਾਲੀਆਂ ਟੁਆਇਲਟਾਂ ਲਿਸ਼ਕਾ-ਚਮਕਾ ਕੇ ਸਫ਼ਾਈ ਕਰਨ ਲਈ ਔਰਤਾਂ ਵਾਲੀਆਂ ਟੁਆਇਲਟਾਂ ਵਿਚ ਜਾ ਵੜਿਆ। ਅਜੇ ਉਸ ਨੇ ਪੌੜੀ ਲਾ ਕੇ ਉਪਰਲੇ ਸ਼ੀਸ਼ਿਆਂ ਦੀ ਸਫ਼ਾਈ ਸ਼ੁਰੂ ਕੀਤੀ ਹੀ ਸੀ ਕਿ ਹੇਠਾਂ ਟੁਆਇਲਟ ਉਪਰ ਬੈਠੀ ਬੁੱਢੀ ਗੋਰੀ ਨੇ ਰੌਲਾ ਪਾ ਕੇ ਛੱਤ ਸਿਰ 'ਤੇ ਚੁੱਕ ਲਈ, "ਓਹ ਯੂ ਨੌਨਸੈਂਸ...! ਯੂ ਫ਼ੱਕ ਔਫ਼, ਗੈੱਟ ਲੌਸਟ, ਯੂ ਬਲੱਡੀ ਬਲੈਕ ਬਾਸਟਰਡ...!" ਘੱਗਰਾ ਉਪਰ ਧ੍ਰੂੰਹਦੀ ਹੋਈ ਉਹ ਪਤਾ ਨਹੀਂ ਕੀ-ਕੀ 'ਲੋਦੇ' ਲਾ ਗਈ ਸੀ। ਬੁੱਕਣ ਨੂੰ ਭੱਜਣ ਲਈ ਰਾਹ ਨਹੀਂ ਲੱਭ ਰਿਹਾ ਸੀ। ਇਹ ਤਾਂ ਨਮਾਜ਼ਾਂ ਬਖ਼ਸ਼ਾਉਣ ਗਏ ਦੇ ਰੋਜ਼ੇ ਗਲ਼ ਪੈ ਗਏ ਸਨ..? ਫ਼ੋਰਮੈਨ ਨੂੰ ਖ਼ੁਸ਼ ਕਰਦਾ ਕਰਦਾ, ਬੁੱਕਣ ਸਿੰਘ ਕਸੂਤਾ ਫ਼ਸ ਚੱਲਿਆ ਸੀ। ਬੋਲੀ ਉਸ ਨੂੰ ਆਉਂਦੀ ਨਹੀਂ ਸੀ। ਉਹ 'ਅਲੀ-ਅਲੀ' ਕਰ ਰਹੀ ਬੁੱਢੀ ਨੂੰ ਠੰਢੀ ਕਰਨ ਲਈ ਮੁੜ੍ਹਕੋ ਮੁੜ੍ਹਕੀ ਹੋਇਆ ਆਖੀ ਜਾਵੇ, "ਬੰਦਿਆਂ ਵਾਲੀ ਟੌਲੈਟ ਔਰੈਟ, ਟਿਚਨ ਟੰਚ...! ਹੁਣ ਆਈ ਐਮ ਕਰਇੰਗ ਲੇਡੀਆਂ ਵਾਲੀ ਸਾਫ਼, ਆਈ ਨਾਅਟ ਦੇਖਿੰਗ ਯੂਅਰ ਨੰਗੇਜ...!" ਘਾਬਰੇ ਬੁੱਕਣ ਨੇ ਪੰਜਾਬੀ-ਅੰਗਰੇਜ਼ੀ ਦੀ ਖਿਚੜੀ ਬਣਾਂ ਕੇ ਸਮਝਾਉਣਾਂ ਚਾਹਿਆ।

ਭੂਤਰੀ ਬੁੱਢੀ ਗੋਰੀ 'ਟਰਰ-ਟਰਰ' ਕਰਦੀ ਫ਼ੋਰਮੈਨ ਨੂੰ ਬੁਲਾ ਲਿਆਈ। ਫ਼ੋਰਮੈਨ ਨੇ ਇਕ ਅੰਗਰੇਜ਼ੀ ਬੋਲਦਾ ਪੰਜਾਬੀ ਭਾਈਬੰਦ ਸੱਦ ਲਿਆ। ਉਸ ਨੇ ਸਾਲ਼ਾ ਸਾਹਿਬ ਦੀ ਗੱਲ ਦਾ ਉਲੱਥਾ ਕਰਕੇ ਫ਼ੋਰਮੈਨ ਨੂੰ ਦੱਸਿਆ ਕਿ ਇਹ ਕਹਿ ਰਿਹਾ ਹੈ ਕਿ ਪੁਰਸ਼ਾਂ ਵਾਲੀਆਂ ਟੁਆਇਲਟਾਂ ਤਾਂ ਸਾਫ਼ ਕਰ ਛੱਡ, ਟੰਚ ਕਰ ਦਿੱਤੀਆਂ ਸਨ, ਪਰ ਹੁਣ ਉਹ ਔਰਤਾਂ ਵਾਲੀਆਂ ਟੁਆਇਲਟਾਂ ਸਾਫ਼ ਕਰ ਕੇ ਫ਼ੋਰਮੈਨ ਦੀ ਖ਼ੁਸ਼ੀ ਜਿੱਤਣਾ ਚਾਹੁੰਦਾ ਸੀ, ਇਸ ਨੇ ਬੁੱਢੀ ਦਾ ਕੋਈ ਨੰਗੇਜ ਨਹੀਂ ਦੇਖਿਆ। ਗੱਲ ਹਾਸੇ ਵਿਚ ਹੀ ਟਲ਼ ਗਈ ਅਤੇ ਫ਼ੋਰਮੈਨ ਨੇ ਉਸ ਨੂੰ 'ਵਾਰਨਿੰਗ' ਦੇ ਕੇ ਛੱਡ ਦਿੱਤਾ ਕਿ ਅੱਗੇ ਤੋਂ ਉਹ ਬੁੜ੍ਹੀਆਂ ਵਾਲੀਆਂ ਟੁਆਇਲਟਾਂ ਵੱਲ ਨਾ ਜਾਵੇ!

ਦਸੰਬਰ ਦੇ ਵਿਚ ਕ੍ਰਿਸਮਿਸ ਦਾ ਦਿਨ ਆ ਗਿਆ।

ਕ੍ਰਿਸਮਿਸ ਦੇ ਦਿਹਾੜੇ 'ਤੇ ਫ਼ੈਕਟਰੀ ਵੱਲੋਂ ਵੱਡੇ ਪੱਧਰ 'ਤੇ ਪਾਰਟੀ ਦਿੱਤੀ ਜਾ ਰਹੀ ਸੀ। ਸ਼ਰਾਬ ਦੇ ਦੌਰ ਚੱਲ ਰਹੇ ਸਨ। ਕੁੱਕੜ ਦੀਆਂ ਟੰਗਾਂ ਚੱਬੀਆਂ ਜਾ ਰਹੀਆਂ ਸਨ। ਬੁੱਕਣ 'ਰੈੱਡ-ਵਾਈਨ' ਬਰਫ਼ ਦੇ ਪਾਣੀ ਵਾਂਗ ਸੂਤੀ ਜਾ ਰਿਹਾ ਸੀ। ਮਿਊਜ਼ਿਕ ਵੱਜ ਰਿਹਾ ਸੀ। ਗੋਰੇ ਗੋਰੀਆਂ ਨਾਚ ਕਰ ਰਹੇ ਸਨ। ਬੁੱਕਣ ਨੂੰ ਵੀ ਮੁਫ਼ਤ ਦੀ ਵਾਈਨ ਧਤੂਰੇ ਵਾਂਗ ਚੜ੍ਹ ਗਈ, ਉਹ ਮਿਊਜ਼ਿਕ ਨਾਲ ਲੋਰ ਵਿਚ ਸਿਰ ਹਿਲਾ ਰਿਹਾ ਸੀ, ਅਖੇ, ਬੈਠੇ ਬੈਠੇ ਦਾ ਮੇਰਾ ਵੀ ਪੈਰ ਉਠਦੈ...! ਬੁੱਕਣ ਨਸ਼ੇ ਵਿਚ ਭਾਈਬੰਦ ਨੂੰ ਆਖਣ ਲੱਗਿਆ, "ਮੈਂ ਵੀ ਭੋਰਾ ਡਿਸਕੋ ਕਰਲਾਂ...?" ਭਾਈਬੰਦ ਵੀ ਜੋਗੀ ਵਾਂਗ 'ਰੰਗੀਲਾ' ਹੋਇਆ ਬੈਠਾ ਸੀ, "ਕਰਲਾ ਜੇ ਆਉਂਦੈ ਤਾਂ...! ਦੇਰ ਕਾਹਦੀ ਐ...? ਐਥੇ ਕਿਹੜਾ ਕੋਈ ਟਿਗਟ ਲੱਗਦੀ ਐ..?" ਉਸ ਨੇ ਵੀ ਹੁੰਗਾਰਾ ਭਰ ਦਿੱਤਾ। ਹੁੰਗਾਰੇ ਦੀ ਦੇਰ ਸੀ ਕਿ ਬੁੱਕਣ ਮੇਲੇ ਵਿਚ ਭੂਤਰੀ ਗਾਂ ਵਾਂਗ 'ਡਾਂਸ-ਫ਼ਲੋਰ' 'ਤੇ ਛੜਾਂ ਜਿਹੀਆਂ ਮਾਰਨ ਲੱਗ ਪਿਆ ਅਤੇ 'ਡਾਂਸ' ਕਰਦੇ ਗੋਰੇ-ਗੋਰੀਆਂ ਦੇ ਪੈਰ ਮਿੱਧ ਧਰੇ। ਸਾਰੇ ਨੱਚਣਾ ਛੱਡ ਬੁੱਕਣ ਦਾ 'ਜਿੰਨ-ਨਾਚ' ਦੇਖਣ ਲੱਗ ਪਏ। ਬੁੱਕਣ ਪਿੱਟ-ਸਿਆਪਾ ਕਰਦੀ ਮਰਾਸਣ ਵਾਂਗ ਕਦੇ ਪੱਟਾਂ 'ਤੇ ਹੱਥ ਮਾਰੇ, ਕਦੇ ਖੁਰਾਂ 'ਚੋਂ ਗੋਹਾ ਕੱਢਣ ਵਾਲੀ ਮੱਝ ਵਾਂਗ ਲੱਤਾਂ ਜਿਹੀਆਂ ਝਾੜਨ ਲੱਗ ਪਵੇ। ਸਾਰੇ ਗੋਰੇ ਅਤੇ ਦੇਸੀ ਭਾਈਬੰਦ ਖ਼ੁਸ਼, ਹੱਸ ਰਹੇ ਸਨ। ਗੋਰਿਆਂ ਦੀ ਕ੍ਰਿਸਮਿਸ ਵਿਚ ਬੁੱਕਣ ਨੇ ਇਕ ਤਰ੍ਹਾਂ ਨਾਲ਼ ਰੰਗ ਭਰ ਦਿੱਤਾ।

ਰੰਗ ਵਿਚ ਭੰਗ ਤਾਂ ਉਦੋਂ ਪਿਆ, ਜਦੋਂ ਬੁੱਕਣ ਨੇ ਸ਼ਰਾਬਣ ਹੋ ਕੇ ਨੱਚਦੀ ਇਕ ਗੋਰੀ ਦੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਤਾਂ ਉਸ ਗੋਰੀ ਨੇ ਨਸ਼ੇ ਵਿਚ, ਜਾਂ ਪਤਾ ਨਹੀਂ ਕ੍ਰਿਸਮਿਸ ਦੀ ਖ਼ੁਸ਼ੀ ਵਿਚ ਕੋਈ ਬਹੁਤੀ ਗੌਰ ਨਾ ਕੀਤੀ। ਪਰ ਜਦੋਂ ਬੁੱਕਣ ਨੇ ਹਲ਼ਕਿਆਂ ਵਾਂਗ ਉਸ ਦੀਆਂ 'ਛਾਤੀਆਂ' 'ਤੇ ਰੇਗਮਾਰ ਵਰਗਾ ਹੱਥ ਰਗੜਣਾ ਸ਼ੁਰੂ ਕਰ ਦਿੱਤਾ, ਤਾਂ ਪਾਣੀ ਗੋਰੀ ਦੇ ਸਿਰ ਉਪਰੋਂ ਦੀ ਲੰਘ ਗਿਆ। ਉਸ ਨੇ ਉੱਚੀ ਅੱਡੀ ਦਾ ਸੈਂਡਲ ਲਾਹ ਕੇ ਬੁੱਕਣ ਦੇ ਸਿਰ ਵਿਚ ਚਿੱਬ ਪਾ ਦਿੱਤੇ। ਬੁੱਕਣ ਦੇ ਸਬਰ ਦਾ ਬੰਨ੍ਹ ਵੀ ਟੁੱਟ ਗਿਆ, "ਅਸੀਂ ਜੱਟ ਪੁੱਤ ਐਂ..! ਤੀਮੀਆਂ ਤੋਂ ਕੁੱਟ ਨ੍ਹੀ ਖਾਣ ਗਿੱਝੇ...!" ਤੇ ਬੁੱਕਣ ਨੇ ਗੋਰੀ ਦੇ ਪੰਜ-ਸੱਤ ਥੱਪੜ ਜੜ ਦਿੱਤੇ। ਜਦ ਦੋਨੋਂ ਗੁੱਥਮਗੁੱਥਾ ਹੋ ਗਏ ਤਾਂ ਰੌਲਾ ਪੈ ਗਿਆ। ਲਾਅਲਾ-ਲਾਅਲਾ ਹੋ ਗਈ..! ਖਾੜਾ ਹਿੱਲ ਗਿਆ..! ਕਿਸੇ ਨੇ ਪੁਲਸ ਨੂੰ ਫ਼ੋਨ ਕਰ ਦਿੱਤਾ। ਪੁਲਸ ਪ੍ਰੇਤਾਂ ਵਾਂਗ ਆ ਵੱਜੀ ਅਤੇ ਬੁੱਕਣ ਨੂੰ 'ਜਿਣਸੀ-ਛੇੜਛਾੜ' ਅਤੇ ਮਾਰ-ਕੁਟਾਈ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ।

ਕ੍ਰਿਸਮਿਸ ਪਾਰਟੀ ਭੰਗ ਹੋ ਗਈ।

ਬੁੱਕਣ ਦੀ ਨੌਕਰੀ ਤਾਂ ਜਾਣੀ ਹੀ ਸੀ, ਚਲੀ ਗਈ।

ਪੁਲੀਸ ਨੇ ਉਸ ਕੇਸ ਦਰਜ਼ ਕਰਕੇ ਉਸ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ। ਹਨੀ ਅਤੇ ਰਮਣੀਕ ਅਤੀਅੰਤ ਦੁਖੀ ਹੋਏ ਸਨ। ਬੁੱਕਣ ਨੇ ਸਾਰੇ ਭਾਈਚਾਰੇ ਵਿਚ ਉਹਨਾਂ ਨੂੰ ਨਮੋਸ਼ੀ ਦਿਵਾਈ ਸੀ ਅਤੇ ਨਾਲੇ ਆਪਦੀ ਨੌਕਰੀ ਗੁਆਈ ਸੀ। ਜਿਹੜੇ ਕੰਮ 'ਤੇ ਲੁਆਉਣ ਵਾਲ਼ੇ ਭਾਈਬੰਦਾਂ ਨੇ ਉਲਾਂਭੇ ਦਿੱਤੇ ਸਨ, ਉਹ

ਵੱਖਰੇ..! ਪਰ ਬੁੱਕਣ ਨੇ ਵੀ ਨੀਵੀਂ ਜਿਹੀ ਪਾਉਂਦਿਆਂ ਮੁਆਫ਼ੀ ਮੰਗ ਲਈ ਸੀ ਅਤੇ ਅੱਗੇ ਵਾਸਤੇ ਗਲਤੀ ਨਾ ਕਰਨ ਦਾ ਵਾਅਦਾ ਦਿੱਤਾ ਸੀ।

-"ਗਲਤੀਆਂ ਬੰਦਿਆਂ ਤੋਂ ਈ ਹੁੰਦੀਐਂ ਪ੍ਰਾਹੁਣਿਆਂ..! ਦਾਰੂ ਪੀਤੀ 'ਚ ਹੋਗੀ..! ਅੱਗੇ ਤੋਂ ਮੈਂ ਨਾ ਦਾਰੂ ਪੀਵਾਂ, ਤੇ ਨਾ ਗਲਤੀ ਕਰਾਂ..! ਆਹ ਲੈ ਮੈਂ ਤੇਰੇ ਪੈਰੀਂ ਹੱਥ ਲਾਉਨੈਂ..!" ਉਸ ਨੇ ਰਮਣੀਕ ਨੂੰ ਕਿਹਾ ਸੀ। ਰਮਣੀਕ ਹੁਣ ਕੀ ਬੋਲਦਾ..? ਬੁੱਕਣ ਨੇ ਉਸ ਦਾ ਮੂੰਹ ਸ਼ੀਸ਼ ਵਾਂਗ ਹੀ ਤਾਂ ਬੰਦ ਕਰ ਦਿੱਤਾ ਸੀ..? ਗੱਲ 'ਤੇ ਮਿੱਟੀ ਪੈ ਗਈ।

# ਕਾਂਡ 14

ਪੁਲੀਸ ਨੇ ਬੁੱਕਣ ਦਾ ਕੇਸ ਅਦਾਲਤ ਸਪੁਰਦ ਕਰ ਦਿੱਤਾ ਸੀ।

ਹੋਮ ਆਫ਼ਿਸ ਨੇ ਕੁਦਰਤੀਂ, ਚੰਗੇ ਭਾਗਾਂ ਨੂੰ ਅਦਾਲਤ ਦੀ ਕਾਰਵਾਈ ਤੋਂ ਪਹਿਲਾਂ ਬੁੱਕਣ ਦਾ ਵੀਜ਼ਾ ਵਧਾ ਦਿੱਤਾ ਸੀ। ਲੋੜੀਂਦੀਆਂ ਕਾਰਵਾਈਆਂ ਕਰਦਿਆਂ ਬੁੱਕਣ, ਬੁੱਕਣ ਸਿੰਘ ਸੰਧੂ ਬਣ ਗਿਆ।

ਹਨੀ ਗੋਰੇ ਡਿਊਟੀ ਮੈਨੇਜਰ ਨਾਲ ਪਹਿਲੇ ਦਿਨ ਤੋਂ ਹੀ ਅੱਖ ਮਟੱਕਾ ਕਰਦੀ ਰਹਿੰਦੀ ਸੀ। ਪਰ ਹੁਣ ਤਾਂ ਬੁੱਕਣ ਦਾ ਕੰਮ ਛੁੱਟ ਗਿਆ ਸੀ, ਉਸ ਨੂੰ ਮੈਨੇਜਰ ਦੀ ਹੋਰ ਵੀ ਸਖ਼ਤ ਜ਼ਰੂਰਤ ਸੀ..? ਖੁੱਲ੍ਹੀਆਂ ਬਹਾਰਾਂ ਵਰਤਦੀ ਹਨੀ ਇਕ ਦਿਨ ਸ਼ਰੇਆਮ ਹੀ ਮੈਨੇਜਰ ਅੱਗੇ 'ਨਿਲਾਮ' ਹੋ ਗਈ...! ਮੈਨੇਜਰ ਹਨੀ ਦੀ ਆਪਣੇ ਨਾਲ ਹੀ ਡਿਊਟੀ ਲਾਉਂਦਾ ਸੀ। ਜਦ ਦਿਲ ਕਰਦਾ ਉਹ ਹਨੀ ਨੂੰ 'ਬੈਕ-ਆਫ਼ਿਸ' ਵਿਚ ਲੈ ਵੜਦਾ ਅਤੇ ਬਾਹਰ 'ਡੋਂਟ ਡਿਸਟਰਬ' ਦੀ ਫ਼ੱਟੀ ਲਮਕਾ ਕੇ ਕੁੰਡੀ ਚਾੜ੍ਹ ਲੈਂਦਾ...! ਇਕ ਸਿੱਧੀ-ਸਾਦੀ ਪੇਂਡੂ ਕੁੜੀ ਇੰਗਲੈਂਡ ਦਾ ਪਾਣੀ ਪੀ ਕੇ 'ਘਾਗ' ਔਰਤ ਬਣ ਗਈ ਸੀ..! ਸਮਾਂ ਆਦਮੀ ਨੂੰ ਤੁਰਨਾ ਸਿਖਾਉਂਦਾ ਹੈ। ਪਰ ਰਮਣੀਕ ਨੂੰ ਇਸ ਦੀ ਕੋਈ ਖ਼ਬਰ ਨਹੀਂ ਸੀ। ਟੈਂਕ ਜਿੱਡਾ ਗੋਰਾ ਮੈਨੇਜਰ ਹਨੀ ਨੂੰ ਹਰ ਰੋਜ ਘੰਟਾ-ਘੰਟਾ ਰੂੰ ਵਾਂਗ ਪਿੰਜਦਾ। ਹਨੀ ਦਾ ਕੰਮ ਹੋਰ ਔਰਤਾਂ ਕਰਦੀਆਂ। ਪਰ ਮੂੰਹ ਕੋਈ ਵੀ ਨਾ ਖੋਲ੍ਹਦੀ! ਮੈਨੇਜਰ ਨਾਲ ਦੁਸ਼ਮਣੀਂ, ਸਮੁੰਦਰ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਪਾਉਣ ਦੇ ਬਰਾਬਰ ਸੀ। ਨੌਕਰੀ ਜਾਣ ਦਾ ਖ਼ਤਰਾ ਸੀ।

ਹਨੀ ਹੁਣ ਇਕ ਤਰ੍ਹਾਂ ਨਾਲ ਮੈਨੇਜਰ ਦੀ ਕੰਮ ਕਰਨ ਵਾਲ਼ੀ ਵਰਕਰ ਨਹੀਂ, 'ਰਖੇਲ' ਬਣ ਕੇ ਰਹਿ ਗਈ ਸੀ! ਮੈਨੇਜਰ ਹਨੀ ਦਾ ਕਾਰਡ ਆਪਣੇ ਕੋਲ਼ ਹੀ ਰੱਖਦਾ। ਉਹ ਹਨੀ ਦਾ ਕਾਰਡ ਉਸ ਦੇ ਚਲੀ ਜਾਣ ਤੋਂ ਤਿੰਨ ਚਾਰ ਘੰਟੇ ਬਾਅਦ 'ਪੰਚ' ਕਰਦਾ। ਇਸ ਨਾਲ਼ ਹਨੀ ਦਾ 'ਓਵਰਟਾਈਮ' ਲੱਗ ਜਾਂਦਾ, ਜਿਹੜਾ ਉਸ ਨੇ ਕਦੇ ਕੀਤਾ ਹੀ ਨਹੀਂ ਸੀ। ਹਰ ਰੋਜ਼ ਤਿੰਨ ਚਾਰ ਘੰਟੇ ਓਵਰਟਾਈਮ ਦੇ ਪੈਸੇ ਹਨੀ ਦੇ ਅਕਾਊਂਟ ਵਿਚ ਆ ਡਿੱਗਦੇ। ਉਸ ਦੀਆਂ ਪੰਜੇ ਘਿਉ ਵਿਚ ਸਨ। ਮੈਨੇਜਰ ਦੀ ਮਿੰਨਤ ਕਰ ਕੇ ਹਨੀ ਨੇ ਬੁੱਕਣ ਨੂੰ ਆਪਣੇ ਨਾਲ ਹੀ ਕੰਮ 'ਤੇ ਰਖਵਾ ਲਿਆ। ਉਹਨਾਂ ਦੀਆਂ ਪੌਂ ਬਾਰਾਂ ਹੋ ਗਈਆਂ। ਪੰਜੇ ਉਂਗਲਾਂ ਘਿਉ ਵਿਚ ਹੋਣ ਦੇ ਨਾਲ਼ ਨਾਲ਼ ਹੁਣ ਉਸ ਦਾ ਸਿਰ ਵੀ ਕੜਾਹੀ ਵਿਚ ਜਾ ਪਿਆ ਸੀ। ਹੁਣ ਹਨੀ ਰਮਣੀਕ ਨੂੰ ਡੱਕਾ ਦਬਾਲ਼ ਨਹੀਂ ਸੀ। ਸਮਝਦੀ ਤਾਂ ਉਹ ਉਸ ਨੂੰ ਪਹਿਲਾਂ ਵੀ ਕੱਖ ਨਹੀਂ ਸੀ। ਪਰ ਹੁਣ ਤਾਂ ਭੈਣ ਭਰਾ ਇੱਕੋ ਥਾਂ ਕੰਮ ਕਰਦੇ ਹੋਣ ਕਰਕੇ ਹੁਣ ਹਨੀ ਦੇ ਰੱਬ ਯਾਦ ਨਹੀਂ ਰਿਹਾ ਸੀ। ਅੰਗਰੇਜ਼ੀ ਪੱਖੋਂ ਉਹ ਮਾਰ ਨਹੀਂ ਖਾਂਦੀ ਸੀ।

ਹੁਣ ਹਨੀ ਬੁੱਕਣ ਨੂੰ ਰਮਣੀਕ ਦੇ ਖ਼ਿਲਾਫ਼ ਤਰ੍ਹਾਂ-ਤਰ੍ਹਾਂ ਦੇ ਦੋਸ਼ ਲਾ ਕੇ ਰੇਤਦੀ ਰਹਿੰਦੀ। ਅੱਗਿਓਂ ਬੁੱਕਣ ਵੀ ਪੂਰਾ ਲਾਈਲੱਗ ਬੰਦਾ ਸੀ। ਹਨੀ ਦੀ ਪੈੜ ਵਿਚ ਪੈਰ ਧਰਦਾ, ਰਮਣੀਕ ਦੀ ਹਰ ਗੱਲ ਵੱਢਵੀਂ ਕਰਨ ਲੱਗ ਪਿਆ। ਦਾੜ੍ਹੀ ਮੁੱਛਾਂ ਉਸ ਨੇ ਰਗੜ ਕੇ ਮੂੰਹ ਖੁਸਰੇ ਦੀ ਅੱਡੀ ਵਰਗਾ ਕੱਢ ਲਿਆ ਸੀ। ਨਾ ਚੋਰ ਲੱਗੇ ਨਾ ਕੁੱਤੀ ਭੌਂਕੇ...! ਧੌਲ਼ੇ ਪੱਟਣ ਜਾਂ ਕਾਲੇ ਕਰਨ ਦਾ ਯੱਭ ਹੀ ਨਬੇੜ ਧਰਿਆ ਸੀ। ਰਮਣੀਕ ਦੀ ਲਿਆਂਦੀ ਬੋਤਲ ਬੁੱਕਣ ਚਾਰ ਪੈੱਗਾਂ ਵਿਚ ਹੀ ਜੜ੍ਹੀਂ ਲਾ ਦਿੰਦਾ। ਜਦੋਂ ਰਮਣੀਕ ਕੰਮ ਤੋਂ ਆਉਂਦਾ, ਥਕੇਵਾਂ ਲਾਹੁਣ ਵਾਸਤੇ ਬੋਤਲ ਨੂੰ ਅਹੁਲ਼ਦਾ ਤਾਂ ਖਾਲੀ ਬੋਤਲ ਦੇਖ ਕੇ ਪਿਆਸੇ ਕਾਂ ਵਾਂਗ ਝਾਕਦਾ। ਕਰ ਉਹ ਕੁਝ ਵੀ ਨਹੀਂ ਸਕਦਾ ਸੀ। ਅੰਦਰੋ ਅੰਦਰੀ ਕੋਲੇ ਵਾਂਗ ਧੁਖ਼ਦਾ ਰਹਿੰਦਾ। ਇਕ ਦਿਨ ਰਮਣੀਕ ਬਾਹਰੋਂ ਹੀ ਪੀ ਕੇ ਆ ਗਿਆ। ਕਿਚਨ ਵਿਚ ਜਾ ਕੇ ਉਸ ਨੇ ਬੋਤਲ ਦੇਖੀ ਤਾਂ ਬੋਤਲ ਛੜੇ ਦੇ ਚੁੱਲ੍ਹੇ ਵਾਂਗ ਖਾਲੀ-ਖਾਲੀ ਝਾਕ ਰਹੀ ਸੀ। ਰਮਣੀਕ ਨੂੰ ਚੇਹ ਚੜ੍ਹ ਗਈ। ਉਸ ਨੇ ਕੌੜ ਬੋਤੇ ਵਾਂਗ ਦੰਦ ਪੀਹੇ। ਬੁੱਕਣ ਡਰਾਇੰਗ-ਰੂਮ ਵਿਚ 'ਬਾਬੂ' ਬਣਿਆਂ ਬੈਠਾ ਸੀ। ਰਮਣੀਕ ਨੂੰ ਹੋਰ ਕਰੋਧ ਚੜ੍ਹ ਗਿਆ।

-"ਗੱਲ ਸੁਣ ਉਏ ਸਾਲ਼ਿਆ ਲੇਡਿਆ ਜਿਆ...!" ਉਹ ਸਾਹਣ ਵਾਂਗ ਭੂਸਰਿਆ ਬੁੱਕਣ ਮੂਹਰੇ ਜਾ ਖੜ੍ਹਿਆ।

-"ਖਾਣ ਦਾ ਤੈਥੋਂ ਕੋਈ ਖਰਚਾ ਨਹੀਂ ਲੈਂਦੇ, ਰਹੀ ਤੂੰ ਮੁਫ਼ਤ ਜਾਨੈਂ, ਤੇ ਸਾਲ਼ਿਆ ਉਤੋਂ ਮੇਰੀ ਦਾਰੂ ਵੀ ਸੜ੍ਹਾਕ ਧਰਦੈਂ..? ਇਹ ਕੀ ਲੱਛਣ ਫੜਿਐ ਤੂੰ...?" ਰਮਣੀਕ ਚੰਗਿਆੜੇ ਛੱਡੀ ਜਾ ਰਿਹਾ ਸੀ। ਪਰ ਬੁੱਕਣ ਸ਼ਿਵ ਜੀ ਮਹਾਰਾਜ ਦੇ ਬੁੱਤ ਵਾਂਗੂੰ ਅਹਿਲ ਬੈਠਾ ਰਿਹਾ। ਦਾਰੂ ਦਾ ਨਸ਼ਾ ਉਸ ਦੀਆਂ ਅੱਖਾਂ ਵਿਚ ਕਲੋਲਾਂ ਕਰ ਰਿਹਾ ਸੀ। ਰਮਣੀਕ ਦੇ ਸਿਰ ਨੂੰ ਹੋਰ ਫ਼ਤੂਰ ਚੜ੍ਹ ਗਿਆ।

-"ਤੂੰ ਬੋਲਦਾ ਨਹੀਂ ਉਏ ਸਾਲ਼ਿਆ ਚੱਪਣਾਂ ਜਿਆ...? ਚੰਗਾ ਭਲਾ ਤੂੰ ਕਮਾਈ ਕਰਦੈਂ, ਆਪ ਦੀ ਲਿਆ ਕੇ ਪੀਆ ਕਰ...! ਜੇ ਬੰਦਾ ਕੰਮ ਨਾ ਕਰਦਾ ਹੋਵੇ, ਆਦਮੀ ਤਾਂ ਵੀ ਕਹੇ...! ਅੱਗੋਂ ਸਾਲ਼ਾ ਮੁਫ਼ਤ ਦੀ ਪੀ ਕੇ ਗੋਹ-ਗਹੀਰਾ ਬਣਿਆ ਬੈਠੈ...।"

-"ਇਹ ਤਾਂ ਇਉਂ ਈ ਪੀਊ...! ਤੂੰ ਕੌਣ ਹੁੰਨੈਂ ਇਹਨੂੰ ਹਟਾਉਣ ਆਲਾ...?" ਉਪਰੋਂ ਹਨੀ ਨੇ ਅਜ਼ੀਬ ਹੀ ਅਕਾਸ਼ਬਾਣੀ ਕੀਤੀ।

-"ਇਹ ਐਹਨਾਂ ਕੰਜਰਖਾਨਿਆਂ ਨੂੰ ਪੱਲਿਓਂ ਪੈਸੇ ਲਾ ਕੇ ਮੰਗਵਾਇਆ ਸੀ ਕੁੱਤੀਏ ਰੰਨੇ...? ਮੈਂ ਇਹਨੂੰ ਆਪਦੇ ਘਰੇ ਈ ਨਹੀਂ ਰੱਖਣਾ, ਚੱਲ ਨਿਕਲ਼ ਬਾਹਰ ਉਏ...! ਨਿਕਲ ਮੇਰੇ ਘਰੋਂ ਮੇਰਿਆ ਸਾਲ਼ਿਆ...!"

-"ਤੂੰ ਘਰ ਦਾ ਸਾਲ਼ਾ ਲੱਗਦੈਂ...? ਘਰ ਮੇਰੇ ਨਾਂ ਐਂ...! ਬਾਹਲੀ ਚੀਂ-ਫ਼ੀਂ ਕੀਤੀ, ਪੁਲਸ ਬੁਲਾ ਕੇ ਬਾਹਰ ਵੀ ਮਾਰੂੰ...!"

ਰਮਣੀਕ ਨੂੰ ਯਾਦ ਆਇਆ ਕਿ ਜਦੋਂ ਉਹ ਘਰਦਿਆਂ ਨਾਲ਼ੋਂ ਅੱਡ ਹੋਇਆ ਸੀ, ਤਾਂ ਉਸ ਨੇ ਇਹ ਮਕਾਨ ਹਨੀ ਦੇ ਨਾਂ 'ਤੇ ਲਿਆ ਸੀ। ਉਸ ਦਿਨ ਉਸ ਦੀ ਮਾਂ ਅਤੇ ਵੱਡੇ ਭਰਾ ਨੇ ਰੋਕਿਆ ਸੀ, "ਇਹ ਬੜੀ ਚੰਟ ਔਰਤ ਐ ਰੰਮੀ...! ਬਚ ਕੇ ਮੋੜ ਤੋਂ...! ਇਹ ਲਾਹਾ ਲੈ ਕੇ ਤੇਰ ਪੁੜਿਆਂ 'ਤੇ ਲੱਤ ਮਾਰੂ...!" ਭਰਾ ਨੇ ਸਮਝਾਇਆ ਸੀ। ਪਰ ਰਮਣੀਕ ਨੇ ਕਿਸੇ ਦੀ ਇਕ ਨਹੀਂ ਮੰਨੀ ਸੀ। ਘਰ ਹਨੀ ਦੇ ਨਾਂ 'ਤੇ ਹੀ ਲੈ ਲਿਆ ਸੀ ਅਤੇ ਘਰਦਿਆਂ ਨਾਲੋਂ ਅੱਡ ਹੋ ਗਿਆ ਸੀ। ਅੱਜ ਉਸ ਨੂੰ ਪਛਤਾਵਾ ਹੋਇਆ ਕਿ ਘਰ ਹਨੀ ਦੇ ਨਾਂ 'ਤੇ ਖਰੀਦਣਾਂ ਅਤੇ ਬੁੱਕਣ ਨੂੰ ਇੰਗਲੈਂਡ ਮੰਗਵਾਉਣ ਵਾਲ਼ੀਆਂ ਉਹ ਦੋ ਵੱਡੀਆਂ ਗਲਤੀਆਂ ਕਰ ਬੈਠਾ ਸੀ।

-"ਤੂੰ ਤਾਂ ਭੈਣ ਦੇਣੀਏਂ ਕੁੱਤੀਏ ਕਹਿੰਦੀ ਸੀ ਇਹ ਟੀਰਾ ਜਿਆ ਆਪਣੀ ਬਾਂਹ ਬਣੂੰ...? ਤੁਸੀਂ ਹੁਣ ਮੈਨੂੰ ਦੋਵੇਂ ਭੈਣ ਭਰਾ ਰਲ਼ ਕੇ ਈ ਫੁੱਦੂ ਬਣਾਉਣ ਲੱਗ ਪਏ...?" ਮਗਜ਼ ਨੂੰ ਚੜ੍ਹੀ ਹਨ੍ਹੇਰੀ ਕਾਰਨ ਉਸ ਨੇ ਬੁੱਕਣ ਦੇ ਥੱਪੜ ਜੜ ਦਿੱਤੇ। ਇਹ ਉਸ ਦੀ ਤੀਜੀ ਗਲਤੀ ਸੀ।

-"ਕੁੱਟ ਖਾ ਕੇ ਗਟਰ-ਗਟਰ ਝਾਕੀ ਜਾਨੈਂ ਔਂਤਾਂ ਦਿਆ...? ਸਿੱਟ ਲੈ ਫੜ ਕੇ ਲਹਿ ਜਾਣੇਂ ਨੂੰ...!" ਹਨੀ ਨੇ ਬੁੱਕਣ ਨੂੰ ਹੱਲਾਸ਼ੇਰੀ ਦਿੱਤੀ। ਬੁੱਕਣ ਦੀ ਅੱਖ ਦਾ ਭੈਂਗ ਘੁਕਿਆ ਅਤੇ ਉਸ ਨੇ ਚੁੱਕ ਕੇ

ਰਮਣੀਕ ਨੂੰ ਚਰ੍ਹੀ ਦੀ ਪੂਲ਼ੀ ਵਾਂਗ ਥੱਲੇ ਧਰ ਲਿਆ ਅਤੇ ਉਸ ਦੇ ਕੰਨ ਮਸਲ਼ ਧਰੇ। ਸ਼ਰਾਬੀ ਰਮਣੀਕ ਕਤੂਰ੍ਹੇ ਵਾਂਗ ਮਧੋਲ਼ਿਆ ਗਿਆ। ਜਦੋਂ ਦੁਰਮਟ ਵਰਗੇ ਬੁੱਕਣ ਨੇ ਉਸ ਨੂੰ ਛੱਡਿਆ ਤਾਂ ਉਸ ਨੇ ਹਾਰੇ ਕੁੱਕੜ ਵਾਂਗ ਖੰਭ ਜਿਹੇ ਝਾੜੇ।

-"ਇਕ ਗੱਲ ਸੁਣ ਲੈ ਮੇਰੀ ਕੰਨ ਖੋਲ੍ਹ ਕੇ...!" ਹਨੀ ਨੇ ਉਸ ਨੂੰ ਹਦਾਇਤ ਕੀਤੀ। ਡਰਾਇਆ।

-"ਜੇ ਦਿਨ ਕਟੀ ਕਰਨੀ ਐਂ, ਤਾਂ ਚੁੱਪ ਚਾਪ ਕਰੀ ਚੱਲ...! ਤੇ ਜੇ ਬਣਿਐਂ ਗਾਜੀਆਣੇਂ ਆਲਾ ਕੁੰਢਾ ਸਿਉਂ...? ਫੇਰ ਨਿੱਤ ਇਉਂ ਈ ਛਿੱਤਰ ਖਾਇਆ ਕਰੇਂਗਾ...! ਪੁਲਸ ਨੂੰ ਫ਼ੋਨ ਕਰਕੇ ਘਰੋਂ ਦਿਊਂ ਕਢਵਾ ਤੇ ਇੰਡੀਆ ਤੋਂ ਨਵਾਂ ਖ਼ਸਮ ਵਿਆਹ ਕੇ ਲਿਆਊਂਗੀ...! ਬਥੇਰ੍ਹੀਆਂ ਚੱਟ ਲਈਆਂ ਤੇਰੀਆਂ ਲਾਲ਼ਾਂ ਮੈਂ...!" ਹਨੀ ਨੇ ਇਕੋ ਸਾਹ ਬੋਲਾਂ ਦੀਆਂ ਕਈ ਬਰਛੀਆਂ ਉਸ ਦੇ ਸੀਨੇ 'ਚ ਮਾਰੀਆਂ। ਰਮਣੀਕ ਨੇ ਉਠ ਕੇ ਰਹਿੰਦੀ ਬੋਤਲ ਸੂਤ ਧਰੀ ਅਤੇ ਉਪਰ ਜਾ ਕੇ ਬੈੱਡ-ਰੂਮ ਵਿਚ ਚੁੱਪ ਚਾਪ ਪੈ ਗਿਆ। ਸੀਲ ਗਊ ਵਾਂਗ...! ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਹਨੀ ਨੇ ਬੈੱਡ ਆਪਣੇ ਭਰਾ ਬੁੱਕਣ ਕੋਲ ਹੀ ਡਾਹ ਲਿਆ ਸੀ। ਰਮਣੀਕ ਕੌਡੀਓਂ ਖੋਟਾ ਹੋ ਗਿਆ ਸੀ। ਅਗਲੀ ਸਵੇਰ ਉਠ ਕੇ ਉਹ ਮਾਂ-ਬਾਪ ਕੋਲ ਚਲਾ ਗਿਆ ਅਤੇ ਬੇਬੇ ਦੇ ਸੀਨੇ ਲੱਗ ਕੇ ਧਾਹ ਮਾਰੀ।

-"ਤੇਰਾ ਰੰਮੀਂ ਪੱਟਿਆ ਗਿਆ ਬੇਬੇ...!"

-"ਕੋਈ ਨਾ ਪੁੱਤ...! ਓਸ ਗੱਲ ਦੇ ਆਖਣ ਮਾਂਗੂੰ, ਜੇ ਬਾਗੀਆਂ ਨੇ ਟਾਹ ਦਿੱਤੀ ਤਾਂ ਮਾਲਕਾਂ ਨੇ ਤਾਂ ਨਹੀਂ ਘਰੋਂ ਕੱਢ ਦੇਣੀਂ...?" ਬੇਬੇ ਨੇ ਆਂਦਰਾਂ ਦੀ ਅੱਗ ਨੂੰ ਦਿਲ ਨਾਲ ਲਾਇਆ ਹੋਇਆ ਸੀ। ਰਮਣੀਕ ਰੋਈ ਜਾ ਰਿਹਾ ਸੀ।

-"ਮੈਨੂੰ ਤਾਂ ਪੁੱਤ ਉਹਦੀ ਖੋਟੀ ਨੀਅਤ ਦਾ ਉਦੇਂ ਈ ਪਤਾ ਲੱਗ ਗਿਆ ਸੀ, ਜਿੱਦੇਂ ਉਹਨੇ ਤੈਨੂੰ ਸਾਡੇ ਨਾਲੋਂ ਨਖੇੜਿਆ ਸੀ, ਪਰ ਤੂੰ ਫ਼ਿਕਰ ਨਾ ਕਰ...! ਜੇ ਉਹ ਨਵਾਂ ਖ਼ਸਮ ਲਿਆਉਂਦੀ ਐ, ਤੇ ਫੇਰ ਤੈਨੂੰ ਵੀ ਐਹੋ ਜੀਆਂ ਗਧੀੜਾਂ ਵੀਹ....!"

-"ਤਲਾਕ ਲੈ ਕੇ ਵੀ ਤੂੰ ਘਰ ਦਾ ਅੱਧਾ ਮਾਲਕ ਐਂ..! ਵਕੀਲ ਤਾਂ ਪਾ ਦੇਣਗੇ ਖਿਲਾਰੇ..! ਬੱਸ ਤੂੰ ਈ ਨਹੀਂ ਸੀ ਭੈਣ ਚੋਦਾ ਕਿਸੇ ਕਰਮ ਦਾ..? ਗੋਹਾ ਪੱਥ ਤੀਮੀਂ ਮਗਰ ਲੱਗ ਕੇ ਸਾਨੂੰ ਝੁੱਗਾ ਚੱਕ ਕੇ ਤੁਰ ਗਿਆ..!" ਰਮਣੀਕ ਦੇ ਛੋਟੇ ਭਰਾ ਲਾਲੀ ਨੇ ਕਿਹਾ। ਪੜ੍ਹਿਆ ਲਿਖਿਆ ਲਾਲੀ ਕਾਨੂੰਨੀ ਪੱਖਾਂ ਤੋਂ ਪੂਰੀ ਤਰ੍ਹਾਂ ਜਾਣੂੰ ਸੀ। ਰਮਣੀਕ ਵਾਂਗ ਸਿੱਧੜ ਅਤੇ ਭੌਂਦੂ ਨਹੀਂ ਸੀ। ਤੁਰਿਆ ਫਿਰਿਆ ਅਤੇ ਪੜ੍ਹਿਆ ਲਿਖਿਆ ਬੰਦਾ ਸੀ।

-"ਲਾਲੀ ਮੈਂ ਅੱਗੇ ਦੁਖੀ ਐਂ, ਮੈਨੂੰ ਹੋਰ ਨਾ ਦੁਖੀ ਕਰ ਬਾਈ ਬਣਕੇ...।"

-"ਹੁਣ ਬੁੜ੍ਹੀਆਂ ਵਾਂਗੂੰ ਬੂਹਕੀ ਨਾ ਜਾਹ...! ਚੱਲ ਵਕੀਲ ਕੋਲੇ ਚੱਲ ਕੇ ਮਸ਼ਵਰਾ ਲੈਨੇਂ ਐਂ..! ਪਰ ਤੂੰ ਮਹਾਤਮਾ ਗਾਂਧੀ ਬਣ ਕੇ ਕੁੱਟ ਖਾਈ ਗਿਆ, ਸਾਲ਼ਿਆ ਪੁਲੀਸ ਬੁਲਾ ਕੇ ਰਪਟ ਕਿਉਂ ਨਾ ਲਿਖਵਾਈ..? ਫ਼ੌਜਦਾਰੀ ਦੇ ਕੇਸ 'ਚ ਆਪੇ ਸਾਲ਼ਾ ਅੰਦਰ ਹੁੰਦਾ..? ਅਗਲਿਆਂ ਨੇ ਫੜ ਕੇ ਨੱਕ ਦੀ ਸੇਧ ਦਿੱਲੀ ਨੂੰ ਜਹਾਜ ਚਾੜ੍ਹ ਦੇਣਾ ਸੀ...!"

-"ਵੇ ਲਾਲੀ...! ਜੇ ਇਹ ਐਨੀ ਜੋਕਰਾ ਹੁੰਦਾ, ਗੱਲਾਂ ਈ ਕਾਹਦੀਆਂ ਸੀ...? ਇਹ ਤਾਂ ਸਾਧ ਐ ਬਿਚਾਰਾ..!" ਦੁਖੀ ਮਾਂ ਬੋਲੀ। ਪੁੱਤ ਦਾ ਦੁੱਖ ਸਿਲ਼ਤ ਬਣ ਉਸ ਦੇ ਅੰਦਰ ਲਹਿ ਗਿਆ ਸੀ।

ਉਹ ਵਕੀਲ ਦੇ ਤੁਰ ਗਏ।

ਬੇਬੇ ਸਿਰ ਫੜੀ ਬੈਠੀ ਸੀ।

ਵਕੀਲ ਨੇ ਰਮਣੀਕ ਨੂੰ ਡਾਕਟਰੀ ਕਰਵਾਉਣ ਲਈ ਹਸਪਤਾਲ਼ ਭੇਜ ਦਿੱਤਾ।

ਇਹ ਫ਼ੌਜਦਾਰੀ ਕੇਸ ਲਈ ਅਤੀਅੰਤ ਜ਼ਰੂਰੀ ਸੀ।

ਹਨੀ ਦੀ ਜ਼ਿੰਦਗੀ ਵਿਚ ਇਕ ਭਾਰੀ ਪੱਥਰ ਡਿੱਗਿਆ। ਜਿਸ ਦੀ ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ। ਨਿੱਤ ਦੇ ਕੁੱਤ-ਪੌਅ ਤੋਂ ਦੁਖੀ ਹੋ ਕੇ ਕਿਸੇ ਨੇ ਮੈਨੇਜਰ ਅਤੇ ਹਨੀ ਦੀ ਸ਼ਕਾਇਤ ਹੈੱਡ ਆਫ਼ਿਸ ਵਿਚ, ਜਨਰਲ ਡਾਇਰੈਕਟਰ ਕੋਲ ਲਿਖਤੀ ਰੂਪ ਵਿਚ ਕਰ ਦਿੱਤੀ। ਮੌਕਾ ਪਾ ਕੇ ਜਨਰਲ ਡਾਇਰੈਕਟਰ ਨੇ ਦੋਹਾਂ

ਨੂੰ 'ਰੰਗੇ-ਹੱਥੀਂ' ਫੜ ਲਿਆ। ਬੁੱਕਣ, ਮੈਨੇਜਰ ਅਤੇ ਹਨੀ ਤੁਰੰਤ ਨੌਕਰੀ ਤੋਂ ਕੱਢ ਦਿੱਤੇ ਗਏ। ਡਿਊਟੀ ਉਪਰ ਕੁਕਰਮ ਕਰਨ ਦਾ ਕੇਸ ਵੱਖਰਾ ਬਣ ਗਿਆ। ਬੁੱਕਣ ਦਾ ਭੈਂਗ ਡੁੱਬ ਗਿਆ। ਹਨੀ ਨੂੰ ਹੱਥਾਂ ਪੈਰਾਂ ਦੀ ਪੈ ਗਈ। ਵਕੀਲਾਂ ਦੀਆਂ ਫ਼ੀਸਾਂ ਅਤੇ ਜੇਲ੍ਹ-ਜੁਰਮਾਨੇਂ ਬਾਰੇ ਸੋਚ ਕੇ ਹਨੀ ਨੂੰ ਗਸ਼ੀ ਪੈਣ ਵਾਲੀ ਹੋ ਗਈ। ਸਭ ਤੋਂ ਵੱਡਾ ਫ਼ਿਕਰ ਹਨੀ ਨੂੰ ਬੁੱਕਣ ਦਾ ਪੈ ਗਿਆ। ਉਸ ਦਾ ਵੀਜ਼ਾ ਸਿਰਫ਼ ਇਕ ਹਫ਼ਤੇ ਦਾ ਹੀ ਰਹਿੰਦਾ ਸੀ। ਜਦੋਂ ਕੋਲ਼ ਕੰਮ ਹੀ ਨਹੀਂ ਸੀ ਰਿਹਾ, ਫਿਰ ਵੀਜ਼ਾ ਕਿਸ ਬੇਸ 'ਤੇ ਮਿਲਣਾ ਸੀ...? ਵੀਜ਼ਾ ਨਾ ਮਿਲਣ 'ਤੇ ਬੁੱਕਣ ਦੀ ਡਿਪੋਰਟੇਸ਼ਨ ਪੱਕੀ ਸੀ..! ਕੌੜਾ ਅਤੇ ਨਿਰਵਸਤਰ ਸੱਚ ਸਾਹਮਣੇਂ ਆ ਜਾਣ 'ਤੇ ਬੁੱਕਣ ਭੈਣ ਨਾਲ ਅੱਖ ਨਹੀਂ ਮਿਲਾ ਰਿਹਾ ਸੀ। ਜੇ ਉਹ ਕਿਤੇ ਇੰਡੀਆ ਹੁੰਦਾ, ਹਨੀ ਦਾ ਸਿਰ ਕਲਮ ਕਰ ਦਿੰਦਾ। ਪਰ ਉਹ ਬੈਠਾ ਹੀ ਇੰਗਲੈਂਡ ਦੇ ਵਿਚ ਸੀ। ਜਿੱਥੇ ਵੱਡੇ-ਵੱਡੇ ਲੀਡਰ ਵੀ ਕਾਨੂੰਨ ਤੋਂ ਚੀਕਾਂ ਮਾਰਦੇ ਸਨ। ਪੂਰੀ ਬੋਤਲ ਸੂਤ ਕੇ ਬੁੱਕਣ ਹਨੀ ਦੁਆਲੇ ਹੋ ਗਿਆ ਅਤੇ ਪਿੱਠ 'ਚ ਅੱਡੀਆਂ ਮਾਰ-ਮਾਰ ਉਸ ਨੇ ਹਨੀ ਨਿੱਸਲ਼ ਕਰ ਦਿੱਤੀ।

-"ਵੇ ਮੈਂ ਤੈਨੂੰ ਐਸ ਭਦਰਕਾਰੀ ਨੂੰ ਬੁਲਾਇਆ ਸੀ, ਕੁੱਤਿਆ....?" ਉਸ ਨੇ ਫ਼ਰਸ਼ 'ਤੇ ਬੈਠ ਕੇ ਦੁਹੱਥੜ ਮਾਰੀ।

-"ਐਦੂੰ ਤਾਂ ਤੂੰ ਮੈਨੂੰ ਬੁਲਾਉਂਦੀ ਹੀ ਨਾ...! ਅੱਖੋਂ ਪਰ੍ਹੇ ਜੱਗ ਮਰਦਾ...! ਜੀਹਦੇ ਨਾਲ ਮਰਜੀ ਖੇਹ ਖਾਂਦੀ...!" ਉਸ ਨੇ ਇਕ ਕਰੜੀ ਝੁੱਟੀ ਹੋਰ ਲਾ ਦਿੱਤੀ। ਗਿੱਦੜ ਕੁੱਟ ਨਾਲ ਨਿਢਾਲ਼ ਹੋਈ ਉਹ ਫ਼ਰਸ਼ 'ਤੇ ਪਈ ਚੂਕੀ ਜਾ ਰਹੀ ਸੀ।

-"ਰਮਣੀਕ ਜਮਾਂ ਬੁਰਾ ਬੰਦਾ ਨ੍ਹੀਂ..! ਤੇਰੀਆਂ ਐਹਨਾਂ ਕਰਤੂਤਾਂ ਕਰਕੇ ਮਾੜਾ ਬਣਾਇਆ ਵਿਆ ਸੀ..! ਵਿਚਾਰਾ ਦਰਵੇਸ਼ ਬਾਧੂ ਦਾ ਮੈਥੋਂ ਕੁਟਵਾ ਧਰਿਆ...।" ਉਸ ਨੇ ਆਖਰੀ ਲੱਤ ਮਾਰੀ ਤਾਂ ਹਨੀ ਦੀ ਗਿੱਦੜ ਵਾਂਗ ਚੂਕ ਜਿਹੀ ਨਿਕਲੀ।

ਬਾਹਰੋਂ ਦਰਵਾਜੇ 'ਤੇ ਘੰਟੀ ਵੱਜੀ ਤਾਂ ਬੁੱਕਣ ਨੇ ਹੀ ਦਰਵਾਜਾ ਖੋਲ੍ਹਿਆ। ਗੋਰਾ ਮੈਨੇਜਰ ਖੜ੍ਹਾ ਸੀ। ਅਜੇ ਉਸ ਨੇ 'ਹਨੀ' ਹੀ ਕਿਹਾ ਸੀ ਕਿ ਬੁੱਕਣ ਨੇ ਗਲਮੇਂ ਤੋਂ ਫੜ ਕੇ ਉਸ ਨੂੰ ਮਰੇ ਕੱਟੇ ਵਾਂਗ ਅੰਦਰ ਨੂੰ ਧੂਹ ਲਿਆ ਅਤੇ ਘਸੁੰਨ ਮੁੱਕੀਆਂ ਨਾਲ਼ ਭੁਗਤ ਸੁਆਰ ਦਿੱਤੀ। ਜਦੋਂ ਬੁੱਕਣ ਦਾ ਮਾੜਾ ਜਿਹਾ ਹੱਥ ਢਿੱਲਾ ਪਿਆ ਤਾਂ ਮੈਨੇਜਰ ਡਰੇ ਊਠ ਵਾਂਗ ਬਾਹਰ ਨੂੰ ਦੌੜ ਤੁਰਿਆ। ਸੜਕ 'ਤੇ ਉਹ ਕੁੱਤੇ ਵਾਂਗ ਛੂਟ ਵੱਟੀ ਜਾ ਰਿਹਾ ਸੀ। ਠੇਠ ਪੰਜਾਬੀ ਵਿਚ ਬੁੱਕਣ ਨੇ ਉਸ ਨੂੰ ਅਥਾਹ ਗੰਦੀਆਂ ਗਾਹਲਾਂ ਕੱਢੀਆਂ ਸਨ। ਮਾਂ-ਭੈਣ ਇਕ ਕਰ ਮਾਰੀ ਸੀ ਅਤੇ ਪਈ ਹਨੀ ਦੇ ਹੋਰ ਚੁਪੇੜਾਂ ਮਾਰੀਆਂ ਸਨ।

ਅਗਲੇ ਦਿਨ ਰਮਣੀਕ ਦੇ ਵਕੀਲ ਦੀ ਚਿੱਠੀ ਹਨੀ ਦੇ ਘਰ ਬਿਜਲੀ ਵਾਂਗ ਆ ਡਿੱਗੀ। ਹਨੀ ਕੱਖੋਂ ਹੌਲ਼ੀ ਹੋ ਗਈ। ਕੇਸ ਤਾਂ ਇਕ ਨਹੀਂ ਮਾਨ...? ਇਕ ਹੋਰ ਉਪਰੋਂ ਆ ਵੱਜਿਆ ਸੀ..! ਖਰਚਾ ਹੀ ਖਰਚਾ, ਆਮਦਨ ਕੋਈ ਵੀ ਨਹੀਂ..! ਬਹੁਤੀ 'ਤਾਰੂ' ਹਨੀ ਅਚਾਨਕ ਹੀ ਮਗਰਮੱਛ ਦੇ ਮੂੰਹ ਜਾ ਡਿੱਗੀ ਸੀ...! ਹਨੀ ਨੇ ਰਮਣੀਕ ਦੇ ਲੱਖ ਤਰਲੇ ਕੀਤੇ, ਪਰ ਉਸ ਨੇ ਕੌੜ ਮੱਝ ਵਾਂਗ ਪੈਰ ਹੀ ਨਾ ਲਾਏ। ਸਾਰੇ ਪ੍ਰੀਵਾਰ ਨੇ ਰਮਣੀਕ ਨੂੰ ਕੰਨ ਕੀਤੇ ਹੋਏ ਸਨ:

-"ਜੇ ਉਸ ਕੁੱਤੀ ਦੀਆਂ ਗੱਲਾਂ 'ਚ ਆ ਕੇ ਉਹਦੇ ਨਾਲ ਰਾਜ਼ੀਨਾਵਾਂ ਕੀਤੈ, ਸਾਲ਼ਿਆ ਤੇਰਾ ਮੂੰਹ ਹੀ ਮੂੰਹ ਛਿੱਤਰਾਂ ਨਾਲ ਭੰਨਾਂਗੇ, ਤੇ ਨਾਲ਼ੇ ਕੱਢਾਂਗੇ ਘਰੋਂ..!"

ਹਨੀ ਨੇ ਵਾਸਤੇ ਪਾਏ, ਉਸ ਨੇ ਇਕ ਨਾ ਸੁਣੀਂ।

ਮਹੀਨਾ ਲੰਘ ਗਿਆ। ਬੁੱਕਣ ਦਾ ਵੀਜ਼ਾ ਲੰਘ ਗਿਆ ਸੀ। ਕੰਮ ਕਿਤੋਂ ਮਿਲ਼ਿਆ ਨਹੀਂ ਸੀ। ਹਨੀ ਵੀ ਵਿਹਲੀ ਸੀ। ਘੜਿਓਂ ਪਾਣੀ ਨੱਸ ਤੁਰਿਆ ਸੀ। ਬੁੱਕਣ ਨਿੱਤ ਪੀ ਕੇ ਹਨੀ ਦੇ ਧੌਲ-ਧੱਫ਼ਾ ਕਰ ਦਿੰਦਾ ਸੀ। ਬਰਾਬਰ ਦੇ ਭਰਾ ਮੂਹਰੇ ਉਹ ਕੁਸਕਦੀ ਤੱਕ ਨਹੀਂ ਸੀ। ਸਗੋਂ ਪੈਰ ਫੜਦੀ ਸੀ ਕਿ ਉਹ ਉਸ ਦੀ ਕਰਤੂਤ ਬਾਰੇ ਘਰੇ ਮਾਂ ਬਾਪ ਕੋਲ਼ ਭਾਫ਼ ਨਾ ਕੱਢੇ। ਬੁੱਕਣ ਉਸ ਦੇ ਮੂੰਹ 'ਤੇ ਥੁੱਕਦਾ। ਗੁੱਸੇ ਵਿਚ ਉਸ ਦਾ ਭੈਂਗ ਅੱਠੋ ਪਹਿਰ ਗੇੜੀਂ ਪਿਆ, ਘੁਕਦਾ ਰਹਿੰਦਾ। ਇੱਥੇ ਰਹਿਣਾ ਉਸ ਨੂੰ ਦੁੱਭਰ ਹੋਇਆ ਪਿਆ ਸੀ।

ਰਮਣੀਕ ਦੇ ਮੁਕੱਦਮੇਂ ਦੀ ਤਾਰੀਖ਼ ਆ ਗਈ। ਵਕੀਲ ਝਗੜੇ। ਹਨੀ ਦੀ ਫ਼ਰਮ੍ਹ ਦੀਆਂ ਕੁਝ

ਔਰਤਾਂ ਦੀ ਗਵਾਹੀ ਰਮਣੀਕ ਦੇ ਵਕੀਲ ਨੇ ਜੱਜ ਅੱਗੇ ਸਬੂਤ ਵਜੋਂ ਪੇਸ਼ ਕੀਤੀ। ਹਨੀ ਦੇ ਵਿਭਚਾਰੀ ਹੋਣ ਦਾ ਪੱਕਾ ਸਬੂਤ ਵਕੀਲ ਨੂੰ ਮਿਲ਼ ਗਿਆ ਸੀ। ਤਲਾਕ ਲਈ ਇਹ ਗਵਾਹੀਆਂ ਕਾਫ਼ੀ ਸਨ। ਬੁੱਕਣ ਵੱਲੋਂ ਕੁੱਟ ਮਾਰ ਕੀਤੀ ਹੋਣ ਦਾ ਸਬੂਤ ਡਾਕਟਰੀ ਰਿਪੋਰਟ ਅਦਾਲਤ ਅੱਗੇ ਮੌਜੂਦ ਸੀ।

ਜੱਜ ਨੇ ਫ਼ੈਸਲਾ ਸੁਣਾਇਆ।

ਬੁੱਕਣ ਨੂੰ ਡਿਪੋਰਟੇਸ਼ਨ ਦੇ ਹੁਕਮ...! ਰਮਣੀਕ ਅਤੇ ਹਨੀ ਦਾ ਤਲਾਕ...! ਮਕਾਨ ਵਿਚੋਂ ਰਮਣੀਕ ਦਾ ਅੱਧਾ ਹਿੱਸਾ ਪੱਕਾ...!        ਮਕਾਨ ਰੱਖਣ ਵਾਲੀ ਧਿਰ ਦੂਜੇ ਨੂੰ ਦੋ ਹਫ਼ਤਿਆਂ ਦੇ ਅੰਦਰ ਅੰਦਰ ਅੱਧੀ ਕੀਮਤ ਤਾਰੇਗੀ...! ਫ਼ੈਸਲਾ ਸੁਣ ਕੇ ਹਨੀ ਬੇਹੋਸ਼ ਹੋ ਗਈ। ਐਂਬੂਲੈਂਸ ਹਨੀ ਨੂੰ ਹਸਪਤਾਲ ਨੂੰ ਲੱਦ ਤੁਰੀ। ਹਨੀ ਕੋਲ ਪੱਕਾ ਵੀਜ਼ਾ ਹੋਣ ਕਾਰਨ ਉਸ ਨੂੰ ਡਿਪੋਰਟ ਨਹੀਂ ਕੀਤਾ ਜਾ ਸਕਦਾ ਸੀ। ਪੁਲੀਸ ਨੇ ਬੁੱਕਣ ਦੇ ਹੱਥਕੜੀਆਂ ਜੜ ਲਈਆਂ। ਜਹਾਜ ਦੀ ਸੀਟ ਮਿਲ਼ਣ ਤੱਕ ਉਸ ਨੂੰ ਪੁਲੀਸ ਹਿਰਾਸਤ ਵਿਚ ਰਹਿਣਾ ਪੈਣਾ ਸੀ। ਸਾਰਾ ਕਾਰਜ ਕਾਨੂੰਨ ਅਧੀਨ ਹੋ ਰਿਹਾ ਸੀ।

ਹੱਥਕੜੀਆਂ ਵਿਚ ਜਕੜੇ ਬੁੱਕਣ ਨੂੰ ਰਮਣੀਕ ਨੇ ਤਰਕ ਦਾ ਬਾਣ ਮਾਰਿਆ।

-"ਕਿਉਂ ਬਈ ਬੁੱਕਣਾਂ...! ਬਣਨੈਂ ਯੋਧਾ...?"

-"ਪ੍ਰਾਹੁਣਿਆਂ...! ਮੇਰਾ ਬੋਲਿਆ ਚੱਲਿਆ ਮਾਫ਼ ਕਰੀਂ..! ਇਕ ਦੀ ਥਾਂ ਅੱਧੀ ਖਾ ਕੇ ਸਾਰ ਲਿਆ ਕਰੂੰਗਾ, ਪਰ ਮੇਰੀ ਇਕ ਬੇਨਤੀ ਜਰੂਰ ਸੁਣ ਲੈ...।"

-"ਬੋਲ...?"

-"ਜੇ ਹਨੀ ਮਰ ਜਾਵੇ, ਐਥੇ ਈ ਕਿਤੇ ਫੂਕ ਦੇਇਓ...! ਸਾਡੇ ਪ੍ਰੀਵਾਰ ਵੱਲੀਓਂ ਤਾਂ ਬਾਈ ਉਹ ਓਦਣ ਈ ਮਰ ਗਈ ਸੀ, ਜਿੱਦੇਂ....!" ਗੱਲ ਬੁੱਕਣ ਦੇ ਸੰਘ ਵਿਚ ਹੀ ਮੁੱਕ ਗਈ। ਹੰਝੂ ਉਸ ਦੇ ਗਲ਼ ਵਿਚ ਬਿਲਕੀ ਜਾ ਰਹੇ ਸਨ।

-"ਸਾਡੀ ਬੇਬੇ ਤੇ ਸਾਡਾ ਬਾਪੂ ਵੀ ਘੱਟ ਨ੍ਹੀਂ ਪ੍ਰਾਹੁਣਿਆਂ...! ਉਹਨਾਂ ਨੇ ਵੀ ਇਹਨੂੰ ਸਹੁਰਿਆਂ ਦੇ ਖਿਲਾਫ਼ ਈ ਰੇਤੀ ਰੱਖਿਐ...! ਸਿਰਫ਼ ਧੀ ਦੀ ਕਮਾਈ 'ਤੇ ਐਸ਼ ਕਰਨ ਵਾਸਤੇ...! ਤੇ ਆਹ ਦੇਖਲਾ...! ਸਾਰਾ ਕੁਛ ਈ ਮਿੰਟਾਂ 'ਚ ਸੁਆਹ ਹੋ ਗਿਆ।" ਹੱਥਕੜੀਆਂ 'ਚ ਜਕੜਿਆ ਬੁੱਕਣ, ਤੁਰਿਆ ਜਾਂਦਾ ਕੁਮੈਂਟਰੀ ਕਰਦਾ ਜਾ ਰਿਹਾ ਸੀ।

ਨਵੇਂ ਖਰੀਦੇ ਪਸ਼ੂ ਵਾਂਗ ਸਿਪਾਹੀ ਬੁੱਕਣ ਨੂੰ ਜੇਲ੍ਹ ਦੀ ਗੱਡੀ ਵੱਲ ਧੂਹੀ ਜਾ ਰਹੇ ਸਨ।

* * * * *

ਕਿਰਪਾਲ ਕੌਰ ਨੂੰ ਹਸਪਤਾਲ਼ ਤੋਂ ਛੁੱਟੀ ਮਿਲ਼ ਗਈ ਸੀ। ਗੁਰਚਰਨ ਕੰਮ ਵੱਲੋਂ ਅਜੇ ਵੀ ਛੁੱਟੀ 'ਤੇ ਚੱਲ ਰਿਹਾ ਸੀ। ਉਸ ਨੇ ਆਪਣੀ ਫ਼ਰਮ ਨੂੰ ਘਰਵਾਲ਼ੀ ਦਾ ਮੈਡੀਕਲ ਸਰਟੀਫ਼ਿਕੇਟ ਦਿਖਾ ਕੇ ਤਸੱਲੀ ਕਰਵਾ ਦਿੱਤੀ ਸੀ ਕਿ ਉਸ ਦੀ ਘਰਵਾਲ਼ੀ ਬਿਮਾਰ ਸੀ ਅਤੇ ਉਸ ਦੀ ਦੇਖ ਭਾਲ਼ ਕਰਨ ਵਾਲ਼ਾ ਘਰ ਵਿਚ ਕੋਈ ਸਿਆਣਾਂ ਬੰਦਾ ਨਹੀਂ ਸੀ। ਬੱਚੇ ਸਕੂਲ ਚਲੇ ਜਾਂਦੇ ਸਨ ਅਤੇ ਉਸ ਦੀ ਘਰਵਾਲ਼ੀ 'ਕੱਲੀ ਹੀ ਘਰੇ ਰਹਿ ਜਾਂਦੀ ਸੀ। ਇਸ ਲਈ ਗੁਰਚਰਨ ਦਾ ਘਰ ਵਿਚ ਹਾਜ਼ਰ ਰਹਿਣਾਂ ਅਤੀ ਜ਼ਰੂਰੀ ਸੀ। ਫ਼ਰਮ ਵਾਲ਼ਿਆਂ ਨੂੰ ਗੁਰਚਰਨ ਤੋਂ ਕਦੇ ਸ਼ਕਾਇਤ ਦਾ ਮੌਕਾ ਨਹੀਂ ਮਿਲ਼ਿਆ ਸੀ। ਉਹਨਾਂ ਨੇ ਬੜੀ ਖ਼ੁਸ਼ੀ ਨਾਲ਼ ਉਸ ਨੂੰ ਛੁੱਟੀ ਦੇ ਦਿੱਤੀ ਸੀ। ਗੁਰਚਰਨ ਨੇ ਕਦੇ ਛੁੱਟੀ ਮੰਗੀ ਵੀ ਨਹੀਂ ਸੀ। ਹੁਣ ਸ਼ਾਇਦ ਛੁੱਟੀ ਮੰਗਣ ਦਾ ਪਹਿਲਾ ਮੌਕਾ ਸੀ!

ਕਿਰਪਾਲ ਕੌਰ ਦੇ ਹਸਪਤਾਲ਼ ਦਾਖ਼ਲ ਹੋਣ ਵਾਲੀ ਰਾਤ ਤੋਂ ਅਗਲੇ ਦਿਨ ਸੀਤਲ ਘਰ ਆਈ ਸੀ।

ਜਦ ਉਸ ਨੂੰ ਘਰ ਵਿਚ ਕੋਈ ਵੀ ਨਾ ਦਿਸਿਆ ਤਾਂ ਉਸ ਨੇ ਆਪਣੀ ਗੁਆਂਢਣ ਨੂੰ ਪੁੱਛਿਆ। ਬਹੁਤਾ ਗੁਆਂਢਣ ਨੂੰ ਵੀ ਪਤਾ ਨਹੀਂ ਸੀ। ਉਸ ਨੇ ਸਿਰਫ਼ ਇੱਕੋ ਗੱਲ ਵਿਚ ਹੀ ਗੱਲ ਨਬੇੜ ਦਿੱਤੀ।

-"ਮੈਨੂੰ ਪੱਕਾ ਤਾਂ ਪਤਾ ਨ੍ਹੀ ਭਾਈ, ਪਰ ਰਾਤ ਇਕ ਐਂਬੂਲੈਂਸ ਬਾਹਵਾ ਚਿਰ ਥੋਡੇ ਘਰ ਮੂਹਰੇ ਖੜ੍ਹੀ ਰਹੀ ਐ, ਮੈਨੂੰ ਮੈਦ ਐ ਬਈ ਕਿਸੇ ਨੂੰ ਹਸਪਤਾਲ਼ ਲੈ ਕੇ ਗਏ ਹੋਣਗੇ?" ਸਿਰਫ਼ ਇਤਨਾ ਆਖ ਕੇ ਗੁਆਂਢਣ ਅੰਦਰ ਚਲੀ ਗਈ ਸੀ।

ਸੀਤਲ ਦੇ ਮਨ 'ਤੇ ਕੋਈ ਵੀ ਅਸਰ ਨਾ ਹੋਇਆ। ਉਸ ਨੇ ਹੋਰ ਕੁਝ ਜਾਨਣਾਂ ਵੀ ਨਹੀਂ ਚਾਹਿਆ ਸੀ। ਸਗੋਂ ਉਸ ਨੇ ਤਾਂ ਮੌਕੇ ਦਾ ਫ਼ਾਇਦਾ ਉਠਾਇਆ ਅਤੇ ਆਪਣੇ ਲੋੜੀਂਦੇ ਕੱਪੜੇ, ਸਰਟੀਫ਼ਿਕੇਟ, ਪਾਸਪੋਰਟ ਅਤੇ ਮੋਟਾ ਮੋਟਾ ਸਮਾਨ ਇਕ ਅਟੈਚੀ ਵਿਚ ਪਾਇਆ ਅਤੇ ਟੈਕਸੀ ਬੁਲਾ ਕੇ ਇਮਰਾਨ ਦੇ ਦੋ ਬੈੱਡ ਰੂਮ ਵਾਲ਼ੇ ਮਕਾਨ ਵਿਚ ਆ ਗਈ। ਜਿਸ ਮਕਾਨ ਬਾਰੇ ਖ਼ਾਨ ਉਸ ਕੋਲ਼ ਕਈ ਵਾਰ ਜ਼ਿਕਰ ਕਰ ਚੁੱਕਿਆ ਸੀ। ਆਖਰ ਸੀਤਲ ਆਪਣੇ ਟਿਕਾਣੇਂ 'ਤੇ ਪਹੁੰਚ ਹੀ ਗਈ ਸੀ।

ਇਮਰਾਨ ਵੀ ਉਥੇ ਹੀ ਹਾਜ਼ਰ ਸੀ। ਉਸ ਨੇ ਟੈਕਸੀ ਵਾਲ਼ੇ ਨੂੰ ਪੈਸੇ ਦਿੱਤੇ ਅਤੇ ਸੀਤਲ ਦਾ ਅਟੈਚੀ ਚੁੱਕ ਕੇ ਅੰਦਰ ਲੈ ਗਿਆ।

-"ਸੀਤਲ, ਅੱਬੂ ਜਾਨ ਨੇ ਆਪਾਂ ਨੂੰ ਖ਼ਰਚਾ ਬਰਚਾ ਦੇਣ ਆਉਣੈਂ, ਜੇ ਨਹਾਉਣਾਂ ਧੋਣੈਂ ਤਾਂ ਨਹਾ ਧੋ ਲੈ, ਫੇਰ ਆਪਾਂ ਸ਼ੌਪਿੰਗ ਲਈ ਚੱਲਾਂਗੇ!"

-"ਕਦੋਂ ਆਉਣੈਂ ਅੱਬੂ ਜਾਨ ਨੇ...?" ਸੀਤਲ ਨੇ ਪੁੱਛਿਆ।

-"ਕੋਈ ਚਾਰ ਕੁ ਵਜੇ...!"

-"ਅਜੇ ਤਾਂ ਵੱਜੇ ਈ ਬਾਰਾਂ ਨੇ...?"

-"ਕਿਉਂ..? ਕੁਛ ਕਰਨੈਂ...?"

-"ਓਵੀਅਸਲੀ...!" ਉਸ ਨੇ ਇਮਰਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਸ ਨੂੰ ਗਲਵਕੜੀ ਵਿਚ ਜਕੜ ਲਿਆ।

ਇਮਰਾਨ ਵੀ ਉਸ ਦੀ ਰਮਜ਼ ਸਮਝ ਗਿਆ। ਉਸ ਨੇ ਸੀਤਲ ਨੂੰ ਪਿੱਛੋਂ ਹੱਥ ਪਾ ਕੇ ਤੋਰੀ ਵਾਂਗ ਤੋਲ ਲਿਆ...।

ਸ਼ਾਮ ਨੂੰ ਚਾਰ ਕੁ ਵਜੇ ਖ਼ਾਨ ਆ ਗਿਆ। ਹਮੇਸ਼ਾ ਵਾਂਗ ਉਸ ਦੇ ਹੱਥ ਵਿਚ ਤੁਅੱਸਵੀ ਸੀ। ਕਾਲ਼ੀ ਐਨਕ ਲਾਈ ਹੋਈ ਸੀ ਅਤੇ ਵਾਲਾਂ ਅਤੇ ਦਾਹੜ੍ਹੀ ਨੂੰ ਅੱਜ ਤਾਜ਼ੀ ਤਾਜ਼ੀ ਮਹਿੰਦੀ ਲਾ ਕੇ ਆਇਆ ਲੱਗਦਾ ਸੀ।

-"ਹੀਟ ਔਨ ਕਰ ਉਏ ਕੁੱਤੇ ਦੇ ਪੁੱਤਰਾ...! ਮੇਰੀ ਸੀਤਲ ਬੱਚੀ ਨੂੰ ਸਰਦੀ ਵਿਚ ਮਾਰਨਾਂ ਈ...?" ਖ਼ਾਨ ਨੇ ਹਮੇਸ਼ਾ ਵਾਂਗ ਇਮਰਾਨ ਨੂੰ ਆਪਣੀ ਅੱਖੜ ਭਾਸ਼ਾ ਵਿਚ ਹਦਾਇਤ ਕੀਤੀ।

-"ਸਰਦੀ ਨਹੀਂ ਏ ਅੱਬੂ ਜਾਨ...!" ਇਮਰਾਨ ਸ਼ਾਇਦ ਪਹਿਲੀ ਵਾਰ ਆਪਣੇ ਬਾਪ ਅੱਗੇ ਬੋਲਿਆ ਸੀ।

-"ਪਰ ਤੁਸਾਂ ਨੂੰ ਸਰਦੀ ਕੀ ਲੱਗਣੀ ਏਂ ਪੁੱਤਰਾ..? ਤੁਸਾਂ ਦਾ ਗ਼ਰਮ ਖ਼ੂਨ...! ਸਰਦੀ ਤੇ ਅਸਾਂ ਨੂੰ ਲੱਗਸੀ, ਜੋ ਬੁੱਢੇ ਪਏ ਹੋ ਗਏ ਆਂ, ਆਹ ਲਓ ਆਪਣਾ ਖ਼ਰਚਾ ਬਰਚਾ, ਤੇ ਅੱਜ ਸ਼ੌਪਿੰਗ ਕਰੋ ਖੁੱਲ੍ਹੇ ਦਿਨ ਨਾਲ਼...!" ਉਸ ਨੇ ਪੰਜ ਸੌ ਪੌਂਡ ਮੇਜ਼ 'ਤੇ ਰੱਖ ਦਿੱਤੇ।

-"ਮੇਰੇ ਹੁੰਦਿਆਂ ਤੁਸਾਂ ਨੂੰ ਕੰਮ ਕਾਰ ਕਰਨੇ ਦੀ ਕੋਈ ਜ਼ਰੂਰਤ ਨਹੀਂ, ਬੱਸ ਅੱਲਾਹ ਦੇ ਫ਼ਜ਼ਲ ਨਾਲ ਅੱਬੂ ਜਾਨ ਦੇ ਸਿਰ 'ਤੇ ਐਸ਼ ਪਏ ਕਰੋ...!" ਉਹ ਉਠ ਕੇ ਜਾਣ ਦੇ ਰੌਂਅ ਵਿਚ ਖੜ੍ਹਾ ਹੋ ਗਿਆ।

-"ਅੱਬੂ ਜਾਨ, ਚਾਹ ਪਾਣੀ ਤਾਂ ਪੀਂਦੇ ਜਾਓ...!" ਸੀਤਲ ਨੇ ਕਿਹਾ।

-"ਅਜੇ ਤਾਂ ਤੁਸਾਂ ਦੇ ਕੋਲ ਦੁੱਧ ਵੀ ਨਹੀਂ ਜੇ ਹੋਣਾਂ ਬੱਚੀਏ...! ਤੁਸੀਂ ਸ਼ੌਪਿੰਗ ਕਰਕੇ ਆਓ, ਸ਼ਾਮੀਂ ਮੈਂ ਤੇ ਤੇਰੇ ਹੈਦਰ ਚਾਚੂ ਆਵਾਂਗੇ, ਤੇ ਚਾਹ ਪਾਣੀ ਵੀ ਪੀਂਦੇ ਜਾਂਵਾਂਗੇ, ਤੁਸਾਂ ਨੇ ਸ਼ੌਪਿੰਗ ਕਰਕੇ ਕਦੋਂ ਕੁ ਪਰਤ ਆਉਣੈਂ?" ਉਸ ਨੇ ਇਮਰਾਨ ਨੂੰ ਪੁੱਛਿਆ।

-"ਬੱਸ ਅੱਬੂ ਜਾਨ, ਅਸੀਂ ਹੁਣ ਸ਼ੌਪਿੰਗ ਨੂੰ ਜਾਵਾਂਗੇ, ਤੇ ਘੰਟੇ ਡੇਢ੍ਹ ਘੰਟੇ ਬਾਅਦ ਪਰਤ ਆਵਾਂਗੇ...!"

-"ਇੰਸ਼ਾ-ਲਾ...! ਸ਼ਾਮੀਂ ਅੱਠ, ਸਾਢੇ ਅੱਠ ਵਜੇ ਘਰ ਹੀ ਹੋਇਓ, ਮੇਰੇ ਨਾਲ਼ ਤੁਸਾਂ ਦਾ ਚਾਚੂ ਹੈਦਰ ਵੀ ਅਵੇਗਾ...!"

-"ਇੰਸ਼ਾ-ਲਾ ਅਸੀਂ ਘਰ ਹੀ ਹੋਵਾਂਗੇ, ਕੋਈ ਖਾਣ ਪੀਣ ਦੀ ਸ਼ੈਅ ਵੀ ਬਣਾਈਏ..? ਰੋਟੀ ਐਥੇ ਖਾਵੋਂਗੇ..?"

-"ਨਹੀਂ, ਹੈਦਰ ਮੀਆਂ ਕਿਸੇ ਦੇ ਘਰ ਰੋਟੀ ਨਹੀਂ ਪਏ ਖਾਂਦੇ...! ਚਾਹ ਛਾਹ ਪੀ ਲੈਣਗੇ...!" ਤੇ ਖ਼ਾਨ ਚਲਿਆ ਗਿਆ।

ਸੀਤਲ ਅਤੇ ਇਮਰਾਨ ਖ਼ਰੀਦਾ ਫ਼ਰੋਖ਼ਤੀ ਲਈ ਸੇਨਜ਼ਬਰੀ ਨੂੰ ਤੁਰ ਪਏ। ਉਹਨਾਂ ਨੇ ਟੋਸਟ ਬਰੈੱਡ, ਅੰਡੇ, ਵਿਸਕੀ, ਕੋਕ, ਮੀਟ, ਦੁੱਧ ਅਤੇ ਹੋਰ ਜ਼ਰੂਰੀ ਚੀਜ਼ਾਂ ਵਸਤਾਂ ਖ਼ਰੀਦ ਲਈਆਂ ਅਤੇ ਮਿੰਨ੍ਹੀ ਕੈਬ ਲੈ ਕੇ ਘਰ ਆ ਗਏ।

ਸ਼ਾਮ ਦੇ ਅੱਠ ਵੱਜ ਗਏ।

ਹੈਦਰ ਅਤੇ ਖ਼ਾਨ ਪੂਰੇ ਅੱਠ ਵਜੇ ਭੂਤਾਂ ਵਾਂਗ ਆ ਵੱਜੇ! ਉਹ ਹੈਦਰ ਦੀ 'ਪੋਰਸ਼ੇ' ਕਾਰ ਵਿਚ ਆਏ ਸਨ। ਹੈਦਰ ਮਧਰੇ ਜਿਹੇ ਕੱਦ ਦਾ ਬੰਦਾ ਝਾਕਣੀਂ ਤੋਂ ਕੋਈ ਇਮਾਨਦਾਰ ਨਜ਼ਰ ਨਹੀਂ ਆਉਂਦਾ ਸੀ। ਉਸ ਨੇ ਆਉਣ ਸਾਰ ਬੜੀ ਗੱਜ ਵੱਜ ਕੇ, "ਆਸਲਾਮਾਂ ਲੇਕੁਮ...!" ਆਖਿਆ ਸੀ ਅਤੇ ਸੀਤਲ ਅਤੇ ਇਮਰਾਨ ਨੇ "ਬਾ-ਲੇਕੁਮ ਸਲਾਮ" ਵਿਚ ਉਤਰ ਮੋੜਿਆ ਸੀ। ਹੈਦਰ ਸੋਫ਼ੇ 'ਤੇ ਬੈਠ ਗਿਆ। ਇਮਰਾਨ ਅਤੇ ਖ਼ਾਨ ਉਸ ਦੇ ਸਾਹਮਣੇਂ ਬੈਠੇ ਸਨ। ਸੀਤਲ ਕਿਚਨ ਵਿਚੋਂ ਕੁਛ ਲੈਣ ਗਈ ਸੀ।

ਜਦੋਂ ਸੀਤਲ ਦੋ ਗਿਲਾਸਾਂ ਵਿਚ ਅੰਬ ਦਾ ਜੂਸ ਪਾ ਕੇ ਲਿਆਈ, ਤਾਂ ਹੈਦਰ ਨੇ ਉਸ ਨੂੰ ਸ਼ਿਕਾਰੀ ਦੇ ਸ਼ਿਕਾਰ ਨੂੰ ਤਾੜਨ ਵਾਂਗ ਸੀਤਲ ਨੂੰ ਖ਼ੁਫ਼ੀਆ ਨਜ਼ਰਾਂ ਨਾਲ਼ ਘੋਖਿਆ। ਸਰਦਾਰਨੀ ਬੜੀ ਜ਼ਾਲਿਮ ਪਈ ਲੱਗਦੀ ਏ! ਉਸ ਦਾ ਦਿਲ ਬੋਲਿਆ। ਕੋਈ ਗੱਲ ਨਹੀਂ ਸਰਦਾਰਨੀਏਂ...! ਜੇ ਤੂੰ ਆਪਣਾ ਮਜ਼ਹਬ ਛੱਡ ਕੇ ਅਸਾਂ ਦੇ ਮਜ਼ਹਬ ਨੂੰ ਨਹੀਂ ਕਬੂਲ ਪਈ ਕਰਦੀ, ਤੇਰੀ ਉਹ ਬੁਰੀ ਹਾਲਤ ਕਰਾਂਗਾ ਕਿ ਤੂੰ ਮੇਰੇ ਪੈਰੀਂ ਪਈ ਡਿੱਗੇਂਗੀ..! ਉਸ ਨੇ ਜੂਸ ਦਾ ਗਿਲਾਸ ਖਾਲੀ ਕਰ ਦਿੱਤਾ। ਸੀਤਲ ਮੁੜ ਗਈ ਸੀ। ਇਮਰਾਨ ਨੇ ਖ਼ਾਨ ਨੂੰ ਦੱਸ ਦਿੱਤਾ ਸੀ ਕਿ ਸੀਤਲ ਕਿਸੇ ਹਾਲਤ ਵਿਚ ਆਪਣਾਂ ਮਜ਼ਹਬ ਬਦਲ ਕੇ ਇਸਲਾਮ ਕਬੂਲ ਨਹੀਂ ਕਰੇਗੀ, ਅਤੇ ਖ਼ਾਨ ਨੇ ਹੈਦਰ ਨੂੰ ਦੱਸ ਦਿੱਤਾ ਸੀ।

-"ਗੱਲ ਸੀਤਲ ਬੇਟੀ ਇਹ ਵੇ...!" ਖ਼ਾਨ ਨੇ ਗੱਲ ਚਲਾਈ।

-"........।" ਤੁਰੀ ਜਾਂਦੀ ਸੀਤਲ ਰੁਕ ਗਈ। ਉਸ ਦਾ ਹਿਰਦਾ ਕੰਬਿਆ। ਪਰ ਅਗਲੀ ਗੱਲ ਲਈ ਉਸ ਨੇ ਆਪਣੇ ਆਪ ਨੂੰ ਸੁਚੇਤ ਅਤੇ ਕਰੜਾ ਕੀਤਾ।

-"ਆ ਬੇਟੀ ਬੈਠ ਸਾਡੇ ਕੋਲ਼...!" ਹੈਦਰ ਨੇ ਉਸ ਨੂੰ ਆਪਣੇ ਸਾਹਮਣੇ ਬਿਠਾ ਲਿਆ ਅਤੇ ਰੱਜ ਕੇ ਤੱਕਿਆ। ਹੈਦਰ ਦੀਆਂ ਭੁੱਖੀਆਂ ਜਿਹੀਆਂ ਅੱਖਾਂ ਤੋਂ ਡਰ ਆ ਰਿਹਾ ਸੀ। ਉਹ ਸ਼ੇਰ ਅੱਗੇ ਖੜ੍ਹੇ ਹਿਰਨੀ ਦੇ ਬੱਚੇ ਵਾਂਗ ਕੁੰਗੜੀ ਹੀ ਤਾਂ ਬੈਠੀ ਸੀ। ਜਿਸ ਦਾ ਖ਼ੂਨੀ ਜਬਾੜ੍ਹਾ ਉਸ ਨੂੰ ਨੋਚਣ ਲਈ ਤਿਆਰ ਸੀ।

-"ਅਸਾਂ ਤੈਨੂੰ ਆਪਣਾ ਮਜ਼ਹਬ ਬਦਲੀ ਕਰਨ ਲਈ ਹਰਗਿਜ਼ ਨਹੀਂ ਜੇ ਆਖਾਂਗੇ...!" ਹੈਦਰ ਦੇ ਆਖਣ 'ਤੇ ਉਸ ਨੇ ਆਪਣੇ ਆਪ ਨੂੰ ਹਲਕਾ ਹਲਕਾ ਮਹਿਸੂਸ ਕੀਤਾ।

-"ਅਸੀਂ ਆਪਣੇ ਇਮਰਾਨ ਮੀਆਂ ਦੀ ਸ਼ਾਦੀ ਕਿਸੇ ਗ਼ੈਰ ਮਜ਼ਹਬ ਦੀ ਲੜਕੀ ਨਾਲ਼ ਕਰਨ ਨੂੰ ਤਿਆਰ ਵਾਂ, ਪਰ ਅਸਾਂ ਦੀ ਇਕ ਗੱਲ ਤੁਸਾਂ ਨੂੰ ਮੰਨਣੀਂ ਪੈਸੀ...!" ਹੈਦਰ ਨੇ ਸਿੱਕੇ ਦਾ ਇਕ ਪਾਸਾ ਦਿਖਾ ਕੇ ਸੀਤਲ ਦਾ ਚਿਹਰਾ ਪੜ੍ਹਿਆ। ਸੀਤਲ ਬਲੀ ਦੇਣ ਵਾਲ਼ੇ ਬੱਕਰੇ ਵਾਂਗ ਸਿਰ ਝੁਕਾਈ ਬੈਠੀ ਸੀ। ਉਸ ਨੇ ਸਿਰਫ਼ "ਦੱਸੋ..?" ਹੀ ਆਖਿਆ ਸੀ। ਵੈਸੇ ਉਹ ਆਪਣੇ ਆਪ ਨੂੰ ਕਸੂਤੀ ਜਿਹੀ ਫ਼ਸੀ ਮਹਿਸੂਸ ਕਰ ਰਹੀ ਸੀ।

-"ਇੰਜ ਕਰੋ ਬੇਟੀ...! ਜੇ ਤਾਂ ਆਪਾਂ ਇੰਗਲੈਂਡ ਵਿਚ ਸ਼ਾਦੀ ਪਏ ਕਰਨੇ ਆਂ, ਤਾਂ ਰੌਲ਼ਾ ਪੈਸੀ,

ਭਾਈਚਾਰੇ ਵਿਚ ਜੰਗ ਸ਼ੁਰੂ ਹੋਸੀ, ਖ਼ਾਨ ਸਾਹਿਬ ਦੇ ਖ਼ਾਨਦਾਨ ਦੀ ਬਦਨਾਮੀ ਹੋ ਜਾਸੀ, ਮੁਸੀਬਤਾਂ ਹੀ ਮੁਸੀਬਤਾਂ ਗਲ ਪੈਸੀ, ਠੀਕ...?''

ਸੀਤਲ ਨੇ ਸਿਰ ਹਿਲਾਇਆ।

-''ਮੇਰੀ ਸਕੀਮ ਤਾਂ ਇਹ ਵੇ ਕਿ ਤੁਸੀਂ ਚੁੱਪ ਚਾਪ ਪਾਕਿਸਤਾਨ ਚਲੇ ਜਾਓ, ਤੇ ਉਥੇ ਦਿਲ ਕਰੇ ਨਿਕਾਹ ਕਰ ਲਓ, ਦਿਲ ਕਰੇ ਕੋਰਟ ਮੈਰਿਜ, ਇਹ ਤੁਸਾਂ ਦੀ ਮਰਜ਼ੀ ਜੇ..! ਇਹ ਕੰਮ ਅਸਾਂ, ਤੁਸਾਂ ਪੁਰ ਛੋੜਿਆ, ਜੋ ਦਿਲ ਪਿਆ ਕਰਦਾ ਈ, ਕਰ ਲਵੋ...!''

-''ਇਤਨੀ ਕੋਈ ਕਾਹਲੀ ਨਹੀਂ ਜੇ..! ਕੋਈ ਜੰਗ ਨਹੀਂ ਜੇ ਲੱਗੀ..! ਅੱਜ ਰਾਤ ਇੰਸ਼ਾਲਾ ਮਸ਼ਬਰਾ ਕਰ ਲਵੋ, ਕੱਲ੍ਹ ਅਸਾਂ ਨੂੰ ਫ਼ੋਨ ਕਰਕੇ ਦੱਸ ਦੇਸੋਂ...! ਕਿਉਂ ਇਮਰਾਨ..?'' ਖ਼ਾਨ ਬੋਲਿਆ।

-''ਦਰੁਸਤ ਅੱਬੂ ਜਾਨ...! ਕੱਲ੍ਹ ਦੱਸ ਦਿਆਂਗੇ...!''

-''ਇੰਸ਼ਾਲਾ..! ਜੇ ਮਸ਼ਬਰਾ ਬਣ ਗਿਆ, ਤਾਂ ਤੁਸੀਂ ਫ਼ਲਾਈਟ ਲੈ ਕੇ ਚੱਲਸੀ ਤੇ ਮੈਂ ਔਰ ਹੈਦਰ ਭਾਈ ਕੁਝ ਦਿਨ ਬਾਅਦ ਆ ਜਾਸੀ...!''

ਖ਼ਾਨ ਅਤੇ ਹੈਦਰ ਚਲੇ ਗਏ।

ਤੁਰਦੇ ਹੈਦਰ ਨੇ ਇਕ ਵਾਰ ਫਿਰ ਸੀਤਲ ਵੱਲ ਜੀਅ ਭਰ ਕੇ ਤੱਕਿਆ ਸੀ। ਪਰ ਸੀਤਲ ਨੂੰ ਉਸ ਦੇ ਵਾਰ ਵਾਰ ਝਾਕਣ ਦੀ ਸਮਝ ਨਹੀਂ ਆਈ ਸੀ। ਪਰ ਉਸ ਦੇ ਮਨ 'ਤੇ ਬਹੁਤਾ ਕੋਈ ਅਸਰ ਨਹੀਂ ਹੋਇਆ ਸੀ।

ਰਾਤ ਨੂੰ ਸੀਤਲ ਅਤੇ ਇਮਰਾਨ ਦੀਆਂ ਸਲਾਹਾਂ ਚੱਲ ਰਹੀਆਂ ਸਨ। ਸੀਤਲ ਪਾਕਿਸਤਾਨ ਜਾਣ ਲਈ ਤਾਂ ਸਹਿਮਤ ਹੋ ਗਈ ਸੀ। ਪਰ ਬਹੁਤਾ ਚਿਰ ਉਹ ਪਾਕਿਸਤਾਨ ਵਿਚ ਰਹਿਣਾਂ ਨਹੀਂ ਚਾਹੁੰਦੀ ਸੀ। ਸਿਰਫ਼ ਇਕ, ਜਾਂ ਵੱਧ ਤੋਂ ਵੱਧ ਦੋ ਹਫ਼ਤੇ...! ਦੋ ਹਫ਼ਤੇ ਤੋਂ ਵੱਧ ਉਹ ਕਿਸੇ ਹਾਲਤ ਵਿਚ ਪਾਕਿਸਤਾਨ ਰਹਿਣਾਂ ਨਹੀਂ ਚਾਹੁੰਦੀ ਸੀ। ਸਹਿਮਤੀ ਹੋ ਗਈ। ਉਹਨਾਂ ਨੇ ਸਿਰਫ਼ ਦੋ ਹਫ਼ਤੇ ਹੀ ਉਥੇ ਰਹਿਣਾਂ ਸੀ।

ਅਗਲੇ ਦਿਨ ਇਮਰਾਨ ਨੇ ਖ਼ਾਨ ਨੂੰ ਫ਼ੋਨ ਕਰ ਦਿੱਤਾ।

ਖ਼ੁਸ਼ ਹੋਇਆ ਖ਼ਾਨ ਕੰਧ ਨਾਲ਼ ਟੱਕਰ ਮਾਰਨ ਵਾਲ਼ਾ ਹੋ ਗਿਆ।

ਉਸ ਨੇ ਇਮਰਾਨ ਅਤੇ ਸੀਤਲ ਦੀਆਂ ਏਅਰ ਟਿਕਟਾਂ ਇਸਲਾਮਾਬਾਦ ਲਈ 'ਬੁੱਕ' ਕਰ ਦਿੱਤੀਆਂ।

ਅਗਲੇ ਹਫ਼ਤੇ ਪੀ. ਆਈ. ਏ. ਦੀ ਫ਼ਲਾਈਟ ਸੀ। ਖ਼ਾਨ ਨੇ ਇਮਰਾਨ ਨੂੰ 'ਪੈਕਿੰਗ' ਬਗੈਰਾ ਕਰਨ ਨੂੰ ਆਖ ਦਿੱਤਾ ਸੀ।

ਇਮਰਾਨ ਅਤੇ ਸੀਤਲ 'ਪੈਕਿੰਗ' ਕਰਨ ਵਿਚ ਰੁੱਝ ਗਏ। ਪਤਾ ਨਹੀਂ ਸੀਤਲ ਦਾ ਦਿਲ ਕਿਉਂ ਡੋਲੀ ਜਾ ਰਿਹਾ ਸੀ...? ਜਿਵੇਂ ਉਸ ਨੂੰ ਬੁਰੇ ਦਿਖਾਈ ਦਿੰਦੇ ਸਨ..। ਪਰ ਫਿਰ ਉਹ ਆਪਣੇ ਮਨ ਨੂੰ ਸਮਝਾਉਂਦੀ। ਦੂਜਾ ਮੁਲਕ ਹੈ, ਕਦੇ ਗਈ ਨਾ ਕਰੀ, ਇਸ ਕਰਕੇ ਤੇਰਾ ਦਿਲ ਡਰਦੈ, ਹੋਰ ਕੋਈ ਗੱਲ ਨਹੀਂ..! ਉਸ ਨੇ ਆਪਣੇ ਆਪ ਨੂੰ ਮਨ ਵਿਚ ਹੀ ਧਰਵਾਸਾ ਦਿੱਤਾ। ਪਰ ਪਤਾ ਨਹੀਂ ਕਿਉਂ, ਉਸ ਦਾ ਮਨ ਵਾਰ ਵਾਰ ਭਰ ਕੇ ਉਛਲ਼ ਜਿਹਾ ਰਿਹਾ ਸੀ..? ਪਤਾ ਨਹੀਂ ਉਸ ਨੂੰ ਕਿਸੇ ਕਹਿਰ ਤੋਂ ਕੋਈ ਗ਼ੈਬੀ ਡਰ ਜਿਹਾ ਲੱਗੀ ਜਾ ਰਿਹਾ ਸੀ..!

ਹਫ਼ਤੇ ਬਾਅਦ ਫ਼ਲਾਈਟ ਦਾ ਦਿਨ ਆ ਗਿਆ।

ਖ਼ਾਨ ਵੱਲੋਂ ਭੇਜੀ ਮਿੰਨ੍ਹੀ ਕੈਬ ਉਹਨਾਂ ਦੇ ਘਰ ਅੱਗੇ ਆ ਖੜ੍ਹੀ ਹੋਈ।

ਡਰਾਈਵਰ ਨੇ ਅਟੈਚੀ ਚੁੱਕ ਕੇ ਕੈਬ ਵਿਚ ਰੱਖ ਲਏ।

-''ਆ ਜਾਹ ਸੀਤਲ..! ਅੰਦਰ ਹੁਣ ਕੀ ਕਰਦੀ ਪਈ ਏਂ...?'' ਇਮਰਾਨ ਬੋਲਿਆ ਤਾਂ ਭਾਰਤੀ ਪੰਜਾਬੀ ਡਰਾਈਵਰ ਨੇ 'ਸੀਤਲ' ਸੁਣ ਕੇ ਅੰਦਰ ਨੂੰ ਝਾਕਣਾਂ ਸ਼ੁਰੂ ਕਰ ਦਿੱਤਾ। ਇਹ ਤਾਂ ਭਾਰਤੀ ਪੰਜਾਬ ਦੀ ਕੁੜੀ ਦਾ ਨਾਂ ਸੀ..? ਸੀਤਲ ਕਿਸੇ ਮੁਸਲਮਾਨ ਔਰਤ ਦਾ ਨਾਂ ਉਸ ਨੇ ਅੱਜ ਤੱਕ ਨਹੀਂ ਸੁਣਿਆਂ ਸੀ..! ਸੀਤਲ ਤਾਂ ਸਾਡਾ ਪੰਜਾਬੀ ਨਾਂ ਸੀ..? ਸੀਤਲ ਸਿੱਖਾਂ ਦੀ ਕੁੜੀ ਵੀ ਹੋ ਸਕਦੀ ਹੈ ਅਤੇ ਹਿੰਦੂਆਂ ਦੀ ਵੀ..?

ਡਰਾਈਵਰ ਸੋਚੀਂ ਪੈ ਗਿਆ, ਸਾਡੀਆਂ ਪੰਜਾਬੀ ਕੁੜੀਆਂ ਦੀ ਕੀ ਮੱਤ ਮਾਰੀ ਗਈ...? ਆਪਣੇ ਦੇਸ਼ ਦੇ ਸਾਰੇ ਮੁੰਡੇ ਮਰ ਗਏ ਜਾਂ ਨਿਪੁੰਸਕ ਹੋ ਗਏ...? ਇਹਨਾਂ ਕੁੜੀਆਂ ਦੀ ਸੋਚ ਨੂੰ ਕੀ ਗ੍ਰਹਿਣ ਲੱਗ ਗਿਆ...? ਕਿੱਧਰ ਚਲੀ ਗਈ ਸੀ ਇਹਨਾਂ ਦੇ ਬਾਪ ਦਾਦੇ ਦੀ ਅਣਖ਼...? ਕਿਉਂ ਨਹੀਂ ਇਹ ਖ਼ਾਨਦਾਨ ਦੀ ਇੱਜ਼ਤ ਅਣਖ਼ ਬਾਰੇ ਸੋਚਦੀਆਂ...? ਅੰਨ੍ਹੀਆਂ ਹੋ ਕੇ ਭੇਡ ਵਾਂਗ ਇੱਕੋ ਖੂਹ ਵਿਚ ਕਾਹਤੋਂ ਡਿੱਗੀ ਜਾ ਰਹੀਆਂ ਨੇ...? ਇਹਨਾਂ ਨੂੰ ਸੇਧ ਦੇਣ ਵਾਲ਼ਾ ਕੋਈ ਵੀ ਅਣਖ਼ੀ ਪੰਜਾਬੀ ਨਹੀਂ ਰਹਿ ਗਿਆ...? ਹੇ ਸੱਚੇ ਪਾਤਿਸ਼ਾਹ...! ਆਹ ਦੇਖਲਾ ਖੁਰਦੀ ਜਾਂਦੀ ਐ ਤੇਰੀ ਕੌਮ ਦੀ ਅਗਲੀ ਪੀੜ੍ਹੀ, ਤੇ ਸਾਡੇ ਲੀਡਰਾਂ ਤੇ ਜੱਥੇਦਾਰਾਂ ਨੂੰ ਇਕ ਦੂਜੇ ਦੀਆਂ ਲੱਤਾਂ 'ਕੁੱਟਣ' ਜਾਂ 'ਘੁੱਟਣ' ਤੋਂ ਹੀ ਵਿਹਲ ਨਹੀਂ...! ਕਰ ਸੱਚੇ ਪਾਤਿਸ਼ਾਹ ਕੁਛ...! ਉੱਜੜਦੀ ਜਾਂਦੀ ਐ ਤੇਰੀ ਅਣਖ਼ ਵਾਲ਼ੀ ਸ਼ੇਰ ਕੌਮ...! ਸਿੱਖ, ਪਰ ਮੋਨੇ ਡਰਾਈਵਰ ਦੀ ਸੁਰਤੀ ਇਮਰਾਨ ਦੇ "ਚਲੋ ਜੀ...!" ਆਖਣ 'ਤੇ ਟੁੱਟੀ।

ਸੀਤਲ ਬਾਹਰ ਆ ਗਈ ਸੀ। ਦਿਲ ਵਿਚ ਭਾਰਤੀ ਪੰਜਾਬੀ ਡਰਾਈਵਰ ਨੇ ਉਸ ਨੂੰ ਸੌ-ਸੌ ਲਾਹਣਤਾਂ ਪਾਈਆਂ ਅਤੇ ਗਾਲ੍ਹਾਂ ਵੀ ਕੱਢੀਆਂ। ਉਸ ਨੇ ਪਿਛਲੇ ਸ਼ੀਸ਼ੇ ਵਿਚੋਂ ਦੀ ਸੀਤਲ ਨੂੰ ਦੇਖਿਆ ਅਤੇ ਪੜ੍ਹਨ ਦਾ ਯਤਨ ਕੀਤਾ। ਪਰ ਪਿੜ ਪੱਲੇ ਉਸ ਦੇ ਕੱਖ ਨਾ ਪਿਆ। ਚੋਰ ਦੀ ਮਾਂ ਕੋਠੀ 'ਚ ਮੂੰਹ...! ਸਾਰੇ ਰਾਹ ਡਰਾਈਵਰ ਨੇ ਉਹਨਾਂ ਨਾਲ਼ ਇਕ ਲਫ਼ਜ਼ ਵੀ ਸਾਂਝਾ ਨਾ ਕੀਤਾ। ਉਸ ਨੂੰ ਤਾਂ ਸਿਰਫ਼ ਐਨਾਂ ਹੀ ਪਤਾ ਸੀ ਕਿ ਉਸ ਦੀ ਡਿਊਟੀ ਉਹਨਾਂ ਨੂੰ ਹੀਥਰੋ ਏਅਰਪੋਰਟ ਲੰਡਨ ਛੱਡਣ ਦੀ ਸੀ।

-"ਪਾਕਿਸਤਾਨ ਚੱਲੇ ਓਂ...?" ਆਖਰ ਡਰਾਈਵਰ ਮਨ ਦੇ ਉਬਾਲ਼ ਨੂੰ ਰੋਕ ਨਹੀਂ ਸਕਿਆ ਅਤੇ ਜ਼ਮੀਰ ਦੇ ਹੁੱਝਾਂ ਮਾਰਨ 'ਤੇ ਫ਼ੌਲਾਦੀ ਚੁੱਪ ਤੋੜ ਹੀ ਲਈ।

-"ਜੀ ਹਾਂ...! ਦੋ ਹਫ਼ਤੇ ਲਈ ਪਾਕਿਸਤਾਨ ਚੱਲੇ ਹਾਂ...!" ਇਮਰਾਨ ਦੇ ਬੋਲਾਂ ਵਿਚ ਮਿਠਾਸ ਨਹੀਂ ਸੀ। ਰੱਖਾਪਣ ਸੀ। ਉਸ ਨੇ ਇਕ ਸੁਆਲ ਦੇ ਦੋ ਉੱਤਰ ਦੇ ਦਿੱਤੇ ਕਿ ਉਹ ਮੁੜ ਉਹਨਾਂ ਨੂੰ ਕੁਝ ਵੀ ਨਾ ਪੁੱਛੇ! ਸਮਝ ਡਰਾਈਵਰ ਵੀ ਗਿਆ।

-"ਤੁਰਨ ਫ਼ਿਰਨ ਜਾ ਰਹੇ ਹੋ ਯੰਗ ਮੈਨ...?" ਡਰਾਈਵਰ ਤੋਂ ਫਿਰ ਨਾ ਰਿਹਾ ਗਿਆ।

-"ਨਹੀਂ ਸਰਦਾਰ ਜੀ, ਮੈਂ ਇਸ ਸਰਦਾਰਨੀ ਨਾਲ਼ ਸ਼ਾਦੀ ਕਰਵਾਉਣ ਪਾਕਿਸਤਾਨ ਜਾ ਰਿਹਾ ਹਾਂ...!" ਇਮਰਾਨ ਨੂੰ ਖ਼ਾਨ ਬਾਪ ਤੋਂ ਪਤਾ ਸੀ ਕਿ ਡਰਾਈਵਰ ਪੰਜਾਬੀ ਸਿੱਖ ਸੀ। ਉਸ ਨੇ ਉਸ ਨੂੰ ਗੱਲ 'ਰੜਕਾ' ਕੇ ਆਖੀ ਕਿ ਡਰਾਈਵਰ ਹੁਣ ਦੁਬਾਰਾ ਕੁਝ ਨਾ ਪੁੱਛੇ ਅਤੇ ਉਸ ਨੇ ਸਿਰੇ ਦੀ ਸੁਣਾਂ ਧਰੀ।

ਡਰਾਈਵਰ ਦਾ ਕਾਲ਼ਜਾ ਦੋਫ਼ਾੜ ਹੋ ਗਿਆ। ਅਣਖ਼ ਅਤੇ ਜ਼ਮੀਰ ਦੀ ਢੂਹੀ ਟੁੱਟ ਗਈ। ਮਨ ਦੀਆਂ ਹਜ਼ਾਰਾਂ ਪਰਤਾਂ ਪਿੱਛੇ ਅਤੇ ਲਾਲਸਾਵਾਂ ਦੀਆਂ ਲਹਿਰਾਂ ਹੇਠ ਝਾਤੀ ਮਾਰਨੀ ਮਾਨੁੱਖ ਦੇ ਵੱਸ ਦਾ ਰੋਗ ਕਦਾਚਿੱਤ ਨਹੀਂ..! ਉਸ ਦੇ ਦਿਲ ਦੀ ਸੀਮਾਂ ਚਕਨਾਚੂਰ ਹੋ ਗਈ..! ਮਾਨੁੱਖ ਦੀ ਕੁਨਬਾ ਪਾਲ਼ਦੀ ਬਿਰਤੀ ਜਦੋਂ ਉਸ ਦੀ ਬੁੱਧੀ ਸਮੇਟ ਰਹੀ ਹੁੰਦੀ ਹੈ ਤਾਂ ਤਬਾਹੀ ਦੀ ਸ਼ੁਰੂਆਤ ਹੁੰਦੀ ਹੈ..! ਸਿੱਖ ਡਰਾਈਵਰ ਦੇ ਦਿਲ ਵਿਚ ਭਾਂਬੜ ਬਲ਼ਦੇ ਰਹੇ..! ਉਸ ਦਾ ਦਿਲ ਕਰਦਾ ਸੀ ਕਿ ਉਸ ਕੋਲ਼ ਜੇ ਹਥਿਆਰ ਹੁੰਦਾ, ਤਾਂ ਇਮਰਾਨ ਤੋਂ ਪਹਿਲਾਂ ਇਸ ਸੀਤਲ ਦੇ ਗੋਲ਼ੀ ਮਾਰਦਾ...! ਬਈ ਹਰਾਮ ਦੀਏ ਔਲ਼ਾਦੇ..! ਤੈਨੂੰ ਦੇਖ ਕੇ ਮੇਰੇ ਦਿਲ ਦੀ ਹਾਲਤ ਦੀ ਜੱਖਣਾਂ ਪੱਟੀ ਪਈ ਐ, ਤੈਨੂੰ ਜੰਮਣ ਅਤੇ ਪਾਲਣ ਵਾਲ਼ੇ ਤੇਰੇ ਮਾਂ ਪਿਉ ਦਾ ਕੀ ਹਾਲ ਹੋਵੇਗਾ..? ਜੇ ਸਾਡੇ ਸਮਾਜ ਵਿਚ ਦਾਜ ਦਾ ਕੋਹੜ੍ਹ ਨਾ ਹੁੰਦਾ ਅਤੇ ਧੀਆਂ ਆਪਹੁਦਰੀਆਂ ਤੇ ਬਦਚਲਣ ਨਾ ਹੁੰਦੀਆਂ, ਤਾਂ ਧੀਆਂ ਨੂੰ ਕੋਈ ਨਾ ਕੁੱਖ ਵਿਚ ਮਾਰਦਾ...! ਉਸ ਨੂੰ ਕਰੋਧ ਤਾਂ ਬਥੇਰ੍ਹਾ ਆਇਆ, ਪਰ ਮਜਬੂਰੀ ਵੱਸ ਉਹ ਚੁੱਪ ਸੀ..। ਕੈਮਰਿਆਂ ਦੀ ਪ੍ਰਵਾਹ ਨਾ ਕਰਦਿਆਂ ਉਹ ਕੈਬ ਨੂੰ ਸਿਰਤੋੜ ਦੱਬੀ ਤੁਰਿਆ ਜਾ ਰਿਹਾ ਸੀ। ਇਮਰਾਨ ਦੇ ਘਰ ਤੋਂ ਹੀਥਰੋ ਏਅਰਪੋਰਟ ਡੇਢ੍ਹ ਘੰਟੇ ਦਾ ਰਸਤਾ ਸੀ। ਪਰ ਜ਼ਮੀਰ, ਅਣਖ਼ ਅਤੇ ਬੇਇੱਜ਼ਤੀ ਵਿਚ ਪਿਸਦੇ ਡਰਾਈਵਰ ਨੇ ਕੈਬ ਘੰਟੇ ਵਿਚ ਹੀ ਹੀਥਰੋ ਏਅਰਪੋਰਟ 'ਤੇ ਆ ਲਾਈ।

ਸਮਾਨ ਚੁੱਕ ਕੇ ਬਾਹਰ ਰੱਖ ਦਿੱਤਾ। ਪੈਸੇ ਉਸ ਦੀ ਕੰਪਨੀ ਨੂੰ ਖ਼ਾਨ ਤੋਂ ਹੀ ਸਿੱਧੇ ਮਿਲਣੇ ਸਨ।

ਇਮਰਾਨ ਵੱਡਾ ਅਟੈਚੀ ਛੱਡਣ ਅੰਦਰ ਚਲਾ ਗਿਆ।

ਸੀਤਲ ਡਰਾਈਵਰ ਦੇ ਕੋਲ਼ ਹੀ ਖੜ੍ਹੀ ਸੀ।

-"ਐਦੂੰ ਤਾਂ ਕੁਛ ਖਾ ਕੇ ਮਰਜਾ...! ਤੂੰ ਚੰਦਰੀਏ ਮਾਂ ਬਾਪ ਨੂੰ ਤਾਂ ਨਮੋਸ਼ੀ ਦਿਵਾਉਣੀ ਹੀ ਸੀ, ਸਾਰੇ ਸਿੱਖ ਭਾਈਚਾਰੇ ਨੂੰ ਵੀ ਨਮੋਸ਼ੀ ਦਿਵਾਈ ਜਾਨੀ ਐਂ..! ਕਲੰਕ ਐਂ ਤੂੰ ਸਾਰੇ ਸਿੱਖ ਭਾਈਚਾਰੇ 'ਤੇ..!" ਡਰਾਈਵਰ ਨੇ ਪੈਰ ਦੁਰਮਟ ਵਾਂਗ ਸੜਕ 'ਤੇ ਮਾਰਿਆ ਅਤੇ ਕੈਬ ਵਿਚ ਬੈਠ ਹਨ੍ਹੇਰੀ ਹੋ ਗਿਆ। ਤੁਰਦੀ ਕੈਬ ਦੇ ਟਾਇਰਾਂ ਨੇ ਚੀਕਾਂ ਛੱਡੀਆਂ ਸਨ ਅਤੇ ਧੂੰਆਂ ਰੋਲ਼ ਹੋ ਗਿਆ ਸੀ। ਲੋਕ ਇਕ ਦਮ ਇੱਧਰ ਝਾਕੇ ਸਨ। ਪਰ ਡਰਾਈਵਰ ਅੱਖਾਂ ਤੋਂ ਓਹਲੇ ਹੋ ਚੁੱਕਾ ਸੀ। ਉਸ ਦੇ ਤਨ ਮਨ ਨੂੰ ਅੱਗ ਹੀ ਤਾਂ ਲੱਗੀ ਪਈ ਸੀ...? ਇਮਰਾਨ ਦੀ ਚੋਭ ਨੇ ਉਸ ਨੂੰ ਨਾ ਜਿਉਂਦਿਆਂ ਅਤੇ ਨਾ ਮਰਿਆਂ ਵਿਚ ਛੱਡਿਆ ਸੀ। ਉਸ ਦੇ ਮਨ ਵਿਚ ਮਾਰੂ ਹਨ੍ਹੇਰ ਅਤੇ ਜ਼ਮੀਰ 'ਤੇ ਅਪਮਾਨ ਦੀ ਮੋਹਲ਼ੇਧਾਰ ਅੱਗ ਵਰ੍ਹ ਰਹੀ ਸੀ..!

ਸੀਤਲ ਦੀ ਜ਼ਮੀਰ ਝੰਜੋੜੀ ਗਈ। ਮਹਿਸੂਸ ਤਾਂ ਉਸ ਨੇ ਰਸਤੇ ਵਿਚ ਹੀ ਕਰ ਲਿਆ ਸੀ ਕਿ ਭਾਈਚਾਰੇ ਦਾ ਸਿੱਖ ਡਰਾਈਵਰ ਉਸ ਦੀ ਇਸ ਕੋਝੀ ਕਰਤੂਤ ਤੋਂ ਮਾਯੂਸ ਅਤੇ ਦੁਖੀ ਸੀ। ਪਰ ਦੂਜੇ ਪਾਸੇ ਉਸ ਦਾ ਆਪਹੁਦਰਾ ਮਨ ਡਰਾਈਵਰ ਨੂੰ ਮਿਹਣੇਂ ਮਾਰਨ ਲੱਗ ਪਿਆ। ਕੀ ਗਲਤੀ ਕੀਤੀ ਹੈ ਮੈਂ...? ਕਿਸੇ ਮੁਸਲਮਾਨ ਨਾਲ਼ ਵਿਆਹ ਕਰਵਾਉਣਾਂ ਕੋਈ ਜੁਰਮ ਹੈ...? ਜਿੰਨੇ ਵੱਡੇ ਵੱਡੇ ਲੋਕ ਨੇ, ਸਭ ਨੇ ਗ਼ੈਰ ਜ਼ਾਤੀਆਂ ਨਾਲ਼ ਹੀ ਵਿਆਹ ਕਰਵਾਏ ਨੇ...? ਕਿੱਥੋਂ ਆ ਗਿਆ ਇਹ ਵੱਡਾ ਸਮਾਜ ਸੁਧਾਰਕ...? ਆਪਦੀਆਂ ਧੀਆਂ ਪਤਾ ਨ੍ਹੀ ਕਿੱਥੇ ਖੇਹ ਖਾਂਦੀਆਂ ਹੋਣਗੀਆਂ...? ਅਨਪੜ੍ਹ, ਗਵਾਰ, ਮੂਰਖ਼, ਨੈਰੋ ਮਾਈਂਡਡ..! ਮੈਨੂੰ ਦੇਣ ਲੱਗ ਪਿਆ ਉਪਦੇਸ਼...! ਵੱਡਾ ਸਿੱਖ...! ਕਿਵੇਂ ਵਾਧੂ ਸਿੱਖਾਂ ਦਾ ਠੇਕੇਦਾਰ ਬਣਿਆਂ ਫਿਰਦੈ...! ਅੱਜ ਸਾਰਾ ਸੰਸਾਰ ਇਕ-ਮਿੱਕ ਹੋਣ ਦੇ ਰੌਂਅ ਦੇ ਵਿਚ ਐ, ਤੇ ਇਹਨਾਂ ਦੀ ਘੀਸੀ ਕਰਨ ਵਾਲ਼ੀ ਆਦਤ ਨਹੀਂ ਜਾਣੀ...! ਮੈਂ ਆਪਦੇ ਮਾਂ ਬਾਪ ਨੂੰ ਜੁੱਤੀ ਤੋਂ ਦੀ ਮਾਰਿਆ, ਤੂੰ ਕਿਹੜੇ ਬਾਗ ਦੀ ਮੂਲ਼ੀ ਐਂ...? ਮੂੰਹ ਨਾ ਮੱਥਾ..! ਤੂੰ ਦਿਨ ਰਾਤ ਸੜਕਾਂ 'ਤੇ ਧੱਕੇ ਖਾਨੈਂ, ਟੈਕਸੀ ਲੈ ਕੇ..! ਤੇ ਮੈਂ ਘਰ ਬੈਠ ਕੇ ਚੰਗਾ ਖਾਨੀ ਐਂ, ਤੇ ਮੰਦਾ ਬੋਲਦੀ ਐਂ...! ਤੇ ਤੂੰ ਲੋਕਾਂ ਦੇ ਚੱਕੀ ਜਾਨੈਂ ਅਟੈਚੀ ਚੌਂਕੀਦਾਰਾਂ ਵਾਂਗੂੰ...! ਮੈਂ ਲੈਨੀਂ ਆਂ ਨਜ਼ਾਰੇ...! ਸੀਤਲ ਅੰਦਰੋਂ ਉਬਲ਼ ਰਹੀ ਸੀ।

ਇਮਰਾਨ ਦੂਜਾ ਅਟੈਚੀ ਲੈਣ ਆ ਗਿਆ।

-"ਕੀ ਗੱਲ ਐ...?" ਸੀਤਲ ਨੂੰ ਚੁੱਪ ਜਿਹੀ ਦੇਖ ਕੇ ਉਹ ਬੋਲਿਆ।

-"ਕੁਛ ਨਹੀਂ...!" ਉਸ ਨੇ ਆਪਣੇ ਚਿਹਰੇ ਦੇ ਬਦਲਦੇ ਹਾਵ-ਭਾਵ ਸੰਭਾਲ਼ੇ।

-"ਕੋਈ ਗੱਲ ਤਾਂ ਹੈ...!" ਚਤਰ ਇਮਰਾਨ ਨੇ ਉਸ ਦਾ ਪਿੱਛਾ ਨਾ ਛੱਡਿਆ।

-"ਨ੍ਹੋ, ਨਥਿੰਗ ਐਟ ਔਲ ਇਮਰਨ...! ਵ੍ਹਾਏ ਡੋਂਟ ਯੂ ਬਿਲੀਵ ਮੀ...?"

-"ਔਲ ਰਾਈਟ...! ਸੌਰੀ ਸੀਤਲ..!" ਤੇ ਇਮਰਾਨ ਨੇ ਅਟੈਚੀ ਚੁੱਕ ਲਿਆ ਅਤੇ ਸੀਤਲ ਨੇ ਬੈਗ।

ਅੱਗੜ ਪਿੱਛੜ ਉਹ ਪੀ. ਆਈ. ਏ. ਦੇ 'ਚੈੱਕ-ਇੰਨ' ਕਾਊਂਟਰ 'ਤੇ ਆ ਗਏ। ਵਾਰੀ ਆਉਣ 'ਤੇ ਇਮਰਾਨ ਨੇ ਪਾਸਪੋਰਟ ਅਤੇ ਟਿਕਟਾਂ ਪੇਸ਼ ਕੀਤੀਆਂ।

-"ਵਿੰਡੋ ਸਾਈਡ ਦੀਆਂ ਸੀਟਾਂ ਲੈ ਲਈਏ...?" ਇਮਰਾਨ ਨੇ ਪੁੱਛਿਆ।

-"ਓਵੀਅਸਲੀ...!"

ਇਮਰਾਨ ਏਅਰਲਾਈਨ ਵਾਲ਼ੀ ਕੁੜੀ ਦੇ ਨੇੜੇ ਹੋ ਗਿਆ।

-"ਕੁੱਡ ਯੂ ਗਿਵ ਅੱਸ ਵਿੰਡੋ ਸਾਈਡ ਸੀਟਸ ਪਲੀਜ਼...!"

-"ਨ੍ਹੋ ਪ੍ਰਾਬਲਮ ਐਟ ਔਲ...! ਆਈ ਵੈੱਲ ਟਰਾਈ ਮਾਈ ਬੈਸਟ..!" ਕੁੜੀ ਦੀ ਕਾਤਲ ਮੁਸਕਰਾਹਟ ਇਮਰਾਨ ਦਾ ਕਾਲ਼ਜਾ ਲੂਹ ਗਈ। ਉਸ ਦੇ ਚਿੱਟੇ ਦੰਦ ਮੋਤੀਆਂ ਦੀ ਮਾਲ਼ਾ ਹੀ ਤਾਂ ਸਨ। ਕੁੜੀ ਦੇ ਲਿਸ਼ਕਦੇ ਦੰਦਾਂ ਨੇ ਇਮਰਾਨ ਨੂੰ ਬੌਂਦਲ਼ਾ ਹੀ ਤਾਂ ਦਿੱਤਾ ਸੀ..? ਉਸ ਦਾ ਤਿੱਖਾ ਨੱਕ ਤਲਵਾਰ ਸੀ..! ਸੰਗਤਰੇ ਦੀਆਂ ਫ਼ਾੜੀਆਂ ਵਰਗੇ ਗੁਲਾਬੀ ਬੁੱਲ੍ਹਾਂ ਨੇ ਇਮਰਾਨ 'ਤੇ ਕਾਲ਼ਾ ਜਾਦੂ ਹੀ ਤਾਂ ਕਰ ਦਿੱਤਾ ਸੀ..! ਮੱਕੀ ਦੇ ਆਟੇ ਵਰਗਾ ਰੰਗ ਮਾਖਿਓਂ ਮਿੱਠਾ ਹੀ ਤਾਂ ਜਾਪਦਾ ਸੀ..! ਇਮਰਾਨ ਦੇ ਦਿਮਾਗ ਨੂੰ ਧੁਰ

ਸੀਮਾਂ ਤੱਕ ਝਟਕਾ ਵੱਜਿਆ ਕਿ ਸੰਸਾਰ 'ਤੇ ਸੀਤਲ ਨਾਲੋਂ ਕਿਤੇ ਜ਼ਿਆਦਾ ਸੁਹੱਪਣ ਹਾਜ਼ਰ ਸੀ...। ਉਸ ਏਅਰਲਾਈਨ ਵਾਲ਼ੀ ਕੁੜੀ ਦੇ ਸਾਹਮਣੇ ਸੀਤਲ ਉਸ ਨੂੰ ਕੋਈ ਬਿੱਜੂ ਵਰਗੀ ਨਜ਼ਰ ਆਈ ਸੀ। ਉਹ ਸੋਚੀਂ ਪੈ ਗਿਆ। ਇਮਰਾਨ ਮੀਆਂ...! ਤੂੰ ਤਾਂ ਅਜੇ ਦੁਨੀਆਂ ਦਾ ਦੇਖਿਆ ਹੀ ਕੱਖ ਨਹੀਂ...! ਅੱਬੂ ਜਾਨ ਐਵੇਂ ਨਹੀਂ ਸਨ ਆਖਦੇ ਹੁੰਦੇ....ਕਿ ਇਮਰਾਨ ਮੀਆਂ ਲਈ ਅਸਾਂ ਨੇ ਧਰਤੀ ਤੋਂ ਹੂਰ ਲੱਭਣੀਂ ਏਂ...! ਪਰ ਤੂੰ ਤਾਂ ਐਸ ਸਰਦਾਰਨੀ ਦੇ ਪਿੱਛੇ ਲੱਗ ਕੇ ਦੁਨੀਆਂ ਹੀ ਭੁੱਲ ਤੁਰਿਆ ਮੀਆਂ...? ਕੀ ਹੈ ਇਹ...? ਫ਼ਰਕ ਤੇ ਦੇਖ...! ਕਿੱਥੇ ਆਹ ਏਅਰਲਾਈਨ ਵਾਲ਼ੀ ਕਬੂਤਰੀ....ਤੇ ਕਿੱਥੇ ਇਹ ਖਾਣ ਸੂਰੀ ਸੀਤਲ...! ਅੱਬੂ ਜਾਨ ਦੀ ਇੰਗਲੈਂਡ ਵਿਚ ਕਿੰਨੀ ਬਣੀ ਹੋਈ ਏ...! ਅਗਰ ਇਹ ਏਅਰਲਾਈਨ ਵਾਲੀ ਕੁੜੀ ਇੰਗਲੈਂਡ ਰਹਿੰਦੀ ਹੋਈ....ਅੱਬੂ ਜਾਨ ਮੇਰੇ ਲਈ ਕਿਸੇ ਦੀ ਸ਼ਿਫ਼ਾਰਸ਼ ਪਾ ਕੇ ਵੀ ਮੇਰੇ ਲਈ ਮੰਗ ਲੈਣਗੇ...! ਉਹਨਾਂ ਨੇ ਤਾਂ ਮੇਰੀ ਖ਼ੁਸ਼ੀ ਲਈ ਸੀਤਲ ਨੂੰ ਨਹੀਂ ਧੱਕਿਆ...! ਨਾਲ਼ੇ ਗ਼ੈਰ ਮਜ਼ਹਬ ਨਾਲ਼ ਤੁਅੱਲਕ ਰੱਖਦੀ ਏ...! ਇਹ ਹਰਾਮਜ਼ਾਦੀ ਤਾਂ ਸਾਡਾ ਮਜ਼ਹਬ ਅਪਨਾਉਣ ਲਈ ਵੀ ਤਿਆਰ ਨਹੀਂ ਹੋਈ...? ਹੋਰ ਇਹ ਕੀ ਸੁਆਹ ਕਰੇਗੀ...? ਕਿੱਡੀ ਹਰਾਮਜ਼ਾਦੀ ਏ...! ਅੱਬੂ ਜਾਨ ਦੀ ਗੱਲ ਵੀ ਨਹੀਂ ਮੰਨੀ ਕੁੱਤੀ ਨੇ...! ਤੇ ਨਹੀਂ ਅੱਬੂ ਜਾਨ ਦੇ ਅੱਗੇ ਅਸਾਂ ਦੀ ਵਾਲਿਦਾ ਨੇ ਕਦੀ ਉਚਾ ਸਾਹ ਨਹੀਂ ਜੇ ਲਿਆ...! ਤੇ ਇਸ ਨੇ ਸਿੱਧਾ ਨੱਕ ਦੀ ਸੇਧ ਹੀ ਜਵਾਬ ਪਿਆ ਦੇ ਦਿੱਤਾ ਸੀ, ਅਖੇ ਮੈਂ ਇਸਲਾਮ ਕਬੂਲ ਨਹੀਂ ਜੇ ਕਰਾਂਗੀ...! ਅੱਬੂ ਜਾਨ ਮੇਰੇ ਲਈ ਅੰਬਰੋਂ ਤਾਰੇ ਤੋੜ ਕੇ ਲਿਆ ਦੇਣ..! ਅਗਰ ਮੇਰੇ ਪ੍ਰੇਮ ਦਾ ਸੁਆਲ ਨਾ ਜੇ ਹੁੰਦਾ...ਅੱਬੂ ਜਾਨ ਸਾਰੀ ਜ਼ਿੰਦਗੀ ਇਸ ਨਾਲ਼ ਸਲਾਮ-ਦੁਆ ਵੀ ਸਾਂਝੀ ਨਾ ਪਏ ਕਰਦੇ...! ਪਰ ਮੇਰੇ ਕਰਕੇ ਉਹਨਾਂ ਨੂੰ ਇਸ ਦੇ ਸਾਹਮਣੇ ਵੀ ਝੁਕਣਾਂ ਪਿਆ...! ਤੇ ਨਹੀਂ ਅੱਬੂ ਜਾਨ ਦੇ ਅੱਗੇ ਅੱਜ ਤੱਕ ਕੋਈ ਉੱਚੀ ਨਹੀਂ ਜੇ ਬੋਲਿਆ ਸੀ...। ਇੰਗਲੈਂਡ ਵਿਚ ਇਲਾਕੇ ਦਾ ਐਮ. ਪੀ. ਉਹਨਾਂ ਨੂੰ ਆਪ ਮਿਲਣ ਆਉਂਦੈ...। ਮੇਅਰ ਅਤੇ ਕੌਂਸਲਰ ਉਹਨਾਂ ਨਾਲ਼ ਚਾਹ ਦਾ ਪਿਆਲਾ ਸਾਂਝਾ ਕਰਨਾ ਆਪਣੀ ਇੱਜ਼ਤ ਸਮਝਦੇ ਨੇ। ਪਰ ਇਹ ਕੁੱਤੀ...? ਸਾਲ਼ੀ ਜੱਜ ਬਣੀ ਫ਼ਿਰਦੀ ਐ, ਹਮ ਇਸਲਾਮ ਕਬੂਲ ਨਹੀਂ ਕਰੇਂਗੇ...! ਫਿਰ ਉਸ ਨੂੰ ਆਪਣੇ ਆਪ 'ਤੇ ਹੀ ਗੁੱਸਾ ਆਇਆ, ਜਿਸ ਨੇ ਆਪਣੇ ਫ਼ਰਿਸ਼ਤੇ ਵਰਗੇ ਅੱਬੂ ਜਾਨ ਦੀ ਬੇਇੱਜ਼ਤੀ ਕਰਵਾਈ ਸੀ ਅਤੇ ਉਹਨਾਂ ਨੂੰ ਇਕ ਸਰਦਾਰਨੀ ਦਾ ਫ਼ੈਸਲਾ ਮੰਨਣ ਲਈ ਮਜਬੂਰ ਕੀਤਾ ਸੀ..।

ਫਿਰ ਉਸ ਨੂੰ ਅੱਬੂ ਜਾਨ ਦੀ ਸੁਣਾਈ ਸਮੁੰਦਰ ਅਤੇ ਖੂਹ ਦੇ ਡੱਡੂ ਵਾਲੀ ਵਾਰਤਾਲਾਪ ਯਾਦ ਆਈ; ਹੜ੍ਹਾਂ ਮੌਕੇ ਸਮੁੰਦਰ ਦਾ ਡੱਡੂ ਕਿਤੇ ਰੁੜ੍ਹ ਕੇ ਖੂਹ ਵਿਚ ਜਾ ਡਿੱਗਿਆ। ਖੂਹ ਦਾ ਡੱਡੂ ਪੁੱਛਣ ਲੱਗਿਆ, ਭਾਈ ਜਾਨ ਜਿੱਥੋਂ ਤੂੰ ਆਇਆ ਏਂ, ਉਥੇ ਕਿੰਨ੍ਹਾ ਕੁ ਪਾਣੀ ਏਂ..? ਤਾਂ ਸਮੁੰਦਰ ਦਾ ਡੱਡੂ ਆਖਣ ਲੱਗਿਆ, ਭਾਈ ਜਾਨ ਉਥੇ ਤਾਂ ਬੇਸ਼ੁਮਾਰ ਪਾਣੀ ਏਂ...! ਅੰਤ ਈ ਕੋਈ ਨਹੀਂ ਜੇ..! ਤਾਂ ਖੂਹ ਦੇ ਡੱਡੂ ਨੇ ਖੂਹ ਦੇ ਪਾਣੀ ਵਿਚ ਥੋੜ੍ਹੀ ਜਿਹੀ ਛਾਲ਼ ਮਾਰੀ ਤੇ ਪੁੱਛਣ ਲੱਗਿਆ, ਐਨਾਂ ਕੁ ਹੋਣੈਂ...? ਤੇ ਸਮੁੰਦਰ ਦਾ ਡੱਡੂ ਆਖਣ ਲੱਗਿਆ, ਨਹੀਂ ਭਾਈ ਜਾਨ, ਉਥੇ ਤੇ ਬਹੁਤ ਚੋਖ਼ਾ ਪਾਣੀ ਏਂ, ਕੋਈ ਅੰਤ ਨਹੀਂ ਜੇ..! ਫੇਰ ਖੂਹ ਦੇ ਡੱਡੂ ਨੇ ਖੂਹ ਦੇ ਅੱਧ ਤੱਕ ਛਾਲ਼ ਮਾਰੀ, ਤੇ ਫੇਰ ਪੁੱਛਿਆ, ਐਨਾਂ ਕੁ ਹੋਣੈਂ? ਤੇ ਸਮੁੰਦਰ ਦਾ ਡੱਡੂ ਫਿਰ ਹੱਸ ਕੇ ਕਹਿਣ ਲੱਗਿਆ, ਨਹੀਂ ਮੇਰੀ ਜਾਨ ਇਸ ਨਾਲ਼ੋਂ ਵੀ ਕਿਤੇ ਜ਼ਿਆਦਾ, ਬੇਥਾਹ ਪਾਣੀ...! ਤੇ ਫੇਰ ਖੂਹ ਦੇ ਡੱਡੂ ਨੇ ਖੂਹ ਦੇ ਇਕ ਕਿਨਾਰੇ ਤੋਂ ਦੂਸਰੇ ਕਿਨਾਰੇ ਤੱਕ ਛਾਲ਼ ਮਾਰ ਕੇ ਪੁੱਛਿਆ, ਐਨਾਂ ਕੁ ਈ ਹੋਣੈਂ..? ਤੇ ਸਮੁੰਦਰ ਦਾ ਡੱਡੂ ਫਿਰ ਉੱਚੀ ਉੱਚੀ ਹੱਸ ਪਿਆ ਤੇ ਕਹਿਣ ਲੱਗਾ, ਮੇਰੇ ਪਿਆਰੇ ਭਾਈ ਜਾਨ, ਇਸ ਨਾਲੋਂ ਵੀ ਜ਼ਿਆਦਾ ਪਾਣੀ ਏ ਓਥੇ...! ਭਾਈ ਜਾਨ ਅੰਤ ਈ ਕੋਈ ਨਹੀਂ ਓਥੇ, ਬਹੁਤ ਪਾਣੀ ਜੇ..! ਤੇ ਖੂਹ ਦਾ ਡੱਡੂ ਨਿਰਾਸ਼ ਜਿਹਾ ਹੋ ਕੇ ਕਹਿੰਦਾ, ਕਿਉਂ ਮੈਨੂੰ ਮੂਰਖ਼ ਬਣਾਈ ਜਾਨੈਂ ਭਾਈ ਪਿਆਰਿਆ..? ਐਦੂੰ ਵੱਧ ਤਾਂ ਕਿਤੇ ਪਾਣੀ ਹੀ ਹੈਨ੍ਹੀ...! ਕਿਉਂਕਿ ਖੂਹ ਦੇ ਡੱਡੂ ਨੇ ਜ਼ਿੰਦਗੀ ਭਰ ਵਿਚ ਇਸ ਨਾਲ਼ੋਂ ਜ਼ਿਆਦਾ ਪਾਣੀ ਕਿਤੇ ਵੇਖਿਆ ਵੀ ਨਹੀਂ ਸੀ...! ਉਸ ਨੂੰ ਸਮੁੰਦਰ ਦੇ ਡੱਡੂ ਦਾ ਸੱਚ ਕਿੱਥੋਂ ਆਉਂਦਾ...? ਇਹੀ ਗੱਲ ਤੇਰੀ ਹੈ ਇਮਰਾਨ ਮੀਆਂ...! ਤੂੰ ਸੀਤਲ ਤੋਂ ਬਿਨਾ ਅੱਜ ਤੱਕ ਕੁਝ ਦੇਖਿਆ ਅਤੇ ਵਰਤਿਆ ਨਹੀਂ...! ਤੈਨੂੰ ਦੁਨੀਆਂ ਦਾ ਕੀ ਪਤਾ...? ਦੁਨੀਆਂ ਵਿਚ ਅੱਲਾਹ ਤਾਲਾ ਨੇ ਭਲੀ ਤੋਂ ਭਲੀ

ਚੀਜ਼ ਬਣਾਈ ਏ, ਤੇ ਤੈਨੂੰ ਸੀਤਲ ਬਿਨਾ ਦਿਸਦਾ ਹੀ ਕੁਝ ਨਹੀਂ...? ਦੇਖ ਕਿੰਨਾਂ ਜ਼ਾਲਿਮ ਹੁਸਨ ਈ ਇਸ ਏਅਰਲਾਈਨ ਵਾਲ਼ੀ ਕੁੜੀ 'ਤੇ...! ਗੱਲ ਕਰਨ ਦੀ ਕਿਤਨੀ ਕਾਤਲ ਅਦਾ ਈ ਇਸ ਦੀ...! ਕਿਤਨਾ ਜ਼ਬਰਦਸਤ ਨਖ਼ਰਾ ਹੈ ਇਸ ਕੁੜੀ ਦਾ...! ਕਿੰਨਾਂ ਕਿਆਮਤ ਦਾ ਜੋਬਨ ਈ..! ਇਹੋ ਜਿਹੀ ਸੁੱਕੇ ਦਰੱਖ਼ਤ ਨੂੰ ਹੱਥ ਲਾ ਦੇਵੇ ਹਰੇ ਹੋ ਜਾਣ...! ਬੰਜਰ ਧਰਤੀ ਨੂੰ ਫ਼ਲੀਆਂ ਵਰਗੀਆਂ ਉਂਗਲਾਂ ਦੀ ਛੋਹ ਦੇ ਦੇਵੇ, ਝਰਨਾਂ ਫੁੱਟ ਪਵੇ...! ਮੁਰਦੇ ਦੇ ਬੁੱਲ੍ਹਾਂ 'ਤੇ ਬੁੱਲ ਧਰੇ, ਮੁਰਦਾ ਉਠ ਕੇ ਬੈਠ ਜਾਵੇ...! ਅੱਬੂ ਜਾਨ ਦੇ ਆਖਣ ਵਾਂਗ, ਤੂੰ ਤਾਂ ਅਜੇ ਦੁਨੀਆਂ ਦੇਖੀ ਹੀ ਨਹੀਂ ਇਮਰਾਨ ਮੀਆਂ...? ਅੱਬੂ ਜਾਨ ਦੀ ਗੱਲ ਸੋਲ਼ਾਂ ਆਨੇ ਸਹੀ ਏ...! ਤੈਨੂੰ ਤਾਂ ਸੀਤਲ ਬਾਝੋਂ ਕੁਝ ਦਿਸਦਾ ਹੀ ਨਹੀਂ ਸੀ ਮੂਰਖ਼ਾ...! ਤੂੰ ਅਮੀਰ ਅਤੇ ਬਾਰਸੂਖ਼ ਬਾਪ ਦਾ ਛੋਟਾ ਅਤੇ ਲਾਡਲਾ ਪੁੱਤਰ ਏਂ...! ਅੱਬੂ ਜਾਨ ਤਾਂ ਤੇਰੇ ਲਈ ਚਿੜੀਆਂ ਦਾ ਦੁੱਧ ਲਿਆ ਦੇਣ...! ਪਰ ਤੂੰ ਬੇਵਕੂਫ਼ਾ..? ਉਹਨਾਂ ਦੀ ਗੱਲ ਕਦੇ ਮੰਨੀ ਹੀ ਨਹੀਂ...! ਪਰ ਉਹਨਾਂ ਨੇ ਤੇਰੀ ਖ਼ੁਸ਼ੀ ਲਈ ਸੀਤਲ ਵੀ ਕਬੂਲ ਕਰ ਲਈ...! ਕੋਈ ਹੋਰ ਹੁੰਦਾ, ਟਿੰਡੀ ਦੇ ਬੀਜ਼ ਤੇ ਪਏ ਚਾੜ੍ਹ ਦਿੰਦੇ...? ਪਰ ਸੀਤਲ ਤੋਂ ਖਹਿੜ੍ਹਾ ਛੁਡਾਉਣਾਂ ਇਤਨਾ ਅਸਾਨ ਨਹੀਂ ਇਮਰਾਨ ਮੀਆਂ...! ਇਸ ਲਈ ਤੇ ਕੋਈ ਤਕਨੀਕ ਵਰਤਣੀ ਪਵੇਗੀ..! ਹੁਣ ਤਾਂ ਤੂੰ ਇਹਨੂੰ ਪਾਕਿਸਤਾਨ ਵੀ ਲੈ ਕੇ ਟੁਰ ਪਿਆ ਏਂ...? ਹੁਣ ਤੇ ਛੁਟਕਾਰਾ ਹਰਗਿਜ਼ ਨਹੀਂ..! ਹੁਣ ਤਾਂ ਤੈਨੂੰ ਇਹਤੋਂ ਕਿਸੇ ਢੰਗ ਨਾਲ਼ ਹੀ ਪਿੱਛਾ ਛੁਡਾਉਣਾਂ ਪਵੇਗਾ...! ਉਹ ਸੋਚਾਂ ਦੇ ਸਾਗਰਾਂ ਦੀਆਂ ਘੁੰਮਣ ਘੇਰੀਆਂ ਵਿਚ ਫ਼ਸਿਆ ਹੋਇਆ ਸੀ। ਉਸ ਦੀਆਂ ਸੋਚਾਂ ਦੀ ਲੜੀ ਏਅਰਲਾਈਨ ਵਾਲ਼ੀ ਕੁੜੀ ਦੀ ਵੰਝਲੀ ਵਰਗੀ ਮਿੱਠੀ ਅਵਾਜ਼ ਨਾਲ਼ ਟੁੱਟੀ।

-"ਯੂਅਰ ਬੋਰਡਿੰਗ ਕਾਰਡਜ਼ ਸਰ...!" ਕੁੜੀ ਦੀ ਅਵਾਜ਼ ਬੰਸਰੀ ਦੀ ਹੂਕ ਵਰਗੀ ਹੀ ਤਾਂ ਸੀ! ਉਸ ਨੂੰ ਉਸ ਦੀ ਰਸਭਿੰਨੀ ਅਵਾਜ਼ ਵਿਚੋਂ ਆਨੰਦ ਹੀ ਤਾਂ ਆਇਆ ਸੀ।

-"ਥੈਂਕ ਯੂ ਸੋ ਮੱਚ ਮੈਡਮ..!" ਇਮਰਾਨ ਕੁੜੀ ਦੀਆਂ ਝੀਲ ਵਰਗੀਆਂ ਅੱਖਾਂ ਵਿਚ ਝਾਕਦਿਆਂ ਬੋਲਿਆ। ਉਸ ਨੂੰ ਉਸ ਦੇ ਬਦਨ ਵਿਚੋਂ ਚੰਦਨ ਦੀ ਮਹਿਕ ਆ ਰਹੀ ਸੀ।

-"ਡੂ ਯੂ ਲਿਵ ਇੰਨ ਲੰਡਨ...?" ਇਮਰਾਨ ਨੇ ਉਸ ਦੇ ਬਹੁਤ ਬਹੁਤ ਨਜ਼ਦੀਕ ਹੋ ਕੇ ਪੁੱਛਿਆ।

-"ਓਵੀਅਸਲੀ...! ਬੱਟ, ਵ੍ਹਾਏ ਡੂ ਯੂ ਵਾਂਟ ਟੂ ਨੋਅ..?" ਹੱਸਦੀ ਕੁੜੀ ਦੇ ਦੰਦ ਉਸ ਨੂੰ ਅਸਮਾਨ ਵਿਚ ਖਿੜ੍ਹੇ ਤਾਰਿਆਂ ਵਾਂਗ ਜਾਪੇ।

-"ਸੌਰੀ..! ਇਟ ਵਾਜ਼ ਜਸਟ ਏ ਜਨਰਲ ਕੁਐਸਚਨ...! ਬੀਕੌਜ਼ ਆਈ ਲਿਵ ਇੰਨ ਲੰਡਨ ਐਜ਼ ਵੈੱਲ...! ਥੈਂਕਸ ਐਂਡ ਸੌਰੀ ਵੱਨਸ ਅਗੇਨ...!" ਇਮਰਾਨ ਨੇ ਕੁੜੀ ਵੱਲ ਕਿਸੇ ਅਰਮਾਨ ਨਾਲ਼ ਤੱਕਿਆ। ਕੁੜੀ ਉਸ ਨੂੰ ਰਹਿਮਤਾਂ ਦੇ ਬਾਗ ਵਿਚ ਖਿੜੀ ਕਲੀ ਹੀ ਤਾਂ ਲੱਗਦੀ ਸੀ। ਅੱਲਾਹ ਦੀ ਰਹਿਮਤ! ਪਤਾਸੇ ਵਰਗੀ..! ਉਸ ਨੇ ਬੋਰਡਿੰਗ ਕਾਰਡ ਫੜ ਲਏ। ਸੀਤਲ ਨੂੰ ਕੁਝ ਸੁਣਿਆਂ ਨਹੀਂ ਸੀ। ਕੁਝ ਮਹਿਸੂਸ ਨਹੀਂ ਹੋਇਆ ਸੀ। ਉਹ ਤਾਂ ਆਵੇਸਲ਼ੀ ਜਿਹੀ ਹੋਈ ਆਪਣੀਆਂ ਸੋਚਾਂ ਵਿਚ ਗੁਆਚੀ ਹੋਈ ਸੀ। ਉਸ ਦੇ ਭਾਅ ਦਾ ਤਾਂ ਇਮਰਾਨ ਕੁੜੀ ਨੂੰ ਸਿਰਫ਼ ਜਹਾਜ ਦੇ ਸਫ਼ਰ ਲਈ ਕੁਝ ਪੁੱਛ ਰਿਹਾ ਸੀ।

ਉਹ ਕੁੜੀ ਵੱਲੋਂ ਦੱਸੇ ਗੇਟ ਵੱਲ ਤੁਰ ਪਏ।

ਦੋਨੋਂ ਆਪੋ ਆਪਣੀਆਂ ਅਤੇ ਵੱਖੋ ਵੱਖਰੀਆਂ ਸੋਚਾਂ ਵਿਚ ਗ਼ਲਤਾਨ ਸਨ। ਏਅਰਲਾਈਨ ਵਾਲ਼ੀ ਕੁੜੀ ਦੇ ਦਰਸ਼ਣ ਕਰਨ ਤੋਂ ਬਾਅਦ ਸੀਤਲ ਇਮਰਾਨ ਨੂੰ ਫਿੱਕੀ-ਫਿੱਕੀ ਅਤੇ ਰਸਹੀਣ ਜਾਪਣ ਲੱਗ ਪਈ ਸੀ। ਪਰ ਮਜਬੂਰੀ ਮਾਰਿਆ ਉਹ ਉਸ ਨਾਲ਼ ਤੁਰਿਆ ਜਾ ਰਿਹਾ ਸੀ। ਜਿਵੇਂ ਡੈਹਾ ਅਤੇ ਧਲ੍ਹਿਆਰਾ ਪਾਈ ਹੋਈ ਮੱਝ ਖ਼ਰੀਦਦਾਰ ਦੇ ਮਗਰ ਤੁਰਦੀ ਹੈ। ਬੋਚ ਬੋਚ ਕੇ..! ਇਮਰਾਨ ਮੀਆਂ...! ਇਸ ਤੋਂ ਹੁਣ ਖਹਿੜ੍ਹਾ ਛੁਡਾਇਆ ਜਾਵੇ...! ਜਿਵੇਂ ਮਰਜ਼ੀ ਹੋਵੇ, ਜੇ ਮੈਂ ਸ਼ਾਦੀ ਕਰਾਂਗਾ, ਤਾਂ ਸਿਰਫ਼ ਏਅਰਲਾਈਨ ਵਾਲ਼ੀ ਕੁੜੀ ਨਾਲ਼ ਹੀ ਕਰਾਂਗਾ। ਪਰ ਮੈਂ ਤਾਂ ਉਸ ਕਰਮਾਂ ਵਾਲੀ ਦਾ ਨਾਮ ਤੱਕ ਨਹੀਂ ਪੁੱਛਿਆ..? ਫੇਰ ਕੀ ਹੋ ਗਿਆ..? ਦੁਨੀਆਂ ਬਹੁਤ ਛੋਟੀ ਏ..! ਨਾਮ ਦਾ ਕੀ ਏ..? ਜੀਂਦਾ ਰਹੇ ਅੱਬੂ ਜਾਨ..! ਬੜਾ ਕੁਝ ਪਤਾ ਕਰ ਦੇਵੇਗਾ..! ਇਕ ਵਾਰ ਸੁਆਲ ਪਾਉਣ ਦੀ ਜ਼ਰੂਰਤ ਏ..! ਪਰ ਜੇ ਉਹ ਸ਼ਾਦੀ ਸ਼ੁਦਾ ਹੋਈ, ਫੇਰ...? ਉਸ ਦੀ ਕੋਈ ਹੋਰ ਭੈਣ ਵੀ ਹੋ ਸਕਦੀ ਏ...? ਉਸ ਦੀ ਭੈਣ ਕਿਹੜਾ ਉਸ ਦੇ ਨਾਲ਼ੋਂ ਘੱਟ ਸੁੰਦਰ

ਹੋਵੇਗੀ...? ਇਕ ਮਾਂ, ਇਕ ਬਾਪ ਦੀ ਨਸਲ 'ਤੇ ਹੁਸਨ ਤਾਂ ਤਕਰੀਬਨ ਇੱਕੋ ਜਿਹਾ ਹੀ ਹੋਵੇਗਾ...? ਉਸ ਦਾ ਪਤਾ ਲਗਾਉਣਾਂ ਹੁਣ ਕੋਈ ਔਖਾ ਨਹੀਂ! ਪੀ. ਆਈ. ਏ. ਦੇ ਕਾਊਂਟਰ 'ਤੇ ਕੰਮ ਕਰਦੀ ਏ...! ਲੰਡਨ ਵਿਚ ਰਹਿੰਦੀ ਏ...! ਇਸ ਦਾ ਘਰ ਜਾਂ ਮਾਂ ਬਾਪ ਲੱਭਣੇ ਕੋਈ ਵੱਡੀ ਗੱਲ ਨਹੀਂ...! ਅੱਬੂ ਜਾਨ ਜ਼ਿੰਦਾਬਾਦ...! ਪਰ ਹੁਣ ਸਭ ਤੋਂ ਵੱਡਾ ਕੰਮ ਤੇਰੇ ਕੋਲ਼ ਸੀਤਲ ਬਾਂਦਰੀ ਤੋਂ ਖਹਿੜ੍ਹਾ ਛੁਡਾਉਣਾ ਹੈ..! ਚਲੋ, ਇੰਸ਼ਾਲਾ ਅੱਲਾਹ ਤਾਲਾ ਆਪੇ ਕੋਈ ਰਸਤਾ ਦਿਖਾਵੇਗਾ..!

ਸੋਚਾਂ ਦੇ ਘਨ੍ਹੇੜ੍ਹਿਆਂ 'ਤੇ ਚੜ੍ਹੇ ਉਹ ਠੀਕ ਗੇਟ 'ਤੇ ਪੁੱਜ ਗਏ।

ਫ਼ਲਾਈਟ ਸਹੀ ਟਾਈਮ 'ਤੇ ਹੀ ਜਾ ਰਹੀ ਸੀ।

ਸਕਿਊਰਿਟੀ ਕਰਵਾ ਕੇ ਉਹ ਜਹਾਜ ਵਿਚ ਜਾ ਬੈਠੇ ਅਤੇ ਆਪਣੇ ਮੁਕੱਰਰ ਸਮੇਂ ਤੋਂ ਕੋਈ ਚਾਲ਼ੀ ਕੁ ਮਿੰਟ ਲੇਟ ਜਹਾਜ ਲੰਡਨ ਤੋਂ ਪਾਕਿਸਤਾਨ ਵੱਲ ਉਡਾਰੀ ਮਾਰ ਗਿਆ।

## ਕਾਂਡ 15

ਹੋਮ ਆਫ਼ਿਸ ਵੱਲੋਂ ਬੁੱਕਣ ਡਿਪੋਰਟ ਕੀਤਾ ਜਾ ਚੁੱਕਾ ਸੀ।

ਹਨੀ ਨੇ ਮਕਾਨ 'ਤੇ ਕਰਜ਼ਾ ਲੈ ਕੇ ਘਰ ਦੀ ਅੱਧੀ ਕੀਮਤ ਰਮਣੀਕ ਨੂੰ ਦੇ ਦਿੱਤੀ ਸੀ। ਘਰ ਆਪ ਸੰਭਾਲ਼ ਲਿਆ ਸੀ। ਹੁਣ ਉਸ ਨੂੰ ਖ਼ਰਚਿਆਂ ਦੇ ਫ਼ਿਕਰ ਖਾਣ ਲੱਗ ਪਏ। ਕੰਮ ਕੋਲ਼ ਹੈ ਨਹੀਂ ਸੀ। ਜਦ ਉਸ ਨੂੰ ਕੋਈ ਰਸਤਾ ਨਾ ਦਿਸਿਆ, ਤਾਂ ਉਸ ਨੇ ਜੌਬ ਸੈਂਟਰ ਜਾ ਅਲਖ਼ ਜਗਾਈ ਅਤੇ ਜੌਬ ਸੀਕਰ ਅਲਾਊਂਸ ਲਈ ਅਪਲਾਈ ਕਰ ਦਿੱਤਾ। ਹਫ਼ਤੇ ਕੁ ਬਾਅਦ ਉਸ ਨੂੰ ਜੌਬ ਸੀਕਰ ਅਲਾਊਂਸ ਮਿਲਣ ਲੱਗ ਪਿਆ। ਪਰ ਇਤਨੀ ਕੁ ਰਕਮ ਨਾਲ਼ ਤਾਂ ਉਸ ਦੇ ਪੰਜ-ਪਾਂਜੇ ਹੀ ਪੂਰੇ ਨਹੀਂ ਹੋਣੇਂ ਸਨ...? ਬਿਜਲੀ, ਗੈਸ ਅਤੇ ਕਰਜ਼ੇ ਦੀ ਕਿਸ਼ਤ...! ਦਿਨ ਰਾਤ ਉਸ ਨੂੰ ਅੱਚਵੀ ਲੱਗੀ ਰਹਿੰਦੀ...। ਸਭ ਤੋਂ ਵੱਡੀ ਘਾਟ ਉਸ ਨੂੰ ਕਿਸੇ 'ਮਰਦ' ਦੀ ਘਾਟ ਸਤਾਉਂਦੀ। ਹਨੀ ਕਈ ਵਾਰ ਮਰਦ ਦੀ ਅਣਹੋਂਦ ਕਾਰਨ ਪਾਗਲ ਹੋਣ ਵਾਲ਼ੀ ਹੋ ਜਾਂਦੀ। ਦੂਜਾ ਕਾਰਨ ਇਹ ਸੀ ਕਿ ਉਸ ਕੋਲ਼ ਕੋਈ ਕੰਮ ਨਹੀਂ ਸੀ। ਨਹੀਂ ਤਾਂ ਬੰਦਾ ਕੰਮ ਤੋਂ ਆ ਕੇ ਥੱਕਿਆ ਹੰਭਿਆ ਸੌਂ ਜਾਂਦੈ।

ਇਕ ਦਿਨ ਸਵੇਰ ਨੂੰ ਹਨੀ ਬਹੁਤੀ ਹੀ ਪ੍ਰੇਸ਼ਾਨ ਅਤੇ ਪਸ਼ੇਮਾਨ ਜਿਹੀ ਸੀ। ਉਸ ਨੇ ਟੀ. ਵੀ. ਬੰਦ ਕਰ ਦਿੱਤਾ ਅਤੇ ਘਰ ਦੀ ਸਫ਼ਾਈ ਸ਼ੁਰੂ ਕਰ ਦਿੱਤੀ । ਸਾਰੀ ਦਿਹਾੜੀ ਬੰਦਾ ਕਿੱਥੋਂ ਟੈਲੀਵਿਯਨ ਦੇਖੀ ਜਾਵੇ...? ਹਰ ਚੀਜ਼ ਦੀ ਕੋਈ ਹੱਦ ਹੁੰਦੀ ਹੈ...। ਜਦ ਉਸ ਨੇ ਮੁੱਖ ਦਰਵਾਜੇ ਵੱਲ ਤੱਕਿਆ ਤਾਂ ਡਾਕ ਆਈ ਪਈ ਸੀ। ਦੋ ਤਿੰਨ ਚਿੱਠੀਆਂ ਸਨ। ਉਸ ਨੇ ਕੰਬਦੇ ਹੱਥਾਂ ਨਾਲ਼ ਡਾਕ ਖੋਲ੍ਹਣੀਂ ਸ਼ੁਰੂ ਕੀਤੀ। ਹੁਣ ਉਸ ਨੂੰ ਡਾਕ ਅਤੇ ਡਾਕੀਏ ਤੋਂ ਡਰ ਆਉਣ ਲੱਗ ਪਿਆ ਸੀ। ਇਕ ਚਿੱਠੀ ਜੌਬ ਸੈਂਟਰ ਵੱਲੋਂ ਸੀ। ਉਸ ਨੂੰ ਕਿਸੇ ਜੌਬ ਦੀ ਆਫ਼ਰ ਆਈ ਸੀ। ਉਸ ਨੇ ਫ਼ੋਨ ਘੁਮਾਇਆ ਅਤੇ ਕੰਪਨੀ ਵਾਲ਼ਿਆਂ ਨੇ ਉਸ ਨੂੰ ਅਗਲੇ ਦਿਨ ਸਵੇਰੇ ਦਸ ਵਜੇ ਦਾ ਸਮਾਂ ਦੇ ਦਿੱਤਾ। ਹਨੀ ਨੂੰ ਰਹਿੰਦਾ ਦਿਨ ਅਤੇ ਰਾਤ ਪਹਾੜ ਬਣ ਗਈ।

ਅਗਲੇ ਦਿਨ ਉਹ ਇੰਟਰਵਿਊ ਲਈ ਕੰਪਨੀ ਦੇ ਦਫ਼ਤਰ ਪੁੱਜੀ।

ਕੋਈ 60 ਕੁ ਸਾਲ ਦਾ ਦੇਸੀ ਬੰਦਾ ਬੈਠਾ ਸੀ। ਉਸ ਦੇ ਸਿਰ ਦਾ ਗੰਜ ਲਿਸ਼ਕ ਰਿਹਾ ਸੀ ਅਤੇ ਢਿੱਡ ਵੱਡਾ ਹੋਣ ਕਾਰਨ ਉਸ ਨੇ ਪੈਂਟ ਨੂੰ ਬੱਧਰ ਪਾਏ ਹੋਏ ਸਨ। ਭੈੜ੍ਹੀਆਂ ਜਿਹੀਆਂ ਅੱਖਾਂ ਵਾਲ਼ਾ ਦੇਸੀ

ਬੰਦਾ ਬੜਾ ਤਜ਼ਰਬੇਦਾਰ ਅਤੇ 'ਮਾਰਖ਼ੋਰਾ' ਲੱਗਦਾ ਸੀ।

ਹਨੀ ਨੇ ਉਸ ਤੋਂ ਅੰਦਰ ਆਉਣ ਦੀ ਇਜਾਜ਼ਤ ਮੰਗੀ। ਜੋ ਉਸ ਨੇ "ਪਲੀਜ਼ ਕਮ ਇੰਨ" ਆਖ ਕੇ ਦੇ ਦਿੱਤੀ।

ਹਨੀ ਅੰਦਰ ਲੰਘ ਗਈ। ਹਨੀ ਨੇ ਦੇਸੀ ਬੰਦਾ ਜਾਣ ਕੇ ਉਸ ਨੂੰ ਹੱਥ ਜੋੜ ਕੇ ਸਤਿਕਾਰ ਦਿੱਤਾ। ਪਰ ਉਸ ਨੇ ਉਠ ਕੇ ਹਨੀ ਨਾਲ਼ ਆਪਣਾ ਮਰੇ ਚੂਹੇ ਵਰਗਾ ਹੱਥ ਮਿਲਾਇਆ।

-"ਯੂ ਆਰ ਸੋ ਪਰੈਟੀ...! ਲੁਕਿੰਗ ਸੋ ਨਾਈਸ...!" ਉਸ ਨੂੰ ਗੱਲ ਕਰਕੇ ਵਾਰ ਵਾਰ ਹੱਥ ਮਿਲਾਉਣ ਦੀ ਬੁਰੀ ਆਦਤ ਸੀ।

-"ਥੈਂਕ ਯੂ, ਸਰ...! ਇਟ ਇਜ਼ ਕਾਈਂਡ ਔਫ਼ ਯੂ..!" ਹਨੀ ਨੂੰ ਜਾਪਿਆ ਕਿ ਸੱਪ ਇਸ ਖੱਡ ਵਿਚੋਂ ਹੀ ਨਿਕਲ਼ੇਗਾ। ਉਹ ਵੀ ਹੰਢੀ ਵਰਤੀ ਸੀ। ਕੋਈ ਨਿਆਣੀਂ ਨਹੀਂ ਸੀ।

-"ਵੇਅਰ੍ਹ ਡੂ ਯੂ ਕਮ ਫ਼ਰੌਮ...?" ਉਸ ਨੇ ਹਨੀ ਨੂੰ ਪਹਿਲਾ ਸੁਆਲ ਦਾਗਿਆ।

-"ਬੇਸੀਕਲੀ, ਆਈ ਐਮ ਫ਼ਰੌਮ ਇੰਡੀਆ ਸਰ..!" ਹਨੀ ਦੇ ਬੋਲਾਂ ਵਿਚ ਕੁਝ ਜ਼ਿਆਦਾ ਹੀ ਮਿਠਾਸ ਸੀ।

-"ਵੇਅਰ੍ਹ ਫ਼ਰੌਮ ਇੰਡੀਆ...? ਇੰਡੀਆ ਇਜ਼ ਏ ਲਾਰਜ ਕੰਟਰੀ ਲਵਲੀ ਗਰਲ...!"

-"ਫ਼ਰੌਮ ਪੰਜਾਬ, ਸਰ...!" ਹਨੀ ਨੇ ਭੇਦ ਪਾ ਲਿਆ ਕਿ ਦੇਸੀ ਮੈਨੇਜਰ ਉਸ ਦੇ ਹੁਸਨ 'ਤੇ ਲਟਬੌਰਾ ਹੋਇਆ ਪਿਆ ਸੀ।

-"ਉਏ ਕੁੜੀਏ...! ਡੁੱਬ ਜਾਣੀਏਂ, ਮੈਂ ਵੀ ਪੰਜਾਬੀ ਐਂ...! ਫ਼ਗਵਾੜੇ ਤੋਂ..! ਆਪਾਂ ਕਾਹਨੂੰ ਅੰਗਰੇਜ਼ੀ ਦੀ ਖੁਰ ਵੱਢ ਕਰੀ ਜਾਨੇ ਐਂ...? ਪੰਜਾਬੀ ਕਿਉਂ ਨਹੀਂ ਬੋਲਦੇ..?" ਉਸ ਨੇ ਹਨੀ ਨਾਲ਼ ਫਿਰ ਹੱਥ ਮਿਲਾਇਆ।

ਹਨੀ ਮੁਸਕਰਾ ਪਈ। ਉਸ ਨੂੰ ਅਹਿਸਾਸ ਸੀ ਕਿ ਇਸ ਬੁੱਚੜ ਜਿਹੇ ਨਾਲ਼ ਮਿੱਠੀ ਪਿਆਰੀ ਹੋ ਕੇ ਕੰਮ ਲੈਣਾਂ ਪੈਣਾਂ ਹੈ! ਇਹ ਸਮੇਂ ਦੀ ਲੋੜ ਹੈ ਹਨੀ..!

-"ਕੀ ਨਾਂ ਐਂ ਕੁੜੀਏ ਤੇਰਾ...?" ਉਸ ਨੇ ਕੰਪਿਊਟਰ ਦੀਆਂ ਸੁੱਚਾਂ ਦੱਬਣੀਆਂ ਸ਼ੁਰੂ ਕਰ ਦਿੱਤੀਆਂ।

-"ਹਨਿੰਦਰ ਕੌਰ ਐ ਸਰ, ਪਰ ਵੈਸੇ ਮੈਨੂੰ ਸਾਰੇ ਹਨੀ ਆਖ ਕੇ ਬਲਾਉਂਦੇ ਐ..!"

-"ਕਿੰਨਾਂ ਵਧੀਆ ਨਾਮ ਐਂ..? ਤੂੰ ਲੱਗਦੀ ਵੀ ਸ਼ਹਿਦ ਵਰਗੀ ਹੀ ਐਂ..! ਕਿੰਨੀ ਉਮਰ ਐ..?"

-"ਤੀਹ ਸਾਲ ਐ ਜੀ...!"

-"ਮੇਰਾ ਨਾਂ ਵੈਸੇ ਤਾਂ ਬਲਦੇਵ ਐ, ਪਰ ਮੈਨੂੰ ਸਾਰੇ ਐਥੇ 'ਡੇਵ' ਆਖਦੇ ਨੇ, ਤੂੰ ਮੈਨੂੰ ਜੀ-ਜੀ ਕਿਉਂ ਆਖੀ ਜਾਨੀ ਐਂ..?"

-"ਸੌਰੀ ਡੇਵ..!" ਹਨੀ ਬੜੀ ਤੇਜ਼ੀ ਨਾਲ਼ ਦੇਖ ਰਹੀ ਸੀ ਕਿ ਡੇਵ ਉਸ ਦੇ ਹੁਸਨ ਦੇ ਜਾਲ਼ ਵਿਚ ਬੁਰੀ ਤਰ੍ਹਾਂ ਨਾਲ਼ ਉਲ਼ਝਦਾ ਜਾ ਰਿਹਾ ਸੀ। ਮੱਕੜੀ ਦੇ ਜਾਲ਼ ਵਿਚ ਮੱਖੀ ਦੇ ਫ਼ਸਣ ਵਾਂਗ!

-"ਪਹਿਲੇ ਕੰਮ ਦਾ ਤਜ਼ਰਬਾ...?"

-"ਨੌਂ ਮਹੀਨੇ..!"

-"ਕੰਮ ਛੱਡਣ ਦਾ ਕਾਰਨ...?" ਸੁਆਲ ਹਨੀ ਦੇ ਸਿਰ ਵਿਚ ਘਣ ਵਾਂਗ ਆ ਵੱਜਿਆ। ਉਹ ਉੱਤਰ ਦੇਣ ਲੱਗੀ ਬੌਂਦਲ਼ ਗਈ।

-"ਮੇਰੇ ਨਾਲ਼ ਕੰਮ ਕਰਨ ਵਾਲ਼ੀਆਂ ਨੇ ਰਲ਼ ਕੇ ਹੈੱਡ ਆਫ਼ਿਸ ਦੇ ਜਨਰਲ ਡਾਇਰੈਕਟਰ ਕੋਲ਼ ਇਲਜ਼ਾਮ ਲਾਇਆ ਕਿ ਹਨੀ ਦਾ ਚਾਲ ਚੱਲਣ ਠੀਕ ਨਹੀਂ, ਤੇ ਇਸ ਦੇ ਡਿਊਟੀ ਮੈਨੇਜਰ ਨਾਲ਼ ਨਜਾਇਜ਼ ਸਬੰਧ ਹਨ...!" ਉਸ ਨੇ ਜਕਦਿਆਂ ਜਕਦਿਆਂ ਦੱਸਿਆ। ਜਿਹੜੀ ਗੱਲ 'ਰੈਫ਼ਰੈਂਸ' ਵਿਚ ਸਾਹਮਣੇ ਆ ਡਿੱਗਣੀ ਸੀ, ਉਸ ਨੂੰ ਲਕੋਣ ਦਾ ਵੀ ਕੀ ਫ਼ਾਇਦਾ...? ਉਸ ਨੇ ਤਕਰੀਬਨ ਸੱਚ ਜਿਹਾ ਹੀ ਦੱਸਿਆ।

-"ਇਲਜ਼ਾਮ...? ਬਹੁਤ ਬੁਰੀ ਗੱਲ...!" ਉਸ ਨੇ ਦੂਰਬੀਨ ਵਰਗੀ ਨਜ਼ਰ ਹਨੀ ਦੇ ਸੁਨੱਖੇ

ਚਿਹਰੇ 'ਤੇ ਗੱਡ ਲਈ। ਨਜ਼ਰਾਂ ਵਿਚ ਘੋਖ਼ ਸੀ..!

ਹਨੀ ਚੁੱਪ ਧਾਰ ਗਈ।

ਉਸ ਨੂੰ ਇਹ ਨਾ ਪਤਾ ਚੱਲਿਆ ਕਿ ਇਹ ਗੱਲ ਉਸ ਦੇ ਹੱਕ ਵਿਚ ਜਾਂ ਖ਼ਿਲਾਫ਼ ਗਈ ਸੀ..? ਉਹ ਸੁਆਲ ਦਾ ਇਕ ਚਿੰਨ੍ਹ ਬਣ ਗਈ।

ਦੇਵ ਕਾਫ਼ੀ ਦੇਰ ਉਸ ਦਾ ਚਿਹਰਾ ਨਿਹਾਰਦਾ ਰਿਹਾ ਅਤੇ ਇੰਟਰਵਿਊ ਦੀ ਕਾਰਵਾਈ ਅੱਗੇ ਸ਼ੁਰੂ ਕੀਤੀ।

-"ਸ਼ਾਦੀ ਸ਼ੁਦਾ ਜਾਂ ਸਿੰਗਲ...?"

-"ਤਲਾਕਸ਼ੁਦਾ..!"

ਡੇਵ ਦੀਆਂ ਅੱਖਾਂ ਨੇ ਫਿਰ ਹਨੀ ਦੇ ਚਿਹਰੇ ਦੀ ਤਲਾਸ਼ੀ ਲਈ।

-"ਬੱਚੇ...?"

-"ਕੋਈ ਨਹੀਂ...!"

ਡੇਵ ਕਾਫ਼ੀ ਦੇਰ ਕੁਝ ਸੋਚਦਾ ਰਿਹਾ। ਤਲਾਕਸ਼ੁਦਾ ਔਰਤ...! ਤੀਹ ਸਾਲ ਦੀ ਭਰ ਜੁਆਨ ਉਮਰ...! ਬੱਚਾ ਕੋਈ ਨਹੀਂ...! ਕੰਮ ਤੋਂ ਨਿਕਲਣ ਦਾ ਕਾਰਨ ਬਦਚੱਲਣ...! ਲੁੱਟ ਲੈ ਬਹਾਰ ਡੇਵ ਸਿਆਂ...! ਘਰਵਾਲ਼ੀ ਨਾਲ਼ ਤਲਾਕ ਹੋਏ ਨੂੰ ਦਸ ਸਾਲ ਹੋ ਗਏ...! ਤੂੰ ਵੀ ਕੋਈ ਹੱਥ ਪੈਰ ਹਿਲਾ...! ਇਹਨੂੰ ਕੰਮ ਦੀ ਲੋੜ ਹੈ ਅਤੇ ਤੈਨੂੰ ਔਰਤ ਦੀ...! ਇਹਨੂੰ ਅਜੇ ਕੋਈ ਰਾਹ ਨਾ ਦੇਹ..! ਆਪੇ ਤੇਰੇ ਮਗਰ ਭੱਜੀ ਆਊਗੀ..! ਇਹਨੂੰ ਅਜੇ ਟਾਲ਼ਾ ਮਾਰ...! ਲਾਰਿਆਂ 'ਤੇ ਰੱਖ...! ਤੇਰੇ ਦੋਨੀਂ ਹੱਥੀਂ ਲੱਡੂ ਆ ਜਾਣਗੇ...! ਅਜੇ ਪੈਰ ਰੱਖ..! ਇਹਨੂੰ ਅਜੇ ਕੋਈ ਉੱਤਰ ਨਾ ਦੇਹ...! ਬਿੱਲੀ ਫ਼ਸੀ ਫ਼ਸਾਈ ਹੀ ਦਰੱਖ਼ਤ 'ਤੇ ਚੜ੍ਹਦੀ ਐ...! ਤੂੰ ਇਹਨੂੰ ਮਾਰ ਫ਼ੈਂਟਰ ਤੇ ਵਿਦਾ ਕਰ...!

-"ਗੱਲ ਇਹ ਐ ਹਨੀ...!" ਉਸ ਨੇ ਕੰਪਿਊਟਰ ਦੇ ਸਕਰੀਨ ਤੋਂ ਕੁਝ ਪੜ੍ਹਦਿਆਂ ਆਖਿਆ।

-"..........।" ਹਨੀ ਦਾ ਦਿਲ ਧੜ੍ਹਕਿਆ। ਉਸ ਨੇ ਉੱਤਰ ਸੁਣਨ ਲਈ ਆਪਣੇ ਆਪ ਨੂੰ ਅੰਦਰੋਂ ਕਰੜਾ ਕੀਤਾ।

-"ਸਾਡੇ ਕੋਲ਼ ਤੀਹ-ਪੈਂਤੀ ਇੰਟਰਵਿਊਜ਼ ਹੋ ਚੁੱਕੀਐਂ, ਤੇ ਅਜੇ ਪੰਜ ਕੁ ਹੋਰ ਇੰਟਰਵਿਊਆਂ ਇਸ ਹਫ਼ਤੇ ਹੋਣ ਵਾਲ਼ੀਐਂ..! ਸਾਰੀਆਂ ਇੰਟਰਵਿਊਜ਼ ਹੋਣ ਤੋਂ ਬਾਅਦ ਅਸੀਂ ਸ਼ੁੱਕਰਵਾਰ ਨੂੰ ਕੋਈ ਫ਼ੈਸਲਾ ਲਵਾਂਗੇ, ਤੇ ਤੈਨੂੰ ਹਾਂ ਜਾਂ ਨਾਂਹ ਬਾਰੇ ਚਿੱਠੀ ਪਾ ਦਿਆਂਗੇ...! ਅਗਰ ਕੋਈ ਸੁਆਲ ਪੁੱਛਣਾ ਹੋਵੇ, ਆਹ ਮੇਰਾ ਕਾਰਡ ਐ...! ਤੇ ਮੈਨੂੰ ਸ਼ਾਮ ਛੇ ਵਜੇ ਤੋਂ ਬਾਅਦ ਮੇਰੇ ਮੋਬਾਇਲ 'ਤੇ ਫ਼ੋਨ ਕਰ ਲੈਣਾਂ...! ਦਫ਼ਤਰ ਵਿਚ ਤਾਂ ਤੂੰ ਦੇਖ ਹੀ ਲਿਐ ਕਿ ਮੈਂ ਕਿੰਨਾਂ ਬਿਜ਼ੀ ਹੁੰਦਾ ਹਾਂ..? ਘਰੇ ਮੇਰੇ ਕੋਲ਼ ਟਾਈਮ ਹੀ ਟਾਈਮ ਹੁੰਦਾ ਹੈ ਕਿਉਂਕਿ ਮੇਰਾ ਵੀ ਕਾਫ਼ੀ ਅਰਸਾ ਪਹਿਲਾਂ ਤਲਾਕ ਹੋ ਚੁੱਕਿਐ, ਬੱਚੇ ਵੱਡੇ ਨੇ, ਤੇ ਆਪੋ ਆਪਣੀ ਜਗਾਹ ਸੈੱਟ ਨੇ..! ਘਰ ਮੈਂ 'ਕੱਲਾ ਹੀ ਹੁੰਦਾ ਹਾਂ...!" ਉਸ ਨੇ ਕਾਰਡ ਫੜਾਉਂਦਿਆਂ ਕਈ ਸੰਕੇਤ ਹਨੀ ਨੂੰ ਕਰ ਦਿੱਤੇ ਅਤੇ ਹਨੀ ਨਿਰਾਸ਼ਾ ਵਿਚ "ਅੱਛਾ ਡੇਵ, ਸਤਿ ਸ੍ਰੀ ਅਕਾਲ" ਆਖ ਕੇ ਬਾਹਰ ਆ ਗਈ। ਉਸ ਨੇ ਵੀ 'ਸਤਿ ਸ੍ਰੀ ਅਕਾਲ' ਆਖ ਕੇ ਹਨੀ ਨਾਲ਼ ਹੱਥ ਮਿਲਾਇਆ ਸੀ।

ਹਨੀ ਟਿਊਬ ਵਿਚ ਬੈਠੀ ਡੇਵ ਬਾਰੇ ਸੋਚੀ ਜਾ ਰਹੀ ਸੀ। ਹਨੀ, ਇਹ ਵਲੈਤ ਹੈ...! ਇੱਥੇ ਪੈਸੇ ਬਿਨਾਂ ਦੁਨੀਆਂ ਰੱਬ ਨੂੰ ਮੱਥਾ ਨਹੀਂ ਟੇਕਦੀ..! ਡੇਵ ਨੇ ਢੰਗ ਨਾਲ਼ ਤੈਨੂੰ ਕਈ ਇਸ਼ਾਰੇ ਕੀਤੇ ਨੇ...! ਬੰਦੇ ਨੂੰ ਇਸ਼ਾਰਾ ਤੇ ਗਧੇ ਨੂੰ ਡੰਡਾ...! ਤਲਾਕਸ਼ੁਦਾ ਆਦਮੀ, ਕੰਪਨੀ ਵਿਚ ਮੈਨੇਜਰ, ਪੈਸੇ ਵਾਲ਼ਾ ਤਾਂ ਲਾਜ਼ਮੀ ਹੋਊ..? ਬੱਚੇ ਆਪੋ ਆਪਣੇ ਘਰੀ ਸੈੱਟ..! 'ਕੱਲਾ ਬੰਦਾ...! ਪ੍ਰਾਪਰਟੀ ਵੀ ਹੋਵੇਗੀ...? ਕਿਸੇ ਵੀ ਕੰਪਨੀ ਦਾ ਮੈਨੇਜਰ ਕਿਸੇ ਨੂੰ ਡਿਊਟੀ ਟਾਈਮ ਤੋਂ ਬਾਅਦ ਫ਼ੋਨ ਕਰਨ ਨੂੰ ਨਹੀਂ ਆਖਦਾ...। ਕਿਉਂਕਿ ਹਰ ਬੰਦਾ ਡਿਊਟੀ ਤੋਂ ਬਾਅਦ ਆਪਣੀ ਸ਼ਾਂਤੀ ਚਾਹੁੰਦੈ...! ਪਰ ਇਸ ਨੇ ਤਾਂ ਮੈਨੂੰ ਸਿਰਫ਼ ਡਿਊਟੀ ਤੋਂ ਬਾਅਦ ਫ਼ੋਨ ਕਰਨ ਨੂੰ ਕਿਹਾ ਹੈ..! ਦਾਲ਼ ਵਿਚ ਜ਼ਰੂਰ ਕਿਤੇ ਕਾਲ਼ਾ ਹੈ...! ਜੇ ਉਹ ਮੈਨੇਜਰ ਹੈ, ਤਾਂ ਤੂੰ ਵੀ ਵਲੈਤ ਦਾ ਤਜ਼ਰਬਾ ਹਾਸਲ ਕੀਤਾ ਹੈ...! ਕਿੰਨੀਆਂ ਇੰਟਰਵਿਊਆਂ ਹੋ ਚੁੱਕੀਆਂ ਨੇ ਅਤੇ ਕਿੰਨੀਆਂ ਅਜੇ ਹੋਣ

ਵਾਲ਼ੀਆਂ ਨੇ...! ਇਹਨਾਂ ਚਾਲ਼ੀਆਂ ਉਮੀਦਵਾਰਾਂ ਵਿਚੋਂ ਤੇਰੀ ਬਦਚੱਲਣ ਦੀ ਵਾਰੀ ਕਦੋਂ ਆਈ ਹਨੀ...? ਹੁਣ ਸਮਾਂ ਹੈ, ਡੇਵ ਨੂੰ ਚਿੱਤ ਕਰ...! ਬੀਨ ਵਜਾਉਣ ਨਾਲ਼ ਤਾਂ ਸੱਪ ਖੱਡ 'ਚੋਂ ਨਿਕਲ਼ ਆਉਂਦੈ...! ਹੁਸਨ 'ਤੇ ਤਾਂ ਦੇਵਤੇ ਲੱਟੂ ਹੋ ਗਏ ਸੀ...! ਤੂੰ ਇਹਦੀ ਕੋਈ ਸੁੱਚ ਨੱਪ ਤੇ ਜੌਬ ਲੈ...! ਅੱਗੇ ਜੋ ਹੋਈ, ਦੇਖੀ ਜਾਏਗੀ...!

ਸੋਚਾਂ ਵਿਚ ਗੁੰਮ ਉਹ ਘਰ ਪਹੁੰਚ ਗਈ।

ਉਸ ਨੇ ਡੇਵ ਦਾ ਕਾਰਡ ਕੱਢ ਕੇ ਦੇਖਿਆ।

ਉਸ 'ਤੇ ਉਸ ਦਾ ਮੋਬਾਇਲ ਨੰਬਰ ਵੀ ਦਰਜ਼ ਸੀ।

ਉਸ ਨੇ ਕੰਧ 'ਤੇ ਲੱਗੀ ਘੜ੍ਹੀ ਤੋਂ ਸਮਾਂ ਪੜ੍ਹਿਆ। ਘੜ੍ਹੀ ਸ਼ਾਮ ਦੇ ਸਾਢੇ ਛੇ ਵਜਾ ਰਹੀ ਸੀ। ਉਸ ਨੇ ਡੇਵ ਨੂੰ ਫ਼ੋਨ ਕਰਨ ਲਈ ਆਪਣੇ ਮੋਬਾਇਲ ਨੂੰ ਹੱਥ ਪਾ ਲਿਆ। ਉਸ ਦੀਆਂ ਹੱਥਾਂ ਦੀਆਂ ਤਲ਼ੀਆਂ ਪਸੀਨੇ ਨਾਲ਼ ਭਿੱਜ ਗਈਆਂ। ਉਸ ਨੇ ਫ਼ੋਨ ਫਿਰ ਮੇਜ਼ 'ਤੇ ਰੱਖ ਦਿੱਤਾ। ਉਸ ਦਾ ਮਨ ਦੁਬਿਧਾ ਵਿਚ ਫ਼ਸਿਆ ਪਿਆ ਸੀ। ਉਹ ਡੇਵ ਨੂੰ ਫ਼ੋਨ ਕਰੇ, ਜਾਂ ਨਾ ਕਰੇ...? ਉਸ ਦਾ ਦਿਲ ਕਦੇ 'ਹਾਂ' ਅਤੇ ਕਦੇ 'ਨਾਂਹ' ਵਿਚ ਸਿਰ ਫ਼ੇਰ ਦਿੰਦਾ। ਸੋਚਾਂ ਸੋਚਦੀ ਹਨੀ ਨੇ ਸੱਤ ਵਜਾ ਦਿੱਤੇ। ਪਰ ਅਖੀਰ ਉਸ ਨੇ ਦਿਲ ਕੱਢ ਕੇ ਡੇਵ ਦਾ ਨੰਬਰ ਮਿਲਾ ਹੀ ਲਿਆ। ਜਿਵੇਂ ਡੇਵ ਹਨੀ ਦੇ ਫ਼ੋਨ ਦੀ ਹੀ ਉਡੀਕ ਕਰ ਰਿਹਾ ਸੀ। ਉਸ ਨੇ ਇਕ ਘੰਟੀ ਵੀ ਨਾ ਪੂਰੀ ਵੱਜਣ ਦਿੱਤੀ ਅਤੇ ਫ਼ੋਨ ਚੁੱਕ ਲਿਆ।

-"ਹੈਲੋ ਡੇਵ...! ਮੈਂ ਹਨਿੰਦਰ ਬੋਲਦੀ ਹਾਂ...! ਹਨਿੰਦਰ ਹਨੀ...!"

-"ਹਾਏ ਰੱਬਾ...! ਮੈਨੂੰ ਪਤਾ ਸੀ ਬਈ ਤੂੰ ਮੈਨੂੰ ਜਰੂਰ ਫ਼ੋਨ ਕਰੇਂਗੀ..! ਦਿਲਾਂ ਨੂੰ ਦਿਲਾਂ 'ਚ ਰਾਹ ਹੁੰਦੇ ਨੇ ਹਨੀ...! ਮੇਰਾ ਦਿਲ ਆਖ ਰਿਹਾ ਸੀ ਕਿ ਹਨੀ ਜਰੂਰ ਫ਼ੋਨ ਕਰੂਗੀ..!" ਉਹ ਬੜਾ ਖ਼ੁਸ਼ ਸੀ। ਲੱਗਦਾ ਸੀ ਕਿ ਉਸ ਦੀ ਘੁੱਟ ਲੱਗੀ ਹੋਈ ਸੀ। ਜਿਸ ਕਰਕੇ ਗੜ੍ਹਕੇ ਨਾਲ਼ ਗੱਲ ਕਰਦਾ ਗਧੇ ਵਾਂਗ ਫ਼ਰਾਟਾ ਜਿਹਾ ਵੀ ਮਾਰਦਾ ਸੀ।

-"ਮੈਂ ਵੀ ਘਰੇ 'ਕੱਲੀ ਈ ਬੈਠੀ ਸੀ, ਸੋਚਿਆ ਡੇਵ ਨੂੰ ਫ਼ੋਨ ਕਰ ਕੇ ਹੀ ਦੇਖ ਲਵਾਂ...?" ਹਨੀ ਨੂੰ ਕੋਈ ਗੱਲ ਨਹੀਂ ਔੜ ਰਹੀ ਸੀ।

-"ਮੈਂ ਕਿਹਾ ਨਾ ਡਾਰਲਿੰਗ..! ਦਿਲਾਂ ਨੂੰ ਦਿਲਾਂ 'ਚ ਰਾਹ ਹੁੰਦੇ ਐ...! 'ਕੱਲੇ ਬੰਦੇ ਦੀ ਵੀ ਕੋਈ ਜ਼ਿੰਦਗੀ ਨ੍ਹੀ ਹਨੀ..! 'ਕੱਲਾ ਬੰਦਾ ਰੋਹੀ 'ਚ ਖੜ੍ਹਾ ਰੁੱਖ...! ਕੋਈ ਆਹਰ ਨਹੀਂ, ਕਰਨ ਨੂੰ ਕੋਈ ਕੰਮ ਨਹੀਂ..! ਪੈੱਗ ਸ਼ੈੱਗ ਲਾ ਲਓ, ਪੀਜ਼ਾ ਮੰਗਵਾ ਲਓ, ਖਾ ਲਓ...! ਹੋਰ 'ਕੱਲੇ ਬੰਦੇ ਨੇ ਕੀ ਕਰਨੈਂ..? ਟਾਈਮ ਈ ਨ੍ਹੀ ਪਾਸ ਹੁੰਦਾ...!"

-"......।" ਹਨੀ ਚੁੱਪ ਚਾਪ ਸੁਣ ਰਹੀ ਸੀ। ਉਸ ਦਾ ਵੀ ਤਾਂ ਇਹੀ ਹਾਲ ਸੀ..? ਉਸ ਦਾ ਹਾਲ ਵੀ ਡੇਵ ਤੋਂ ਕੋਈ ਵੱਖਰਾ ਨਹੀਂ ਸੀ। ਉਸ ਦੇ ਹਾਲਾਤ ਕਾਫ਼ੀ ਹੱਦ ਤੱਕ ਡੇਵ ਦੇ ਹਾਲਾਤਾਂ ਨਾਲ਼ ਮਿਲ਼ਦੇ ਸਨ।

-"ਹੁਣ ਤੂੰ ਈ ਦੇਖਲਾ...! ਮਹੀਨੇ ਦੀ ਤਿੰਨ ਹਜ਼ਾਰ ਮੇਰੀ ਤਨਖ਼ਾਹ ਐ, ਮਕਾਨ ਮੇਰਾ ਫ਼ਰੀ ਐ, ਮਤਲਬ ਕੋਈ ਮੌਰਗੇਜ਼ ਬਗੈਰਾ ਨਹੀਂ..! ਮਾੜਾ ਮੋਟਾ ਬਿਜਲੀ, ਪਾਣੀ ਤੇ ਟੈਲੀਫ਼ੋਨ ਦਾ ਬਿੱਲ ਆ ਜਾਂਦੈ, ਹੋਰ ਮੇਰਾ ਕੋਈ ਖ਼ਰਚਾ ਨਹੀਂ..! ਕੀ ਕਰਨੈਂ ਬੰਦੇ ਨੇ ਪੈਸਾ..? ਕਿੱਥੇ ਲੈ ਜਾਣੈਂ ਚੱਕ ਕੇ..? ਜਿੱਦੇਂ ਮਰ ਗਏ, ਸਾਰਾ ਕੁਛ ਐਥੇ ਈ ਪਿਆ ਰਹਿ ਜਾਣੈਂ...! ਸੱਚ ਤੇਰੀ ਤਾਂ ਮੈਂ ਗੱਲ ਹੀ ਨਹੀਂ ਸੁਣੀਂ ਡਾਰਲਿੰਗ...? ਹਾਂ ਹੁਣ ਤੂੰ ਸੁਣਾਂ ਕੋਈ ਗੱਲ ਬਾਤ...?"

-"ਮੈਂ ਕੀ ਗੱਲ ਸੁਣਾਵਾਂ ਡੇਵ..? ਤੇਰੇ ਵਾਲ਼ਾ ਈ ਮੇਰਾ ਹਾਲ ਐ...! 'ਕੱਲੇ ਬੰਦੇ ਦੀ ਕੋਈ ਜ਼ਿੰਦਗੀ ਨਹੀਂ...!" ਹਨੀ ਨੇ ਵੀ ਸੱਚ ਹੀ ਉਗਲ਼ਿਆ।

ਡੇਵ ਨੇ ਸਮਝਿਆ ਕਿ ਉਸ ਦੀ ਮੇਖ ਸਿੱਧੀ ਰੇਖ ਵਿਚ ਹੀ ਵੱਜੀ ਸੀ। ਬਿਲਕੁਲ ਟਿਕਾਣੇਂ 'ਤੇ...!

-"ਹਨੀ...! ਠੀਕ ਐ 'ਕੱਲੇ ਬੰਦੇ ਦੀ ਕੋਈ ਜ਼ਿੰਦਗੀ ਨਹੀਂ..! ਬੰਦਾ ਐਵੇਂ ਈ ਸੁੱਕੇ ਪੱਤੇ ਵਾਂਗੂੰ ਖੱਲਾਂ ਖੂੰਜਿਆਂ ਵਿਚ ਵੱਜਦਾ ਫ਼ਿਰਦੈ...!" ਉਸ ਨੇ ਅਗਲਾ ਪੈੱਗ ਖਾਲੀ ਕਰ ਦਿੱਤਾ। ਪਤਾ ਨਹੀਂ ਉਹ ਕਿਸ

ਖ਼ੁਸ਼ੀ ਵਿਚ ਦਾਰੂ ਅੰਦਰ ਸੁੱਟੀ ਜਾ ਰਿਹਾ ਸੀ...?

-"ਡੇਵ...! ਮੈਂ ਪਤੈ ਕਿਉਂ ਫ਼ੋਨ ਕੀਤੈ...?"

-"ਮੈਨੂੰ ਤਕਰੀਬਨ ਪਤੈ...! ਤੂੰ ਫ਼ੋਨ ਮੈਨੂੰ ਤੇਰੀ ਜੌਬ ਵਾਸਤੇ ਕੀਤੈ..! ਕਿਉਂ, ਮੈਂ ਠੀਕ ਆਂ ਕਿ ਗਲਤ...?"

-"ਬਿਲਕੁਲ ਠੀਕ ਐ...! ਬੰਦਾ ਬੜਾ ਖ਼ੁਦਗਰਜ਼ ਐ ਡੇਵ..! ਮੈਨੂੰ ਤਲਾਕ ਤੋਂ ਬਾਅਦ ਹੁਣ ਜੌਬ ਦੀ ਅਤੀਅੰਤ ਲੋੜ ਐ..! ਤੂੰ ਵੀ ਪੰਜਾਬੀ ਐਂ, ਤੇ ਮੈਂ ਵੀ ਪੰਜਾਬਣ...!"

ਡੇਵ ਮਗਰਮੱਛ ਵਰਗਾ ਮੂੰਹ ਸਾਰੇ ਦਾ ਸਾਰਾ ਖੋਲ੍ਹ ਕੇ ਹੱਸਿਆ।

-"ਤੂੰ ਹੱਸਦਾ ਕਿਉਂ ਐਂ ਡੇਵ...?" ਹਨੀ ਹੈਰਾਨ ਹੋ ਗਈ।

-"ਹੱਸਦਾ ਮੈਂ ਤਾਂ ਐਂ, ਬਈ ਜਿੰਨੀਆਂ ਕੁੜੀਆਂ ਮੈਨੂੰ ਇੰਟਰਵਿਊ ਦੇ ਕੇ ਗਈਆਂ ਨੇ, ਉਹਨਾਂ ਵਿਚੋਂ ਘੱਟੋ ਘੱਟ ਦਸ ਪੰਜਾਬਣਾਂ ਨੇ, ਮੈਂ ਕੀਹਨੂੰ ਕੀਹਨੂੰ ਪੰਜਾਬਣ ਕਰਕੇ ਨੌਕਰੀ ਆਫ਼ਰ ਕਰੀ ਜਾਵਾਂ...? ਇਹ ਤਾਂ ਇਕ ਅਨਾਰ ਸੌ ਬਿਮਾਰ ਵਾਲ਼ੀ ਗੱਲ ਹੋਈ ਵੀ ਐ ਹਨੀ..! ਜੌਬ ਸਾਡੇ ਕੋਲ਼ ਇਕ, ਤੇ ਉਮੀਦਵਾਰ ਚਾਲ਼ੀ...!" ਉਸ ਨੇ ਸ਼ਰਾਬ ਪੀਤੀ ਹੋਣ ਕਰਕੇ ਵੀ ਹਨੀ ਨੂੰ ਚਤਰ ਸਿਆਸਤ ਨਾਲ਼ ਅੱਗਿਓਂ ਵਗਲ਼ ਲਿਆ।

ਹਨੀ ਕਸੂਤੀ ਫ਼ਸ ਗਈ। ਉਸ ਨੂੰ ਮਰਦੀ ਨੂੰ ਕੋਈ ਅੱਕ ਚੱਬਣਾਂ ਹੀ ਪੈਣਾਂ ਸੀ..। ਹਾਰ ਕੇ ਜੇਠ ਨਾਲ਼ ਲਾਉਣੀ ਹੀ ਪੈਣੀਂ ਸੀ..। ਉਸ ਨੇ ਆਪਣੇ ਆਪ ਨੂੰ ਅੰਦਰੋਂ ਤਿਆਰ ਕੀਤਾ। ਉਸ ਨੂੰ ਭਲੀ ਭਾਂਤ ਪਤਾ ਚੱਲ ਗਿਆ ਸੀ ਕਿ ਰੋੜਾ ਮਾਰੇ ਬਿਨਾਂ ਬੇਰ ਡਿੱਗਣਾਂ ਮੁਸ਼ਕਿਲ ਹੈ। ਕਈ ਵਾਰ ਆਦਮੀ ਜਾਂ ਔਰਤ ਨੂੰ ਅਜਿਹੇ ਹਾਲਾਤਾਂ ਨਾਲ਼ ਸਮਝੌਤਾ ਕਰਨਾ ਪੈਂਦੈ, ਜਿਹੜੇ ਉਸ ਨੇ ਕਦੇ ਮਨ ਵਿਚ ਵੀ ਚਿਤਵੇ ਨਹੀਂ ਹੁੰਦੇ...!

-"ਡੇਵ, ਪਲੀਜ਼...! ਮੈਨੂੰ ਜੌਬ ਦੀ ਬਹੁਤ ਸਖ਼ਤ ਜ਼ਰੂਰਤ ਹੈ...! ਅਗਰ ਤੂੰ ਮੇਰੀ ਮੱਦਦ ਕਰ ਸਕੇਂ, ਤਾਂ ਮੈਂ ਵੀ ਲੋੜ ਪੈਣ 'ਤੇ ਤੇਰੇ ਕੰਮ ਆਵਾਂਗੀ..!" ਉਸ ਨੇ ਅੱਖਾਂ ਮੀਟ ਕੇ ਅਤੇ ਦਿਲ ਕਰੜਾ ਕਰਕੇ ਆਖ ਦਿੱਤਾ।

-"ਹਨੀ, ਇਹ ਦੁਨੀਆਂ ਬੜੀ ਗਰਜ਼ਮੰਦ ਐ...! ਮੈਂ ਬਹੁਤ ਲੋਕਾਂ ਦੀ ਮੱਦਦ ਕੀਤੀ, ਪਰ ਕੰਮ ਨਿਕਲ਼ਣ ਤੋਂ ਬਾਅਦ ਸਭ ਮੈਨੂੰ ਮੂਰਖ਼ ਸਮਝ ਕੇ ਤੁਰ ਗਏ...! ਮੇਰੀ 58 ਸਾਲ ਦੀ ਉਮਰ ਐ...! ਜ਼ਿੰਦਗੀ ਦਾ ਬੜਾ ਲੰਮਾਂ ਤਜ਼ਰਬਾ ਮੇਰੇ ਕੋਲ਼ ਐ..! ਬੜੀਆਂ ਘਟਨਾਵਾਂ ਵਾਪਰੀਆਂ..! ਤੀਹ ਸਾਲ ਹੋ ਗਏ ਇੰਗਲੈਂਡ ਆਏ ਨੂੰ...! ਪੰਦਰਾਂ ਸਾਲ ਤੋਂ ਇਸ ਕੰਪਨੀ ਵਿਚ ਕੰਮ ਕਰ ਰਿਹੈਂ..! ਪੰਦਰਾਂ ਵੀਹ ਬੰਦੇ ਮੈਂ ਇੰਡੀਆ ਤੋਂ ਨਜ਼ਦੀਕੀ ਰਿਸ਼ਤੇਦਾਰ ਮੰਗਵਾਏ, ਨਾਲ਼ੇ ਆਬਦੇ ਪੱਲਿਓਂ ਖਰਚਾ ਕਰਕੇ..! ਪਰ ਜਦੋਂ ਐਥੇ ਆ ਕੇ ਰੋਟੀ ਪੈ ਗਏ, ਮੈਨੂੰ ਈ ਪਾਗਲ ਬਣਾਉਣ ਲੱਗ ਪਏ..! ਅੱਜ ਕਿਸੇ ਨਾਲ਼ ਬੋਲਣ ਦਾ ਵੀ ਭਾਅ ਨ੍ਹੀਂ...! ਇਹੀ ਗੱਲ ਮੇਰੀ ਕੰਪਨੀ ਵਿਚ ਬੀਤੀ..! ਬਹੁਤ ਔਰਤਾਂ ਨੂੰ ਮੈਂ ਕੰਮ 'ਤੇ ਲੁਆਇਆ, ਸਿਫ਼ਾਰਸ਼ਾਂ ਕਰ-ਕਰ ਕੇ...! ਪਰ ਜਦੋਂ ਉਹ ਪਰਮਾਨੈਂਟ ਹੋ ਗਈਆਂ, ਮੇਰੇ ਈ ਪੈਰ ਵਾਹੁੰਣ ਲੱਗ ਪਈਆਂ...! ਹੁਣ ਮੈਨੂੰ ਦੁਨੀਆਂ ਤੋਂ ਡਰ ਲੱਗਣ ਪਿਐ ਹਨੀ, ਸੱਚ ਜਾਣੀਂ...! ਦੁਨੀਆਂ ਤੋਂ ਡਰ ਲੱਗਣ ਲੱਗ ਪਿਐ..!" ਡੇਵ ਨੇ ਹਨੀ ਨੂੰ ਆਪਣੀ ਜ਼ਿੰਦਗੀ ਦਾ ਬੜਾ ਕੌੜਾ ਤਜ਼ਰਬਾ ਅਤੇ ਘਿਨਾਉਣਾਂ ਸੱਚ ਦੱਸਿਆ।

-"ਡੇਵ, ਪਲੀਜ਼ ਮੇਰੀ ਮੱਦਦ ਕਰੋ...! ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ-!"

ਉਹ ਕੌੜਾ ਜਿਹਾ ਹੱਸ ਪਿਆ।

-"ਸ਼ੁਰੂ ਵਿਚ ਸਾਰੇ ਆਹੀ ਗੱਲ ਕਹਿੰਦੇ ਨੇ ਹਨੀ...! ਇਹ ਪੰਜੇ ਉਂਗਲ਼ਾਂ ਵਾਲ਼ੀ ਇੱਕੋ ਗੱਲ ਸੁਣ ਸੁਣ ਕੇ ਮੇਰੇ ਕੰਨ ਪੱਕ ਗਏ ਨੇ...! ਜਿਹੜਾ ਮੈਨੂੰ ਪੰਜੇ ਉਂਗਲਾਂ ਇੱਕੋ ਜਿਹੀਆਂ ਦੀ ਗੱਲ ਸੁਣਾਉਂਦੈ, ਮੈਨੂੰ ਸਭ ਤੋਂ ਵੱਡਾ ਦੁਸ਼ਮਣ ਲੱਗਦੈ..! ਮੇਰਾ ਜੀਅ ਕਰਦੈ ਬਈ ਉਹਨੂੰ ਸਾਰੇ ਸੰਸਾਰ ਦੇ ਸਾਹਮਣੇਂ ਖੜ੍ਹਾ ਕਰਕੇ ਸ਼ਰੇਆਮ ਗੋਲ਼ੀ ਨਾਲ਼ ਉਡਾ ਦਿਆਂ...! ਜਿਹੜਾ, ਜਿੰਨਾਂ ਵੱਡਾ ਚੋਰ ਹੋਊਗਾ, ਉਤਨੇ ਵੱਡੇ ਉਹ ਸਪੱਸ਼ਟੀਕਰਨ ਦਿਊਗਾ...!" ਉਹ ਹਨੀ ਨੂੰ ਨਿਰੋਲ ਸੱਚੀਆਂ ਹੀ ਤਾਂ ਸੁਣਾਂ ਰਿਹਾ ਸੀ। ਹਨੀ ਨੇ ਸੋਚਿਆ ਕਿ ਹਾਲਾਤਾਂ ਦਾ ਮਾਰਿਆ ਅਤੇ ਸੁਆਰਥੀ, ਮਤਲਬ-ਪ੍ਰਸਤ ਰਿਸ਼ਤੇਦਾਰਾਂ ਦਾ ਸਤਾਇਆ ਡੇਵ ਪੱਥਰ

ਦਿਲ ਅਤੇ ਬੇਰਹਿਮ ਹੋ ਚੁੱਕਿਐ...! ਇਸ ਵਿਚ ਕੋਈ ਸ਼ੱਕ ਵੀ ਨਹੀਂ ਸੀ ਕਿ ਦਿਲ ਦੇ ਸਾਫ਼ ਡੇਵ ਨੂੰ ਗਿੱਦੜਮਾਰ ਰਿਸ਼ਤੇਦਾਰਾਂ ਨੇ ਆਪਣੇ ਨਿੱਜੀ ਸੁਆਰਥਾਂ ਵਾਸਤੇ ਹਰ ਜਗਾਹ ਵਰਤਿਆ ਸੀ ਅਤੇ ਕੰਮ ਨਿਕਲ਼ਣ ਤੋਂ ਬਾਅਦ ਨਾਲੈ ਤਾਂ ਲੱਤ ਮਾਰੀ ਸੀ ਅਤੇ ਨਾਲ਼ੇ ਭੰਡਿਆ ਸੀ...। ਲੋੜ ਪੈਣ 'ਤੇ ਕਿਸੇ ਨੇ ਉਸ ਨੂੰ ਸਿਆਣਿਆਂ ਨਹੀਂ ਸੀ। ਜਦੋਂ ਡੇਵ ਦਾ ਉਸ ਦੀ ਘਰਵਾਲ਼ੀ ਨਾਲ਼ ਤਲਾਕ ਚੱਲਦਾ ਸੀ, ਤਾਂ ਡੇਵ ਨੇ ਇਸ ਤਲਾਕ ਨੂੰ ਰੋਕਣ ਲਈ ਰਿਸ਼ਤੇਦਾਰਾਂ ਤੱਕ ਪਹੁੰਚ ਕੀਤੀ। ਸਿਵਾਏ ਇਸ ਦੇ ਕਿ ਉਸ ਦੇ ਰਿਸ਼ਤੇਦਾਰ ਡੇਵ ਦੀ ਮੱਦਦ 'ਤੇ ਖੜ੍ਹਦੇ, ਉਹਨਾਂ ਨੇ ਡੇਵ ਦੇ ਘਰਵਾਲ਼ੀ ਦੀ ਪੂਛ ਨੂੰ ਹੀ ਵੱਟ ਚਾੜ੍ਹਿਆ ਅਤੇ ਡੇਵ ਨੂੰ ਸ਼ਰਾਬੀ ਕਵਾਬੀ ਅਤੇ ਆਯਾਸ਼ ਦੱਸਿਆ। ਉਸ ਨੂੰ ਭੈਣਾਂ, ਭਰਾਵਾਂ ਅਤੇ ਭਾਣਜੇ-ਭਾਣਜੀਆਂ ਦਾ ਚਾਕਰ ਅਤੇ ਪਿੱਛਲੱਗ ਗਰਦਾਨਿਆਂ..! ਡੇਵ ਦਾ ਕਸੂਰ ਸਿਰਫ਼ ਇਹ ਸੀ ਕਿ ਉਹ ਜਰਮਨ ਦੀ ਇਕ ਮਸ਼ਹੂਰ ਕੰਪਨੀ ਵਿਚ ਮੈਨੇਜਰ ਸੀ..। ਰਿਸ਼ਤੇਦਾਰਾਂ ਤੋਂ ਉਸ ਦੀ ਸਫ਼ਲਤਾ ਜਰੀ ਨਹੀਂ ਜਾਂਦੀ ਸੀ..। ਉਸ ਨੇ ਆਪਣੀ ਜ਼ਿੰਦਗੀ ਦੀ ਸਾਰੀ ਕੌੜੀ ਸੱਚਾਈ ਹਨੀ ਅੱਗੇ ਰੱਖ ਦਿੱਤੀ ਸੀ। ਤੇ ਉਹ ਵੀ ਬਗੈਰ ਕਿਸੇ ਭੂਮਿਕਾ ਤੋਂ!

-"ਇਹ ਮੇਰੀ ਜ਼ਿੰਦਗੀ ਦਾ ਕੌੜਾ ਸੱਚ ਐ ਹਨੀ..! ਰੱਬ ਨੂੰ ਹਾਜਰ ਨਾਜਰ ਜਾਣ ਕੇ ਆਖਦੈਂ ਕਿ ਇਹ ਜੋ ਕੁਛ ਵੀ ਤੈਨੂੰ ਮੈਂ ਦੱਸਿਐ, ਇਹ ਸੱਚ ਐ...!"

-"ਮੈਂ ਤੇਰੀ ਹਾਲਤ ਸਮਝਦੀ ਵੀ, ਤੇ ਮੰਨਦੀ ਵੀ ਐਂ ਡੇਵ...! ਕੋਈ ਸ਼ੱਕ ਨਹੀਂ...! ਪਰ ਤੂੰ ਮੇਰੀ ਗੱਲ ਦਾ ਕੋਈ ਉੱਤਰ ਨ੍ਹੀਂ ਦਿੱਤਾ...?"

-"ਦੇਖ ਹਨੀ...! ਅੰਗਰੇਜ਼ਾਂ ਦੀ ਕਹਾਵਤ ਐ, ਇੱਕ ਹੱਥ ਦੂਜੇ ਨੂੰ ਧੋਂਦੈ...!"

-"ਡੇਵ ਗੱਲ ਸਪੱਸ਼ਟ ਕਰ...! ਕੀ ਕਰ ਸਕਦੀ ਐਂ ਮੈਂ ਤੇਰੇ ਵਾਸਤੇ...?" ਹਨੀ ਨੇ ਸਿੱਕੇ ਦਾ ਇਕ ਪਾਸਾ ਹੀ ਦੇਖਣਾਂ ਚਾਹਿਆ।

-"ਹਨੀ...!" ਆਖ ਕੇ ਡੇਵ ਨੇ ਨਸ਼ੇ ਵਿਚ ਉੱਚੀ ਉੱਚੀ ਰੋਣਾਂ ਸ਼ੁਰੂ ਕਰ ਦਿੱਤਾ।

ਹਨੀ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਕੀ ਕਰੇ...? ਹਨੀ ਨੇ ਸੋਚਿਆ ਕਿ ਡੇਵ ਵਾਕਿਆ ਹੀ ਦੁਖੀ ਇਨਸਾਨ ਸੀ।

-"ਹਨੀ...!" ਡੇਵ ਕੁਝ ਕੁ ਸੰਭਲ਼ ਗਿਆ ਸੀ।

-"ਹਾਂ ਡੇਵ...?" ਉਸ ਦਾ ਮਨ ਪਸੀਜ ਗਿਆ ਸੀ।

-"ਕੀ ਤੂੰ ਮੇਰੇ ਕੋਲ਼ ਆ ਸਕਦੀ ਐਂ...? ਮੇਰਾ ਦਿਲ ਦੁੱਖ ਨਾਲ਼ ਭਰਿਆ ਪਿਐ..! ਜੇ ਤੂੰ ਮੇਰੇ ਕੋਲ਼ ਆ ਸਕਦੀ ਐਂ..? ਮੈਂ ਤੇਰੇ ਲਈ ਟੈਕਸੀ ਭੇਜ ਸਕਦੈਂ-!" ਡੇਵ ਨੇ ਉਸ ਨੂੰ ਕਿਹਾ।

-"ਡੇਵ ਇਉਂ ਕਰ...! ਅੱਜ ਤੂੰ ਅਰਾਮ ਕਰ...! ਰਿਲੈਕਸ ਹੋ..! ਮੈਂ ਕੱਲ੍ਹ ਨੂੰ ਤੇਰੇ ਕੋਲ਼ ਜ਼ਰੂਰ ਆ ਕੇ ਤੇਰੇ ਦੁੱਖ ਸੁਣਾਂਗੀ...!" ਉਸ ਨੇ ਬੜੀ ਧਹੱਮਲ ਨਾਲ਼ ਕਿਹਾ।

-"ਪੱਕਾ...?"

-"ਹਾਂ ਪੱਕਾ...!"

-"ਹਨੀ, ਮੇਰਾ ਦਿਲ ਕਿਸੇ ਨਾਲ਼ ਗੱਲਾਂ ਕਰਨ ਨੂੰ ਭਰਿਆ ਪਿਐ...! ਜੌਬ ਦਾ ਤੂੰ ਫ਼ਿਕਰ ਨਾ ਕਰ..! ਮੈਂ ਤੇਰੀ ਸਿਰਫ਼ ਜੌਬ ਪੱਖੋਂ ਈ ਨਹੀਂ, ਹਰ ਗੱਲ ਵਿਚ ਮੱਦਦ ਕਰਨ ਨੂੰ ਤਿਆਰ ਐਂ..!" ਡੇਵ ਨੇ ਸ਼ਰਾਬੀ ਹੋਣ ਦੇ ਬਾਵਜੂਦ ਵੀ ਕਈ ਦਾਣੇਂ ਹਨੀ ਅੱਗੇ ਖਿਲਾਰ ਦਿੱਤੇ।

-"ਤੂੰ ਫ਼ਿਕਰ ਨਾ ਕਰ ਡੇਵ..! ਕੱਲ੍ਹ ਨੂੰ ਮੈਂ ਤੇਰੇ ਕੋਲ਼ ਜ਼ਰੂਰ ਆਵਾਂਗੀ..! ਵਾਅਦਾ ਰਿਹਾ..!"

-"ਠੀਕ ਐ ਫੇਰ, ਕੱਲ੍ਹ ਮਿਲਾਂਗੇ ਹਨੀ...! ਵੈਸੇ ਵੀ ਮੈਂ ਕੱਲ੍ਹ ਨੂੰ ਅੱਧਾ ਦਿਨ ਹੀ ਡਿਊਟੀ ਕਰਨੀ ਐ! ਮੈਂ ਕੱਲ੍ਹ ਨੂੰ ਆ ਕੇ ਤੈਨੂੰ ਫ਼ੋਨ ਕਰੂੰਗਾ..! ਐਸੇ ਨੰਬਰ 'ਤੇ ਈ ਫ਼ੋਨ ਕਰ ਦਿਆਂ, ਜਿਹੜੇ ਤੋਂ ਤੂੰ ਕੀਤੈ?"

-"ਹਾਂ, ਮੇਰਾ ਆਹੀ ਨੰਬਰ ਐ...! ਚੱਲ ਫਿਰ ਗੁੱਡ ਨਾਈਟ ਡੇਵ...!"

-"ਗੁੱਡ ਨਾਈਟ ਡਾਰਲਿੰਗ...!"

ਫ਼ੋਨ ਕੱਟੇ ਗਏ।

ਹਨੀ ਸੋਚੀਂ ਪੈ ਗਈ ਕਿ ਡੇਵ ਦੁਖੀ ਸੀ। ਦੁਖੀ ਦਾ ਦੁਖੀ, ਹਮਦਰਦ..! ਪਰ ਇਕ ਗੱਲ ਐ ਹਨੀ...! ਬੀਨ ਵਜਾਈ ਬਿਨਾਂ ਸੱਪ ਨਿਕਲਣਾਂ ਨਹੀਂ..! ਤੈਨੂੰ ਡੇਵ ਦਾ ਦੁੱਖ ਸੁਣਨਾਂ ਹੀ ਪੈਣਾਂ ਹੈ..! ਮੈਨੂੰ ਉਹ ਸੱਚ ਹੀ ਹਾਲਾਤਾਂ ਦਾ ਸਤਾਇਆ ਲੱਗਦੈ..! ਹਨੀ ਤੈਨੂੰ ਵੀ ਕੋਈ ਨਾ ਕੋਈ ਸਹਾਰਾ ਚਾਹੀਦੈ...! ਸਹਾਰੇ ਬਿਨਾਂ ਤਾਂ ਰੋਹੀ ਬੀਆਬਾਨ 'ਚ ਖੜ੍ਹੀ ਟਾਹਲੀ ਵੀ ਖੜਸੁੱਕ ਹੋ ਜਾਂਦੀ ਐ..! ਉਹਦੇ 'ਤੇ ਵੀ ਘੋਗੜ, ਗਿਰਝਾਂ ਤੇ ਇੱਲ੍ਹਾਂ ਈ ਬਿੱਠਾਂ ਕਰਦੇ ਐ..! ਕੀ ਹੋ ਗਿਆ ਜੇ ਡੇਵ ਦੀ ਉਮਰ ਤੇਰੇ ਤੋਂ ਵੱਡੀ ਐ..? ਪੰਜਾਬ ਤੋਂ ਤਾਂ ਪੱਚੀ-ਪੱਚੀ ਸਾਲ ਦੀਆਂ ਕੁੜੀਆਂ ਇੰਗਲੈਂਡ ਆਉਣ ਵਾਸਤੇ ਸੱਠ-ਸੱਠ ਸਾਲਾਂ ਦੇ ਬੁੜ੍ਹਿਆਂ ਨਾਲ਼ ਵਿਆਹ ਕਰਵਾ ਕੇ ਤੁਰੀਆਂ ਆਉਂਦੀਐਂ..? ਦਿਲ ਮਿਲ਼ਣੇ ਚਾਹੀਦੇ ਨੇ, ਉਮਰਾਂ ਦਾ ਕੀ ਐ...? ਦਿਲ ਮਿਲਿਆਂ ਦਾ ਮੇਲਾ, ਕੌਣ ਗੁਰੂ ਤੇ ਕੌਣ ਚੇਲਾ...? ਜੇ ਡੇਵ ਨਾਲ਼ ਦੋ ਚਾਰ ਸਾਲ ਰਹਿਣਾਂ ਵੀ ਪਿਆ, ਤਾਂ ਵੀ ਕੋਈ ਬੁਰੀ ਗੱਲ ਨਹੀਂ..! ਇੱਥੇ ਕਿਹੜਾ ਪੁੱਛਦੈ..? ਡੇਵ ਵਿਚ ਭੈੜ ਵੀ ਕੀ ਐ..? ਕਿੱਡੀ ਵੱਡੀ ਅਤੇ ਮਸ਼ਹੂਰ ਕੰਪਨੀ ਵਿਚ ਮੈਨੇਜਰ ਐ..! ਪੈਸਾ ਕੋਲ਼ ਐ..! 'ਕੱਲਾ ਰਹਿੰਦੈ..! ਬੱਚੇ ਇਹਦੇ ਆਬਦੇ ਘਰੋ ਘਰੀ ਨੇ..! ਹਨੀ...! ਤੂੰ ਆਪਣਾਂ ਸੰਕਟ ਭਰਿਆ ਸਮਾਂ ਡੇਵ ਦੇ ਲੜ ਲੱਗ ਕੇ ਕੱਢ..! ਅੱਗੇ ਪ੍ਰਮਾਤਮਾਂ ਭਲੀ ਕਰੂ..! ਰੱਬ ਬੰਦਿਆਂ ਦਾ ਇਮਤਿਹਾਨ ਲੈਂਦੈ..! ਪਰ ਤੂੰ ਵੀ ਰਮਣੀਕ ਨਾਲ਼ ਬੜਾ ਧੱਕਾ ਕੀਤੈ ਹਨੀ..! ਉਹ ਤੈਨੂੰ ਭਰਨਾ ਪੈਣੈਂ..! ਆਪਦਾ ਭਰਾ ਮੰਗਵਾ ਕੇ ਤੂੰ ਉਹਨੂੰ ਟਿੱਚ ਸਮਝਣ ਲੱਗ ਪਈ ਸੀ..! ਰੱਬ ਤੇਰੇ ਕੋਲ਼ੋਂ ਬਦਲੇ ਨਾ ਲਊ, ਤਾਂ ਹੋਰ ਕੀ ਕਰੂ..? ਬੁੱਕਣ ਜਿਵੇਂ ਆਇਆ, ਉਵੇਂ ਹੀ ਤੁਰ ਗਿਆ..! ਤੇਰੇ ਪਾਪੀ ਮਨ ਦੀ ਸਕੀਮ ਕੋਈ ਸਿਰੇ ਨਾ ਚੜ੍ਹੀ..! ਭਰਾ ਡਿਪੋਰਟ ਹੋਇਆ, ਰਮਣੀਕ ਸਾਰੀ ਜ਼ਿੰਦਗੀ ਲਈ ਤੈਥੋਂ ਪਰ੍ਹੇ ਹੋ ਗਿਆ...! ਜੇ ਸਿਆਣੀ ਬਣ ਕੇ ਚੱਲਦੀ ਤਾਂ ਐਸ਼ ਵੀ ਕਰਦੀ, ਭਰਾ ਵੀ ਡਿਪੋਰਟ ਨਾ ਹੁੰਦਾ, ਤੇ ਰਮਣੀਕ ਨਾਲ਼ ਵੀ ਤੋੜ ਵਿਛੋੜੀ ਨਾ ਹੁੰਦੀ..! ਸਾਰਾ ਕੁਝ ਖੂਹ 'ਚ ਗਿਆ..! ਤੇਰੀਆਂ ਸਕੀਮਾਂ ਖ਼ਾਤੇ 'ਚ ਪੈ ਗਈਆਂ..! ਤੂੰ ਵੀ ਤੱਤੇ ਪੈਰਾਂ ਵਾਲ਼ੀ ਸੀ ਹਨੀ..! ਪੈਰ ਤੂੰ ਵੀ ਧਰਤੀ 'ਤੇ ਲਾਉਣੋਂ ਹਟ ਗਈ ਸੀ..! ਹਨੀ ਦੀ ਜ਼ਮੀਰ ਅਤੇ ਮਨ ਆਪਸ ਵਿਚ ਡਾਂਗੋ-ਡਾਂਗੀ ਹੋਈ ਜਾ ਰਹੇ ਸਨ!

ਪਰ ਗਏ ਵੇਲ਼ੇ ਨੂੰ ਮਾਰ ਗੋਲ਼ੀ ਹਨੀ..! ਸਿਆਣਾਂ ਬੰਦਾ ਉਹ, ਜਿਹੜਾ ਕਿਸੇ ਢੰਗ ਨਾਲ਼ ਆਪਣਾਂ ਬਿਪਤਾ ਭਰਿਆ ਸਮਾਂ ਕੱਢ ਲਵੇ..। ਜੌਬ ਮਿਲ਼ ਗਈ ਤਾਂ ਤੇਰੇ ਸਾਰੇ ਧੋਣੇਂ ਧੋਤੇ ਜਾਣਗੇ...! ਹੋ ਸਕਦੈ ਡੇਵ ਮੇਰੀ ਪੈਸੇ ਧੇਲੇ ਦੀ ਵੀ ਮੱਦਦ ਕਰ ਦੇਵੇ..? ਡੇਵ ਬੰਦਾ ਤਾਂ ਮਾੜਾ ਨਹੀਂ ਲੱਗਦਾ..! ਜਿਹੜਾ ਬੰਦਾ ਪਹਿਲੇ ਦਿਨ ਹੀ ਮੇਰੇ ਕੋਲ਼ ਆਪਣੇ ਦੁੱਖਾਂ ਦਾ ਸਾਰਾ ਭੇਦ ਖੋਲ੍ਹ ਗਿਆ, ਉਹ ਛੇਤੀ ਦਿਲ ਦਾ ਬੁਰਾ ਨਹੀਂ ਹੋ ਸਕਦਾ..! ਬੇਈਮਾਨ ਬੰਦਾ ਛੇਤੀ ਕੀਤੇ ਆਪਣੇ ਦਿਲ ਦਾ ਭੇਦ ਨਹੀਂ ਦਿੰਦਾ..। ਪਰ ਡੇਵ ਨੇ ਤਾਂ ਪੈਂਦੀ ਸੱਟੇ ਹੀ ਮੇਰੇ ਕੋਲ਼ ਦਿਲ ਦੇ ਸਾਰੇ ਕੋਨੇ ਫ਼ਰੋਲ਼ ਧਰੇ...! ਕਈਆਂ ਮੈਨੇਜਰਾਂ ਦਾ ਤਾਂ ਨਖ਼ਰਾ ਹੀ ਝੱਲਿਆ ਨਹੀਂ ਜਾਂਦਾ..? ਡੇਵ ਨੇ ਤਾਂ ਮੈਨੂੰ ਫ਼ੱਟ ਦੇਣੇਂ ਆਪਣਾ ਨਾਮ ਲੈਣ ਲਈ ਆਖ ਦਿੱਤਾ...! ਨਹੀਂ ਤਾਂ ਐਥੇ ਦੇਸੀ ਅੰਗਰੇਜ਼ ਹੀ ਮਾਨ ਨਹੀਂ..। ਤੁਹਾਡੇ ਨਾਲ਼ ਪੰਜਾਬੀ ਵਿਚ ਗੱਲ ਕਰਨੀ ਵੀ ਇਕ ਤਰ੍ਹਾਂ ਨਾਲ਼ ਬੋਝ ਸਮਝਦੇ ਨੇ, ਪੰਜਾਬੀ ਬੋਲਣਾਂ ਆਪਣੀ ਤੌਹੀਨ ਸਮਝਦੇ ਨੇ..! ਚਾਰ ਅੱਖਰ ਕੀ ਪੜ੍ਹ ਜਾਂਦੇ ਨੇ, ਆਪਣੀ ਮਾਂ ਬੋਲੀ ਪੰਜਾਬੀ ਇਹਨਾਂ ਨੂੰ ਅਨਪੜ੍ਹਾਂ ਅਤੇ ਉਜੱਡਾਂ ਦੀ ਭਾਸ਼ਾ ਲੱਗਣ ਲੱਗ ਪੈਂਦੀ ਐ..! ਮਾੜੀ ਮੋਟੀ ਜੌਬ ਲੇ ਕੇ ਰਾਣੀਂ ਖ਼ਾਂ ਦੇ ਸਾਲ਼ੇ ਬਣ ਜਾਂਦੇ ਐ...! ਪਰ ਡੇਵ? ਉਸ ਨੇ ਤਾਂ ਮੈਨੂੰ ਤੁਰੰਤ ਆਖ ਦਿੱਤਾ ਸੀ ਕਿ ਆਪਾਂ ਪੰਜਾਬੀ ਵਿਚ ਹੀ ਗੱਲ ਕਰਾਂਗੇ...! ਤੇ ਵਾਕਿਆ ਹੀ ਕੀਤੀ ਵੀ ਪੰਜਾਬੀ ਵਿਚ ਹੀ ਗੱਲ..! ਨਹੀਂ, ਡੇਵ ਬੰਦਾ ਮਾੜਾ ਨਹੀਂ..! ਮੈਂ ਕੱਲ੍ਹ ਨੂੰ ਹਰ ਹਾਲਤ ਉਸ ਕੋਲ਼ ਉਸ ਦੇ ਦੁੱਖ ਸੁਣਨ ਲਈ ਜਾਂਵਾਂਗੀ...। ਉਸ ਦਾ ਦਿਲ ਡੇਵ ਦੇ ਦੁੱਖ ਵਿਚ ਪਾਣੀਓਂ ਪਾਣੀਂ ਹੋਇਆ ਪਿਆ ਸੀ।

ਅਗਲੇ ਦਿਨ ਸ਼ਾਮ ਦੇ ਚਾਰ ਕੁ ਵਜੇ ਡੇਵ ਦਾ ਫ਼ੋਨ ਆ ਗਿਆ।

ਅੱਜ ਉਸ ਦੀ ਦਾਰੂ ਨਹੀਂ ਪੀਤੀ ਹੋਈ ਸੀ।

ਉਹ ਬੜਾ ਤਾਜ਼ਾ ਤਾਜ਼ਾ ਬੋਲ ਰਿਹਾ ਸੀ।

-"ਹਨੀ, ਟੈਕਸੀ ਭੇਜਾਂ...?"

-"ਹਾਂ ਭੇਜ ਦੇ ਡੇਵ...!"

-"ਆਪਣਾਂ ਪੋਸਟਲ ਕੋਡ ਦੱਸ...?"

ਹਨੀ ਨੇ ਆਪਣਾਂ ਪੋਸਟਲ ਕੋਡ ਲਿਖਵਾ ਦਿੱਤਾ ਅਤੇ ਡੇਵ ਦੀ ਭੇਜੀ ਹੋਈ ਟੈਕਸੀ ਤਕਰੀਬਨ ਪੰਦਰਾਂ ਕੁ ਮਿੰਟ ਬਾਅਦ ਹਨੀ ਦੇ ਘਰ ਅੱਗੇ ਆ ਖੜ੍ਹੀ ਹੋਈ। ਹਨੀ ਤਿਆਰ ਹੀ ਸੀ। ਉਹ ਟੈਕਸੀ ਦਾ ਖੜਕਾ ਸੁਣ ਕੇ, ਆਪਣਾਂ ਪਰਸ ਚੁੱਕ ਬਾਹਰ ਨਿਕਲ਼ ਗਈ।

ਹਨੀ ਨੂੰ ਚੁੱਕ ਟੈਕਸੀ ਤੁਰ ਗਈ।

ਡੇਵ ਦਾ ਘਰ ਹਨੀ ਦੇ ਘਰ ਤੋਂ ਬਹੁਤਾ ਕੋਈ ਦੂਰ ਨਹੀਂ ਸੀ। ਟੈਕਸੀ 'ਤੇ ਸਿਰਫ਼ ਪੰਦਰਾਂ-ਵੀਹ ਮਿੰਟ ਦੀ ਹੀ ਵਾਟ ਸੀ।

ਟੈਕਸੀ ਡੇਵ ਦੇ ਘਰ ਪਹੁੰਚ ਗਈ।

ਉਸ ਨੇ ਬਾਹਰ ਆ ਕੇ ਹਨੀ ਦਾ ਸੁਆਗਤ ਕੀਤਾ ਅਤੇ ਉਸ ਨੂੰ ਬੜੇ ਅਦਬ ਨਾਲ਼ ਅੰਦਰ ਲੈ ਗਿਆ। ਹਨੀ ਆਉਣ ਤੋਂ ਪਹਿਲਾਂ ਦੋ ਪੈੱਗ ਉਹ ਲਾ ਚੁੱਕਿਆ ਸੀ।

ਸੰਧੂਰੀ ਰੰਗ ਦੀ ਹਨੀ ਕੱਢਵਾਂ ਕਾਲ਼ਾ ਪਟਿਆਲ਼ਾ ਸੂਟ ਪਾਈ ਡੇਵ ਅੱਗੇ ਬੈਠੀ ਲਾਟ ਵਾਂਗ ਮੱਚ ਰਹੀ ਸੀ। ਡੇਵ ਦਾ ਦਿਲ ਡੋਲ ਗਿਆ..। ਸੁਹੱਪਣ ਪੱਖੋਂ ਤਾਂ ਹਨੀ ਵੈਸੇ ਵੀ ਮਾਰ ਨਹੀਂ ਖਾਂਦੀ ਸੀ। ਪਰ ਅੱਜ ਤਾਂ ਉਹ ਸਜੀ-ਧਜੀ, ਕਿਆਮਤ ਹੀ ਲਿਆਈ ਜਾ ਰਹੀ ਸੀ..! ਰੱਬ ਹੁਸਨ ਦੇ ਦਿੰਦੈ, ਪਰ ਉਸ ਨੂੰ ਸਾਂਭ ਕੇ ਰੱਖਣਾਂ ਜਣੇਂ-ਖਣੇਂ ਦਾ ਕੰਮ ਨਹੀਂ ਹੁੰਦਾ..! ਸੁਰਮਾ ਤਾਂ ਹਰ ਕੋਈ ਪਾ ਲੈਂਦੀ ਹੈ, ਪਰ ਮਟਕਾਉਣਾਂ ਕਿਸੇ ਕਿਸੇ ਨੂੰ ਹੀ ਆਉਂਦਾ ਹੈ..!

-"ਦੱਸ ਹਨੀ ਪੀਣਾਂ ਕੀ ਐ...?" ਡੇਵ ਨੇ ਪ੍ਰਾਹੁੰਣਚਾਰੀ ਤੌਰ 'ਤੇ ਉਸ ਅੱਗੇ ਚਾਦਰ ਵਾਂਗ ਵਿਛਦਿਆਂ ਕਿਹਾ। ਉਹ ਹਨੀ 'ਤੇ ਮਰ ਮਿਟਿਆ ਸੀ। ਚਾਹੇ ਹਨੀ ਉਸ ਦੀ ਧੀ ਦੇ ਬਰਾਬਰ ਸੀ। ਕਿਉਂਕਿ ਡੇਵ ਦੀ ਵੱਡੀ ਕੁੜੀ 28 ਸਾਲ ਦੀ ਅਤੇ ਦੋ ਬੱਚਿਆਂ ਦੀ ਮਾਂ ਸੀ। ਉਸ ਦਾ 31 ਸਾਲਾ ਮੁੰਡਾ ਆਸਟਰੇਲੀਆ ਵਿਚ ਡਾਕਟਰ ਸੀ ਅਤੇ ਉਹ ਵੀ ਵਿਆਹਿਆ ਵਰਿਆ, ਤਿੰਨ ਬੱਚਿਆਂ ਦਾ ਬਾਪ ਸੀ। ਉਸ ਦੇ ਘਰਵਾਲ਼ੀ 'ਤੇਜ' ਨੇ ਡੇਵ ਤੋਂ ਤਲਾਕ ਲੈ ਲਿਆ ਸੀ। ਬੱਚੇ ਵੀ ਮਾਂ ਦੀ ਹਮਾਇਤ ਵਿਚ ਹੀ ਖੜ੍ਹੇ ਸਨ, ਕਿਉਂਕਿ ਡੇਵ ਵੈਸੇ ਮਾੜਾ ਪਤੀ, ਜਾਂ ਬੁਰਾ ਬਾਪ ਨਹੀਂ ਸੀ! ਪਰ ਉਸ ਨੂੰ ਸ਼ਰਾਬ ਅਤੇ ਸ਼ਬਾਬ ਦੀ ਲਲ਼ਕ ਸੀ। ਜਿਸ ਤੋਂ ਉਹ ਚਾਹੁੰਦਾ ਹੋਇਆ ਵੀ ਖਹਿੜ੍ਹਾ ਨਾ ਛੁਡਾ ਸਕਿਆ ਅਤੇ ਉਸ ਦਾ ਘਰ ਖੱਖੜੀਆਂ ਕਰੇਲੇ ਹੋ ਗਿਆ ਸੀ। ਬੱਚੇ ਆਪਣੀ ਜਗਾਹ ਅਤੇ ਘਰਵਾਲ਼ੀ ਆਪਣੀ ਜਗਾਹ ਤੁਰ ਗਈ ਸੀ। ਪ੍ਰਾਪਰਟੀ ਦਾ ਅੱਧਾ ਹਿੱਸਾ ਡੇਵ ਨੇ ਆਪਣੀ ਘਰਵਾਲ਼ੀ ਨੂੰ ਦੇ ਹੀ ਦਿੱਤਾ ਸੀ। ਕਾਨੂੰਨ ਅੱਗੇ ਉਹ ਕੋਈ ਚਾਰਾਜੋਈ ਨਾ ਕਰ ਸਕਿਆ, ਮਲਕੀਅਤ ਦਾ ਅੱਧਾ ਹਿੱਸਾ ਉਸ ਨੂੰ ਦੇਣਾਂ ਹੀ ਪਿਆ ਸੀ। ਬੱਚੇ ਬਾਲਗ ਅਤੇ ਚੰਗੀਆਂ ਨੌਕਰੀਆਂ 'ਤੇ ਲੱਗ ਚੁੱਕੇ ਸਨ। ਉਹਨਾਂ ਦਾ ਤਾਂ ਖਰਚਾ ਉਸ ਨੂੰ ਕੀ ਪੈਣਾਂ ਸੀ..? ਪਰ ਡੇਵ ਦੇ ਘਰਵਾਲ਼ੀ ਤੇਜ ਨੇ ਵੀ ਕੋਈ ਸਿਆਣਪ ਨਹੀਂ ਕੀਤੀ ਸੀ। ਉਹ ਬੱਚਿਆਂ ਨੂੰ ਡੇਵ ਬਾਰੇ ਕੋਈ ਬਹੁਤੀਆਂ ਚੰਗੀਆਂ ਤਜ਼ਵੀਜ਼ਾਂ ਨਹੀਂ ਦਿੰਦੀ ਸੀ। ਬੱਚਿਆਂ ਸਾਹਮਣੇ ਡੇਵ ਨੂੰ ਸ਼ਰਾਬੀ ਅਤੇ ਤੀਵੀਂਬਾਜ਼ ਬਣਾ ਕੇ ਪੇਸ਼ ਕੀਤਾ ਜਾਂਦਾ। ਤੇਜ ਆਪਣੇ ਬੱਚਿਆਂ ਨੂੰ ਆਪਣੇ ਪੇਕੇ ਪ੍ਰੀਵਾਰ ਦੀਆਂ ਸਿਫ਼ਤਾਂ ਦੱਸਦੀ ਅਤੇ ਸਹੁਰੇ ਪ੍ਰੀਵਾਰ ਦੀ ਬਿਨਾਂ ਗੱਲੋਂ ਅੱਠੋ ਪਹਿਰ ਬਦਖ਼ੋਹੀ ਕਰਦੀ ਰਹਿੰਦੀ..! ਬਗੈਰ ਕਿਸੇ ਕਾਰਨ ਡੇਵ ਦੀਆਂ ਭੈਣਾਂ ਨੂੰ ਭੰਡਦੀ..! ਬਗੈਰ ਕਿਸੇ ਕਾਰਨ ਤੋਂ ਸੱਸ ਸਹੁਰੇ ਬਾਰੇ ਬੋਲ ਕਬੋਲ ਕਰਦੀ! ਨਾਲ਼ੇ ਸੱਸ ਸਹੁਰੇ ਜਾਂ ਨਣਾਨਾਂ ਦੇ ਨਾਲ਼ ਉਹ ਇਕ ਦਿਨ ਵੀ ਨਹੀਂ ਰਹੀ ਸੀ..! ਤੇਜ ਵੱਲੋਂ ਆਪਣੇ ਬੱਚਿਆਂ ਅੱਗੇ ਡੇਵ ਦੇ ਪ੍ਰੀਵਾਰ ਦੀਆਂ, ਇਕ ਦੀਆਂ ਗਿਆਰਾਂ ਬਣਾਂ ਕੇ ਦੱਸੀਆਂ ਜਾਂਦੀਆਂ। ਹਰ ਗੱਲ ਨਾਲ਼ ਮਿਰਚ ਮਸਾਲਾ ਲਾ ਕੇ ਡੇਵ ਨੂੰ ਅਤੇ ਉਸ ਦੇ ਪ੍ਰੀਵਾਰ ਨੂੰ ਨੀਚ ਅਤੇ ਕਮੀਨਾਂ ਬਣਾਂ ਕੇ ਪੇਸ਼ ਕੀਤਾ ਜਾਂਦਾ। ਖੰਭਾਂ ਦੀਆਂ ਡਾਰਾਂ ਬਣਾਂ ਕੇ ਬੱਚਿਆਂ ਨੂੰ ਕੁਰਾਹੇ ਪਾਇਆ ਜਾਂਦਾ! ਨਤੀਜੇ ਵਜੋਂ ਡੇਵ ਦੇ ਬੱਚੇ, ਆਪਣੇ ਬਾਪ ਅਤੇ ਉਸ ਦੇ ਸਾਰੇ ਪ੍ਰੀਵਾਰ ਨੂੰ ਸ਼ੱਕ ਅਤੇ ਘ੍ਰਿਣਾਂ ਦੀ ਨਜ਼ਰ ਨਾਲ਼ ਦੇਖਣ ਲੱਗ ਪਏ! ਬੱਚੇ ਕੋਰਾ ਕਾਗਜ਼, ਉਹਨਾਂ ਦਾ ਕੀ ਕਸੂਰ ਸੀ..? ਉਹਨਾਂ ਨੇ ਤਾਂ ਜੋ ਸੁਣਨਾਂ ਸੀ, ਉਸੇ 'ਤੇ ਹੀ ਅਸਰ ਕਰਨਾਂ ਸੀ..? ਉਹਨਾਂ ਦੀ ਮਾਂ ਨੇ ਬੱਚਿਆਂ ਦੇ ਕੋਮਲ ਮਨਾਂ ਵਿਚ ਕੁੜੱਤਣ ਹੀ ਇਤਨੀ ਭਰ ਦਿੱਤੀ ਸੀ ਕਿ ਬੱਚਿਆਂ ਦੇ ਮਨ ਪਿਉ ਅਤੇ ਉਸ

ਦੇ ਪ੍ਰੀਵਾਰ ਪ੍ਰਤੀ ਕੌੜੇ ਹੋ ਗਏ ਸਨ!

-"ਕੁਛ ਲੈ ਆਓ...!" ਹਨੀ ਨੇ ਵੀ ਖੁੱਲ੍ਹ-ਦਿਲੀ ਵਿਖਾਈ।

-"ਇਹ ਤਾਂ ਕੋਈ ਗੱਲ ਨਾ-ਨਾ ਹੋਈ..? ਕੋਕ, ਲੈਮਨ, ਬੀਅਰ ਜਾਂ ਵਿਸਕੀ...?"

-"ਚਲੋ ਇਕ ਡਰਿੰਕ ਵਿਸਕੀ ਦੀ ਦੇ ਦਿਓ...!" ਹਨੀ ਨੇ ਸੋਚਿਆ ਕਿ ਜਦੋਂ ਹੁਣ ਨੱਚਣ ਹੀ ਲੱਗ ਪਈ ਤੇ ਫਿਰ ਘੁੰਡ ਕਾਹਦਾ..? ਵੈਸੇ ਵੀ ਉਹ ਕਦੇ ਕਦੇ ਰਮਣੀਕ ਨਾਲ਼ ਜਾਂ ਕੰਪਨੀ ਦੇ ਮੈਨੇਜਰ ਨਾਲ ਵਿਸਕੀ ਬੀਅਰ ਪੀ ਚੁੱਕੀ ਸੀ।

-"ਜੋ ਹੁਕਮ...! ਕੋਕ ਜਾਂ ਪਾਣੀਂ..?" ਡੇਵ ਨੇ ਡਰਿੰਕ ਬਣਾਂ ਦਿੱਤੀ।

-"ਕੋਕ...!"

ਡੇਵ ਨੇ ਡਰਿੰਕ ਹਨੀ ਦੇ ਅੱਗੇ ਟੇਬਲ 'ਤੇ ਰੱਖ ਦਿੱਤੀ।

ਵਿਸਕੀ ਪੀਣ ਦੇ ਨਾਲ਼ ਨਾਲ਼ ਉਹਨਾਂ ਨੇ ਗੱਲਾਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਡੇਵ ਨੇ ਆਪਣੇ ਅਤੇ ਹਨੀ ਨੇ ਆਪਣੇ ਦੁੱਖੜੇ ਫ਼ਰੋਲਣੇ ਸ਼ੁਰੂ ਕਰ ਦਿੱਤੇ। ਦੋਨੋਂ ਹੀ ਦੁਖੀ..! ਪਰ ਕਸੂਰ ਕਿਸ ਦਾ ਸੀ..? ਹਰ ਇਕ ਆਪਣੇ ਜੀਵਨ ਸਾਥੀ ਜਾਂ ਜੀਵਨ ਸਾਥਣ ਨੂੰ ਬੁਰਾ ਗਰਦਾਨ ਰਿਹਾ ਸੀ। ਨਾ ਡੇਵ ਅਤੇ ਨਾ ਹੀ ਹਨੀ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਰਹੇ ਸਨ। ਕਸੂਰ ਸਿਰਫ਼ ਵਿਰੋਧੀ ਧਿਰਾਂ ਦਾ ਹੀ ਕੱਢਿਆ ਜਾ ਰਿਹਾ ਸੀ। ਡੇਵ ਦੀ ਘਰਵਾਲ਼ੀ ਦਾ ਅਤੇ ਹਨੀ ਦੇ ਘਰਵਾਲ਼ੇ ਰਮਣੀਕ ਦਾ..! ਉਹ ਆਪ ਤਾਂ ਇਕ ਦੂਜੇ ਦੇ ਸਾਹਮਣੇ ਬੜੇ ਸੱਚੇ ਸੁੱਚੇ ਬਣ ਕੇ ਪੇਸ਼ ਹੋ ਰਹੇ ਸਨ। ਨਾ ਡੇਵ ਦੀਆਂ ਭਦਰਕਾਰੀਆਂ ਸਲਾਹੁੰਣਯੋਗ ਸਨ ਅਤੇ ਨਾ ਹੀ ਹਨੀ ਦੀਆਂ..! ਪਰ ਜੰਨ ਕੁਪੱਤੀ, ਸੁਥਰਾ ਭਲਾ ਮਾਣਸ ਵਾਲ਼ੀ ਗੱਲ..! ਦੋਹਾਂ ਵਿਚ ਚੁੰਝ ਚਰਚਾ ਦਾ ਵਿਸ਼ਾ ਬਣੀ ਰਹੀ ਸੀ।

ਇਹਦੇ ਵਿਚ ਵੀ ਕੋਈ ਸ਼ੱਕ ਨਹੀਂ ਕਿ ਡੇਵ ਦੀ ਘਰਵਾਲ਼ੀ ਨੇ ਉਸ ਨੂੰ ਤੰਗ ਵੀ ਬਹੁਤ ਕੀਤਾ ਸੀ। ਜੇ ਡੇਵ ਚਾਰੇ ਪਾਸਿਓਂ ਸੱਚਾ ਨਹੀਂ ਸੀ, ਤਾਂ ਉਹਦਾ ਬਹੁਤਾ ਕਸੂਰ ਵੀ ਨਹੀਂ ਸੀ। ਘਰਵਾਲ਼ੀ ਹੀ ਬਹੁਤੀ ਤਪਦੇ ਪੈਰਾਂ ਵਾਲ਼ੀ ਸੀ। ਡੇਵ ਦੀ ਕੁੱਤੇ ਜਿੰਨੀ ਵੀ ਕਦਰ ਨਹੀਂ ਕਰਦੀ ਸੀ। ਆਪਣਾ ਪੇਕਾ ਘਰ ਉਸ ਨੇ 'ਹੀਰੋ' ਬਣਾਇਆ ਹੋਇਆ ਸੀ ਅਤੇ ਡੇਵ ਦਾ ਸਾਰਾ ਪ੍ਰੀਵਾਰ ਉਸ ਨੇ ਬਿਨਾਂ ਗੱਲ ਤੋਂ 'ਥੱਲੇ' ਲਾਇਆ ਸੀ..! ਉਸ ਨੇ ਆਪਣੀ ਗੱਲ ਹੀ ਮੁੱਖ ਰੱਖੀ ਸੀ। ਡੇਵ ਨੂੰ ਹਮੇਸ਼ਾ ਹੀ 'ਕੁੱਤਾ' ਸਮਝਿਆ ਸੀ। ਚਾਹੇ ਘਰ ਵਿਚ ਸਭ ਕੁਝ 'ਅੱਛਾ' ਨਹੀਂ ਸੀ, ਪਰ ਉਹਨਾਂ ਦੀ ਲੜਾਈ ਮਾੜੀ ਜਿਹੀ ਗੱਲ ਤੋਂ ਸ਼ੁਰੂ ਹੋਈ। ਜਦੋਂ ਇਕ ਦਿਨ ਡੇਵ ਨੇ ਕਿਹਾ, "ਬੱਚਿਓ...! ਥੋਡੀ ਮਾਂ ਦੇਖਲੋ ਕਿੰਨੀ ਸੁੱਘੜ ਸਿਆਣੀ ਐਂ..? ਇਹ ਇਕ ਵਾਰੀ ਕੱਪੜੇ ਮਸ਼ੀਨ ਵਿਚ ਧੋਂਦੀ ਐ, ਤੇ ਤਿੰਨ ਵਾਰੀ ਬਾਹਰ ਮੀਂਹ ਵਿਚ...!" ਡੇਵ ਦੇ ਘਰਵਾਲ਼ੀ ਤੇਜੋ ਬਾਹਰ ਗਾਰਡਨ ਵਿਚ ਕੱਪੜੇ ਸੁੱਕਣੇਂ ਪਾ ਕੇ ਤਿੰਨ ਤਿੰਨ ਦਿਨ ਲਾਹੁੰਦੀ ਹੀ ਨਹੀਂ ਸੀ। ਮੀਂਹ ਜਾਵੇ ਹਨ੍ਹੇਰੀ ਜਾਵੇ..! ਕੱਪੜੇ ਮੀਂਹ ਵਿਚ ਹੀ ਭਿੱਜਦੇ ਰਹਿੰਦੇ ਸਨ।

-"ਤੇ ਬਾਹਲ਼ਾ ਦੁੱਖ ਆਉਂਦੈ, ਤਾਂ ਤੂੰ ਆਪ ਲਾਹ ਲਿਆ ਕਰ..! ਘਰੇ ਬਾਣ ਵੱਟਦਾ ਹੁੰਨੈਂ...?" ਤੇਜ ਬਦਮਗਜ਼ਾਂ ਵਾਂਗ ਡੇਵ ਨੂੰ ਸੰਬੋਧਨ ਹੋਈ ਸੀ।

-"ਮੈਂ ਕੰਪਨੀ ਦਾ ਕੰਮ ਕਰਾਂ ਕਿ ਘਰ ਦਾ...? ਤੈਨੂੰ ਤਾਂ ਹੀ ਨ੍ਹੀ ਕੰਮ 'ਤੇ ਲਾਇਆ, ਬਈ ਤੂੰ ਜੁਆਕਾਂ ਦਾ ਖਿਆਲ ਰੱਖੇਂ ਤੇ ਘਰ ਦਾ ਕੰਮ ਸੰਭਾਲ਼ੇਂ..!" ਡੇਵ ਨੇ ਸੱਚੀ ਸਿਧਾਂਤਕ ਗੱਲ ਆਖੀ ਸੀ।

-"ਆਈ ਡੌਂਟ ਕੇਅਰ...!" ਉਸ ਨੇ ਹੱਥ ਚੁੱਕ ਦਿੱਤੇ।

ਡੇਵ ਦਾ ਅੰਦਰ ਮੱਚ ਗਿਆ।

ਤੇਜ ਬੱਚਿਆਂ ਨੂੰ ਸਾਰਾ ਦਿਨ ਡੇਵ ਦੇ ਅਤੇ ਉਸ ਦੇ ਭੈਣਾਂ ਭਰਾਵਾਂ ਦੇ ਖ਼ਿਲਾਫ਼ ਰੇਤਦੀ ਰਹਿੰਦੀ। ਬੱਚੇ ਮਾਂ ਦੇ ਜ਼ਿਆਦਾ ਕੋਲ਼ ਰਹਿੰਦੇ ਸਨ, ਇਸ ਲਈ ਉਹਨਾਂ ਦਾ ਮਾਂ ਪੱਖੀ ਉਲਾਰ ਹੋਣਾਂ ਇਕ ਕੁਦਰਤੀ ਗੱਲ ਸੀ। ਡੇਵ ਤਾਂ ਸ਼ੁਕਰਵਾਰ ਤੱਕ ਕੰਮ ਕਰਦਾ ਅਤੇ ਸ਼ਨਿੱਚਰ ਅਤੇ ਐਤਵਾਰ ਉਹ ਕਿਸੇ ਮੀਟਿੰਗ ਜਾਂ ਹੋਰ ਅਪੌਇੰਟਮੈਂਟ ਕਾਰਨ ਮਸ਼ਰੂਫ਼ ਹੁੰਦਾ। ਜਦੋਂ ਉਹ ਘਰ ਆਉਂਦਾ, ਤਾਂ ਬੱਚੇ ਖਾ ਪੀ ਕੇ ਸੌਂ ਚੁੱਕੇ ਹੁੰਦੇ। ਸਵੇਰੇ ਸਾਝਰੇ ਬੱਚੇ ਸਕੂਲ ਚਲੇ ਜਾਂਦੇ ਅਤੇ ਡੇਵ ਉਹਨਾਂ ਦੇ ਜਾਣ ਤੋਂ ਬਾਅਦ ਉਠਦਾ। ਤੇਜ ਨੂੰ ਡੇਵ ਦੇ

ਖ਼ਿਲਾਫ਼ ਭੜ੍ਹਕਾਉਣ ਦਾ ਮੌਕਾ ਮਿਲ਼ ਜਾਂਦਾ ਅਤੇ ਉਹ ਬੱਚਿਆਂ ਨੂੰ ਵਾਹ ਲੱਗਦੀ ਰਗੜ ਕੇ ਸਾਣ 'ਤੇ ਲਾ ਦਿੰਦੀ। ਇਹ ਬਿਗਾਨੀਆਂ ਔਰਤਾਂ ਦਾ ਠਰਕੀ ਐ...! ਇਹ ਦਾਰੂ ਪੀ ਕੇ ਆਉਂਦੈ...! ਇਹ ਥੋਡੇ ਵੱਲ ਧਿਆਨ ਨਹੀਂ ਦਿੰਦਾ...! ਬੱਚੇ ਵੀ ਡੇਵ ਤੋਂ ਖਿਝਣ ਲੱਗ ਪਏ ਸਨ ਕਿ ਸਾਡਾ ਬਾਪ ਸਾਡੇ ਵੱਲੋਂ ਬੇਪ੍ਰਵਾਹ ਅਤੇ ਆਵੇਸਲਾ ਸੀ। ਹੁਣ ਜੇ ਉਹ ਕਦੇ ਸ਼ਾਮ ਹੋਣ ਤੋਂ ਪਹਿਲਾਂ ਆ ਕੇ ਬੱਚਿਆਂ ਨਾਲ ਲਾਡ ਪਿਆਰ ਕਰਨਾਂ ਚਾਹੁੰਦਾ ਤਾਂ ਬੱਚੇ ਉਸ ਨਾਲ਼ ਸਿੱਧੇ ਮੂੰਹ ਗੱਲ ਨਾ ਕਰਦੇ! ਗੱਲ ਡੇਵ ਨੇ ਵੀ ਸਮਝ ਲਈ ਸੀ ਕਿ ਤੇਜ ਵੱਲੋਂ ਮੇਰੇ ਖ਼ਿਲਾਫ਼ ਬੱਚਿਆਂ ਕੋਲ਼ ਕੋਈ ਨਾ ਕੋਈ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਸ ਨੇ ਤੇਜ ਨੂੰ ਸਮਝਾਇਆ।

-"ਦੇਖ ਤੇਜੋ...! ਮਾਂ ਬਾਪ ਦੇ ਵਿਚਕਾਰ ਬੱਚੇ ਇਕ ਗੰਢ ਦੀ ਤਰ੍ਹਾਂ ਹੁੰਦੇ ਨੇ..! ਜਿੰਨ੍ਹਾਂ ਨਾਲ਼ ਮੀਆਂ ਬੀਵੀ ਦਾ ਜੋੜ ਬਣਿਆਂ ਰਹਿੰਦੈ...! ਜੇ ਬੱਚੇ ਹੀ, ਮਾਂ ਜਾਂ ਬਾਪ ਨੂੰ ਅੱਖੋਂ ਪਰੋਖੇ ਕਰਕੇ ਬਿਗਾਨਾ ਜਿਹਾ ਸਮਝਣ ਲੱਗ ਪੈਣ, ਤਾਂ ਗ੍ਰਹਿਸਥ ਦੀ ਇਹ ਪੀਡੀ ਗੰਢ ਇਕ ਤਰ੍ਹਾਂ ਨਾਲ਼ ਰਿਸਕਣੀਂ ਸ਼ੁਰੂ ਹੋ ਜਾਂਦੀ ਐ...! ਬੱਚੇ ਹੁਣ ਜੁਆਨ ਐਂ, ਆਬਦੇ ਆਬਦੇ ਕਿੱਤਿਆਂ 'ਤੇ ਲੱਗੇ ਵੇ ਐ, ਇਹ ਸਾਲ ਦੋ ਸਾਲਾਂ ਨੂੰ ਵਿਆਹ ਕਰਵਾ ਕੇ ਆਬਦੇ ਆਬਦੇ ਘਰ ਲੈ ਲੈਣਗੇ..! 'ਕੱਠਿਆਂ ਨੇ ਅਕਸਰ ਤਾਂ ਆਪਾਂ ਈ ਰਹਿਣੈਂ...! ਇਹਨਾਂ ਤੋਂ ਖ਼ੁਸ਼ੀ ਝਾਕ ਕਰੀਂ ਪਰਾਉਂਠਿਆਂ ਦੀ...! ਕੁਛ ਸੋਚ ਕਰ...!"

ਪਰ ਤੇਜ ਕਿੱਥੇ ਮੰਨਣ ਵਾਲ਼ੀ ਸੀ...? ਉਸ ਦੀ ਜਾਣਦੀ ਸੀ ਜੁੱਤੀ...! ਖ਼ੈਰ, ਦੁੱਧ ਧੋਤਾ ਡੇਵ ਵੀ ਨਹੀਂ ਸੀ। ਜਦੋਂ ਦਾ ਤੇਜ ਨੇ ਉਸ ਨਾਲ਼ ਵਿਤਕਰਾ ਜਿਹਾ ਸ਼ੁਰੂ ਕੀਤਾ ਸੀ। ਉਸ ਨੇ ਵੀ ਬਿਗਾਨੀ ਖ਼ੁਰਲੀ ਵਿਚ ਮੂੰਹ ਮਾਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਉਸ ਕੋਲ਼ ਚੰਗੀ ਜੌਬ ਸੀ...। ਮੌਰਗੇਜ਼ ਪੱਖੋਂ ਦੋ ਫ਼ਰੀ ਮਕਾਨ ਸਨ...। ਚੰਗੀ ਆਮਦਨ ਸੀ...। ਬੱਚੇ ਆਪਦੀਆਂ ਚੰਗੀਆਂ ਜੌਬਾਂ ਕਰਦੇ ਸਨ...। ਹੁਣ ਉਸ ਨੂੰ ਕਿਸੇ ਪਾਸੇ ਤੋਂ ਚਿੰਤਾ ਨਹੀਂ ਸੀ। ਚੰਗਾ ਖਾਂਦਾ ਸੀ, ਚੰਗਾ ਪਹਿਨਦਾ ਸੀ। ਪਰ ਦੁਖੀ ਉਹ ਸਿਰਫ਼ ਤੇਜ ਵੱਲੋਂ ਸੀ, ਜਿਹੜੀ ਉਸ ਨੂੰ ਮੂੰਹ ਨਹੀਂ ਬੋਲਦੀ ਸੀ। ਰਾਤ ਨੂੰ ਹੱਥ ਲਾਉਣ 'ਤੇ 'ਵੱਢੂੰ-ਖਾਊਂ' ਕਰਨ ਲੱਗ ਜਾਂਦੀ ਸੀ। ਇਸ ਗੱਲ ਤੋਂ ਅੱਕ ਕੇ ਡੇਵ ਨੇ 'ਬਾਹਰਲੀ' ਦੁਨੀਆਂ ਵੱਲ ਝਾਕਣਾਂ ਸ਼ੁਰੂ ਕੀਤਾ। ਤੇਜ ਹੋਰ ਚਿੜ ਗਈ। ਉਸ ਨੇ ਜੁਆਕਾਂ ਦੇ ਸੁਭਾਅ ਦੀ ਧਾਰ ਹੋਰ ਤਿੱਖੀ ਕਰ ਦਿੱਤੀ। ਜੁਆਕ ਵੀ ਡੇਵ ਨੂੰ ਕੌੜਨ ਲੱਗ ਪਏ। ਡੇਵ ਵੀ ਆਖਰ ਸੋਚਣ ਲੱਗ ਪਿਆ ਕਿ ਮੈਂ ਐਹਨਾਂ ਦੀ ਖਾਤਰ ਕੰਮ ਕਰਦਾ ਹਾਂ, ਜਿਹੜੇ ਮੈਨੂੰ ਮੂੰਹ ਨਹੀਂ ਬੋਲਦੇ...? ਪਰ ਫਿਰ ਵੀ ਸਿਆਣਪ ਵਰਤ ਕੇ ਉਹ ਚੁੱਪ ਹੀ ਰਿਹਾ। ਫਿਰ ਵੀ ਮੇਰੇ ਆਪਣੇ ਬੱਚੇ ਨੇ...! ਕਿਹੜਾ ਕੋਈ ਬਿਗਾਨੇ ਐਂ...? ਖ਼ੂਨ ਤਾਂ ਮੇਰਾ ਈ ਐ...! ਤੇਜ ਕਰ ਲਵੇ ਜੁਆਕਾਂ ਨੂੰ ਜਿਹੜਾ ਮੇਰੇ ਖ਼ਿਲਾਫ਼ ਕਰਨੈਂ...! ਧੀ-ਪੁੱਤ ਤਾਂ ਉਹਨਾਂ ਨੇ ਮੇਰੇ ਹੀ ਵੱਜਣਾਂ ਹੈ...! ਖਲਣਾਂ ਕਿਤੇ ਤਜਿਆ ਜਾਂਦੈ..? ਸਿਆਣੇ ਆਖਦੇ ਐ; ਖਾਵੇ ਪੀਵੇ ਹੋਵੇ ਮੋਟਾ, ਆਖਰ ਵੱਜੇ ਦਾਦੇ ਦਾ ਪੋਤਾ...! ਖ਼ੂਨ ਤਾਂ ਇਹਨਾਂ ਨੇ ਮੇਰਾ ਹੀ ਰਹਿਣੈਂ...! ਉਸ ਦੇ ਮਨ ਵਿਚ ਭਾਂਤ ਭਾਂਤ ਦੇ ਵਿਚਾਰ ਆਉਂਦੇ ਰਹਿੰਦੇ...!

ਪਰ ਡੇਵ ਦੇ ਸਿਰ ਤੋਂ ਪਾਣੀਂ ਤਾਂ ਉਦੋਂ ਲੰਘਿਆ, ਜਦੋਂ ਤੇਜ ਨੇ ਆਪਣੇ ਇੰਡੀਆ ਰਹਿੰਦੇ ਬਾਪ ਨੂੰ ਜੁਆਕਾਂ ਦੀ ਸਪੌਂਸਰਸ਼ਿੱਪ ਭੇਜ ਕੇ ਮੰਗਵਾ ਲਿਆ। ਬਾਪ ਦੇ ਆਉਣ ਵਾਲ਼ੇ ਦਿਨ ਤੱਕ ਤੇਜ ਨੇ ਬਾਪੂ ਦੇ ਆਉਣ ਬਾਰੇ ਡੇਵ ਕੋਲ਼ ਬਾਤ ਤੱਕ ਨਾ ਪਾਈ। ਪਰ ਜਿਸ ਦਿਨ ਤੇਜ ਦੇ ਬਾਪੂ ਨੇ ਹੀਥਰੋ ਏਅਰਪੋਰਟ ਉੱਤਰਨਾ ਸੀ, ਉਸ ਦਿਨ ਤੋਂ ਇਕ ਦਿਨ ਪਹਿਲਾਂ ਤੇਜ ਡੇਵ ਦੇ ਨੇੜੇ ਢੁਕ-ਢੁਕ ਬੈਠਣ ਲੱਗ ਪਈ ਸੀ। ਡੇਵ ਨੂੰ ਕੋਈ ਸਮਝ ਨਾ ਆਈ। ਬੱਚੇ ਵੀ ਉਸ ਨੂੰ ਤੇਜ ਦੇ ਆਖੇ "ਡੈਡ-ਡੈਡ" ਪੁਕਾਰਨ ਲੱਗ ਪਏ ਸਨ। ਡੇਵ ਵੀ ਹੰਢਿਆ ਵਰਤਿਆ ਬੰਦਾ ਸੀ। ਉਹ ਉਹਨਾਂ ਦੇ ਮਿੱਠਪੁਣੇਂ ਤੋਂ ਅਤੀਅੰਤ ਸੁਚੇਤ ਜਿਹਾ ਹੋ ਕੇ ਬੈਠ ਗਿਆ। ਉਸ ਨੂੰ ਆਪਣੇ ਪ੍ਰੋਫ਼ੈਸਰ ਦੀ ਗੱਲ ਯਾਦ ਆਈ, "ਕੌੜੇ ਤੇ ਮੂੰਹ ਫ਼ੱਟ ਬੰਦੇ ਤੋਂ ਕਦੇ ਨਾ ਡਰੋ...! ਉਹ ਤਾਂ ਜਦੋਂ ਕੋਈ ਗੱਲ ਦਿਲ 'ਚ ਹੋਊ, ਫ਼ੜੱਕ ਦੇਣੇਂ ਕੱਢ ਕੇ ਬਾਹਰ ਮਾਰੂ...! ਡਰੋ ਹਮੇਸ਼ਾ ਮਿੱਠੇ ਅਤੇ ਚੁੱਪ ਬੰਦੇ ਤੋਂ...! ਮਿੱਠੇ ਅਤੇ ਚੁੱਪ ਬੰਦੇ ਮੂੰਹ ਦੇ ਮਿੱਠੇ, ਪਰ ਅੰਦਰੋਂ ਨਿਰੇ ਛੁਰੀ ਹੁੰਦੇ ਐ...!" ਪਰ ਡੇਵ ਨੂੰ ਗੱਲ ਦਾ ਕੋਈ ਸਿਰਾ ਨਹੀਂ ਲੱਭ ਰਿਹਾ ਸੀ ਕਿ ਅਕਸਰ ਘਰ ਵਿਚ ਐਸੀ ਕਿਹੜੀ ਖ਼ੁਸ਼ੀ ਆ ਗਈ ਸੀ, ਜਿਸ ਕਾਰਨ ਇਹ ਸਾਰੇ ਹੀ 'ਭਗਤ' ਬਣ ਗਏ ਸਨ..? ਐਡੀ ਵੱਡੀ ਤਬਦੀਲੀ ਦਾ ਕਾਰਨ ਕੀ ਹੋ

ਸਕਦੈ...? ਉਸ ਨੇ ਹਨ੍ਹੇਰੇ ਵਿਚ ਦਿਮਾਗ ਦੌੜਾਇਆ। ਪਰ ਔਂਟਲ਼ਿਆ ਦਿਮਾਗ ਕਰੋਲ਼ੇ ਜਿਹੇ ਦੇ ਕੇ ਵਾਪਿਸ ਆ ਗਿਆ।

-"ਕੀ ਗੱਲ ਐ ਬਈ...? ਕਦੇ ਮੈਨੂੰ ਕਿਸੇ ਨੇ ਸਿੱਧੇ ਮੂੰਹ ਨਾਲ਼ ਨ੍ਹੀ ਬੁਲਾਇਆ ਸੀ...? ਅੱਜ ਬੜੀ ਆਓ ਭਗਤ ਤੇ ਡੈਡ-ਡੈਡ ਹੋ ਰਹੀ ਐ...?" ਲੰਡਾ ਪੈੱਗ ਅੰਦਰ ਸੁੱਟ ਕੇ ਡੇਵ ਨੇ ਆਪਣੀ ਉੱਤਸੁਕਤਾ ਜ਼ਾਹਿਰ ਕਰ ਹੀ ਦਿੱਤੀ। ਆਖਰ ਦਿਲ ਵਿਚ ਰਿੱਝਦਾ ਸੁਆਲ ਦਾਗ਼ ਹੀ ਦਿੱਤਾ। ਵੈਸੇ ਉਹ ਅੰਦਰੋਂ ਬੜਾ ਖ਼ੁਸ਼ ਸੀ ਕਿ ਚਲੋ ਸ਼ੁਕਰ ਐ, ਬੱਚਿਆਂ ਨਾਲ਼ ਕਦੇ ਹੱਸ ਕੇ ਜ਼ੁਬਾਨ ਸਾਂਝੀ ਤਾਂ ਹੋਈ...? ਨਹੀਂ ਤਾਂ ਸਾਲ਼ੇ ਕੱਛੂਕੁੰਮੇ ਮਾਂਗੂੰ ਦੇਖ ਕੇ ਹੀ ਸਿਰੀ ਲਕੋ ਲੈਂਦੇ ਸੀ..!

-"ਡੈਡ, ਤੁਹਾਨੂੰ ਅਸੀਂ ਅੱਜ ਇਕ 'ਸਰਪ੍ਰਾਈਜ਼' ਦੇਣੈਂ...!" ਜੁਆਕ ਡੇਵ ਨਾਲੋਂ ਕਿਤੇ ਵੱਧ ਚਤਰ ਸਨ। ਉਹਨਾਂ ਨੇ ਚੋਰੀ ਨੂੰ ਛੁਪਾਉਣ ਲਈ 'ਸਰਪ੍ਰਾਈਜ਼' ਦਾ ਨਾਂ ਸੰਨ੍ਹ ਵਿਚ ਲੈ ਲਿਆ। ਅਸਲ ਵਿਚ ਇਹ ਬੱਚਿਆਂ ਦੀ ਨਹੀਂ, ਡੇਵ ਦੇ ਘਰਵਾਲ਼ੀ ਦੇ ਦਿਮਾਗ ਦੀ 'ਕਾਢ' ਸੀ!

-"ਉਏ ਐਹੋ ਜਿਆ ਕਿਹੜਾ ਸਰਪ੍ਰਾਈਜ਼ ਐ ਬਈ...? ਦੱਸੋ ਤਾਂ ਸਹੀ...?" ਡੇਵ ਹੋਰ ਹੈਰਾਨ ਹੋ ਗਿਆ।

-"ਮੰਮ ਦੱਸਣਗੇ...!"

-"ਘੱਟੋ ਘੱਟ ਤੇਰੀ ਮੰਮ ਮੈਨੂੰ ਸਰਪ੍ਰਾਈਜ਼ ਨਹੀਂ ਦੇ ਸਕਦੀ, ਇਹ ਤਾਂ ਸਿਰਫ਼ ਮੇਰੇ ਘਰੂਟ ਮਾਰਨ ਜੋਕਰੀ ਈ ਐ...!" ਉਸ ਨੇ ਗੱਲ ਮਜ਼ਾਕ ਵਿਚ ਪਾ ਲਈ।

-"ਨਹੀਂ ਡੈਡ...! ਸਰਪ੍ਰਾਈਜ਼ ਮੰਮ ਹੀ ਦੇਣਗੇ...! ਸ਼ੀ ਇਜ਼ ਯੂਅਰ ਵਾਈਫ਼...!" ਕੁੜੀ ਨੇ ਅੱਗਾ ਵਲ਼ਿਆ।

-"ਤੇ ਤੁਸੀਂ ਕੁੱਤਿਓ ਮੇਰੇ ਕੁਛ ਲੱਗਦੇ ਨਹੀਂ ਉਏ...?"

-"ਡੈਡ, ਅਸੀਂ ਤੁਹਾਡੇ ਬੱਚੇ ਹਾਂ, ਪਰ ਮੰਮ ਦੀ ਜਗਾਹ ਸਾਡੇ ਨਾਲ਼ੋ ਪਹਿਲਾਂ...!" ਮੁੰਡੇ ਨੇ ਡੇਵ ਨੂੰ ਜੱਫ਼ੀ ਵਿਚ ਜਕੜ ਲਿਆ। ਡੇਵ ਦੀ ਹਿੱਕ ਠਰ ਗਈ। ਉਸ ਨੂੰ ਮਹਿਸੂਸ ਹੋਇਆ ਕਿ ਜਿਵੇਂ ਪੁੱਤ ਨੇ ਉਸ ਨੂੰ ਜੁੱਗੜਿਆਂ ਬਾਅਦ ਛੂਹਿਆ ਸੀ। ਉਸ ਦੀ ਤਪਦੀ ਆਤਮਾਂ ਸੀਤ ਹੀ ਤਾਂ ਹੋ ਗਈ ਸੀ।

-"ਮੰਮ...! ਮੰਮ ਕਮ ਔਨ..!! ਡੈਡ ਨੂੰ ਸਰਪ੍ਰਾਈਜ਼ ਦਿਓ...!!!" ਮੁੰਡੇ ਅਤੇ ਕੁੜੀ ਨੇ ਉਪਰ ਚੜ੍ਹੀ ਤੇਜ ਨੂੰ ਸਾਂਝੀਆਂ ਹਾਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਜਿਵੇਂ ਸਾਰਿਆਂ ਨੇ ਇਕੋ ਗੱਲ ਹੀ ਮਿਥੀ ਹੋਈ ਸੀ।

ਤੇਜ ਬਿਨਾਂ ਦੇਰ ਕੀਤਿਆਂ 'ਦੰਮ-ਦੰਮ' ਕਰਦੀ ਥੱਲੇ ਉੱਤਰ ਆਈ।

-"ਹਾਂ ਬਈ ਤੇਜੋ...! ਜੇ ਤੂੰ ਮੱਠੋ ਹੁੰਦੀ, ਤੈਨੂੰ ਹੱਕ ਕੇ, ਆਰ ਲਾ ਕੇ ਵੀ ਤੋਰ ਲੈਂਦਾ...! ਪਰ ਜਦੋਂ ਤੂੰ ਹੈ ਈ ਤੇਜੋ, ਫੇਰ ਤੈਨੂੰ ਕਿਹੜਾ ਹੱਕਣ ਦੀ ਲੋੜ ਐ...?" ਡੇਵ ਹੱਸੀ ਜਾ ਰਿਹਾ ਸੀ।

-"ਲੈ ਹੈ..? ਦੇਖਲੋ ਜੁਆਕੋ ਆਬਦੇ ਪਿਉ ਦੀ ਬੋਲੀ...! ਮੈਂ ਇਹਦੇ ਸਾਹਮਣੇ ਚਾਹੇ ਸੋਨੇ ਦੀ ਬਣ ਕੇ ਖੜ੍ਹਜਾਂ..? ਪਰ ਇਹਨੇ ਪਿਉ ਦੇ ਪੁੱਤ ਨੇ ਮੈਨੂੰ ਕਦੇ ਚੰਗੀ ਨਾ ਸਮਝਿਆ..!" ਤੇਜੋ ਨੇ ਉਲਟਾ ਠੁਣਾਂ ਡੇਵ ਸਿਰ ਹੀ ਭੰਨਿਆਂ। ਇਕ ਤਰ੍ਹਾਂ ਨਾਲ਼ ਨਿਹੋਰ੍ਹਾ ਦਿੱਤਾ।

-"ਡੈਡ...!" ਕੁੜੀ ਅਤੇ ਮੁੰਡਾ ਡੇਵ ਦੇ ਸੱਜੇ ਖੱਬੇ ਬੈਠ ਗਏ।

ਤੇਜ ਸਾਹਮਣੇ ਬੈਠ ਗਈ। ਪਰ ਉਸ ਤੋਂ ਡੇਵ ਦੀਆਂ ਅੱਖਾਂ ਵਿਚ ਸਿੱਧਾ ਨਹੀਂ ਝਾਕਿਆ ਜਾਂਦਾ ਸੀ। ਸਮਝ ਕੋਈ ਡੇਵ ਨੂੰ ਵੀ ਨਹੀਂ ਆ ਰਹੀ ਸੀ ਕਿ ਇਹ ਕਿਹੜਾ ਗਣਿਤ ਸੁਣਾਂ ਕੇ ਮੈਨੂੰ ਸਰਪ੍ਰਾਈਜ਼ ਦੇਣਾਂ ਚਾਹੁੰਦੇ ਨੇ...? ਉਹ ਵੀ ਸੋਚਾਂ ਦੇ ਵਾਹਣਾਂ ਵਿਚ ਅੱਕਲ਼ਕਾਨ ਹੋਇਆ ਪਿਆ ਸੀ।

-"ਕਮ ਔਨ ਮੰਮ..!" ਮੁੰਡੇ ਨਾ ਕਿਹਾ।

-"ਗੱਲ ਇਹ ਐ, ਬਈ ਮੈਂ ਤਾਂ ਤੁਹਾਨੂੰ ਦੱਸਣਾਂ ਚਾਹੁੰਦੀ ਸੀ..! ਪਰ ਜੁਆਕਾਂ ਨੇ ਕਿਹਾ ਕਿ ਡੈਡ ਨੂੰ ਸਰਪ੍ਰਾਈਜ਼ ਦੇਵਾਂਗੇ...! ਕੱਲ੍ਹ ਨੂੰ ਬਾਪੂ ਜੀ ਹੀਥਰੋ ਏਅਰਪੋਰਟ 'ਤੇ ਉੱਤਰ ਰਹੇ ਨੇ, ਸ਼ਾਮ ਦੇ ਪੰਜ ਵਜੇ...! ਉਹਨਾਂ ਦਾ ਇੰਗਲੈਂਡ ਦਾ ਵੀਜ਼ਾ ਲੱਗ ਗਿਆ ਹੈ, ਤੇ ਟਿਕਟ ਬ੍ਰਿਟਿਸ਼ ਏਅਰਵੇਜ਼ ਦੀ ਲੈ ਲਈ

ਐ...!''

ਡੇਵ ਹੱਦੋਂ ਵੱਧ ਹੈਰਾਨ ਹੋ ਗਿਆ।

-''ਕਮਾਲ ਦੀ ਗੱਲ ਐ ਬਈ...! ਕਿਸੇ ਬੰਦੇ ਨੇ ਮੇਰੇ ਘਰੇ ਆਉਣਾਂ ਹੋਵੇ...? ਤੇ ਉਹਦੇ ਬਾਰੇ ਮੈਨੂੰ ਦੱਸਿਆ ਨਾ ਜਾਵੇ, ਇਹ ਸਰਾਸਰ ਧੋਖਾ ਨਹੀਂ, ਧੱਕਾ ਵੀ ਐ...!'' ਉਸ ਨੇ ਸੱਚੀ ਗੱਲ ਆਖ ਦਿੱਤੀ। ਪਰ ਗੁੱਸਾ ਉਹ ਦੱਬ ਗਿਆ ਕਿ 'ਚੋਰੀ' ਨੂੰ 'ਸਰਪ੍ਰਾਈਜ਼' ਦੇ ਨਾਂ ਦੀ 'ਪੁੱਠ' ਚਾੜ੍ਹ ਕੇ ਮੈਨੂੰ 'ਮੂਰਖ਼' ਬਣਾਇਆ ਜਾ ਰਿਹਾ ਹੈ...! ਇਹ ਚੋਰੀ ਦੇ ਨਾਲ਼-ਨਾਲ਼ 'ਸੀਨਾਂ ਜੋਰੀ' ਵੀ ਹੈ..! ਪਰ ਉਹ ਜੁਆਕਾਂ ਦੀ ਖ਼ੁਸ਼ੀ ਸਮਝ ਕੇ ਚੁੱਪ ਕਰ ਗਿਆ ਕਿ ਚਲੋ ਇਸ ਬਹਾਨੇ ਆਪਦੇ ਜੁਆਕ ਤਾਂ ਮੇਰੇ ਨਾਲ਼ ਹੱਸਣ ਖੇਡਣ ਲੱਗੇ..? ਪਰ ਫਿਰ ਉਸ ਨੂੰ ਤੇਜ ਦੇ ਸਿਆਣੇ-ਬਿਆਣੇ ਪਿਉ 'ਤੇ ਗੁੱਸਾ ਆਇਆ, ਬਈ ਸਾਲ਼ਿਆ ਇਹ ਤਾਂ ਜਿਹੋ ਜਿਹੇ ਸੀਗੇ, ਸੀਗੇ ਈ..? ਤੂੰ ਤਾਂ ਬੁੱਢ-ਬਲ਼ੇਟ ਐਂ, ਤੂੰ ਤਾਂ ਕੁਛ ਅਕਲ ਕਰਦਾ...? ਤੂੰ ਈ ਇਕ ਵਾਰ ਫ਼ੋਨ ਕਰ ਕੇ ਆਖ ਛੱਡਦਾ ਕਿ ਪੁੱਤਰਾ...! ਤੇਰੇ ਜੁਆਕ ਤੈਨੂੰ ਸਰਪ੍ਰਾਈਜ਼ ਦੇਣਾਂ ਚਾਹੁੰਦੇ ਨੇ, ਤੂੰ ਵੀ ਉਹਨਾਂ ਨੂੰ ਨਾ ਦੱਸੀਂ, ਬਈ ਨਾਨੇ ਨੇ ਫ਼ੋਨ ਕੀਤੈ, ਪਰ ਮੈਂ ਆ ਰਿਹੈਂ ਮਹੀਨੇ, ਦੋ ਮਹੀਨਿਆਂ ਲਈ...! ਪਰ ਡੇਵ ਸਿਆਂ..! ਸਿਆਣੇ ਆਖਦੇ ਐ, ਜੱਟ ਜੱਟਾਂ ਦੇ ਤੇ ਭੋਲੂ ਨਰਾਇਣ ਦਾ...! ਹੁਣ ਬੁੜ੍ਹੇ ਨੇ ਤਾਂ ਖੋਟੇ ਪੈਸੇ ਮਾਂਗੂੰ ਆ ਵੱਜਣੈਂ...! ਪਰ ਹੁਣ ਤੂੰ ਜੁਆਕਾਂ ਵੱਲੋਂ ਫਿੱਕਾ ਨਾ ਪੈ...! ਤੇਜੋ ਤਾਂ ਅੱਗੇ ਈ ਨ੍ਹੀ ਮਾਨ...? ਉਸ ਨੇ ਤਾਂ ਜੁਆਕਾਂ ਨੂੰ ਹੋਰ ਤੁੱਖਣਾਂ ਦੇਣੀਂ ਐਂ, ਬਈ ਦੇਖਲੋ ਬੱਚਿਓ...! ਥੋਡਾ ਪਿਉ ਆਪਣੀ ਕੋਈ ਖ਼ੁਸ਼ੀ ਨਹੀਂ ਜਰਦਾ...! ਜੁਆਕਾਂ ਦਾ ਮਨ ਓਦੂੰ ਖੱਟਾ ਹੋ ਜਾਣਾਂ ਸੀ..। ਇਹ ਤਾਂ ਅੱਗੇ ਈ ਬਥੇਰ੍ਹੇ ਬਿੱਟਰੇ ਹੋਏ ਸੀ...? ਹੁਣ ਤੂੰ ਵੇਲ਼ਾ ਸਾਂਭ...! ਸਿਆਣਾਂ ਬੰਦਾ ਉਹੀ ਹੁੰਦੈ, ਜਿਹੜਾ ਆਪਣਾਂ ਵੇਲ਼ਾ ਸਾਂਭ ਲਵੇ...! ਹੁਣ ਤੂੰ ਇਹਨਾਂ ਦੀ ਖ਼ੁਸ਼ੀ 'ਚ ਖ਼ੁਸ਼ੀ ਕਰ...! ਬੁੜ੍ਹੇ ਦੇ ਜਾਣ ਤੋਂ ਬਾਅਦ ਹਾਲਾਤਾਂ ਨਾਲ਼ ਫਿਰ ਨਜਿੱਠਾਂਗੇ...!

-''ਬਈ ਬਾਹਲ਼ੇ ਕੁੱਤੇ ਐ ਸਾਲ਼ੇ...! ਦੇਖ ਲੈ ਤੇਜੋ...! ਬੰਦੇ ਤੀਮੀਆਂ ਤੋਂ, ਤੇ ਤੀਮੀਆਂ ਬੰਦਿਆਂ ਤੋਂ ਤਾਂ ਓਹਲਾ ਰੱਖਦੀਆਂ ਆਈਆਂ ਸੀ, ਤੇ ਹੁਣ ਸਾਲ਼ੇ ਜੁਆਕ ਸਰਪ੍ਰਾਈਜ਼ ਦੇਣ ਲੱਗ ਪਏ..! ਲਿਆ ਤੇਜੋ ਇਕ ਪੈੱਗ ਪਾ ਕੇ ਐਸ ਖ਼ੁਸ਼ੀ 'ਚ...! ਕੱਲ੍ਹ ਨੂੰ ਲੈ ਕੇ ਆਵਾਂਗੇ ਬੁੜ੍ਹੇ ਨੂੰ...!''

-''ਡੈਡ, ਤੁਸੀਂ ਨਾਨਾ ਜੀ ਨੂੰ ਬੁੱਢਾ ਕਾਹਤੋਂ ਆਖਦੇ ਐਂ...?'' ਕੁੜੀ ਨੇ ਗੁੱਗਲ਼ ਵਰਗਾ ਮੂੰਹ ਬਣਾਂ ਕੇ ਕਿਹਾ।

-''ਚੱਲ ਫਿਰ, ਮੈਂ ਬੁੜ੍ਹਾ ਨਹੀਂ ਆਖਦਾ..! ਉਏ ਤੇਜੋ...! ਆਪਣੇ ਮਿੰਟੂ ਨੇ ਕਦੋਂ ਉਤਰਨੈਂ...?'' ਬੁੱਢੇ ਨਾਨੇਂ ਨੂੰ ਡੇਵ ਦੇ ਮਿੰਟੂ ਆਖਣ 'ਤੇ ਜੁਆਕ ਹੱਸ ਪਏ।

-''ਵੇ ਕੁੱਤਿਓ ਜੁਆਕੋ...! ਕਾਹਨੂੰ ਉਹਦਾ ਬੁੱਢੇ ਠੇਰੇ ਦਾ ਜਲੂਸ ਕਢਵਾਉਣ ਲੱਗੇ ਓਂ, ਆਬਦੇ ਪਿਉ ਤੋਂ...? ਇਹਨੂੰ ਬੁੜ੍ਹਾ ਆਖ ਕੇ ਈ ਚਾਅ ਲਾਹ ਲੈਣ ਦਿਓ...!''

-''ਨਹੀਂ, ਆਖੋਂ ਤਾਂ ਪੱਪੂ ਆਖ ਦਿੰਨੈਂ...?'' ਡੇਵ ਹੋਰ ਚਾਂਭਲ਼ ਗਿਆ।

-''ਨਹੀਂ, ਤੁਸੀਂ ਬੁੜ੍ਹੇ 'ਤੇ ਈ ਰਹੋ...! ਹੋਰ ਕੁਛ ਨਾ ਆਖੋ...!'' ਤੇਜ ਸੰਤੁਸ਼ਟ ਸੀ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਇਹ ਕੰਮ ਹਾਸੇ ਮਜ਼ਾਕ ਵਿਚ ਹੀ ਰਾਸ ਆ ਜਾਵੇਗਾ? ਉਸ ਨੂੰ ਤਾਂ ਇਹ ਸੀ ਕਿ ਡੇਵ ਉਸ ਦੇ ਪਿਉ ਦੇ ਆਉਣ 'ਤੇ ਕਲੇਸ਼ ਜ਼ਰੂਰ ਕਰੇਗਾ। ਪਰ ਡੇਵ ਵੀ ਸਮਝ ਗਿਆ ਸੀ ਕਿ ਆਪਦੇ ਜਾਣੇਂ ਇਹ ਮੈਨੂੰ 'ਪਾਗਲ' ਸਮਝਦੇ ਐ! ਪਰ ਮੈਂ ਪਾਗਲ ਕਾਹਨੂੰ ਐਂ...? ਜਿਹੜੀ ਗੱਲ ਆਪਣੇ ਵੱਸ ਵਿਚ ਹੀ ਨਹੀਂ ਰਹੀ, ਉਸ ਨੂੰ ਛੇੜ ਕੇ ਮੈਂ ਜੁਆਕਾਂ ਦੇ ਦਿਲ ਤੋਂ ਕਿਉਂ ਦੂਰ ਹੋਵਾਂ...?

ਤੇਜ ਦਾ ਪਿਉ ਦੋ ਮਹੀਨੇ ਇੰਗਲੈਂਡ ਰਿਹਾ। ਡੇਵ ਨੇ ਉਸ ਨੂੰ ਕੁਝ ਵੀ ਮਹਿਸੂਸ ਨਾ ਹੋਣ ਦਿੱਤਾ। ਦਰਿਆ ਦਿਲੀ ਜ਼ਾਹਿਰ ਕਰਨ ਲਈ ਉਹ ਹਰ ਰੋਜ਼ ਸਹੁਰੇ ਅੱਗੇ ਵਿਸਕੀ ਦੀ ਬੋਤਲ ਖੋਲ੍ਹ ਕੇ ਰੱਖਦਾ। ਸਹੁਰਾ ਜੁਆਈ ਹਰ ਰੋਜ਼ ਰਲ਼ ਕੇ ਦਾਰੂ ਪੀਂਦੇ...! ਉਸ ਨੇ ਤੇਜ ਜਾਂ ਬੱਚਿਆਂ ਅਤੇ ਸਹੁਰੇ ਨੂੰ ਜ਼ਰਾ ਜਿੰਨਾਂ ਵੀ ਮਹਿਸੂਸ ਨਾ ਹੋਣ ਦਿੱਤਾ ਕਿ ਉਸ ਦੇ ਮਨ ਵਿਚ ਕੀ ਸੀ..? ਨਾ ਹੀ ਉਸ ਨੇ ਉਸ ਦੀ ਸੇਵਾ ਵਿਚ ਕੋਈ ਕਸਰ ਆਉਣ ਦਿੱਤੀ। ਉਹ ਹਰ ਸ਼ਾਮ ਸ਼ੁਗਲ ਕਰਦੇ। ਉਸ ਦਾ ਸਹੁਰਾ ਉਹਨਾਂ ਨੂੰ ਪੀ ਕੇ ਸ਼ੇਅਰ ਸੁਣਾਉਂਦਾ।

ਜਦੋਂ ਡੇਵ ਦੇ ਸਹੁਰੇ ਦਾ ਇੰਡੀਆ ਵਾਪਸ ਜਾਣ ਦਾ ਦਿਨ ਆਇਆ, ਤਾਂ ਤੇਜ ਨੇ ਡੇਵ ਨੂੰ ਉਪਰ ਬੁਲਾ ਲਿਆ।

-"ਕੀ ਗੱਲ ਐ..?" ਡੇਵ ਹੈਰਾਨ ਸੀ।

-"ਬਾਪੂ ਜੀ ਇੰਡੀਆ ਜਾਣ ਲੱਗੇ ਐ, ਆਪਾਂ ਇਹਨਾਂ ਨੂੰ ਤਿੰਨ ਕੁ ਸੌ ਪੌਂਡ ਦੇ ਦੇਈਏ..?" ਤੇਜ ਡੇਵ ਅੱਗੇ ਇਕ ਤਰ੍ਹਾਂ ਨਾਲ਼ ਨੰਗੀ ਹੋਈ ਖੜ੍ਹੀ ਸੀ। ਡੇਵ ਦੇ ਦਿਮਾਗ ਨੂੰ ਫ਼ਤੂਰ ਚੜ੍ਹ ਗਿਆ।

-"ਆਹੋ..! ਮੈਂ ਉਹਦਾ ਜੁਆਈ ਕਾਹਨੂੰ ਐਂ..? ਹੁਣ ਤਾਂ ਉਹ ਮੇਰਾ ਜੁਆਈ ਐ, ਫ਼ਰਜ਼ ਈ ਬਣਦੈ..!" ਡੇਵ ਨੇ ਤਿੰਨ ਸੌ ਪੌਂਡ ਕੱਢ ਕੇ ਬੈੱਡ 'ਤੇ ਵਗਾਹ ਮਾਰੇ! ਉਸ ਦੇ ਤਨ ਮਨ ਨੂੰ ਲਾਂਬੂ ਲੱਗ ਗਿਆ ਸੀ। ਉਹ ਸੋਚ ਰਿਹਾ ਸੀ ਕਿ ਪਹਿਲਾਂ ਇਹਨਾਂ ਨੇ ਮੈਨੂੰ ਬੇਵਕੂਫ਼ ਬਣਾਇਆ, ਹੁਣ ਇਹ ਬੁੜ੍ਹੇ ਨੂੰ ਤਿੰਨ ਸੌ ਪੌਂਡ ਦਿਵਾਈ ਜਾਂਦੀ ਐ..? ਚਾਹੇ ਮੇਰੇ ਅੰਦਰ ਸੁਆਹ ਸੀ, ਚਾਹੇ ਖੇਹ ਸੀ..! ਪਰ ਬੁੜ੍ਹੇ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਹੀਂ ਆਉਣ ਦਿੱਤੀ ਅਤੇ ਨਾ ਹੀ ਕੋਈ ਕੌੜਾ ਬੋਲ ਬੋਲਿਆ। ਉਸ ਦਾ ਫ਼ਰਜ਼ ਸੀ ਜੁਆਈ ਨੂੰ ਸ਼ਗਨ ਦੇਣ ਦਾ? ਜਾਂ ਮੇਰਾ ਫ਼ਰਜ਼ ਸੀ ਉਸ ਨੂੰ ਤਿੰਨ ਸੌ ਪੌਂਡ ਫੜਾਉਣ ਦਾ..? ਇਹ ਤਾਂ ਇਕ ਅਣਹੋਣੀ ਗੱਲ ਸੀ..? ਕਿੱਥੇ ਲਿਖਿਐ ਇਹੇ..? ਕਿ ਜਾਣ ਲੱਗੇ ਸਹੁਰੇ ਨੂੰ ਤਿੰਨ ਸੌ ਪੌਂਡ ਦਿਓ..?

-"ਆਹ ਲਓ ਬਾਪੂ ਜੀ ਤਿੰਨ ਸੌ ਪੌਂਡ, ਡੇਵ ਤੁਹਾਨੂੰ ਖਰਚੇ ਬਰਚੇ ਵਾਸਤੇ ਦੇ ਰਹੇ ਐ..!" ਆਖ ਕੇ ਤੇਜ ਨੇ ਬਲ਼ਦੀ 'ਤੇ ਇਕ ਤਰ੍ਹਾਂ ਨਾਲ਼ ਪੈਟਰੋਲ ਪਾ ਦਿੱਤਾ।

ਬੁੜ੍ਹਾ ਵੀ ਪੂਰਾ ਮਰਾਸੀ ਨਿਕਲ਼ਿਆ। ਉਸ ਨੇ ਦੰਦੀਆਂ ਜਿਹੀਆਂ ਕੱਢ ਕੇ "ਥੈਂਕਯੂ ਪੁੱਤਰ ਜੀ-ਥੈਂਕਯੂ ਪੁੱਤਰ ਜੀ" ਆਖ ਕੇ ਤਿੰਨ ਸੌ ਪੌਂਡ ਜੇਬ ਵਿਚ ਪਾ ਲਏ। ਇਕ ਵਾਰ ਵੀ 'ਨਾਂਹ' ਨਾ ਕੀਤੀ। ਇੰਗਲੈਂਡ ਵਿਚ ਐਸ਼ ਕਰ ਅਤੇ ਤਿੰਨ ਸੌ ਪੌਂਡ ਜੇਬ ਵਿਚ ਤੁੰਨ ਕੇ ਬੁੱਢਾ ਇੰਡੀਆ ਨੂੰ ਉਡਾਰੀ ਮਾਰ ਗਿਆ ਸੀ! ਟਿਕਟ ਉਸ ਦੀ ਤੇਜ ਅਤੇ ਬੱਚਿਆਂ ਨੇ ਹੀ ਲਾਈ ਸੀ, ਉਸ ਨੂੰ ਮੁਫ਼ਤ ਦਾ ਇੰਗਲੈਂਡ ਕੋਈ ਮਾੜਾ ਸੀ..?

ਬੱਸ...! ਵਕਤੀ ਤੌਰ 'ਤੇ ਉਹ ਚੁੱਪ ਰਿਹਾ। ਪਰ ਬੁੜ੍ਹੇ ਨੂੰ ਚੋਰੀ ਮੰਗਵਾਉਣ ਅਤੇ ਤਿੰਨ ਸੌ ਪੌਂਡ ਦਿਵਾਉਣ ਵਾਲ਼ਾ 'ਗੋਲ਼ਾ' ਉਸ ਦੇ ਮਨ ਵਿਚ ਐਸਾ ਬੱਝਿਆ ਕਿ ਸਹੁਰੇ ਦੇ ਦੋ ਮਹੀਨੇ ਇੱਥੇ ਰਹਿਕੇ ਇੰਡੀਆ ਜਾਣ ਤੋਂ ਬਾਅਦ ਉਸ ਨੇ ਤਲਾਕ ਬਾਰੇ ਅਰਜ਼ੀ ਦੇ ਦਿੱਤੀ ਸੀ। ਡੇਵ ਨੂੰ 'ਮੂਰਖ਼' ਸਮਝ ਕੇ 'ਸਰਪ੍ਰਾਈਜ਼' ਦੇਣ ਦਾ ਨਤੀਜਾ ਆਖਰ ਤਲਾਕ ਵਿਚ ਨਿਕਲ਼ਿਆ...! ਜਿਹੜੀ ਮਾੜੀ ਮੋਟੀ ਮਨਾਂ ਵਿਚ ਕੁੜੱਤਣ ਸੀ, ਉਹ ਬੁੜ੍ਹੇ ਦੇ ਬਿਨਾ ਦੱਸੇ ਇੰਗਲੈਂਡ ਆਉਣ ਕਾਰਨ ਬਾਰੂਦ ਬਣ ਗਈ ਸੀ।

......ਹਨੀ ਦੋ ਵਿਸਕੀ ਕੋਕ ਲੈ ਚੁੱਕੀ ਸੀ। ਡੇਵ ਵੀ ਸ਼ਾਇਦ ਪੰਜਵੇਂ ਵਿਚ ਸੀ। ਪਰ ਅੱਜ ਉਹ ਸ਼ਰਾਬੀ ਘੱਟ, ਪਰ ਰੋਮਾਂਟਿਕ ਜ਼ਿਆਦਾ ਲੱਗ ਰਿਹਾ ਸੀ। ਹਨੀ ਨੇ ਵੀ ਗੱਲਾਂ ਕਰਕੇ ਆਪਣੇ ਦਿਲ ਦਾ ਬੋਝ ਹਲਕਾ ਕਰ ਲਿਆ ਸੀ ਅਤੇ ਹੁਣ ਉਹ ਤਾਜ਼ੀ ਤਾਜ਼ੀ ਲੱਗ ਰਹੀ ਸੀ।

-"ਹੁਣ ਕੋਈ ਗੱਲ ਤੂੰ ਸਿਰੇ ਲਾਵੇਂਗੀ ਜਾਂ ਫਿਰ ਮੈਂ ਕੁਛ ਬੋਲਾਂ...?" ਡੇਵ ਨੇ ਖ਼ੁਸ਼ ਮੂਡ ਵਿਚ ਆ ਕੇ ਲਾਚੜਿਆਂ ਵਾਂਗ ਆਖਿਆ।

-"ਤੂੰ ਈ ਬੋਲ...!"

-"ਵੈਸੇ ਗੋਰਿਆਂ ਦੀ ਕਹਾਵਤ ਮੁਤਾਬਕ, ਲੇਡੀ ਇਜ਼ ਫ਼ਰਸਟ ਹੁੰਦੀ ਐ-!"

-"ਨਹੀਂ, ਅੱਜ ਡੇਵ ਇਜ਼ ਫ਼ਰਸਟ ਐ...!" ਹਨੀ ਦੇ ਆਖਣ 'ਤੇ ਉਹ ਦੋਨੋਂ ਹੱਸ ਪਏ।

-"ਠੀਕ ਐ ਬਈ ਹਨੀ...! ਤੇਰਾ ਹੁਕਮ ਸਿਰ ਮੱਥੇ...!"

-"ਗੋ ਔਨ...!"

-"ਆਪਾਂ ਦੋਨੋਂ ਰੱਬ ਨੇ ਇਕੱਠੇ ਕੀਤੇ ਐਂ..! ਹੁਣ ਗੱਲ ਇਹ ਐ, ਬਈ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਆਪਣੀ ਉਮਰ ਦਾ ਕਾਫ਼ੀ ਫ਼ਰਕ ਐ...! ਇਹ ਤਾਂ ਜਿਵੇਂ ਸਿਆਣੇ ਆਖਦੇ ਹੁੰਦੇ ਐ ਬਈ ਦਿਲ ਮਿਲ਼ਿਆਂ ਦਾ ਮੇਲਾ ਹੁੰਦੈ...! ਇਹਦੇ ਵਿਚ ਵੀ ਕੋਈ ਸ਼ੱਕ ਨ੍ਹੀ ਕਿ ਤੈਨੂੰ ਵੀ ਸਹਾਰੇ ਦੀ ਜਰੂਰਤ ਐ, ਤੇ

ਮੈਨੂੰ ਵੀ...! ਜੇ ਤੂੰ ਖ਼ੁਸ਼ੀ ਨਾਲ਼ ਮੇਰੇ ਨਾਲ਼ ਰਹਿਣਾਂ ਚਾਹੇਂ ਤਾਂ....!" ਇਸ ਤੋਂ ਅੱਗੇ ਡੇਵ ਨੂੰ ਕੁਝ ਸੁੱਝਿਆ ਹੀ ਨਹੀਂ ਸੀ। ਸ਼ਰਾਬ ਦੇ ਆਸਰੇ ਉਸ ਨੇ ਸਾਰੀ ਸੱਚੀ ਗੱਲ ਤਕਰੀਬਨ ਹਨੀ ਨੂੰ ਆਖ ਦਿੱਤੀ ਸੀ।

-"ਡੇਵ...! ਮੈਂ ਵੀ ਸੱਚੀ ਗੱਲ ਆਖਾਂ...?" ਹਨੀ ਨੇ ਵੀ ਗਿਲਾਸ ਵਿਚੋਂ ਰਹਿੰਦੀ ਵਿਸਕੀ ਸੂਤ ਲਈ।

-"ਬਗੈਰ ਕਿਸੇ ਸੰਕੋਚ ਤੋਂ ਆਖ...! ਹਾਂ, ਮੇਰੀ ਇਕ ਬੇਨਤੀ ਐ ਬਈ ਜੌਬ ਕਰਕੇ ਫ਼ਸੀ ਫ਼ਸਾਈ ਮਾਰ ਨਾ ਖਾਈਂ...! ਜੌਬ ਤੇਰੀ ਪੱਕੀ..! ਇਹ ਤੇਰੇ ਨਾਲ਼ ਮੇਰਾ ਵਾਅਦਾ...!" ਉਸ ਨੇ ਸਿਰੇ ਦੀ ਆਖ ਕੇ ਹਨੀ ਨੂੰ ਚਿੱਤ ਕਰ ਮਾਰਿਆ।

-"ਮੇਰੇ ਮਾਂ ਬਾਪ ਤਕਰੀਬਨ ਮੇਰੇ 'ਤੇ ਹੀ ਨਿਰਭਰ ਕਰਦੇ ਨੇ...! ਜਿਹੜੀ ਮਾੜੀ ਮੋਟੀ ਜਮੀਨ ਉਹਨਾਂ ਕੋਲ ਸੀ, ਉਹ ਮੇਰੇ ਵਿਆਹ 'ਤੇ ਲੱਗ ਗਈ..! ਹੁਣ ਮੈਂ ਹੀ ਉਹਨਾਂ ਨੂੰ ਖਰਚਾ ਬਰਚਾ ਭੇਜਦੀ ਹਾਂ...!" ਹਨੀ ਕੋਲ਼ ਵੀ ਕੁਝ ਕਹਿਣ ਲਈ ਬਚਿਆ ਨਹੀਂ ਸੀ। ਉਸ ਨੇ ਅੱਧ ਪਚੱਧ ਝੂਠ ਵੀ ਬੋਲ ਧਰਿਆ..!

-"ਆਪਾਂ ਦੋਨੋਂ ਜਾਣੇਂ ਰਲ਼ ਕੇ ਤੇਰੀਆਂ ਤੇ ਤੇਰੇ ਘਰਦਿਆਂ ਦੀਆਂ ਮੁਸ਼ਕਲਾਂ ਨੂੰ ਮਧੋਲ਼ ਧਰਾਂਗੇ...! ਇਹਦੇ ਬਾਰੇ ਫ਼ਿਕਰ ਨਾ ਕਰ...!"

-"ਦੂਜਾ ਮੇਰੇ ਤਲਾਕ ਵੇਲ਼ੇ ਜਿਹੜਾ ਮਕਾਨ ਮੇਰੇ ਹੱਥ ਵਿਚ ਆਇਆ ਸੀ, ਉਸ ਦਾ ਅੱਧ ਮੈਨੂੰ ਤਾਰਨਾਂ ਪਿਐ..! ਕਰਜ਼ਾ ਅਜੇ ਵੀ ਮੇਰੇ ਸਿਰ ਐ...!" ਇਸ ਤੋਂ ਵੱਧ ਹਨੀ ਕੋਲ਼ ਆਖਣ ਲਈ ਕੁਝ ਨਹੀਂ ਸੀ।

-"ਤੂੰ ਇਉਂ ਕਰ...! ਮੈਂ ਤੈਨੂੰ ਸਲਾਹ ਦਿੰਨੈ...!"

-"ਯੈਅ, ਗੋ ਆਹੈੱਡ...!"

-"ਤੂੰ ਆਪਣੇ ਐਸ ਮਕਾਨ 'ਚ ਕਰ ਮੂਵ, ਰਾਈਟ..? ਆਬਦਾ ਮਕਾਨ ਦੇਹ 'ਹੋਮ ਸੀਕਰਜ਼' ਵਾਲ਼ਿਆਂ ਨੂੰ ਕਿਰਾਏ 'ਤੇ...! ਮਕਾਨ ਦਾ ਕਿਰਾਇਆ ਤੇਰੀ ਬੈਂਕ ਦੀ ਕਿਸ਼ਤ ਚੱਕੀ ਜਾਊ..! ਆਪਣੇ ਐਸ ਘਰ ਦੀ ਕੋਈ ਮੌਰਗੇਜ ਨਹੀਂ, ਮਕਾਨ ਫ਼ਰੀ ਐ...! ਤੇ ਜਿਹੜੀ ਤੇਰੀ ਤਨਖ਼ਾਹ ਆਇਆ ਕਰੂ, ਮਾਂ ਬਾਪ ਨੂੰ ਭੇਜੀ ਜਾਹ, ਖਾਣ ਪੀਣ ਦਾ ਖ਼ਰਚਾ ਤੇਰਾ ਮੈਂ ਚੱਕੂੰ..! ਸੋਮਵਾਰ ਤੋਂ ਡਿਊਟੀ ਸ਼ੁਰੂ ਕਰ ਲੈ, ਆਬਦੀ ਕਮਾਈ ਸਾਂਭ ਕੇ ਰੱਖ, ਚਾਹੇ ਮਾਪਿਆਂ ਨੂੰ ਭੇਜ, ਇਹ ਤੇਰੀ ਸਿਰ ਦਰਦੀ ਐ..! ਹੋਰ ਦੱਸ...?" ਉਸ ਨੇ ਆਖਰੀ ਗੱਲ ਆਖ ਕੇ ਨਤੀਜੇ ਦੀ ਉਡੀਕ ਕੀਤੀ।

-"ਓਹ ਯੂ ਆਰ ਸੋ ਗਰੇਟ ਡੇਵ...!" ਸੋਫ਼ੇ ਤੋਂ ਉਠ ਕੇ ਹਨੀ ਉਸ ਦੇ ਗਲ਼ ਨਾਲ਼ ਲੱਗ ਗਈ। ਮੁੱਦਤਾਂ ਬਾਅਦ ਕਿਸੇ ਔਰਤ ਦੀ ਗਲਵਕੜੀ ਨੇ ਡੇਵ ਦੇ ਜੁੱਗਾਂ ਦੇ ਦੁੱਖੜੇ ਤੋੜ ਦਿੱਤੇ ਸਨ। ਉਸ ਨੇ ਵੀ ਹਨੀ ਦਾ ਸਿਰ ਬੁੱਕਲ਼ ਵਿਚ ਲੈ ਲਿਆ। ਉਹ ਬੜਾ ਸੰਭਲ਼ ਸੰਭਲ਼ ਕੇ ਪੱਬ ਚੁੱਕ ਰਿਹਾ ਸੀ। ਤੱਤਾ ਖਾਂਦਿਆਂ ਮੂੰਹ ਮੱਚ ਜਾਂਦੈ, ਦੀ ਕਹਾਵਤ ਉਸ ਦੇ ਤਾਪਮਾਨ ਨੂੰ ਸਥਿਰ ਰੱਖੀ ਆ ਰਹੀ ਸੀ।

ਵਿਸਕੀ ਦੀ ਪੂਰੀ ਬੋਤਲ ਧੁਰ ਲਾ ਕੇ ਡੇਵ ਨੇ ਪੀਜ਼ੇ ਦਾ ਆਰਡਰ ਦੇ ਦਿੱਤਾ।

ਪੀਜ਼ਾ ਖਾ ਕੇ ਉਹ ਉਪਰ ਸੌਣ ਚਲੇ ਗਏ....!

## ਕਾਂਡ 16

ਇਸਲਾਮਾਬਾਦ ਪਹੁੰਚ ਕੇ ਸੀਤਲ ਨੂੰ ਕਾਫ਼ੀ ਕੁਝ ਓਪਰਾ ਓਪਰਾ ਜਿਹਾ ਲੱਗਿਆ। ਓਪਰੇ ਲੋਕ..! ਨਾ ਕਿਸੇ ਨਾਲ਼ ਜਾਣ ਨਾ ਪਹਿਚਾਣ...! ਪਰ ਇਮਰਾਨ ਦਾ ਸਾਥ ਉਸ ਨੂੰ ਡੋਲਣ ਜਾਂ ਓਦਰਨ ਨਹੀਂ ਦੇ ਰਿਹਾ ਸੀ।

ਵੈਸੇ ਏਅਰਪੋਰਟ 'ਤੇ ਉਸ ਨੂੰ ਦੋ ਕੀਮਤੀ ਕਾਰਾਂ ਲੈਣ ਆਈਆਂ ਹੋਈਆਂ ਸਨ। ਡਰਾਈਵਰਾਂ ਦੀਆਂ ਸਿਰਫ਼ ਅੱਖਾਂ ਹੀ ਹਰਕਤ ਕਰਦੀਆਂ ਦਿਸਦੀਆਂ ਸਨ। ਬਹੁਤਾ ਕੁਝ ਉਹ ਬੋਲੇ ਨਹੀਂ ਸਨ। ਬੱਸ, ਉਹਨਾਂ ਨੇ 'ਸਲਾਮ-ਦੁਆ' ਤੋਂ ਬਾਅਦ ਉਹਨਾਂ ਦਾ ਸਮਾਨ ਕਾਰਾਂ ਵਿਚ ਰੱਖ ਲਿਆ ਸੀ ਅਤੇ ਅੱਗੜ ਪਿੱਛੜ ਤੁਰ ਪਏ ਸਨ। ਘੰਟੇ ਕੁ ਦੇ ਸਫ਼ਰ ਤੋਂ ਬਾਅਦ ਉਹਨਾਂ ਦਾ ਉਤਾਰਾ ਇਕ ਆਲੀਸ਼ਾਨ ਕੋਠੀ ਵਿਚ ਹੋਇਆ। ਕੋਠੀ ਬਿਲਕੁਲ ਖਾਲੀ, ਪਰ ਬੜੇ ਸਲੀਕੇ ਨਾਲ਼ ਸਜਾਈ ਹੋਈ ਸੀ। ਕੋਠੀ ਦੇ ਲਾਅਨ ਵਿਚ ਤਰ੍ਹਾਂ ਤਰ੍ਹਾਂ ਦੇ ਮਨਮੋਹਕ ਫੁੱਲ ਅਤੇ ਬੂਟੇ ਲੱਗੇ ਹੋਏ ਸਨ। ਸੀਤਲ ਤੁਰ ਫਿਰ ਕੇ ਫੁੱਲਾਂ ਅਤੇ ਬੂਟਿਆਂ ਨੂੰ ਨਿਹਾਰਨ ਲੱਗ ਪਈ ਸੀ। ਉਸ ਦਾ ਉਦਰੇਵਾਂ ਕਾਫ਼ੀ ਹੱਦ ਤੱਕ ਉਡ ਗਿਆ ਸੀ। ਫੁੱਲਾਂ ਦੀ ਹਾਣੀ ਹੋ ਕੇ ਤੁਰੀ ਸੀਤਲ ਦਾ ਮਨ ਖਿੜ ਉਠਿਆ। ਫੁੱਲਾਂ ਦੀ ਮਹਿਕ ਅਤੇ ਮੁਸਕਰਾਹਟ ਦੇਖ ਕੇ ਉਸ ਦਾ ਮਨ ਬਾਗੋ-ਬਾਗ ਹੋਇਆ ਪਿਆ ਸੀ। ਰੱਬ ਦੀ ਕੁਦਰਤ ਦੀ ਸਿਫ਼ਤ ਵਿਚ ਉਹ ਮਸਤਾਨੀ ਹੀ ਤਾਂ ਹੋ ਗਈ ਸੀ...! ਉਸ ਨੇ ਸਾਰੇ ਲਾਅਨ ਦਾ ਬੜੀ ਬਾਰੀਕੀ ਨਾਲ਼ ਗੇੜਾ ਦਿੱਤਾ। ਫੁੱਲਾਂ ਅਤੇ ਪੱਤੀਆਂ ਨਾਲ਼ ਗੱਲਾਂ ਕੀਤੀਆਂ। ਪੌਦਿਆਂ ਦੇ ਪੱਤੇ ਪਲ਼ੋਸੇ!

ਪਰ ਇਮਰਾਨ ਦੇ ਮਨ ਵਿਚ ਲੰਡਨ ਏਅਰਲਾਈਨ ਵਾਲ਼ੀ ਕੁੜੀ ਖੌਰੂ ਪਾ ਰਹੀ ਸੀ। ਉਹ ਸਾਰੇ ਰਾਹ ਉਸ ਦੇ ਦਿਲ ਤੋਂ ਨਹੀਂ ਉਤਰੀ ਸੀ। ਇਮਰਾਨ ਦੀ ਯਾਦ ਵਿਚੋਂ ਇਕ ਪਲ ਵੀ ਗ਼ੈਰਹਾਜ਼ਰ ਨਹੀਂ ਹੋਈ ਸੀ ਅਤੇ ਉਸ ਦੇ ਜ਼ਿਹਨ ਵਿਚ ਉਸ ਦੀਆਂ ਅੱਖਾਂ ਹੀ ਝਿਲਮਲਾਉਂਦੀਆਂ ਰਹੀਆਂ ਸਨ। ਹੁਣ ਇਮਰਾਨ ਸੀਤਲ ਨਾਲ਼ ਬਹੁਤੀ ਅੱਖ ਨਹੀਂ ਮਿਲ਼ਾ ਰਿਹਾ ਸੀ। ਉਸ ਦੀ ਨਜ਼ਰ ਤੁਰਦੀ ਤੁਰਦੀ ਸੀਤਲ ਦੇ ਸਿਰ ਉਪਰੋਂ ਦੀ ਲੰਘ ਜਾਂਦੀ ਸੀ। ਉਹ ਸੀਤਲ ਤੋਂ ਕਤਰਾ ਜਿਹਾ ਰਿਹਾ ਸੀ।

ਇਮਰਾਨ ਨੇ ਆਪਣੇ ਮੋਬਾਇਲ ਤੋਂ ਕਿਸੇ ਨੂੰ ਫ਼ੋਨ ਮਿਲ਼ਾ ਲਿਆ।

ਪਰ ਜਦੋਂ ਫ਼ੋਨ ਮਿਲ਼ਿਆ ਤਾਂ ਉਹ "ਆ-ਸਲਾਮਾ ਲੇਕੁਮ" ਆਖ ਕੇ ਗੱਲ ਕਰਨ ਲਈ ਪਰ੍ਹੇ ਨੂੰ ਤੁਰ ਗਿਆ।

ਇਮਰਾਨ ਕੋਈ ਅੱਧਾ ਘੰਟਾ ਫ਼ੋਨ 'ਤੇ ਗੱਲ ਕਰਦਾ ਰਿਹਾ। ਕਿਸ ਨਾਲ਼ ਗੱਲ ਹੋ ਰਹੀ ਸੀ...? ਇਸ ਬਾਰੇ ਸੀਤਲ ਨੂੰ ਕੋਈ ਪਤਾ ਨਹੀਂ ਸੀ...! ਕੀ ਗੱਲ ਹੋ ਰਹੀ ਸੀ...? ਸੀਤਲ ਇਸ ਪੱਖੋਂ ਵੀ ਨਾਵਾਕਿਫ਼ ਸੀ! ਪਰ ਉਸ ਨੂੰ ਬਹੁਤਾ ਕੋਈ ਮਹਿਸੂਸ ਨਹੀਂ ਹੋਇਆ ਸੀ। ਇਮਰਾਨ 'ਤੇ ਉਸ ਨੂੰ ਪੂਰਨ ਵਿਸ਼ਵਾਸ ਸੀ। ਚੋਰ ਦੇ ਮਨ ਵਿਚ ਹਮੇਸ਼ਾ ਡਰ ਹੁੰਦੈ..! ਪਰ ਆਵੇਸਲ਼ੇ ਬੰਦੇ ਨੂੰ ਕਾਹਦਾ ਡਰ ਡੁੱਕਰ...? ਸੀਤਲ ਦਾ ਚਾਹੇ ਇੱਥੇ ਦਿਲ ਨਹੀਂ ਲੱਗ ਰਿਹਾ ਸੀ। ਜੇ ਇਉਂ ਹੀ ਬੋਰਿੰਗ ਰਹੀ, ਤਾਂ ਦੋ ਹਫ਼ਤੇ ਤਾਂ ਦੋ ਸਾਲਾਂ ਵਾਂਗੂੰ ਲੰਘਣਗੇ..? ਪਰ ਉਸ ਨੂੰ ਇਮਰਾਨ ਦਾ ਆਸਰਾ ਸੀ। ਚੱਲ, ਦੋ ਹਫ਼ਤਿਆਂ ਦਾ ਕੀ ਐ...? ਜਦੋਂ ਬਾਹਰ ਟੂਰ 'ਤੇ ਨਿਕਲ਼ੇ ਦਿਨ ਤਾਂ ਤੀਆਂ ਵਾਂਗੂੰ ਲੰਘ ਜਾਣਗੇ...! ਉਸ ਨੇ ਆਪਣਾ ਦਿਲ ਆਪ ਹੀ ਧਰਾਇਆ।

ਸ਼ਾਮ ਨੂੰ ਸ਼ਰਾਬ ਦੀਆਂ ਬੋਤਲਾਂ ਸਮੇਤ ਖਾਣਾਂ ਪਹੁੰਚ ਗਿਆ। ਵਿਸਕੀ ਦੀਆਂ ਬੋਤਲਾਂ ਦੀ ਪੂਰੀ ਪੇਟੀ ਭਰੀ ਹੋਈ ਸੀ। ਜਿਸ ਵਿਚ ਘੱਟੋ ਘੱਟ ਦਸ ਬੋਤਲਾਂ ਸਨ।

-"ਸੀਤਲ ਤੂੰ ਨਹਾ ਧੋ ਕੇ ਮਾੜੀ ਮੋਟੀ ਤਿਆਰ ਹੋ ਜਾਈਂ, ਰਾਤ ਨੂੰ ਮੇਰੇ ਮਿੱਤਰਾਂ ਨੇ ਮੈਨੂੰ ਮਿਲਣ ਆਉਣੈਂ...!" ਇਮਰਾਨ ਨੇ ਇਕ ਤਰ੍ਹਾਂ ਨਾਲ਼ ਹੁਕਮ ਜਿਹਾ ਕੀਤਾ। ਬੋਲਾਂ ਵਿਚ ਅੱਜ ਮਿਠਾਸ ਨਹੀਂ ਸੀ। ਅੱਤੜਪੁਣਾਂ ਜਿਹਾ ਸੀ।

-"ਅੱਜ ਪਾਕਿਸਤਾਨ ਪਹੁੰਚਣ ਦੀ ਖ਼ੁਸ਼ੀ ਵਿਚ ਵਿਸਕੀ ਨਹੀਂ ਦੇਣੀਂ...?" ਸੀਤਲ ਨੇ ਬੇਧਿਆਨੀ ਜਿਹੀ ਹੋ ਕੇ ਹੱਸਦਿਆਂ ਟਕੋਰ ਕੀਤੀ। ਆਪਣਾ ਦਿਲ ਜਿਹਾ ਬਹਿਲਾਉਣ ਵਾਸਤੇ...!

ਇਮਰਾਨ ਨੇ ਬਿਨਾਂ ਉਤਰ ਦਿੱਤੇ ਇਕ ਪੈੱਗ ਸੀਤਲ ਲਈ ਅਤੇ ਇਕ ਆਪਣੇ ਲਈ ਪਾ ਲਿਆ।

ਪੈੱਗ ਖਾਲੀ ਹੋ ਗਏ।

ਹੌਲ਼ੀ ਹੌਲੀ ਪੌਣੀਂ ਬੋਤਲ ਖਾਲੀ ਹੋ ਗਈ। ਪਰ ਇਮਰਾਨ ਅੱਜ ਬਹੁਤਾ ਕੁਝ ਬੋਲ ਨਹੀਂ ਰਿਹਾ ਸੀ! ਗੁੰਮ ਸੁੰਮ ਅਤੇ ਚੁੱਪ ਚਾਪ ਜਿਹਾ ਸੀ। ਉਹ ਦਾਰੂ ਪੀਂਦਾ ਏਅਰਲਾਈਨ ਵਾਲ਼ੀ ਕੁੜੀ ਨੂੰ ਹੀ ਬੁੱਕਲ਼ ਵਿਚ ਲਈ ਬੈਠਾ ਰਿਹਾ ਸੀ। ਅੱਜ ਸੀਤਲ ਉਸ ਨੂੰ ਕਿਸੇ ਬਾਂਦਰੀ ਵਰਗੀ ਲੱਗ ਰਹੀ ਸੀ। ਉਹ ਸੋਚ ਰਿਹਾ ਸੀ, ਕਿੱਡੀ ਗਲਤੀ ਕੀਤੀ ਇਸ ਨਾਲ਼ ਨਾਤਾ ਜੋੜ ਕੇ...? ਇਮਰਾਨ ਤੂੰ ਵੀ ਗ਼ਲਤ ਐਂ...! ਸਰਾਸਰ ਗ਼ਲਤ...!! ਦੋ ਚਾਰ ਹਫ਼ਤੇ ਜਾਂ ਦੋ ਚਾਰ ਮਹੀਨੇ ਇਹਦੇ ਨਾਲ਼ ਮੌਜ ਮਸਤੀ ਕਰਦਾ, ਤੇ ਬੱਸ...! ਪਰ ਤੂੰ ਤਾਂ ਇਹ ਵਾੜ ਦੇ ਝਾਫ਼ੇ ਵਾਂਗ ਮਗਰ ਪਾ ਲਈ...? ਹੁਣ ਇਸ ਤੋਂ ਛੁਟਕਾਰਾ ਲਾਜ਼ਮੀ ਚਾਹੀਦੈ...! ਤੇ ਨਹੀਂ ਤੈਨੂੰ ਏਅਰਲਾਈਨ ਵਾਲ਼ੀ ਕੁੜੀ ਨਸੀਬ ਨਹੀਂ ਹੋਣੀਂ...! ਇਮਰਾਨ, ਅੱਬੂ ਜਾਨ ਦੇ ਆਖਣ ਵਾਂਗ, ਤੂੰ ਅਜੇ ਨਿਆਣੈਂ...! ਤੂੰ ਅਜੇ ਦੁਨੀਆਂ ਦਾ ਕੁਝ ਵੀ ਨਹੀਂ ਦੇਖਿਆ...! ਦੁਨੀਆਂ ਬਹੁਤ ਵੱਡੀ ਐ...! ਦੁਨੀਆਂ ਬਹੁਤ ਹੁਸੀਨ ਐਂ...! ਸੀਤਲ ਨਾਲ਼ੋਂ ਸੁਹੱਪਣ ਕਿਤੇ ਵੱਧ ਪਿਐ, ਤੇ ਉਹ ਵੀ ਚੋਂਦਾ ਚੋਂਦਾ...! ਤੇ ਤੂੰ ਇਹਨੂੰ ਦੇਖ ਕੇ ਊਂ ਈਂ ਲਾਚੜ ਗਿਆ, ਜਿਵੇਂ ਬਾਂਦਰ ਖਿੱਲਾਂ ਨੂੰ ਦੇਖ ਕੇ ਲਾਚੜਦੈ...! ਤੈਨੂੰ ਤਾਂ ਇਸ ਬਾਂਦਰੀ ਤੋਂ ਪਰ੍ਹੇ ਸਾਰਾ ਕੁਝ ਦਿਸਣੋਂ ਹੀ ਹੱਟ ਗਿਆ ਸੀ...! ਅੰਨ੍ਹਾਂ ਹੋ ਗਿਆ ਸੀ ਤੂੰ ਤਾਂ ਇਮਰਾਨ...! ਕੀ ਹੁਸਨ ਐਂ ਏਅਰਲਾਈਨ ਵਾਲ਼ੀ ਕੁੜੀ 'ਤੇ...? ਹਾਏ ਅੱਲਾਹ...! ਸੰਗਤਰੇ ਦੀਆਂ ਫ਼ਾੜੀਆਂ ਵਾਂਗ ਰਸੇ ਹੋਏ ਬੁੱਲ੍ਹ...! ਫ਼ਲੀਆਂ ਵਰਗੀਆਂ ਮੁਲਾਇਮ ਅਤੇ ਨਾਜ਼ੁਕ ਉਂਗਲਾਂ...! ਮਿਰਗ ਵਰਗੀਆਂ ਕਾਲ਼ੀਆਂ ਤੇ ਮੋਟੀਆਂ ਅੱਖਾਂ...! ਵੇਸਣ ਵਰਗਾ ਰੰਗ...! ਡੁੱਲ੍ਹ ਡੁੱਲ੍ਹ ਪੈਂਦੀ ਭਰ ਜੁਆਨ ਛਾਤੀ...! ਛਮਕ ਵਰਗਾ ਛਾਂਟਿਆ ਸਰੀਰ...! ਹਾਏ ਅੱਲਾਹ, ਮੈਂ ਤਾਂ ਉਸ ਹੂਰ ਦਾ ਨਾਂ ਵੀ ਨਹੀਂ ਪੁੱਛਿਆ...? ਦੇਖ ਕੇ ਮੱਤ ਹੀ ਮਾਰੀ ਗਈ...! ਦਿਮਾਗ ਹੀ ਖ਼ਰਾਬ ਹੋ ਗਿਆ..! ਨਾਲ਼ੇ ਉਹ ਆਪਣੇ ਮਜ਼ਹਬ ਦੀ ਕੁੜੀ...! ਨਾ ਮਜ਼ਹਬ ਤਬਦੀਲ ਦਾ ਪੰਗਾ, ਤੇ ਨਾ ਮੁਸਲਮ ਭਾਈਚਾਰੇ ਵੱਲੋਂ ਹੁੱਕਾ ਪਾਣੀ ਤਿਆਗਣ ਦਾ ਡਰ...! ਨਾਲ਼ੇ ਇਮਰਾਨ ਮੀਆਂ..! ਤੂੰ ਅਮੀਰ ਅਤੇ ਮਾਣ ਤਾਣ ਵਾਲ਼ੇ ਪਿਉ ਦਾ ਪੁੱਤਰ...! ਤੇ ਇਹਦੇ ਪਿਉ ਨੂੰ ਤਾਂ ਸ਼ਾਇਦ ਗੁਆਂਢੀ ਵੀ ਨਾ ਜਾਣਦੇ ਹੋਣ...? ਇਮਰਾਨ, ਤੂੰ ਆਪਦੇ ਮਾਣਯੋਗ ਪਿਉ ਦਾ ਨਾਂ ਮਿੱਟੀ ਵਿਚ ਮਿਲ਼ਾ ਦਿੱਤਾ...! ਅੱਲਾਹ ਤੈਨੂੰ ਸਜ਼ਾ ਜ਼ਰੂਰ ਦੇਵੇਗਾ...! ਤੇ ਇਮਰਾਨ ਨੇ ਰੋਣਾਂ ਸ਼ੁਰੂ ਕਰ ਦਿੱਤਾ।

ਸੀਤਲ ਹੈਰਾਨ ਹੋ ਗਈ ਕਿ ਇਸ ਨੂੰ ਬੈਠੇ ਬੈਠੇ ਨੂੰ ਕੀ ਹੋ ਗਿਆ ਸੀ...?

ਉਸ ਨੇ ਉਠ ਕੇ ਇਮਰਾਨ ਨੂੰ ਗਲਵਕੜੀ ਪਾ ਲਈ। ਇਮਰਾਨ ਨੂੰ ਇਉਂ ਲੱਗਿਆ, ਜਿਵੇਂ ਉਸ ਨੂੰ ਕੋਈ ਸਰਾਲ਼ ਚਿੰਬੜ ਗਈ ਸੀ। ਉਸ ਨੇ ਉਸ ਦਾ ਹੱਥ ਝਟਕ ਦਿੱਤਾ। ਸੀਤਲ ਹੋਰ ਹੈਰਾਨ ਹੋ ਗਈ। ਪਰ ਨਸ਼ੇ ਵਿਚ ਉਸ ਨੂੰ ਬਹੁਤਾ ਕੁਝ ਮਹਿਸੂਸ ਨਾ ਹੋਇਆ। ਉਹ ਮੁੜ ਸੋਫ਼ੇ 'ਤੇ ਜਾ ਬੈਠੀ ਅਤੇ ਇਕ ਪੈੱਗ ਪਾ ਲਿਆ। ਇਮਰਾਨ ਹੁਬਕੀਂ ਹੁਬਕੀਂ ਰੋਈ ਜਾ ਰਿਹਾ ਸੀ। ਉਸ ਦਾ ਸਿਰ ਹੇਠਾਂ ਨੂੰ ਸੁੱਟਿਆ ਹੋਇਆ ਸੀ ਅਤੇ ਉਂਗਲਾਂ ਨਾਲ਼ ਅੱਖਾਂ ਦੱਬੀਆਂ ਹੋਈਆਂ ਸਨ। ਸੀਤਲ ਨੂੰ ਸਮਝ ਨਹੀਂ ਆ ਰਹੀ ਸੀ ਕਿ ਇਮਰਾਨ ਰੋਣ ਕਿਉਂ ਲੱਗ ਪਿਆ...? ਪਰ ਨਸ਼ੇ ਵਿਚ ਉਹ ਵੀ ਘੁੱਗੂ ਜਿਹੀ ਹੋਈ ਬੈਠੀ ਸੀ।

ਬਾਹਰੋਂ ਕਾਰ ਦਾ ਹਾਰਨ ਵੱਜਿਆ।

ਸ਼ਾਇਦ ਇਮਰਾਨ ਦੇ ਦੋਸਤ ਆ ਗਏ ਸਨ! ਉਹ ਅੱਖਾਂ ਪੂੰਝ ਕੇ ਬਾਥਰੂਮ ਵਿਚ ਮੂੰਹ ਧੋਣ ਚਲਾ ਗਿਆ। ਮੂੰਹ ਧੋ ਕੇ ਉਸ ਨੇ ਬਾਹਰਲਾ ਦਰਵਾਜਾ ਜਾ ਖੋਲ੍ਹਿਆ। ਇਕ 'ਲਗਜ਼ਰੀ' ਕਾਰ ਕੋਠੀ ਦੇ ਅੰਦਰ ਵਿਹੜੇ ਵਿਚ ਆ ਖੜ੍ਹੀ। ਚਾਰ ਪੰਜ ਮੁੰਡੇ ਛਾਲ਼ਾਂ ਮਾਰ ਕੇ ਉੱਤਰੇ। ਚਾਲ ਢਾਲ ਅਤੇ ਪਹਿਰਾਵੇ ਤੋਂ ਉਹ ਸਾਰੇ ਹੀ ਕਿਸੇ ਚੰਗੇ ਅਮੀਰ ਘਰਾਣਿਆਂ ਦੇ, ਪਰ ਵਿਗੜੇ ਮੁੰਡੇ ਲੱਗਦੇ ਸਨ। ਹਰ ਇਕ ਦੇ ਹੱਥ ਮੁੰਦਰੀਆਂ ਨਾਲ਼ ਭਰੇ ਹੋਏ ਸਨ ਅਤੇ ਸੰਗਲ਼ ਵਰਗੀਆਂ ਭਾਰੀਆਂ ਚੈਨੀਆਂ ਗਲ਼ਾਂ ਵਿਚ ਲਟਕ ਰਹੀਆਂ ਸਨ। ਹਰ ਇਕ ਕੋਲ਼ ਕੀਮਤੀ ਮੋਬਾਇਲ ਫ਼ੋਨ ਸੀ।

ਇਮਰਾਨ ਉਹਨਾਂ ਨੂੰ ਵਾਰੋ ਵਾਰੀ ਗਲ਼ ਲੱਗ ਕੇ ਮਿਲ਼ਿਆ।

ਇਕ ਦੂਜੇ ਨੂੰ ਦੁਆਵਾਂ ਦਿੱਤੀਆਂ ਅਤੇ ਸਿੱਧੇ ਹੀ ਸੀਤਲ ਵਾਲ਼ੇ ਕਮਰੇ ਵਿਚ ਆ ਗਏ।

-"ਆ-ਸਲਾਮਾਂ ਲੇਕੁਮ ਭਾਬੀ ਜਾਨ...!" ਸਾਰੇ 'ਕੱਠੇ ਹੀ ਬੋਲੇ!

ਉਠ ਕੇ ਸੀਤਲ ਨੇ ਹੱਥ ਜੋੜ ਦਿੱਤੇ। ਨਸ਼ੇ ਵਿਚ ਉਸ ਨੂੰ ਬਹੁਤਾ ਕੁਝ ਸੁਣ ਨਹੀਂ ਰਿਹਾ ਸੀ। ਉਸ ਦੇ ਕੰਨ ਬੋਲ਼ੇ ਜਿਹੇ ਹੋਏ ਪਏ ਸਨ! ਪਾਕਿਸਤਾਨੀ ਵਿਸਕੀ ਉਸ ਨੂੰ ਠੀਕ ਤਰ੍ਹਾਂ ਫ਼ਿੱਟ ਨਹੀਂ ਬੈਠੀ ਸੀ। ਸ਼ਾਇਦ ਵਿਸਕੀ ਸ਼ੁੱਧ ਨਹੀਂ ਸੀ..? ਜਾਂ ਫਿਰ ਕਰੜੀ ਸੀ..? ਇਮਰਾਨ ਦੇ ਦੋਸਤ ਬਿਨਾਂ ਗੱਲੋਂ ਰੌਲ਼ਾ ਜਿਹਾ ਪਾ ਰਹੇ ਸਨ। ਉਹਨਾਂ ਨੇ ਦੋ ਬੋਤਲਾਂ ਦਾਰੂ ਦੀਆਂ ਚੁੱਕੀਆਂ ਅਤੇ ਬਾਹਰਲੀ ਬੱਤੀ ਬਾਲ਼ ਕੇ ਵਿਹੜੇ ਦੇ ਲਾਅਨ ਵਿਚ ਬੈਠ ਗਏ। ਮੇਜ਼ ਅਤੇ ਕੁਰਸੀਆਂ ਉਥੇ ਪਹਿਲਾਂ ਹੀ ਡਹੀਆਂ ਹੋਈਆਂ ਸਨ। ਦਾਰੂ ਚੱਲਦੀ ਰਹੀ। ਯਾਰ ਸ਼ਰਾਬੀ ਹੋਏ ਲੁੱਡੀ ਪਾਉਂਦੇ ਰਹੇ! ਹੱਸਦੇ ਰਹੇ ਅਤੇ ਮਜ਼ਾਕ ਚੱਲਦੇ ਰਹੇ! ਸੀਤਲ ਸ਼ਾਇਦ ਬਿਨਾਂ ਖਾਣਾਂ ਖਾਧੇ ਦੇ ਹੀ ਸੌਂ ਚੁੱਕੀ ਸੀ। ਕਿਸੇ ਨੇ ਉਸ ਨੂੰ ਬਾਹਰ ਆਉਣ ਲਈ ਸੁਲਾਹ ਨਹੀਂ ਮਾਰੀ ਸੀ। ਕਿਸੇ ਨੇ ਉਸ ਨੂੰ ਉਹਨਾਂ ਦੇ ਨਾਲ਼ ਬੈਠਣ ਲਈ ਨਹੀਂ ਆਖਿਆ ਸੀ। ਸਭ ਤੋਂ ਵੱਧ ਗੁੱਸਾ ਉਸ ਨੂੰ ਇਮਰਾਨ 'ਤੇ ਸੀ। ਜਿਸ ਨੇ ਉਸ ਨੂੰ ਉਹਨਾਂ ਦੇ ਨਾਲ਼ ਲਾਅਨ ਵਿਚ ਬੈਠਣ ਲਈ ਨਹੀਂ ਆਖਿਆ ਸੀ, ਸਗੋਂ ਸੁਲਾਹ ਵੀ ਨਹੀਂ ਮਾਰੀ ਸੀ! ਇਹਨਾਂ ਸੋਚਾਂ ਵਿਚ ਰੁੜ੍ਹੀ ਸੀਤਲ ਨੂੰ ਪਤਾ ਨਹੀਂ ਕਦੋਂ ਨੀਂਦ ਨੇ ਘੇਰ ਲਿਆ ਸੀ। ਇਮਰਾਨ ਨੇ ਆ ਕੇ ਦੇਖਿਆ ਤਾਂ ਸੀਤਲ ਨਿੱਕੇ ਨਿੱਕੇ ਘੁਰਾੜ੍ਹੇ ਮਾਰੀ ਜਾ ਰਹੀ ਸੀ। ਉਹ ਖਾਣਾਂ ਲੈ ਕੇ ਪੁੱਠੇ ਪੈਰੀਂ ਵਾਪਸ ਚਲਾ ਗਿਆ ਸੀ। ਕੋਠੀ ਵਿਚ ਇਮਰਾਨ ਅਤੇ ਉਸ ਦੇ ਦੋਸਤਾਂ ਤੋਂ ਬਿਨਾਂ ਕੋਈ ਵੀ ਨਹੀਂ ਸੀ। ਉਜਾੜ ਜਿਹੇ ਵਿਚ ਪਾਈ ਇਸ ਆਲੀਸ਼ਾਨ ਕੋਠੀ ਦੇ ਬਾਹਰ ਦੂਰ ਕਿਤੇ ਕੁੱਤੇ ਭੌਂਕਦੇ ਸੁਣਾਈ ਦਿੰਦੇ ਸਨ। ਕਿਤੇ ਕਿਤੇ ਕਿਸੇ ਟਟ੍ਹੀਰੀ ਦੇ ਕੁਰਲਾਉਣ ਦੀ ਅਵਾਜ਼ ਆਉਂਦੀ ਸੀ ਅਤੇ ਕਿਤੇ ਕਿਤੇ ਬਿੰਡਾ ਬੋਲਦਾ ਸੀ। ਮਿੱਠੀ ਮਿੱਠੀ ਠੰਢ ਸੀ। ਥੋੜ੍ਹੀ ਥੋੜ੍ਹੀ ਧੁੰਦ ਉਤਰਨੀ ਸ਼ੁਰੂ ਹੋ ਗਈ ਸੀ। ਇਮਰਾਨ ਹੋਰਾਂ ਨੇ ਚਾਰ ਬੋਤਲਾਂ ਸੂਤ ਦਿੱਤੀਆਂ ਸਨ ਅਤੇ ਖਾਣਾਂ ਖਾ ਲਿਆ ਸੀ। ਸੀਤਲ ਘੂਕ ਸੁੱਤੀ ਹੋਈ ਸੀ। ਉਸ ਦਾ ਸ਼ਾਇਦ ਕਿਸੇ ਨੂੰ ਫ਼ਿਕਰ ਹੀ ਨਹੀਂ ਸੀ। ਉਸ ਨੂੰ ਖਾਣਾਂ ਖੁਆਉਣ ਬਾਰੇ ਕਿਸੇ ਨੇ ਵੀ ਨਾ ਸੋਚਿਆ।

ਕਿਸੇ ਦੇ ਹਲੂਣੇਂ ਨਾਲ਼ ਸਵੇਰੇ ਪੰਜ ਵਜੇ ਸੀਤਲ ਦੀ ਜਾਗ ਖੁੱਲ੍ਹੀ। ਉਸ ਨੇ 'ਚੂੰ-ਚੂੰ' ਜਿਹਾ ਕਰਕੇ ਫਿਰ ਸੌਣ ਦੀ ਕੋਸ਼ਿਸ਼ ਕੀਤੀ। ਰਾਤ ਦੇ ਨਸ਼ੇ ਕਾਰਨ ਉਹ ਨਿਰਬਲ ਹੋਈ ਪਈ ਸੀ ਅਤੇ ਘੂਕੀ ਉਸ ਦੇ ਦਿਲ ਦਿਮਾਗ 'ਤੇ ਭਾਰੂ ਸੀ। ਜਦੋਂ ਉਹ ਦੂਸਰੇ ਹਲੂਣੇਂ ਨਾਲ਼ ਵੀ ਨਾ ਉਠੀ ਤਾਂ ਕਿਸੇ ਨੇ ਬੜੀ ਬੇਰਹਿਮੀ ਨਾਲ਼ ਉਸ ਨੂੰ ਵਾਲ਼ਾਂ ਤੋਂ ਫੜ ਕੇ ਬੈਠਾ ਕਰ ਲਿਆ। ਬੇਕਿਰਕੀ ਨਾਲ਼ ਖਿੱਚੇ ਵਾਲ਼ਾ ਕਰਕੇ ਉਸ ਦੀ ਚੀਕ ਨਿਕਲ਼ਣ ਵਾਲ਼ੀ ਹੋ ਗਈ। ਵਾਲ਼ਾਂ ਦੀ ਪੀੜ ਸਿੱਧੀ ਦਿਲ ਨੂੰ ਗਈ ਸੀ। ਕਿਸੇ ਨੇ ਉਸ ਦੇ ਮੂੰਹ 'ਤੇ ਪਾਣੀ ਦਾ ਗਿਲਾਸ ਸੁੱਟਿਆ। ਪਾਣੀ ਉਸ ਦੇ ਸੁਸਤ ਚਿਹਰੇ 'ਤੇ ਚੁਪੇੜ ਵਾਂਗ ਵੱਜਿਆ ਸੀ। ਠੰਢੇ ਸੀਤ ਪਾਣੀ ਨਾਲ਼ ਉਸ ਦੇ ਸਾਹ ਇਕ ਦਮ ਦਿਮਾਗ ਨੂੰ ਚੜ੍ਹੇ! ਉਸ ਨੇ ਪੂਰੇ ਜੋਰ ਨਾਲ਼ ਪੂਰੀਆਂ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਸਾਹਮਣੇ ਪੁਲ਼ਸ ਖੜ੍ਹੀ ਸੀ..!!

ਸੀਤਲ ਦੇ ਤੌਰ ਉਡ ਗਏ!

ਉਹ ਡਰੇ ਕੱਟਰੂ ਵਾਂਗ ਭੜੱਕ ਕੇ ਬੈੱਡ ਤੋਂ ਖੜ੍ਹੀ ਹੋ ਗਈ!!

-"ਚੱਲ...!" ਇਕ ਪੁਲੀਸ ਅਫ਼ਸਰ ਨੇ ਉਸ ਦੀ ਪਿੱਠ 'ਤੇ ਰੂਲ ਮਾਰਿਆ। ਸੀਤਲ ਦਰਦ ਨਾਲ਼ ਕਰਾਹ ਉਠੀ।

-"ਕਿੱਥੇ...? ਕੌਣ ਓਂ ਤੁਸੀਂ...?" ਉਸ ਭਮੱਤਰੀ ਹੋਈ ਨੇ ਪੁੱਛਿਆ।

-"ਉਲਟਾ ਚੋਰ ਕੋਤਵਾਲ ਕੋ ਡਾਂਟੇ...? ਕਿੱਥੇ ਚੱਲਣਾਂ ਪੁੱਛਦੀ ਪਈ ਏ ਹਰਾਮਜ਼ਾਦੀ...!" ਅਫ਼ਸਰ ਦੇ ਚਿਹਰੇ ਦਾ ਤਾਬ ਸੀਤਲ ਤੋਂ ਝੱਲਿਆ ਨਹੀਂ ਜਾਂਦਾ ਸੀ। ਕੋਠੀ ਦੀਆਂ ਲਾਈਟਾਂ ਵਿਚ ਉਸ ਦਾ ਦਾਗਲ਼ ਚਿਹਰਾ ਹੋਰ ਡਰਾਉਣਾਂ ਲੱਗਦਾ ਸੀ।

-"ਇਤਨਾ ਵੀ ਨਹੀਂ ਪਤਾ ਕਿ ਪੁਲੀਸ ਲੈ ਕੇ ਕਿੱਥੇ ਜਾਂਦੀ ਏ..? ਪੁਲੀਸ ਸਟੇਸ਼ਨ ਜਾਣੈਂ, ਥਾਣੇ...!" ਇਕ ਹੋਰ ਪੁਲੀਸ ਵਾਲ਼ੇ ਨੇ ਵਿਅੰਗ ਕਸਿਆ।

-"ਕਿਉਂ...? ਮੈਨੂੰ ਪੁਲੀਸ ਸਟੇਸ਼ਨ ਕਿਉਂ ਲੈ ਕੇ ਜਾਣਾਂ ਚਾਹੁੰਦੇ ਓਂ...?" ਸੀਤਲ ਥਰ ਥਰ ਕੰਬਣ ਲੱਗ ਪਈ। ਘਬਰਾਈ ਸੀਤਲ ਨੂੰ ਕੁਝ ਔੜ ਨਹੀਂ ਰਿਹਾ ਸੀ।

-"ਹਰਾਮਜ਼ਾਦੀਏ...! ਕੁੱਤੀਏ, ਕਰਨੀ ਡਰੱਗ ਦੀ ਸਮੱਗਲਿੰਗ ਤੇ ਸੁਆਲ ਪੁੱਛਣੇ ਪੁਲੀਸ ਵਾਲ਼ਿਆਂ ਨੂੰ...?"

-"ਮੈਂ ਕਿਸੇ ਡਰੱਗ ਦੀ ਸਮੱਗਲਿੰਗ ਨਹੀਂ ਕਰਦੀ..! ਇਮਰਾਨ ਕਿੱਥੇ ਐ...?" ਉਸ ਨੇ ਕੋਠੀ ਵਿਚ ਲੰਮੀ ਨਜ਼ਰ ਮਾਰੀ। ਪਰ ਉਸ ਨੂੰ ਇਮਰਾਨ ਨਜ਼ਰ ਨਾ ਆਇਆ। ਕੋਠੀ ਸਾਰੀ ਖਾਲੀ 'ਭਾਂਅ-ਭਾਂਅ' ਕਰ ਰਹੀ ਸੀ। ਪੁਲੀਸ ਨੇ ਸੀਤਲ ਨੂੰ ਹੱਥਕੜੀ ਜੜ ਲਈ ਅਤੇ ਪਸ਼ੂਆਂ ਵਾਂਗ ਲੱਦ ਕੇ ਤੁਰ ਪਈ। ਸੀਤਲ ਦੀਆਂ ਅੱਖਾਂ ਅੱਗੇ ਭੂਚਾਲ਼ ਆਇਆ ਹੋਇਆ ਸੀ। ਉਸ ਦਾ ਉਚੀ ਉਚੀ ਚੀਕਾਂ ਮਾਰਨ ਨੂੰ ਜੀਅ ਕਰਦਾ ਸੀ। ਪਰ ਉਸ ਨੂੰ ਇਹ ਨਹੀਂ ਸਮਝ ਆ ਰਹੀ ਸੀ ਕਿ ਇਮਰਾਨ ਕਿੱਥੇ ਗਿਆ...?

-"ਰੱਬ ਦੇ ਵਾਸਤੇ, ਮੈਨੂੰ ਇਹ ਤਾਂ ਦੱਸ ਦਿਓ ਕਿ ਇਮਰਾਨ ਕਿੱਥੇ ਐ..? ਉਹ ਤਾਂ ਮੈਨੂੰ ਵਿਆਹ ਕਰਨ ਲਈ ਇੰਗਲੈਂਡ ਤੋਂ ਪਾਕਿਸਤਾਨ ਲੈ ਕੇ ਆਇਆ ਸੀ...?" ਉਸ ਨੇ ਪੁਲੀਸ ਅਫ਼ਸਰ ਦੇ ਗੋਡੇ ਫੜ ਲਏ। ਅਫ਼ਸਰ ਨੇ ਉਸ ਦੇ ਵੱਟ ਕੇ ਚੁਪੇੜ ਮਾਰੀ। ਸੀਤਲ ਦਾ ਮੂੰਹ ਸੁੰਨ ਹੋ ਗਿਆ। ਮਾਸੂਮ ਗੱਲ੍ਹ 'ਤੇ ਪੰਜਾ ਛਪ ਗਿਆ ਸੀ।

-"ਹਰਾਮਜ਼ਾਦੀ...! ਨਾਲ਼ੇ ਚੋਰ ਤੇ ਨਾਲੇ ਚਤਰਾਈ...?" ਉਸ ਨੇ ਇਕ ਹੋਰ ਥੱਪੜ ਮਾਰਿਆ। ਸ਼ਾਇਦ ਸੀਤਲ ਦੇ ਜ਼ਿੰਦਗੀ ਵਿਚ ਪਹਿਲੀ ਵਾਰ ਕੁੱਟ ਪਈ ਸੀ। ਉਸ ਨੂੰ ਤਾਂ ਕਦੇ ਨਾਂ ਮਾਂ, ਅਤੇ ਨਾਂ ਬਾਪ ਨੇ ਹੱਥ ਲਾਇਆ ਸੀ। ਅੱਜ ਉਸ ਨੂੰ ਪਹਿਲੀ ਵਾਰ ਮਾਂ ਬਾਪ ਯਾਦ ਆਏ ਸਨ। ਨਹੀਂ ਤਾਂ ਉਸ ਨੂੰ ਇਮਰਾਨ ਤੋਂ ਬਿਨਾਂ ਕੁਝ ਦਿਸਦਾ ਹੀ ਨਹੀਂ ਸੀ!

ਉਹ ਗੋਡਿਆਂ ਵਿਚ ਸਿਰ ਸੁੱਟ ਕੇ ਰੋਣ ਲੱਗ ਪਈ। ਉਹ ਸੋਚ ਰਹੀ ਸੀ ਕਿ ਉਸ ਨਾਲ਼ ਕੋਈ ਧੋਖਾ ਹੋ ਗਿਆ ਸੀ।

ਪੁਲੀਸ ਦੀ ਜੀਪ ਧੂੜਾਂ ਪੱਟਦੀ ਕਿਸੇ ਠਾਣੇ ਅੰਦਰ ਵੜ ਗਈ। ਸੀਤਲ ਨੇ ਠਾਣੇ ਦੇ ਮੱਥੇ 'ਤੇ ਅੰਗਰੇਜ਼ੀ ਵਿਚ 'ਪੁਲੀਸ ਸਟੇਸ਼ਨ' ਲਿਖਿਆ ਪੜ੍ਹ ਲਿਆ ਸੀ।

ਪੁਲੀਸ ਨੇ ਉਸ ਨੂੰ ਇੱਟ ਵਾਂਗ ਹਵਾਲਾਤ ਵਿਚ ਸੁੱਟਿਆ। ਹਵਾਲਾਤ ਵਿਚੋਂ ਅਜੀਬ ਜਿਹਾ ਮੁਸ਼ਕ ਮਾਰ ਰਿਹਾ ਸੀ। ਨਿੱਕੀ ਜਿਹੀ ਹਨ੍ਹੇਰੀ ਹਵਾਲਾਤ ਵਿਚ ਇਕ ਪਾਸੇ ਪਾਣੀ ਦਾ ਘੜ੍ਹਾ ਪਿਆ ਸੀ। ਖੂੰਜੇ ਵਿਚ ਨਿਘਾਰ ਵਾਲ਼ੀ ਟੁਆਇਲਟ ਬਣੀ ਹੋਈ ਸੀ। ਨਾਲ਼ ਪਾਣੀ ਵਾਲ਼ਾ ਇਕ ਵੱਡਾ ਸਾਰਾ ਜੱਗ ਰੱਖਿਆ ਹੋਇਆ ਸੀ, ਜਿਵੇਂ ਮੱਝ ਨੁਹਾਉਣੀਂ ਹੋਵੇ...! ਹਵਾਲਾਤ ਦੇ ਖਿੜਕ ਕੋਲ਼ ਖ਼ਾਦ ਵਾਲ਼ੀ ਬੋਰੀ ਅਤੇ ਪਾਟਿਆ ਜਿਹਾ ਕੰਬਲ਼ ਵਿਛੇ ਹੋਏ ਸਨ। ਘੁੱਟੇ ਜਿਹੇ ਮਾਹੌਲ ਵਾਲ਼ੀ ਹਵਾਲਾਤ ਵਿਚ ਸੀਤਲ ਬੈਠੀ ਨਹੀਂ, ਇਕ ਤਰ੍ਹਾਂ ਨਾਲ਼ ਡਿੱਗ ਹੀ ਪਈ ਸੀ। ਅਜੇ ਮੂੰਹ ਹਨ੍ਹੇਰਾ ਸੀ। ਪਹੁ ਫ਼ਟਣ ਵਿਚ ਅਜੇ ਕਾਫ਼ੀ ਚਿਰ ਲੱਗਣਾਂ ਸੀ।

ਪਹੁ ਫ਼ੁੱਟਦੇ ਸਾਰ ਹੀ ਸੀਤਲ ਨੇ ਪਹਿਰਾ ਦੇ ਰਹੇ ਸੰਤਰੀ ਨੂੰ ਲੇਡੀ ਪੁਲੀਸ ਬਾਰੇ ਪੁੱਛਿਆ। ਸੱਤ ਫ਼ੁੱਟਾ ਪਠਾਣ ਸੰਤਰੀ ਰੱਬ ਤੋਂ ਡਰਨ ਵਾਲ਼ਾ ਬੰਦਾ ਸੀ।

ਸੰਤਰੀ ਨੇ 'ਕੈਦਣ' ਦੀ ਚਾਹਤ ਬਾਰੇ ਹੌਲਦਾਰ ਨੂੰ ਜਾ ਦੱਸਿਆ।

ਹੌਲਦਾਰ ਭੂਚਾਲ਼ ਵਾਂਗ ਹਵਾਲਾਤ ਕੋਲ਼ ਆਇਆ।

-"ਕੀ ਕਿਹਾ ਈ...? ਲੇਡੀ ਪੁਲੀਸ..? ਇਹ ਤੇਰਾ ਇੰਗਲੈਂਡ ਨਹੀਂ...! ਜੇ ਚੁੱਪ ਕਰਕੇ ਬੈਠੇਂਗੀ, ਠੀਕ ਰਹੇਂਗੀ..! ਨਹੀਂ ਤਾਂ ਅੱਲਾਹ ਕਸਮ ਉਹ ਮਾਰ ਮਾਰਾਂਗਾ ਕਿ ਤੂੰ ਹੱਥ ਬੰਨ੍ਹੇਂਗੀ...! ਕਰਨੀ ਡਰੱਗ ਦੀ ਸਮੱਗਲਿੰਗ ਤੇ ਹੁਕਮ ਮਾਰਨੇ ਪੁਲੀਸ ਨੂੰ, ਕੁੱਤੀ...!" ਤੇ ਹੌਲਦਾਰ ਭੂਸਰੇ ਸਾਹਣ ਵਾਂਗ ਸਿੰਗਾਂ 'ਤੇ ਮਿੱਟੀ ਚੁੱਕੀ ਤੁਰ ਗਿਆ।

-"ਰੱਬ ਦੇ ਵਾਸਤੇ ਇਹ ਤਾਂ ਦੱਸ ਦਿਓ ਬਈ ਇਮਰਾਨ ਕਿੱਥੇ ਐ...?" ਉਸ ਨੇ ਪਹਿਰਾ ਦੇ ਰਹੇ ਸੰਤਰੀ ਦਾ ਤਰਲਾ ਕੀਤਾ।

-"ਦੇਖੋ...!" ਸੰਤਰੀ ਚੰਗਾ, ਰੱਬ ਦਾ ਬੰਦਾ ਸੀ। ਉਸ ਨੇ ਚੋਰਾਂ ਵਾਂਗ ਚਾਰੇ ਪਾਸੇ ਦੇਖਿਆ ਅਤੇ ਸੀਤਲ ਨੂੰ ਸਮਝੌਤੀ ਜਿਹੀ ਦੇਣ ਲੱਗ ਪਿਆ, "ਗੱਲ ਸੁਣ ਕੁੜੀਏ...! ਮੇਰਾ ਕਿਸੇ ਕੋਲ਼ ਜ਼ਿਕਰ ਨਾ ਕਰੀਂ...! ਹੋਰ ਨਾ ਮੈਨੂੰ ਪਈ ਮਰਵਾ ਧਰੀਂ...!" ਉਸ ਨੇ ਫਿਰ ਅੱਗਾ ਪਿੱਛਾ ਦੇਖ ਕੇ ਬੋਲਣਾਂ ਸ਼ੁਰੂ ਕੀਤਾ।

ਸੀਤਲ ਪੱਥਰ ਦੀ ਮੂਰਤ ਬਣੀ, ਡੁੱਬੀਆਂ ਅੱਖਾਂ ਨਾਲ਼ ਸੁਣ ਰਹੀ ਸੀ।

-"ਦੇਖ...! ਇੱਥੇ ਤੈਨੂੰ ਕਿਸੇ ਇਮਰਾਨ ਸ਼ਿਰਮਾਨ ਨੇ ਨਹੀਂ ਜੇ ਮਿਲਣਾਂ..! ਇਹ ਇਕ ਕਿਸੇ ਵੱਡੇ ਗੈਂਗ ਦੀ ਸਾਜ਼ਿਸ਼ ਕਾਰਨ ਤੈਨੂੰ ਫ਼ਸਾਇਆ ਜਾ ਰਿਹੈ...! ਜੇ ਤੂੰ ਗੈਂਗ ਦੀ ਗੱਲ ਮੰਨ ਲਵੇਂਗੀ, ਤਾਂ ਤੇਰੀ ਜ਼ਮਾਨਤ ਹੋ ਜਾਵੇਗੀ, ਨਹੀਂ ਤੇ ਪਈ ਰੋਵੀਂ ਬੈਠ ਕੇ ਜੰਮਣ ਵਾਲ਼ਿਆਂ ਨੂੰ...! ਇਹ ਗੈਂਗ ਬਾਹਰੋਂ ਕੁੜੀਆਂ ਲਿਆ ਕੇ ਉਹਨਾਂ ਨੂੰ ਅੱਗੇ ਵੇਚਦੈ...! ਪਰ ਮੇਰਾ ਨਾਂ ਨਾਂ ਜੇ ਲੈ ਦੇਵੀਂ ਕੁੜੀਏ...! ਮੈਂ ਗਰੀਬ ਬੰਦਾ ਹਾਂ..! ਅੱਲਾਹ ਦੇ ਖ਼ੌਫ਼ 'ਚ ਰਹਿ ਕੇ ਆਪਣੇ ਬੱਚੇ ਪਾਲ਼ ਰਿਹਾਂ...!" ਸੰਤਰੀ ਨੇ ਜਿੰਨੀ ਕੁ ਕਹਾਣੀ ਪਤਾ ਸੀ, ਸੀਤਲ ਨੂੰ ਸੁਣਾਂ ਦਿੱਤੀ। ਸੀਤਲ 'ਤੇ ਜਿਵੇਂ ਕੋਈ ਪਰਬਤ ਡਿੱਗ ਪਿਆ ਸੀ। ਉਹ ਮੁਰਦਾ ਚਿਹਰੇ ਨਾਲ਼ ਘੁੱਟਾਂਬਾਟੀ ਸੰਤਰੀ ਦੇ ਮੂੰਹ ਵੱਲ ਝਾਕ ਰਹੀ ਸੀ। ਉਸ ਦਾ ਮਨ ਤੂਫ਼ਾਨੀ ਕੱਪੜਛੱਲਾਂ ਵਿਚ ਗੋਤੇ ਖਾਈ ਜਾ ਰਿਹਾ ਸੀ। ਕੀ ਸੱਚ ਹੀ ਇਮਰਾਨ ਦਾ ਕਿਸੇ ਖ਼ਤਰਨਾਕ ਗੈਂਗ ਨਾਲ ਲੈਣ ਦੇਣ ਸੀ...? ਨਹੀਂ, ਇਹ ਨਹੀਂ ਹੋ ਸਕਦਾ...! ਇਮਰਾਨ ਅਜਿਹਾ ਨਹੀਂ ਹੋ ਸਕਦਾ...! ਹਾਂ, ਉਸ ਦਾ ਬਾਪ ਖ਼ਾਨ ਕੋਈ ਚੰਗਾ ਬੰਦਾ ਨਹੀਂ ਲੱਗਦਾ ਸੀ...! ਜਿਹੜਾ ਹੈਦਰ ਆਇਆ ਸੀ, ਸਾਊ ਆਦਮੀ ਤਾਂ ਉਹ ਵੀ ਨਹੀਂ ਲੱਗਦਾ...! ਹੋ ਸਕਦੈ ਉਹਨਾਂ ਦੋਨਾਂ ਨੇ ਰਲ਼ ਕੇ ਇਮਰਾਨ ਨੂੰ ਪ੍ਰੇਰ ਲਿਆ ਹੋਵੇ ਅਤੇ ਮੇਰੇ 'ਤੇ ਡਰੱਗ ਦੇ ਧੰਦੇ ਦਾ ਇਲਜ਼ਾਮ ਲਾ ਦਿੱਤਾ ਹੋਵੇ...? ਪਰ ਡਰੱਗ ਤਾਂ ਇਹਨਾਂ ਨੇ ਮੇਰੇ ਕੋਲ਼ੋਂ ਫੜੀ ਹੀ ਨਹੀਂ...? ਸਬੂਤ ਕਿਵੇਂ ਪੇਸ਼ ਕਰਨਗੇ...? ਇਹੀ ਗੱਲ ਉਸ ਨੇ ਇਮਾਨਦਾਰ ਅਤੇ ਰੱਬ ਦੇ ਬੰਦੇ ਸੰਤਰੀ ਅੱਗੇ ਰੱਖ ਦਿੱਤੀ!

-"ਇਹ ਲੋਕ ਅੱਲਾਹ ਦੇ ਕਹਿਰ ਤੋਂ ਨਹੀਂ ਪਏ ਡਰਦੇ ਕੁੜੀਏ..! ਡਰੱਗ ਪੈਦਾ ਕਰਨੀ ਇਹਨਾਂ ਲਈ ਕੀ ਔਖੀ ਏ..? ਚਾਹਣ, ਹੁਣ ਮੰਗਵਾ ਲੈਣ...? ਜਿਹੜੇ ਗੈਂਗ ਨੇ ਤੈਨੂੰ ਫ਼ਸਾਇਐ, ਉਹਨਾਂ ਕੋਲ਼ੇ ਸ਼ਾਇਦ ਕਿੱਲੋ ਦੇ ਹਿਸਾਬ ਨਹੀਂ, ਕੁਇੰਟਲ਼ਾਂ ਦੇ ਹਿਸਾਬ ਨਾਲ਼ ਡਰੱਗ ਹੋਣੀ ਏਂ ਕੁੜੀਏ...! ਤੂੰ ਐਥੇ ਇੰਗਲੈਂਡ ਵਾਲਾ ਕਾਨੂੰਨ ਨਾ ਪਈ ਸਮਝ..! ਇੰਡੀਆ ਤੇ ਪਾਕਿਸਤਾਨ ਧੱਕੇ ਪੱਖੋਂ ਇਕੋ ਰਸਤੇ ਚੱਲਦੇ ਐ...! ਚੁੱਪ ਚਾਪ ਬੈਠ ਕੇ ਆਪਦੇ ਰੱਬ ਦਾ ਨਾਂ ਲੈ..! ਸ਼ਾਇਦ ਤੇਰਾ ਕੋਈ ਭਲਾ ਹੋ ਜਾਵੇ..?"

ਸੀਤਲ ਨੂੰ ਆਪਣੀ ਮਾਂ ਦੀ ਹਰ ਗੱਲ ਸੱਚੀ ਹੁੰਦੀ ਜਾਪੀ। ਕਿਰਪਾਲ ਕੌਰ ਸੀਤਲ ਨੂੰ ਸੈਂਕੜੇ ਵਾਰ ਪਿੱਟ ਚੁੱਕੀ ਸੀ ਕਿ ਕੋਈ ਪੰਜਾਬ ਦਾ ਹੋਊ, ਉਹਦੀ ਬੰਦਾ ਪੈੜ ਵੀ ਕੱਢਲੂ...? ਤੇ ਤੈਨੂੰ ਪਾਕਿਸਤਾਨੋਂ ਕਿਵੇਂ ਲੱਭਾਂਗੇ, ਕੁੱਤੀਏ...! ਮਾਂ ਕਦੇ ਕਦੇ ਇਹ ਵੀ ਆਖਦੀ ਹੁੰਦੀ ਸੀ; ਤੂੰ ਸਾਨੂੰ ਐਨਾਂ ਦੁਖੀ ਕੀਤੈ ਸੀਤਲ, ਦੇਖੇਂਗੀ, ਸਾਡੀ ਗੱਲ ਨਾ ਮੰਨ ਕੇ ਤੂੰ ਐਹੋ ਜੇ ਕਸੂਤੇ ਜਾਲ਼ ਵਿਚ ਫ਼ਸੇਂਗੀ ਕਿ ਤੈਨੂੰ ਨਿਕਲਣ ਨੂੰ ਚੋਰ ਮੋਰੀ ਵੀ ਨਹੀਂ ਥਿਆਉਣੀ...! ਸੀਤਲ ਦਾ ਰੋਣ ਨਿਕਲ਼ ਗਿਆ। ਕਿੰਨਾਂ ਉਸ ਨੇ ਮਾਂ ਬਾਪ ਨੂੰ ਤੰਗ ਕੀਤਾ ਸੀ...? ਹੁਣ ਇਸ ਦਾ ਨਤੀਜਾ ਉਸ ਨੂੰ ਭੁਗਤਣਾਂ ਹੀ ਪੈਣਾਂ ਸੀ...! ਮਾਂ, ਬਾਪ ਅਤੇ ਪਾਇਲ ਦੀਆਂ ਸ਼ਕਲਾਂ ਉਸ ਦੇ ਦਿਮਾਗ ਅੰਦਰ ਘੁੰਮਣ ਲੱਗੀਆਂ। ਪਰ ਉਸ ਦਾ ਦਿਲ ਇਸ ਕਰਕੇ ਟਿਕਾਣੇਂ ਸੀ ਕਿ ਉਹ ਬ੍ਰਿਟਿਸ਼ ਨਾਗਰਿਕ ਸੀ ਅਤੇ ਜਦੋਂ ਵੀ ਬ੍ਰਿਟੇਨ ਦੇ ਹਾਈ ਕਮਿਸ਼ਨ ਜਾਂ ਅੰਬੈਸੀ ਨੂੰ ਪਤਾ ਲੱਗਣਾਂ ਸੀ, ਤਾਂ ਉਹਨਾਂ ਨੇ ਤਾਂ ਪਾਕਿਸਤਾਨ ਗੌਰਮਿੰਟ ਨੂੰ ਵਖ਼ਤ ਪਾ ਦੇਣਾਂ ਸੀ..! ਇੰਗਲੈਂਡ ਦੀ ਗੌਰਮਿੰਟ ਇੰਡੀਆ ਜਾਂ ਪਾਕਿਸਤਾਨ ਗੌਰਮਿੰਟ ਵਰਗੀ ਥੋੜ੍ਹੋ ਐ...? ਬਈ ਬੰਦਾ ਬਿਮਾਰ ਐ ਤਾਂ ਬਿਮਾਰ ਹੀ ਸਹੀ...! ਜੇ ਮਰ ਗਿਆ ਤਾਂ ਮਰ ਗਿਆ ਹੀ ਸਹੀ...! ਇੰਗਲੈਂਡ ਦੀ ਗੌਰਮਿੰਟ ਤਾਂ ਆਪਣਾ ਨਾਗਰਿਕ ਬਚਾਉਣ ਲਈ ਅੱਡੀ ਚੋਟੀ ਦਾ ਜੋਰ ਲਾ ਦਿੰਦੀ ਐ...! ਸੋਚਦੀ ਸੀਤਲ ਦੇ ਦਿਮਾਗ ਵਿਚ ਅਚਾਨਕ ਇਮਰਾਨ ਦਾ ਚਿਹਰਾ ਆ ਗਿਆ। ਉਸ ਨੇ ਥੁੱਕ ਦਿੱਤਾ! ਇਮਰਾਨ ਤੋਂ ਉਸ ਨੂੰ ਅਥਾਹ ਘ੍ਰਿਣਾਂ ਹੋ ਗਈ ਸੀ।

ਸਾਰਾ ਦਿਨ ਇੰਜ ਹੀ ਲੰਘ ਗਿਆ। ਕਿਸੇ ਨੇ ਸੀਤਲ ਦੀ ਕੋਈ ਪੁੱਛ ਗਿੱਛ ਨਾ ਕੀਤੀ। ਕੋਈ ਬਿਆਨ ਨਾ ਲਿਆ, ਕੋਈ ਇਨਕੁਆਰੀ ਨਾ ਹੋਈ! ਨਾ ਹੀ ਕੋਈ ਲੇਡੀ ਪੁਲੀਸ ਆਈ! ਉਸ ਨੂੰ ਇਕ ਵਾਰ ਸਿਰਫ਼ ਚਾਹ ਦਿੱਤੀ ਗਈ ਸੀ। ਜਿਹੜੀ ਸੀਤਲ ਦੇ ਸੰਘੋਂ ਹੇਠ ਨਹੀਂ ਲੰਘੀ ਸੀ। ਰੋਟੀ ਬਾਰੇ ਉਸ ਨੂੰ ਕਿਸੇ ਨੇ ਕੁਛ ਪੁੱਛਿਆ ਨਹੀਂ ਸੀ। ਵੈਸੇ ਉਸ ਨੂੰ ਭੁੱਖ ਵੀ ਨਹੀਂ ਲੱਗੀ ਸੀ। ਪਰ ਉਸ ਦੇ ਖਾਲੀ ਢਿੱਡ ਵਿਚ ਦੁਪਿਹਰ ਦੀ 'ਘੁਰੜ੍ਹ-ਘੁਰੜ੍ਹ' ਹੋ ਰਹੀ ਸੀ। ਉਸ ਦਾ ਦਿਮਾਗ ਉੱਜੜੇ ਵਾਹਣੀਂ ਪਿਆ ਹੋਇਆ ਸੀ। ਕਦੇ ਉਸ ਨੂੰ ਇਮਰਾਨ ਦੀ ਬੇਈਮਾਨੀ 'ਤੇ ਕਰੋਧ ਆਉਂਦਾ, ਕਦੇ ਮਾਂ ਬਾਪ ਦੀ ਹਾਲਤ 'ਤੇ ਤਰਸ...! ਜਦ

ਉਸ ਦੀਆਂ ਅੱਖਾਂ ਅੱਗੇ ਛੋਟੀ ਭੈਣ ਪਾਇਲ ਦਾ ਭੋਲ਼ਾ ਜਿਹਾ ਚਿਹਰਾ ਆ ਜਾਂਦਾ ਤਾਂ ਉਸ ਦਾ ਮਨ ਨੱਕੋ ਨੱਕ ਭਰ ਆਉਂਦਾ, ਤਾਂ ਉਸ ਦਾ ਬੇਵਸਾ ਹੀ ਰੋਣ ਨਿਕਲ਼ ਜਾਂਦਾ, ਜੋ ਉਸ ਤੋਂ ਰੋਕਣ ਦੇ ਬਾਵਜੂਦ ਵੀ ਠੱਲ੍ਹਿਆ ਨਹੀਂ ਜਾਂਦਾ ਸੀ।

ਸੂਰਜ ਛੁਪਣ ਦੀ ਤਿਆਰੀ ਵਿਚ ਸੀ।

ਪ੍ਰਛਾਵੇਂ ਕੰਧਾਂ ਦੇ ਘਨੇੜ੍ਹੀਂ ਚੜ੍ਹ ਬੈਠੇ ਸਨ।

ਸੀਤਲ ਅਥਾਹ ਦੁਖੀ ਅਤੇ ਨਿਰਾਸ਼ ਗੋਡਿਆਂ ਵਿਚ ਸਿਰ ਦੇਈ ਹਵਾਲਾਤ ਵਿਚ ਤਾੜੀ ਬੈਠੀ ਸੀ। ਉਸ ਦੇ ਕੰਨਾਂ ਵਿਚ ਕੋਈ ਜਾਣੀਂ ਪਹਿਚਾਣੀਂ ਅਵਾਜ਼ ਪਈ।

ਉਸ ਨੇ ਗੋਡਿਆਂ ਤੋਂ ਸਿਰ ਦੇ ਨਾਲ਼ ਨਾਲ਼ ਕੰਨ ਵੀ ਚੱਕ ਲਏ!

ਚਾਰ ਪੰਜ ਲੜਕੇ ਮੌਕੇ ਦੇ ਅਫ਼ਸਰ ਕੋਲ਼ ਘੇਰਾ ਘੱਤੀ ਖੜ੍ਹੇ ਸਨ। ਸੀਤਲ ਖ਼ੁਸ਼ ਹੋ ਗਈ। ਇਹ ਤਾਂ ਉਹ ਹੀ ਲੜਕੇ ਸਨ, ਜੋ ਰਾਤ ਇਮਰਾਨ ਕੋਲ਼ ਬੈਠੇ ਸ਼ਰਾਬ ਪੀ ਰਹੇ ਸਨ..! ਉਹ ਇਕ ਦਮ ਉਠ ਕੇ ਖੜ੍ਹੀ ਹੋ ਗਈ ਅਤੇ ਤੂਫ਼ਾਨ ਵਾਂਗ ਸੀਖਾਂ ਵੱਲ ਨੂੰ ਆਈ।

-"ਹੈਲੋ...! ਭਾਈ ਜਾਨ..! ਭਾਈ ਜਾਨ...!! ਐਧਰ ਦੇਖੋ...!!!" ਉਸ ਨੇ ਅਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਉਹਨਾਂ ਸਾਰਿਆਂ ਨੇ ਸੀਤਲ ਵੱਲ ਇਕ ਵਾਰ ਦੇਖਿਆ। ਪਰ ਬਹੁਤਾ ਧਿਆਨ ਨਾ ਦਿੱਤਾ।

ਉਹ ਮੌਕੇ ਦੇ ਅਫ਼ਸਰ ਨਾਲ਼ ਹੀ ਗੱਲਾਂ ਵਿਚ ਮਸ਼ਰੂਫ਼ ਰਹੇ!

-"ਭਾਈ ਜਾਨ, ਮੇਰੀ ਗੱਲ ਤਾਂ ਸੁਣੋਂ...!" ਉਸ ਨੇ ਫਿਰ ਅਵਾਜ਼ ਮਾਰੀ। ਪਰ ਐਤਕੀਂ ਕਿਸੇ ਨੇ ਵੀ ਉਸ ਵੱਲ ਧਿਆਨ ਨਾ ਦਿੱਤਾ। ਸੀਤਲ ਨਿਰਾਸ਼ ਹੋ ਗਈ। ਹੁਣ ਉਸ ਨੂੰ ਜ਼ਾਹਿਰਾ ਤੌਰ 'ਤੇ ਪਤਾ ਚੱਲ ਗਿਆ ਸੀ ਕਿ ਉਸ ਨੂੰ ਫ਼ਸਾਉਣ ਲਈ ਇਮਰਾਨ ਦਾ ਸਿੱਧਾ ਜਾਂ ਅਸਿੱਧਾ ਹੱਥ ਜ਼ਰੂਰ ਸੀ! ਕਾਰਨ ਚਾਹੇ ਕੋਈ ਵੀ ਹੋਵੇ, ਪਰ ਇਮਰਾਨ ਦੀ ਮਿਲ਼ੀ ਭੁਗਤ ਨਾਲ਼ ਉਸ ਨੂੰ ਫ਼ਸਾਇਆ ਗਿਆ ਸੀ। ਪਰ ਕਿਉਂ ਫ਼ਸਾਇਆ ਗਿਆ ਸੀ...? ਇਸ ਦੀ ਉਸ ਨੂੰ ਸਮਝ ਨਹੀਂ ਆ ਰਹੀ ਸੀ...! ਪਰ ਕਿਸੇ ਗ਼ੈਰ ਦੇਸ਼ ਦੀ ਬਿਗਾਨੀ ਕੁੜੀ ਨਾਲ਼ ਐਡਾ ਵੱਡਾ ਧੋਖਾ...? ਸੋਚ ਕੇ ਉਹ ਕੰਬ ਕੰਬ ਜਾਂਦੀ ਸੀ..! ਇਸ ਤੋਂ ਅੱਗੇ ਉਸ ਨਾਲ਼ ਕੀ ਹੋਣ ਵਾਲ਼ਾ ਸੀ...? ਇਸ ਬਾਰੇ ਸੋਚ ਕੇ ਉਹ ਉਸ ਤੋਂ ਵੀ ਜ਼ਿਆਦਾ ਪ੍ਰੇਸ਼ਾਨ ਹੋ ਉਠਦੀ..! ਕਿਸ ਕੋਲ਼ ਫ਼ਰਿਆਦ ਕਰੇ..? ਕੌਣ ਸੀ ਉਸ ਦੀ ਇੱਥੇ ਸੁਣਨ ਵਾਲ਼ਾ..? ਰੱਬ ਤੋਂ ਬਗ਼ੈਰ ਸ਼ਾਇਦ ਕੋਈ ਵੀ ਨਹੀਂ ਸੀ...! ਮਾਂ ਦੀ ਕਹੀ ਇਕ-ਇਕ ਗੱਲ ਉਸ ਨਾਲ਼ ਵਾਰੀ ਸਿਰ ਵਾਪਰ ਰਹੀ ਸੀ...! ਉਸ ਨੇ ਮਹਿਸੂਸ ਕੀਤਾ ਕਿ ਸੀਤਲ ਤੂੰ ਬੜੀ ਕਸੂਤੀ ਫ਼ਸ ਗਈ ਐਂ...। ਐਥੋਂ ਤੈਨੂੰ ਸੱਚੇ ਰੱਬ ਤੋਂ ਬਿਨਾਂ ਕੋਈ ਨਹੀਂ ਕੱਢਣ ਵਾਲ਼ਾ...! ਉਸ ਨੇ ਰੱਬ ਅੱਗੇ ਨੱਕ ਰਗੜਨਾਂ ਸ਼ੁਰੂ ਕਰ ਦਿੱਤਾ। ਅਰਦਾਸਾਂ ਕਰਨੀਆਂ ਆਰੰਭ ਕੀਤੀਆਂ!

ਪਤਾ ਨਹੀਂ ਕਿਸ ਦੀ ਮਿਹਰਬਾਨੀ ਸਦਕਾ, ਰਾਤ ਨੂੰ ਇਕ ਪੁਲੀਸ ਅਫ਼ਸਰ ਉਸ ਲਈ ਅਧੀਆ ਵਿਸਕੀ ਦਾ ਅਤੇ ਇਕ ਪੂਰਾ ਮੁਰਗਾ ਲੈ ਕੇ ਆਇਆ। ਉਸ ਨੂੰ ਹਵਾਲਾਤ ਵਿਚੋਂ ਬਾਹਰ ਕਢਵਾ ਕੇ ਅਫ਼ਸਰ ਨੇ ਕੁਰਸੀ ਡੁਹਾ ਲਈ। ਸੀਤਲ ਕੁਰਸੀ 'ਤੇ ਬੈਠ ਗਈ। ਉਸ ਲਈ ਗਿਲਾਸ ਅਤੇ ਕੋਕ ਵੀ ਹਾਜ਼ਰ ਕਰ ਦਿੱਤਾ ਗਿਆ। ਸਾਰੇ ਦਿਨ ਦੀ ਭੁੱਖੀ ਸੀਤਲ ਨੇ ਦਾਰੂ ਦਾ ਅਧੀਆ ਹਾਬੜਿਆਂ ਵਾਂਗ ਬੁੱਚ੍ਹਿਆ! ਵਿਸਕੀ ਦਾ ਗਿਲਾਸ ਭਰ ਕੇ ਅੰਦਰ ਸੁੱਟਿਆ। ਉਸ ਦੀਆਂ ਅੱਖਾਂ ਖੁੱਲ੍ਹ ਗਈਆਂ। ਉਹ ਚਿੰਤਾ ਮੁਕਤ, ਹਲਕੀ ਜਿਹੀ ਹੋ ਗਈ ਸੀ। ਥੋੜ੍ਹੇ ਚਿਰ ਵਿਚ ਹੀ ਸੀਤਲ ਨੇ ਅਧੀਆ ਖ਼ਤਮ ਕਰ ਦਿੱਤਾ। ਅਫ਼ਸਰ ਨੇ ਦੇਖਿਆ ਕਿ ਸੀਤਲ ਦਾ ਅਜੇ ਕੋਟਾ ਪੂਰਾ ਨਹੀਂ ਹੋਇਆ ਸੀ।

-"ਹੋਰ ਪੀਣੀਂ ਐਂ...?" ਅਫ਼ਸਰ ਨੇ ਦਇਆਵਾਨ ਹੁੰਦਿਆਂ ਪੁੱਛਿਆ।

-"ਜੇ ਇਕ ਗਿਲਾਸ ਹੋਰ ਮਿਲ ਜਾਵੇ, ਬੱਸ ਸਿਰਫ਼ ਇਕ ਗਿਲਾਸ ਪਲੀਜ਼..!" ਸੀਤਲ ਨੇ ਮਿੰਨਤ ਕੀਤੀ।

-"ਚਾਹੇ ਦੋ ਲੈ, ਪਰ ਇਕ ਸ਼ਰਤ 'ਤੇ..!"

ਸੀਤਲ ਨੇ ਗੌਰ ਨਾਲ਼ ਅਫ਼ਸਰ ਦੇ ਚਿਹਰੇ ਵੱਲ ਤੱਕਿਆ। ਉਸ ਦੀ ਨਜ਼ਰ ਸੁਆਲੀਆ ਬਣੀ ਹੋਈ ਸੀ।

-"ਬੱਸ ਰੌਲ਼ਾ ਗੌਲ਼ਾ ਨਾ ਕਰੀਂ ਪੀ ਕੇ, ਪੀ ਜਿੰਨੀ ਮਰਜ਼ੀ, ਇਹ ਤੇਰੇ ਵਾਸਤੇ ਹੀ ਆਈ ਐ...!"

-"ਮੇਰਾ ਵਾਅਦਾ ਰਿਹਾ ਆਫ਼ੀਸਰ..! ਪਰ ਆਈ ਕੀਹਦੇ ਵੱਲੋਂ ਐਂ..?"

ਅਫ਼ਸਰ ਕੁਝ ਨਾ ਬੋਲਿਆ। ਉਸ ਨੇ ਇਕ ਗਿਲਾਸ ਹੋਰ ਭਰ ਕੇ ਲਿਆ ਦਿੱਤਾ।

ਸੀਤਲ ਨੇ ਉਹ ਵੀ ਖ਼ਤਮ ਕਰ ਦਿੱਤਾ।

-"ਹਵਾਲਾਤ 'ਚ ਪੈਣ ਦਾ ਇਰਾਦੈ ਜਾਂ ਮੰਜੇ 'ਤੇ..?" ਅਫ਼ਸਰ ਨੇ ਇਕ ਅਜੀਬ ਸੁਆਲ ਸੀਤਲ ਦੇ ਮੱਥੇ ਮਾਰਿਆ।

-"ਫ਼ਰਸ਼ 'ਤੇ ਤਾਂ ਮੈਨੂੰ ਨੀਂਦ ਨਹੀਂ ਆਉਣੀ, ਆਫ਼ੀਸਰ...!"

-"ਕੋਈ ਮਸਲਾ ਨਹੀਂ...! ਮੈਂ ਮੰਜੇ ਦਾ ਪ੍ਰਬੰਧ ਕਰਵਾ ਦਿਆਂਗਾ!"

-"ਆਫ਼ੀਸਰ, ਮੇ ਆਈ ਆਸਕ ਯੂ ਸਮਥਿੰਗ...?" ਸੀਤਲ ਅਫ਼ਸਰ ਨੂੰ ਸੰਬੋਧਨ ਹੋਈ।

-"ਹਾਂ, ਪਰ ਸਿਰਫ਼ ਉੜਦੂ ਜਾਂ ਪੰਜਾਬੀ ਵਿਚ..! ਅੰਗਰੇਜ਼ੀ ਮੈਨੂੰ ਬਹੁਤ ਘੱਟ ਆਂਦੀ ਏ..!"

-"ਮੈਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਐ...?"

-"ਸਾਨੂੰ ਰਿਪੋਰਟ ਮਿਲ਼ੀ ਏ ਕਿ ਤੂੰ ਇੰਗਲੈਂਡ ਨੂੰ ਡਰੱਗ ਸਮੱਗਲ ਕਰਨ ਆਈਂ ਏਂ..!" ਉਸ ਨੇ ਸੰਖੇਪ ਉਤਰ ਦਿੱਤਾ।

-"ਪਰ ਮੈਂ ਤਾਂ ਬਹੁਤ ਸ਼ਰੀਫ਼ ਪ੍ਰੀਵਾਰ ਨਾਲ਼ ਸਬੰਧ ਰੱਖਦੀ ਆਂ, ਮੇਰਾ ਵਿਸ਼ਵਾਸ ਕਰੋ ਆਫ਼ੀਸਰ...!" ਨਸ਼ੇ ਵਿਚ ਹੋਣ ਕਰਕੇ ਵੀ ਉਹ ਬੜੇ ਦਿਮਾਗ ਨਾਲ਼ ਗੱਲ ਕਰ ਰਹੀ ਸੀ।

-"ਪੁਲੀਸ ਦਾ ਕੰਮ ਹੁੰਦੈ ਹਰ ਰਿਪੋਰਟ ਦੀ ਤਹਿਕੀਕਾਤ ਕਰਨੀ...!"

-"ਮੈਂ ਤਾਂ ਇੰਗਲੈਂਡ ਵਸਦੇ ਪਾਕਿਸਤਾਨੀ ਮੁੰਡੇ ਇਮਰਾਨ ਨਾਲ਼ ਸ਼ਾਦੀ ਕਰਨ ਪਾਕਿਸਤਾਨ ਆਈ ਸੀ ਆਫ਼ੀਸਰ...!" ਉਸ ਨੇ ਆਪਣੇ ਪੱਖ ਵਿਚ ਸਫ਼ਾਈ ਦਿੱਤੀ।

-"ਤੇ ਅਜੇ ਤੂੰ ਇਕ ਸ਼ਰੀਫ਼ ਪ੍ਰੀਵਾਰ ਦੀ ਕੁੜੀ ਐਂ..?" ਅਫ਼ਸਰ ਨੇ ਵਿਅੰਗ ਕਸਿਆ।

-"ਕੀ ਮਤਲਬ ਆਫ਼ੀਸਰ...?" ਸੀਤਲ ਹੈਰਾਨ ਹੋਈ।

-"ਕੋਈ ਖ਼ਾਨਦਾਨੀ ਕੁੜੀ, ਜਾਂ ਸ਼ਰੀਫ਼ ਘਰਾਣੇਂ ਦੀ ਕੁੜੀ ਕਦੇ ਗ਼ੈਰ ਮਜ਼ਹਬ ਤੇ ਗ਼ੈਰ ਜ਼ਾਤ ਨਾਲ਼ ਸ਼ਾਦੀ ਨਹੀਂ ਜੇ ਕਰਦੀ!" ਅਫ਼ਸਰ ਦੀ ਗੱਲ ਨੇ ਉਸ ਨੂੰ ਝੰਜੋੜ ਸੁੱਟਿਆ।

-"ਪਰ ਅਸੀਂ ਇੰਗਲੈਂਡ ਵਿਚ ਜੰਮੇ ਪਲ਼ੇ, ਉਥੋਂ ਦੇ ਕਲਚਰ ਬਾਰੇ ਤੁਹਾਨੂੰ ਪਤਾ ਹੀ ਹੈ..?"

-"ਗਧਾ ਸ਼ੇਰ ਦੀ ਖਲੜੀ ਪਹਿਨ ਕੇ ਸ਼ੇਰ ਨਹੀਂ ਜੇ ਬਣ ਜਾਂਦਾ..! ਉਥੋਂ ਦਾ ਕਲਚਰ ਚਾਹੇ ਕਿਹੋ ਜਿਹਾ ਵੀ ਹੋਵੇ..? ਗੋਰੇ ਤੁਹਾਨੂੰ ਆਪਣੇ ਵਿਚ ਨਹੀਂ ਜੇ ਮਿਲ਼ਾਉਂਦੇ, ਤੁਸੀਂ ਮੱਲੋਮੱਲੀ ਗੋਰਿਆਂ ਦੇ ਕਲਚਰ ਦੇ ਵਿਚ ਘੁਸੜਦੇ ਪਏ ਹੋ! ਕਿਹੜੀ ਜ਼ਾਤ ਐ ਤੇਰੀ...?"

-"ਅਸੀਂ ਸਿੱਖ ਹੁੰਨੇ ਆਂ ਆਫ਼ੀਸਰ..! ਮੇਰੇ ਮਾਂ ਬਾਪ ਇੰਡੀਅਨ ਪੰਜਾਬੀ ਨੇ, ਮੇਰੇ ਦਾਦਾ ਪੜਦਾਦਾ ਖੇਤੀ ਕਰਦੇ ਕਿਸਾਨ ਸੀ!"

-"ਤੁਹਾਡੇ ਬਜ਼ੁਰਗ ਤਾਂ ਅਣਖ਼ ਖਾਤਰ ਮਰਨ ਮਾਰਨ 'ਤੇ ਹੋ ਜਾਂਦੇ ਸੀ, ਤੇ ਤੂੰ ਆਪਣਾ ਮਜ਼ਹਬ ਛੱਡ ਕੇ ਕਿਸੇ ਗ਼ੈਰ ਸਿੱਖ ਨਾਲ਼ ਸ਼ਾਦੀ ਕਰ ਰਹੀ ਏਂ...?"

-"ਤੇ ਇਹਦੇ ਵਿਚ ਬੁਰਾਈ ਵੀ ਕੀ ਐ ਆਫ਼ੀਸਰ...? ਮੈਂ ਤੇ ਇਮਰਾਨ ਇਕ ਦੂਜੇ ਨੂੰ ਪ੍ਰੇਮ ਕਰਦੇ ਸੀ....!"

ਅਫ਼ਸਰ ਉੱਚੀ ਉੱਚੀ ਹੱਸ ਪਿਆ।

-"ਪ੍ਰੇਮ...? ਤੇ ਉਹ ਵੀ ਇਸ ਯੁੱਗ ਦੇ ਵਿਚ...? ਪ੍ਰੇਮ ਤਾਂ ਬੱਸ ਅੱਲਾਹ ਦਾ ਨਾਮ ਰਹਿ ਗਿਆ ਈ ਦੁਨੀਆਂ 'ਤੇ..! ਪ੍ਰੇਮ ਦੇ ਨਾਂ 'ਤੇ ਅੰਨ੍ਹੇ ਹੋਣ ਵਾਲ਼ੇ ਹਮੇਸ਼ਾ ਖ਼ੂਹ ਵਿਚ ਪਏ ਡਿੱਗਦੇ ਨੇ ਕੁੜੀਏ..! ਸਿਰਫ਼ ਪ੍ਰੇਮ ਦੇ ਨਾਂ 'ਤੇ ਤੂੰ ਆਪਣਾ ਮਜ਼ਹਬ ਛੱਡ ਦਿੱਤਾ..? ਮੈਨੂੰ ਇਹ ਦੱਸ ਕਿ ਤੇਰੀ ਨਜ਼ਰ ਵਿਚ ਪ੍ਰੇਮ

ਵੱਡਾ ਹੈ ਕਿ ਮਜ਼ਹਬ...? ਇਨਸਾਨ ਵੱਡਾ ਈ ਕਿ ਰੱਬ..? ਮਾਂ ਬਾਪ ਦੀ ਇੱਜ਼ਤ ਅਣਖ਼ ਵੱਡੀ ਏ ਕਿ ਇਮਰਾਨ...? ਇਮਰਾਨ ਤਾਂ ਤੈਨੂੰ ਹੋਰ ਵੀਹ ਮਿਲ ਜਾਣਗੇ, ਪਰ ਤੇਰੇ ਮਾਂ ਬਾਪ ਨੂੰ ਗੁਆਚੀ ਇੱਜ਼ਤ ਅਣਖ਼ ਮਿਲ ਜਾਵੇਗੀ, ਬੇਵਕੂਫ਼ ਲੜਕੀ..? ਜਿਹੜੀ ਅਣਖ਼ ਦੀ ਖ਼ਾਤਰ ਤੇਰੇ ਬਜ਼ੁਰਗ ਲੜ ਲੜ ਮਰਦੇ ਰਹੇ...! ਲੋਕਾਂ ਦੀਆਂ ਇੱਜ਼ਤਾਂ ਵੀ ਬਚਾਂਦੇ ਰਹੇ...! ਤੇ ਤੂੰ ਜ਼ਲੀਲ, ਉਹਨਾਂ ਦੇ ਖ਼ਾਨਦਾਨ ਵਿਚ ਜਨਮ ਲੈ ਕੇ ਆਹ ਮਿੱਟੀ ਪਈ ਪੁੱਟਣ ਲੱਗੀ ਏਂ..? ਤੇਰੇ ਵਰਗੀ ਕਲੰਕਣ ਤਾਂ ਕੋਈ ਵੀ ਨਹੀਂ ਹੋਵੇਗੀ...? ਤੈਨੂੰ ਤਾਂ ਜਿੰਨੀ ਸਜ਼ਾ ਦਿੱਤੀ ਜਾਵੇ, ਉਤਨੀ ਥੋੜ੍ਹੀ ਏ...! ਜੋ ਜ਼ੁਲਮ ਤੂੰ ਆਪਣੇ ਮਾਂ ਬਾਪ 'ਤੇ ਪਏ ਕੀਤੇ ਨੇ, ਆਪਣੇ ਬਜ਼ੁਰਗਾਂ ਦੀ ਇੱਜ਼ਤ ਨਾਲ਼ ਖਿਲਵਾੜ੍ਹ ਕੀਤਾ ਈ, ਤੈਨੂੰ ਤਾਂ ਇਸਲਾਮ ਦੀ ਸ਼ੱਰਾਅ ਮੁਤਾਬਿਕ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਐ, ਤੇ ਉਹ ਵੀ ਪੱਥਰ ਮਾਰ ਮਾਰ ਕੇ...! ਜਿਸ ਨਾਲ ਤੇਰੀ ਜਾਨ ਵੀ ਤੜਪ ਤੜਪ ਕੇ ਨਿਕਲੇ..!" ਅਫ਼ਸਰ ਵੱਟ ਖਾ ਗਿਆ।

ਸੀਤਲ ਹੈਰਾਨੀ ਵਿਚ ਅਫ਼ਸਰ ਨੂੰ ਦੇਖਦੀ ਰਹਿ ਗਈ!

-"ਤੂੰ ਤਾਂ ਆਪਣੇ ਖ਼ਾਨਦਾਨ 'ਤੇ ਇਕ ਕਲੰਕ ਏਂ ਬਦਜ਼ਾਤ..! ਤੈਨੂੰ ਤਾਂ ਕਿਸੇ ਰੰਡੀਖ਼ਾਨੇ ਬਿਠਾ ਕੇ ਉਹ ਪਛਤਾਵਾ ਕਰਵਾਉਣਾ ਚਾਹੀਦਾ ਈ, ਜਿਹੜਾ ਤੂੰ ਆਪਣੀਆਂ ਪੁਸ਼ਤਾਂ ਨੂੰ ਵੀ ਦੱਸ ਕੇ ਮਰੇਂ ਕਿ ਬਜ਼ੁਰਗਾਂ ਦੀ ਇੱਜ਼ਤ ਨਾਲ਼ ਕਦੇ ਨਾ ਜੇ ਖੇਡੋ...!" ਸੀਤਲ ਨੂੰ ਇਹ ਨਹੀਂ ਸਮਝ ਆ ਰਹੀ ਸੀ ਕਿ ਅਫ਼ਸਰ ਉਸ ਦੇ ਹੱਕ ਦੀ ਗੱਲ ਕਰ ਰਿਹਾ ਸੀ, ਜਾਂ ਉਹ ਉਸ ਦੇ ਖ਼ਿਲਾਫ਼ ਸੀ...? ਪਰ ਉਸ ਨੂੰ ਇਤਨਾ ਅਹਿਸਾਸ ਜ਼ਰੂਰ ਹੋ ਗਿਆ ਸੀ ਕਿ ਘਰੋਂ ਕਦਮ ਪੁੱਟ ਕੇ ਉਸ ਨੇ ਹਿੰਮਤ ਹੀ ਨਹੀਂ, ਹਿਮਾਕਤ ਕੀਤੀ ਸੀ...! ਜ਼ਿੰਦਗੀ ਦੀ ਇਕ ਘੋਰ ਗ਼ਲਤੀ ਕੀਤੀ ਸੀ ਅਤੇ ਇਸ ਗ਼ਲਤੀ ਦਾ ਖ਼ਮਿਆਜ਼ਾ ਮੈਨੂੰ ਭੁਗਤਣਾਂ ਪੈਣੈਂ..! ਜਿਹੜੀ ਤੂੰ ਮਾਂ-ਬਾਪ ਦੀ ਆਤਮਾਂ ਸਤਾਈ ਐ, ਇਸ ਦੇ ਬਦਲੇ ਤੈਨੂੰ ਸੰਕਟ ਕੱਟਣੇ ਹੀ ਪੈਣੇਂ ਨੇ ਸੀਤਲ...!

-"ਹੋਰ ਪੈੱਗ ਸ਼ੈੱਗ ਪੀਣਾਂ ਈ ਤਾਂ ਦੱਸ..? ਤੇ ਨਹੀਂ ਮੈਂ ਮੰਜੇ ਦਾ ਪ੍ਰਬੰਧ ਕਰਵਾ ਦਿੰਦਾ ਹਾਂ, ਖਾਣਾਂ ਖਾ ਕੇ ਅਰਾਮ ਕਰ...! ਬਾਕੀ ਗੱਲਾਂ ਕੱਲ੍ਹ ਕਰਾਂਗੇ...!"

-"ਪਲੀਜ਼ ਇਕ ਹੋਰ ਦੇ ਦਿਓ...! ਨੀਂਦ ਆ ਜਾਵੇਗੀ, ਨਹੀਂ ਮੈਨੂੰ ਨੀਂਦ ਨਹੀਂ ਆਉਣੀਂ...!" ਉਹ ਰੋ ਪਈ।

ਅਫ਼ਸਰ ਨੇ ਇਕ ਪੈੱਗ ਹੋਰ ਮੰਗਵਾ ਦਿੱਤਾ।

-"ਤੁਸੀਂ ਨਹੀਂ ਪੀਂਦੇ...?" ਅੱਖਾਂ ਪੂੰਝ ਕੇ ਉਸ ਨੇ ਗਿਲਾਸ ਖਾਲੀ ਕਰਦਿਆਂ ਪੁੱਛਿਆ।

-"ਨਹੀਂ, ਮੈਂ ਸ਼ਰਾਬ ਨਹੀਂ ਜੇ ਪੀਂਦਾ...!"

-"ਇਕ ਗੱਲ ਹੋਰ ਦੱਸੋਂਗੇ ਆਫ਼ੀਸਰ...?"

-"ਪੁੱਛ..! ਫਿਰ ਮੈਂ ਚਲੇ ਜਾਣੈਂ..!"

-"ਇਮਰਾਨ ਕਿੱਥੇ ਚਲਾ ਗਿਆ...? ਕਿ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ...?"

ਅਫ਼ਸਰ ਫਿਰ ਉੱਚੀ ਉੱਚੀ ਹੱਸ ਪਿਆ

-"ਹੁਣ ਤੈਨੂੰ ਦੱਸਣ ਦਾ ਕੋਈ ਡਰ ਵੀ ਨਹੀਂ, ਤੇ ਨਾ ਈ ਕੋਈ ਫ਼ਾਇਦਾ..! ਇਮਰਾਨ ਇਕ ਓਸ ਬੇਈਮਾਨ ਬਾਪ ਦਾ ਪੁੱਤਰ ਈ, ਜਿਸ ਨੇ ਪਤਾ ਨਹੀਂ ਕਿਤਨੀਆਂ ਕੁ ਕੁੜੀਆਂ ਬਾਹਰਲੇ ਦੇਸ਼ਾਂ ਤੋਂ ਲਿਆ ਕੇ ਇੱਥੇ ਵੇਚੀਆਂ ਨੇ...! ਇਮਰਾਨ ਨੂੰ ਇਸ ਬਾਰੇ ਕੁਝ ਪਤਾ ਹੋਵੇ, ਚਾਹੇ ਨਾ ਹੋਵੇ..! ਪਰ ਇਮਰਾਨ ਦਾ ਬਾਪ ਕੁੜੀਆਂ ਵੇਚਣ ਦਾ ਧੰਦਾ ਕਰਨ ਵਾਲ਼ਾ ਦਲਾਲ ਈ...! ਉਸ ਦੇ ਬੜੇ ਵੱਡੇ ਗੈਂਗ ਨਾਲ਼ ਬੜੇ ਤਕੜੇ ਸਬੰਧ ਨੇ..! ਉਹ ਤਾਂ ਪਤਾ ਨਹੀਂ ਕਿਹੜੇ ਕਿਹੜੇ ਦੇਸ਼ਾਂ ਤੋਂ ਲਿਆ ਕੇ ਕੁੜੀਆਂ ਵੇਚਦੇ ਪਏ ਨੇ, ਤੂੰ ਤਾਂ ਸ਼ਾਇਦ ਮਾੜੀ ਕਿਸਮਤ ਨੂੰ ਅਚਾਨਕ ਹੀ ਉਹਨਾਂ ਦੇ ਜਾਲ ਵਿਚ ਪਈ ਫ਼ਸ ਗਈ..! ਖ਼ਾਨ ਤੋਂ ਵੱਡਾ ਦੱਲਾ ਹੈ ਹੈਦਰ...! ਹੈਦਰ ਦੀਆਂ ਲਿਆਂਦੀਆਂ ਅਤੇ ਖ਼ਪਾਈਆਂ ਕੁੜੀਆ ਦਾ ਹੁਣ ਤੱਕ ਨਹੀਂ ਪਤਾ ਲੱਗਿਆ ਕਿ ਉਹ ਕਿੱਧਰ ਗਾਇਬ ਕਰ ਦਿੰਦੈ..! ਨਾ ਹੀ ਕੋਈ ਗਿਣਤੀ ਜੇ..!"

-"ਤੇ ਪੁਲੀਸ ਕੁਝ ਨਹੀਂ ਕਰਦੀ...?" ਸੀਤਲ ਹੋਰ ਹੈਰਾਨ ਸੀ। ਖ਼ਾਨ ਅਤੇ ਹੈਦਰ ਬਾਰੇ ਸੱਚਾਈ

ਸੁਣ ਕੇ ਉਸ ਦੇ ਦਿਮਾਗ ਨੂੰ ਘੁਮੇਰ ਆਈ। ਦਿਮਾਗ ਸੁੰਨ ਹੋ ਗਿਆ।

-"ਕੁੜੀਏ, ਤੂੰ ਬਹੁਤ ਭੋਲੀ ਏਂ...! ਵੱਡੀ ਮੱਛੀ ਹਮੇਸ਼ਾ ਛੋਟੀ ਨੂੰ ਖਾਂਦੀ ਪਈ ਏ..! ਗੈਂਗਾਂ ਦੇ ਹੱਥ ਬਹੁਤ ਲੰਮੇ ਹੁੰਦੇ ਨੇ ਕੁੜੀਏ..! ਸਾਡੇ ਵਰਗੇ ਨਿੱਕੇ ਮੋਟੇ ਅਫ਼ਸਰ ਤਾਂ ਇਹਨਾਂ ਦੀ ਚੌਂਕੀਦਾਰੀ ਪਏ ਕਰਦੇ ਨੇ..! ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਈ..! ਅਫ਼ਸਰਸ਼ਾਹੀ ਤੋਂ ਲੈ ਕੇ ਮੰਤਰੀਆਂ ਤੱਕ ਹਰ ਮਹਿਕਮਾਂ ਪੈਸੇ ਵਾਲ਼ੇ ਦਾ ਹੁੰਦਾ ਈ...! ਅੱਜ ਕੱਲ੍ਹ ਦੀ ਦੁਨੀਆਂ ਵਾਸਤੇ ਪੈਸਾ ਸਭ ਤੋਂ ਵੱਡਾ ਹਥਿਆਰ ਏ, ਜਿਸ ਨੂੰ ਜਿੱਥੇ ਚਾਹੋ, ਜਿਸ ਦੇਸ਼ 'ਚ ਚਾਹੋਂ, ਵਰਤ ਸਕਦੇ ਹੋ...! ਬਹੁਤਾ ਕੁਝ ਮੈਂ ਤੈਨੂੰ ਆਖਣਾਂ ਨਹੀਂ ਜੇ ਚਾਹੁੰਦਾ! ਖ਼ਾਲਿਦ ਮੀਆਂ...!" ਉਸ ਨੇ ਸਿਪਾਹੀ ਨੂੰ ਅਵਾਜ਼ ਮਾਰੀ।

-"ਜੀ ਜਨਾਬੇ ਆਲੀ...?" ਸਿਪਾਹੀ ਜਿਵੇਂ ਅਵਾਜ਼ ਦੀ ਕੁੰਡੀ ਨਾਲ਼ ਹੀ ਅੜ ਕੇ ਭੱਜਿਆ ਆਇਆ।

-"ਜਾਹ ਮੁਰਗਾ ਗਰਮ ਕਰਵਾ ਕੇ ਲਿਆ, ਤੇ ਇਸ ਲੜਕੀ ਨੂੰ ਮੰਜੇ ਤੇ ਬਿਸਤਰੇ ਦਾ ਪ੍ਰਬੰਧ ਕਰ ਕੇ ਦੇਹ..! ਤੇ ਇਕ ਗੱਲ ਯਾਦ ਰੱਖੀਂ...!" ਉਸ ਨੇ ਜਿਵੇਂ ਸਿਪਾਹੀ ਦੀ ਧੌਣ 'ਤੇ ਹੱਥ ਰੱਖ ਲਿਆ ਸੀ।

-"ਜੀ ਜਨਾਬ, ਹੁਕਮ ਤੇ ਕਰੋ...!" ਉਹ ਅਜ਼ੀਜ਼ ਬਣਿਆਂ ਖੜ੍ਹਾ ਸੀ।

-"ਮੇਰੇ ਹੁੰਦੇ ਇਸ ਥਾਣੇਂ ਵਿਚ ਕੁੜੀ ਨੂੰ ਕੋਈ ਮੁਸ਼ਕਲ ਨਾ ਪਈ ਆਵੇ..! ਇਹ ਮੇਰੀ ਸਖ਼ਤ ਹਦਾਇਤ ਈ..! ਰਾਤ ਵਾਲ਼ੇ ਸੰਤਰੀ ਨੂੰ ਵੀ ਖ਼ਬਰਦਾਰ ਕਰ ਦੇਣਾਂ ਕਿ ਇਸ ਲੜਕੀ ਨੂੰ ਕੰਡੇ ਜਿੰਨੀ ਵੀ ਤਕਲੀਫ਼ ਨਾ ਹੋਵੇ, ਨਹੀਂ ਤਾਂ ਆਪਣਾ ਪੜ੍ਹਿਆ ਪਏ ਵਿਚਾਰ ਲੈਣ..!"

-"ਜੋ ਹੁਕਮ ਜਨਾਬੇ ਆਲੀ..!"

ਅਫ਼ਸਰ ਦੇ ਹੁਕਮ ਅਨੁਸਾਰ ਗਰਮ ਹੋਇਆ ਮੁਰਗਾ ਆ ਗਿਆ।

ਖਾਣਾਂ ਖਾਣ ਤੋਂ ਬਾਅਦ ਅਫ਼ਸਰ ਦੇ ਹੁਕਮ ਅਨੁਸਾਰ ਸੀਤਲ ਲਈ ਠਾਣੇਂ ਦੇ ਇਕ ਹਵਾਦਾਰ ਕਮਰੇ ਵਿਚ ਮੰਜਾ ਵਿਛਾਅ ਦਿੱਤਾ ਗਿਆ।

ਅਫ਼ਸਰ ਕਦੋਂ ਦਾ ਜਾ ਚੁੱਕਾ ਸੀ।

ਦਾਰੂ ਦੇ ਨਸ਼ੇ ਅਤੇ ਮੁਰਗੇ ਦੀ ਘੂਕੀ ਨਾਲ਼ ਸੀਤਲ ਨੂੰ ਨੀਂਦ ਆ ਗਈ।

## ਕਾਂਡ 17

ਹਨੀ ਡੇਵ ਵਾਲ਼ੀ ਫ਼ਰਮ ਵਿਚ ਹੀ ਕੰਮ 'ਤੇ ਲੱਗ ਗਈ ਸੀ।

ਡੇਵ ਦੀ ਰਾਇ ਅਨੁਸਾਰ ਉਸ ਨੇ ਆਪਣਾਂ ਮਕਾਨ 'ਹੋਮ ਸੀਕਰਜ਼' ਵਾਲ਼ਿਆਂ ਨੂੰ ਕਿਰਾਏ 'ਤੇ ਦੇ ਦਿੱਤਾ ਸੀ। ਡੇਵ ਦੀ ਇਸ ਕਸਬੇ ਵਿਚ ਚੰਗੀ ਬਣੀ ਹੋਈ ਸੀ, ਜਿਸ ਕਾਰਨ ਹਨੀ ਨੂੰ ਕਿਸੇ ਵੀ ਮੁਸ਼ਕਿਲ ਦਾ ਸਾਹਮਣਾਂ ਨਹੀਂ ਕਰਨਾ ਪਿਆ ਸੀ। ਹਰ ਹਫ਼ਤੇ ਹਨੀ ਦੇ ਮਕਾਨ ਦਾ ਕਿਰਾਇਆ ਉਸ ਦੇ ਅਕਾਊਂਟ ਵਿਚ ਜਮ੍ਹਾਂ ਹੋਣਾਂ ਸ਼ੁਰੂ ਹੋ ਗਿਆ। ਹਨੀ ਦੇ ਚੁੱਕੇ ਹੋਏ ਕਰਜ਼ੇ ਦੀ ਕਿਸ਼ਤ ਹਰ ਮਹੀਨੇ ਮਕਾਨ ਨੇ ਹੀ ਚੁੱਕਣੀ ਸ਼ੁਰੂ ਕਰ ਦਿੱਤੀ। ਹਨੀ ਅਤੇ ਡੇਵ 'ਮੀਆਂ-ਬੀਵੀ' ਵਾਂਗ ਹੀ ਇਕੱਠੇ ਰਹਿਣ ਲੱਗੇ ਸਨ। ਪਰ ਇਸ ਬਾਰੇ ਕੰਪਨੀ ਵਿਚ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਡੇਵ ਅਤੇ ਹਨੀ ਇਕ ਮੀਆਂ ਬੀਵੀ ਵਾਂਗ ਇਕੱਠੇ ਰਹਿੰਦੇ ਸਨ! ਹਨੀ ਆਪਣੀ ਕਾਰ 'ਤੇ ਸਵੇਰੇ ਛੇ ਵਜੇ ਕੰਮ 'ਤੇ ਜਾਂਦੀ ਅਤੇ ਡੇਵ ਨੌਂ ਵਜੇ ਕੰਮ 'ਤੇ ਪਹੁੰਚਦਾ। ਹਨੀ ਦੁਪਿਹਰ ਦੋ ਵਜੇ ਆਪਣੀ ਸ਼ਿਫ਼ਟ ਖ਼ਤਮ ਕਰਦੀ ਅਤੇ ਡੇਵ ਸ਼ਾਮ ਦੇ ਚਾਰ ਜਾਂ ਪੰਜ

ਵਜੇ..! ਹੋਰ ਤਾਂ ਹੋਰ, ਹਨੀ ਨਾਲ਼ ਕੰਮ ਕਰਦੀਆਂ ਦੇਸੀ ਔਰਤਾਂ ਨੂੰ ਵੀ ਹਨੀ ਅਤੇ ਡੇਵ ਦੇ ਇਸ ਸਬੰਧ ਬਾਰੇ ਪਤਾ ਨਹੀਂ ਸੀ। ਡੇਵ ਨੇ ਵੀ ਹਨੀ ਨੂੰ ਸਖ਼ਤ ਤਾੜਨਾਂ ਕੀਤੀ ਹੋਈ ਸੀ ਕਿ ਕੰਪਨੀ ਵਿਚ ਉਹਨਾਂ ਬਾਰੇ ਕਿਸੇ ਨੂੰ ਪਤਾ ਨਾ ਚੱਲੇ...! ਕਦੇ ਕਦੇ ਹਨੀ ਨੂੰ ਡੇਵ ਦੀ ਤਕਰੀਬਨ ਦੁੱਗਣੀਂ ਉਮਰ ਰੜਕਦੀ। ਪਰ ਸਹੂਲਤਾਂ, ਗ਼ਰਜ਼ਾਂ ਅਤੇ ਹਾਲਾਤਾਂ ਦੀ ਮਾਰੀ ਹਨੀ ਹਿੱਕ 'ਤੇ ਪੱਥਰ ਰੱਖ ਕੇ ਵੀ ਜੀਅ ਰਹੀ ਸੀ। ਵੈਸੇ ਉਸ ਨੂੰ ਡੇਵ ਤੋਂ ਕੋਈ ਸ਼ਕਾਇਤ ਨਹੀਂ ਸੀ। ਉਹ ਉਸ ਨੂੰ ਬਿਲਕੁਲ ਵੀ ਤੰਗ ਨਾ ਕਰਦਾ। ਸ਼ਨਿੱਚਰ ਐਤਵਾਰ ਨੂੰ ਉਹ ਕਿਸੇ ਨਾ ਕਿਸੇ ਪਾਸੇ ਘੁੰਮਣ ਫ਼ਿਰਨ ਚਲੇ ਜਾਂਦੇ।

ਇਕ ਸ਼ਨਿੱਚਰਵਾਰ ਉਹ ਸੈਂਟਰਲ ਲੰਡਨ ਦਾ 'ਟਾਵਰ ਬਰਿੱਜ' ਦੇਖਣ ਗਏ। ਅਚਾਨਕ ਉਹਨਾਂ ਨੂੰ ਹਨੀ ਦੇ ਪਿੰਡ ਦੀ ਇਕ ਬੁੱਢੀ ਪਾਲੋ ਮਿਲ਼ ਪਈ। ਵੈਸੇ ਪਾਲੋ ਪਿੰਡ ਵਿਚੋਂ ਹਨੀ ਦੇ ਭੈਣਾਂ ਦੀ ਥਾਂ ਲੱਗਦੀ ਸੀ। ਉਸ ਨੂੰ ਦੇਖ ਕੇ ਹਨੀ ਨੇ ਛੁਪਣਾਂ ਚਾਹਿਆ। ਪਰ ਗੇੜ ਹੀ ਐਸਾ ਬਣਿਆਂ ਕਿ ਹਨੀ ਅਚਾਨਕ ਇਕ ਦਮ ਪਾਲੋ ਦੇ ਸਾਹਮਣੇਂ ਆ ਗਈ ਸੀ..! ਲੁਕਣ ਲਈ ਸਮਾਂ ਹੀ ਨਹੀਂ ਮਿਲ਼ਿਆ ਸੀ। ਹਨੀ ਨੂੰ ਹੋਰ ਕੋਈ ਸ਼ਰਮ ਨਹੀਂ ਸੀ। ਸ਼ਰਮ ਉਸ ਨੂੰ ਸਿਰਫ਼ ਉਸ ਦੇ ਨਾਲ਼ ਫਿਰਦੇ ਡੇਵ ਦੀ ਅਤੇ ਉਸ ਦੀ ਦੁੱਗਣੀ ਉਮਰ ਦੀ ਸੀ। ਫ਼ਿਕਰ ਸਿਰਫ਼ ਇਸ ਗੱਲ ਦਾ ਸੀ ਕਿ ਹਨੀ ਨੇ ਪਿੰਡ ਘਰਦਿਆਂ ਨੂੰ ਡੇਵ ਬਾਰੇ ਦੱਸਿਆ ਕੁਝ ਨਹੀਂ ਸੀ। ਰਮਣੀਕ ਦੇ ਤਲਾਕ ਬਾਰੇ ਤਾਂ ਘਰਦਿਆਂ ਨੂੰ ਪਤਾ ਸੀ। ਪਰ ਡੇਵ ਦੇ ਨਾਲ਼ 'ਸਾਂਢੇ-ਗਾਂਢੇ' ਦੀ ਕੋਈ ਖ਼ਬਰ ਨਹੀਂ ਸੀ। ਹਨੀ ਜਿਸ ਗੱਲ ਨੂੰ ਮਾਪਿਆਂ ਤੋਂ ਲਕੋਣਾਂ ਚਾਹੁੰਦੀ ਸੀ, ਉਹ ਤਾਂ ਹੁਣ ਪਿੰਡ ਤੱਕ ਜੱਗ ਜ਼ਾਹਿਰ ਹੋ ਜਾਣੀਂ ਸੀ..! ਘਰ ਦੇ ਤਾਂ ਅੱਗੇ ਹੀ ਹਨੀ ਨੂੰ ਘਰੂਟ ਵੱਢਣ ਆਉਂਦੇ ਸਨ..? ਮੈਨੇਜਰ ਨਾਲ਼ ਨਜਾਇਜ਼ ਸਬੰਧਾਂ ਦੀ ਗੱਲ ਬੁੱਕਣ ਨੇ ਜਾਣ ਸਾਰਾ ਘਰਦਿਆਂ ਦੇ ਕੰਨ ਵਿਚ ਪਰੋ ਧਰੀ ਸੀ। ਮਾਂ ਬਾਪ ਨੇ ਉਸ ਨੂੰ 'ਲੁੱਚੀ' ਅਤੇ 'ਕੰਜਰੀ' ਤੱਕ ਆਖਿਆ ਸੀ ਅਤੇ ਕਲਾਮ ਵੀ ਨਾ ਕਰਨ ਦੀ ਧਮਕੀ ਦਿੱਤੀ ਹੋਈ ਸੀ। ਤੇ ਜੇ ਹੁਣ ਉਹਨਾਂ ਨੂੰ 58 ਸਾਲਾਂ ਦੇ ਡੇਵ ਬਾਰੇ ਪਤਾ ਲੱਗ ਗਿਆ, ਪਤਾ ਨਹੀਂ ਉਹਨਾਂ ਨੇ ਹਨੀ ਦੇ ਨਾਂ ਨਾਲ਼ ਕਿਹੜੇ ਕਿਹੜੇ ਵਿਸ਼ੇਸ਼ਣ ਲਾਉਣੇ ਸਨ..? ਇਸ ਲਈ ਉਹ ਪਾਲੋ ਦੇ ਸਾਹਮਣੇ ਨਹੀਂ ਆਉਣਾਂ ਚਾਹੁੰਦੀ ਸੀ। ਪਾਲੋ ਜਦੋਂ ਵੀ ਪੰਜਾਬ ਜਾਂਦੀ ਸੀ, ਤਾਂ ਹਨੀ ਦੇ ਘਰਦਿਆਂ ਨੂੰ ਜ਼ਰੂਰ ਮਿਲ਼ ਕੇ ਆਉਂਦੀ ਸੀ। ਇਸ ਦਾ ਹਨੀ ਨੂੰ ਖ਼ਤਰਾ ਸੀ! ਜਦੋਂ ਹਨੀ ਅਤੇ ਰਮਣੀਕ ਇਕੱਠੇ ਸਨ, ਉਦੋਂ ਪਾਲੋ ਹਨੀ ਨੂੰ ਕਈ ਵਾਰ ਮਿਲ਼ ਚੁੱਕੀ ਸੀ।

-"ਨ੍ਹੀ ਤੂੰ ਤਾਂ ਊਂ ਈਂ ਮਦਾਰੀ ਦੇ ਪੈਸੇ ਮਾਂਗੂੰ ਛਿਤਮ ਹੋ ਗਈ..? ਕਦੇ ਮਿਲ਼ੀ ਈ ਨ੍ਹੀ, ਕਿਹੜੇ ਭੋਰੇ 'ਚ ਉੱਤਰ ਗਈ ਸੀ ਹਨਿੰਦਰ...?" ਪਾਲੋ ਨੇ ਉਸ ਨੂੰ ਜੱਫ਼ੀ ਵਿਚ ਲੈਂਦਿਆਂ ਕਿਹਾ।

-"ਨ੍ਹੀ ਕੀ ਦੱਸਾਂ ਭੈਣੇਂ...? ਮੈਂ ਤਾਂ ਬਹੁਤ ਦੁਖੀ ਰਹੀ ਆਂ..! ਮੇਰਾ ਤਾਂ ਤਲਾਕ ਹੋ ਗਿਆ ਸੀ, ਫੇਰ ਕੰਮ ਤੋਂ ਜਵਾਬ ਮਿਲ਼ ਗਿਆ, ਪੁੱਛ ਨਾ ਪਾਲੋ..! ਮੈਂ ਤਾਂ ਬਾਹਲ਼ਾ ਈ ਦਸੌਂਟਾ ਕੱਟਿਐ...!" ਹਨੀ ਨੇ ਪਾਲੋ ਨੂੰ ਸੱਚ ਦੱਸਣਾਂ ਹੀ ਬਿਹਤਰ ਸਮਝਿਆ। ਝੂਠ ਬੋਲ ਕੇ ਉਹ ਕਿਸੇ ਪਾਸੇ ਨਿਕਲ਼ ਵੀ ਨਹੀਂ ਸਕਦੀ ਸੀ, ਕਿਉਂਕਿ ਡੇਵ ਸਾਬਤਾ ਸਬੂਤ, ਹੱਡ ਮਾਸ ਦਾ ਬੰਦਾ ਨਾਲ਼ ਸੀ। ਗੱਲ ਕਿਸੇ ਪੱਖੋਂ ਝੁਠਲਾਈ ਨਹੀਂ ਜਾਣੀਂ ਸੀ।

-"ਨ੍ਹੀ ਕੀ ਹੋ ਗਿਆ..? ਤਲਾਕ ਕਾਹਨੂੰ ਲੈ ਲਿਆ..? ਕਿੰਨਾਂ ਤਾਂ ਚੰਗਾ ਸੀ ਰਮਣੀਕ...?" ਮੂੰਹ ਫ਼ੱਟ ਪਾਲੋ ਨੇ ਹਨੀ ਨੂੰ ਸਿੱਧੀ ਸੁਣਾਈ। ਪਾਲੋ ਸਿੱਧੀ ਸਾਦੀ ਸੱਠ ਕੁ ਸਾਲ ਦੀ ਔਰਤ ਸੀ। ਹਰ ਗੱਲ ਅਗਲੇ ਦੇ ਮੂੰਹ 'ਤੇ ਮਾਰਨੀ ਉਸ ਦਾ ਕਰਮ ਸੀ। ਕਿਸੇ ਤੋਂ ਨਾ ਡਰਨਾ ਅਤੇ ਨਾ ਡਰਾਉਣਾਂ ਉਸ ਦਾ ਸਿਧਾਂਤ ਸੀ।

-"ਨ੍ਹੀ ਭੈਣੇਂ ਪਾਲੋ, ਕਹਿੰਦੇ ਹੁੰਦੇ ਐ ਨ੍ਹਾਂ...? ਬਈ ਰੰਡੀਆਂ ਤਾਂ ਰੰਡ ਕੱਟ ਲੈਣ, ਪਰ ਮਸ਼ਟੰਡੇ ਨ੍ਹੀ ਕੱਟਣ ਦਿੰਦੇ..! ਮੇਰੇ ਤਾਂ ਪੈਰ ਮੇਰੀ ਸੱਸ ਨੇ ਨ੍ਹੀ ਲੱਗਣ ਦਿੱਤੇ...!"

-"ਨ੍ਹੀ ਤੂੰ ਅੱਡ ਵਿੱਢ, ਸੱਸ ਦਾ ਦਖਲ ਵਿਚ ਕਿੱਧਰੋਂ ਆ ਗਿਆ...? ਤੂੰ ਤਾਂ ਸਾਲ 'ਚ ਈ ਸੱਸ ਸਹੁਰੇ ਨਾਲੋਂ ਅੱਡ ਹੋਗੀ ਸੀ...?" ਉਸ ਦੇ ਮੂੰਹ ਵਿਚ ਜਿਵੇਂ ਕੈਂਚੀਆਂ ਚੱਲ ਰਹੀਆਂ ਸਨ।

-"ਅੱਡ ਵਿੱਢ ਰਹਿਣ ਆਲ਼ਿਆਂ ਨੂੰ ਕਿਹੜਾ ਭੈਣੇਂ ਤੁੱਖਣਾਂ ਦੇਣ ਆਲ਼ੇ ਟਿਕਣ ਦਿੰਦੇ ਐ...? ਤੂੰ

ਕਿੱਧਰ ਫ਼ਿਰਦੀ ਐਂ...?"

-"ਨ੍ਹੀ ਮੈਂ ਤਾਂ ਦੋ ਮਹੀਨਿਆਂ ਲਈ ਇੰਡੀਆ ਚੱਲੀ ਐਂ, ਖ਼ਰੀਦਾ ਫ਼ਰੋਖ਼ਤੀ ਕਰਨ ਆਈ ਸੀ, ਤੇ ਆਹ ਕੌਣ ਐਂ...?" ਪਾਲੋ ਨੇ ਕੋਚਰੀ ਵਰਗੀਆਂ ਅੱਖਾਂ ਦੀ ਸ਼ਿਸ਼ਤ ਡੇਵ ਵੱਲ ਬੰਨ੍ਹੀ ਹੋਈ ਸੀ।

-"ਇਹ ਮੇਰਾ ਬੁਆਏ ਫ਼ਰੈਂਡ ਐ...!" ਬੋਚਦਿਆਂ ਬੋਚਦਿਆਂ ਗੱਲ ਹਨੀ ਦੇ ਮੂੰਹੋਂ ਨਿਕਲ਼ ਹੀ ਗਈ।

-"ਨ੍ਹੀ ਫ਼ੋਟ੍ਹ...! ਲੱਭ ਵੀ ਲਿਆ..? ਦੁਰ ਫਿੱਟ੍ਹੇ ਮੂੰਹ...! ਨ੍ਹੀ ਤੂੰ ਤਾਂ ਹਨੀ, ਸਰੂਪ ਡਾਕੀਏ ਦੇ ਸਾਈਕਲ ਮਾਂਗੂੰ ਬੰਦੇ ਬਦਲਣ ਲੱਗੀ ਮਿੰਟ ਨ੍ਹੀ ਲਾਉਂਦੀ ਭਾਈ...!" ਉਸ ਨੇ ਉਲਾਂਭਾ ਦਿੱਤਾ, "ਨਾਲ਼ੇ ਇਹ ਤਾਂ ਲੱਗਦਾ ਵੀ ਤੇਰੇ ਪਿਉ ਦੇ ਹਾਣਦੈ...! ਕੁੜ੍ਹੇ ਤੂੰ ਕੋਈ ਹਾਣ-ਪ੍ਰਮਾਣ ਦਾ ਲੱਭ ਲੈਂਦੀ...? ਤੈਨੂੰ ਮੁੰਡਿਆਂ ਖੁੰਡਿਆਂ ਦਾ ਕੀ ਘਾਟਾ ਸੀ...? ਕਿੰਨੀ ਸੋਹਣੀ ਸੁਨੱਖੀ ਤੂੰ ਕੁੜੀ ਐਂ, ਇਹ ਤਾਂ ਭਾਈ ਜਮਾਂ ਈ ਖੋਰ ਜਿਆ ਲਈ ਫ਼ਿਰਦੀ ਐਂ ਤੂੰ ਤਾਂ...? ਮੈਂ ਤਾਂ ਸੱਚ ਦੱਸਾਂ...? ਇਹ ਉਲਾਂਭਾ ਤਾਂ ਮੈਂ ਤੇਰੇ ਮਾਂ-ਪਿਉ ਨੂੰ ਵੀ ਦਿਊਂਗੀ...! ਕੁੜ੍ਹੇ ਤੂੰ ਤਾਂ ਊਂ ਈਂ ਪਿੰਡ ਦਾ ਨੱਕ ਵੱਢ ਕੇ ਧਰਤਾ ਜੈ ਖ਼ਾਣੇ ਦੀਏ...! ਆਹ ਮੇਰੇ ਵੱਲੀਂ ਦੇਖਲਾ...! ਸੁਆਹ ਖੇਹ ਚਾਹੇ ਵੀਹ ਥਾਈਂ ਖਾਧੀ ਐ, ਪਰ ਆਬਦਾ ਬੰਦਾ ਇਕੋ ਈ ਰੱਖਿਐ...! ਨ੍ਹੀ ਤੂੰ ਕੁਛ ਤਾਂ ਸੋਚ ਕਰਦੀ..! ਹੋਰ ਈ ਗੰਜਾ ਜਿਆ ਖਿੱਚੀ ਫ਼ਿਰਦੀ ਐਂ...?" ਹਨੀ ਦੇ ਭਰਾੜ੍ਹ ਕਰਦੀ ਕਰਦੀ ਪਾਲੋ ਨੇ ਆਪਣੀ ਕਰਤੂਤ ਵੀ ਨੰਗੀ ਕਰ ਦਿੱਤੀ।

-"......!" ਹਨੀ ਚੁੱਪ ਗੜੁੱਪ ਹੀ ਤਾਂ ਹੋ ਗਈ ਸੀ। ਬਿਲਕੁਲ ਨਿਰੁੱਤਰ...! ਜਿਹੜੀ ਗੱਲ ਤੋਂ ਹਨੀ ਡਰਦੀ ਸੀ, ਉਹ ਹੀ ਹੋ ਗਈ। ਉਹ ਉਸ ਤੋਂ ਦੁੱਗਣੀ ਉਮਰ ਦੇ ਡੇਵ ਬਾਰੇ ਘਰਦਿਆਂ ਤੋਂ ਚੋਰੀ ਰੱਖਣਾਂ ਚਾਹੁੰਦੀ ਸੀ। ਪਰ ਹੁਣ ਤਾਂ ਉਸ ਨੂੰ ਚੱਲਦਾ ਫਿਰਦਾ ਰੇਡੀਓ ਸਟੇਸ਼ਨ ਪਾਲੋ ਮਿਲ਼ ਗਈ ਸੀ। ਜਿਸ ਨੇ ਇਹ ਨਵੀਂ ਖ਼ਬਰ ਹਨੀ ਦੇ ਘਰ ਵਿਚ ਹੀ ਨਹੀਂ, ਸਾਰੇ ਪਿੰਡ ਵਿਚ ਫੇਰ ਦੇਣੀ ਸੀ। ਪਾਲੋ ਕਿਸੇ ਮਰਾਸਣ ਨਾਲ਼ੋਂ ਕਿਵੇਂ ਵੀ ਘੱਟ ਨਹੀਂ ਸੀ।

-"ਹਨੀ, ਚੱਲ ਚੱਲੀਏ...!" ਡੇਵ ਪਾਲੋ ਦੀਆਂ ਸੱਚੀਆਂ ਗੱਲਾਂ ਤੋਂ ਖਿਝ ਗਿਆ ਸੀ।

-"ਜਾਹ ਲੈ ਜਾ ਭਾਈ...! ਕਿਤੇ ਭਾਗ ਭਰੀ ਜੋੜੀ ਨੂੰ ਨਜਰ ਨਾ ਲੱਗਜੇ..!" ਉਹਨਾਂ ਤੁਰਦਿਆਂ ਦੇ ਜ਼ਖ਼ਮਾਂ 'ਤੇ ਪਾਲੋ ਨੇ ਨਮਕ ਦਾ ਇਕ ਹੋਰ ਛਿੱਟਾ ਦੇ ਦਿੱਤਾ।

ਹਨੀ ਤੇ ਡੇਵ ਤੁਰ ਗਏ।

ਪਾਲੋ ਸਤੰਭ ਖੜ੍ਹੀ ਉਹਨਾਂ ਵੱਲ ਦੇਖ ਰਹੀ ਸੀ।

-"ਵਸਦੀ ਇਹੇ ਤੇਰੇ ਵੀ ਹੈਨ੍ਹੀ ਲਾਲੂਆ ਜਿਆ...! ਇਹਦੀਆਂ ਘਤਿੱਤਾਂ ਤਾਂ ਮੈਂ ਪਿੰਡੋਂ ਜਾਣਦੀ ਐਂ..! ਇਹਨੇ ਤਾਂ ਵੱਡੇ ਵੱਡੇ ਖਾਧੇ ਪੀਤੇ ਵੇ ਐ, ਤੂੰ ਕਿਹੜੇ ਬਾਗ ਦੀ ਮੂਲ਼ੀ ਐਂ ਭੋਲ਼ਿਆ ਪੰਛੀਆ...?"

ਉਹ ਉਦੋਂ ਤੱਕ ਆਪ ਮੁਹਾਰੇ ਬੋਲਦੀ ਰਹੀ, ਜਿੰਨਾਂ ਚਿਰ ਹਨੀ ਤੇ ਡੇਵ ਅੱਖੋਂ ਓਹਲੇ ਨਾ ਹੋ ਗਏ!

***********

ਜਦੋਂ ਕਈ ਦਿਨ ਸੀਤਲ ਨੇ ਘਰੇ ਮੂੰਹ ਨਾ ਦਿਖਾਇਆ ਤਾਂ ਗੁਰਚਰਨ ਢਿੱਲੋਂ ਹੋਰਾਂ ਕੋਲ਼ ਪਹੁੰਚ ਗਿਆ।

ਕੁਦਰਤੀਂ ਅਮਰੀਕ ਸਿੰਘ ਢਿੱਲੋਂ ਅਤੇ ਰਘਬੀਰ ਸਿੰਘ ਸਿੱਧੂ ਦੋਨੋ ਹੀ ਸਨ। ਹੋਰ ਉਥੇ ਕੋਈ ਨਹੀਂ ਸੀ।

ਸੀਤਲ ਦੇ ਕਈ ਦਿਨਾਂ ਤੋਂ ਘਰੇ ਨਾ ਆਉਣ ਬਾਰੇ ਉਸ ਨੇ ਦੋਨਾਂ ਨੂੰ ਦੱਸਿਆ।

-"ਇਕ ਕੰਮ ਕਰਨ ਆਲ਼ਾ ਜਰੂਰ ਕਰ, ਗੁਰਚਰਨ ਸਿਆਂ!" ਢਿੱਲੋਂ ਨੇ ਕੁਝ ਸੋਚ ਕੇ ਆਖਿਆ।

-"........।" ਗੁਰਚਰਨ ਨੇ ਸੁਣਨ ਲਈ ਕੰਨ ਖੋਲ੍ਹ ਲਏ।

-"ਪੁਲੀਸ ਕੋਲ਼ ਰਪਟ ਜਰੂਰ ਕਰੀਏ..?"

-"ਕਾਹਦੀ ਰਪਟ ਕਰੋਂਗੇ ਢਿੱਲੋਂ ਸਾਹਿਬ?" ਸਿੱਧੂ ਸੁਲ਼ਝਿਆ ਬੰਦਾ ਸੀ।

-"ਕੁੜੀ ਅਠਾਰਾਂ ਸਾਲਾਂ ਤੋਂ ਉਪਰ ਐ, ਪੁਲੀਸ ਨੇ ਐਨਾਂ ਆਖ ਕੇ ਪੱਲਾ ਝਾੜ ਲੈਣੈਂ ਬਈ ਕੁੜੀ ਬਾਲਗ ਐ, ਜੋ ਚਾਹੇ, ਕਰ ਸਕਦੀ ਐ..! ਸਾਡੀ ਕੋਈ ਜ਼ਿੰਮੇਵਾਰੀ ਨਹੀਂ, ਸਗੋਂ ਪੁਲੀਸ ਤਾਂ ਗੁਰਚਰਨ ਸਿਉਂ ਨੂੰ ਵਾਰਨਿੰਗ ਦਿਊ ਬਈ ਤੁਸੀਂ ਬਾਲਗ ਕੁੜੀ ਦੀ ਅਜ਼ਾਦੀ ਵਿਚ ਰੋੜਾ ਨਾ ਬਣਿਓਂ, ਨਹੀਂ ਤਾਂ ਥੋਡੇ ਖ਼ਿਲਾਫ਼ ਐਕਸ਼ਨ ਲਿਆ ਜਾਵੇਗਾ...! ਪੁਲੀਸ ਤੋਂ ਕੋਈ ਝਾਕ ਨਾ ਕਰੋ, ਪੁਲੀਸ ਤਾਂ ਸਗੋਂ ਆਪਣੇ ਏਸ਼ੀਅਨ ਜੁਆਕ ਵਿਗਾੜਦੀ ਐ...!" ਸਿੱਧੂ ਨੇ ਵੀ ਖ਼ਰੀ ਹੀ ਸੁਣਾਈ। ਇਹਦੇ ਵਿਚ ਵੀ ਕੋਈ ਸ਼ੱਕ ਨਹੀਂ ਸੀ।

ਸਾਰੇ ਨੰਗੇ ਸੱਚ ਦਾ ਮੂੰਹ ਦੇਖ ਕੇ ਚੁੱਪ ਵੱਟ ਗਏ।

ਗੁਰਚਰਨ ਨੇ ਗੱਡੀ ਖ਼ਾਨ ਦੇ ਘਰ ਵੱਲ ਨੂੰ ਸਿੱਧੀ ਕਰ ਲਈ।

ਗਰੀਨ ਲੇਨ ਦੀ ਪਾਰਕਿੰਗ ਵਿਚ ਗੱਡੀ ਖੜ੍ਹੀ ਕਰਕੇ ਉਹ ਖ਼ਾਨ ਦੇ ਘਰ ਨੂੰ ਪੈਦਲ ਹੀ ਤੁਰ ਪਿਆ।

ਖ਼ਾਨ ਦੇ ਘਰ ਅੱਗੇ ਜਾ ਕੇ ਉਸ ਨੇ ਜੱਕਾਂ ਤੱਕਾਂ ਜਿਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਫਿਰ ਦਿਲ ਕੱਢ ਕੇ 'ਡੋਰ-ਬੈੱਲ' ਖੜਕਾ ਹੀ ਦਿੱਤੀ।

ਕਾਫ਼ੀ ਦੇਰ ਬਾਅਦ ਇਕ ਪੰਜ ਛੇ ਕੁ ਸਾਲ ਦੀ ਕੁੜੀ ਨੇ ਦਰਵਾਜਾ ਖੋਲ੍ਹਿਆ। ਪੱਗ ਵਾਲ਼ਾ ਸਰਦਾਰ ਦੇਖ ਕੇ ਉਹ ਭਮੱਤਰ ਗਈ ਸੀ।

-"ਡਰੋ ਨਹੀਂ ਬੇਟੇ...! ਮੈਂ ਖ਼ਾਨ ਸਾਹਿਬ ਦਾ ਦੋਸਤ, ਗੁਰਚਰਨ..!" ਉਸ ਨੇ ਕੁੜੀ ਦਾ ਅੰਦਰੂਨੀ ਡਰ ਜਾਂਚ ਕੇ ਆਖਿਆ।

-"ਉਹ ਤੇ ਇੱਥੇ ਨਹੀਂ...!" ਕੁੜੀ ਨੇ ਆਖਿਆ।

-"ਕਿੱਥੇ ਗਏ ਐ ਬੇਟੇ..? ਤੇ ਕਦੋਂ ਆਉਣਗੇ...?"

-"ਪਤਾ ਨਹੀਂ ਕਦੋਂ ਆਉਣਗੇ..! ਉਹ ਪਾਕਿਸਤਾਨ ਗਏ ਹੋਏ ਨੇ..!"

ਸੁਣ ਕੇ ਗੁਰਚਰਨ ਨੂੰ ਚੱਕਰ ਆਇਆ। ਪਰ ਉਹ ਸੰਭਲ਼ਿਆ।

-"ਕੌਣ ਕੌਣ ਗਏ ਐ ਬੇਟੇ...? ਤੂੰ ਸੀਤਲ ਨੂੰ ਨੂੰ ਜਾਣਦੀ ਐਂ...?"

-"ਨਹੀਂ ਅੰਕਲ..! ਮੈਂ ਨਹੀਂ ਕਿਸੇ ਨੂੰ ਜਾਣਦੀ, ਮੈਂ ਖ਼ਾਨ ਸਾਹਿਬ ਦੀ ਭਣੇਵੀਂ ਆਂ, ਅੱਜ ਈ ਆਈ ਹਾਂ..!" ਕੁੜੀ ਅਜੇ ਗੱਲਾਂ ਦੱਸ ਹੀ ਰਹੀ ਸੀ ਕਿ ਅੰਦਰੋਂ ਇਕ ਬੁਰਕੇ ਵਾਲ਼ੀ ਤੀਹ ਕੁ ਸਾਲ ਦੀ ਔਰਤ ਬਾਹਰ ਆਈ। ਉਸ ਨੇ ਕੁੜੀ ਨੂੰ ਤਾਂ ਅੰਦਰ ਖਿੱਚ ਲਿਆ ਅਤੇ ਆਪ ਗੁਰਚਰਨ ਦੇ ਅੱਗੇ ਇਕ ਕੰਧ ਵਾਂਗ ਆ ਖੜ੍ਹੀ ਹੋਈ!

-"ਕੀ ਗੱਲ ਐ...?" ਉਸ ਦੇ ਬੋਲਾਂ ਵਿਚ ਅੱਖੜਪੁਣਾਂ ਸੀ ਅਤੇ ਨਜ਼ਰਾਂ "ਦਫ਼ਾ ਹੋਜਾ-ਦਫ਼ਾ ਹੋਜਾ" ਪੁਕਾਰ ਰਹੀਆਂ ਸਨ।

-"ਮੈਂ ਭੈਣ ਜੀ ਸੀਤਲ ਦਾ ਬਾਪ ਹਾਂ, ਗੁਰਚਰਨ ਸਿੰਘ...!" ਉਸ ਨੇ ਬੜਾ ਨਿਉਂ ਕੇ ਆਖਿਆ।

-"ਮੈਂ ਕਿਸੇ ਸੀਤਲ ਨੂੰ ਨਹੀਂ ਜਾਣਦੀ..! ਅੱਜ ਹੀ ਆਈ ਆਂ..! ਖ਼ਾਨ ਭਾਈ ਜਾਨ ਬਿਜਨਿਸ ਬੇਸ 'ਤੇ ਪਾਕਿਸਤਾਨ ਗਏ ਹੋਏ ਨੇ..! ਉਹਨਾਂ ਦੇ ਆਉਣ ਦਾ ਵੀ ਸਾਨੂੰ ਕੋਈ ਪਤਾ ਨਹੀਂ! ਜਦੋਂ ਆ ਗਏ, ਅਸਾਂ ਆਪ ਦਾ ਸੁਨੇਹਾਂ ਦੇ ਦਿਆਂਗੇ..! ਹੁਣ ਉਹਨਾਂ ਦੇ ਆਉਣ ਤੱਕ ਇੱਥੇ ਨਹੀਂ ਆਉਣਾ, ਨਹੀਂ ਪੁਲੀਸ ਨੂੰ ਫ਼ੋਨ ਕਰ ਦਿਆਂਗੀ...!" ਤੇ ਉਸ ਨੇ 'ਫ਼ਾਅੜ੍ਹ' ਕਰਦਾ ਦਰਵਾਜਾ ਬੰਦ ਕਰ ਦਿੱਤਾ।

ਗੁਰਚਰਨ ਠੱਗਿਆ ਜਿਹਾ ਖੜ੍ਹਾ ਸੀ। ਕੀ ਗੰਦੀ ਔਲ਼ਾਦ ਨੇ ਥਾਂ-ਥਾਂ ਨਿਮੋਸ਼ੀ ਦੁਆਈ ਐ...! ਕਦੇ ਕੋਈ ਸਾਡਾ ਮੂਤ ਨ੍ਹੀ ਸੀ ਉਲ਼ੰਘਦਾ..! ਹਵਾ ਵੱਲ ਨਹੀਂ ਸੀ ਝਾਕਦਾ..! ਕੀ ਹਰਾਮਜ਼ਾਦੀ ਨੇ ਸਾਡੇ ਸਿਰ ਸੁਆਹ ਪਾਉਣੀ ਲਈ ਐ..! ਮਰੇ ਜਿੱਥੇ ਮਰਦੀ ਐ..! ਹੁਣ ਨ੍ਹੀ ਪਤਾ ਲੈਂਦਾ ਇਹਦਾ ਹਰਾਮ ਦੀ ਔਲ਼ਾਦ

ਦਾ..! ਖਾਵੇ ਖ਼ਸਮਾਂ ਨੂੰ...!

ਗੁਰਚਰਨ ਘਰ ਨਿਰਾਸ਼ਾ ਵਿਚ ਸਿਰ ਫ਼ੇਰਦਾ ਮੁੜ ਆਇਆ। ਸੀਤਲ ਬਾਰੇ ਉਸ ਨੇ ਘਰ ਆ ਕੇ ਵੀ ਨਾ ਦੱਸਿਆ। ਦੱਸਦਾ ਵੀ ਕੀ...? ਉਸ ਨੂੰ ਤਾਂ ਆਪ ਨੂੰ ਨਹੀਂ ਪਤਾ ਸੀ..? ਕੀ ਪਤਾ ਸੀ ਕਿ ਉਹ ਸੱਚੀਂ ਹੀ ਉਹਨਾਂ ਨਾਲ਼ ਪਾਕਿਸਤਾਨ ਚਲੀ ਗਈ ਸੀ, ਜਾਂ ਕਿਸੇ ਹੋਰ ਏਰੀਏ ਵਿਚ 'ਮੂਵ' ਹੋ ਗਈ ਸੀ। ਇੰਗਲੈਂਡ ਕਿਹੜਾ ਛੋਟਾ ਸੀ...? ਚੱਲ ਮਰੇ ਜਿੱਥੇ ਮਰਦੀ ਐ..! ਦਫ਼ਾ ਹੋਵੇ..! ਉਹ ਬੇਵਸੀ ਵਿਚ ਆਪ ਮੁਹਾਰੇ ਹੀ ਬੋਲੀ ਜਾ ਰਿਹਾ ਸੀ।

.....ਸੀਤਲ ਨੂੰ ਅਗਲੇ ਦਿਨ ਠਾਣੇਂ 'ਚੋਂ ਕੱਢ ਉਸ ਕੋਠੀ ਵਿਚ ਹੀ ਲਿਆਂਦਾ ਗਿਆ, ਜਿੱਥੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਸ ਕੋਠੀ ਵਿਚ ਉਹ ਇਮਰਾਨ ਨਾਲ਼ ਆਈ ਸੀ। ਅੱਜ ਉਸ ਨੂੰ ਕੋਠੀ ਦੇ ਲਾਅਨ ਵਿਚ ਖਿੜੇ ਫ਼ੁੱਲ ਸੁਹਾਵਣੇ ਨਹੀਂ, ਦੁਰਕਾਰਦੇ ਲੱਗਦੇ ਸਨ। ਕੋਠੀ ਹੁਸੀਨ ਨਹੀਂ, ਬੰਜਰ ਉਜਾੜ ਜਾਪਦੀ ਸੀ। ਪੁਲੀਸ ਉਸ ਨੂੰ ਕੋਠੀ ਛੱਡ ਕੇ ਮੁੜ ਗਈ ਸੀ ਅਤੇ ਬਾਹਰਲੇ ਗੇਟ ਦੇ ਨਾਲ਼ ਦੇ ਕਮਰੇ ਵਿਚ ਉਸ ਨੂੰ ਤਿੰਨ ਚਾਰ ਮਰਦਾਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ। ਪਰ ਸੀਤਲ ਬੇਦਿਲ ਅਤੇ ਨਿਰਬਲ ਜਿਹੀ ਬੈੱਡ 'ਤੇ ਬੈਠੀ ਸੀ। ਉਸ ਨੂੰ ਸੁੱਝ ਨਹੀਂ ਰਿਹਾ ਸੀ ਕਿ ਉਹ ਕੀ ਕਰੇ..? ਕਿਸੇ ਪਾਸੇ ਭੱਜਣ ਲਈ ਉਸ ਦਾ ਦਿਲ ਨਹੀਂ ਪੈਂਦਾ ਸੀ। ਜੇ ਭੱਜੀ ਤਾਂ ਦੋਸ਼ੀ ਬਣ ਜਾਵਾਂਗੀ..! ਜਿਹੜਾ ਪੁਲੀਸ ਮੈਨੂੰ ਫਿਰ ਉਸੇ ਕੋਠੀ ਵਿਚ ਲਾਹ ਗਈ ਐ, ਇਸ ਦਾ ਮਤਲਬ ਮੈਂ ਨਿਰਦੋਸ਼ ਹਾਂ..? ਨਹੀਂ ਤਾਂ ਮੈਨੂੰ ਕੇਸ ਦਰਜ਼ ਕਰਕੇ ਕਿਸੇ ਅਦਾਲਤ ਪੇਸ਼ ਕਰਦੇ..? ਉਹ ਆਪਣੇ ਆਪ ਨੂੰ ਦਿਲਾਸੇ ਜਿਹੇ ਦੇ ਰਹੀ ਸੀ।

ਇਤਨੇ ਨੂੰ ਇਕ ਔਰਤ ਬਾਹਰਲੇ ਕਮਰਿਆਂ 'ਚੋਂ ਉਠ ਕੇ ਸੀਤਲ ਕੋਲ਼ ਆਈ।

-''ਪਾਣੀ ਪੀਣੈਂ..?''

-''.......।'' ਸੀਤਲ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।

ਉਸ ਔਰਤ ਨੇ ਸੀਤਲ ਨੂੰ ਪਾਣੀ ਦਾ ਅੱਧਾ ਕੁ ਗਿਲਾਸ ਦੇ ਦਿੱਤਾ। ਸੀਤਲ ਦੀਆਂ ਅੱਖਾਂ ਅੱਗੇ ਟਿਊਬ ਦਾ ਚਾਨਣ ਧੁੰਦਲਾ ਪੈਣ ਲੱਗ ਪਿਆ ਅਤੇ ਪਾਣੀ ਪੀਣ ਤੋਂ ਬਾਅਦ ਸੀਤਲ ਬੇਸੁੱਧ ਹੋ ਗਈ।

ਜਦ ਉਸ ਨੂੰ ਸੁਰਤ ਆਈ ਤਾਂ ਉਸ ਨੇ ਆਸੇ ਪਾਸੇ ਦੇਖਿਆ। ਹੁਣ ਉਹ ਉਸ ਕੋਠੀ ਵਿਚ ਨਹੀਂ ਸੀ, ਕਿਸੇ ਹੋਰ ਵਿਸ਼ਾਲ ਕੋਠੀ ਵਿਚ ਸੀ। ਸੀਤਲ ਉਠ ਕੇ ਬੈਠ ਗਈ। ਕਮਰੇ ਦੇ ਇਕ ਖੂੰਜੇ ਇਕ ਔਰਤ ਸੋਫ਼ੇ 'ਤੇ ਬੈਠੀ ਸੀ। ਅੱਧਖੜ੍ਹ ਅਤੇ ਸੌਕੀਨ ਔਰਤ..! ਉਸ ਦੀਆਂ ਅੱਖਾਂ ਵਿਚ ਪੂਛਾਂ ਵਾਲ਼ਾ ਸੁਰਮਾਂ ਪਾਇਆ ਹੋਇਆ ਸੀ ਅਤੇ ਚਿਹਰੇ 'ਤੇ ਲੋਹੜ੍ਹੇ ਦੀ ਗੁਲਾਲੀ ਲਾਈ ਹੋਈ ਸੀ। ਸੇਹਲੀਆਂ ਉਸਤਰੇ ਨਾਲ਼ ਤਿੱਖੀਆਂ ਕੀਤੀਆਂ ਹੋਈਆਂ ਸਨ ਅਤੇ ਛਾਤੀਆਂ ਦੇ ਵਿਚਕਾਰ ਸੱਪ ਖੁਣਵਾਇਆ ਹੋਇਆ ਸੀ..! ਉਹ ਸੀਤਲ ਵੱਲ ਦੇਖ ਕੇ ਲੰਮੇ ਲੰਮੇ ਸਾਹ ਜਿਹੇ ਲੈਂਦੀ ਸੀ। ਇਕ ਤਰ੍ਹਾਂ ਨਾਲ਼ ਹਾਉਕੇ ਭਰਦੀ ਸੀ।

-''ਕੀ ਹਾਲ ਐ ਬਿੱਲੋ..?'' ਉਸ ਨੇ ਇਕ ਸੇਹਲੀ ਸੱਪ ਵਾਂਗ ਹਿਲਾ ਕੇ ਸੀਤਲ ਨੂੰ ਅੱਖ ਦੱਬੀ।

-''.......।'' ਸੀਤਲ ਉਸ ਦੀਆਂ ਘਿਨਾਉਣੀਆਂ ਹਰਕਤਾਂ ਦੇਖ ਕੇ ਦਹਿਲ ਗਈ। ਉਸ ਦਾ ਦਿਲ ਛਾਤੀ ਵਿਚ ਹਥੌੜ੍ਹੇ ਵਾਂਗ ਵੱਜਣ ਲੱਗ ਪਿਆ।

-''ਘਬਰਾ ਨਹੀਂ..! ਹੁਣ ਆਪਾਂ ਇੱਕੋ ਸਮੁੰਦਰ ਦੀਆਂ ਮੱਛੀਆਂ...!'' ਉਹ ਸੀਤਲ ਦੇ ਬੈੱਡ 'ਤੇ ਆ ਕੇ ਬੈਠ ਗਈ। ਹੌਲ਼ੀ ਹੌਲ਼ੀ ਉਸ ਨੇ ਸੀਤਲ ਦੀ ਅੰਗੀ ਵਿਚ ਹੱਥ ਪਾ ਲਿਆ ਅਤੇ ਸੀਤਲ ਦੀਆਂ ਛਾਤੀਆਂ ਨੂੰ ਪਲ਼ੋਸਣ ਲੱਗ ਪਈ। ਸੀਤਲ ਡਰੀ ਗਾਂ ਵਾਂਗ ਇਕ ਦਮ ਉਠ ਕੇ ਖੜ੍ਹੀ ਹੋ ਗਈ। ਉਸ ਦਾ ਸਰੀਰ ਥਰ ਥਰ ਕੰਬੀ ਜਾ ਰਿਹਾ ਸੀ। ਉਸ ਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਉਹ ਔਰਤ ਉਸ ਨਾਲ਼ ਅਜਿਹੀਆਂ ਅਸ਼ਲੀਲ ਹਰਕਤਾਂ ਕਿਉਂ ਕਰ ਰਹੀ ਸੀ..? ਸੀਤਲ ਦੀਆਂ ਲੱਤਾਂ ਜਵਾਬ ਦੇ ਰਹੀਆਂ ਸਨ।

-''ਇਹ ਕੀ ਕਰੀ ਜਾਨੀ ਐਂ ਬਲੱਡੀ ਬਿੱਚ..!'' ਸੀਤਲ ਦੇ ਚਿਲਾਉਣ ਵਿਚ ਵੀ ਕੁਰਲਾਹਟ ਸੀ।

-''ਡੋਂਟ ਵਰੀ ਅਬਾਊਟ ਦੈਟ ਬੇਬੀ...! ਸਾਰੀਆਂ ਪਹਿਲਾਂ ਇਉਂ ਈ ਕਰਦੀਆਂ ਨੇ..! ਹੌਲ਼ੀ ਹੌਲ਼ੀ ਤੈਨੂੰ ਇਸ ਦੀ ਆਦਤ ਪੈ ਜਾਵੇਗੀ..! ਜਦੋਂ ਲੇਲੇ ਨੂੰ ਬਲੀ ਦੇਣ ਲਈ ਮਹਿੰਦੀ ਲਾਉਂਦੇ ਐ, ਉਹ ਬਹੁਤ

ਟਪੂਸੀਆਂ ਮਾਰਦੈ, ਅਲ਼ਕਤ ਮੰਨਦੈ...! ਤੇ ਜਦੋਂ ਉਸ ਨੂੰ ਆਪਣੇ ਹਸ਼ਰ ਦਾ ਪਤਾ ਚੱਲਦੈ, ਸੀਲ ਬਣ ਕੇ ਖੜ੍ਹ ਜਾਂਦੈ ਤੇ ਆਪਣੇ ਆਪ ਧੌਣ ਝੁਕਾ ਦਿੰਦੈ...! ਫ਼ਿਕਰ ਨਾ ਕਰ..! ਥੋੜ੍ਹੇ ਦਿਨਾਂ ਦੀ ਤਾਂ ਗੱਲ ਐ, ਆਪੇ ਪੱਕ ਜਾਵੇਂਗੀ...!" ਉਸ ਨੇ ਸੀਤਲ ਨੂੰ ਬੁਸ਼ਕਾਰ ਕੇ ਕਈ ਨਸੀਹਤਾਂ ਜਿਹੀਆਂ ਦਿੱਤੀਆਂ। ਪਰ ਨਸੀਹਤਾਂ ਸੀਤਲ ਦੇ ਸਿਰ ਉਪਰੋਂ ਰਾਕਟ ਬਣ ਕੇ ਲੰਘ ਗਈਆਂ। ਉਸ ਨੂੰ ਕਿਸੇ ਗੱਲ ਦੀ ਕੋਈ ਵੀ ਸਮਝ ਨਾ ਲੱਗੀ।

-"ਆਪੇ ਪੱਕ ਜਾਵੇਂਗੀ...? ਕੀ ਮਤਲਬ..?" ਸੀਤਲ ਦਾ ਹਿਰਦਾ ਬੰਜਰ ਉਜਾੜ ਹੋਇਆ ਪਿਆ ਸੀ। ਰੇਗਸਤਾਨ ਵਾਂਗ ਮਾਰੂ..!

-"ਆਲਮ...! ਆਲਮ ਮੀਆਂ...!" ਉਸ ਔਰਤ ਨੇ ਕਿਸੇ ਨੂੰ ਅਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਇਕ ਨੌਂ ਗਜਾ ਬੰਦਾ ਅੰਦਰ ਆਇਆ। ਦਿਉ ਦਾ ਦਿਉ...! ਥੰਮ੍ਹ ਦਾ ਥੰਮ੍ਹ...! ਦੈਂਤ ਵਰਗਾ ਬੰਦਾ ਸੀਤਲ ਨੂੰ ਦੇਖ ਕੇ "ਸੁਭਾਨ ਅੱਲਾਹ" ਬੋਲਿਆ। ਜਦੋਂ ਉਹ ਮੂੰਹ ਖੋਲ੍ਹ ਕੇ ਹੱਸਿਆ ਤਾਂ ਸੀਤਲ ਨੂੰ ਉਸ ਦੇ ਤੰਬਾਕੂ ਅਤੇ ਕਰੇੜੇ ਖਾਧੇ ਦੰਦਾਂ 'ਚੋਂ ਅਜੀਬ ਬੂਅ ਆਈ। ਉਹ ਸੀਤਲ ਦੇ ਬੈੱਡ 'ਤੇ ਬੈਠਿਆ ਤਾਂ ਚੂਲਾਂ ਨੇ ਦੁਹਾਈ ਮਚਾ ਦਿੱਤੀ। ਸੀਤਲ ਨੂੰ ਉਸ ਦੀਆਂ ਲਾਲ ਧਾਰੀਦਾਰ ਅੱਖਾਂ 'ਚੋ ਭੈਅ ਆ ਰਿਹਾ ਸੀ।

-"ਖ਼ੁਸ਼ ਆਮਦੀਦ..! ਖ਼ੁਸ਼ ਆਮਦੀਦ...! ਆਜਾ, ਬੈਠ ਜਾਹ..! ਕੀ ਨਾਂ ਏ ਤੇਰਾ ਗੁਲਬਾਨੋ...?" ਉਸ ਨੇ ਬੈੱਡ 'ਤੇ ਪੂਰਾ ਭਾਰ ਪਾ ਕੇ ਪੁੱਛਿਆ। ਉਹ ਨਜ਼ਰਾਂ ਨਾਲ਼ ਹੀ ਸੀਤਲ ਨੂੰ ਖਾਈ ਜਾ ਰਿਹਾ ਸੀ। ਸੀਤਲ ਸ਼ੇਰ ਤੋਂ ਡਰੇ ਹਰਨੀ ਦੇ ਬੱਚੇ ਵਾਂਗ ਵਿਸ਼ਾਲ ਕਮਰੇ ਦੇ ਇਕ ਖੂੰਜੇ ਲੱਗੀ ਖੜ੍ਹੀ ਕੰਬੀ ਜਾ ਰਹੀ ਸੀ। ਪਰ ਪੂਰੀ ਸਮਝ ਉਸ ਨੂੰ ਅਜੇ ਤੱਕ ਵੀ ਨਹੀਂ ਆਈ ਸੀ ਕਿ ਉਸ ਨਾਲ਼ ਇਹ ਸਾਰਾ ਕੁਝ ਕੀ ਹੋ ਰਿਹਾ ਸੀ ਅਤੇ ਕਿਉਂ ਹੋ ਰਿਹਾ ਸੀ...?

-"ਆ ਜਾਹ, ਮੇਰੇ ਕੋਲ ਤੇ ਬੈਠ ਗੁਲਬਾਨੋਂ..! ਕਿਉਂ ਦੂਰ ਦੂਰ ਪਈ ਖੜ੍ਹੀ ਏਂ..? ਤੇਰੇ ਬਾਰੇ ਤਾਂ ਅਸਾਂ ਨੂੰ ਪਤਾ ਚੱਲਿਆ ਸੀ ਕਿ ਕਾਲਜ ਵਿਚ ਈ ਗੁਲਛਰੇ ਉਡਾਉਣ ਡਹੀ ਸੈਂ, ਭੋਲੀਏ ਹੁਣ ਅਸਾਂ ਤੋਂ ਦੱਸ ਕਾਹਦਾ ਪਿਆ ਡਰ..?" ਉਸ ਨੇ ਬਾਂਹ ਫੜ ਕੇ ਸੀਤਲ ਨੂੰ ਆਪਣੇ ਕੋਲ਼ ਬਿਠਾਉਣਾ ਚਾਹਿਆ। ਪਰ ਸੀਤਲ ਨੇ ਉਸ ਦਾ ਬਘਿਆੜ੍ਹ ਦੇ ਪੰਜੇ ਜਿੱਡਾ ਹੱਥ ਝਿਣਕ ਦਿੱਤਾ। ਨੌਂ ਗਜਾ ਕਰੋਧੀ ਹੋ ਗਿਆ।

-"ਗੱਲ ਸੁਣ ਮੇਰੀ ਧਿਆਨ ਨਾਲ਼, ਹਰਾਮ ਦੀਏ ਔਲ਼ਾਦੇ...! ਮੇਰਾ ਨਾਂ ਆਲਮ ਐਂ, ਆਲਮ ਖ਼ਾਂ..!! ਪਰ ਤੇਰੇ ਜਿਹੀਆਂ ਮੈਨੂੰ ਜ਼ਾਲਿਮ ਖ਼ਾਂ ਦੇ ਨਾਮ ਨਾਲ ਪੁਕਾਰਦੀਆਂ ਨੇ...! ਆਈ ਗੱਲ ਸਮਝ..?"

-"........।" ਸੀਤਲ ਬੇਸੁੱਧ ਹੋਈ ਖੜ੍ਹੀ ਸੀ।

-"ਮੈਂ ਹੁਣ ਤੱਕ ਸੈਂਤੀ ਖ਼ੂਨ ਪਏ ਕੀਤੇ ਨੇ...! ਅਜੇ ਹੋਰ ਪਤਾ ਨਹੀਂ ਕਿੰਨ੍ਹੇ ਕਰਨੇ ਬਾਕੀ ਨੇ...!" ਸੁਣ ਕੇ ਸੀਤਲ ਦਾ ਦਿਮਾਗ ਸੁੰਨ ਹੋ ਗਿਆ ਕਿ ਕੀ ਉਹ ਵਾਕਿਆ ਹੀ ਸੈਂਤੀ ਕਤਲ ਕਰਨ ਵਾਲ਼ੇ ਆਲਮ ਦੇ ਸਾਹਮਣੇ ਖੜ੍ਹੀ ਸੀ...?

-"ਜੇ ਸਿੱਧੀ ਤਰ੍ਹਾਂ ਹੱਥ ਹੇਠ ਆ ਜਾਵੇਂਗੀ, ਅੱਲਾਹ ਫ਼ਜ਼ਲ, ਨਹੀਂ ਤੇ ਜ਼ਾਲਮ ਖ਼ਾਂ ਉਹ ਹਾਲਤ ਕਰੇਗਾ ਕਿ ਤੂੰ ਰਾਤਾਂ ਨੂੰ ਡਰ ਡਰ ਉਠਿਆ ਕਰੇਂਗੀ...!" ਆਲਮ ਨੇ ਸੀਤਲ ਨੂੰ ਧਮਕੀ ਦੇ ਮਾਰੀ।

-"ਤੁਸੀਂ ਮੇਰੇ ਕੋਲੋਂ ਚਾਹੁੰਦੇ ਕੀ ਹੋ..?" ਉਸ ਨੇ ਇਕ ਉਤਰ ਹੀ ਚਾਹਿਆ।

-"ਦੱਸਨਾਂ ਵਾਂ..!" ਆਲਮ ਨੇ ਫੜ ਕੇ ਉਸ ਨੂੰ ਬੈੱਡ 'ਤੇ ਬਿਠਾ ਲਿਆ ਅਤੇ ਉਸ ਔਰਤ ਦੇ ਸਾਹਮਣੇ ਹੀ ਸੀਤਲ ਦੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ!

ਸੀਤਲ ਫ਼ੱਟੜ ਪਠੋਰੇ ਵਾਂਗ ਫਿਰ ਬੈੱਡ ਤੋਂ ਉਠ ਕੇ ਖੜ੍ਹੀ ਹੋ ਗਈ। ਆਲਮ ਖ਼ਾਂ ਕਰੋਧ ਵਿਚ ਆ ਗਿਆ। ਉਸ ਦੀਆਂ ਅੱਖਾਂ 'ਚੋਂ ਰੱਤ ਚੋਣ ਲੱਗ ਪਈ ਸੀ। ਉਸ ਨੇ ਉਠ ਕੇ ਸੀਤਲ ਨੂੰ ਬੈੱਡ 'ਤੇ ਪਟਕਾ ਮਾਰਿਆ ਅਤੇ ਊਠ ਵਾਂਗ ਤੜਾਫ਼ੇ ਮਾਰਦੇ ਨੇ ਉਸ ਦੇ ਕੱਪੜੇ ਪਾੜ ਸੁੱਟੇ! ਪਰ ਉਹ ਪਾਸੇ ਬੈਠੀ ਅੱਧਖੜ੍ਹ ਔਰਤ ਕੁਝ ਨਾ ਬੋਲੀ। ਉਹ ਬੜੇ ਅਰਾਮ ਨਾਲ਼ ਇਹ ਬ੍ਰਿਤਾਂਤ ਤੱਕਦੀ ਰਹੀ।

-"ਹਾੜ੍ਹੇ ਆਲਮ ਖ਼ਾਂ ਮੈਨੂੰ ਬਖ਼ਸ਼ ਦਿਓ...! ਮੈਂ ਤੁਹਾਡੇ ਪੈਰ ਫ਼ੜਦੀ ਆਂ...!" ਸੀਤਲ ਬੈੱਡ 'ਤੇ

ਅਲਫ਼ ਨਗਨ ਪਈ ਹੱਥ ਜੋੜ ਰਹੀ ਸੀ।

-"ਅਸਾਂ ਹੁਕਮ ਦੇ ਬੰਦੇ ਆਂ ਗੁਲਬਾਨੋਂ...! ਅਸਾਂ ਤੇ ਆਪਣੇ ਮਾਲਕ ਦਾ ਹੁਕਮ ਵਜਾਉਣਾ ਹੋਇਆ..!" ਉਸ ਭੂਤਰੇ ਹੋਏ ਨੇ ਨੇ ਆਪਣੇ ਕੱਪੜੇ ਵੀ ਲਾਹ ਕੇ ਵਗਾਹ ਮਾਰੇ ਅਤੇ ਸੀਤਲ ਉਪਰ ਹਲ਼ਕਿਆਂ ਵਾਂਗ ਡਿੱਗਿਆ।

ਢਾਈ ਕੁਇੰਟਲ਼ ਦਾ ਊਠ ਵਰਗਾ ਬੰਦਾ ਉਪਰ ਡਿੱਗਣ ਕਾਰਨ ਸੀਤਲ ਦਾ ਸਾਹ ਬੰਦ ਹੋ ਗਿਆ। ਉਸ ਨੇ ਪੂਰੇ ਜੋਰ ਨਾਲ਼ ਹੇਠੋਂ ਨਿਕਲ਼ਣਾਂ ਚਾਹਿਆ। ਪਰ ਬਾਜ਼ ਦੇ ਕਬੂਤਰ ਨੂੰ ਪੰਜਿਆਂ ਵਿਚ ਜਕੜਨ ਵਾਂਗ ਆਲਮ ਨੇ ਉਸ ਨੂੰ ਇਕ ਤਰ੍ਹਾਂ ਨਾਲ਼ ਆਪਣੇ ਸਰੀਰ ਦੇ ਸਿਕੰਜੇ ਵਿਚ ਹੀ ਜਕੜਿਆ ਹੋਇਆ ਸੀ। ਉਸ ਦੇ ਰੰਦੇ ਵਰਗੇ ਹੱਥ ਸੀਤਲ ਦਾ ਬਦਨ 'ਰੰਦਣ' ਲੱਗ ਪਏ...। ਰੇਗਮਾਰ ਵਰਗੇ ਬੁੱਲਾਂ ਨੇ ਸਰਾਲ਼ ਵਾਂਗ ਉਸ ਦਾ ਖ਼ੂਨ ਪੀਣਾਂ ਸ਼ੁਰੂ ਕਰ ਦਿੱਤਾ..। ਮਾਲੂਕ ਮਿਰਗਣੀ ਦਾ ਗਲ਼ ਬਾਘ ਦੇ ਜੁਬਾੜ੍ਹੇ ਵਿਚ ਆ ਚੁੱਕਾ ਸੀ...। ਸੀਤਲ ਦੀਆਂ ਅੱਖਾਂ ਅੱਗੇ ਹਨ੍ਹੇਰ ਛਾ ਗਿਆ...। ਉਸ ਨੂੰ ਮਹਿਸੂਸ ਹੋਇਆ ਕਿ ਜ਼ਾਲਿਮ ਖ਼ਾਂ ਨੇ ਉਸ ਦੇ ਅੰਦਰ ਕੋਈ ਤਲਵਾਰ ਲੰਘਾ ਦਿੱਤੀ ਸੀ...। ਸੀਤਲ ਅੰਦਰੋਂ ਖ਼ੂਨ ਦਾ ਪ੍ਰਨਾਲ਼ਾ ਵਗ ਪਿਆ...। ਪੀੜਾਂ ਨੇ ਸੀਤਲ ਅੰਦਰ ਅੱਗ ਮਚਾਈ ਹੋਈ ਸੀ...। ਅੱਗ ਦਾ ਸੜਦਾ ਸੇਕ ਸਿੱਧਾ ਦਿਲ ਦਿਮਾਗ ਨੂੰ ਅੱਪੜਦਾ ਸੀ...। ਆਲਮ ਖ਼ਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਕਦੋਂ ਬੇਸੁਰਤ ਹੋ ਗਈ ਸੀ...? ਪਤਾ ਨਹੀਂ ਉਹ ਉਸ ਨਾਲ਼ ਕਿੰਨੀ ਕੁ ਦੇਰ ਜੰਗਲੀ ਜਾਨਵਰਾਂ ਵਰਗਾ ਵਿਵਹਾਰ ਕਰਦਾ, ਉਸ ਨੂੰ ਪੇਂਜੇ ਵਾਂਗ ਪਿੰਜਦਾ ਰਿਹਾ ਸੀ...?

ਸਵੇਰੇ ਜਦੋਂ ਸੀਤਲ ਨੂੰ ਹੋਸ਼ ਆਈ ਤਾਂ ਉਸ ਵਿਚ ਉੱਕਾ ਹੀ ਸਾਹ ਸਤ ਨਹੀਂ ਰਿਹਾ ਸੀ। ਸਰੀਰ ਬਿਲਕੁਲ ਨਿਰਬਲ ਸੀ। ਉਸ ਦੇ ਹੇਠਲੀ ਚਾਦਰ ਉਸ ਨੂੰ ਆਕੜੀ ਆਕੜੀ ਜਿਹੀ ਲੱਗੀ। ਉਸ ਨੇ ਸਾਰਾ ਬਲ ਇਕੱਠਾ ਕਰ ਕੇ ਚਾਦਰ ਵੱਲ ਸਿਰ ਚੁੱਕ ਕੇ ਦੇਖਿਆ। ਫ਼ੁੱਲਾਂ ਵਾਲ਼ੀ ਚਾਦਰ ਖ਼ੂਨ ਨਾਲ਼ ਲੱਥ ਪੱਥ ਹੋ ਕੇ ਸੁੱਕ ਚੁੱਕੀ ਸੀ। ਦੇਖ ਕੇ ਉਸ ਦਾ ਤ੍ਰਾਹ ਨਿਕਲ਼ ਗਿਆ। ਉਸ ਦੇ ਸਰੀਰ ਦੇ ਹੇਠਲੇ ਹਿੱਸੇ 'ਤੇ ਵੀ ਸੁੱਕੇ ਖ਼ੂਨ ਦੀਆਂ ਪੇਪੜੀਆਂ ਜੰਮੀਆਂ ਹੋਈਆਂ ਸਨ। ਉਸ ਦਾ ਸਾਰਾ ਸਰੀਰ ਚਸਕਾਂ ਮਾਰ ਰਿਹਾ ਸੀ। ਜਿਵੇਂ ਕਿਸੇ ਨੇ ਛੱਲੀਆਂ ਵਾਂਗ ਕੁੱਟਿਆ ਹੋਵੇ! ਉਸ ਨੇ ਉਠ ਕੇ ਕਮਰੇ ਦਾ ਬਾਹਰਲਾ ਦਰਵਾਜਾ ਖੋਲ੍ਹਣਾਂ ਚਾਹਿਆ। ਬਾਹਰੋਂ ਕੁੰਡੀ ਲੱਗੀ ਹੋਈ ਸੀ। ਅੰਤ ਹਾਰ ਕੇ ਉਹ ਉਚੀ ਉਚੀ ਰੋਣ ਲੱਗ ਪਈ। ਵੈਣ ਪਾਉਣ ਵਾਂਗ!

ਉਸ ਦਾ ਰੋਣਾਂ ਸੁਣ ਕੇ ਦੋ ਔਰਤਾਂ ਭੱਜੀਆਂ ਆਈਆਂ।

ਬਾਹਰਲੇ ਦਰਵਾਜੇ ਦੀ ਕੁੰਡੀ ਖੋਲ੍ਹ ਕੇ ਉਹ ਅੰਦਰ ਆ ਗਈਆਂ।

-"ਕੀ ਗੱਲ ਐ...?" ਇਕ ਬੋਲੀ। ਸੀਤਲ ਨੇ ਖ਼ੂਨ ਨਾਲ਼ ਲਿੱਬੜੀ ਚਾਦਰ ਅਤੇ ਆਪਣੇ ਖੁਰਚੇ ਸਰੀਰ ਵੱਲ ਦੇਖਿਆ।

ਦੋਨਾਂ ਔਰਤਾਂ 'ਚੋਂ ਇਕ ਖਿੜ-ਖਿੜਾ ਕੇ ਹੱਸ ਪਈ।

-"ਜੇ ਕੱਲਰ ਜ਼ਮੀਨ 'ਤੇ ਪਹਿਲਾਂ ਬੁਲਡੋਜ਼ਰ ਫੇਰ ਦਿੱਤਾ ਜਾਵੇ, ਤਾਂ ਬਾਅਦ ਵਿਚ ਜ਼ਮੀਨ ਨੂੰ ਸੁਹਾਗਿਆਂ ਦੀ ਬਹੁਤੀ ਚਿੰਤਾ ਨਹੀਂ ਰਹਿੰਦੀ...!" ਇਕ ਔਰਤ ਨੇ ਦੂਜੀ ਕੱਲ੍ਹ ਵਾਲ਼ੀ ਔਰਤ ਨੂੰ ਬੜੇ ਮਜਾਜ ਨਾਲ਼ ਆਖਿਆ। ਦੂਜੀ ਨੇ ਵੀ ਤਸੱਲੀ ਪ੍ਰਗਟਾ ਕੇ 'ਹਾਂ' ਵਿਚ ਸਿਰ ਹਿਲਾਇਆ।

-"........।" ਸੀਤਲ ਨੇ ਸੁਆਲੀਆ ਨਜ਼ਰ ਉਸ ਔਰਤ ਵੱਲ ਸੁੱਟੀ।

-"ਨਹੀਂ ਸਮਝੀ...? ਲੈ ਸੁਣ ਫੇਰ..!" ਦੂਜੀ ਕੱਲ੍ਹ ਵਾਲ਼ੀ ਔਰਤ ਬੋਲੀ, "ਮੇਰਾ ਨਾਂ ਸਾਈਦਾ ਤੇ ਇਹਦਾ ਨਾਂ ਰਫ਼ੀਕਾ ਹੈ, ਯਾਦ ਰੱਖੀਂ..! ਪਹਿਲੀ ਰਾਤ ਹਰ ਨਵੀਂ ਕੁੜੀ ਦਾ ਟੈਸਟ ਲੈਣ ਲਈ ਆਲਮ ਖ਼ਾਂ ਦੇ ਹਵਾਲੇ ਕੀਤਾ ਜਾਂਦੈ..! ਜੇ ਤਾਂ ਕੁੜੀ ਸੋਹਲ ਹੋਵੇ, ਤਾਂ ਪਹਿਲੀ ਰਾਤ ਹੀ ਮਰ ਖ਼ਪ ਜਾਂਦੀ ਐ..! ਤੇ ਜੇ ਤੇਰੇ ਵਰਗੀ ਜੁੱਸੇ ਦੀ ਤਕੜੀ ਹੋਵੇ, ਤਾਂ ਉਸ ਨੂੰ ਸਾਡੇ ਗਰੁੱਪ ਵਿਚ ਸ਼ਾਮਲ ਕਰ ਲਿਆ ਜਾਂਦੈ..! ਅਸਾਂ ਨੂੰ ਹੁਣ ਪੂਰਾ ਵਿਸ਼ਵਾਸ ਏ ਕਿ ਤੂੰ ਹੁਣ ਕਿਸੇ ਮੋੜ 'ਤੇ ਮਾਰ ਨਹੀਂ ਜੇ ਖਾਵੇਂਗੀ..!" ਸਾਈਦਾ ਦੀਆਂ ਆਖੀਆਂ ਗੱਲਾਂ ਦੀ ਸੀਤਲ ਨੂੰ ਕੁਝ ਕੁਝ ਸਮਝ ਪਈ ਕਿ ਮੈਨੂੰ ਕਿਸੇ ਕੰਜਰਖ਼ਾਨੇ ਸੁੱਟਿਆ ਜਾ ਚੁੱਕਾ ਹੈ ਅਤੇ ਮੇਰੀ

ਪਹਿਲੀ ਰਾਤ ਦਾ ਇਮਤਿਹਾਨ ਵੀ ਹੋ ਚੁੱਕਾ ਸੀ...! ਸਾਈਦਾ ਦੇ ਆਖਣ ਮੁਤਾਬਿਕ ਹਰ ਨਵੀਂ ਕੁੜੀ ਦਾ ਇੱਥੇ 'ਟੈਸਟ' ਲਿਆ ਜਾਂਦੈ...! ਹੁਣ ਤੂੰ ਪਾਸ ਹੈਂ ਸੀਤਲ...! ਹੁਣ ਤੈਨੂੰ ਹਰ ਰੋਜ ਨਵੇਂ ਮਰਦਾਂ ਦੀ ਸੇ਼ਜ ਦਾ ਟਾਕਰਾ ਕਰਨਾਂ ਪਿਆ ਕਰੇਗਾ...। ਤੂੰ ਕਿਸੇ ਗਿਰੋਹ ਦੇ ਹੱਥ ਆ ਚੁੱਕੀ ਹੈਂ, ਜਾਂ ਵੇਚੀ ਜਾ ਚੁੱਕੀ ਹੈਂ...। ਹੁਣ ਤੈਨੂੰ ਤੇਰੀਆਂ ਕੀਤੀਆਂ ਗ਼ਲਤੀਆਂ ਦਾ ਖ਼ਮਿਆਜਾ ਆਪ ਭੁਗਤਣਾਂ ਪੈਣੈਂ...! ਜਿਹੜਾ ਕੁਝ ਮਾਂ ਪਿੱਟਦੀ ਹੁੰਦੀ ਸੀ, ਉਹ ਕੁਝ ਹੁਣ ਤੇਰੇ ਸਾਹਮਣੇ ਆ ਰਿਹਾ ਹੈ...। ਤੇਰੀਆਂ ਗਲਤੀਆਂ ਕਰਕੇ, ਤੇਰੀ ਜ਼ਿਦ ਕਰਕੇ..! ਤੇਰੇ ਅੰਨ੍ਹੇ ਵਿਸ਼ਵਾਸ ਕਰਕੇ, ਹੁਣ ਤਾਂ ਤੇਰੇ ਹੱਡ ਇੱਥੇ ਹੀ ਰੁਲਣਗੇ...। ਮਾਂ ਬਾਪ ਦੀਆਂ ਗੱਲਾਂ ਨਾ ਮੰਨਣ ਕਰਕੇ ਹੁਣ ਤੂੰ ਇੱਥੇ ਹੀ ਮਰ ਖ਼ਪ ਜਾਵੇਂਗੀ...! ਮਾਂ ਦੀ ਗੱਲ ਸੱਚੀ ਸੀ ਕਿ ਪਾਕਿਸਤਾਨ ਤੈਨੂੰ ਕੌਣ ਬਚਾਉਣ ਜਾਊ...? ਪੰਜਾਬ 'ਚ ਤਾਂ ਵੀਹ ਬੰਨ੍ਹ ਸੁੱਬ ਕਰ ਲੈਂਦੈ ਬੰਦਾ...! ਹੁਣ ਤੈਨੂੰ ਮਾਂ ਬਾਪ ਅਤੇ ਪਾਇਲ ਭੈਣ ਦੇ ਦਰਸ਼ਣ ਤਾਂ ਕੀ...? ਉਹਨਾਂ ਦੀ ਕਿਸੇ ਸੱਜਰੀ ਪੈੜ ਦਾ ਰੇਤਾ ਵੀ ਨਸੀਬ ਨਹੀਂ ਹੋਵੇਗਾ...। ਹੁਣ ਤੂੰ ਉਸ ਰੋਹੀ ਬੀਆਬਾਨ ਵਿਚ ਆ ਕੇ ਫ਼ਸ ਗਈ ਹੈਂ, ਜਿੱਥੇ ਤੈਨੂੰ ਹਰ ਰੋਜ਼ ਕਾਮੀ ਕੀੜੇ ਚੂੰਡਿਆ ਕਰਨਗੇ...! ਤੇਰਾ ਖ਼ੂਨ ਚੂਸਿਆ ਕਰਨਗੇ, ਤੈਨੂੰ ਹਲਾਲ ਕਰਿਆ ਕਰਨਗੇ ਅਤੇ ਤੈਨੂੰ ਬੁਰਕੀਏਂ ਖਾਇਆ ਕਰਨਗੇ...! ਇਹ ਉਹ ਮਾਰੂਥਲ ਹੈ, ਜਿੱਥੇ ਬੰਦਾ ਆ ਤਾਂ ਜਾਂਦਾ ਹੈ, ਪਰ ਵਾਪਿਸ ਮੁੜਨਾਂ ਕਿਸੇ ਦੇ ਵੱਸ ਦਾ ਰੋਗ ਨਹੀਂ...! ਪੰਜਾਬੀ ਅਖ਼ਬਾਰਾਂ ਵਿਚ ਛਪਦੇ ਆਰਟੀਕਲ ਡੈਡ ਤੈਨੂੰ ਪੜ੍ਹ ਕੇ ਸੁਣਾਉਂਦੇ ਹੁੰਦੇ ਸੀ, ਪਰ ਤੂੰ ਤਾਂ ਸੋਚਦੀ ਸੀ ਕਿ ਇਹ ਕੁਝ ਲੋਕਾਂ ਦੀਆਂ ਕੁੜੀਆਂ ਨਾਲ਼ ਹੀ ਵਾਪਰ ਸਕਦਾ ਹੈ, ਤੇਰੇ ਨਾਲ਼ ਨਹੀਂ...! ਆਹ ਦੇਖਲਾ...! ਮਾਂ ਬਾਪ ਦਾ ਆਖਾ ਨਾ ਮੰਨਿਆਂ, ਤਾਂ ਤੂੰ ਨਰਕ 'ਚ ਡਿੱਗੀ ਐਂ ਸੀਤਲ...! ਹਾਏ...! ਜੇ ਮੈਂ ਕਦੇ ਮਾਂ ਬਾਪ ਦੇ ਆਖੇ ਲੱਗ ਜਾਂਦੀ...? ਆਹ ਨਰਕ ਨਾ ਭੋਗਦੀ...! ਉਸ ਦੇ ਚੁੱਪ ਚਾਪ ਹੰਝੂ ਡ੍ਰਿੱਪ-ਡ੍ਰਿੱਪ ਚੋਈ ਜਾ ਰਹੇ ਸਨ। ਉਸ ਦਾ ਚਿਹਰਾ ਵੈਰਾਨ ਹੋਇਆ ਪਿਆ ਸੀ।

-"ਤੂੰ ਇੰਗਲੈਂਡ 'ਚ ਜੰਮੀ ਪਲ਼ੀ ਐਂ ਬੇਬੀ...! ਮੇਰੀ ਗੱਲ ਨਹੀਂ ਸਮਝ ਰਹੀ...! ਮੇਰਾ ਕਹਿਣ ਦਾ ਮਤਲਬ ਹੈ ਕਿ ਜਿੱਥੇ ਆਲਮ ਖ਼ਾਂ ਵਰਗੇ ਬੁਲਡੋਜ਼ਰ ਫਿਰ ਗਏ, ਉਥੇ ਸੰਗਰਾਮ ਖ਼ਾਂ ਵਰਗੇ ਸੁਹਾਗੇ ਦਾ ਹੁਣ ਫ਼ਿਕਰ ਨਹੀਂ...! ਹੁਣ ਡਾਕਟਰ ਆਵੇਗਾ ਤੇ ਤੇਰੀ ਡਾਕਟਰੀ ਕਰੇਗਾ..! ਲੋੜ ਅਨੁਸਾਰ ਟੀਕੇ ਵੀ ਲਾਵੇਗਾ ਤੇ ਦੁਆਈ ਵੀ ਦੇਵੇਗਾ..! ਫ਼ਿਕਰ ਨਾ ਕਰ..!" ਆਖ ਕੇ ਸਾਈਦਾ ਬਾਹਰ ਚਲੀ ਗਈ। ਕੱਲ੍ਹ ਵਾਲ਼ੀ ਅੱਧਖੜ੍ਹ ਔਰਤ ਰਫ਼ੀਕਾ ਸੀਤਲ ਕੋਲ਼ ਬੈਠੀ ਰਹੀ। ਕੱਲ੍ਹ ਵਾਲ਼ੇ ਸੋਫ਼ੇ 'ਤੇ ਹੀ..!

-"ਰਫ਼ੀਕਾ ਭੈਣ..!" ਸੀਤਲ ਨੇ ਰਫ਼ੀਕਾ ਨੂੰ ਬੁਲਾਇਆ। ਰਫ਼ੀਕਾ ਉਸ ਨੂੰ ਸਾਈਦਾ ਨਾਲ਼ੋਂ ਨਰਮ ਦਿਲ ਲੱਗੀ ਸੀ।

-"ਬੋਲ..? ਜੋ ਪੁੱਛਣਾ ਹੈ ਪੁੱਛ, ਪਰ ਮੈਨੂੰ ਭੈਣ ਨਾ ਆਖੀਂ..! ਇੱਥੇ ਨਾ ਕੋਈ ਕਿਸੇ ਦੀ ਭੈਣ ਅਤੇ ਨਾ ਕੋਈ ਕਿਸੇ ਦਾ ਭਾਈ..! ਇਹ ਸਿਰਫ਼ ਇਕ ਰੰਡੀਖ਼ਾਨਾ ਏਂ, ਤੇ ਅਸੀਂ ਸਭ ਰੰਡੀਆਂ..! ਦੱਲਿਆਂ ਦਲਾਲਾਂ ਦੇ ਇਸ਼ਾਰੇ 'ਤੇ ਵੱਡੇ ਵੱਡੇ ਲੋਕਾਂ ਨੂੰ ਖ਼ੁਸ਼ ਕਰਨ ਵਾਲ਼ੀਆਂ ਵੇਸਵਾਵਾਂ..!"

-"ਇਹ ਮੈਨੂੰ ਕਿੰਨਾਂ ਕੁ ਚਿਰ ਐਥੇ ਰੱਖਣਗੇ..?" ਸੀਤਲ ਨੇ ਅੰਤਿਮ ਸੁਆਲ ਪੁੱਛਿਆ।

-"ਹੁਣ ਤਾਂ ਇਹ ਸਮਝ ਲੈ ਬਈ ਮਰਨ ਤੱਕ ਤੇਰਾ ਐਥੋਂ ਨਿਕਲ਼ਣ ਦਾ ਕੋਈ ਰਸਤਾ ਨਹੀਂ...!" ਰਫ਼ੀਕਾ ਨੇ ਇਕ ਵਿਚ ਹੀ ਨਬੇੜ ਦਿੱਤੀ।

ਸੀਤਲ ਦਾ ਫਿਰ ਰੋਣ ਨਿਕਲ਼ ਗਿਆ। ਉਸ ਦੇ ਹਿਰਦੇ ਵਿਚ ਹੌਲ ਪੈ ਰਹੇ ਸਨ!

-"ਜੇ ਤੂੰ ਐਥੋਂ ਭੱਜਣ ਦੀ ਕੋਸ਼ਿਸ਼ ਕਰੇਂਗੀ, ਤਾਂ ਇਹ ਤੇਰੀ ਉਹ ਬੁਰੀ ਹਾਲਤ ਕਰਨਗੇ ਕਿ ਤੇਰੇ ਤੋਂ ਤੇਰੀ ਮੌਤ ਵੀ ਕੰਬ ਉਠੇਗੀ..! ਕਹਿਣ ਦਾ ਮਤਲਬ, ਨਾ ਤੂੰ ਜਿਉਂਦਿਆਂ ਵਿਚ, ਤੇ ਨਾ ਮਰਿਆਂ ਵਿਚ ਦਾਖ਼ਲ ਹੋ ਸਕੇਂਗੀ..! ਐਥੇ ਬਹੁਤ ਕੁੜੀਆਂ ਆਈਆਂ ਤੇਰੇ ਵਰਗੀਆਂ..! ਬਹੁਤੀਆਂ ਨੇ ਖੰਭ ਫ਼ੜਫ਼ੜਾਏ..! ਪਰ ਡਾਢੇ ਹਮੇਸ਼ਾ ਹੀ ਉਹਨਾਂ ਦੇ ਖੰਭ ਕਤਰ ਦਿੰਦੇ ਰਹੇ ਅਤੇ ਲੱਤਾਂ ਬਾਹਾਂ ਵੱਢ ਟੁੱਕ ਕੇ ਕਿਸੇ ਰੇਗਿਸਤਾਨ ਵਿਚ ਸੁੱਟ ਆਉਂਦੇ, ਜਿੱਥੇ ਉਹਨਾਂ ਨੂੰ ਸੱਪ ਸਰਾਲਾਂ ਨਿਗਲ਼ ਗਏ..!" ਸੱਚੀ ਗੱਲ ਆਖ ਕੇ ਰਫ਼ੀਕਾ ਨੇ ਸੀਤਲ ਨੂੰ ਹੋਰ ਡਰਾ ਦਿੱਤਾ।

-"ਇਹ ਕੋਈ ਗਰੋਹ ਐ..?"

-"ਬਹੁਤ ਵੱਡਾ...! ਇੰਟਰਨੈਸ਼ਨਲ ਗਰੋਹ..!"

-"ਤੇ ਇਹਦਾ ਮਾਲਕ, ਮਤਲਬ ਬੌਸ ਕੌਣ ਐਂ...?"

-"ਇਸ ਦਾ ਬੌਸ ਇਕ ਨਹੀਂ, ਕਈ ਨੇ..! ਦੋ ਬਾਹਰ ਇੰਗਲੈਂਡ ਰਹਿੰਦੇ ਨੇ ਤੇ ਦੋ ਇੱਧਰ ਪਾਕਿਸਤਾਨ ਵਿਚ..!"

ਇੰਗਲੈਂਡ ਸੁਣ ਕੇ ਸੀਤਲ ਦੇ ਜ਼ਿਹਨ ਵਿਚ ਖ਼ਾਨ ਅਤੇ ਹੈਦਰ ਦੇ ਚਿਹਰੇ ਉਭਰੇ। ਉਹ ਨਫ਼ਰਤ ਨਾਲ਼ ਗਲ਼ ਤੱਕ ਭਰ ਗਈ। ਹੋਰ ਕੁਝ ਪੁੱਛਣਾ ਉਸ ਨੇ ਮੁਨਾਸਿਬ ਨਾ ਸਮਝਿਆ। ਉਸ ਨੂੰ ਸਾਰੀ ਕਹਾਣੀ ਦੀ ਸਮਝ ਆ ਗਈ ਸੀ ਕਿ ਹੈਦਰ ਅਤੇ ਖ਼ਾਨ ਦਾ ਹੋਰ ਕੋਈ ਕਿੱਤਾ ਜਾਂ ਬਿਜ਼ਨਿਸ ਨਹੀਂ, ਉਹ ਸਿਰਫ਼ ਬਾਹਰੋਂ ਕੁੜੀਆਂ ਲਿਆ ਕੇ ਇੱਧਰ ਵੇਚਦੇ, ਜਾਂ ਰੰਡੀਖ਼ਾਨੇ ਬਿਠਾਉਂਦੇ ਹਨ ਅਤੇ ਉਹਨਾਂ ਦੀ ਕਮਾਈ ਕਰਦੇ ਨੇ!

ਦੁਪਿਹਰ ਜਿਹੀ ਹੋਈ ਤਾਂ ਜਿਪਸੀ ਵਿਚ ਡਾਕਟਰ ਆ ਗਿਆ।

ਉਸ ਨੇ ਸੀਤਲ ਦੀ ਚੈੱਕ ਅੱਪ ਕੀਤੀ। ਸੀਤਲ ਦਾ ਪੇਡੂ ਸੁੱਜਿਆ ਹੋਇਆ ਸੀ। ਖ਼ੂਨ ਅਥਾਹ ਵਗ ਗਿਆ ਸੀ। ਚਿਹਰੇ ਅਤੇ ਛਾਤੀਆਂ 'ਤੇ ਦੰਦਾਂ ਦੇ ਨਿਸ਼ਾਨ ਸਨ।

-"ਰਫ਼ੀਕਾ...!"

-"ਜੀ ਡਾਕਟਰ...!"

-"ਇਸ ਉਤੇ ਪਹਿਲੀ ਰਾਤ ਆਲਮ ਖ਼ਾਂ ਭੁਗਤਾਇਆ ਸੀ...?" ਉਸ ਨੇ ਤਜ਼ਰਬੇ ਅਨੁਸਾਰ ਪੁੱਛਿਆ।

-"ਤੁਸਾਂ ਨੂੰ ਇੱਥੋਂ ਦੇ ਅਸੂਲਾਂ ਦਾ ਪਤਾ ਹੀ ਹੈ ਡਾਕਟਰ ਜਨਾਬ...!" ਰਫ਼ੀਕਾ ਨੇ ਹੋਰ ਬੋਲਣਾਂ ਉਚਿੱਤ ਨਾ ਸਮਝਿਆ।

-"ਬੜਾ ਹਰਾਮਜ਼ਦਾ ਹੈ..! ਨਿਰਾ ਜੰਗਲੀ ਅਤੇ ਨਿਰਦਈ ਬੰਦਾ...!" ਡਾਕਟਰ ਨੇ ਸਿਰ ਫ਼ੇਰਿਆ।

-"ਤੂੰ ਆਪ ਕਿਹੜਾ ਘੱਟ ਐਂ..?" ਰਫ਼ੀਕਾ ਨੇ ਮਨ ਅੰਦਰ ਹੀ ਕਿਹਾ। ਮੂੰਹੋਂ ਉਹ ਕੁਝ ਵੀ ਨਾ ਬੋਲ ਸਕੀ। ਇਸ ਡਾਕਟਰ ਨੇ ਰਫ਼ੀਕਾ ਦਾ ਵੀ ਬੜਾ ਚੰਮ ਚੱਟਿਆ ਸੀ।

ਡਾਕਟਰ ਨੇ ਸੀਤਲ ਦੇ ਤਿੰਨ ਟੀਕੇ ਲਾਏ ਅਤੇ ਕਾਫ਼ੀ ਸਾਰੇ ਕੈਪਸੂਲ ਦਿੱਤੇ।

-"ਇਸ ਨੂੰ ਇਹ ਕੈਪਸੂਲ ਹਰ ਚਾਰ ਚਾਰ ਘੰਟੇ ਬਾਅਦ ਤਾਜ਼ੇ ਪਾਣੀ ਨਾਲ਼ ਦਿੰਦੇ ਰਹਿਣਾਂ...! ਆਹ ਕਰੀਮ ਹਰ ਦੋ ਘੰਟੇ ਬਾਅਦ ਚਿਹਰੇ ਅਤੇ ਛਾਤੀਆਂ ਦੇ ਜ਼ਖ਼ਮਾਂ 'ਤੇ ਲਾ ਲੈਣੀਂ..! ਦੋ ਦਿਨ ਅਤੇ ਦੋ ਰਾਤਾਂ ਇਸ ਨੂੰ ਪੂਰਾ ਅਰਾਮ ਕਰਨ ਦਿਓ, ਮੈਂ ਪਰਸੋਂ ਰਾਤ ਨੂੰ ਆ ਕੇ ਇਸ ਦੀ ਖ਼ੁਦ ਚੈੱਕ ਅੱਪ ਕਰਾਂਗਾ..! ਹੋਰ ਕੋਈ ਇਸ ਦੇ ਨੇੜੇ ਨਾ ਜਾਵੇ..!"

-"ਠੀਕ ਹੈ ਡਾਕਟਰ..! ਜਿਵੇਂ ਤੁਸਾਂ ਦੀ ਇੱਛਾ...!"

ਡਾਕਟਰ ਚਲਾ ਗਿਆ।

-"ਕਿੱਡਾ ਸੂਅਰ ਦਾ ਪੁੱਤਰ ਐ...!" ਰਫ਼ੀਕਾ ਨੇ ਮੂੰਹ ਸਕੋੜ ਕੇ ਕਿਹਾ।

-"ਕਿਉਂ...? ਕੀ ਗੱਲ ਹੋ ਗਈ...?" ਰੱਬ ਦਾ ਭਾਣਾਂ ਜਿਹਾ ਮੰਨੀ ਬੈਠੀ ਸੀਤਲ ਨੇ ਰਫ਼ੀਕਾ ਨੂੰ ਪੁੱਛਿਆ।

-"ਇਹ ਡਾਕਟਰ ਹੁਣ ਤੇਰੇ ਨਾਲ਼ ਰਾਤ ਬਿਤਾਵੇਗਾ..! ਮੇਰੀ ਗੱਲ ਮੰਨ ਕੇ ਇਸ ਡਾਕਟਰ ਨੂੰ ਖ਼ੁਸ਼ ਰੱਖੀ..! ਫਿਰ ਇਹ ਤੇਰਾ ਵੀ ਖ਼ਿਆਲ ਰੱਖੇਗਾ..! ਤੈਨੂੰ ਦੋ ਚਾਰ ਦਿਨ ਅਰਾਮ ਕਰਨ ਦੀ ਆੜ ਹੇਠ ਰੈਸਟ ਵੀ ਕਰਵਾ ਦਿਆ ਕਰੇਗਾ...! ਅਗਰ ਤੂੰ ਇਸ ਡਾਕਟਰ ਨੂੰ ਨਰਾਜ਼ ਕਰ ਲਿਆ, ਬਹੁਤ ਤੰਗ ਹੋਵੇਂਗੀ, ਖ਼ਿਆਲ ਰੱਖੀਂ...!" ਰਫ਼ੀਕਾ ਨੇ ਬਗੈਰ ਭੂਮਿਕਾ ਤੋਂ ਉਸ ਨੂੰ ਸਾਰੀ ਗੱਲ ਦੱਸ ਦਿੱਤੀ। ਹੁਣ ਕੋਈ ਓਹਲਾ ਜਾਂ ਲਕੋ ਵੀ ਕੀ ਸੀ...? ਔਝੜੇ ਅਤੇ ਬਿੱਖੜੇ ਪੈਂਡਿਆਂ ਦੀਆਂ ਮੁਸਾਫ਼ਿਰ ਇਕ ਰਸਤੇ ਹੀ ਤਾਂ ਹਾਣੀ ਬਣ ਤੁਰ ਪਈਆਂ ਸਨ। ਹੁਣ ਉਚੇ ਨੀਵਿਆਂ ਬਾਰੇ ਓਹਲਾ ਕੀ ਰੱਖਣਾਂ ਸੀ..?

-"ਰਫ਼ੀਕਾ, ਤੂੰ ਇਸ ਧੰਦੇ ਵਿਚ ਕਿਵੇਂ ਆਈ..?"

-"ਕੋਈ ਵੀ ਖ਼ਾਨਦਾਨੀ ਲੜਕੀ ਆਪਣੀ ਮਰਜ਼ੀ ਨਾਲ਼ ਰੰਡੀਖ਼ਾਨੇ ਨਹੀਂ ਬੈਠਦੀ..! ਜਾਂ ਤਾਂ ਉਸ ਦੀ ਕੋਈ ਮਜਬੂਰੀ, ਤੇ ਜਾਂ ਧੱਕਾ ਉਸ ਨੂੰ ਇਸ ਧੰਦੇ ਵੱਲ ਖਿੱਚ ਕੇ ਲੈ ਆਉਂਦੈ...! ਮੇਰੀ ਕਹਾਣੀ ਤੇਰੇ ਨਾਲ਼ੋਂ ਕੋਈ ਬਹੁਤੀ ਵੱਖਰੀ ਨਹੀਂ..! ਪਹਿਲਾਂ ਪਹਿਲਾਂ ਕੁੜੀ ਭੱਜਣ ਲਈ ਹੱਥ ਪੈਰ ਜਿਹੇ ਮਾਰਦੀ ਐ, ਤੇ ਫਿਰ ਉਹ ਇਸ ਸਾਰੇ ਸਿੜ੍ਹੀ ਸਿਆਪੇ ਦੀ ਆਦੀ ਹੋ ਜਾਂਦੀ ਐ, ਤੇ ਉਸ ਨੂੰ ਕੁਝ ਵੀ ਬੁਰਾ ਨਹੀਂ ਲੱਗਦਾ..! ਹੌਲ਼ੀ ਹੌਲ਼ੀ ਉਹ ਸੋਚਣ ਲੱਗਦੀ ਐ ਕਿ ਜੇ ਸੂਅਰਾਂ ਖੱਧੇ ਮਰਦਾਂ ਨੂੰ ਨਹੀਂ ਸ਼ਰਮ, ਤਾਂ ਸਾਨੂੰ ਕਿਉਂ...? ਪਹਿਲਾਂ ਮਰਦ ਸਾਡੇ ਨਾਲ਼ ਆਪਣੀ ਹਵਸ ਮਿਟਾਉਂਦੇ ਐ, ਫੇਰ ਅਸੀਂ ਮਰਦਾਂ ਨਾਲ਼ ਆਪਣੀ ਹਵਸ ਮਿਟਾਉਣ ਲੱਗ ਜਾਂਦੀਆਂ ਹਾਂ..! ਮੈਂ ਵੀ ਇੰਡੀਆ ਦੀ ਪੰਜਾਬਣ ਹਾਂ, ਮੇਰਾ ਨਾਂ ਰਵਿੰਦਰ ਸੀ, ਤੇ ਇਹਨਾਂ ਨੇ ਮੇਰਾ ਧਰਮ ਬਦਲੀ ਕਰਵਾ ਕੇ ਰਫ਼ੀਕਾ ਬਣਾ ਲਿਆ..! ਇਹ ਜਿਹੜੀ ਸਾਈਦਾ ਹੈ, ਉਹ ਤਾਂ ਪਾਕਿਸਤਾਨਣ ਕੁੜੀ ਐ, ਇਸ ਨੂੰ ਤੇਰੀ ਕੁ ਉਮਰ ਦੀ ਨੂੰ, ਮਤਲਬ ਵੀਹ ਕੁ ਸਾਲ ਦੀ ਨੂੰ ਇੱਥੇ ਲੈ ਆਏ ਸੀ..! ਹੁਣ ਇਹ ਇੱਥੋਂ ਦੀ ਇੰਚਾਰਜ ਬਣਾਈ ਹੋਈ ਐ...! ਬੜੀ ਚੰਡਾਲਣ ਹੈ..! ਬਚ ਕੇ ਰਹੀਂ..!"

-"ਤੁਸੀਂ ਪੰਜਾਬਣ ਹੋ..?" ਸੀਤਲ ਦਾ ਮੂੰਹ ਅੱਡਿਆ ਗਿਆ।

-"ਹਾਂ..! ਮੇਰੀ ਤਾਂ ਤੇਰੇ ਨਾਲ਼ੋਂ ਵੀ ਹਿਰਦੇਵੇਧਕ ਕਹਾਣੀ ਐਂ..!" ਉਹ ਰੋਈ ਤਾਂ ਨਹੀਂ, ਪਰ ਘੋਰ ਉਦਾਸ ਹੋ ਗਈ।

-"ਤੁਹਾਨੂੰ ਕਿੰਨਾਂ ਚਿਰ ਹੋ ਗਿਆ ਐਥੇ..?"

-"ਮੈਨੂੰ ਤਕਰੀਬਨ ਇੱਕੀ ਸਾਲ ਹੋ ਗਏ...!"

-"ਇੱਕੀ ਸਾਲ..?" ਸੀਤਲ ਅੱਗੇ ਧਰਤੀ ਘੁਕਣ ਲੱਗ ਪਈ।

-"ਹਾਂ, ਇੱਕੀ ਸਾਲ...! ਮੈਂ ਵੀ ਦਿੱਲੀ ਦੰਗਿਆਂ ਦੀ ਉਜਾੜੀ ਕਿਵੇਂ ਨਾ ਕਿਵੇਂ ਇੰਗਲੈਂਡ ਪਹੁੰਚੀ ਸੀ ਤੇ ਇਹਨਾਂ ਦੇ ਦੱਲਿਆਂ ਨੇ ਮੈਨੂੰ ਜਾਹਲੀ ਕਾਗਜ਼ਾਤ ਤਿਆਰ ਕਰਕੇ, ਤੇ ਕਿਸੇ ਏਅਰਲਾਈਨ ਵਿਚ ਏਅਰ ਹੋਸਟਸ ਕੰਮ ਕਰਨ ਦਾ ਲਾਲਚ ਦੇ ਕੇ ਐਥੇ ਲਿਆ ਸਿੱਟਿਆ, ਤੇ ਆਹ ਦੇਖਲਾ ਮੈਂ ਕਿਹੜੀ ਏਅਰਲਾਈਨ 'ਚ ਲੱਗੀ ਹੋਈ ਆਂ..?"

-"ਸਾਰੀ ਗੱਲ ਸੁਣਾਅ ਰਵਿੰਦਰ..!"

-"ਮੈਨੂੰ ਮੁੜ ਕੇ ਰਵਿੰਦਰ ਨਾਂ ਆਖੀਂ..! ਜੇ ਕਿਸੇ ਨੇ ਸੁਣ ਲਿਆ, ਪਰਲੋਂ ਆ ਜਾਊ...! ਮੈਨੂੰ ਰਫ਼ੀਕਾ ਈ ਆਖਿਆ ਕਰ..! ਰਾਤ ਨੂੰ ਸਾਈਦਾ ਬੰਦੇ ਭੁਗਤਾਉਣ 'ਤੇ ਮਸ਼ਰੂਫ਼ ਹੋ ਜਾਊ, ਤੇ ਮੈਂ ਤੇਰੀ ਰਾਖੀ 'ਤੇ ਹਾਂ! ਮੇਰੇ ਨਾਲ਼ ਬੀਤੀ ਤੈਨੂੰ ਰਾਤ ਨੂੰ ਸੁਣਾਊਂ, ਹੁਣ ਤੂੰ ਕੈਪਸੂਲ ਲੈ ਕੇ ਅਰਾਮ ਕਰ..! ਤੇ ਹਾਂ, ਭੱਜਣ ਨੱਠਣ ਦੀ ਕੋਸ਼ਿਸ਼ ਨਾ ਕਰੀਂ...! ਤੇਰੇ ਨਾਲ਼ ਮੇਰੀ ਸ਼ਾਮਤ ਵੀ ਆ ਜਾਊ...!" ਤੇ ਰਫ਼ੀਕਾ ਸੀਤਲ ਲਈ ਪਾਣੀ ਲੈਣ ਚਲੀ ਗਈ।

ਦੋ ਕੈਪਸੂਲ ਸੀਤਲ ਨੇ ਲੈ ਲਏ ਅਤੇ ਰਾਤ ਹੋਣ ਦੀ ਉਡੀਕ ਕਰਨ ਲੱਗੀ।

ਸ਼ਾਮ ਦੇ ਛੇ ਵਜੇ ਹੀ ਸਾਰੀਆਂ ਰੋਟੀ ਖਾ ਕੇ ਵਿਹਲੀਆਂ ਹੋ ਗਈਆਂ। ਰਫ਼ੀਕਾ ਅਤੇ ਸੀਤਲ ਪਿਛਲੇ ਕਮਰੇ ਵਿਚ ਚਲੀਆਂ ਗਈਆਂ। ਸਾਈਦਾ ਗੇਟ ਨਾਲ਼ ਦੇ ਕਮਰੇ ਵਿਚ ਆ ਗਈ। ਸੱਤ ਕੁ ਵੱਜਦੇ ਨਾਲ਼ ਹੀ ਟਾਈਮ ਅਨੁਸਾਰ 'ਗਾਹਕਾਂ' ਦੀਆਂ ਕਾਰਾਂ ਜੀਪਾਂ ਘੂਕਣ ਲੱਗ ਪਈਆਂ। ਇਹ ਵਿਸ਼ਾਲ ਕੋਠੀ ਚਾਰ ਹਿੱਸਿਆਂ ਵਿਚ ਵੰਡੀ ਹੋਈ ਸੀ। ਹਰ ਹਿੱਸੇ ਵਿਚ ਪੰਜ ਪੰਜ ਕਮਰੇ ਅਤੇ ਤਿੰਨ ਤਿੰਨ ਕੁੜੀਆਂ ਸਨ। ਇਕ ਹਿੱਸੇ ਦੀਆਂ ਕੁੜੀਆਂ ਨੂੰ ਦੂਜੇ ਹਿੱਸਿਆਂ ਦੀਆਂ ਕੁੜੀਆਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ। ਕੋਠੀ ਦੇ ਉਪਰ ਚਾਰ ਹਥਿਆਰਬੰਦ ਦੱਲਿਆਂ ਦਾ ਪਹਿਰਾ ਰਹਿੰਦਾ ਸੀ। ਸਭ ਤੋਂ ਵੱਡਾ ਦੱਲਾ ਆਲਮ ਖ਼ਾਂ ਮੰਨਿਆਂ ਜਾਂਦਾ ਸੀ। ਗਰੋਹ ਦੇ ਮੁਖੀਆਂ ਤੋਂ ਬਾਅਦ ਇੱਥੇ ਆਲਮ ਖ਼ਾਂ ਦਾ ਹੁਕਮ ਚੱਲਦਾ ਸੀ ਅਤੇ ਉਹ ਪੂਰਾ ਰਿੰਡ ਪ੍ਰਧਾਨ ਸੀ। ਹਰ ਹਥਿਆਰਬੰਦ ਦੱਲੇ ਅਤੇ ਸਾਈਦਾ ਕੋਲ਼ ਆਧੁਨਿਕ ਮੋਬਾਇਲ ਫ਼ੋਨ ਸੀ। ਇਕ ਉਜਾੜ ਜਿਹੇ ਵਿਚ ਖੜ੍ਹੀ ਇਸ ਕੋਠੀ ਦੇ ਇਰਦ ਗਿਰਦ ਉਹਨਾਂ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ ਸੀ।

ਰਾਤ ਨੂੰ ਰਾਫ਼ੀਕਾ ਨੇ ਸੀਤਲ ਨੂੰ ਆਪਣੀ ਸਾਰੀ ਦਰਦ ਭਰੀ ਵਿਥਿਆ ਦੱਸਣੀ ਸ਼ੁਰੂ ਕੀਤੀ...!

....ਰਵਿੰਦਰ ਦਾ ਸਾਰਾ ਪ੍ਰੀਵਾਰ ਦਿੱਲੀ ਵਿਚ ਰਹਿੰਦਾ ਸੀ। ਰਵਿੰਦਰ ਹੋਰੀਂ ਦੋ ਭੈਣਾਂ ਅਤੇ ਤਿੰਨ ਭਰਾ ਸਨ। ਉਸ ਦੇ ਬਾਪ ਕਰਤਾਰ ਸਿੰਘ ਦਾ ਚੰਗਾ ਕਾਰੋਬਾਰ ਸੀ। ਉਸ ਦੇ ਪੰਜ ਟਰੱਕ ਚੱਲਦੇ ਸਨ। ਇਕ ਟਰੱਕ ਉਹ ਆਪ ਚਲਾਉਂਦਾ ਸੀ ਅਤੇ ਬਾਕੀ ਚਾਰ ਟਰੱਕਾਂ 'ਤੇ ਉਸ ਨੇ ਡਰਾਈਵਰ ਰੱਖੇ ਹੋਏ ਸਨ। ਰਵਿੰਦਰ ਦੀ ਮਾਂ ਬਚਨ ਕੌਰ ਇਕ ਸੁੱਘੜ ਸਿਆਣੀ ਔਰਤ ਆਪਣੇ ਬੱਚਿਆਂ ਦੀ ਦੇਖ ਭਾਲ਼ ਕਰਦੀ ਸੀ। ਉਸ ਨੇ ਸਾਰੇ ਬੱਚਿਆਂ ਨੂੰ ਪੂਰੇ ਗੁਰਸਿੱਖ ਬਣਾਇਆ ਹੋਇਆ ਸੀ ਅਤੇ ਤਿੰਨਾਂ ਮੁੰਡਿਆਂ ਦੇ ਬਚਪਨ ਤੋਂ ਹੀ ਕੇਸ ਰੱਖੇ ਹੋਏ ਸਨ। ਬਚਨ ਕੌਰ ਸਾਰੇ ਬੱਚਿਆਂ ਨਾਲ਼ ਹਰ ਰੋਜ਼ ਗੁਰਦੁਆਰੇ ਜਾਂਦੀ। ਸਵੇਰੇ ਸਾਰੇ ਬੱਚੇ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦਾ ਪਾਠ ਕਰਕੇ ਨਾਸ਼ਤਾ ਕਰਦੇ! ਅਰਦਾਸ ਕਰਕੇ ਸਕੂਲ ਜਾਂਦੇ! ਕਰਤਾਰ ਸਿੰਘ ਟਰੱਕ ਡਰਾਈਵਰ ਹੋਣ ਦੇ ਬਾਵਜੂਦ ਵੀ ਕਿਸੇ ਨਸ਼ੇ ਦੇ ਨੇੜੇ ਨਾ ਢੁੱਕਿਆ। ਉਹ ਟਰੱਕ ਵਿਚ ਸਾਰੇ ਰਾਹ ਗੁਰਬਾਣੀ ਜਾਂ ਕੀਰਤਨ ਸਰਵਣ ਕਰਦਾ ਰਹਿੰਦਾ। ਛੇਤੀ ਕੀਤੇ ਕਿਸੇ ਨਸ਼ਈ 'ਕਲੀਂਡਰ' ਨੂੰ ਆਪਣੇ ਟਰੱਕ 'ਤੇ ਨਾ ਰੱਖਦਾ। ਸਿਰਫ਼ ਉਸ ਨੂੰ ਹੀ ਕੰਮ ਦਿੰਦਾ, ਜੋ ਉਸ ਦਿਨ ਤੋਂ ਨਸ਼ੇ ਨਾ ਕਰਨ ਦੀ ਕਸਮ ਖਾਂਦਾ। ਕਈ ਤਾਂ ਉਸ ਨਾਲ਼ ਕੰਮ ਕਰਕੇ ਰਾਜ਼ੀ ਵੀ ਨਹੀਂ ਸਨ। ਉਸ ਨੂੰ ਡਰਾਈਵਰ ਨਹੀਂ, ਗੁਰਦੁਆਰੇ ਦਾ ਗਿਆਨੀ ਹੀ ਦੱਸਦੇ! ਤੁਣਕੀ ਡਰਾਈਵਰ ਨੇ ਤਾਂ ਇਕ ਦਿਨ ਕਰਤਾਰ ਨੂੰ ਤਰਕ ਮਾਰ ਕੇ ਆਖ ਹੀ ਦਿੱਤਾ ਸੀ।

-"ਕਰਤਾਰ, ਤੂੰ ਤਾਂ ਬਾਧੂ ਟਰੱਕ ਡਰੈਵਰੀ ਦੇ ਟਟਬੈਰ 'ਚ ਪੈ ਗਿਆ, ਤੂੰ ਬੱਡੇ ਭਾਈ ਨਾ ਆਪ ਖਾਣਾਂ ਤੇ ਨਾਂ ਦੂਜੇ ਨੂੰ ਖਾਣ ਦੇਣਾਂ..! ਤੂੰ ਟਰੱਕ ਡਰੈਬਰੀ ਦਾ ਛੱਡ ਖਹਿੜਾ, ਤੇ ਕਿਸੇ ਗੁਰਦੁਆਰੇ ਬਹਿ ਕੇ ਰੱਬ ਰੱਬ ਕਰ..! ਤੂੰ ਡਰੈਬਰੀ ਨੂੰ ਤਾਂ ਲਾਜ ਲਾਉਣੀ ਈ ਸੀ, ਤੂੰ ਤਾਂ ਸਾਡਾ ਡਰੈਬਰ ਭਾਈਚਾਰਾ ਵੀ ਖਰਾਬ ਕਰੀ ਜਾਨੈਂ...?"

-"ਜੇ ਨਸ਼ੇ ਛੁਡਾਉਣੇ ਈ ਡਰਾਈਵਰੀ ਨੂੰ ਲਾਜ ਲਾਉਣੀਂ ਐਂ, ਤਾਂ ਛੋਟੇ ਭਾਈ ਮੈਨੂੰ ਇਸ ਲਾਜ ਲਾਉਣ 'ਤੇ ਬੜਾ ਮਾਣ ਐਂ, ਬਈ ਚਲੋ ਕਿਸੇ ਨੇ ਤਾਂ ਇਹ ਲਾਜ ਲਾਉਣ ਆਲ਼ੀ ਲੀਹ ਤੋਰੀ..?" ਕਰਤਾਰ ਨੇ ਸ਼ਰਾਰਤੀ ਤੁਣਕੀ ਨੂੰ ਪੁੱਠੀ ਪਲਟੀ ਦਿੱਤੀ। ਡਰਾਈਵਰਾਂ ਵਿਚ ਕਰਤਾਰ ਇੱਕੋ ਇਕ ਡਰਾਈਵਰ ਸੀ, ਜੋ ਕੋਈ ਨਸ਼ਾ ਪੱਤਾ ਨਹੀਂ ਕਰਦਾ ਸੀ।

31 ਅਕਤੂਬਰ ਦਾ ਦਿਨ ਸੀ। ਹਿੰਦੋਸਤਾਨ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਉਸ ਨੂੰ ਕਤਲ ਕਰਨ ਵਾਲ਼ੇ ਦੋ ਸਿੱਖ ਸਨ। ਇਕ ਤਾਂ ਵਿਰੋਧੀ ਕਾਰਵਾਈ ਕਾਰਨ ਥਾਂ 'ਤੇ ਹੀ ਮਾਰਿਆ ਗਿਆ ਸੀ ਅਤੇ ਦੂਜਾ ਸਖ਼ਤ ਫ਼ੱਟੜ ਸੀ। ਇਸ ਕਾਂਡ ਕਾਰਨ ਦਿੱਲੀ, ਕਾਨਪੁਰ ਅਤੇ ਬੁਖ਼ਾਰੋ ਦੇ ਸਿੱਖਾਂ ਦੀ ਸ਼ਾਮਤ ਆ ਗਈ। ਚਾਹੇ ਦੋ ਸਿੱਖਾਂ ਦੇ ਇਸ ਕਾਰੇ ਨਾਲ਼ ਸਾਰੀ ਕੌਮ ਦੋਸ਼ੀ ਨਹੀਂ ਹੋ ਗਈ ਸੀ। ਪਰ ਕੁਝ ਕੱਟੜ ਹਿੰਦੂਆਂ ਅਤੇ ਇੰਦਰਾ ਗਾਂਧੀ ਪੱਖੀਆਂ ਨੇ ਸਿੱਖਾਂ ਨੂੰ ਘਰਾਂ 'ਚੋਂ ਬਾਹਰ ਕੱਢ ਕੱਢ ਕੇ ਉਹਨਾਂ ਦਾ ਸ਼ਰੇਆਮ ਕਤਲੇਆਮ ਕਰਨਾਂ ਸ਼ੁਰੂ ਕਰ ਦਿੱਤਾ। ਪ੍ਰਸ਼ਾਸਨ ਚੁੱਪ ਸੀ! ਪੁਲੀਸ ਤਮਾਸ਼ਬੀਨ ਬਣੀ ਹੋਈ ਸੀ। ਸਿੱਖ ਆਪਣੇ ਭਰੇ ਭਰਾਏ ਘਰ ਬਾਰ ਅਤੇ ਮਲਕੀਅਤ ਛੱਡ ਕੇ ਪ੍ਰੀਵਾਰਾਂ ਦੀ ਜਾਨ ਬਚਾਉਣ ਲਈ ਜਿੱਧਰ ਮੂੰਹ ਆਇਆ, ਬਚਾਓ ਲਈ ਭੱਜ ਤੁਰੇ...। ਜਿਹੜੇ ਮੁਕਾਬਲਾ ਕਰਨ ਦੇ ਸਮਰੱਥ ਸਨ, ਉਹਨਾਂ ਨੇ ਹਮਲਾਵਰਾਂ ਦਾ ਮੁਕਾਬਲਾ ਵੀ ਡੱਟ ਕੇ ਕੀਤਾ। ਪਰ ਇਤਨੇ ਹਜੂਮ ਸਾਹਮਣੇ 'ਕੱਲੇ-ਦੁਕੱਲੇ ਸਿੱਖ ਦਾ ਕੀ ਵੱਟਿਆ ਜਾਣਾਂ ਸੀ..? ਕੁਝ ਰਹਿਮ ਦਿਲ ਹਿੰਦੂ ਪ੍ਰੀਵਾਰਾਂ ਨੇ ਕੁਝ ਸਿੱਖਾਂ ਦੀ ਮੱਦਦ ਵੀ ਕੀਤੀ। ਜਿਸ ਬਦਲੇ ਉਹਨਾਂ ਹਿੰਦੂਆਂ ਦੇ ਵੀ ਘਰ ਘਾਟ ਅੱਗ ਦੀ ਭੇਟ ਕਰ ਦਿੱਤੇ ਗਏ। ਕੁਝ ਕੁ ਨੂੰ ਫ਼ੱਟੜ ਅਤੇ ਕੁਝ ਕੁ ਨੂੰ ਮਾਰਿਆ ਵੀ ਗਿਆ।

ਦਿੱਲੀ ਦੇ ਇਸ ਏਰੀਏ ਵਿਚ ਅਜੇ ਸ਼ਾਂਤੀ ਸੀ, ਜਿੱਥੇ ਕਰਤਾਰ ਦਾ ਟੱਬਰ ਵੱਸਦਾ ਸੀ। ਕਰਤਾਰ ਟਰੱਕ ਲੈ ਕੇ ਉੜੀਸਾ ਗਿਆ ਹੋਇਆ ਸੀ। ਕਿੰਨੇ ਦਿਨ ਹੋ ਗਏ ਸਨ। ਉਹ ਪਰਤਿਆ ਨਹੀਂ ਸੀ। ਉਸ ਦਾ ਸਾਰਾ ਆਂਢ ਗੁਆਂਢ ਕਰਤਾਰ ਦੇ ਪ੍ਰੀਵਾਰ ਨੂੰ ਬੜਾ ਚੰਗਾ ਸਮਝਦਾ ਸੀ। ਗੁਆਂਢੀਆਂ ਨੇ ਬਚਨ ਕੌਰ ਕੋਲ਼ ਹਿੱਕ ਥਾਪੜੀ ਸੀ ਕਿ ਉਹ ਬੇਫ਼ਿਕਰ ਰਹੇ..! ਉਹਨਾਂ ਦੇ ਹੁੰਦਿਆਂ ਕੋਈ ਬਚਨ ਕੌਰ ਜਾਂ ਉਸ ਦੇ ਪ੍ਰੀਵਾਰ ਵੱਲ ਅੱਖ ਪੱਟ ਕੇ ਨਹੀਂ ਝਾਕ ਸਕਦਾ। ਇਸ ਕਰਕੇ ਬਚਨ ਕੌਰ ਦਾ ਦਿਲ ਕੁਝ ਟਿਕਾਣੇ ਸੀ। ਦਿੱਲੀ ਵਿਚ

ਮੱਚੀ ਅੱਗ ਹਰ ਰੋਜ਼ ਹੀ ਸੈਂਕੜੇ ਸਿੱਖਾਂ ਦੀ ਬਲੀ ਲੈ ਰਹੀ ਸੀ। ਨਿੱਤ ਨਵੀਆਂ ਖ਼ਬਰਾਂ ਕਾਲ਼ਜਾ ਕੱਢ ਲੈਂਦੀਆਂ ਸਨ। ਅੱਗ ਦੇ ਲਾਂਬੂ ਘਟਦੇ ਨਹੀਂ, ਦਿਨੋਂ ਦਿਨ ਵੱਧ ਰਹੇ ਸਨ। ਲਾਟਾਂ ਹੋਰ ਉਚੀਆਂ ਹੁੰਦੀਆਂ ਜਾ ਰਹੀਆਂ ਸਨ। ਹਜ਼ਾਰਾਂ ਨਿਰਦੋਸ਼ ਅਗਨ ਭੇਂਟ ਕੀਤੇ ਜਾ ਚੁੱਕੇ ਸਨ ਅਤੇ ਅਰਬਾਂ ਦੀ ਜਾਇਦਾਦ ਸਾੜ ਕੇ ਰਾਖ਼ ਕੀਤੀ ਜਾ ਚੁੱਕੀ ਸੀ।

ਐਤਵਾਰ ਦਾ ਦਿਨ ਸੀ।

ਕਰਤਾਰ ਅਜੇ ਵੀ ਵਾਪਿਸ ਨਹੀਂ ਆਇਆ ਸੀ। ਬਚਨ ਕੌਰ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਉਹ ਵਾਰ ਵਾਰ ਗੁਰੂ ਨੂੰ ਧਿਆਉਂਦੀ। ਅਰਦਾਸਾਂ ਕਰਦੀ।

ਦੁਪਿਹਰ ਦੇ ਗਿਆਰਾਂ ਵੱਜੇ ਸਨ। ਰਵਿੰਦਰ ਉਪਰ ਪਾਣੀ ਵਾਲ਼ੀ ਟੈਂਕੀ ਸਾਫ਼ ਕਰ ਰਹੀ ਸੀ। ਉਸ ਦੀ ਸੋਲ਼ਾਂ ਕੁ ਸਾਲ ਦੀ ਛੋਟੀ ਭੈਣ ਮਿੰਦਰ ਹੇਠਾਂ ਸਬਜ਼ੀ ਕੱਟ ਰਹੀ ਸੀ। ਰਵਿੰਦਰ ਦਾ ਇਕ ਭਰਾ ਕੇਸੀ ਨਹਾ ਕੇ ਹਟਿਆ ਸੀ ਅਤੇ ਦੂਜੇ ਦੋ ਭਰਾ ਪੜ੍ਹ ਰਹੇ ਸਨ।

ਅਚਾਨਕ ਭੜ੍ਹਕੀ ਭੀੜ੍ਹ ਨੇ ਬਚਨ ਕੌਰ ਦੇ ਘਰ 'ਤੇ ਹੱਲਾ ਬੋਲ ਦਿੱਤਾ। ਲੋਹੇ ਦਾ ਗੇਟ ਤੋੜ ਕੇ ਹਜੂਮ ਅੰਦਰ ਆ ਵੜਿਆ ਅਤੇ ਉਸ ਦੇ ਵੱਡੇ ਭਰਾ ਨੂੰ ਚੁੱਕ ਕੇ ਉਸ ਦੇ ਲੰਮੇ ਕੇਸ ਬਿਜਲੀ ਦੀਆਂ ਨੰਗੀਆਂ ਤਾਰਾਂ ਨਾਲ਼ ਬੰਨ੍ਹ ਦਿੱਤੇ ਅਤੇ ਬਟਨ ਦੱਬ ਦਿੱਤਾ। ਜਿੱਥੇ ਉਹ ਚਾਰ ਸੌ ਚਾਲ਼ੀ ਵੋਲਟ ਦੀ ਬਿਜਲੀ ਦੇ ਕਰੰਟ ਨਾਲ਼ ਕੁਝ ਪਲਾਂ ਅੰਦਰ ਹੀ ਤੜਫ਼ ਕੇ ਮਰ ਗਿਆ। ਬਚਨ ਕੌਰ ਨੇੜਲੇ ਗੁਰਦੁਆਰੇ ਗਈ ਹੋਈ ਸੀ। ਜਦੋਂ ਰਵਿੰਦਰ ਦੇ ਵੱਡਿਓਂ ਛੋਟੇ ਭਰਾ ਨੂੰ ਹਮਲਾਵਰਾਂ ਨੇ ਬਾਹਰ ਕੱਢਿਆ ਤਾਂ ਕੁਦਰਤ ਰੱਬ ਦੀ ਬਚਨ ਕੌਰ ਗੁਰਦੁਆਰੇ ਤੋਂ ਵਾਪਿਸ ਆ ਰਹੀ ਸੀ। ਜਦੋਂ ਉਸ ਨੇ ਹਜੂਮ ਆਪਣੇ ਘਰ ਦੇ ਸਾਹਮਣੇ ਖੜ੍ਹਾ ਦੇਖਿਆ ਤਾਂ ਉਸ ਦੀਆਂ ਖਾਨਿਓਂ ਗੁਆਚ ਗਈਆਂ। ਉਹ ਸਿਰ ਤੋੜ ਹਮਲਾਵਰਾਂ ਦੀ ਭੀੜ੍ਹ ਨੂੰ ਚੀਰਦੀ ਆਪਣੇ ਪੁੱਤ ਉਪਰ ਜਾ ਡਿੱਗੀ। ਉਸ ਨੇ ਗੁਆਂਢੀਆਂ ਨੂੰ 'ਬਚਾਓ-ਬਚਾਓ' ਦੇ ਵਸਤੇ ਪਾਏ। ਪਰ ਹਜੂਮ ਦਾ ਪਲੜਾ ਭਾਰੀ ਦੇਖ ਕੇ ਸਾਰੇ ਦੜ ਵੱਟ ਗਏ ਸਨ। ਕਿਸੇ ਦੀ ਬਲ਼ਦੀ ਵਿਚ ਕੌਣ ਹੱਥ ਪਾਉਂਦੈ..?

ਪੁੱਤ ਦੇ ਉਪਰ ਢਾਲ ਬਣ ਕੇ ਡਿੱਗੀ ਬਚਨ ਕੌਰ ਦੁਹਾਈਆਂ ਦਿੰਦੀ, ਉਹਨਾਂ ਦੇ ਵਾਸਤੇ ਪਾਉਂਦੀ ਰਹੀ। ਪਰ ਸੁਣਨੀ ਕਿਸ ਨੇ ਸੀ...? ਉਪਰ ਟੈਂਕੀ ਸਾਫ਼ ਕਰਦੀ ਰਵਿੰਦਰ ਦੀਆਂ ਅੱਖਾਂ ਮੂਹਰੇ ਭੂਚਾਲ਼ ਆਇਆ ਹੋਇਆ ਸੀ। ਉਹ ਭੀੜ੍ਹ ਤੋਂ ਡਰੀ ਟੈਂਕੀ ਵਿਚ ਹੀ ਦੜ ਗਈ ਸੀ। ਟੈਂਕੀ ਵਿਚਲੀ ਮੋਰੀ ਵਿਚੋਂ ਉਸ ਨੂੰ ਉਸ ਦਾ ਸਾਰਾ ਘਰ ਨਜ਼ਰ ਆ ਰਿਹਾ ਸੀ। ਰਵਿੰਦਰ ਦੀਆਂ ਅੱਖਾਂ ਆਪਣੀ ਨਿੱਕੀ ਭੈਣ ਮਿੰਦਰ ਨੂੰ ਲੱਭ ਰਹੀਆਂ ਸਨ। ਪਰ ਮਿੰਦਰ ਵੀ ਦੁਸ਼ਟਾਂ ਤੋਂ ਡਰ ਕੇ ਕੱਪੜਿਆਂ ਵਾਲ਼ੀ ਪੇਟੀ ਵਿਚ ਛੁਪ ਗਈ ਸੀ।

ਮਾਂ ਦੇ ਵੈਣ, ਕੀਰਨੇ ਅਤੇ ਤਰਲੇ ਪਾਉਣ ਦੇ ਬਾਵਜੂਦ ਵੀ ਉਸ ਦੇ ਪੁੱਤ ਨੂੰ ਕਿਸੇ ਨੇ ਨਾਂ ਬਖ਼ਸ਼ਿਆ। ਉਹਨਾਂ ਨੇ ਬਚਨ ਕੌਰ ਨੂੰ ਚੁੱਕ ਕੇ ਇੱਟ ਵਾਂਗ ਇਕ ਪਾਸੇ ਮਾਰਿਆ ਅਤੇ ਮੁੰਡੇ ਦੇ ਸਿਰ ਵਿਚ ਲੋਹੇ ਦੀ ਲੱਠ ਮਾਰ ਕੇ ਬੇਸੁਰਤ ਕਰ ਦਿੱਤਾ ਅਤੇ ਗਲ਼ ਵਿਚ ਟਾਇਰ ਪਾ ਕੇ ਅੱਗ ਲਾ ਦਿੱਤੀ...! ਮਾਂ ਦਾ ਛੋਟਾ ਅਤੇ ਸੁੱਖੀ ਲੱਧਾ ਲਾਡਲਾ ਪੁੱਤ ਅੱਗ ਲੱਗਣ ਕਾਰਨ ਤੜਫ਼ ਉਠਿਆ ਅਤੇ ਉਸ ਨੇ ਲਾਟਾਂ ਵਿਚ ਭੁੱਜਦੇ ਨੇ ਪੀੜ ਨਾਲ਼ ਟੱਪਣਾਂ ਸ਼ੁਰੂ ਕਰ ਦਿੱਤਾ। ਭੀੜ੍ਹ ਹੱਸ ਰਹੀ ਸੀ। ਖ਼ੂਨੋਂ ਖ਼ੂਨ ਹੋਏ ਜ਼ਖ਼ਮੀ ਦਿਲ 'ਤੇ ਚੋਭਾਂ ਮਾਰ ਰਹੀ ਸੀ, ''ਦੇਖੋ, ਸਰਦਾਰ ਨਾਚ ਕਰ ਰਹਾ ਹੈ...!'' ਲਾਡਲੇ ਅਤੇ ਸਧਰਾਂ ਨਾਲ਼ ਪਾਲ਼ੇ ਪੁੱਤ ਦੀ ਇਹ ਹਾਲਤ ਦੇਖ ਕੇ ਮਾਂ ਬੇਹੋਸ਼ ਹੋ ਕੇ ਸਪਾਲ਼ ਡਿੱਗ ਪਈ। ਰਵਿੰਦਰ ਅਜੇ ਵੀ ਸਹਿਮੀ ਟੈਂਕੀ ਵਿਚ ਹੀ ਬੈਠੀ ਸੀ। ਅੱਡੀਆਂ ਹੋਈਆਂ ਅੱਖਾਂ ਨਾਲ ਸਾਰਾ ਤਾਂਡਵ ਨਾਚ ਦੇਖਦੀ! ਉਹ ਚਾਹੁੰਦੀ ਹੋਈ ਵੀ ਕਿਸੇ ਦੀ ਮੱਦਦ ਨਹੀਂ ਕਰ ਸਕੀ ਸੀ। ਉਸ ਦੇ ਦਿਲ ਵਿਚ ਇਹ ਹੀ ਡਰ ਸੀ ਕਿ ਮੇਰਾ ਪ੍ਰੀਵਾਰ ਤਾਂ ਦੁਸ਼ਟਾਂ ਨੇ ਖਪਾ ਦਿੱਤਾ, ਮੇਰੀ ਪਤਾ ਨਹੀਂ ਕੀ ਭੈੜ੍ਹੀ ਹਾਲਤ ਕਰਨਗੇ...? ਡਰ ਆਦਮੀ ਨੂੰ ਬੁੱਲ੍ਹ ਸੀਣ ਅਤੇ ਲਹੂ ਦੀ ਘੁੱਟ ਪੀ ਕੇ ਚੁੱਪ ਚਾਪ ਜਿਉਣ ਲਈ ਮਜਬੂਰ ਕਰ ਦਿੰਦਾ ਹੈ! ਕਿਸੇ ਦੁਰਗਤੀ ਦੇ ਡਰ ਨੇ ਰਵਿੰਦਰ ਨੂੰ ਟੈਂਕੀ ਵਿਚੋਂ ਹਿੱਲਣ ਨਾ ਦਿੱਤਾ। ਉਹ ਪੱਥਰ ਬਣੀ ਸਾਰਾ ਕੁਝ ਮੋਰੀ ਵਿਚੋਂ ਦੇਖਦੀ ਰਹੀ ਸੀ। ਤੀਜੇ ਭਰਾ ਦੀ ਵੀ ਏਹਿ ਦੁਰਦਸ਼ਾ ਕੀਤੀ ਗਈ। ਉਸ ਉਪਰ ਮਿੱਟੀ ਦਾ ਤੇਲ ਸੁੱਟ ਕੇ ਅੱਗ ਲਾ ਦਿੱਤੀ ਗਈ ਅਤੇ ''ਸਰਦਾਰ ਭੰਗੜਾ ਕਰ ਰਹਾ ਹੈ'' ਦੀਆਂ ਅਵਾਜ਼ਾਂ ਹਾਸੇ ਵਿਚ ਫਿਰ ਉਚੀਆਂ ਉਠੀਆਂ!

ਤਿੰਨੇ ਭਰਾਵਾਂ ਦੀ ਬਲੀ ਲੈਣ ਤੋਂ ਬਾਅਦ ਹੁਣ ਵਾਰੀ ਆਈ ਲੁੱਟ ਖ਼ਸੁੱਟ ਦੀ! ਭੜ੍ਹਕੀ ਭੀੜ੍ਹ ਬਾਂਦਰਾਂ ਵਾਂਗ ਅੰਦਰ ਵੜ ਘਰ ਨੂੰ ਲੁੱਟਣ ਲੱਗ ਪਈ। ਜਿਸ ਦੇ ਜੋ ਹੱਥ ਆਇਆ, ਪਤਾ ਨਹੀਂ ਕਿੱਧਰ ਨੂੰ ਲਿਜਾਇਆ ਜਾ ਰਿਹਾ ਸੀ? ਅਖੀਰ ਉਹਨਾਂ ਨੇ ਉਹ ਪੇਟੀ ਜਾ ਖੋਲ੍ਹੀ, ਜਿਸ ਵਿਚ ਮਿੰਦਰ ਛੁਪੀ ਹੋਈ ਸੀ। ਦੇਖ ਕੇ ਭੀੜ੍ਹ ਦੰਗ ਰਹਿ ਗਈ।

-"ਅਰੇ ਬਹਿਨ ਚੋ, ਅਸਲ ਮਾਲ ਤੋ ਇਧਰ ਛੁਪਾ ਹੂਆ ਹੈ...!" ਇਕ ਕਰੂਪ ਜਿਹੀ ਸ਼ਕਲ ਵਾਲ਼ੇ ਨੇ ਬਰਾਛਾਂ ਖਿਲਾਰ ਕੇ ਆਖਿਆ।

ਭੀੜ੍ਹ ਮਿੰਦਰ 'ਤੇ ਟੁੱਟ ਪਈ...! ਮਿੰਦਰ ਦੀਆਂ ਚੀਕਾਂ ਭੀੜ੍ਹ ਦੇ ਹਾਸੇ ਵਿਚ ਮਰ ਮੁੱਕ ਰਹੀਆਂ ਸਨ। ਪਤਾ ਨਹੀਂ ਕਿੰਨਿਆਂ ਦੁਸ਼ਟਾਂ ਨੇ ਬੇਰਹਿਮੀ ਨਾਲ਼ ਮਿੰਦਰ ਨਾਲ਼ ਬਲਾਤਕਾਰ ਕੀਤਾ! ਦੋ ਘੰਟੇ ਭੀੜ੍ਹ ਮਿੰਦਰ ਨੂੰ ਨੋਚਦੀ, ਬੁਰਕੀਏਂ ਖਾਂਦੀ ਰਹੀ। ਬਾਲ ਵਰੇਸ ਮਿੰਦਰ ਪੀੜ ਨਾ ਜਰਦੀ ਬੇਹੋਸ਼ ਹੋ ਗਈ ਸੀ। ਜਦ ਸਾਰੇ ਆਪਣੇ ਮੰਦੇ ਕਾਰਜ ਤੋਂ ਵਿਹਲੇ ਹੋਏ, ਤਾਂ ਇਕ ਨੇ ਵਿਹੜੇ ਵਿਚ ਪਈ ਕੋਕਾ ਕੋਲਾ ਦੀ ਖਾਲੀ ਬੋਤਲ ਚੁੱਕੀ ਅਤੇ ਮੂੰਹ ਵਾਲ਼ੇ ਪਾਸਿਓਂ ਮਿੰਦਰ ਦੇ ਲਹੂ ਲੁਹਾਣ ਹੋਏ ਗੁਪਤ ਅੰਗ ਵਿਚ ਦੇ ਕੇ, ਉਸ ਨੂੰ ਅੱਡੀ ਦੇ ਪੂਰੇ ਜੋਰ ਨਾਲ਼ ਮਿੰਦਰ ਦੇ ਅੰਦਰ ਧੱਕ ਦਿੱਤਾ। ਅਥਾਹ ਦਰਦ ਨਾਲ਼ ਮਿੰਦਰ ਨੇ ਆਖਰੀ ਬਲ ਇਕੱਤਰ ਕਰ ਕੇ ਇਕ ਚੀਕ ਮਾਰੀ ਅਤੇ ਫਿਰ ਉਸ ਨੇ ਸਦੀਵੀ ਚੁੱਪ ਧਾਰ ਲਈ...! ਕੱਟੀਦੇ ਬੱਕਰੇ ਵਾਂਗ..! ਅੰਦਰ ਮਿੰਦਰ ਦੀ ਅਤੇ ਬਾਹਰ ਤਿੰਨ ਭਰਾਵਾਂ ਦੀਆਂ ਲਾਸ਼ਾਂ ਸਮਾਜ ਦੇ ਚਿਹਰੇ 'ਤੇ ਕਲੰਕ ਬਣੀਆਂ ਪਈਆਂ ਲੋਕਤੰਤਰ ਦਾ ਮੂੰਹ ਚਿੜਾ ਰਹੀਆਂ ਸਨ। ਪ੍ਰਸ਼ਾਸਨ 'ਤੇ ਇਕ ਗ੍ਰਹਿਣ..! ਰਵਿੰਦਰ ਗੂੰਗੀ-ਬੋਲ਼ੀ ਹੀ ਤਾਂ ਹੋ ਗਈ ਸੀ। ਉਸ ਨੂੰ ਜਿਵੇਂ ਸੁਣਨਾਂ ਬੰਦ ਹੋ ਗਿਆ ਸੀ। ਜੁਬਾਨ ਤਾਲੂਏ ਲੱਗ ਗਈ ਸੀ। ਅੱਖਾਂ ਅੱਗੇ ਹਨ੍ਹੇਰ ਛਾ ਗਿਆ ਸੀ! ਇਸ ਜੱਗੋਂ ਤੇਰਹਵੀਂ ਨੇ ਉਸ ਨੂੰ ਬੌਰੀ ਕਰ ਸੁੱਟਿਆ ਸੀ!

ਜਦੋਂ ਉਸ ਦੀ ਮਾਂ ਬਚਨ ਕੌਰ ਨੂੰ ਹੋਸ਼ ਆਈ ਤਾਂ ਉਸ ਨੇ ਕਮਲ਼ਿਆਂ ਵਾਂਗ ਅੱਗੇ ਪਿੱਛੇ ਦੇਖਿਆ ਅਤੇ ਸਿਰ ਤੋੜ ਦੌੜ ਪਈ। ਵੱਡੇ ਪੁੱਤ ਦੀ ਲਾਸ਼ ਖੰਭੇ ਦੀਆਂ ਤਾਰਾਂ ਵਿਚ ਫ਼ਸੀ ਪਈ ਸੀ। ਕਿਸੇ ਕਾਂ ਦੀ ਤਰ੍ਹਾਂ...! ਵਿਚਕਾਰਲੇ ਅਤੇ ਛੋਟੇ ਸੁੱਖੀ ਲੱਧੇ ਪੁੱਤਰ ਦੀ ਲਾਸ਼ ਪਛਾਣੀ ਤੱਕ ਨਹੀਂ ਜਾ ਰਹੀ ਸੀ। ਉਹ ਸੜ-ਬਲ਼ ਕੇ ਇਕ ਗੰਢ ਜਿਹੀ ਹੀ ਬਣ ਕੇ ਰਹਿ ਗਏ ਸਨ। ਸਧਰਾਂ ਨਾਲ਼ ਪਾਲ਼ੇ ਪੁੱਤਾਂ ਦੀਆਂ ਲਾਸ਼ਾਂ ਦੀ ਬੁਰੀ ਹਾਲਤ ਦੇਖੀ ਤਾਂ ਮਾਂ ਨੇ ਅਸਮਾਨ ਵੱਲ ਦੇਖਿਆ ਅਤੇ ਫਿਰ ਛਾਤੀ 'ਤੇ ਦੁਹੱਥੜ ਮਾਰ ਕੇ ਕੀਰਨਾ ਪਾਇਆ, "ਵੇ ਮੈਂ ਤੇਰੇ ਹੁੰਦੇ ਲੁੱਟੀ ਗਈ ਵੇ ਮੇਰਿਆ ਡਾਢਿਆ ਰੱਬਾ...! ਵੇ ਇਹਨਾਂ ਨੇ ਤਾਂ ਜੱਗ ਦਾ ਵੀ ਅਜੇ ਕੁਛ ਨ੍ਹੀ ਸੀ ਦੇਖਿਆ ਵੇ ਨਿਰਦਈਆ ਰੱਬਾ...! ਵੇ ਮੇਰੇ ਪੁੱਤਾਂ ਨੇ ਤਾਂ ਕਦੇ ਕੀੜੀ 'ਤੇ ਵੀ ਪੈਰ ਨਹੀਂ ਸੀ ਧਰਿਆ ਵੇ ਮੇਰਿਆ ਬੇਰਹਿਮਿਆਂ ਰੱਬਾ...! ਵੇ ਤੂੰ ਸਾਥੋਂ ਕਿਹੜੇ ਜੁੱਗ ਦਾ ਬਦਲਾ ਲੈ ਲਿਆ ਵੇ ਮੇਰਿਆ ਦੁਸ਼ਮਣਾਂ ਰੱਬਾ...! ਵੇ ਐਦੂੰ ਤਾਂ ਮੈਨੂੰ ਪੁੱਤ ਨਾ ਈ ਦਿੰਦਾ ਵੇ ਡਾਢਿਆ ਰੱਬਾ..! ਵੇ ਤੈਨੂੰ ਮੇਰੇ 'ਤੇ ਜਰਾ ਵੀ ਤਰਸ ਨਾ ਆਇਆ ਵੇ ਸੁੱਤਿਆ ਰੱਬਾ...!" ਤੇ ਉਸ ਨੇ ਆਖਰੀ ਵਾਰ ਆਪਣੀ ਅਤੰਤ ਛਾਤੀ ਪਿੱਟੀ ਅਤੇ ਮਾਂ 'ਫ਼ੜਾਕ' ਕਰਦੀ ਧਰਤੀ 'ਤੇ ਵਿਛ ਗਈ ਅਤੇ ਮੁੜ ਕਦੇ ਨਾ ਉਠੀ...!

....ਰਫ਼ੀਕਾ ਦੀ ਹਿਰਦੇਵੇਧਕ, ਪਰ ਸੱਚੀ ਹੱਡ ਬੀਤੀ ਸੁਣ ਕੇ ਸੀਤਲ ਦੇ ਹੰਝੂ 'ਪਰਲ਼-ਪਰਲ਼' ਉਸਦੀ ਛਾਤੀ 'ਤੇ ਡਿੱਗੀ ਜਾ ਰਹੇ ਸਨ। ਰਫ਼ੀਕਾ ਵੀ ਰੋ ਰਹੀ ਸੀ। ਕਾਫ਼ੀ ਦੇਰ ਬਾਅਦ ਅੱਜ ਉਸ ਨੇ ਕਿਸੇ ਨਾਲ਼ ਦਿਲ ਦਾ ਦੁਖੜਾ ਸਾਂਝਾ ਕੀਤਾ ਸੀ। ਹਿਰਦੇ ਦੇ ਨਾਸੂਰਾਂ ਵਕਤ ਨਾਲ਼ ਆਠਰ ਗਏ ਸਨ। ਪਰ ਅੱਜ ਸੀਤਲ ਨੂੰ ਨੰਗਾ ਸੱਚ ਦੱਸ ਕੇ ਫਿਰ ਰਿਸਣ ਲੱਗ ਪਏ ਸਨ।

-"ਫਿਰ ਬਾਪੂ ਜੀ ਵੀ ਨਹੀਂ ਘਰ ਆਏ..?" ਸੀਤਲ ਉਸ ਦੇ ਦੁੱਖ ਵਿਚ ਪਾਣੀਓਂ ਪਾਣੀ ਹੋਈ ਬੈਠੀ ਸੀ।

-"ਤੁਰ ਗਏ ਕਿਤੇ ਮੁੜੇ ਐ ਸੀਤਲ...? ਜੇ ਉਹ ਜਿਉਂਦੇ ਹੁੰਦੇ, ਕਿਤੇ ਹੁਣ ਤੱਕ ਉਹਨਾਂ ਦਾ ਪਤਾ ਨਾ ਚੱਲਦਾ..?" ਉਸ ਨੇ ਧੁਖ਼ਦੇ ਦਿਲ 'ਚੋਂ ਬਲ਼ਦਾ ਹਾਉਕਾ ਲਿਆ।

-"ਫੇਰ ਤੂੰ ਇੰਗਲੈਂਡ ਕਿਵੇਂ ਪਹੁੰਚੀ...?"

-"ਇਕ ਰਿਸ਼ਤੇਦਾਰ ਦੇ ਮਨ ਮਿਹਰ ਪਈ ਜਾਂ ਖੋਟ ਆਈ, ਰੱਬ ਜਾਣੇ..! ਉਹ ਟਰੱਪਲ਼ ਮਾਰ ਕੇ

ਮੈਨੂੰ ਇੰਗਲੈਂਡ ਲੈ ਆਇਆ, ਅਖੇ ਮੈਂ ਆਪੇ ਤੇਰੀ ਸ਼ਾਦੀ ਕਰੂੰ..! ਪਰ ਕਰਨੀ ਕੀਹਨੇ ਸੀ...? ਮੈਨੂੰ ਇਕ ਕੱਪੜੇ ਸਿਉਣ ਵਾਲ਼ੀ ਫ਼ੈਕਟਰੀ 'ਚ ਕੰਮ 'ਤੇ ਲੁਆ ਦਿੱਤਾ..! ਫ਼ੈਕਟਰੀ ਕਿਸੇ ਦੇਸੀ ਬੰਦੇ ਦੀ ਹੀ ਸੀ, ਮੇਰਾ ਰਿਸ਼ਤੇਦਾਰ ਮੇਰੀ ਕਮਾਈ ਸਾਰੀ ਫੜ ਲੈਂਦਾ..! ਦਿਨ ਟੱਪਦਿਆਂ ਨੂੰ ਕੀ ਲੱਗਦੈ..? ਦਿਨ ਤੋੜਦੀ ਰਹੀ, ਤੇ ਉਦੋਂ ਨੂੰ ਮੇਰਾ ਵੀਜ਼ਾ ਲੰਘ ਗਿਆ..! ਮੈਂ ਬਿਨਾ ਵੀਜ਼ੇ ਤੋਂ ਕੰਮ ਕਰਦੀ ਰਹੀ...! ਮੇਰੇ ਸਿਰ ਤੋਂ ਪਾਣੀ ਤਾਂ ਉਦੋਂ ਲੰਘਿਆ, ਜਦੋਂ ਉਸ ਦੇ ਘਰਵਾਲ਼ੀ ਆਬਦੀ ਮਾਂ ਮਰੀ ਤੋਂ ਦੋ ਕੁ ਮਹੀਨੇ ਲਈ ਇੰਡੀਆ ਚਲੀ ਗਈ, ਤੇ ਉਹਨੇ ਮੈਨੂੰ ਸਤੀ ਸਵਿਤਰੀ ਨੂੰ ਜ਼ਬਰਦਸਤੀ ਆਬਦੀ ਘਰਵਾਲ਼ੀ ਦੀ ਥਾਂ ਵਰਤਣਾਂ ਸ਼ੁਰੂ ਕਰ ਦਿੱਤਾ...!" ਤੇ ਰਫ਼ੀਕਾ ਦਾ ਫਿਰ ਰੋਣ ਨਿਕਲ਼ ਗਿਆ।

-"ਨਾਲ਼ੇ ਕਹਿੰਨੀ ਐਂ ਬਈ ਤੇਰਾ ਉਹ ਰਿਸ਼ਤੇਦਾਰ ਸੀ...?" ਗੱਲ ਸੀਤਲ ਦੇ ਹਲ਼ਕ ਵਿਚ ਦੀ ਥੱਲੇ ਨਾ ਉਤਰੀ।

-"ਬਹੁਤ ਦੂਰ ਦਾ ਰਿਸ਼ਤੇਦਾਰ ਸੀ, ਸਾਡੇ ਘਰਦਿਆਂ ਨਾਲ਼ ਦੂਰੋਂ ਕੋਈ ਅਟੀ ਸਟੀ ਰਲ਼ਦੀ ਸੀ..! ਉਹ ਦਾਰੂ ਪੀ ਕੇ ਮੈਨੂੰ ਹਰ ਰੋਜ ਈ ਮਧੋਲ਼ਦਾ, ਸਾਰੀ ਸਾਰੀ ਰਾਤ..! ਜਦੋਂ ਮੈਂ ਇਕ ਦਿਨ ਉਸ ਦੀ ਘਰਵਾਲ਼ੀ ਨੂੰ ਦੱਸਣ ਬਾਰੇ ਆਖਿਆ, ਤਾਂ ਉਹਨੇ ਪੀ ਕੇ ਰਾਤ ਨੂੰ ਮੈਨੂੰ ਘਰੋਂ ਕੱਢ ਦਿੱਤਾ, ਤੇ ਮੈਂ ਸੜਕਾਂ 'ਤੇ ਧੱਕੇ ਖਾਂਦੀ ਬੁੱਢੇ ਖ਼ਾਲਿਦ ਦੇ ਢਹੇ ਚੜ੍ਹਗੀ...! ਦੇਖ ਸੀਤਲ, ਬੰਦਾ ਵਿਸ਼ਵਾਸ ਕਰੇ ਤਾਂ ਕਿਸ 'ਤੇ ਕਰੇ..? ਧਰਤੀ ਵਿਸ਼ਵਾਸ ਆਸਰੇ ਖੜ੍ਹੀ ਐ..! ਜਦੋਂ ਆਪਾਂ ਜਹਾਜ 'ਤੇ ਚੜ੍ਹਦੇ ਆਂ, ਆਪਾਂ ਕਦੇ ਪਾਇਲਟ ਨੂੰ ਪੁੱਛਿਐ ਬਈ ਤੈਨੂੰ ਜਹਾਜ ਚਲਾਉਣਾ ਆਉਂਦੈ ਕਿ ਨਹੀਂ...? ਆਪਾਂ ਬੱਸ ਵਿਚ ਚੜ੍ਹਦੇ ਆਂ, ਕਦੇ ਡਰਾਈਵਰ ਨੂੰ ਪੁੱਛਿਐ ਬਈ ਤੂੰ ਅਣਜਾਣ ਡਰਾਈਵਰ ਤਾਂ ਨਹੀਂ...? ਅਸੀਂ ਉਹਨਾਂ 'ਤੇ ਇਤਬਾਰ ਕਰਕੇ ਬੈਠ ਜਾਂਦੇ ਹਾਂ, ਪਰ ਹਾਦਸੇ ਫਿਰ ਵੀ ਹੋ ਜਾਂਦੇ ਨੇ, ਬੰਦੇ ਮਰਦੇ ਨੇ, ਕੁਛ ਉਮਰ ਭਰ ਲਈ ਫ਼ੱਟੜ ਹੋ ਕੇ ਮੰਜੇ ਜੋਕਰੇ ਹੀ ਰਹਿ ਜਾਂਦੇ ਨੇ...?"

-"...........!"

-"ਮੈਨੂੰ ਟਿਊਬ ਸਟੇਸ਼ਨ 'ਤੇ ਖੜ੍ਹੀ ਨੂੰ ਉਹ ਬੁੱਢਾ ਖ਼ਾਲਿਦ ਆਪਦੇ ਕਿਸੇ ਟਿਕਾਣੇ 'ਤੇ ਲੈ ਗਿਆ, ਇਹਦੇ ਕੋਲ਼ ਚੋਟੀ ਦੀ ਕਾਰ...! ਤੇ ਇਹਦਾ ਪਹਿਰਾਵਾ ਤੇ ਬੋਲ ਚਾਲ ਦੇਖ ਕੇ ਮੈਂ ਸੋਚਿਆ ਬਈ ਕੋਈ ਚੰਗਾ ਸਾਊ ਤੇ ਅਮੀਰ ਬੰਦਾ ਲੱਗਦੈ..! ਉਸ ਨੇ ਮੈਨੂੰ ਦੱਸਿਆ ਕਿ ਉਹ ਕਿਸੇ ਏਅਰਲਾਈਨ ਦਾ ਹਿੱਸੇਦਾਰ ਐ, ਤੇ ਮੈਨੂੰ ਏਅਰ ਹੋਸਟਸ ਦੀ ਨੌਕਰੀ ਲੁਆ ਦੇਵੇਗਾ..! ਮੈਂ ਉਸ ਮਿੱਠ ਬੋਲੜੇ, ਪਰ ਬੇਈਮਾਨ ਬੁੱਢੇ 'ਤੇ ਵਿਸ਼ਵਾਸ ਕਰਕੇ ਉਹਦੇ ਨਾਲ਼ ਚਲੀ ਗਈ..! ਕੁਛ ਦਿਨ ਉਹਨੇ ਮੈਨੂੰ ਆਪਣੇ ਕੋਲ਼ ਰੱਖਿਆ, ਚੰਗੀ ਸੇਵਾ ਕੀਤੀ, ਪੱਲਿਓਂ ਪੈਸੇ ਦਿੱਤੇ..! ਪਰ ਦੋ ਕੁ ਹਫ਼ਤੇ ਬਾਅਦ ਮੈਨੂੰ ਜਾਅਲੀ ਕਾਗਜ਼ ਦਿਖਾ ਕੇ, ਟਰੇਨਿੰਗ ਦੇਣ ਦਾ ਲਾਰਾ ਲਾ ਕੇ ਪਾਕਿਸਤਾਨ ਲੈ ਆਇਆ, ਤੇ ਮੈਨੂੰ ਐਥੇ ਲਿਆ ਸੁੱਟਿਆ...! ਉਦੋਂ ਤੋਂ ਲੈ ਕੇ ਹੁਣ ਤੱਕ...!" ਰਫ਼ੀਕਾ ਰੋਣ ਲੱਗ ਪਈ।

-"........।" ਸੀਤਲ ਉਸ ਦੇ ਦੁੱਖ ਵਿਚ ਪਸੀਜੀ ਬੈਠੀ ਸੀ। ਉਸ ਨੇ ਉਠ ਕੇ ਰਫ਼ੀਕਾ ਦੇ ਮੋਢੇ 'ਤੇ ਹੱਥ ਰੱਖਿਆ। ਪਰ ਰਫ਼ੀਕਾ ਡਰ ਗਈ।

-"ਐਥੇ ਕਿਸੇ ਨਾਲ਼ ਹਮਦਰਦੀ ਜਿਤਾਉਣਾਂ ਘੋਰ ਗੁਨਾਂਹ ਤੇ ਅਪਰਾਧ ਐ ਸੀਤਲ...! ਮੁੜ ਕੇ ਕਿਸੇ ਨੂੰ ਧਰਵਾਸ ਜਾਂ ਹੌਸਲਾ ਦੇਣ ਦੀ ਕੋਸ਼ਿਸ਼ ਨਾ ਕਰੀਂ..! ਇਹਨਾਂ ਦੁਸ਼ਟਾਂ ਨੂੰ ਜੇ ਪਤਾ ਲੱਗ ਗਿਆ, ਆਪਣੇ ਰਸਤੇ ਵੱਖਰੇ ਕਰ ਦੇਣਗੇ...!" ਰਫ਼ੀਕਾ ਨੇ ਉਸ ਨੂੰ ਚੁਕੰਨੀ ਕੀਤਾ।

-"ਤੇ ਤੂੰ ਇਸਲਾਮ ਧਰਮ ਕਿਉਂ ਅਪਨਾਇਆ..?"

-"ਇਹ ਵੀ ਇਕ ਮਜਬੂਰੀ ਸੀ ਸੀਤਲ..! ਆਹ ਜਿਹੜੇ ਐਥੇ ਗਾਹਕ ਆਉਂਦੇ ਐ, ਸਾਰੇ ਬੜੇ ਅਮੀਰ ਘਰਾਣਿਆਂ ਨਾਲ਼ ਸਬੰਧ ਰੱਖਦੇ ਐ..! ਇਹਨਾਂ 'ਚੋਂ ਕਈ ਐਨੇ ਕੱਟੜ ਐ ਕਿ ਕਿਸੇ ਗ਼ੈਰ ਧਰਮ ਦੀ ਕੁੜੀ ਨਾਲ਼ ਹਮਬਿਸਤਰ ਨਹੀਂ ਹੋਣਾਂ ਚਾਹੁੰਦੇ, ਇਸ ਲਈ ਇਹ ਜ਼ਾਲਮ ਖ਼ਾਂ ਵਰਗੇ ਮੱਲੋਮੱਲੀ ਥੋਨੂੰ ਧਰਮ ਬਦਲੀ ਕਰਨ ਲਈ ਜੋਰ ਪਾਉਂਦੇ ਐ, ਤੇ ਕਾਮਯਾਬ ਵੀ ਹੁੰਦੇ ਐ..! ਐਥੇ ਕਿਹੜਾ ਕੋਈ ਜੋਰ ਐ ਸੀਤਲ..? ਨਾਲ਼ੇ ਹੁਣ ਆਪਣਾਂ ਧਰਮ ਰਹਿ ਵੀ ਕਿਹੜਾ ਗਿਆ..? ਕੰਜਰੀ ਤੇ ਦੱਲੇ ਦਾ ਤਾਂ ਕੋਈ ਵੀ

ਧਰਮ ਨਹੀਂ ਹੁੰਦਾ..! ਕੰਜਰੀ ਦਾ ਤਾਂ ਇਕ ਹੀ ਕਿੱਤਾ ਹੁੰਦੈ, ਤੇ ਉਹ ਹੈ ਕਾਮ ਵਾਸ਼ਨਾਂ ਵਿਚ ਅੰਨ੍ਹੇ ਹੋਏ ਬੁੱਚੜਾਂ ਨੂੰ ਖ਼ੁਸ਼ ਤੇ ਸੰਤੁਸ਼ਟ ਕਰ ਕੇ ਤੋਰਨਾਂ..! ਕੁਛ ਚਿਰ ਤਾਂ ਮੈਂ ਵੀ ਬਾਹਰ ਨਿਕਲ਼ਣ ਲਈ ਹੱਥ ਪੈਰ ਮਾਰੇ..! ਪਰ ਭੈਣ ਮੇਰੀਏ..! ਫੇਰ ਬੇਵੱਸ ਹੋ ਕੇ ਹਾਲਾਤਾਂ ਨਾਲ਼ ਸਮਝੌਤਾ ਕਰ ਲਿਆ..! ਤੇ ਉਦੋਂ ਤੋਂ ਲੈ ਕੇ ਹੁਣ ਤੱਕ ਜ਼ਿੰਦਗੀ ਨਾਲ਼ ਲੜਦੀ ਭਿੜ੍ਹਦੀ ਆਉਨੀਂ ਐਂ..! ਤੇਰੇ ਸਾਹਮਣੇ ਈ ਐ, ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਈ ਕੋਈ ਨ੍ਹੀ...!" ਆਖ ਕੇ ਰਫ਼ੀਕਾ ਰੂਹ ਪੱਖੋਂ ਸੁਖ਼ਾਲੀ ਹੋ ਗਈ।

-"ਆਪਣਾਂ ਭਵਿੱਖ ਕੀ ਹੋਊ ਰਫ਼ੀਕਾ..?" ਹਾਲਾਤਾਂ ਦੀਆਂ ਘੁੰਮਣਘੇਰੀਆਂ ਵਿਚ ਫ਼ਸੀ ਸੀਤਲ ਨੇ ਅਜੇ ਵੀ ਆਸ ਦਾ ਪੱਲਾ ਨਹੀਂ ਛੱਡਿਆ ਸੀ। ਉਸ ਨੂੰ ਅਜੇ ਵੀ ਰਿਹਾਈ ਦੀ ਆਸ ਸੀ।

-"ਸੀਤਲ, ਸਿਆਣੇ ਆਖਦੇ ਹੁੰਦੇ ਐ, ਕੱਟ ਲੈ ਮਨਾਂ ਚਿੱਤ ਲਾ ਕੇ ਲਿਖੀਆਂ ਲੇਖ ਦੀਆਂ..! ਮੈਂ ਤਾਂ ਹੁਣ ਸਾਰੇ ਪਾਸੇ ਤੋਂ ਆਸ ਛੱਡ ਦਿੱਤੀ ਐ..! ਮੈਂ ਤਾਂ ਜ਼ਿੰਦਗੀ ਤੋਂ ਬਿਲਕੁਲ ਉਚਾਟ ਹੋ ਗਈ ਐਂ...!"

-"ਇਕ ਗੱਲ ਐ ਰਫ਼ੀਕਾ..! ਜਿਹੜਾ ਦਸੌਂਟਾ ਭੁਗਤਣੈਂ, ਉਹ ਤਾਂ ਆਪਾਂ ਨੂੰ ਹਰ ਹਾਲਤ ਭੁਗਤਣਾਂ ਪੈਣੈਂ..! ਪਰ ਮੈਂ ਰਿਹਾਅ ਹੋਣ ਲਈ ਆਪਣੀ ਹਰ ਵਾਹ ਲਾਊਂਗੀ, ਚਾਹੇ ਮੈਨੂੰ ਕੁਛ ਵੀ ਕਰਨਾ ਪਵੇ..! ਮੇਰੀ ਸਿਰਫ਼ ਇਕ ਇੱਛਾ ਐ, ਬਈ ਹੈਦਰ ਤੇ ਖ਼ਾਨ ਵਰਗਿਆਂ ਨੂੰ ਇਕ ਵਾਰੀ ਸੀਖਾਂ ਪਿੱਛੇ ਜਰੂਰ ਪਹੁੰਚਾਉਣੈਂ, ਚਾਹੇ ਮੈਨੂੰ ਕੋਈ ਹਰਬਾ ਵਰਤਣਾਂ ਪਵੇ...!" ਸੀਤਲ ਬਦਲੇ ਦੀ ਅੱਗ ਵਿਚ ਸੜੀ ਜਾ ਰਹੀ ਸੀ। ਘੋਰ ਬਿਪਤਾ ਵਿਚ ਵੀ ਉਸ ਨੇ ਹੌਸਲਾ ਨਹੀਂ ਹਾਰਿਆ ਸੀ। ਅੰਦਰੋਂ ਚਕਨਾਚੂਰ ਹੋਈ ਸੀਤਲ ਦੇ ਦਿਲ ਵਿਚ ਅਜੇ ਵੀ ਇੰਤਕਾਮ ਦੇ ਭਾਂਬੜ ਬਲ਼ ਰਹੇ ਸਨ!

ਤੀਜੇ ਦਿਨ ਸ਼ਾਮ ਜਿਹੀ ਨੂੰ ਡਾਕਟਰ ਆਇਆ।

ਰਫ਼ੀਕਾ ਅਤੇ ਸੀਤਲ ਖਾਣਾਂ ਤਿਆਰ ਕਰ ਰਹੀਆਂ ਸਨ। ਡਾਕਟਰ ਭੂਤ ਵਾਂਗ ਸਿੱਧਾ ਰਸੋਈ ਵਿਚ ਆ ਵੱਜਿਆ! ਉਸ ਦੇ ਹੱਥ ਵਿਚ ਵਿਸਕੀ ਦੀ ਬੋਤਲ ਸੀ।

-"ਰਫ਼ੀਕਾ, ਪਾਣੀ ਦੇਹ..!" ਉਸ ਨੇ ਹੁਕਮ ਕੀਤਾ।

ਰਫ਼ੀਕਾ ਨੇ ਪਾਣੀ ਦਾ ਗਿਲਾਸ ਦੇ ਦਿੱਤਾ।

ਉਹ ਡਾਕਟਰ ਦੀਆਂ ਸਾਰੀਆਂ ਆਦਤਾਂ ਤੋਂ ਜਾਣੂੰ ਸੀ।

ਡਾਕਟਰ ਨੇ ਪੈੱਗ ਲਾ ਲਿਆ।

ਪੈੱਗ ਲਾ ਕੇ ਉਸ ਨੇ ਕਿਚਨ ਵਿਚ ਖੜ੍ਹੀ ਸੀਤਲ ਨੂੰ ਫੜ ਕੇ ਨੇੜੇ ਕਰ ਲਿਆ। ਜਿਵੇਂ ਬਲੀ ਲੈਣ ਵਾਲ਼ਾ ਬੱਕਰੇ ਨੂੰ ਪੂਛੋਂ ਫੜ ਕੇ ਨਜ਼ਦੀਕ ਕਰਦੈ! ਉਸ ਨੇ ਲਾਈਟ ਦੇ ਨੇੜੇ ਕਰ ਕੇ ਸੀਤਲ ਦੇ ਚਿਹਰੇ ਦੀ ਜਾਂਚ ਕੀਤੀ। ਚਿਹਰੇ 'ਤੇ ਪਏ ਨਿਸ਼ਾਨ ਹੁਣ ਬਿਲਕੁਲ ਠੀਕ ਸਨ। ਫਿਰ ਉਸ ਨੇ ਸੀਤਲ ਦੀਆਂ ਛਾਤੀਆਂ ਦੀ ਨਿਰਖ਼ ਕੀਤੀ। ਰਫ਼ੀਕਾ ਦੇ ਸਾਹਮਣੇ..! ਸਭ ਕੁਝ ਠੀਕ ਸੀ! ਨਾਲ਼ੇ ਹੁਣ ਸ਼ਰਮ ਵੀ ਕਾਹਦੀ ਸੀ..? ਜੇ ਹਾਲਾਤਾਂ ਅਨੁਸਾਰ ਬੰਦਾ ਨਾ ਤੁਰੇ, ਤਾਂ ਵਾਧੂ ਦੁਖੀ ਹੁੰਦੈ..! ਸੀਤਲ ਸੋਚ ਰਹੀ ਸੀ।

-"ਟਿਊਬ ਹਰ ਦੋ-ਦੋ ਘੰਟੇ ਬਾਅਦ ਲਾਈ ਸੀ..?"

-"ਜੀ ਡਾਕਟਰ..! ਲਾਈ ਸੀ..!" ਸੀਤਲ ਨੇ ਉਤਰ ਦਿੱਤਾ।

ਖਾਣਾਂ ਬਣਦੇ ਬਣਦੇ ਡਾਕਟਰ ਨੇ ਤਕਰੀਬਨ ਪੌਣੀਂ ਬੋਤਲ ਸੂਤ ਧਰੀ। ਉਸ ਦੀਆਂ ਅੱਖਾਂ ਦਾ ਰੰਗ ਪਹਿਲਾਂ ਸੰਧੂਰੀ ਅਤੇ ਫਿਰ ਜੋਗੀਆ ਹੋ ਗਿਆ ਸੀ।

ਖਾਣਾਂ ਖਾ ਕੇ ਡਾਕਟਰ ਸੀਤਲ ਨੂੰ ਕਮਰੇ ਵਿਚ ਲੈ ਗਿਆ।

-"ਮੈਂ ਦੂਜੇ ਲੋਕਾਂ ਵਰਗਾ ਬੇਰਹਿਮ ਨਹੀਂ ਆਂ ਮੇਰੀ ਜਾਨ..! ਅੱਲਾਹ ਦਾ ਖ਼ੌਫ਼ ਦਿਲ ਵਿਚ ਰੱਖਨਾਂ ਵਾਂ..! ਮੇਰੇ ਵਰਗਾ ਨਰਮ ਦਿਲ ਜਣਾਂ ਤੈਨੂੰ ਸਾਰੀ ਦੁਨੀਆਂ ਵਿਚ ਨਹੀਂ ਜੇ ਲੱਭਣਾਂ..!" ਕਰਦੇ ਕਰਦੇ ਸ਼ਰਾਬ ਵਿਚ ਧੁੱਤ ਡਾਕਟਰ ਨੇ ਸੀਤਲ ਨੂੰ ਸਾਰੀ ਰਾਤ ਜ਼ਿਬਾਹ ਕੀਤਾ। ਦੰਦਾਂ ਵਿਚ ਜੀਭ ਲਈ ਪਈ ਸੀਤਲ ਦੇ ਮਨ ਵਿਚ ਰਫ਼ੀਕਾ ਦੀ ਡਾਕਟਰ ਨੂੰ ਖ਼ੁਸ਼ ਰੱਖਣ ਵਾਲ਼ੀ ਗੱਲ ਹੀ ਘੁੰਮੀ ਗਈ ਸੀ। ਸੀਤਲ ਸੋਚ ਰਹੀ ਸੀ ਕਿ ਐਹੋ ਜਿਹੇ ਗਾਲੜੀ ਅਤੇ ਫੁਕਰੇ ਜਿਹੇ ਡਾਕਟਰ ਨੂੰ ਹੱਥ ਹੇਠ ਕੀਤਾ ਜਾਵੇ..! ਜ਼ਿੰਦਗੀ ਦੇ 'ਯੁੱਧ' ਵਿਚ ਕਈ 'ਨੀਤੀਆਂ' ਹੁੰਦੀਆਂ ਹਨ..! ਕਿਸੇ ਤਰ੍ਹਾਂ ਇਸ ਡਾਕਟਰ ਦਾ ਵਿਸ਼ਵਾਸ ਜਿੱਤਿਆ

ਜਾਵੇ..! ਇਹ ਮੇਰੇ ਬਹੁਤ ਕੰਮ ਆ ਸਕਦਾ ਹੈ..! ਉਸ ਦੇ ਦਿਮਾਗ ਵਿਚ ਸੋਚਾਂ ਦੇ ਘੜਿਆਲ਼ ਖੜਕੀ ਜਾ ਰਹੇ ਸਨ। ਉਹ ਆਪਣੀ ਬੰਦ ਖ਼ਲਾਸੀ ਲਈ ਮੁੱਢ ਤੋਂ ਲੈ ਕੇ ਹੀ ਸੁਚੇਤ ਸੀ। ਉਸ ਨੂੰ ਆਪਣੇ ਆਪ 'ਤੇ ਪੂਰਨ ਭਰੋਸਾ ਅਤੇ ਸਵੈ-ਵਿਸ਼ਵਾਸ ਸੀ।

ਸਵੇਰੇ ਡਾਕਟਰ ਉਠਿਆ ਤਾਂ ਸੀਤਲ ਨੇ ਉਸ ਨੂੰ ਗਲਵਕੜੀ ਪਾ ਲਈ। ਡਾਕਟਰ ਦਾ ਦਿਲ ਠਰ ਗਿਆ। ਉਹ ਖ਼ੁਸ਼ ਹੋਣ ਦੇ ਨਾਲ਼ ਨਾਲ਼ ਹੈਰਾਨ ਵੀ ਹੋਇਆ ਕਿ ਸੀਤਲ ਪਹਿਲੀ ਕੁੜੀ ਸੀ, ਜਿਸ ਨੇ ਹਮ-ਬਿਸਤਰ ਹੋਣ ਤੋਂ ਬਾਅਦ ਉਸ ਨੂੰ ਜੱਫ਼ੀ ਪਾਈ ਸੀ। ਨਹੀਂ ਤਾਂ ਹੁਣ ਤੱਕ ਜਿੰਨੀਆਂ ਵੀ ਕੁੜੀਆਂ ਉਸ ਦੀ ਜ਼ਿੰਦਗੀ ਵਿਚ ਆਈਆਂ ਸਨ, ਡਾਕਟਰ ਦੇ ਦਫ਼ਾ ਹੋਣ ਦੀ ਉਡੀਕ ਵਿਚ ਹੀ ਰਹਿੰਦੀਆਂ ਸਨ। ਪਰ ਸੀਤਲ ਤਾਂ ਅਨੋਖੀ ਹੀ ਕੁੜੀ ਸੀ..? ਡਾਕਟਰ ਦੀਆਂ ਬਾਛਾਂ ਖਿੜ ਗਈਆਂ। ਉਸ ਨੇ ਵੀ ਸੀਤਲ ਨੂੰ ਜੱਫ਼ੀ ਵਿਚ ਲੈ ਲਿਆ। ਖ਼ੁਸ਼ੀ ਵਿਚ ਡਾਕਟਰ ਦਾ ਦਿਲ ਹਲਟ ਦੇ ਕੁੱਤੇ ਵਾਂਗ ਛਾਤੀ ਵਿਚ ਵੱਜ ਰਿਹਾ ਸੀ।

-"ਕੁੜੀਏ..! ਜਿੱਥੇ ਵੀ ਮੈਂ ਤੇਰੇ ਕੰਮ ਆ ਸਕਾਂ, ਬੱਸ ਇਕ ਵਾਰ ਡਾਕਟਰ ਯਾਰ ਨੂੰ ਯਾਦ ਕਰੀਂ..! ਹਾਜ਼ਰ ਪਿਆ ਹੋਵਾਂਗਾ..!" ਡਾਕਟਰ ਨੇ ਸੀਤਲ ਨੂੰ ਕੱਟਰੂ ਵਾਂਗ ਚੱਭਾ ਮਾਰਿਆ।

ਸੀਤਲ ਨੇ ਵੀ ਉਸ ਨੂੰ ਮੋਹ ਦਾ ਅਹਿਸਾਸ ਕਰਵਾਉਣ ਲਈ ਫਿਰ ਗਲਵਕੜੀ ਵਿਚ ਜਕੜ ਲਿਆ। ਚਾਹੇ ਇਹ ਮੋਹ 'ਫ਼ੋਕਾ' ਹੀ ਸੀ!

ਸੀਤਲ ਨੇ ਸੋਚਿਆ ਕਿ ਡਾਕਟਰ ਵਾਕਿਆ ਹੀ ਮੇਰੇ ਕੰਮ ਆ ਸਕਦਾ ਹੈ! ਜੇ ਇਸ ਨੂੰ ਕੀਲ ਕੇ ਰੱਖਿਆ, ਇਹ ਜ਼ਰੂਰ ਮੇਰੇ ਕਿਸੇ ਕੰਮ ਆਵੇਗਾ!

ਅਗਲੀ ਰਾਤ ਨਵੀਂ ਮਰਸਰੀ ਕਾਰ 'ਤੇ ਇਕ ਪਠਾਣ ਆਇਆ..। ਸਾਢੇ ਛੇ ਫ਼ੁੱਟ ਕੱਦ..! ਛੇ ਬਾਡੀਗਾਰਡ ਉਸ ਦੇ ਨਾਲ਼ ਸਨ। ਰਫ਼ੀਕਾ ਝੱਟ ਉਸ ਦੀ ਸੇਵਾ ਵਿਚ ਹਾਜ਼ਰ ਹੋ ਗਈ।

-"ਆਸਲਾਮਾਂ ਲੇਕੁੰਮ ਸੱਲ੍ਹਤ ਖ਼ਾਨ...!" ਰਫ਼ੀਕਾ ਉਸ ਦੀ ਇੱਜ਼ਤ ਵਿਚ ਧਰਤੀ ਛੂਹ ਗਈ।

-"ਬਾ-ਲੇਕੁੰਮ ਸਲਾਮ ਰਫ਼ੀਕਾ..! ਕਿਆ ਹਾਲ ਚਾਲ ਨੇ...? ਸਭ ਖ਼ੈਰਾਂ..?" ਉਹ ਧਰਤੀ ਲਤੜ ਲਤੜ ਤੁਰਦਾ ਸੀ। ਤੁਰਦੇ ਦੀ ਧਮਕ ਪੈਂਦੀ ਸੀ! ਤੁਰਦਾ ਸੱਲ੍ਹਤ ਖ਼ਾਨ ਧਰਤੀ ਦੀ ਹਿੱਕ 'ਤੇ ਟੋਆ ਪਾਉਣ ਦੀ ਸਮਰੱਥਾ ਰੱਖਦਾ ਸੀ! ਸੱਲ੍ਹਤ ਖ਼ਾਨ ਆਲਮ ਖ਼ਾਂ ਨਾਲੋਂ ਕੱਦ ਵਿਚ ਥੋੜਾ ਹੀ ਛੋਟਾ ਸੀ। ਪਰ ਉਸ ਵਰਗਾ 'ਜ਼ਾਲਮ' ਨਹੀਂ ਦਿਸਦਾ ਸੀ। ਪੰਜਾਹ ਕੁ ਸਾਲਾਂ ਦੇ ਸੱਲ੍ਹਤ ਖ਼ਾਨ ਦੀ ਪਰਬਤ ਵਰਗੀ ਛਾਤੀ ਉਸ ਦੀਆਂ ਖਾਧੀਆਂ ਖ਼ੁਰਾਕਾਂ ਦੀ ਅਗਵਾਹੀ ਭਰਦੀ ਸੀ। ਖੁੱਲ੍ਹੇ ਕੁੜਤੇ ਅਤੇ ਸਲਵਾਰ ਵਿਚ ਉਹ ਆਦਮ ਕੱਦ, ਦਰਸ਼ਣੀ ਜੁਆਨ ਨਜ਼ਰ ਆਉਂਦਾ ਸੀ। ਕੁੱਲੇ ਵਾਲ਼ੀ ਪੱਗ ਦਾ ਤੁਰਲ੍ਹਾ ਉਸ ਦੇ ਸਿਰ 'ਤੇ ਗਿੱਧਾ ਪਾ ਰਿਹਾ ਸੀ। ਗਲ਼ ਪਾਇਆ ਰਿਵਾਲਵਰ ਵੱਖ ਪ੍ਰਭਾਵ ਦੇ ਰਿਹਾ ਸੀ! ਊਠ ਵਾਂਗ ਪੁਲਾਂਘਾਂ ਪੁੱਟਦਾ ਉਹ ਰਫ਼ੀਕਾ ਕੋਲ਼ ਆ ਖੜ੍ਹਿਆ। ਰਫ਼ੀਕਾ ਸੱਲ੍ਹਤ ਖਾਨ ਕੋਲ਼ ਖੜ੍ਹੀ ਇੰਜ ਜਾਪਦੀ ਸੀ ਕਿਵੇਂ ਬੋਤੇ ਕੋਲ਼ ਬੱਕਰੀ ਖੜ੍ਹੀ ਹੋਵੇ!

-"ਅੱਲਾਹ ਤਾਲਾ ਦਾ ਫ਼ਜ਼ਲ ਈ ਜਨਾਬੇ ਸੱਲ੍ਹਤ ਖ਼ਾਨ..! ਹੁਕਮ ਕਰੋ, ਖ਼ਿਦਮਤਗ਼ਾਰ ਰਫ਼ੀਕਾ ਤੁਸਾਂ ਦੀ ਕੀ ਖ਼ਿਦਮਤ ਕਰ ਸਕਦੀ ਏ..?" ਰਫ਼ੀਕਾ ਉਸ ਅੱਗੇ ਪੂਰਾ ਸਾਹ ਵੀ ਨਹੀਂ ਲੈ ਰਹੀ ਸੀ।

-"ਵਾਹ ਖ਼ੁਸ਼ ਕੀਤਾ ਈ ਰਫ਼ੀਕਾ..! ਇਸੇ ਲਈ ਤਾਂ ਅਸੀਂ ਤੇਰੇ ਆਫ਼ਰੀਨੇ ਜਾਂਦੇ ਪਏ ਆਂ..!" ਉਸ ਨੇ ਰਫ਼ੀਕਾ ਨੂੰ ਕੁੱਕੜ ਵਾਂਗ ਕੁੱਛੜ ਚੁੱਕ ਕੇ ਚੁੰਮ ਲਿਆ।

-"ਆਪ ਕਾ ਹੀ ਨੂਰ ਹੈ, ਜੋ ਪੜ ਰਹਾ ਹੈ ਹਮਾਰੇ ਚਿਹਰੇ ਪੇ, ਵਰਨਾਂ ਕੌਨ ਦੇਖਤਾ ਹਮੇਂ ਇੰਨ੍ਹ ਅੰਧੇਰੋਂ ਮੇਂ...?" ਰਫ਼ੀਕਾ ਨੇ ਬਾਂਹ ਲੰਮੀ ਕਰਕੇ ਉਸ ਦੇ ਬੁੱਲ੍ਹਾਂ 'ਤੇ ਉਂਗਲ਼ ਰੱਖੀ। ਉਹ ਬੇਜਾਨ ਜਿਹੀ ਉਸ ਦੇ ਹੱਥਾਂ ਵਿਚ ਸੀ। ਜਿਵੇਂ ਇੱਲ੍ਹ ਦੇ ਪੰਜੇ ਵਿਚ ਚਿੜੀ ਦਾ ਬੱਚਾ ਸਾਹ ਸਤ ਜਿਹੇ ਛੱਡ ਜਾਂਦਾ ਹੈ!

-"ਕੁਰਬਾਨ..! ਬਲਿਹਾਰੇ ਰਫ਼ੀਕਾ...! ਸੱਲ੍ਹਤ ਖ਼ਾਨ ਤੇਰੇ ਤੋਂ ਕੁਰਬਾਨ..!" ਉਸ ਨੇ ਰਫ਼ੀਕਾ ਨੂੰ ਹਵਾ ਵਿਚ ਉਛਾਲ਼ਿਆ ਦਿੱਤਾ ਅਤੇ ਫਿਰ ਮੂੰਗਲ਼ੇ ਵਰਗੀਆਂ ਬਾਂਹਾਂ ਵਿਚ ਬੱਚੇ ਵਾਂਗ ਬੋਚ ਲਿਆ!

-"ਸੱਲ੍ਹਤ ਖ਼ਾਨ, ਮਾਰਨਾ ਏ ਤੁਸਾਂ ਨੇ ਮੈਨੂੰ...?"

-"ਰਫ਼ੀਕਾ, ਤੈਨੂੰ ਮਾਰਨ ਤੋਂ ਪਹਿਲਾਂ ਸੱਲ੍ਹਤ ਖ਼ਾਨ ਆਪ ਨਾ ਮਰ ਜਾਸੀ..? ਇਕ ਗੱਲ ਦੱਸ..?"

-"ਜਨਾਬੇ ਆਲੀ, ਹੁਕਮ ਤੇ ਕਰੋ..! ਚਾਹੇ ਸੌ ਪੁੱਛੋ ਜੇ ਸੱਲ੍ਹਤ ਖ਼ਾਨ..! ਗੋਲੀ ਕੀਹਦੀ ਤੇ ਗਹਿਣੇਂ ਕੀਹਦੇ..?"

-"ਸੁਣਿਆਂ ਈ ਇਕ ਨਵੀਂ ਨੱਢੀ ਲਿਆਂਦੀ ਜੇ..?" ਉਸ ਨੇ ਮੁੰਨਿਆਂ ਮੂੰਹ ਬਘਿਆੜ੍ਹ ਵਾਂਗ ਖੋਲ੍ਹ ਕੇ ਪੁੱਛਿਆ। ਉਸ ਦੀਆਂ ਲੰਮੀਆਂ ਮੁੱਛਾਂ ਉਸ ਦੇ ਮੂੰਹ 'ਤੇ ਕੋਹੜ ਕਿਰਲ਼ੇ ਵਾਂਗ ਨੱਚ ਰਹੀਆਂ ਸਨ।

-"ਦਰੁਸਤ ਸੁਣਿਆਂ ਈ ਤੁਸਾਂ..! ਉਹ ਤਿਆਰ ਪਈ ਹੁੰਦੀ ਏ, ਤੁਸਾਂ ਤਸ਼ਰੀਫ਼ ਰੱਖੋ..! ਹੁਕਮ ਕਰੋ ਤੁਸਾਂ ਦੀ ਖ਼ਿਦਮਤ ਵਿਚ ਹੋਰ ਕੀ ਪੇਸ਼ ਕਰਾਂ..?" ਰਫ਼ੀਕਾ ਉਸ ਅੱਗੇ ਗਲੀਚੇ ਦੀ ਤਰ੍ਹਾਂ ਵਿਛ ਵਿਛ ਜਾਂਦੀ ਸੀ।

-"ਬੱਸ, ਅੱਜ ਨਵੀਂ ਨੱਢੀ ਦੀ ਝਲਕ ਪਈ ਦੇਖਣੀ ਏਂ..! ਔਰ ਹਾਂ, ਉਸ ਨੂੰ ਅਸਾਂ ਬਾਰੇ ਦੱਸ ਦੇਵੀਂ ਕਿ ਅਸੀਂ ਕੌਣ ਹੁੰਨੇ ਆਂ..!" ਉਸ ਦੀ ਗੜ੍ਹਕਦੀ ਅਵਾਜ਼ ਕਿਸੇ ਨਗਾਰੇ ਵਾਂਗ ਵੱਜਦੀ ਸੀ।

-"ਤੁਸਾਂ ਤਸ਼ਰੀਫ਼ ਤੇ ਰੱਖੋ...! ਕਾਹਨੂੰ ਕਾਹਲੇ ਪਏ ਪੈਂਦੇ ਓ..? ਨੱਢੀ ਹਾਜ਼ਰ ਹੋ ਜਾਵੇਗੀ..!"

ਜਦੋਂ ਸੱਲ੍ਹਤ ਖ਼ਾਨ ਸਾਰਾ ਸਰੀਰ ਖੋਲ੍ਹ ਕੇ ਬੈਠਿਆ ਤਾਂ ਸੋਫ਼ੇ ਨੇ ਇਕ ਤਰ੍ਹਾਂ ਨਾਲ਼ ਦੁਹਾਈ ਮਚਾ ਦਿੱਤੀ।

-"ਹੋਰ ਕੀ ਹਾਲ ਚਾਲ...?" ਰਫ਼ੀਕਾ ਨੇ ਉਸ ਨੂੰ ਮਸ਼ਰੂਫ਼ ਰੱਖਣ ਦੇ ਰੌਂਅ ਵਿਚ ਰਵਾਇਤੀ ਜਿਹਾ ਸੁਆਲ ਕੀਤਾ।

-"ਅੱਲਾਹ ਦਾ ਫ਼ਜ਼ਲ ਈ ਰਫ਼ੀਕਾ..! ਸਭ ਖ਼ੈਰਾਂ ਨੇ..! ਪਰਸੋਂ ਬਿਜ਼ਨਸ ਦੇ ਮਾਮਲੇ ਵਿਚ ਡੁਬਈ ਜਾ ਰਹੇ ਆਂ, ਹਫ਼ਤੇ ਕੁ ਲਈ..! ਸੋਚਿਆ ਰਫ਼ੀਕਾ ਦੇ ਦੀਦਾਰ ਤੇ ਰੋਜ਼ ਪਏ ਕਰਨੇ ਆਂ, ਅੱਜ ਨਵੀਂ ਨੱਢੀ ਨੂੰ ਵੀ ਤੱਕ ਲਿਆ ਜਾਵੇ..!" ਉਸ ਨੇ ਉਂਗਲਾਂ ਦੇ ਭੜ੍ਹਾਕੇ ਪਾਏ ਅਤੇ ਪੂਰਾ ਮੂੰਹ ਖੋਲ੍ਹ ਕੇ ਹੱਸਿਆ। ਰਫ਼ੀਕਾ ਨੂੰ ਸੱਲ੍ਹਤ ਖ਼ਾਨ ਦਾ ਮੂੰਹ ਮਗਰਮੱਛ ਦੇ ਖ਼ੂਨੀ ਜਬਾੜ੍ਹੇ ਵਰਗਾ ਜਾਪਿਆ।

-"ਮੁਬਾਰਕ ਅਸਾਂ ਦੇ ਮੁਕੱਦਰ ਦੇ ਸੱਲ੍ਹਤ ਖ਼ਾਨ, ਤੁਸਾਂ ਨੇ ਅਸਾਂ ਨੂੰ ਇਸ ਲਾਇਕ ਸਮਝਿਆ..!"

ਇਤਨੇ ਨੂੰ ਸੀਤਲ ਬਾਹਰ ਆ ਗਈ।

ਜਗਦੀਆਂ ਬੱਤੀਆਂ ਵਿਚ ਉਸ ਦਾ ਰੂਪ ਡੁੱਲ੍ਹ ਡੁੱਲ੍ਹ ਪੈਂਦਾ ਸੀ।

-"ਸੁਭਾਨ ਅੱਲਾਹ..! ਸੁਭਾਨ ਅੱਲਾਹ..! ਇਹ ਚੰਦ ਦਾ ਟੁਕੜਾ ਤੁਸਾਂ ਨੇ ਕਿੱਥੋਂ ਪਿਆ ਲਿਆਂਦਾ ਜੇ..? ਅੱਲਾਹ ਨੂੰ ਹਾਜ਼ਰ ਨਾਜ਼ਰ ਜਾਣ ਕੇ ਪਏ ਆਖਨੇ ਆਂ, ਇਹ ਤਾਂ ਜੰਨਤ ਦਾ ਨਿਰੀ ਫ਼ਲ ਪਈ ਜਾਪਦੀ ਏ..!" ਲੈਰੀ ਜਿਹੀ ਸੀਤਲ ਵੱਲ ਦੇਖ ਕੇ ਸੱਲ੍ਹਤ ਖ਼ਾਨ ਦੀਆਂ ਅੱਖਾਂ ਵਿਚ ਬਿਜਲੀ ਚਮਕੀ। ਦਿਮਾਗ ਵਿਚ ਬੱਦਲ਼ ਗਰਜ਼ਿਆ। ਕੁੜਤੇ ਦੇ ਗੀਝੇ ਵਿਚੋਂ ਖ਼ਾਨ ਨੇ ਰੁੱਗ ਨੋਟਾਂ ਦਾ ਕੱਢਿਆ ਅਤੇ ਰਫ਼ੀਕਾ ਦੇ ਸਿਰ ਉਪਰ ਖ਼ਿਲਾਰ ਦਿੱਤਾ। ਫ਼ਰਸ਼ 'ਤੇ ਇਕ ਤਰ੍ਹਾਂ ਨਾਲ਼ ਨੋਟਾਂ ਦਾ ਮੀਂਹ ਵਰ੍ਹ ਪਿਆ ਸੀ।

-"ਇਹ ਇੰਗਲੈਂਡ ਤੋਂ ਆਈ ਏ ਜਨਾਬ...!" ਰਫ਼ੀਕਾ ਨੋਟ ਇਕੱਠੇ ਕਰਨ ਲੱਗ ਪਈ।

-"ਇਹ ਝਲਕ ਪੱਖੋਂ ਮੁਸਲਮਾਨ ਤੇ ਨਹੀਂ ਜੇ ਲੱਗਦੀ..?" ਖ਼ਾਨ ਦੀਆਂ ਖੋਜੀ ਨਜ਼ਰਾਂ ਨੇ ਸੀਤਲ ਦੇ ਬਦਨ ਦੀ ਤਲਾਸ਼ੀ ਲਈ।

-"ਇਹ ਮੁਸਲਮਾਨ ਨਹੀਂ ਜੇ ਸੱਲ੍ਹਤ ਮੀਆਂ, ਇਹ ਸਰਦਾਰਨੀ ਜੇ..!" ਰਫ਼ੀਕਾ ਡਰਿਆਂ ਵਾਂਗ ਬੋਲੀ।

-"ਇਹ ਸਰਦਾਰਨੀ ਜੇ..? ਇਸ ਦੇ ਬਜ਼ੁਰਗ ਤਾਂ ਇੱਜ਼ਤ ਦੀ ਖ਼ਾਤਿਰ ਮਰਨ ਲੱਗੇ ਪਲ ਨਹੀਂ ਲਗਾਂਦੇ ਸਨ, ਇਹ ਕਿਸ ਲੁੱਚੇ ਕੰਮ ਵੱਲ ਟੁਰ ਪਈ ਜੇ..?" ਸੱਲ੍ਹਤ ਖ਼ਾਨ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ।

-"ਮਜਬੂਰੀ ਇਨਸਾਨ ਤੋਂ ਬਹੁਤ ਕੁਝ ਪਈ ਕਰਾ ਦਿੰਦੀ ਏ ਖ਼ਾਨ ਮੀਆਂ..!"

-"ਮਜਬੂਰੀ..? ਇੱਜ਼ਤ ਅਣਖ਼ ਵਿਚ ਮਜਬੂਰੀ ਕਿਆ ਸ਼ੈਅ..? ਇਸ ਨੂੰ ਤਾਂ ਅੱਜ ਟਿਕਾ ਕੇ ਜੈਸਾਂ...!" ਸੱਲ੍ਹਤ ਖ਼ਾਨ ਕਿਸੇ ਖ਼ੁੰਧਕ ਵਿਚ ਤੂਫ਼ਾਨ ਵਾਂਗ ਉਠਿਆ। ਗਜ ਗਜ ਦੀਆਂ ਪੁਲਾਂਘਾਂ ਪੁੱਟਦਾ ਉਹ ਧਰਤੀ ਦੇ ਸੀਨੇ ਸੱਟਾਂ ਮਾਰ ਰਿਹਾ ਸੀ।

ਰਫ਼ੀਕਾ ਦੇ ਇਸ਼ਾਰੇ 'ਤੇ ਸੀਤਲ ਉਸ ਦੇ ਮਗਰ ਮਗਰ ਤੁਰ ਪਈ।

ਉਸ ਦੀ ਛਾਤੀ ਅੰਦਰ ਡਰ ਦਾ ਭੂਚਾਲ਼ ਆਇਆ ਹੋਇਆ ਸੀ।

ਲੇਲੇ ਦੇ ਸ਼ੇਰ ਅੱਗੇ ਧੌਣ ਝੁਕਾ ਕੇ ਖੜ੍ਹਨ ਵਾਂਗ ਸੀਤਲ ਸੱਲ੍ਹਤ ਖ਼ਾਨ ਅੱਗੇ ਆਤਮ ਸਮਰਪਣ ਕਰੀ ਖੜ੍ਹੀ ਸੀ।

ਗਲ਼ ਕੋਲ਼ ਹੱਥ ਪਾ ਕੇ ਸੱਲ੍ਹਤ ਖ਼ਾਨ ਨੇ ਸੀਤਲ ਦੇ ਗਲ਼ ਪਾਏ ਕੱਪੜੇ ਭਰਾੜ੍ਹ ਕਰ ਧਰੇ! ਡਰ ਨਾਲ਼ ਸੀਤਲ ਦੀ ਚੀਕ ਨਿਕਲ਼ ਗਈ।

ਪਰ ਖ਼ਾਨ ਨੂੰ ਜਿਵੇਂ ਕੁਝ ਸੁਣਿਆਂ ਹੀ ਨਹੀਂ ਸੀ। ਉਸ ਨੇ ਖੰਡ ਦੇ ਖਿਡਾਉਣੇਂ ਵਾਂਗ ਸੀਤਲ ਨੂੰ ਬੈੱਡ 'ਤੇ ਲਿਟਾ ਸੁੱਟਿਆ।

ਸੀਤਲ ਨੇ ਜੀਭ ਦੰਦਾਂ ਵਿਚ ਲੈ ਲਈ ਅਤੇ ਸਰੀਰ ਢਿੱਲਾ ਛੱਡ ਦਿੱਤਾ।

ਸਵੇਰ ਦੇ ਚਾਰ ਵਜੇ ਤੱਕ ਸੀਤਲ ਸੂਲ਼ੀ ਟੰਗੀ ਰਹੀ। ਖ਼ਾਨ ਉਸ ਨੂੰ ਕੋਹਲੂ ਵਿਚ ਪੀੜਦਾ ਰਿਹਾ।

ਖ਼ਾਨ ਨੇ ਉਠ ਕੇ ਕੱਪੜੇ ਪਾਏ। ਸਿਰ 'ਤੇ ਕੁੱਲੇ ਵਾਲ਼ੀ ਪੱਗ ਰੱਖੀ। ਜਾਣ ਲੱਗੇ ਨੇ ਨੋਟਾਂ ਦਾ ਮੀਂਹ ਵਰ੍ਹਾਇਆ ਅਤੇ ਸੀਤਲ ਦੇ ਮੂੰਹ 'ਤੇ ਥੁੱਕ ਦਿੱਤਾ।

-"ਬੜੀ ਹਰਾਮਜ਼ਾਦੀ, ਕੁੱਤੀ ਐਂ ਤੂੰ..! ਬੜੀ ਮਾਂ ਬਾਪ ਅਤੇ ਬਜੁਰਗਾਂ ਦੀ ਇੱਜ਼ਤ ਬਣਾਂਦੀਂ ਪਈ ਏਂ...! ਤੂੰ ਤੇ ਸਰਦਾਰਾਂ ਦੇ ਨਾਂ 'ਤੇ ਇਕ ਕਲੰਕ ਏਂ ਬਦਚੱਲਣ..! ਅਗਰ ਤੈਨੂੰ ਆਪਣਾਂ ਨਹੀਂ, ਤਾਂ ਆਪਣੇ ਖ਼ਾਨਦਾਨ ਦੀ ਇੱਜ਼ਤ ਦਾ ਖ਼ਿਆਲ ਤਾਂ ਕਰਦੀ, ਬਦਜ਼ਾਤ ਲੜਕੀ..? ਧਿਰਗ ਹਰਾਮ ਈ ਤੇਰੇ ਜੀਣੇ ਦੇ...! ਤੇਰੀ ਮਾਂ ਤੈਨੂੰ ਜਨਮ ਦੇਣ ਤੋਂ ਪਹਿਲੇ ਮਰ ਕਿਉਂ ਨਹੀਂ ਗਈ...? ਤੂੰ ਕਿਸੇ ਸਰਦਾਰ ਦਾ ਖ਼ੂਨ ਨਹੀਂ ਹੋ ਸਕਦੀ..! ਤੇਰੀ ਬਦਜ਼ਾਤ ਮਾਂ ਕਿਸੇ ਹਰਾਮ ਦਾ ਬੀਜ਼ ਪੁਆ ਕੇ ਲਿਆਈ ਹੋਵੇਗੀ...! ਤੇਰੇ ਬਜੁਰਗ ਤਾਂ ਬਹੁਤ ਅਣਖ਼ੀ ਇਨਸਾਨ ਹੁੰਦੇ ਨੇ, ਤੇ ਤੂੰ....? ਇਕ ਰੰਡੀ, ਲੁੱਚੀ, ਕੰਜਰੀ...!" ਤੇ ਖ਼ਾਨ ਨੇ ਇਕ ਵਾਰ ਫਿਰ ਉਸ ਦੇ ਮੂੰਹ 'ਤੇ ਥੁੱਕਿਆ ਅਤੇ ਮਸਤ ਬੋਤੇ ਵਾਂਗ ਪੈਰ ਪੁੱਟਦਾ ਤੁਰ ਗਿਆ।

ਸੀਤਲ ਰੋਣ ਲੱਗ ਪਈ। ਉਸ ਦਾ ਦਿਲ ਦੋਫ਼ਾੜ ਹੋ ਗਿਆ। ਉਹ ਖ਼ਾਨ ਨੂੰ ਰੋਕ ਕੇ ਸਾਰਾ ਹਾਲ ਸੁਣਾਉਣਾਂ ਚਾਹੁੰਦੀ ਸੀ। ਪਰ ਸੁਣਾਂ ਨਾ ਸਕੀ। ਉਸ ਨੂੰ ਉਸ ਦੀ ਮਜਬੂਰੀ ਦਾ ਕੀ ਪਤਾ ਸੀ..? ਉਸ ਨੇ ਤਾਂ ਬਿਨਾਂ ਸੁਣੇ ਹੀ ਉਸ ਨੂੰ ਦੋਸ਼ੀ ਗਰਦਾਨ ਦਿੱਤਾ ਸੀ। ਕਿਸੇ ਦਾ ਦੋਸ਼ ਦੱਸਣ ਤੋਂ ਬਾਅਦ ਸਫ਼ਾਈ ਦੇਣ ਲਈ ਤਾਂ ਜੱਜ ਵੀ ਮੌਕਾ ਦਿੰਦਾ ਹੈ? ਪਰ ਸੱਲ੍ਹਤ ਖ਼ਾਨ ਤਾਂ ਉਸ ਨੂੰ ਨਿਰਦੋਸ਼ੀ ਨੂੰ ਹੀ ਸਜ਼ਾ ਸੁਣਾ ਕੇ ਰਾਹ ਪੈ ਗਿਆ ਸੀ..? ਸੀਤਲ ਨੇ ਫ਼ਰਸ਼ 'ਤੇ ਖਿੰਡੇ ਪੈਸਿਆਂ ਨੂੰ ਹੱਥ ਤੱਕ ਨਾ ਲਾਇਆ। ਹਰ ਕੁੜੀ ਦੀ ਰਾਤ ਦੀ ਮੁਕੱਰਰ ਕੀਤੀ ਰਕਮ ਦੱਲਾ ਆਲਮ ਖ਼ਾਂ ਪਹਿਲਾਂ ਹੀ ਫੜ ਕੇ ਬੋਝੇ ਵਿਚ ਪਾ ਲੈਂਦਾ ਸੀ। ਬਾਕੀ ਜੋ ਵੀ ਕੋਈ ਦੇ ਕੇ ਜਾਂਦਾ ਸੀ, ਉਹ ਅਗਲੇ ਨਾਲ਼ ਰਾਤ ਕੱਟਣ ਵਾਲ਼ੀ ਵੇਸਵਾ ਦਾ ਹੀ ਹੁੰਦਾ ਸੀ। ਪਰ ਸੀਤਲ ਨੇ ਪੈਸਿਆਂ ਵੱਲ ਅੱਖ ਪੱਟ ਕੇ ਵੀ ਨਾ ਦੇਖਿਆ। ਖ਼ਾਨ ਦੇ ਚਲੇ ਜਾਣ ਤੋਂ ਬਾਅਦ ਰਫ਼ੀਕਾ ਸੀਤਲ ਦੇ ਕਮਰੇ ਵਿਚ ਆਈ। ਉਸ ਨੇ ਨੋਟ ਇਕੱਠੇ ਕਰ ਲਏ।

-"ਕੀ ਹੋ ਗਿਆ, ਤੂੰ ਪੈਸੇ ਨ੍ਹੀ ਚੱਕਦੀ..?" ਰਫ਼ੀਕਾ ਨੇ ਪੁੱਛਿਆ।

-".......।" ਸੀਤਲ ਰਫ਼ੀਕਾ ਨੂੰ ਦੇਖ ਕੇ ਭੁੱਬੀਂ ਰੋ ਪਈ।

ਰਫ਼ੀਕਾ ਨੇ ਉਸ ਨੂੰ ਧਰਵਾਸੇ ਵਜੋਂ ਪਲ਼ੋਸਣਾਂ ਸ਼ੁਰੂ ਕਰ ਦਿੱਤਾ।

-"ਕੀ ਗੱਲ ਹੋ ਗਈ ਸੀਤਲ...?" ਉਸ ਨੇ ਪੇਟ ਘੁੱਟੀ ਬੈਠੀ ਸੀਤਲ ਨੂੰ ਥਾਪੜਿਆ।

-"ਕਿੱਥੇ ਲੈ ਕੇ ਜਾਣੇਂ ਐਂ ਇਹ ਪੈਸੇ ਮੈਂ ਰਫ਼ੀਕਾ..? ਮਾਂ ਨੂੰ ਭੇਜਾਂ ਕਿ ਪਿਉ ਨੂੰ..? ਤੇ ਨਾਲ਼ ਲਿਖ ਦਿਆਂ ਕਿ ਥੋਡੀ ਕੁੜੀ ਬੜੀ ਹੱਕ ਹਲਾਲ ਦੀ ਕਮਾਈ ਕਰ ਰਹੀ ਐ, ਤੇ ਤੁਸੀਂ ਇਸ ਨੂੰ ਖਾ ਕੇ ਵਧੋ ਫੁੱਲੋ..!" ਉਹ ਇਕ ਤਰ੍ਹਾਂ ਨਾਲ਼ ਚੀਕੀ ਸੀ।

ਰਫ਼ੀਕਾ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ।

-"ਹੌਲ਼ੀ ਸੀਤਲ..! ਹੌਲ਼ੀ...! ਇਸ ਕੋਠੀ ਦੀਆਂ ਕੰਧਾਂ ਬੜੀਆਂ ਖ਼ੂਨੀ ਤੇ ਬੇਰਹਿਮ ਐਂ..! ਅਗਰ ਅਵਾਜ਼ ਬਾਹਰ ਚਲੀ ਗਈ, ਤਾਂ ਇਹ ਅਵਾਜ਼ ਹਮੇਸ਼ਾ ਲਈ ਬੰਦ ਹੋ ਜਾਵੇਗੀ..!"

-''ਹੋ ਜਾਣ ਦੇ ਰਫ਼ੀਕਾ...! ਐਸੀ ਜ਼ਲੀਲ ਜ਼ਿੰਦਗੀ ਨਾਲੋਂ ਤਾਂ ਮਰ ਜਾਣਾਂ ਈ ਚੰਗਾ..!'' ਉਹ ਛਾਲ਼ ਮਾਰ ਕੇ ਖੜ੍ਹੀ ਹੋ ਗਈ। ਉਸ ਦੇ ਹੇਠਲੇ ਹਿੱਸੇ 'ਚੋਂ ਖ਼ੂਨ ਵਗ ਕੇ ਗੋਡਿਆਂ ਤੱਕ ਆ ਗਿਆ ਸੀ। ਜਿਸ ਦਾ ਸ਼ਾਇਦ ਸੀਤਲ ਨੂੰ ਪਤਾ ਹੀ ਨਹੀਂ ਸੀ ਲੱਗਿਆ।

ਪਰ ਕਿਵੇਂ ਨਾ ਕਿਵੇਂ ਰਫ਼ੀਕਾ ਨੇ ਸੀਤਲ ਨੂੰ ਸ਼ਾਂਤ ਕਰ ਲਿਆ।

ਆਲਮ ਖ਼ਾਂ ਦੀ ਬਾਜ਼ ਨਜ਼ਰ ਕੋਠੀ 'ਤੇ ਅੱਠੇ ਪਹਿਰ ਪਹਿਰਾ ਦਿੰਦੀ। ਉਸ ਦੇ ਹੁਕਮ ਬਿਨਾਂ ਉਥੇ ਪੱਤਾ ਵੀ ਨਹੀਂ ਝੁੱਲ ਸਕਦਾ ਸੀ। ਉਹ ਕੋਠੀ ਦੇ ਅੰਦਰ ਬਾਹਰ ਭਲਵਾਨੀ ਗੇੜਾ ਦਿੰਦਾ। ਸੀਤਲ ਅਤੇ ਰਫ਼ੀਕਾ ਨੂੰ ਖ਼ੁਫ਼ੀਆ ਨਜ਼ਰ ਨਾਲ਼ ਤਾੜਦਾ। ਜਦੋਂ ਉਹ ਗੇੜਾ ਕੱਢਦਾ ਤਾਂ ਰਫ਼ੀਕਾ ਅਤੇ ਸੀਤਲ ਉਸ ਨੂੰ ਇਹ ਅਹਿਸਾਸ ਨਹੀਂ ਹੋਣ ਦਿੰਦੀਆਂ ਸਨ ਕਿ ਉਹ ਇਕ ਦੂਜੀ ਦੀਆਂ ਇਤਨੀਆਂ ਹਮਦਰਦ ਅਤੇ ਹਮ-ਖ਼ਿਆਲੀ ਹੋ ਚੁੱਕੀਆਂ ਸਨ! ਕਿਉਂਕਿ ਅੱਗੇ ਬਹੁਤ ਕੁੜੀਆਂ ਨੂੰ ਉਹਨਾਂ ਨੇ ਰਫ਼ੀਕਾ ਕੋਲ਼ ਛੱਡਿਆ ਸੀ। ਪਰ ਰਫ਼ੀਕਾ ਨੇ ਕਦੇ ਵੀ ਸ਼ਕਾਇਤ ਦਾ ਮੌਕਾ ਨਹੀਂ ਦਿੱਤਾ ਸੀ। ਵੱਡੇ ਵੱਡੇ ਦੱਲਿਆਂ ਤੋਂ ਲੈ ਕੇ ਆਲਮ ਖ਼ਾਂ ਤੱਕ ਸਾਈਦਾ ਅਤੇ ਰਫ਼ੀਕਾ ਦਾ ਨਾਂ ਵਫ਼ਦਾਰਾਂ ਵਿਚ ਵੱਜਦਾ ਸੀ। ਇਸ ਲਈ ਆਲਮ ਖ਼ਾਂ ਨੂੰ ਕੋਈ ਸ਼ੱਕ ਨਹੀਂ ਸੀ। ਕੋਈ ਸ਼ਕਾਇਤ ਨਹੀਂ ਸੀ।

ਸੀਤਲ ਨੂੰ ਮਹੀਨੇ ਤੋਂ ਉਪਰ ਹੋ ਗਿਆ ਸੀ ਇਸ ਰੰਡੀਖ਼ਾਨੇ ਆਇਆਂ।

ਹੁਣ ਉਸ ਨੂੰ ਹਰ ਰੋਜ਼ ਕੋਈ ਨਵਾਂ ਮਰਦ ਭੁਗਤਾਉਣਾਂ ਪੈਂਦਾ। ਹਰ ਰੋਜ਼ ਬਘਿਆੜ੍ਹਾਂ ਵਰਗੇ ਮਰਦ ਨਹੀਂ, ਜੰਗਲੀ ਜਾਨਵਰ ਆਉਂਦੇ ਅਤੇ ਉਸ ਨੂੰ ਮੱਕੀ ਦੇ ਦੋਧੇ ਵਾਂਗ ਚੂੰਡ ਕੇ ਰਾਹ ਪੈਂਦੇ..। ਕੁਝ ਸੀਤਲ ਨੂੰ ਖ਼ੁਸ਼ ਹੋ ਕੇ ਪੈਸੇ ਵੀ ਦਿੰਦੇ ਅਤੇ ਕੁਝ ਸੱਲ੍ਹਤ ਖ਼ਾਨ ਵਰਗੇ ਉਸ ਦੇ ਮੂੰਹ 'ਤੇ ਥੁੱਕ ਕੇ ਵੀ ਜਾਂਦੇ ਅਤੇ ਕਈ ''ਬੜੀ ਚੰਗੀ ਸਰਦਾਰਨੀ ਏਂ ਤੂੰ, ਕਲੰਕ..!'' ਦੇ ਮਿਹਣੇ ਦੀ ਕਟਾਰ ਵੀ ਹਿੱਕ ਵਿਚ ਖੋਭ ਜਾਂਦੇ! ਜੇ ਉਸ ਨੂੰ 'ਪੀਰੀਅਡ' ਆਏ ਹੁੰਦੇ ਤਾਂ ਜਾ ਕੇ ਕੁਝ ਦਿਨ ਉਸ ਦੀ ਖ਼ਲਾਸੀ ਹੁੰਦੀ। ਨਹੀਂ ਤਾਂ ਕਈ ਵਾਰ ਨਵੀਂ ਕੁੜੀ ਨੂੰ ਚੂੰਡਣ ਦੇ ਸ਼ੌਕੀਨ ਉਸ ਨੂੰ 'ਪਿੱਛੋਂ' ਦੀ ਅਤੇ ਜਾਂ ਫਿਰ 'ਮੁੱਖ-ਮੈਥੁਨ' ਰਾਹੀਂ ਸੰਤੁਸ਼ਟ ਕਰਨੇ ਪੈਂਦੇ! ਉਸ ਦਾ ਜੀਅ ਕਦੇ ਕਦੇ ਕੰਧਾਂ ਵਿਚ ਟੱਕਰਾਂ ਮਾਰਨ ਨੂੰ ਕਰਦਾ। ਉਹ ਰਾਤ ਨੂੰ ਜਣਦਿਆਂ ਨੂੰ ਰੋਂਦੀ। ਆਪਣੇ ਆਪ 'ਤੇ ਖਿਝਦੀ। ਹੁਣ ਰਾਤ ਨੂੰ ਜਾਗਣਾਂ ਅਤੇ ਦਿਨ ਨੂੰ ਸੌਣਾਂ ਉਸ ਦਾ 'ਰੁਟੀਨ' ਬਣ ਗਿਆ ਸੀ। ਹੁਣ ਉਸ ਨੇ ਵਕਤੀ ਤੌਰ 'ਤੇ ਹਾਲਾਤਾਂ ਨਾਲ਼ ਸਮਝੌਤਾ ਜਿਹਾ ਕਰ ਲਿਆ ਸੀ। ਸੀਤਲ ਆਪਣੇ ਆਪ ਨੂੰ ਕਸੂਰਵਾਰ ਠਹਿਰਾਉਂਦੀ। ਆਪਣੇ ਆਪ ਨੂੰ ਕੋਸਦੀ! ਮਾਂ ਬਾਪ ਨੇ ਤਾਂ ਉਸ ਨੂੰ ਬਹੁਤ ਸਮਝਾਇਆ ਅਤੇ ਖ਼ਬਰਦਾਰ ਕੀਤਾ ਸੀ। ਪਰ ਉਸ ਨੇ ਹੀ ਨਹੀਂ ਕੰਨ ਧਰਿਆ ਸੀ। ਹੁਣ ਉਸ ਦੀਆਂ ਖ਼ੁਦ ਦੀਆਂ ਕੀਤੀਆਂ ਗ਼ਲਤੀਆਂ ਦੀ ਸਜ਼ਾ ਉਸ ਨੂੰ ਆਪ ਨੂੰ ਹੀ ਭੁਗਤਣੀ ਪੈਣੀ ਸੀ। ਮਾਂ ਬਾਪ ਕਿਹੜਾ ਉਸ ਦੇ ਢਿੱਡ ਵਿਚ ਕੁਝ ਘੋਲ਼ ਕੇ ਪਾ ਦਿੰਦੇ..? ਨਾਲ਼ੇ ਉਹ ਕਿਹੜਾ ਨਿਆਣੀ ਸੀ..? ਸਾਰਾ ਕੁਝ ਚੰਗਾ ਮੰਦਾ ਸਮਝਦੀ ਸੀ! ਤੂੰ ਆਪਦੇ ਮਾਂ ਬਾਪ ਨੂੰ ਅਤੀਅੰਤ ਤੰਗ ਕੀਤੈ ਸੀਤਲ, ਹੁਣ ਉਸ ਦਾ ਖ਼ਮਿਆਜਾ ਤੈਨੂੰ ਖ਼ੁਦ ਨੂੰ ਭਰਨਾ ਪੈਣੈਂ..!

ਸੀਤਲ ਨੂੰ ਪੰਜ ਭੱਠ ਬੁਖ਼ਾਰ ਚੜ੍ਹਿਆ ਹੋਇਆ ਸੀ। ਉਸ ਦੀਆਂ ਅੱਖਾਂ ਮੱਚੀ ਜਾ ਰਹੀਆਂ ਸਨ ਅਤੇ ਸਿਰ ਘੁਕੀ ਜਾ ਰਿਹਾ ਸੀ। ਭੁੱਖ ਨਾ ਪਿਆਸ ਲੱਗਦੀ ਸੀ। ਉਲਟੀਆਂ ਆ ਆ ਕੇ ਉਸ ਦਾ ਬੁਰਾ ਹਾਲ ਸੀ। ਕਮਜ਼ੋਰੀ ਕਾਰਨ ਉਸ ਦਾ ਸਾਰਾ ਸਰੀਰ ਹੀ ਨਿਰਬਲ ਹੋਇਆ ਪਿਆ ਸੀ। ਨਜ਼ਰ ਪਾਟ ਪਾਟ ਜਾਂਦੀ ਸੀ..! ਪਿਸ਼ਾਬ ਵੀ ਉਸ ਨੂੰ ਰਫ਼ੀਕਾ ਨੇ ਫੜ ਕੇ ਕਰਵਾਇਆ ਸੀ।

ਰਫ਼ੀਕਾ ਨੇ ਆਲਮ ਖ਼ਾਂ ਨੂੰ ਸੱਦਿਆ।

ਆਲਮ ਖ਼ਾਂ ਨੇ ਡਾਕਟਰ ਨੂੰ ਫ਼ੋਨ ਕਰ ਦਿੱਤਾ।

ਡਾਕਟਰ ਨੇ ਆ ਕੇ ਸੀਤਲ ਦੇ ਦੋ ਟੀਕੇ ਲਾਏ ਅਤੇ ਥੋਕ ਵਿਚ ਕੈਪਸੂਲ ਦੇ ਦਿੱਤੇ। ਇਕ ਦੁਆਈ ਤਾਕਤ ਵਾਲ਼ੀ ਪੀਣ ਲਈ ਦੇ ਦਿੱਤੀ।

-''ਕੱਲ੍ਹ ਤੱਕ ਠੀਕ ਹੋ ਜਾਸੀ..! ਨੋ ਫ਼ਿਕਰ..! ਦੋ ਦਿਨ ਮੁਕੰਮਲ ਅਰਾਮ..! ਖਾਣ ਲਈ ਇਸ ਨੂੰ ਦਲ਼ੀਆ ਜਾਂ ਡਬਲਰੋਟੀ ਦੇ ਦੇਣੀਂ..! ਮੈਂ ਪਰਸੋਂ ਆ ਕੇ ਖ਼ੁਦ ਚੈੱਕ ਕਰਾਂਗਾ..!'' ਤੇ ਡਾਕਟਰ ਚਲਾ ਗਿਆ।

ਅਗਲੇ ਦਿਨ ਸੀਤਲ ਕੁਝ ਠੀਕ ਹੋ ਗਈ। ਪਰ ਕਮਜ਼ੋਰੀ ਉਸ ਦੇ ਗੋਡੇ ਮੱਲੀ ਬੈਠੀ ਸੀ।

ਅਗਲੇ ਦਿਨ ਸੀਤਲ ਕੋਠੀ ਦੇ ਵਿਹੜੇ ਵਿਚ ਕੁਰਸੀ 'ਤੇ ਧੁੱਪੇ ਘੋਰ ਉਦਾਸ ਬੈਠੀ ਸੀ।

ਸ਼ਾਮ ਨੂੰ ਚਾਰ ਕੁ ਵਜੇ ਕੋਠੀ ਦਾ ਵੱਡਾ ਗੇਟ ਖੁੱਲ੍ਹਿਆ ਤਾਂ ਬਾਹਰ ਇਕ ਕਾਲ਼ੇ ਰੰਗ ਦੀ 'ਰੇਂਜ ਰੋਵਰ' ਗੱਡੀ ਖੜ੍ਹੀ ਸੀ। ਜਦ ਸੀਤਲ ਨੇ ਗਹੁ ਨਾਲ਼ ਤੱਕਿਆ ਤਾਂ ਉਸ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਤੌਰ ਮਗਜ਼ ਨੂੰ ਚੜ੍ਹ ਗਏ। ਗੁੱਸੇ ਅਤੇ ਕਰੋਧ ਨਾਲ਼ ਉਹ ਭੁੱਜ ਉਠੀ ਸੀ। ਗੱਡੀ ਵਿਚ ਖ਼ਾਨ ਅਤੇ ਹੈਦਰ ਬੈਠੇ ਕਿਸੇ ਨਾਲ਼ ਗੱਲਾਂ ਕਰ ਰਹੇ ਸਨ..!

ਸੀਤਲ ਸਿਰ ਤੋੜ ਗੱਡੀ ਵੱਲ ਨੂੰ ਦੌੜੀ ਅਤੇ ਜਾ ਕੇ ਖ਼ਾਨ ਨੂੰ ਚੀਤੇ ਵਾਂਗ ਚਿੰਬੜ ਗਈ। ਪਤਾ ਨਹੀਂ ਕਿੰਨੇ ਵਾਰ ਉਸ ਨੇ ਖ਼ਾਨ ਦੇ ਮੂੰਹ 'ਤੇ ਥੁੱਕਿਆ।

ਖ਼ਾਨ ਨੇ ਉਸ ਨੂੰ ਬੜੀ ਬੇਰਹਿਮੀ ਨਾਲ਼ ਧੱਕਾ ਦਿੱਤਾ ਅਤੇ ਗੱਡੀ ਤੋਂ ਉਤਰ ਖੜ੍ਹਿਆ। ਉਸ ਨੇ ਡਿੱਗੀ ਪਈ ਸੀਤਲ 'ਤੇ ਮੁੱਕੀਆਂ, ਥੱਪੜਾਂ ਅਤੇ ਠੁੱਡਾਂ ਦਾ ਮੀਂਹ ਵਰ੍ਹਾ ਦਿੱਤਾ। ਸ਼ਰੀਫ਼ਾ ਇਕ ਪਾਸੇ ਖੜ੍ਹੀ 'ਥਰ-ਥਰ' ਕੰਬੀ ਜਾ ਰਹੀ ਸੀ। ਇਹ ਕਾਰਾ ਸਰਾਸਰ ਸੀਤਲ ਦੇ ਹੱਕ ਵਿਚ ਨਹੀਂ ਜਾਂਦਾ ਸੀ..! ਇਹ ਇਕ ਖ਼ੂਨੀ ਕਾਂਡ ਸੀ..!

ਜਦ ਖ਼ਾਨ ਸੀਤਲ ਨੂੰ ਕੁੱਟਣੋਂ ਨਾ ਹੀ ਹਟਿਆ ਤਾਂ ਹੈਦਰ ਨੇ ਵਰਜਿਆ।

-''ਨ੍ਹਾਂ ਭਾਈ ਜਾਨ, ਨ੍ਹਾਂ...! ਸੋਨੇ ਦਾ ਅੰਡਾ ਦੇਣ ਵਾਲ਼ੀ ਮੁਰਗੀ ਨੂੰ ਕੋਈ ਬੇਵਕੂਫ਼ ਈ ਪਿਆ ਮਾਰਦਾ ਏ..!'' ਉਤਰ ਕੇ ਹੈਦਰ ਨੇ ਬੜੇ ਸ਼ਾਂਤਮਈ ਢੰਗ ਨਾਲ਼ ਹਫ਼ੇ ਹੋਏ ਖ਼ਾਨ ਦਾ ਮੋਢਾ ਥਾਪੜਿਆ।

ਗੁੱਸੇ ਵਿਚ ਪਾਗ਼ਲ ਹੋਏ ਖ਼ਾਨ ਨੇ ਸੀਤਲ ਦੇ ਕਸ ਕੇ ਚੁਪੇੜ ਮਾਰੀ। ਉਹ ਨਿਰਬਲ ਹੋਈ ਧਰਤੀ 'ਤੇ ਇੱਟ ਵਾਂਗ ਡਿੱਗੀ! ਉਸ ਦਾ ਸਿਰ ਪਟਾਕ ਕਰਕੇ ਥੱਲੇ ਵੱਜਿਆ ਸੀ।

-''ਤੂੰ ਤਾਂ ਮਜਹਬ ਤਬਦੀਲ ਨਹੀਂ ਕਰਦੀ ਸੈਂ, ਹੁਣ ਦੱਸ..?'' ਉਹ ਜੇਤੂ ਅੰਦਾਜ਼ ਵਿਚ ਪੁੱਛ ਰਿਹਾ ਸੀ।

-''ਤੇਰੇ ਵਰਗੇ ਦੱਲੇ ਲਈ ਕਿਹੜਾ ਮਜ਼ਹਬ ਮਾਹਨਾ ਰੱਖਦੈ ਦੱਲਿਆ..? ਤੂੰ ਤਾਂ ਨਿਰਦੋਸ਼ ਕੁੜੀਆਂ ਦਾ ਵਪਾਰ ਕਰਨ ਵਾਲ਼ਾ ਲਾਲਚੀ ਕੁੱਤੈਂ, ਨਾ ਕਿ ਕੋਈ ਮਜ਼ਹਬੀ ਬੰਦਾ..! ਇਮਾਨਦਾਰ ਮੁਸਲਮਾਨ ਤਾਂ ਬਿਗਾਨੀ ਧੀ ਭੈਣ ਵੱਲ ਉਚੀ ਅੱਖ ਨਾਲ਼ ਨ੍ਹੀ ਦੇਖਦੇ, ਤੇ ਤੂੰ..? ਤੂੰ ਤਾਂ ਇਸਲਾਮ ਦੇ ਨਾਮ 'ਤੇ ਇਕ ਧੱਬਾ ਐਂ, ਸੂਰਾ..!'' ਉਹ ਫੱਟੜ ਸ਼ੀਹਣੀਂ ਵਾਂਗ ਗਰਜੀ ਸੀ।

-''ਖ਼ਾਨ ਦੇ ਅੱਗੇ ਪਈ ਬੋਲਦੀ ਏਂ ਕੁੱਤੀਏ ਰੰਨੇ..! ਮੈਂ ਤੇਰੇ ਜੈਸੀ ਨੂੰ ਖਾ ਕੇ ਡਕਾਰ੍ਹ ਨਾ ਮਾਰਾਂ..!'' ਖ਼ਾਨ ਨੇ ਪੂਰੇ ਜੋਰ ਨਾਲ਼ ਇਕ ਚੁਪੇੜ ਹੋਰ ਮਾਰੀ ਅਤੇ ਫਿਰ ਡਿੱਗੀ ਪਈ 'ਤੇ ਠੁੱਡਾਂ ਦੀ ਵਰਖ਼ਾ ਕਰ ਦਿੱਤੀ।

-''ਕਿਉਂ ਆਪਣੀ ਜਾਨ ਦੇ ਵੈਰੀ ਪਏ ਬਣੇਂ ਓਂ ਖ਼ਾਨ ਭਾਈ..? ਇਸ ਨਾਲ਼ ਰੋਜ਼ਾਨਾ ਬਥੇਰ੍ਹੀ ਕੁੱਤੇ ਖਾਣੀਂ ਪਈ ਹੁੰਦੀ ਏ ..!'' ਹੈਦਰ ਨੇ ਖ਼ਾਨ ਨੂੰ ਫੜ ਕੇ ਰੋਕ ਲਿਆ।

-''ਕਮੀਨੀ..!'' ਹਫ਼ਿਆ ਖ਼ਾਨ ਪਿੱਛੇ ਹਟ ਗਿਆ।

-''ਜਿਸ ਦਿਨ ਮੈਂ ਇੰਗਲੈਂਡ ਵਾਪਸ ਆ ਗਈ ਕੁੱਤਿਆ, ਤੇਰੀ ਬੋਟੀ ਬੋਟੀ ਨੋਚ ਲਊਂਗੀ..!''

ਰੁਮਾਲ ਨਾਲ਼ ਹੱਥ ਪੂੰਝਦਾ ਖ਼ਾਨ ਖ਼ੂਨੀ ਹਾਸਾ ਹੱਸ ਪਿਆ।

-''ਜੇ ਇੰਗਲੈਂਡ ਪਹੁੰਚੇਂਗੀ ਤਦ ਨ੍ਹਾਂ, ਹਰਾਮਜ਼ਾਦੀਏ..? ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿਕਲ਼ੀ ਏ..?'' ਖ਼ਾਨ ਨੇ ਇਕ ਹੋਰ ਠੁੱਡਾ ਦੇ ਮਾਰਿਆ।

ਹੈਦਰ ਨੇ ਫਿਰ ਫੜ ਲਿਆ।

-''ਕਿਉਂ ਇਸ ਨੂੰ ਬਦਸੂਰਤ ਪਏ ਕਰਦੇ ਓ, ਖ਼ਾਨ ਭਾਈ..? ਇਸ ਦੇ ਹੁਸਨ ਦਾ ਈ ਤੇ ਮੁੱਲ ਪੈ ਰਿਹਾ ਏ..!''

-''ਰਫ਼ੀਕਾ...!'' ਖ਼ਾਨ ਬੱਦਲ਼ ਵਾਂਗ ਗੱਜਿਆ।

ਰਫ਼ੀਕਾ ਹਾਜ਼ਰ ਸੀ।

-"ਲੈ ਜਾਹ ਇਸ ਬਦਤਮੀਜ਼ ਲੜਕੀ ਨੂੰ..! ਔਰ ਇਸ ਨੂੰ ਤਮੀਜ਼ ਸਿਖਾ..! ਜਦ ਅਸੀਂ ਮੁੜ ਪਏ ਆਈਏ, ਇਸ ਨੂੰ ਅਕਲ ਆਈ ਹੋਣੀ ਚਾਹੀਦੀ ਏ..!" ਤੇ ਉਹ ਗੱਡੀ ਵਿਚ ਬੈਠ ਹਵਾ ਹੋ ਗਏ। ਰਫ਼ੀਕਾ ਸੀਤਲ ਨੂੰ ਫੜ ਕੇ ਅੰਦਰ ਲੈ ਆਈ।

-"ਇਹ ਕੀ ਕਹਿਰ ਢਾਹ ਦਿੱਤਾ ਬਦਤਮੀਜ਼...? ਤੈਨੂੰ ਨ੍ਹੀ ਪਤਾ ਉਹ ਕਿੰਨੇ ਖ਼ਤਰਨਾਕ ਆਦਮੀ ਨੇ..?" ਰਫ਼ੀਕਾ ਅੱਤ ਘਬਰਾਈ ਹੋਈ ਆਖ ਰਹੀ ਸੀ। ਉਸ ਨੇ ਸੀਤਲ ਨੂੰ ਕੁਰਸੀ 'ਤੇ ਬਿਠਾ ਦਿੱਤਾ ਅਤੇ ਠੰਢੇ ਪਾਣੀ ਦਾ ਗਿਲਾਸ ਦਿੱਤਾ।

ਸੀਤਲ ਨੇ ਪਾਣੀਂ ਪੀ ਲਿਆ। ਉਸ ਦਾ ਸਾਹ ਚੜ੍ਹਿਆ ਹੋਇਆ ਸੀ। ਨੱਕ ਵਿਚੋਂ ਖ਼ੂਨ ਵਗ ਰਿਹਾ ਸੀ। ਵਾਲ਼ ਖਿੱਲਰੇ ਹੋਏ ਸਨ ਅਤੇ ਮੂੰਹ ਮੱਥਾ ਘੱਟੇ ਨਾਲ਼ ਲਿੱਬੜਿਆ ਹੋਇਆ ਸੀ!

-"ਮੈਨੂੰ ਮਾਰ ਈ ਦੇਣਗੇ ਨ੍ਹਾ ਰਫ਼ੀਕਾ..? ਹੋਰ ਕੀ ਕਰਨਗੇ..? ਮਰਨ ਨੂੰ ਤਾਂ ਮੈਂ ਤਿਆਰ ਐਂ..! ਤੇ ਨਾਲ਼ੇ ਹੁਣ ਕਿਹੜਾ ਮੈਂ ਜਿਉਂਦਿਆਂ ਵਿਚ ਐਂ..? ਆਹ ਵੀ ਕੋਈ ਜ਼ਿੰਦਗੀ ਐ..? ਜਦੋਂ ਲੋਟ ਲੱਗਦੈ, ਜ਼ਾਲਮ ਖ਼ਾਂ ਵਰਗਾ ਬੱਕਰੇ ਵਾਂਗੂੰ ਢਾਹ ਲੈਂਦੈ..! ਜਦੋਂ ਜੀਅ ਕਰਦੈ, ਡਾਕਟਰ ਉਤੇ ਆ ਚੜ੍ਹਦੈ..! ਹਰ ਰੋਜ਼ ਕੋਈ ਨਵਾਂ ਬੰਦਾ..! ਕੀ ਜ਼ਿੰਦਗੀ ਹੈ ਇਹ..?" ਉਸ ਨੇ ਛੋਟੀ ਜਿਹੀ ਉਮਰ ਦਾ ਕੌੜਾ ਤਜ਼ਰਬਾ ਹੀ ਤਾਂ ਦੱਸਿਆ ਸੀ।

-"ਚੁੱਪ ਹਰਾਮਜ਼ਾਦੀ...!" ਰਫ਼ੀਕਾ ਨੇ ਆਲਮ ਖ਼ਾਂ ਨੂੰ ਆਉਂਦਿਆਂ ਦੇਖ ਕੇ ਆਪਣਾ ਰੁੱਖ ਬਦਲਿਆ।

ਸਮੇਂ ਦੀ ਨਜ਼ਾਕਤ ਦੇਖ ਕੇ ਸੀਤਲ ਵੀ ਚੁੱਪ ਹੋ ਗਈ।

-"ਕੀ ਗੱਲ ਏ..? ਕੋਈ ਖ਼ਰੂਦ ਪਈ ਕਰਦੀ ਏ..?" ਉਸ ਦੀ ਅਵਾਜ਼ ਘੜ੍ਹਿਆਲ਼ ਵਾਂਗ ਖੜਕੀ।

-"ਕੁਝ ਨਹੀਂ ਜੇ ਆਲਮ ਖ਼ਾਂ..! ਇਹ ਹਰਾਮਜ਼ਾਦੀ ਬੀਮਾਰ ਏ..! ਬੁਖ਼ਾਰ ਵਿਚ ਅਵਾ ਤਵਾ ਬੋਲਦੀ ਪਈ ਏ..!" ਰਫ਼ੀਕਾ ਬੋਲੀ।

-"ਜੇ ਤੰਗ ਫ਼ੰਗ ਕਰੇ ਦੱਸ ਦੇਵੀਂ..! ਤਮੀਜ਼ ਸਿਖਲਾ ਦੇਸਾਂ..!" ਤੇ ਉਹ ਪੁੱਠਾ ਹੀ ਵਾਪਸ ਮੁੜ ਗਿਆ।

## ਕਾਂਡ 18

ਪਾਲੋ ਨੇ ਹਨੀ ਦੇ ਘਰ ਤਾਂ ਕੀ..? ਸਾਰੇ ਪਿੰਡ ਵਿਚ ਡੌਂਡੀ ਪਿੱਟ ਦਿੱਤੀ ਸੀ ਕਿ 'ਪੁੱਠੇ ਕੰਮਾਂ' ਕਰਕੇ ਹਨੀ ਦਾ ਤਲਾਕ ਹੋ ਗਿਆ ਸੀ ਅਤੇ ਹੁਣ ਉਹ ਇਕ 'ਬੁੱਢੇ' ਨਾਲ਼ ਕੁੰਡਾ ਫ਼ਸਾ ਕੇ ਰੰਗਰਲ਼ੀਆਂ ਮਨਾਉਂਦੀ ਫ਼ਿਰਦੀ ਸੀ। ਲੋਕ 'ਥੂ-ਥੂ' ਕਰਨ ਲੱਗ ਪਏ। ਸਾਰੇ ਪਿੰਡ ਵਿਚ 'ਬੂ-ਬੂ' ਹੋ ਗਈ। ਬੇਬੇ ਬਾਪੂ ਬੜੇ ਦੁਖੀ ਹੋਏ। ਬੁੱਕਣ ਨੇ ਰਮਣੀਕ ਵਾਲ਼ੀ ਸਾਰੀ ਅਸਲੀਅਤ ਵੀ ਉਹਨਾਂ ਨੂੰ ਆ ਦੱਸੀ ਸੀ ਅਤੇ ਇਹ ਵੀ ਦੱਸ ਦਿੱਤਾ ਸੀ ਕਿ ਹਨੀ ਦੀਆਂ ਘਤਿੱਤਾਂ ਕਿਸੇ ਖ਼ਾਨਦਾਨੀ ਕੁੜੀ ਵਾਲ਼ੀਆਂ ਨਹੀਂ ਸਨ। ਉਹ ਤਾਂ ਵੇਸਵਾ ਬਿਰਤੀ ਦੀ ਬਣ ਚੁੱਕੀ ਸੀ। ਪਿੰਡ ਦੀਆਂ ਵਿਹਲੜ ਬੁੜ੍ਹੀਆਂ ਨੇ ਗੱਲ ਪੜਛੱਤੀ ਚੁੱਕ ਲਈ।

-"ਕੁੜ੍ਹੇ ਉਹ ਤਾਂ ਡੁੱਬ ਜਾਣੀਂ ਐਥੇ ਨ੍ਹੀ ਸੀ ਮਾਨ, ਹੁਣ ਤਾਂ ਓਸ ਗੱਲ ਦੇ ਆਖਣ ਮਾਂਗੂੰ ਭਾਈ

ਬਾਹਰਲੇ ਮੁਲਕ ਚਲੀ ਗਈ..!" ਪੰਜਾਬ ਕੌਰ ਨੇ ਕਿਹਾ।

-"ਆਹੋ, ਐਥੇ ਕਿਹੜਾ ਦੁੱਧ ਧੋਤੀ ਸੀ...?" ਮਾਸਟਰਨੀ ਮਨਜੀਤ ਬੋਲੀ।

-"ਨ੍ਹੀ ਭੈਣੇਂ ਜਿਹੋ ਜੀ ਨੰਦੋ ਬਾਹਮਣੀਂ, ਉਹੋ ਜਿਆ ਘੁੱਦੂ ਜੇਠ, ਸਾਰਾ ਆਵਾ ਈ ਊਤਿਆ ਪਿਐ! ਥੋਨੂੰ ਕਿਤੇ ਪਤਾ ਨ੍ਹੀ ਬਈ ਮਾਂ ਦਾ ਬੁੱਕਣ ਸਿਉਂ ਓਥੇ ਕੀ ਗੁੱਲ ਖਿੜਾ ਕੇ ਆਇਐ..?" ਖਹਿਰੀ ਕਰਮਜੀਤ ਨੇ ਵੀ ਆਪਣੀ ਵਾਰੀ ਲੈਣੀ ਜਾਇਜ਼ ਸਮਝੀ। ਉਹ ਕਿਸੇ ਦੀ ਨੂੰਹ ਧੀ ਨਾਲ਼ੋਂ ਘੱਟ ਸੀ..? ਉਹ ਪਿੱਛੇ ਕਿਉਂ ਰਹਿੰਦੀ..?? ਉਸ ਨੇ ਵੀ ਆਪਣੇ ਦਿਲ ਦੀ ਭੜ੍ਹਾਸ ਕੱਢ ਲਈ।

-"ਨ੍ਹੀ ਚਲੋ ਆਪਾਂ ਕੀ ਲੈਣੈਂ..? ਜੀਹਦੀਆਂ ਅੱਖਾਂ ਦੁਖਣਗੀਆਂ, ਆਪੇ ਪੱਟੀ ਬੰਨੂ..! ਕਰਤੀ ਨਾ ਕਮਲ਼ੀਆਂ ਆਲ਼ੀ ਗੱਲ..?"

-"ਨਾਲ਼ੇ ਭੈਣੇ ਮਾਂ ਪਿਉ ਦੇ ਵੀ ਕੀ ਵੱਸ ਐ..? ਕੀ ਬੰਦਾ ਅਲ਼ੱਥ ਹੋਏ ਧੀ ਪੁੱਤ ਦੇ ਘੋਲ਼ ਕੇ ਢਿੱਡ 'ਚ ਪਾਦੂ..?"

-"ਨ੍ਹੀ ਬੋਢਲ਼ ਕੱਟੀ ਤਾਂ ਉਹ ਹੋਈ ਪਈ ਐ..! ਅਜੇ ਉਹਦੇ ਢਿੱਡ 'ਚ ਘੋਲ਼ ਕੇ ਪਾਉਣ ਦੀ ਕਸਰ ਈ ਰਹਿਗੀ..? ਚਲੋ ਜੁਆਕ ਹੋਊ, ਅਗਲਾ ਕੁੱਟ ਮਾਰ ਵੀ ਲਊ..? ਪਰ ਬਰੋਬਰ ਦੀ ਧੀ ਨੂੰ ਬੰਦਾ ਕੀ ਆਖੂ..?" ਖਹਿਰੀ ਨੇ ਰਹਿੰਦੀ ਕਸਰ ਕੱਢ ਲਈ।

-"ਨ੍ਹੀ ਮਾਪਿਆਂ ਦੇ ਵੀ ਕੋਈ ਵੱਸ ਨ੍ਹੀ ਭੈਣੇਂ, ਕਰਮਜੀਤ..! ਤੂੰ ਤਾਂ ਕਮਲ਼ੀ ਐਂ...!"

-"ਨ੍ਹੀ ਭੈਣੇਂ ਪਤਾ ਨ੍ਹੀ ਲੁੱਚੀ ਨੂੰ ਕੀ ਅੱਗ ਲੱਗੀ ਵੀ ਐ..? ਥਾਂ ਥਾਂ ਤੇ ਪਿਉ ਦੀ ਦਾਹੜ੍ਹੀ ਰੋਲ਼ਦੀ ਫ਼ਿਰਦੀ ਐ..!"

-"ਨ੍ਹੀ ਕਰਮਜੀਤ..! ਧਾਰ ਨ੍ਹੀ ਕੱਢਣੀਂ..? ਕੀ ਗੁਰਬਤੇ ਫ਼ਰੋਲਣ ਲੱਗੀ ਐਂ ਐਥੇ..?" ਤਾਈ ਦਲੀਪ ਕੌਰ ਨੇ ਨੂੰਹ ਨੂੰ ਹੋਕਰਾ ਮਾਰਿਆ।

-"ਚੱਲ ਭੈਣੇਂ ਮੈਂ ਤਾਂ ਚੱਲ ਕੇ ਧਾਰ ਕੱਢਾਂ, ਨਹੀਂ ਤਾਂ ਖਹਿਰਾ ਆ ਕੇ ਹਾਲ ਹਾਲ ਕਰੂ..! ਨਾਲ਼ੇ ਉਹ ਤਾਂ ਅੱਜ ਗਿਆ ਵੀ ਠੇਕੇ ਨੂੰ ਐਂ, ਮੂਤ ਡੱਫ਼ ਕੇ ਆਊ..!"

ਮੇਲਾ ਵਿੱਛੜ ਗਿਆ ਸੀ।

ਹਨੀ ਦਾ ਦੇਵ ਤੋਂ ਜੀਅ ਭਰਦਾ ਜਾ ਰਿਹਾ ਸੀ। ਡੇਵ ਫਿਰ ਵੀ ਉਸ ਤੋਂ ਦੁੱਗਣਾਂ ਵੱਡਾ ਸੀ। ਜਦ ਹਨੀ ਕਿਸੇ ਹਮ-ਉਮਰ ਨੂੰ ਤੱਕਦੀ ਤਾਂ ਉਸ ਦਾ ਸਰੀਰ ਕਿਸੇ ਹਾਣ ਦੀ ਗਲਵਕੜੀ ਲਈ ਉਸਲ਼ਵੱਟੇ ਲੈਣ ਲੱਗਦਾ। ਮਨ ਅੰਗੜਾਈ ਭਰਦਾ! ਡੇਵ ਤਾਂ ਦਾਰੂ ਨੇ ਚਰ ਲਿਆ ਸੀ। ਹਨੀ ਦੇ ਜੋਬਨ ਦੀ ਜੂਹ ਵਿਚ ਜਾ ਕੇ ਡੇਵ ਦੀ ਜੀਭ ਨਿਕਲ਼ ਜਾਂਦੀ...! ਹੁਣ ਤਾਂ ਉਸ ਦੇ ਵਾਲ਼ਾਂ ਵਿਚੋਂ ਸਿੱਕਰੀ ਦੇ ਲਿਉੜ ਡਿੱਗਦੇ। ਉਹ ਖੁਰਕ ਖਾਧੇ ਕੁੱਤੇ ਵਾਂਗ ਹਰ ਵਕਤ ਖੁਰਕਦਾ ਹੀ ਰਹਿੰਦਾ। ਹਨੀ ਨੂੰ ਉਸ ਤੋਂ ਕਚਿਆਣ ਜਿਹੀ ਆਉਣ ਲੱਗ ਪਈ ਸੀ।

ਡੇਵ ਕੰਮ 'ਤੇ ਜਾ ਚੁੱਕਾ ਸੀ।

ਹਨੀ ਦੀ ਦੁਪਿਹਰ ਦੋ ਤੋਂ ਰਾਤ ਦੇ ਦਸ ਵਜੇ ਤੱਕ ਡਿਊਟੀ ਸੀ।

ਬਾਪੂ ਦਾ ਪਿੰਡੋਂ ਫ਼ੋਨ ਆ ਗਿਆ।

-"ਤੁਕੜੀ ਐਂ ਕੁੜ੍ਹੇ..?"

-"ਆਹੋ ਬਾਪੂ ਜੀ ਤਕੜੀ ਐਂ..! ਤੁਸੀਂ ਸੁਣਾਓ..?"

-"ਠੀਕ ਐਂ ਅਸੀਂ ਵੀ, ਆਹ ਆਬਦੀ ਬੇਬੇ ਨਾਲ਼ ਗੱਲ ਕਰਲਾ..!" ਬਾਪੂ ਨੇ ਟੈਲੀਫ਼ੋਨ ਬੇਬੇ ਦੇ ਹੱਥ ਦੇ ਦਿੱਤਾ।

-"ਤਕੜੀ ਐਂ ਹਨਿੰਦਰ..?"

-"ਹਾਂ ਬੇਬੇ ਤਕੜੀ ਆਂ, ਤੁਸੀਂ ਸੁਣਾਓ?"

-"ਠੀਕ ਐ ਪੁੱਤ...! ਆਹ ਲੁੱਚੀ ਪਾਲੋ ਨੇ ਆ ਕੇ ਆਪਣੇ ਪਿੰਡ ਬਾਹਲ਼ੀ ਈ ਬੱਕੜਵਾਹ ਕਰਤੀ..? ਜਿਵੇਂ ਕਹਿੰਦੇ ਹੁੰਦੇ ਐ, ਅਖੇ ਆਬਦੀਆਂ ਕੱਛ 'ਚ, ਤੇ ਦੂਜੇ ਦੀਆਂ ਹੱਥ 'ਚ..! ਆਬਦੇ ਵੇਲ਼ੇ

ਨ੍ਹੀ ਦੇਂਹਦੀ, ਜਦੋਂ ਦਸਵੇਂ ਦਿਨ ਬੈਲੀਆਂ ਦੇ ਕਮਾਦ 'ਚੋਂ ਭਾਲ਼ ਕੇ ਲਿਆਏ ਸੀ, ਲੋਕ ਦੱਸਦੇ ਐ ਬਈ ਪੂਰੇ ਛੇ ਬੰਦੇ ਸੀ ਕਮਾਦ 'ਚ..! ਤੇ ਹੁਣ ਇਹ ਬਣਦੀ ਐ ਬੀਬੋ ਰਾਣੀਂ..!"

-"ਚੱਲ ਛੱਡ ਬੇਬੇ...! ਕੋਈ ਹੋਰ ਗੱਲ ਕਰ..!" ਹਨੀ ਬੋਲੀ।

-"ਕੀ ਹਾਲ ਐ ਡੇਵ ਦਾ...?" ਬੁੜ੍ਹੀ ਨੇ ਵੀ ਗੱਲ ਬਦਲ ਦਿੱਤੀ।

-"ਠੀਕ ਐ ਬੇਬੇ, ਪਰ ਹੁਣ ਮੈਂ ਬਾਹਲ਼ਾ ਚਿਰ ਇਹਦੇ ਨਾਲ਼ ਰਹਿਣਾਂ ਨ੍ਹੀ..!"

-"ਚੱਲ ਪੁੱਤ ਜਿਵੇਂ ਮਰਜੀ ਐ ਕਰ..! ਅਸੀਂ ਕਿਹੜਾ ਤੈਨੂੰ ਮੇੜ੍ਹ ਪਾ ਕੇ ਰੱਖਦੇ ਐਂ...? ਪਰ ਇਕ ਗੱਲ ਐ..!"

-"ਉਹ ਕੀ ਬੇਬੇ...?" ਹਨੀ ਹੈਰਾਨ ਸੀ।

-"ਸਿਆਣਿਆਂ ਦੇ ਆਖਣ ਮਾਂਗੂੰ, ਅਖੇ ਭਾਈ ਜੇ ਹਲਵਾਈ ਕਰੀਏ, ਤਾਂ ਖ਼ੁਸ਼ਕੀ ਨਾਲ਼ ਨਾ ਮਰੀਏ..!" ਬੁੜ੍ਹੀ ਉਤਲੇ ਪੱਤੇ ਮਾਰ ਰਹੀ ਸੀ।

-"ਬੇਬੇ ਗੱਲ ਸਿੱਧੀ ਕਰ..!" ਹਨੀ ਨਿੱਤ ਨਿੱਤ ਦੇ ਸੁਆਲਾਂ ਤੋਂ ਖਿਝ ਗਈ ਸੀ।

-"ਪੁੱਤ ਗੱਲ ਇਹ ਐ, ਊਂ ਤਾਂ ਤੂੰ ਆਪ ਸਿਆਣੀ ਐਂ..!" ਉਸ ਨੇ ਪੂਰਾ ਸਾਹ ਲੈ ਕੇ ਫਿਰ ਗੱਲ ਸ਼ੁਰੂ ਕੀਤੀ, "ਤੇਰਾ ਬਾਪੂ ਆਪਣੇ ਨਾਲ਼ ਲੱਗਦੇ ਤਿੰਨ ਕਿੱਲਿਆਂ ਦਾ ਸੌਦਾ ਮਾਰਨਾ ਚਾਹੁੰਦੈ..! ਓਸ ਪੈਲ਼ੀ ਦੇ ਨੇੜੇ ਪੁਲ਼ ਬਣ ਜਾਣੈਂ, ਤੇ ਜਦੋਂ ਪੁਲ਼ ਬਣ ਗਿਆ, ਜਿਹੜੀ ਜਮੀਨ ਅੱਜ ਪੰਜ ਲੱਖ ਦੀ ਐ, ਉਹਨੇ ਧੀਏ ਪੰਜਾਹ ਲੱਖ ਦੀ ਬਣ ਜਾਣੈਂ..! ਦੇਖ ਲੈ ਕਿੰਨਾਂ ਮੁਨਾਫ਼ਾ ਬਣੂੰ..? ਅਗਲੀਆਂ ਪਿਛਲੀਆਂ ਕਸਰਾਂ ਨਿਕਲ਼ ਜਾਣਗੀਆਂ ਪੁੱਤ ਮੇਰਿਆ..! ਜੇ ਡੇਵ ਨੂੰ ਛੱਡਣਾਂ ਈ ਐਂ, ਤਾਂ ਕੁਛ ਤਾਂ ਲੈ ਕੇ ਡਿੱਗ..! ਅਸੀਂ ਤਾਂ ਪੁੱਤ ਤੇਰੇ ਸਾਹ 'ਚ ਸਾਹ ਲੈਣ ਆਲ਼ੇ ਐਂ..! ਇਹ ਪੈਲ਼ੀ ਤੇਰੇ ਨਾਂ ਈ ਰਿਛਟਰੀ ਕਰਾਂਗੇ..! ਅਸੀਂ ਕਿਹੜਾ ਪੁੱਤ ਕਿਤੇ ਚੱਕ ਕੇ ਲੈ ਜਾਣੀਂ ਐਂ..? ਸਾਰ ਕੁਛ ਥੋਡਾ ਈ ਐ, ਅਸੀਂ ਕਿਹੜਾ ਡੱਡੇ ਹਿੱਕ 'ਤੇ ਧਰ ਕੇ ਲੈ ਜਾਣੈਂ..? ਜਦੋਂ ਮਰਜੀ ਐ ਆ ਕੇ ਚਿੱਕ ਕਰਲੀਂ ਧੀਏ, ਤੇਰੇ ਤੋਂ ਜਮਾਂ ਨਾਬਰ ਨ੍ਹੀ ਹੁੰਦੇ..! ਹੁਣ ਜੇ ਤੂੰ ਡੇਵ ਆਲ਼ਾ ਅੱਕ ਚੱਬ ਈ ਲਿਐ, ਓਸ ਗੱਲ ਦੇ ਆਖਣ ਮਾਂਗੂੰ, ਕੋਈ ਲਾਹਾ ਤਾਂ ਲੈ..! ਐਵੇਂ ਬਾਧੂ ਲਾਲ਼ਾਂ ਚੱਟਣ ਦਾ ਕੀ ਫੈਦਾ ਧੀਏ..? ਜੇ ਤੇਰੇ ਚਾਰ ਸਿਆੜ ਬਣ ਜਾਣਗੇ, ਜਦੋਂ ਮਰਜੀ ਐ ਆ ਕੇ ਵੇਚ ਦੇਈਂ..! ਗਹਿਣਾਂ ਤੇ ਜਮੀਨ ਤਾਂ ਧੀਏ ਜੇਬ 'ਚ ਪਈ ਮਾਇਆ ਹੁੰਦੀ ਐ, ਜਦੋਂ ਮਰਜੀ ਧਰ ਕੇ ਲੋੜ ਪੂਰੀ ਕਰ ਲਈਏ..!" ਬੁੜ੍ਹੀ ਨੇ ਕਈ ਦਾਅ ਸੁੱਟ ਦਿੱਤੇ।

-"ਕਿੰਨੇ ਕੁ ਨਾਲ਼ ਸਰਜੂ ਬੇਬੇ...?" ਹਨੀ ਨੇ ਪੁੱਛਿਆ।

-"ਪੁੱਤ..! ਮਾਇਆ ਵੀ ਕਦੇ ਵਧੀ ਐ...? ਜਿੰਨੀ ਮਰਜੀ ਐ ਭੇਜ ਦੇਹ..! ਜਿੰਨਾਂ ਗੁੜ ਪਾਵੇਂਗੀ, ਓਨਾਂ ਈ ਡੱਡੇ ਮਿੱਠਾ ਹੋਊ..! ਪੈਸੇ ਦੀ ਤਾਂ ਬੰਦੇ ਨੂੰ ਜਰੂਰਤ ਈ ਜਰੂਰਤ ਐ..! ਨਾਲ਼ੇ ਤੂੰ ਕਿਹੜਾ ਜੈ ਖਾਣੇਂ ਡੇਵ ਨਾਲ਼ ਫੇਰੇ ਲਏ ਐ..? ਆਬਦਾ ਕੰਮ ਕੱਢੀਏ ਸ਼ੇਰਾ..! ਮਰਦ 'ਤੇ ਬਹੁਤਾ ਕਦੇ 'ਤਬਾਰ ਨਾ ਕਰੀਏ..! ਮਰਦ ਮੱਛਰਿਆ ਘੋੜ੍ਹਾ ਹੁੰਦੈ..! ਜਦੋਂ ਜੀਅ ਭਰ ਗਿਆ, ਚਲਾ ਕੇ ਮਾਰੂ..! ਆਬਦਾ ਕੁਛ ਬਣਾਂ..! ਇਹ ਮੌਕੇ ਨਿੱਤ ਨਿੱਤ ਨ੍ਹੀ ਮਿਲ਼ਦੇ..! ਦੁਨੀਆਂ ਪੈਸੇ ਆਲ਼ੇ ਨੂੰ ਸਲਾਮਾਂ ਕਰਦੀ ਐ..! ਚਾਹੇ ਲੱਖ ਬੈਲ ਐਬ ਹੋਵੇ..! ਚੱਲ ਓਹ ਜਾਣੇਂ ਤੇਰੇ ਕੋਲ਼ ਕੁਛ ਹੋਊ, ਆਬਦਾ ਬੈਠ ਕੇ ਭੋਰ ਭੋਰ ਤਾਂ ਛਕੀ ਜਾਵੇਂਗੀ..? ਬਾਕੀ ਪੁੱਤ ਤੂੰ ਆਪ ਸਿਆਣੀ ਐਂ..! ਆਬਦਾ ਚੰਗਾ ਮੰਦਾ ਸਭ ਸਮਝਦੀ ਐਂ, ਸੱਤ ਸਮੁੰਦਰੋਂ ਪਾਰ ਤੂੰ ਬੈਠੀ ਐਂ..! ਘਾਟ ਘਾਟ ਦਾ ਪਾਣੀ ਪੀਤੈ..! ਜੇ ਧੀਏ ਮਰਦ ਤੋਂ ਚੰਮ ਚਟਾਇਐ, ਤਾਂ ਕੁਛ ਲੈ ਕੇ ਵੀ ਡਿੱਗ..! ਬਾਧੂ ਨਾ ਮੋਮ ਦਾ ਨੱਕ ਬਣੀ ਜਾਹ..! ਜੁੱਲ ਕਧੋਲ਼ੇ ਮੌਜਾਂ ਮਾਨਣ ਤੇ ਆਕੜ ਪਾਲ਼ੇ ਮਰਦੀ ਐ..! ਉਹੀ ਕੁਛ ਆਬਦਾ ਹੁੰਦੈ, ਜੋ ਆਬਦੇ ਹੱਥ 'ਚ ਹੋਵੇ..! ਮਗਰੋਂ ਧੀਏ ਟਿੰਡੀਆਂ ਬੁਸ਼ਕਰਨ ਨਾਲ਼ ਕੁਛ ਨ੍ਹੀ ਬਣਦਾ..! ਵੇਲ਼ਾ ਸਾਂਭੀਏ ਆਬਦਾ..!"

ਕੁਝ ਹੋਰ ਗੱਲਾਂ ਕਰ ਕੇ ਉਹਨਾਂ ਨੇ ਫ਼ੋਨ ਰੱਖ ਦਿੱਤਾ।

ਹਨੀ ਸੋਚੀਂ ਪੈ ਗਈ।

ਗੱਲ ਬੇਬੇ ਦੀ ਸੋਲ਼ਾਂ ਆਨੇ ਸੱਚੀ ਸੀ।

ਡੇਵ ਬੁੱਢੇ ਖੋਲੇ ਤੋਂ ਉਸ ਨੇ ਕੀ ਲੈਣਾਂ ਸੀ..? ਡੇਵ ਮੇਰੇ 'ਤੇ ਇਤਬਾਰ ਵੀ ਬਹੁਤ ਕਰਨ ਲੱਗ ਪਿਆ..। ਮੇਰੇ ਨਾਲ਼ ਉਸ ਦਾ ਬੈਂਕ ਅਕਾਊਂਟ ਵੀ ਸਾਂਝਾ ਚੱਲਦਾ ਹੈ..। ਜਦੋਂ ਲੋੜ ਪੈਂਦੀ ਹੈ, ਉਹ ਪੈਸੇ ਕਢਵਾ ਲੈਂਦੈ, ਤੇ ਜੇ ਹੁਣ ਮੈਨੂੰ ਲੋੜ ਪੈ ਗਈ ਤਾਂ ਮੈਂ ਕਿਉਂ ਨਾ ਕਢਵਾਵਾਂ..? ਘਰ ਦੇ ਮੇਰੇ ਨਾਂ 'ਤੇ ਜ਼ਮੀਨ ਖਰੀਦ ਰਹੇ ਐ..। ਜਦੋਂ ਲੋੜ ਪਈ ਵੇਚ ਦਿਊਂਗੀ..? ਜ਼ਮੀਨ ਨੇ ਵਧਣਾਂ ਹੀ ਹੈ, ਘਟਣਾਂ ਤਾਂ ਨ੍ਹੀਂ..? ਨਾਲ਼ੇ ਬਾਪੂ ਆਖਦਾ ਸੀ ਕਿ ਉਥੇ ਕੋਈ ਪੁਲ਼ ਬਣ ਜਾਣੈਂ..। ਤੇ ਜਿਹੜੀ ਜ਼ਮੀਨ ਅੱਜ ਪੰਜ ਲੱਖ ਦੀ ਐ, ਉਹ ਪੰਜਾਹ ਲੱਖ ਦੀ ਬਣ ਜਾਣੀ ਐਂ..? ਕੁਛ ਸੋਚ ਕਰ ਹਨੀ..! ਰੱਬ ਨੇ ਦਿੱਤੀਆਂ ਗਾਜਰਾਂ ਤੇ ਵਿਚੇ ਰੰਬਾ ਰੱਖ..! ਐਹੋ ਜੇ ਟਾਈਮ ਵਾਰ ਵਾਰ ਨਹੀਂ ਆਉਂਦੇ..! ਡੇਵ ਦੇ ਅਕਾਊਂਟ 'ਚੋਂ ਕਢਵਾ ਪੈਸੇ, ਤੇ ਬਾਪੂ ਨੂੰ ਤੋਰ...! ਪਿੱਛੋਂ ਆਪੇ 'ਘੈਂਸ-ਘੈਂਸ' ਹੁੰਦੀ ਫਿਰੂ..! ਦੇਖੀ ਜਾਊ, ਜੋ ਕੁਛ ਹੋਊ..! ਨਾਲ਼ੇ ਉਹ ਲਾਲ੍ਹਾਂ ਸਿੱਟਣਾਂ ਜਿਆ ਮੇਰਾ ਕੀ ਵਿਗਾੜ ਲਊ..? ਕਿਸੇ ਕਾਲ਼ੇ ਅਫ਼ਰੀਕਣ ਨੂੰ ਦੇ ਕੇ ਪੰਜ ਸੱਤ ਸੌ ਮੈਂ ਹੱਡ ਨਾ ਤੁੜਵਾ ਦਿਊਂ..? ਨਾਲ਼ੇ ਤੇਰਾ ਉਹਦਾ ਮੇਲ ਵੀ ਕੀ...? ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ...? ਕਿੱਥੇ ਤੇਰੀ ਕੂਕਦੀ ਜੁਆਨੀ, ਤੇ ਕਿੱਥੇ ਉਹ ਥੁੱਕ ਸਿੱਟਣਾਂ ਬੁੱਢਾ ਖੋਰ..? ਤੈਨੂੰ ਮੁੰਡਿਆਂ ਦਾ ਘਾਟੈ..? ਜ਼ਮੀਨ ਜਾਇਦਾਦ ਕੋਲ਼ੇ ਹੋਊ, ਤਾਂ ਮੈਂ ਛੇ ਮਹੀਨੇ ਪੰਜਾਬ ਰਿਹਾ ਕਰੂੰ, ਤੇ ਛੇ ਮਹੀਨੇ ਐਥੇ..! ਐਸ਼ ਨਾਲ਼ ਕੰਮ ਕਰੂੰ, ਤੇ ਪੈਸੇ ਜੋੜ ਕੇ ਛੇ ਮਹੀਨੇ ਠੰਢ 'ਚ ਪੰਜਾਬ ਰਿਹਾ ਕਰੂੰ..! ਕਰੀ ਜਾਣ ਪਿੰਡ ਦੇ ਲੋਕ ਗੱਲਾਂ..! ਮੇਰੇ ਮਾਰੇ ਐ ਛਿੱਤਰ ਤੋਂ ਦੀ..! ਜਦੋਂ ਚਾਰ ਪੈਸੇ ਕੋਲ਼ੇ ਹੋਣਗੇ, ਕੰਜਰ ਲੋਕ ਪੈਰ ਧੋ-ਧੋ ਪੀਣਗੇ..! ਕਿਸੇ ਨੇ ਕਿਸੇ ਦਾ ਐਬ ਨਹੀਂ ਦੇਖਿਆ..! ਪਿੱਠ ਪਿੱਛੇ ਤਾਂ ਲੋਕ ਗੌਰਮਿੰਟ ਨੂੰ ਗਾਲ਼੍ਹਾਂ ਕੱਢੀ ਜਾਂਦੇ ਐ..! ਪਰ ਮੂਹਰੇ ਕੋਈ ਨਹੀਂ ਕੁਸਕਦਾ..! ਮੈਂ ਤਾਂ ਲੈ ਕੇ ਜ਼ਮੀਨ, ਡੇਵ ਦੇ ਮਾਰੂੰ ਲੱਤ, ਤੇ ਕੋਈ ਪੱਚੀ-ਛੱਬੀ ਸਾਲ ਦਾ, ਗੰਧਾਲ਼ੇ ਵਰਗਾ ਜੁਆਨ ਮੁੰਡਾ ਵਿਆਹ ਕੇ ਲਿਆਊਂ..। ਫੇਰ ਕਰਾਂਗੇ ਐਸ਼ ਤੇ ਮਨਾਇਆ ਕਰਾਂਗੇ ਰੰਗਰਲ਼ੀਆਂ..! ਨਿੱਤ ਨਿੱਤ ਨ੍ਹੀ ਭਾਣਜੇ ਵਿਆਹੁੰਣੇ, ਖਾ ਲੈ ਬਿੱਲੋ ਨਾਸ਼ਪਾਤੀਆਂ..! ਤੂੰ ਸਾਰੀ ਉਮਰ ਡੇਵ ਵਰਗੇ ਖੋਰਾਂ ਤੋਂ ਮੁਲਾਇਮ ਪਿੰਡੇ 'ਤੇ ਰੇਗਮਾਰ ਵਰਗੇ ਹੱਥ ਤਾਂ ਨ੍ਹੀ ਰਗੜਾਈ ਜਾਣੇਂ..? ਜ਼ਿੰਦਗੀ ਬਹੁਤ ਛੋਟੀ ਐ ਹਨੀ..! ਇਹਨੂੰ ਢੰਗ ਨਾਲ਼ ਹੰਢਾ..! ਐਸ਼ ਕਰ, ਤੇ ਬੁੱਲੇ ਵੱਢ..! ਪੰਜ ਦਾ ਪੰਜਾਹ ਲੱਖ ਐਥੇ ਸਾਰੀ ਜ਼ਿੰਦਗੀ ਨ੍ਹੀ ਬਣਨਾਂ..? ਤੂੰ ਮਾਰ ਕੋਈ ਧੋਬੀ ਪਟੜਾ ਤੇ ਜ਼ਮੀਨ ਖ਼ਰੀਦ..! ਬਾਪੂ ਜ਼ਿੰਦਾਬਾਦ..!

ਅਗਲੇ ਦਿਨ ਹਨੀ ਨੇ ਡੇਵ ਦੇ ਅਕਾਊਂਟ 'ਚੋਂ ਪੰਦਰਾਂ ਹਜ਼ਾਰ ਪੌਂਡ ਕਢਵਾ ਕੇ ਬਾਪੂ ਨੂੰ ਭੇਜ ਦਿੱਤੇ!

ਡੇਵ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ। ਉਹ ਬੈਂਕ ਘੱਟ ਵੱਧ ਹੀ ਜਾਂਦਾ। ਜਿੰਨੇ ਕੁ ਪੈਸਿਆਂ ਦੀ ਉਸ ਨੂੰ ਜ਼ਰੂਰਤ ਹੁੰਦੀ, 'ਕੈਸ਼ ਪੁਆਇੰਟ' ਤੋਂ ਕੱਢ ਲੈਂਦਾ। ਬੈਂਕ ਜਾਣ ਦੀ ਉਸ ਨੂੰ ਜ਼ਰੂਰਤ ਹੀ ਨਾ ਪੈਂਦੀ। ਉਸ ਨੂੰ ਹਨੀ 'ਤੇ ਵੀ ਪੂਰਾ ਪੂਰਾ ਵਿਸ਼ਵਾਸ ਸੀ। ਜੇ ਵਿਸ਼ਵਾਸ ਨਾ ਹੁੰਦਾ, ਤਾਂ ਉਹ ਹਨੀ 'ਤੇ ਇਤਨਾਂ ਨਿਰਭਰ ਕਿਉਂ ਕਰਦਾ...? ਸਮਾਨ ਬਗੈਰਾ ਲਿਆਉਣ ਲਈ ਉਸ ਨੂੰ ਆਪਣਾ ਬੈਂਕ ਕਾਰਡ ਕਿਉਂ ਦਿੰਦਾ..? ਉਹ ਤਾਂ ਹਨੀ ਦੇ ਸਰੀਰ ਅਤੇ ਰੰਗ ਰੂਪ ਵਿਚ ਹੀ ਮਸਤ ਸੀ। ਦੋਵੇਂ ਤੀਵੀਂ ਆਦਮੀ ਵਾਂਗ ਤਾਂ ਰਹਿੰਦੇ ਸਨ।

ਤੀਜੇ ਦਿਨ ਪੌਂਡ ਰੁਪਈਆਂ ਵਿਚ ਵਟ ਕੇ ਬਾਪੂ ਨੂੰ ਮਿਲ਼ ਗਏ। ਉਸ ਨੇ ਕੱਛਾਂ ਵਜਾਈਆਂ। ਦਿਮਾਗ ਵਿਚ ਖ਼ੁਸ਼ੀ ਦੇ ਨਾਦ ਵੱਜੇ ਅਤੇ ਉਸ ਦਾ ਲਲਕਾਰੇ ਮਾਰਨ ਨੂੰ ਜੀਅ ਕੀਤਾ..! ਹਨੀ ਨੂੰ ਫ਼ੋਨ ਆ ਗਿਆ ਅਤੇ ਨਾਲ਼ ਦੀ ਨਾਲ਼ ਬੇਬੇ ਬਾਪੂ ਨੇ ਪੰਜ ਲੱਖ ਦਾ ਸੁਆਲ ਹੋਰ ਦਾਗ ਦਿੱਤਾ। ਧੀ ਸੋਨੇ ਦੀ ਮੁਰਗੀ ਸੀ, ਕਿਹੜਾ ਕੋਈ ਜੋਰ ਲੱਗਦਾ ਸੀ..? ਘਰ ਦੀ ਮੁਰਗੀ ਦਾਲ਼ ਬਰਾਬਰ ਸੀ, ਸਿਰਫ਼ ਗਲ਼ ਮਰੋੜਨ ਦੀ ਹੀ ਲੋੜ ਸੀ..? ਬਾਪੂ ਨੇ ਹਨੀ ਅੱਗੇ ਚੋਗਾ ਖ਼ਿਲਾਰਿਆ। ਪੰਜ ਦੇ ਪੰਜਾਹ ਲੱਖ ਬਣਨੇ ਸਨ, ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਕ ਕਿੱਲੇ ਵਿਚੋਂ ਸਿੱਧਾ ਪੰਤਾਲ਼ੀ ਲੱਖ ਮੁਨਾਫ਼ਾ..! ਕਿੱਥੋਂ ਮਿਲਣਾਂ ਸੀ..? ਹੁਣ ਤਾਂ ਪੁਲ਼ ਬਣ ਜਾਣਾਂ ਸੀ, ਜ਼ਮੀਨ ਸੋਨੇ ਦੇ ਭਾਅ ਵਿਕਣੀਂ ਸੀ..! ਰਜਿਸਟਰੀ ਹਨੀ ਦੇ ਨਾਂ ਹੋਣੀਂ ਸੀ..! ਹਨੀ ਨੇ ਐਸ਼ ਕਰਨੀ ਸੀ..! ਐਹੋ ਜਿਹੇ ਮੌਕੇ ਵਾਰ ਵਾਰ ਹੱਥ ਨਹੀਂ ਲੱਗਣੇਂ ਸਨ..!

ਹਨੀ ਨੇ ਪੰਜ ਦੀ ਥਾਂ, ਛੇ ਲੱਖ ਰੁਪਏ ਬਾਪੂ ਨੂੰ ਭੇਜ ਦਿੱਤੇ।

ਡੇਵ ਜ਼ਿੰਦਾਬਾਦ ਸੀ। ਬੇਬੇ ਦੀ ਗੱਲ ਲੱਖ ਰੁਪਏ ਦੀ ਸੀ। ਹਨੀ ਬੁੱਢੇ ਡੇਵ ਦੀਆਂ ਲਾਲ਼ਾਂ ਚੱਟਦੀ ਸੀ...! ਕੁਛ ਨਾ ਕੁਛ ਤਾਂ ਉਸ ਨੂੰ ਲੈ ਕੇ ਡਿੱਗਣਾਂ ਹੀ ਚਾਹੀਦਾ ਸੀ..? ਉਹ ਰੋਟੀ ਲਾਹੁੰਦੀ ਸੀ..। ਸਫ਼ਾਈ ਕਰਦੀ ਸੀ...। ਰਾਤ ਨੂੰ ਬੁੜ੍ਹੇ ਡੇਵ ਦੀ ਧੰਗੇੜ ਵੀ ਝੱਲਦੀ ਸੀ..। ਕੱਪੜੇ ਧੋਂਦੀ ਸੀ..। ਕੱਪੜੇ ਪ੍ਰੈੱਸ ਕਰਦੀ ਸੀ..। ਫਿਰ ਜੇ ਉਸ ਨੇ ਉਸ ਦੇ ਸਾਂਝੇ ਅਕਾਊਂਟ 'ਚੋਂ ਵੀਹ-ਇੱਕੀ ਹਜ਼ਾਰ ਪੌਂਡ ਕਢਵਾ ਵੀ ਲਏ ਸਨ, ਤਾਂ ਕੀ ਲੋਹੜ੍ਹਾ ਆ ਗਿਆ ਸੀ..? ਕੋਈ ਕੰਧ ਡਿੱਗਣ ਲੱਗੀ ਸੀ..? ਜੇ ਡੇਵ ਨੂੰ ਪਤਾ ਲੱਗ ਗਿਆ, ਫੇਰ..? ਫੇਰ ਕੀ ਹਨ੍ਹੇਰੀ ਆ ਜਾਊ..? ਆਖੂੰ, ਮੈਂ ਨਹੀਂ ਕੰਮ ਕਰਦੀ..? ਜੇ 'ਚੂੰ-ਚਰਾਂ' ਕੀਤੀ ਫੇਰ..? ਚੰਗਾ ਹੋਊ..! ਇਕ ਨਾ ਇਕ ਦਿਨ ਤਾਂ ਇਸ ਬਿੱਜੂ ਤੋਂ ਖਹਿੜ੍ਹਾ ਛੁਡਵਾਉਣਾਂ ਈ ਐਂ..! ਇਹ ਤਾਂ ਇਕ ਤਰ੍ਹਾਂ ਨਾਲ਼ ਬਹਾਨਾਂ ਬਣ ਜਾਊ..! ਨਾਲ਼ੇ ਮੈਂ ਕਿਹੜਾ ਆਬਦੇ ਸਹੀ ਦਸਤਖ਼ਤ ਕੀਤੇ ਐ..? ਮੈਂ ਵੀ ਫ਼ਰਜ਼ੀ ਜਿਹੇ ਦਸਤਖ਼ਤ ਕਰ ਕੇ ਪਰ੍ਹਾਂ ਮਾਰੇ..! ਕਾਊਂਟਰ 'ਤੇ ਬੈਠੀ ਗੋਰੀ ਨੇ ਕਿਹੜਾ ਦਸਤਖ਼ਤ ਚੱਜ ਨਾਲ਼ ਚੈੱਕ ਕੀਤੇ ਐ..? ਮੈਂ ਸਾਫ਼ ਮੁੱਕਰ ਜਾਊਂ..! ਆਖੂੰ, ਇਹ ਤਾਂ ਮੇਰੇ ਦਸਤਖ਼ਤ ਈ ਨ੍ਹੀ..! ਕੀ ਫੜ ਲਊ ਮੇਰਾ..? ਐਹੋ ਜੇ ਵੀਹ ਦੇਖੇ ਐ..! ਮੈਂ ਤਾਂ ਰਮਣੀਕ ਦੇ ਘੈਂਟ ਪ੍ਰੀਵਾਰ ਨੂੰ ਪਾਣੀ ਨ੍ਹੀ ਮੰਗਣ ਦਿੱਤਾ..? ਇਹ 'ਕੱਲਾ ਟੋਟਰੂ ਮੇਰਾ ਕੀ ਕਰ ਲਊ..? ਐਹੋ ਜੇ ਮਾਰੇ ਨੇ ਮੇਰੀ ਢਾਕ ਤੋਂ ਦੀ..!

ਜਿਹੜੇ ਰੋਗ ਨਾਲ਼ ਮਰਗੀ ਬੱਕਰੀ, ਓਹੀ ਰੋਗ ਪਠੋਰੇ ਨੂੰ..! ਜਿਹੜਾ ਕੁਛ ਉਸ ਦੇ ਮਾਂ ਬਾਪ ਸੋਚ ਰਹੇ ਸਨ, ਉਹੀ ਕੁਛ ਹਨੀ ਸੋਚਣ ਲੱਗ ਪਈ ਸੀ। ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ੍ਹ..! ਜਿਹੋ ਜਿਹੇ ਮਾਂ ਬਾਪ ਸਨ, ਓਹੋ ਜਿਹੀ ਹੀ ਹਨੀ ਬਣ ਤੁਰੀ ਸੀ। ਵਿਹਲਾ ਬਾਣੀਆਂ ਕੀ ਕੰਮ ਕਰੇ, ਐਧਰਲੇ ਵੱਟੇ ਔਧਰ ਧਰੇ..! ਉਹ ਡੇਵ ਤੋਂ ਖਹਿੜ੍ਹਾ ਛੁਡਵਾਉਣ ਬਾਰੇ ਜੰਗੀ ਪੱਧਰ 'ਤੇ ਸੋਚ ਰਹੀ ਸੀ। ਪਰ ਡੇਵ ਦੇ ਮਨ ਵਿਚ ਕੋਈ ਛਲ, ਕਪਟ ਜਾਂ ਪਾਪ ਨਹੀਂ ਸੀ। ਦਿਲ ਦਰਿਆ ਅਤੇ ਸੱਚੇ ਬੰਦੇ ਡੇਵ ਨੂੰ ਇਹ ਕੰਨੋਂ ਕੰਨ ਖ਼ਬਰ ਨਹੀਂ ਸੀ ਕਿ ਉਸ ਦੇ ਅਕਾਊਂਟ ਵਿਚੋਂ ਇੱਕੀ ਹਜ਼ਾਰ ਪੌਂਡ ਗੋਹਿਆਂ ਦੀ ਲੜਾਈ ਵਿਚ ਹੀ ਰੁੜ੍ਹ ਗਿਆ ਸੀ। ਜਿਹੋ ਜੀ ਨੰਦੋ ਬਾਹਮਣੀਂ ਤੇ ਉਹੋ ਜਿਆ ਘੁੱਦੂ ਜੇਠ ਦੀ ਕਹਾਵਤ ਵਾਂਗ, ਜਿਵੇਂ ਮਾਂ ਬਾਪ ਹਨੀ ਦੀ ਪੂਛ ਨੂੰ ਵੱਟ ਚਾੜ੍ਹਦੇ, ਉਹ ਉਸੀ ਤਰ੍ਹਾਂ ਹੀ ਉਹਨਾਂ ਦੇ ਮਗਰ ਲੱਗ ਤੁਰਦੀ। ਆਗਿਆਕਾਰੀ ਬਾਂਦਰੀ ਵਾਂਗ ਜਿਵੇਂ ਬੇਬੇ ਬਾਪੂ ਸੀਟੀ ਮਾਰਦੇ, ਉਹ ਗਿੱਧਾ ਪਾਉਂਦੀ..! ਕੋਠਾ ਉਸਰਿਆ ਤੇ ਤਰਖਾਣ ਵਿਸਰਿਆ ਵਾਂਗ ਹਨੀ ਦੇ ਸਾਰੇ ਕਾਰਜ ਸਿੱਧ ਹੋ ਗਏ ਸਨ, ਅਤੇ ਹੁਣ ਉਸ ਨੂੰ ਡੇਵ ਕੋਈ ਸਹਾਰਾ ਨਹੀਂ, ਇਕ ਬੱਜਰ ਬੋਝ ਲੱਗਣ ਲੱਗ ਪਿਆ ਸੀ..!

ਹਨੀ ਨੂੰ ਉਸ ਦੇ ਆਪਣੇ ਮਕਾਨ ਦਾ ਕਿਰਾਇਆ ਬੈਂਕ ਵਿਚ ਹੀ ਆਈ ਜਾਂਦਾ ਸੀ, ਜਿਸ ਨਾਲ਼ ਮਕਾਨ ਦੀ ਕਿਸ਼ਤ ਸਿੱਧੀ ਹੀ ਤੁਰੀ ਜਾਂਦੀ ਸੀ। ਹੁਣ ਉਸ ਨੂੰ ਕੋਈ ਬਹੁਤਾ ਫ਼ਿਕਰ ਫ਼ਾਕਾ ਨਹੀਂ ਸੀ। ਇਕ ਇਕ ਕਿੱਲੇ ਦਾ ਉਸ ਨੂੰ ਪੰਤਾਲ਼ੀ ਹਜ਼ਾਰ ਮੁਨਾਫ਼ਾ ਹੋਣਾਂ ਸੀ..। ਉਸ ਨੇ ਹੁਣ ਡੇਵ ਕੋਲੋਂ ਸੁਆਹ ਤੇ ਖੇਹ ਲੈਣੀਂ ਸੀ..? ਦਫ਼ਾ ਹੋਵੇ, ਮਰੇ ਪਰ੍ਹਾਂ..! ਆਬਦੇ ਹਾਣ ਦੀ ਮੌਲੀ ਲੱਭ ਲਵੇ ਕੋਈ..! ਮੈਂ ਤਾਂ ਕੋਈ ਗੋਹਲ਼ ਵਰਗਾ ਮੁੰਡਾ ਵਿਆਹ ਕੇ ਲਿਆਊਂਗੀ..! ਮੈਂ ਇਹਨੂੰ ਬੁੜ੍ਹੇ ਨੂੰ ਜ਼ਰੂਰੀ ਹਿੱਕ 'ਤੇ ਹਿਣਕਾਉਣੈਂ..? ਮੂੰਹ ਨਾ ਮੱਥਾ ਤੇ ਜਿੰਨ ਪਹਾੜੋਂ ਲੱਥਾ..! ਇਹ ਤਾਂ ਮੇਰੀ ਮਜਬੂਰੀ ਸੀ, ਨਹੀਂ ਮੈਂ ਮਾਰਦੀ ਸੀ ਧਾਰ ਇਹਦੇ 'ਤੇ..! ਪਾਲੋ ਦੀ ਗੱਲ ਵੀ ਸੱਚੀ ਸੀ..। ਇਹ ਮੇਰੇ ਮੇਚ ਦਾ ਜਮਾਂ ਨਹੀਂ..! ਪਰ ਮਜਬੂਰੀ ਦਾ ਨਾਂ 'ਮਾਸੀ' ਸੀ..। ਨਹੀਂ ਮੈਂ ਤਾਂ ਐਹੋ ਜਿਹੇ ਬੁੱਢੇ ਦੇ ਮੂੰਹ 'ਤੇ ਥੁੱਕਦੀ ਨਹੀਂ ਸੀ..। ਮੇਰਾ ਤੇ ਉਹਦਾ ਬੁੱਢੇ ਖਚਰੇ ਦਾ ਕੋਈ ਮੇਲ ਐ..? ਪਰ ਜਿਹੜਾ ਕੁਛ ਬੰਦੇ ਦੇ ਕਰਮਾਂ 'ਚ ਲਿਖਿਆ ਹੁੰਦੈ, ਭੋਗਣਾਂ ਪੈਂਦੈ..! ਕੀ ਕਰੇ ਬੰਦਾ..? ਹਾਲਾਤਾਂ ਦਾ ਸਤਾਇਆ, ਗਧੇ ਨੂੰ ਵੀ ਬਾਪੂ ਆਖਦੈ..। ਜਿਹੜੀ ਚੀਜ਼ ਨੂੰ ਅੱਖਾਂ ਨਹੀਂ ਝੱਲਦੀਆਂ, ਜੀਭ ਕਿਵੇਂ ਝੱਲੂ..? ਮੇਰੀਆਂ ਅੱਖਾਂ ਤਾਂ ਇਹਨੂੰ ਝੱਲਦੀਆਂ ਨਹੀਂ ਸੀ, ਪਰ ਜੀਭ ਨੂੰ ਝੱਲਣਾਂ ਪਿਆ..। ਮਰਦੀ ਨੇ ਅੱਕ ਚੱਬਿਆ, ਤੇ ਮੈਂ ਹਾਰ ਕੇ ਜੇਠ ਨਾਲ਼ ਲਾਈਆਂ..! ਚੱਲ, ਦਿਨ ਵੀ ਤਾਂ ਕਿਸੇ ਆਸਰੇ ਕੱਢਣੇ ਹੀ ਸੀ..! ਬੰਦਾ ਉਹ, ਜੋ ਵੇਲ਼ਾ ਸਾਂਭ ਲਏ..! ਵੇਲ਼ਾ ਮੈਂ ਸਾਂਭ ਲਿਆ ਸੀ। ਖਰਚਾ ਮੇਰਾ ਕੋਈ ਹੈ ਨਹੀਂ ਸੀ..। ਇਹਦੇ ਸਿਰ 'ਤੇ ਅੱਧਿਓਂ ਜਿਆਦਾ ਮੌਰਗੇਜ ਲਾਹ ਕੇ ਪਰ੍ਹਾਂ ਮਾਰੀ..। ਜੌਬ ਪੱਕੀ ਹੋ ਗਈ..। ਹੁਣ ਮੈਂ ਇਹਨੂੰ ਬੁੱਢੇ ਖੁੰਢ ਨੂੰ ਕੀ ਦਬਾਲ਼ ਐਂ..? ਮੈਨੂੰ ਇਹ ਸੁੱਖ ਕੇ ਤਾਂ ਨਹੀਂ ਦਿੱਤਾ ਹੋਇਆ..? ਹਾਣ ਨੂੰ ਹਾਣ

ਪਿਆਰਾ..! ਮੈਂ ਤਾਂ ਕੋਈ ਦਿਲਾਂ ਦਾ ਜਾਨੀ ਤੇ ਪਿਆਰਾ ਜਿਆ ਹਾਣੀ ਲੱਭ ਕੇ ਵਿਆਹ ਕਰੂੰ..! ਉਹ ਸ਼ੇਖ਼ ਚਿਲੀ ਵਾਂਗ ਸਕੀਮਾਂ ਬਣਾ ਅਤੇ ਢਾਹ ਰਹੀ ਸੀ..!

ਸ਼ਾਮ ਨੂੰ ਡੇਵ ਜਦ ਘਰ ਆਇਆ ਤਾਂ ਹਨੀ ਨੂੰ ਉਸ ਦਾ ਮੂੰਹ ਬਿੱਜੂ ਵਰਗਾ ਲੱਗਿਆ! ਉਸ ਦਾ ਦਿਲ ਕੀਤਾ ਡੇਵ ਦੇ ਚਿੱਬੇ ਜਿਹੇ ਮੂੰਹ 'ਤੇ ਜੁੱਤੀ ਮਾਰੇ! ਪਰ ਨਹੀਂ ਕਮਲ਼ੀਏ..! ਅਜੇ ਤੈਨੂੰ ਇਸ ਰਿੱਛ ਦੀ ਲੋੜ ਐ..! ਉਸ ਦੇ ਮਨ ਨੇ ਵਰਜਿਆ। ਅਜੇ ਇਸ ਦੇ ਸਿਰ 'ਤੇ ਕਈ ਕੰਮ ਕਰਨੇ ਨੇ..! ਅਜੇ ਇਹਦੇ ਨਾਲ਼ ਰਹਿ ਕੇ ਮੌਰਗੇਜ ਵੱਲੋਂ ਮਕਾਨ 'ਫ਼ਰੀ' ਕਰਨਾਂ ਹੈ..। ਜੌਬ ਤਾਂ ਮੇਰੀ ਪੱਕੀ ਹੋ ਹੀ ਚੁੱਕੀ ਹੈ..। ਫ਼ਰਮ ਵਿਚ ਕਿਹੜਾ ਕਿਸੇ ਨੂੰ ਸਾਡੇ ਸਬੰਧਾਂ ਦਾ ਪਤਾ ਹੈ..? ਕਿਸੇ ਨੂੰ ਸੂਤ ਭਰ ਦਾ ਵੀ ਸ਼ੱਕ ਨਹੀਂ..। ਜੇ ਇਹਨੇ ਬਾਹਲ਼ੀ 'ਚੂੰ-ਚਰਾਂ' ਕੀਤੀ, ਇਸ 'ਤੇ ਫ਼ਰਮ ਵਿਚ 'ਜਿਸਮਾਨੀ ਛੇੜਛਾੜ' ਦਾ ਦੋਸ਼ ਲੁਆ ਕੇ ਫ਼ੱਟੀ ਵੀ ਪੋਚ ਦਿਆਂਗੀ..! ਤੇ ਆਪ ਜੁਆਨ ਸੁਪਰਵਾਈਜ਼ਰ ਨਾਲ਼ ਨੇੜਤਾ ਗੰਢ ਲਵਾਂਗੀ..। ਭਰ ਜੁਆਨ ਸੁਪਰਵਾਈਜ਼ਰ ਵੀ ਤਾਂ ਕਿੰਨੇ ਕੱਟੇ ਵੱਛੇ ਮੇਰੇ ਅੱਗੇ ਪਿੱਛੇ ਬੰਨ੍ਹਦਾ ਫ਼ਿਰਦਾ ਹੈ..? ਮੈਂ ਹੀ ਉਹਨੂੰ ਕੋਈ ਲੜ ਨਹੀਂ ਫ਼ੜਾਇਆ..। ਤੇ ਉਹ ਵੀ ਇਸ ਬਾਂਦਰ ਦੇ ਕਰਕੇ..! ਨਾ ਅਕਲ ਨਾ ਸ਼ਕਲ ਹਰਾਮ ਦੇ ਊਤ ਦੀ..!

ਡੇਵ ਕਿਚਨ ਵਿਚ ਗਿਆ, ਦੋ ਗਿਲਾਸ ਅਤੇ ਬੋਤਲ ਚੁੱਕ ਲਿਆਇਆ।

ਦੇਖ ਕੁੱਤੇ ਨੂੰ ਕਿਵੇਂ ਅੱਗ ਲੱਗੀ ਐ ਪੀਣ ਦੀ..? ਹਨੀ ਨੇ ਸੋਚਿਆ। ਪਤਾ ਨਹੀਂ ਕਿਉਂ ਅੱਜ ਉਸ ਨੂੰ ਡੇਵ 'ਤੇ ਖਿਝ ਜਿਹੀ ਚੜ੍ਹੀ ਜਾ ਰਹੀ ਸੀ..? ਪਰ ਫ਼ਿਰ ਵੀ ਹਾਲਾਤਾਂ ਪ੍ਰਤੀ ਸੁਚੇਤ ਅਤੇ ਚੁਕੰਨੀ ਹੋਈ, ਸਮਾਈ ਕਰੀ ਬੈਠੀ ਸੀ। ਜੇ ਬਾਪੂ ਨੇ ਹੋਰ ਪੈਸਿਆਂ ਦੀ ਬਾਤ ਪਾ ਦਿੱਤੀ, ਫੇਰ ਕਿੱਥੋਂ ਭੇਜੂੰ..? ਅਜੇ ਇਸ ਬੁੱਢੇ ਬੋਕ ਦੀਆਂ ਲਾਲ਼ਾਂ ਚੱਟਣੀਆਂ ਪੈਣਗੀਆਂ..। ਜਦੋਂ ਬਾਪੂ ਨੇ ਸਾਰੀ ਜ਼ਮੀਨ ਲੈ ਕੇ ਰਜਿਸਟਰੀ ਮੇਰੇ ਨਾਂ ਕਰ ਦਿੱਤੀ, ਮੈਂ ਚੁੱਪ ਚਾਪ ਟਿਕਟ ਲੈ ਕੇ ਇੰਡੀਆ ਜਾ ਵੱਜੂੰਗੀ...! ਵਜਾਉਂਦਾ ਫ਼ਿਰੇ ਟੱਲ..! ਜ਼ਮੀਨ ਦੀ ਮਾਲਕ ਮੈਂ ਹੋਊਂਗੀ..! ਸਰਦੀਆਂ 'ਚ ਮੌਜ ਨਾਲ਼ ਛੇ ਮਹੀਨੇ ਉਥੇ ਰਿਹਾ ਕਰੂੰਗੀ..! ਮੈਂ ਐਥੇ ਜ਼ਰੂਰੀ ਗੋਰਿਆਂ ਦੀ ਗੁਲਾਮੀ ਕਰਨੀ ਐਂ..? ਜ਼ਰੂਰੀ ਬੁੱਢੇ ਤੋਂ ਨਹੁੰਦਰਾਂ ਮਰਵਾਉਣੀਐਂ..? ਆਪਦਾ ਚੰਗਾ ਖਾਊਂ, ਚੰਗਾ ਪਹਿਨੂੰ..! ਚੱਕ ਲਵੇ ਆਬਦੀ ਮੈਨੇਜਰੀ ਨੂੰ ਸਿਰ 'ਤੇ..! ਪਰ ਹਨੀ, ਜੇ ਤੂੰ ਇਹਦੇ ਨਾਲ਼ ਵਿਆਹ ਕਰਵਾ ਲਵੇਂ, ਅੱਧੀ ਜਾਇਦਾਦ ਤੇਰੀ ਹੋਜੂਗੀ..। ਪਰ ਬਿੱਜੂ ਵਿਆਹ ਕਰਵਾਉਂਦਾ ਨ੍ਹੀ..! ਅਖੇ ਮੈਂ ਤਾਂ ਇਕ ਵਾਰ ਕਰਕੇ ਈ ਪਛਤਾਉਨੈਂ..। ਤੇ ਹਰਾਮ ਦਿਆ, ਤੂੰ ਮੈਨੂੰ ਕੰਜਰੀ ਜਾਂ ਰਖੇਲ ਈ ਸਮਝ ਰੱਖਿਐ..? ਜਿਸ ਦੀ ਬਘਿਆੜ੍ਹ ਮਾਂਗੂੰ ਚਮੜੀ ਚੱਟੀ ਜਾਨੈਂ..? ਕੋਈ ਨਾ, ਮੈਂ ਵੀ ਤੈਨੂੰ ਪੁੱਤ ਨਾ ਬਣਾਂ ਕੇ ਛੱਡਿਆ, ਤਾਂ ਆਖੀਂ..! ਹਨੀ ਦੇ ਮਨ ਵਿਚ ਸੋਚਾਂ ਅਤੇ ਵਿਚਾਰਾਂ ਦੀ ਚੱਕ-ਥੱਲ ਭੂਚਾਲ਼ ਬਣੀ ਹੋਈ ਸੀ।

-''ਡਰਿੰਕ ਲੈਣੀਂ ਐਂ..?'' ਡੇਵ ਨੇ ਵਿਸਕੀ ਦੀ ਬੋਤਲ ਦਾ ਡੱਟ ਮਰੋੜਦਿਆਂ ਪੁੱਛਿਆ।

-''ਲੈ ਲਵਾਂਗੀ..!'' ਹਨੀ ਨੇ ਸੰਖੇਪ ਜਿਹਾ ਉਤਰ ਦਿੱਤਾ।

-''ਕੀ ਗੱਲ ਚਿੱਤ ਤਾਂ ਨ੍ਹੀ ਢਿੱਲਾ..?'' ਉਸ ਨੇ ਗਿਲਾਸ ਵਿਚ ਦਾਰੂ ਪਾਉਂਦੇ ਨੇ ਕਿਹਾ।

-''ਨਹੀਂ, ਠੀਕ ਹਾਂ..!''

-''ਆਹ ਲੈ, ਠੰਢ ਐ, ਠੀਕ ਹੋਜੇਂਗੀ..!'' ਡੇਵ ਨੇ ਪੈੱਗ ਉਸ ਦੇ ਹੱਥ ਥਮਾਉਂਦਿਆਂ ਆਖਿਆ।

ਹਨੀ ਨੇ ਪੈੱਗ ਫੜ ਕੇ ਸਾਹਮਣੇ ਪਏ ਮੇਜ਼ 'ਤੇ ਰੱਖ ਦਿੱਤਾ।

-''ਕੀ ਗੱਲ ਦਿਲ ਨ੍ਹੀ ਕਰਦਾ..?''

ਹਨੀ ਨੇ ਗਿਲਾਸ ਖਾਲੀ ਕਰ ਦਿੱਤਾ।

-''ਅੱਜ ਗੱਲ ਕੋਈ ਜਰੂਰ ਐ, ਜਿਹੜੀ ਚੁੱਪ ਜੀ ਬੈਠੀ ਐਂ..?'' ਡੇਵ ਉਸ ਦੇ ਚਿਹਰੇ ਦੇ ਹਾਵ ਭਾਵ ਤਾੜੀ ਜਾ ਰਿਹਾ ਸੀ।

-''ਨਹੀਂ, ਕੋਈ ਗੱਲ ਨ੍ਹੀ..! ਵੈਸੇ ਈ ਮੂਡ ਜਿਆ ਖਰਾਬ ਐ..!'' ਉਸ ਨੇ ਧੁੜਧੁੜੀ ਜਿਹੀ ਲਈ।

-''ਕੋਈ ਨ੍ਹਾਂ ਇਕ ਅੱਧੀ ਡਰਿੰਕ ਹੋਰ ਲੈ-ਲਾ, ਮੂਡ ਠੀਕ ਹੋਜੂ..! ਕੁਛ ਖਾਣ ਨੂੰ ਦੇਵਾਂ..?'' ਡੇਵ ਨੇ ਪੁੱਛਿਆ।

-''ਨਹੀਂ, ਜੀਅ ਨ੍ਹੀ ਕਰਦਾ..।'' ਉਹ ਬੜੇ ਸੰਖੇਪ ਉਤਰ ਦੇ ਰਹੀ ਸੀ।

ਪਰ ਫਿਰ ਵੀ ਡੇਵ ਕਿਚਨ ਵਿਚੋਂ ਬਦਾਮ ਅਤੇ ਕਾਜੂ ਚੁੱਕ ਲਿਆਇਆ। ਹਨੀ ਨੂੰ ਡੇਵ ਦਾ ਮੋਹ ਜਿਹਾ ਆਇਆ। ਉਹ ਸੋਚ ਰਹੀ ਸੀ ਕਿ ਜਿਤਨਾਂ ਬੁਰਾ ਉਹ ਡੇਵ ਬਾਰੇ ਸੋਚ ਰਹੀ ਸੀ, ਉਤਨਾਂ ਉਹ ਮਾੜਾ ਇਨਸਾਨ ਹੈ ਨਹੀਂ..। ਸਾਰਿਆਂ ਦੇ ਘਰਾਂ ਵਿਚ ਹੀ ਭੰਗ ਭੁੱਜਦੀ ਐ..। ਸਭ ਮਰਦ ਇੱਕੋ ਜਿਹੇ ਹੀ ਹੁੰਦੇ ਨੇ..। ਹਨੀ ਜੇ ਤੂੰ ਇਹਨੂੰ ਛੱਡ ਕੇ ਕਿਸੇ ਹੋਰ ਨਾਲ਼ ਕੁੰਡਾ ਅੜਾਵੇਂਗੀ, ਜ਼ਰੂਰੀ ਨਹੀਂ ਕਿ ਉਹ ਕ੍ਰਿਸ਼ਨ ਭਗਵਾਨ ਹੋਵੇ..? ਜੇ ਉਹ ਵੀ ਝੰਡੇ ਹੇਠਲਾ ਨਿਕਲ਼ਿਆ ਫੇਰ..? ਫੇਰ ਕਿਹੜੀ ਮਾਂ ਨੂੰ ਮਾਸੀ ਆਖੇਂਗੀ..? ਬਾਬੇ ਫ਼ਰੀਦ ਜੀ ਦੀ ਬਾਣੀ ਵਾਂਗ ਘਰ ਘਰ ਇਹੋ ਅੱਗ ਹੈ..। ਜ਼ਿੰਦਗੀ ਦਾ ਪਹਾੜਾ ਇਕ ਦੂਣੀਂ ਦੂਣੀਂ ਨਾਲ਼ ਨਹੀਂ ਚੱਲਦਾ..! ਕਦੇ ਕਦੇ ਦੋ ਦੂਣੀ ਪੰਜ, ਤੇ ਕਦੇ ਦੋ ਦੂਣੀ ਤਿੰਨ ਹੋ ਜਾਂਦੇ ਐ..! ਇਹ ਉਤਰਾਅ ਚੜ੍ਹਾਅ ਜ਼ਿੰਦਗੀ ਦਾ ਦਸਤੂਰ ਨੇ..! ਧੁੱਪ ਛਾਂ ਜੀਵਨ ਦੇ ਅੰਗ ਨੇ..! ਪਰ ਤੂੰ ਕਿੰਨ੍ਹਾਂ ਕੁ ਚਿਰ ਇਸ ਬੁੱਢੇ ਨਾਲ਼ ਟੋਚਨ ਪਾਈ ਫ਼ਿਰੇਂਗੀ..? ਸਾਲ ਦੋ ਸਾਲਾਂ ਨੂੰ ਇਹਦੀ ਪੀਪਣੀ ਬੋਲ ਜਾਣੀ ਐਂ..! ਨਾ ਇਹ ਤਿੰਨ੍ਹਾਂ 'ਚ, ਤੇ ਨਾ ਤੇਰ੍ਹਾਂ ਵਿਚ..? ਫੇਰ ਕੀਹਦੀ ਜਾਨ ਦਾ ਸਿਆਪਾ ਕਰੇਂਗੀ..? ਚੱਕੀ ਚੱਲੀਂ ਘੰਗਾਰ ਇਹਦੇ..! ਇਹਦੇ ਮਰਨ ਤੱਕ ਇਹਦੀ ਜਾਇਦਾਦ ਦੀ ਆਸ ਲਾਈ ਰੱਖੇਂਗੀ..? ਪਰ ਤੈਨੂੰ ਜਾਇਦਾਦ ਮਿਲੂ ਕਿਵੇਂ..? ਤੂੰ ਕਿਹੜਾ ਇਹਦੇ ਨਾਲ਼ ਕੋਈ ਵਿਆਹ ਕੀਤੈ..? ਕਾਨੂੰਨੀ ਤੌਰ 'ਤੇ ਤਾਂ ਇਹਦੇ ਬੱਚੇ ਇਸ ਦੀ ਪ੍ਰਾਪਰਟੀ ਦੇ ਵਾਰਿਸ ਹੋਣਗੇ..! ਤੂੰ ਵਜਾਉਂਦੀ ਫਿਰੀਂ ਟੱਲੀਆਂ..! ਜਾਂ ਤਾਂ ਇਹਦੇ ਕੰਜਰ ਨਾਲ਼ ਵਿਆਹ ਕਰ..! ਪਰ ਰਹਿਣ ਈ ਦੇਹ ਬਾਬਾ, ਐਹੋ ਜਿਆ ਤਾਂ ਮਰਦਾ ਵੀ ਨ੍ਹੀ ਹੁੰਦਾ..! ਮਰਿਆ ਸੱਪ ਗਲ਼ ਨਾ ਪਾਅ..! ਜੇ ਵਿਆਹ ਕਰਵਾ ਲਿਆ, ਪਰੂੰਨ੍ਹੀਂ ਜਾਵੇਂਗੀ..! ਇਹਨੇ ਬੁੱਢੇ ਬੋਕ ਨੇ ਤਲਾਕ ਵੀ ਨ੍ਹੀ ਦੇਣਾਂ..! ਉਲਟਾ ਪੁੱਠਾ ਇਲਜ਼ਾਮ ਲਾਊ ਬਈ ਮੇਰੀ ਜਾਇਦਾਦ ਕਰਕੇ ਤਲਾਕ ਮੰਗਦੀ ਐ..। ਅਦਾਲਤਾਂ ਵੀ ਬੁੱਢਿਆਂ ਦੀ ਗੱਲ ਬਹੁਤੀ ਸੁਣਦੀਐਂ..। ਮੇਰਾ ਤੇ ਇਹਦਾ ਉਮਰ ਦਾ ਕਿੰਨਾਂ ਫ਼ਰਕ ਐ..? ਵਕੀਲ ਤਾਂ ਵਾਲ਼ ਦੀ ਖੱਲ ਲਾਹ ਦਿੰਦੇ ਐ..। ਉਹ ਤਾਂ ਅਦਾਲਤ ਵਿਚ ਖੜ੍ਹੇ ਬੰਦੇ ਨੂੰ ਗੱਲਾਂ ਬਾਤਾਂ ਵਿਚ ਨੰਗਾ ਕਰ ਮਾਰਨ..! ਨਾ ਹਨੀ..! ਇਹ ਕੰਮ ਨਾ ਕਰ..! ਬਥੇਰੀ ਜ਼ਮੀਨ ਤੇਰੀ ਪਿੱਛੇ ਪੰਜਾਬ ਵਿਚ ਬਣ ਜਾਣੀਂ ਐਂ..! ਬਾਪੂ ਨੇ ਖਰੀਦ ਵੀ ਲਈ ਹੋਣੀ ਐਂ ਹੁਣ ਤਾਂ..? ਮੇਰੇ ਨਾਮ 'ਤੇ ਰਜਿ਼ਸਟਰੀ ਵੀ ਹੋ ਗਈ ਹੋਣੀਂ ਐਂ..? ਮੈਂ ਕਰੂੰਗੀ ਐਸ਼ ਪੰਜਾਬ ਰਹਿ ਕੇ..! ਸਰਦੀਆਂ 'ਚ ਪੰਜਾਬ ਤੇ ਗਰਮੀਆਂ 'ਚ ਇੰਗਲੈਂਡ..! ਉਸ ਦਾ ਚਿਹਰਾ ਟਹਿਕ ਉਠਿਆ। ਪਰ ਹਨੀ..! ਜਿਸ ਡੇਵ ਨੂੰ ਤੂੰ ਅੱਜ ਨੱਕ ਹੇਠ ਨਹੀਂ ਕਰਦੀ, ਇਸੇ ਦੀ ਬਦੌਲਤ ਤੂੰ ਅੱਜ ਐਸ ਮੁਕਾਮ 'ਤੇ ਪਹੁੰਚੀ ਐਂ..! ਜੇ ਉਦੋਂ ਡੇਵ ਤੇਰੀ ਬਾਂਹ ਨਾ ਫੜਦਾ, ਤਾਂ ਤੂੰ ਤਾਂ ਗਈ ਸੀ ਖੂਹ ਖਾਤੇ 'ਚ..! ਇਹ ਤਾਂ ਡੇਵ ਹੀ ਸੀ, ਜਿਸ ਨੇ ਤੈਨੂੰ ਆਸਰਾ ਦਿੱਤਾ..! ਜੇ ਕਿਤੇ ਡੇਵ ਨਾ ਹੁੰਦਾ, ਤੂੰ ਪਤਾ ਨਹੀਂ ਕਿਹੜੇ ਖੱਲ ਖੂੰਜੇ ਧੱਕੇ ਖਾਂਦੀ ਹੋਣਾਂ ਸੀ..? ਵਫ਼ਾ ਕਰਨ ਵਾਲ਼ੇ ਬੰਦੇ ਨਾਲ਼ ਧੋਖਾ ਨਹੀਂ ਕਰੀਦਾ ਹੁੰਦਾ..। ਪਰ ਇਹ ਵੀ ਤਾਂ ਮੈਨੂੰ ਨਿੱਤ ਚੂੰਡਦੈ..! ਇਹਨੇ ਵੀ ਮੇਰੇ ਸਰੀਰ ਨੂੰ ਨੋਚਿਆ ਈ ਐ..! ਪਰ ਹਰ ਮਰਦ ਆਬਦੀ ਤੀਮੀਂ ਨੂੰ ਨੋਚਦੈ..! ਤੂੰ ਕਿਤੇ ਨਿਵੇਕਲ਼ੀ ਐਂ..? ਤੂੰ ਦੁਨੀਆਂ 'ਚ ਨ੍ਹੀ ਆਉਂਦੀ..? ਸੀਤਾ ਮਾਤਾ ਤੂੰ ਵੀ ਹੈਨ੍ਹੀ..! ਤੂੰ ਵੀ ਬਥੇਰੇ ਖੂਹ ਟੋਭੇ ਪਾਰ ਕੀਤੇ ਐ..! ਪਰ ਨਹੀਂ, ਜੋ ਕੁਝ ਅੱਜ ਮੈਂ ਹਾਂ, ਡੇਵ ਦੀ ਹੀ ਦੇਣ ਹਾਂ..! ਇਸ ਨੂੰ ਛੇਤੀ ਕੀਤੇ ਧੋਖਾ ਨਹੀਂ ਦੇਣਾਂ..! ਪਰ ਜਿਹੜੇ ਇਹਦੇ ਅਕਾਊਂਟ 'ਚੋਂ ਪੈਸੇ ਕਢਵਾਏ ਐ, ਉਹੋ..? ਜੇ ਇਹਨੂੰ ਪਤਾ ਲੱਗ ਗਿਆ, ਇਹ ਤਾਂ ਝੱਜੂ ਪਾਊ..! ਫੇਰ ਕੀ ਦੱਸੇਂਗੀ..? ਫੇਰ ਤਾਂ ਤੇਰੇ ਕੋਲ਼ ਦੋ ਹੀ ਰਾਹ ਰਹਿ ਜਾਣੇਂ ਐਂ..! ਜਾਂ ਤਾਂ ਇਹਨੂੰ ਛੱਡ ਕੇ ਪਰ੍ਹਾਂ ਹੋਣਾਂ ਪਊ..? ਤੇ ਜਾਂ ਫੇਰ ਇਹਦੇ ਪੈਸੇ ਵਾਪਸ ਕਰਨੇ ਪੈਣਗੇ..! ਪੈਸੇ ਵਾਪਸ..? ਕਿਉਂ ਪੁੱਤ ਲੱਗਦੈ..? ਪਰ ਹਨੀ, ਜਿੰਨਾਂ ਚਿਰ ਨਹੀਂ ਪਤਾ ਲੱਗਦਾ, ਓਨਾਂ ਚਿਰ ਤਾਂ ਇਹਦੇ ਆਲ਼ਾ ਹਲਟ ਗੇੜੀ ਚੱਲ..! ਜਿੱਦੇਂ ਪਤਾ ਲੱਗ ਗਿਆ, ਉਹ ਮੌਕੇ 'ਤੇ ਦੇਖਾਂਗੇ, ਕੀ ਕਰਨੈਂ..? ਹੁਣ ਵਾਧੂ ਐਵੇਂ ਨਾ ਵਿਆਹ 'ਚ ਬੀਜ ਦਾ ਲੇਖਾ ਦੇਈ ਚੱਲ..! ਜਿੰਨਾਂ ਚਿਰ ਨਿਭਦੀ ਐ, ਓਨਾਂ ਚਿਰ ਤਾਂ ਇਹਦੇ ਨਾਲ਼ ਨਿਭਾਅ..! ਐਨੀ ਮੋਹ ਤੋੜ ਨਾ ਹੋ..! ਵੱਡੇ ਤਾਰੂ ਸਿੱਧੇ ਮਗਰਮੱਛ ਦੇ ਮੂੰਹ ਜਾ ਡਿੱਗਦੇ ਐ..! ਤੇ ਜੀਹਨੂੰ ਤਰਨਾਂ ਨਾ ਆਉਂਦਾ ਹੋਵੇ, ਉਹ ਡਰਦਾ ਪਾਣੀ 'ਚ ਹੀ ਨਹੀਂ ਵੜਦਾ..! ਹੁਣ ਤੂੰ ਬਹੁਤੀ ਤਾਰੂ ਨਾ ਬਣ..! ਜਿੰਨਾਂ ਚਿਰ ਹੈ, ਇਹਦੇ ਨਾਲ਼ ਮਿੱਠੀ ਪਿਆਰੀ ਹੋ ਕੇ ਕੱਟ..! ਹੋ ਸਕਦੈ ਬਾਪੂ ਨੂੰ ਹੋਰ ਪੈਸਿਆਂ ਦੀ ਜ਼ਰੂਰਤ ਪੈ ਜਾਵੇ..? ਫੇਰ ਕਿੱਥੋਂ ਲਵੇਂਗੀ? ਕਮਲ਼ੀਏ, ਤੂੰ

ਤਾਂ ਇਹਨੂੰ ਛੱਡ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਲੱਗੀ ਐਂ..! ਇਹ ਬੁੱਢਾ ਤਾਂ ਤੈਨੂੰ ਰਿਜ਼ਰਵ ਬੈਂਕ ਦਾ ਚੈੱਕ ਮਿਲ਼ਿਐ..! ਇਹਨੂੰ ਗਿੱਲਾ ਨਾ ਕਰ ਲਈਂ..! ਲੋਹੇ ਦਾ ਥਣ ਨਾ ਦੱਬਿਆ ਜਾਂਦੈ, ਤੇ ਨਾ ਉਹਦੇ ਵਿਚੋਂ ਕੁਛ ਨਿਕਲ਼ਦੈ..! ਤੂੰ ਦੜ ਵੱਟ ਕੇ ਜ਼ਮਾਨਾਂ ਕੱਟ..! ਨਾਲ਼ੇ ਤੈਨੂੰ ਇਹ ਕਹਿੰਦਾ ਵੀ ਕੀ ਐ..? ਕੁਛ ਵੀ ਤਾਂ ਨਹੀਂ..! ਤੂੰ ਈ ਐਂ, ਜਿਹੜੀ ਲੱਤ ਨ੍ਹੀ ਲਾਉਂਦੀ..?

–"ਇਕ ਹੋਰ ਪਾਵਾਂ..?" ਡੇਵ ਬੋਤਲ ਫੜੀ ਬੈਠਾ ਸੀ।

–"ਪਾ ਦੇ..!" ਉਸ ਨੇ ਡੇਵ ਨੂੰ ਬੜੀ ਹਸਰਤ ਜਿਹੀ ਨਾਲ਼ ਦੇਖਿਆ। ਪਤਾ ਨਹੀਂ ਸ਼ਰਾਬ ਦੇ ਨਸ਼ੇ ਵਿਚ, ਜਾਂ ਪੰਜਾਬ ਵਿਚ ਖਰੀਦੀ ਜਾ ਰਹੀ ਜ਼ਮੀਨ ਦੇ ਚਾਅ 'ਚ..? ਉਸ ਨੂੰ ਡੇਵ ਦਾ ਮੋਹ ਜਿਹਾ ਆਇਆ ਅਤੇ ਉਸ ਨੇ ਉਠ ਕੇ ਉਸ ਨੂੰ ਜੱਫ਼ੀ ਪਾ ਲਈ। ਡੇਵ ਉਸ ਦਾ ਮਾਰਗ ਦਰਸ਼ਕ ਸੀ..। ਡੇਵ ਉਸ ਨਿਆਸਰੀ ਦਾ ਆਸਰਾ ਬਣਿਆਂ ਸੀ..! ਡੇਵ ਨੇ ਉਸ ਨੂੰ ਪਨਾਂਹ ਦਿੱਤੀ ਸੀ..! ਡੇਵ ਨੇ ਉਸ ਦਾ ਘਰ ਹੋਮ ਸੀਕਰਜ਼ ਵਾਲ਼ਿਆਂ ਨੂੰ ਦਿੱਤਾ ਸੀ, ਜੋ ਉਸ ਦਾ ਰਹਿੰਦਾ ਕਰਜ਼ਾ ਲਾਹੀ ਜਾ ਰਿਹਾ ਸੀ। ਇਹ ਸਾਰਾ ਕੁਝ ਡੇਵ ਦੀ ਹੀ ਤਾਂ ਦਿਆਨਤਦਾਰੀ ਸੀ..? ਤੂੰ ਐਵੇਂ ਵਾਧੂ ਵਿਚਾਰੇ ਛੜਾਂ ਮਾਰਨ ਲੱਗੀ ਐਂ..! ਐਹੋ ਜਿਹਾ ਸਤਿਯੁਗੀ ਬੰਦਾ ਤੈਨੂੰ ਕਿਤੋਂ ਮਿਲ਼ਣੈਂ..? ਜੇ ਤੂੰ ਇਹਦੇ ਨਾਲ਼ ਧੋਖਾ ਕੀਤਾ, ਤਾਂ ਤੂੰ ਕਲਜੋਗਣ ਹੋਵੇਂਗੀ ਹਨੀ..! ਇਹ ਵਾਕਿਆ ਹੀ ਤੇਰਾ ਹਮਦਰਦ ਬਣ ਕੇ ਰਿਹੈ..! ਤੇਰਾ ਦਰਦੀ..! ਤੇਰਾ ਹਮਸਫ਼ਰ..! ਤੈਨੂੰ ਡਾਵਾਂਡੋਲ ਨੂੰ ਸਹਾਰਾ ਦੇਣ ਵਾਲ਼ਾ...! ਨਾਲ਼ੇ ਤੈਨੂੰ ਇਹਨੇ ਆਸਰਾ ਵੀ ਉਦੋਂ ਦਿੱਤਾ, ਜਦੋਂ ਤੇਰਾ ਪ੍ਰਛਾਵਾਂ ਵੀ ਸਾਥ ਛੱਡਦਾ ਜਾ ਰਿਹਾ ਸੀ..। ਨਾਲ਼ੇ ਹੁਣ ਤੱਕ ਕਿਸੇ ਨੂੰ ਫ਼ਰਮ ਵਿਚ ਨਹੀਂ ਪਤਾ ਲੱਗਣ ਦਿੱਤਾ ਕਿ ਸਾਡਾ ਰਿਸ਼ਤਾ ਕੀ ਐ..! ਕੋਈ ਹੋਰ ਚੌਰਾ ਹੁੰਦਾ, ਸਾਰੀ ਫ਼ਰਮ ਵਿਚ ਡੌਂਡੀ ਪਿੱਟ ਦਿੰਦਾ..! ਜਿਵੇਂ ਮੇਰੇ 'ਤੇ ਹੁਸਨ ਹੈ, ਮੈਂ ਸੋਹਣੀਂ ਸੁਨੱਖੀ ਹਾਂ, ਲੋਕਾਂ ਵਿਚ ਆਪਣੀ ਭੱਲ ਬਣਾਉਣ ਲਈ ਹੀ ਰੌਲ਼ਾ ਪਾਈ ਜਾਂਦਾ..! ਪਰ ਇਸ ਮਾਂ ਦੇ ਪੁੱਤ ਨੇ ਕਿਸੇ ਕੋਲ਼ ਹੁਣ ਤੱਕ ਕੋਈ ਭਾਫ਼ ਨਹੀਂ ਕੱਢੀ..। ਤੂੰ ਈ ਅੱਗ ਤੋਂ ਦੀ ਲਿਟਦੀ ਫ਼ਿਰਦੀ ਐਂ..! ਉਹ ਤੇਰੇ ਕੋਈ ਖ਼ੁਰ ਨਹੀਂ ਵੱਢਦਾ..! ਤੇਰੀ ਆਦਤ ਈ ਕੁਲੱਛਣੀ ਬਣ ਗਈ..!

–"ਹੋਰ ਲਵੇਂਗੀ ਇੱਕ ਅੱਧਾ...?" ਡੇਵ ਨੇ ਆਪਣੇ ਲਈ ਆਖਰੀ ਪੈੱਗ ਪਾ ਲਿਆ।

–"ਬੱਸ ਇਕ ਈ..!"

ਉਹਨਾਂ ਨੇ ਸਾਂਝੇ ਪੈੱਗ ਪੀ ਲਏ।

ਡੇਵ ਨੇ ਪੀਜ਼ਾ ਡਲਿਵਰੀ ਵਾਲ਼ਿਆਂ ਨੂੰ ਫ਼ੋਨ ਕਰਕੇ ਦੋ ਪੀਜ਼ੇ ਮੰਗਵਾ ਲਏ।

ਦੋ ਕੁ ਦਿਨਾਂ ਬਾਅਦ ਡੇਵ ਬੂ-ਬੂ ਕਰਦਾ ਘਰ ਆਇਆ! ਉਸ ਦੇ ਮੂੰਹ 'ਤੇ ਝੱਗ ਜੰਮੀ ਹੋਈ ਸੀ। ਹਨੀ ਉਪਰ ਬਾਥਰੂਮ ਵਿਚ ਨਹਾ ਰਹੀ ਸੀ। ਡੇਵ ਨੇ ਕਰੋਧ ਨਾਲ਼ ਦਰਵਾਜਾ ਜਾ ਖੋਲ੍ਹਿਆ। ਸ਼ਾਵਰ ਹੇਠ ਭਿੱਜੀ ਖੜ੍ਹੀ ਹਨੀ ਡੇਵ ਦੇ ਤੇਵਰ ਦੇਖ ਕੇ ਹਿੱਲ ਗਈ। ਗੱਲ ਦਾ ਤਾਂ ਉਸ ਨੂੰ ਪਹਿਲਾਂ ਹੀ ਪਤਾ ਸੀ। ਪਰ ਫਿਰ ਵੀ ਉਹ ਹੈਰਾਨ ਜਿਹੀ ਹੋ ਕੇ ਪੇਸ਼ ਹੋਈ।

–"ਕੀ ਹੋ ਗਿਆ..?"

ਡੇਵ ਨੇ ਬੈਂਕ ਸਟੇਟਮੈਂਟ ਹਨੀ ਦੇ ਗਿੱਲੇ ਪੈਰਾਂ ਵਿਚ ਮਾਰੀ।

–"ਆਹ ਪੈਸੇ ਕਦੋਂ ਕਢਾਏ ਐ, ਤੇ ਕਾਹਦੇ ਲਈ ਕਢਾਏ ਐ..?" ਡੇਵ ਆਪੇ ਤੋਂ ਬਾਹਰ ਥਰ ਥਰ ਕੰਬੀ ਜਾ ਰਿਹਾ ਸੀ।

ਹਨੀ ਨੇ ਬੜੇ ਮਜਾਜ ਨਾਲ਼ ਵੱਡੇ ਤੌਲੀਏ ਨਾਲ਼ ਨਗਨ ਸਰੀਰ ਢਕ ਲਿਆ। ਜਿਵੇਂ ਉਹ ਡੇਵ ਨਾਲ਼ ਆਢਾ ਲਾਉਣ ਲਈ ਕਿੱਦੇਂ ਦੀ ਤਿਆਰੀ ਖਿੱਚ ਰਹੀ ਸੀ।

ਉਹ ਬੜੇ ਨਖ਼ਰੇ ਨਾਲ਼ ਬਾਥਰੂਮ ਦੇ ਟੱਬ ਵਿਚੋਂ ਨਿਕਲ਼ੀ ਅਤੇ ਸਿੱਧੀ ਸਲੋਟ ਡੇਵ ਦੇ ਅੱਗੇ ਆ ਕੇ, ਅੜ ਕੇ ਖੜ੍ਹ ਗਈ। ਜਿਵੇਂ ਉਸ ਨੂੰ ਡੇਵ ਦੀ ਕੋਈ ਸ਼ਰਮ ਜਾਂ ਭੈਅ ਨਹੀਂ ਸੀ।

ਡੇਵ ਹੋਰ ਹਰਖ਼ ਗਿਆ। ਪਰ ਸਿਆਣਾਂ ਸੀ। ਉਸ ਨੇ ਸਮਾਈ ਹੀ ਰੱਖੀ ਅਤੇ ਪੌੜੀਆਂ ਉਤਰ ਕੇ ਥੱਲੇ ਆ ਗਿਆ।

ਥੱਲੇ ਆ ਕੇ ਉਸ ਨੇ ਕਿਚਨ ਵਿਚੋਂ ਬੋਤਲ ਚੁੱਕੀ ਅਤੇ ਇਕ ਪੈੱਗ ਸੁੱਕਾ ਹੀ ਚਾੜ੍ਹ ਲਿਆ। ਉਸ

ਦਾ ਦਿਲ ਰੋਹੀਏਂ ਚੜ੍ਹਿਆ ਫਿਰਦਾ ਸੀ। ਇਕ, ਨਾ ਅੱਧਾ..! ਇੱਕੀ ਹਜ਼ਾਰ ਪੌਂਡ..? ਬੰਦਾ ਕਿਵੇਂ ਟੁੱਟ ਟੁੱਟ ਕੇ ਕਮਾਉਂਦੈ..! ਤੇ ਇਹਨੇ ਇੱਕੀ ਹਜ਼ਾਰ ਪੌਂਡ ਨੂੰ ਸਿੱਧਾ ਈ ਲੋਦਾ ਲਾ ਧਰਿਆ..? ਨਾ ਪੁੱਛਿਆ, ਨਾ ਕਰਿਆ..? ਪਰ ਵਰਤਿਆ ਕਿੱਥੇ..? ਇਸ ਗੱਲੋਂ ਡੇਵ ਅਤੀ ਅੰਤ ਹੈਰਾਨ ਅਤੇ ਪਰੇਸ਼ਾਨ ਸੀ..!

ਦਾਰੂ ਪੀਣ ਕਾਰਨ ਡੇਵ ਦਾ ਦਿਲ ਕੁਝ ਕੁ ਥਾਵੇਂ ਆ ਗਿਆ ਸੀ। ਉਹ ਸੋਫ਼ੇ 'ਤੇ ਬੈਠਾ ਸੂਣ ਵਾਲ਼ੀ ਮੱਝ ਵਾਂਗ ਵੱਟ ਜਿਹਾ ਕਰ ਰਿਹਾ ਸੀ। ਵਾਰ ਵਾਰ ਹੱਥ ਮਲ਼ਦਾ ਸੀ। ਕਦੇ ਸਿਰ ਘੁੱਟਦਾ ਸੀ। ਕਦੇ ਸਿਰ ਪਿੱਟਦਾ ਸੀ। ਉਸ ਦੀ ਹਾਲਤ ਕਾਫ਼ੀ ਤਰਸਯੋਗ ਹੋਈ ਪਈ ਸੀ।

ਹਨੀ ਗਾਊਨ ਪਾ ਕੇ ਥੱਲੇ ਆ ਗਈ।

-"ਐਨੇ ਪੈਸੇ ਕਢਾਏ ਕਾਹਦੇ ਲਈ ਐ ਵੈਰਨੇ, ਇਹ ਤਾਂ ਦੱਸ ਦੇਹ..!" ਡੇਵ ਪਿੱਟਣ ਵਾਲ਼ਿਆਂ ਵਾਂਗ ਬੋਲਿਆ।

-"ਮੈਂ ਤਾਂ ਨ੍ਹੀ ਕਢਵਾਏ..!" ਉਸ ਨੇ ਹੈਰਾਨੀ ਪ੍ਰਗਟ ਕੀਤੀ। ਉਹ ਸਾਫ਼ ਹੀ ਮੁੱਕਰ ਗਈ ਸੀ।

-"ਤੇ ਆਹ ਦਸਤਖ਼ਤ ਕੀਹਦੇ ਐ..? ਹੋਰ ਤਾਂ ਕਿਸੇ ਕੋਲ਼ ਮੇਰਾ ਬੈਂਕ ਕਾਰਡ ਈ ਹੈਨ੍ਹੀ..!" ਡੇਵ ਨੇ ਬਿਲਕ ਕੇ ਕਿਹਾ।

-"ਮੈਂ ਤਾਂ ਸੋਚਿਆ ਕਿ ਤੂੰ ਕਿਤੇ ਮਜ਼ਾਕ ਕਰਦੈਂ..? ਮੈਂ ਸੱਚੀਂ ਪੈਸੇ ਨ੍ਹੀ ਕਢਵਾਏ..! ਮੈਨੂੰ ਨ੍ਹੀ ਪਤਾ..! ਮੈਂ ਤਾਂ ਕੋਈ ਵੀ ਕਸਮ ਖਾਣ ਨੂੰ ਤਿਆਰ ਐਂ..! ਮੈਂ ਤਾਂ ਤੇਰੀ ਗੱਲ ਦਾ ਹਾਸਾ ਸਮਝਦੀ ਸੀ..!"

-"ਤੇ ਆਹ ਤੇਰੇ ਦਸਖ਼ਤ ਨ੍ਹੀ..?" ਉਸ ਨੇ ਵੈਣ ਪਾਉਣ ਵਾਲ਼ਿਆਂ ਵਾਂਗ ਪੁੱਛਿਆ।

-"ਨ੍ਹਾ..! ਤੈਨੂੰ ਹੁਣ ਤੱਕ ਮੇਰੇ ਦਸਖ਼ਤਾਂ ਦਾ ਨ੍ਹੀ ਪਤਾ ਲੱਗਿਆ..?" ਉਸ ਨੇ ਡੇਵ 'ਤੇ ਬੁੱਲ੍ਹ ਟੇਰੇ। ਡੇਵ ਹੋਰ ਬੌਂਦਲ਼ ਗਿਆ।

-"ਓਹ ਗੌਡ..! ਹਾਏ ਰੱਬਾ..!" ਉਹ ਮੁੱਠੀਆਂ ਮੀਟ ਕੇ ਰਹਿ ਗਿਆ।

ਉਸ ਨੇ ਹਨੀ ਦਾ ਸੱਚ ਹੀ ਤਾਂ ਮੰਨ ਲਿਆ ਸੀ।

-"ਸੌਰੀ ਹਨੀ..! ਮੁਆਫ਼ ਕਰੀਂ ਮੈਨੂੰ..! ਮੈਂ ਤੇਰੇ 'ਤੇ ਵਾਧੂ ਸ਼ੱਕ ਕੀਤਾ..! ਸੌਰੀ ਵੱਨਸ ਅਗੇਨ ਡਾਰਲਿੰਗ..!" ਉਸ ਨੇ ਉਠ ਕੇ ਹਨੀ ਨੂੰ ਜੱਫ਼ੀ ਪਾ ਲਈ।

ਪਰ ਹਨੀ ਨੇ ਕੋਈ ਪ੍ਰਤੀਕਰਮ ਨਾ ਦਿਖਾਇਆ। ਉਹ ਬੇਪ੍ਰਵਾਹ ਹੀ ਰਹੀ!

-"ਮੈਨੂੰ ਪਤੈ ਤੂੰ ਮੇਰੇ ਤੋਂ ਨਿਰਾਸ਼ ਹੋਵੇਂਗੀ ਕਿ ਮੈਂ ਤੇਰੇ 'ਤੇ ਵਾਧੂ ਸ਼ੱਕ ਕੀਤਾ..! ਪਰ ਇਹ ਕੰਮ ਕੀਤਾ ਕਿਸ ਨੇ..? ਸਾਲ਼ੇ ਬੈਂਕਾਂ ਵਿਚ ਨਿਰੇ ਈ ਫ਼ਰਾਡ ਹੋਣ ਲੱਗ ਪਏ..! ਕੱਲ੍ਹ ਨੂੰ ਜਾ ਕੇ ਪੁਲੀਸ ਨੂੰ ਰਿਪੋਰਟ ਕਰਨੀ ਪਊ, ਤੇ ਨਾਲ਼ੇ ਕਰਦੈਂ ਮੈਂ ਆਪਣੇ ਵਕੀਲ ਨਾਲ਼ ਗੱਲ..! ਸਾਲ਼ਾ ਇੱਕੀ ਹਜਾਰ ਪੌਂਡ ਮੂੰਹ ਨਾਲ਼ ਕਹਿ ਲੈਣੈਂ..! ਬਣਦੇ ਪਤਾ ਕਿਵੇਂ ਐਂ..?" ਉਸ ਨੇ ਇਕ ਪੈੱਗ ਹੋਰ ਸੂਤ ਦਿੱਤਾ। ਹੁਣ ਉਹ ਕੁਝ ਸਾਅਵਾਂ ਜਿਹਾ ਹੋ ਕੇ ਬੈਠ ਗਿਆ ਸੀ।

-"ਓਹ ਸੌਰੀ..! ਮੈਂ ਤਾਂ ਭੁੱਲ ਈ ਗਿਆ ਸੀ..! ਤੈਨੂੰ ਪਾ ਕੇ ਦੇਵਾਂ..?" ਉਸ ਨੇ ਬੋਤਲ ਦਾ ਮੂੰਹ ਫੜ ਲਿਆ।

-"..........।" ਹਨੀ ਕੁਝ ਨਾ ਬੋਲੀ। ਉਹ ਮੂੰਹ ਵੱਟੀ ਬੈਠੀ ਸੀ।

-"ਓਹ ਕਮ ਔਨ ਹਨੀ..! ਟਰਾਈ ਟੂ ਅੰਡਰਸਟੈਂਡ ਮਾਈ ਸੈਚੂਏਸ਼ਨ ਡਾਰਲਿੰਗ..! ਸੱਡਨਲੀ ਆਈ ਵਾਜ਼ ਸੋ ਫ਼ਰੱਸਟਰੇਟਿਡ..!" ਉਸ ਨੇ ਉਸ ਨੂੰ ਮੁੜ ਜੱਫ਼ੀ ਵਿਚ ਘੁੱਟ ਲਿਆ।

ਹਨੀ ਰੋਣ ਲੱਗ ਪਈ। ਡੇਵ ਉਂਗਲਾਂ ਨਾਲ਼ ਉਸ ਦੇ ਵਾਲ਼ਾਂ ਦੀ ਕੰਘੀ ਕਰਨ ਲੱਗ ਪਿਆ ਅਤੇ ਇਕ ਪੈੱਗ ਪਾ ਕੇ ਦਿੱਤਾ।

ਹਨੀ ਨੇ ਹੱਥ ਨਾਲ਼ ਪੈੱਗ ਪਰ੍ਹੇ ਧੱਕਣਾਂ ਚਾਹਿਆ। ਪਰ ਡੇਵ ਨੇ ਉਸ ਦੇ ਬੁੱਲ੍ਹਾਂ ਨੂੰ ਲਾ ਦਿੱਤਾ।

ਉਸ ਦਿਨ ਨਾ ਹਨੀ ਨੇ ਅਤੇ ਨਾ ਡੇਵ ਨੇ ਚੱਜ ਨਾਲ਼ ਖਾਣਾਂ ਖਾਧਾ। ਹਨੀ ਨੂੰ ਆਪਣਾ ਅਤੇ ਡੇਵ ਨੂੰ ਆਪਣਾਂ ਫ਼ਿਕਰ ਖਾ ਰਿਹਾ ਸੀ।

ਹਨੀ ਝੂਠੀ ਸੀ, ਜਦ ਕਿ ਡੇਵ ਸੱਚਾ ਬੰਦਾ ਸੀ। ਪਰ ਸੋਚ ਦੋਨਾਂ ਦੀ ਹੀ ਵਾਹਣੀਂ ਪਈ ਹੋਈ ਸੀ।

ਦਿਮਾਗ ਛੱਤਣੀਂ ਚੜ੍ਹੇ ਹੋਏ ਸਨ!

ਉਹ ਸਾਰੀ ਰਾਤ ਚੱਜ ਨਾਲ਼ ਸੁੱਤੇ ਵੀ ਨਹੀਂ ਸਨ।

ਅਗਲੇ ਦਿਨ ਸਵੇਰੇ ਡੇਵ ਨੇ ਬੈਂਕ ਸਟੇਟਮੈਂਟ ਨਾਲ਼ ਲੈ ਕੇ ਪੁਲੀਸ ਕੋਲ਼ ਰਿਪੋਰਟ ਕਰ ਦਿੱਤੀ। ਸਟੇਟਮੈਂਟ ਦੀ ਕਾਪੀ ਆਪਣੇ ਵਕੀਲ ਨੂੰ ਵੀ ਦੇ ਦਿੱਤੀ ਅਤੇ ਅਕਾਊਂਟ ਵਿਚੋਂ ਨਿਕਲ਼ੇ ਇੱਕੀ ਹਜ਼ਾਰ ਪੌਂਡਾਂ ਦਾ ਰਿਕਾਰਡ ਵੀ ਦੇ ਦਿੱਤਾ। ਵਕੀਲ ਅਤੇ ਪੁਲੀਸ ਨੇ ਸਾਂਝੀ ਕਾਰਵਾਈ ਸ਼ੁਰੂ ਕਰ ਦਿੱਤੀ। ਬੈਂਕ ਦੇ ਕਰਮਚਾਰੀ ਜਾ ਘੇਰੇ ਅਤੇ ਸੀ. ਸੀ. ਟੀ. ਵੀ. ਕੈਮਰਿਆਂ ਦੀਆਂ ਟੇਪਾਂ ਹੱਥ ਹੇਠ ਕਰ ਲਈਆਂ। ਸੱਚ ਨੂੰ ਕਦੋਂ ਝੁਠਲਾਇਆ ਜਾ ਸਕਦਾ ਸੀ..? ਵੀਡੀਓ ਟੇਪਾਂ ਅਤੇ ਬੈਂਕ ਕਰਮਚਾਰੀ ਸ਼ਰੇਆਮ ਸ਼ਾਹਦੀ ਭਰ ਰਹੇ ਸਨ ਕਿ ਪੈਸੇ ਦੋਨੋਂ ਵਾਰ ਹਨਿੰਦਰ ਕੌਰ 'ਹਨੀ' ਵੱਲੋਂ ਹੀ ਕਢਵਾਏ ਗਏ ਸਨ। ਪਰ ਪੈਸੇ ਗਏ ਕਿੱਥੇ..? ਇਹ ਇਕ ਰਹੱਸ ਬਣਿਆਂ ਹੋਇਆ ਸੀ..! ਕਿਉਂਕਿ ਹਨੀ ਦੇ ਅਕਾਊਂਟ ਵਿਚ ਤਾਂ ਜਮ੍ਹਾਂ ਹੋਏ ਨਹੀਂ ਸਨ। ਪੂਰੇ ਸਬੂਤਾਂ ਤੋਂ ਬਿਨਾਂ ਪੁਲੀਸ ਹਨੀ ਨੂੰ ਹੱਥ ਨਹੀਂ ਪਾਉਣਾਂ ਚਾਹੁੰਦੀ ਸੀ। ਉਹਨਾਂ ਨੇ ਡੇਵ ਨੂੰ ਵੀ ਕਿਸੇ ਠੋਸ ਮੁੱਦੇ ਤੱਕ ਪਹੁੰਚਣ ਤੱਕ ਚੁੱਪ ਵੱਟਣ ਲਈ ਹੀ ਆਖਿਆ ਸੀ।

ਪੁਲੀਸ ਨੇ ਜਦ ਬਾਰੀਕੀ ਨਾਲ਼ ਵੈਸਟਰਨ ਯੂਨੀਅਨ ਤੋਂ ਰਿਕਾਰਡ ਲਿਆ ਤਾਂ ਪੈਸੇ ਹਨੀ ਦੇ ਰਾਹੀਂ ਭਾਰਤ ਭੇਜਣ ਦਾ ਰਿਕਾਰਡ ਮਿਲ਼ ਗਿਆ। ਪੁਲੀਸ ਨੇ ਗ੍ਰਿਫ਼ਤਾਰੀ ਦੇ ਵਾਰੰਟ ਹਾਸਲ ਕਰ ਲਏ। ਹਨੀ ਦੀ ਗ੍ਰਿਫ਼ਤਾਰੀ ਦਾ ਐਲਾਨ ਹੋ ਗਿਆ।

ਜਦ ਪੁਲੀਸ ਨੇ ਰੇਡ ਕੀਤੀ ਤਾਂ ਹਨੀ ਗਾਇਬ ਸੀ!

ਪੁਲੀਸ ਨੇ ਹਨੀ ਦੀਆਂ ਫ਼ੋਟੋਆਂ ਅਤੇ ਖ਼ਬਰਾਂ ਇੰਗਲੈਂਡ ਭਰ ਦੀਆਂ ਪੰਜਾਬੀ ਅਤੇ ਅੰਗਰੇਜ਼ੀ ਅਖ਼ਬਾਰਾਂ ਨੂੰ ਭੇਜ ਦਿੱਤੀਆਂ।

ਅਖ਼ਬਾਰਾਂ ਵਿਚ ਹਨੀ ਦੀਆਂ ਫ਼ੋਟੋ ਅਤੇ ਖ਼ਬਰਾਂ ਛਪਣ ਉਪਰੰਤ ਪੰਜਾਬੀ ਭਾਈਚਾਰੇ ਵਿਚ 'ਦੁਰ-ਦੁਰ' ਹੋਣ ਲੱਗ ਪਈ।

ਖ਼ਬਰ ਪੜ੍ਹ ਕੇ ਹਨੀ ਦੀ ਪੇਂਡੂ ਪਾਲੋ ਨੇ ਹੋਰ ਪੜਛੱਤੀ ਸਿਰ 'ਤੇ ਚੁੱਕ ਲਈ। ਪਿੰਡ ਨੂੰ ਨਵੀਂ ਖ਼ਬਰ ਦੇ ਫ਼ੋਨ ਖੜਕਾ ਦਿੱਤੇ! ਪਿੰਡ ਵਿਚ ਵੀ ਹਨੀ ਦੀਆਂ ਅਗਲੀਆਂ ਕਰਤੂਤਾਂ ਦੀ ਭੜਦਾਅ ਨਿਕਲ਼ ਗਈ। ਲੋਕ ਭਾਂਤ ਭਾਂਤ ਦੇ ਬਚਨ ਬਿਲਾਸ ਕਰਨ ਲੱਗ ਪਏ। ਪਿੰਡ ਵਿਚ ਧੂਆਂ ਰੋਲ਼ ਹੋ ਗਿਆ ਸੀ। ਪਿੰਡ ਦੇ ਲੋਕ ਹਨੀ ਦੇ ਮਾਂ ਬਾਪ ਨੂੰ ਗੁੱਝੀਆਂ ਚੋਭਾਂ ਲਾਉਂਦੇ ਸਨ।

ਤੀਜੇ ਦਿਨ ਪੁਲੀਸ ਨੇ ਹਨੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਧੋਖਾ ਧੜੀ ਦਾ ਚਾਰਜ ਲਾ ਕੇ ਉਸ ਨੂੰ ਜ਼ਮਾਨਤ 'ਤੇ ਛੱਡ ਦਿੱਤਾ।

ਅਖ਼ਬਾਰਾਂ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਰਮਣੀਕ ਤੋਂ ਲੈ ਕੇ ਡੇਵ ਤੱਕ, ਉਹਨਾਂ ਨੇ ਹਨੀ ਦੇ ਸਾਰੇ ਕੱਚੇ ਚਿੱਠੇ ਪੇਸ਼ ਕਰ ਮਾਰੇ! ਹਨੀ ਦੇ ਨਾਲ਼ ਨਾਲ਼ ਅਖ਼ਬਾਰਾਂ ਵਾਲ਼ਿਆਂ ਨੇ ਉਸ ਦੇ ਮਾਂ ਬਾਪ ਨੂੰ ਵੀ ਇਸ ਘੋਟਾਲ਼ੇ ਵਿਚ ਲਪੇਟ ਲਿਆ। ਚਾਹੇ ਪੁਲੀਸ ਉਹਨਾਂ ਨੂੰ ਦੋਸ਼ੀ ਨਹੀਂ ਮੰਨ ਰਹੀ ਸੀ। ਪਰ ਅਖ਼ਬਾਰਾਂ ਨੇ ਮਾਂ ਬਾਪ ਨੂੰ ਸਾਜ਼ਿਸ਼ ਵਿਚ ਸ਼ਾਮਲ ਹੋਣਾਂ ਲਿਖ ਦਿੱਤਾ ਸੀ, ਕਿਉਂਕਿ ਸਾਰੇ ਪੈਸੇ ਹਨੀ ਨੇ ਆਪਣੇ ਬਾਪ ਨੂੰ ਭੇਜੇ ਸਨ।

ਹਰ ਪੰਜਾਬੀ ਅਖ਼ਬਾਰ 'ਹਨੀ-ਹਨਿੰਦਰ-ਹਨੀ ਹਨਿੰਦਰ' ਪਿੱਟ ਰਹੀ ਸੀ।

ਇੰਗਲੈਂਡ ਤੋਂ ਲੈ ਕੇ ਪੰਜਾਬ ਤੱਕ ਹਨੀ ਮਸ਼ਹੂਰ ਹੋ ਚੁੱਕੀ ਸੀ।

ਹੁਣ ਹਨੀ ਕਿਸੇ ਨੂੰ ਵੀ ਮੂੰਹ ਦਿਖਾਉਣ ਜੋਕਰੀ ਨਹੀਂ ਰਹੀ ਸੀ। ਉਹ ਆਪਣੇ ਘਰ ਪਹੁੰਚੀ। ਘਰ ਕਿਸੇ ਕੋਲ਼ ਕਿਰਾਏ 'ਤੇ ਸੀ। ਹੋਮ ਸੀਕਰਜ਼ ਤੋਂ ਇਹ ਮਕਾਨ ਖੜ੍ਹੇ ਪੈਰ ਖਾਲੀ ਕਰਵਾਇਆ ਨਹੀਂ ਜਾ ਸਕਦਾ ਸੀ। ਕਿਉਂਕਿ ਵਿਚ ਬਾਲ ਬੱਚਿਆਂ ਵਾਲ਼ੇ ਕਿਰਾਏਦਾਰ ਬੈਠੇ ਸਨ ਅਤੇ ਕਿਰਾਏਦਾਰਾਂ ਕੋਲ਼ ਇਹ ਮਕਾਨ ਘੱਟੋ ਘੱਟ ਛੇ ਮਹੀਨੇ ਲਈ ਕਿਰਾਏ ਉਪਰ ਸੀ। ਐਗਰੀਮੈਂਟ ਉਪਰ ਬਕਾਇਦਾ ਦਸਤਖ਼ਤ ਹੋਏ ਹੋਏ ਸਨ। ਡੇਵ ਬੇਈਮਾਨ ਹਨੀ ਨੂੰ ਕਿਸੇ ਹਾਲਤ ਵਿਚ ਵੀ ਦੇਖਣਾਂ ਨਹੀਂ ਚਾਹੁੰਦਾ ਸੀ। ਉਸ ਦੇ ਮਨ ਵਿਚ ਹਨੀ ਨੇ ਧੋਖੇ ਦੇ ਨਾਲ਼ ਨਾਲ਼ ਚਤਰਾਈ ਵੀ ਕੀਤੀ ਸੀ। ਉਸ ਨੇ ਹਨੀ ਦੇ ਕੱਪੜੇ ਅਟੈਚੀ ਵਿਚ ਪਾ ਕੇ

ਲੋਕਲ ਪੁਲੀਸ ਨੂੰ ਫੜਾ ਦਿੱਤੇ ਸਨ। ਉਸ ਨੇ ਇਹ ਬੇਨਤੀ ਵੀ ਕੀਤੀ ਸੀ ਕਿ ਪੁਲੀਸ ਹਨੀ ਦੇ ਕੱਪੜੇ ਉਸ ਤੱਕ ਪਹੁੰਚਾ ਦੇਵੇ, ਉਹ ਜ਼ਿੰਦਗੀ ਵਿਚ ਉਸ ਬੇਵਫ਼ਾ ਅਤੇ ਫ਼ਰੇਬੀ ਔਰਤ ਦੇ ਦਰਸ਼ਣ ਨਹੀਂ ਕਰਨਾ ਚਾਹੁੰਦਾ ਸੀ। ਪੁਲੀਸ ਨੇ ਉਸ ਦੀ ਬੇਨਤੀ ਮੰਨ ਲਈ ਸੀ ਅਤੇ ਹਨੀ ਨੂੰ ਉਸ ਦਾ ਸਮਾਨ ਪਹੁੰਚਾਉਣਾਂ ਮੰਨ ਲਿਆ ਸੀ।

ਜਦੋਂ ਹਨੀ ਨੂੰ ਚਾਰੇ ਪਾਸੇ ਹਨ੍ਹੇਰ ਗੁਬਾਰ ਹੀ ਦਿਸਿਆ ਅਤੇ ਕੋਈ ਰਸਤਾ ਨਜ਼ਰ ਨਾ ਆਇਆ, ਤਾਂ ਉਸ ਨੇ ਪੁਲੀਸ ਤੱਕ ਪਹੁੰਚ ਕੀਤੀ। ਉਹ ਕੇਸ ਨਿਕਲ਼ਣ ਤੱਕ ਪੰਜਾਬ ਜਾਣਾਂ ਚਾਹੁੰਦੀ ਸੀ। ਪਰ ਹਨੀ ਜ਼ਮਾਨਤ ਉਪਰ ਹੋਣ ਕਾਰਨ ਪੁਲੀਸ ਦੀ ਇਜਾਜ਼ਤ ਬਿਨਾਂ ਕਿਤੇ ਜਾ ਨਹੀਂ ਸਕਦੀ ਸੀ। ਜ਼ਮਾਨਤ ਦੇਣ ਵੇਲ਼ੇ ਪੁਲੀਸ ਨੇ ਆਖਿਆ ਸੀ ਕਿ ਅਜੇ ਕੇਸ ਦੀ ਤਾਰੀਕ ਨਿਕਲ਼ਣ ਤੱਕ ਉਹ ਜ਼ਮਾਨਤ ਉਪਰ ਹੈ ਅਤੇ ਜੇ ਉਹ ਕਿਤੇ ਜਾਣਾਂ ਚਾਹੇ ਤਾਂ ਆਪਣੇ ਏਰੀਏ ਦੀ ਪੁਲੀਸ ਨੂੰ ਸੂਚਿਤ ਕਰੇ! ਅਗਰ ਉਹ ਪੁਲੀਸ ਨੂੰ ਦੱਸੇ ਬਗੈਰ ਗਈ, ਜਾਂ ਅਦਾਲਤ ਦੇ ਚਿੱਠੀ ਪਾਉਣ 'ਤੇ ਉਹ ਜੱਜ ਅੱਗੇ ਪੇਸ਼ ਨਾ ਹੋਈ, ਤਾਂ ਜਿਹੜਾ ਕੇਸ ਉਸ ਉਪਰ ਚੱਲਦਾ ਸੀ, ਉਹ ਤਾਂ ਚੱਲਣਾਂ ਹੀ ਸੀ। ਪਰ ਇਸ ਤੋਂ ਇਲਾਵਾ ਉਸ ਨੂੰ ਰੂਲਜ਼ ਐਂਡ ਰੈਗੂਲੇਸ਼ਨਜ਼ ਦੀ ਉਲੰਘਣਾਂ ਕਰਨ ਦੇ ਸਬੰਧ ਵਿਚ ਜੇਲ੍ਹ ਦੀ ਸਜ਼ਾ ਵੀ ਹੋ ਸਕਦੀ ਸੀ ਅਤੇ ਜੱਜ ਉਸ ਨੂੰ ਤੁਰੰਤ ਜੇਲ੍ਹ ਭੇਜ ਸਕਦਾ ਸੀ।

ਪਰ ਹਨੀ ਨੇ ਆਪਣੇ ਵਕੀਲ ਰਾਹੀਂ ਪੁਲੀਸ ਨੂੰ ਪੰਜਾਬ ਜਾਣ ਲਈ ਇਜਾਜ਼ਤ ਲਈ ਖ਼ਤ ਲਿਖ ਦਿੱਤਾ। ਆਪਣੀ ਫ਼ਰਮ ਨੂੰ ਅਸਤੀਫ਼ਾ ਵੀ ਦੇ ਦਿੱਤਾ।

ਹਫ਼ਤੇ ਕੁ ਦੇ ਅੰਦਰ ਅੰਦਰ ਉਸ ਦਾ ਅਸਤੀਫ਼ਾ ਪ੍ਰਵਾਨ ਹੋ ਗਿਆ ਅਤੇ ਫ਼ਰਮ ਨੇ ਉਸ ਦਾ ਹਿਸਾਬ ਕਿਤਾਬ ਕਰਕੇ ਬਣਦੇ ਪੈਸੇ ਬੈਂਕ ਵਿਚ ਭੇਜ ਦਿੱਤੇ।

ਪੁਲੀਸ ਨੇ ਵੀ ਹਨੀ ਦਾ ਪੰਜਾਬ ਜਾਣਾਂ ਪ੍ਰਵਾਨ ਕਰ ਲਿਆ। ਸਹਿਮਤੀ ਦਾ ਪ੍ਰਵਾਨਾਂ ਹਨੀ ਨੂੰ ਮਿਲ਼ ਗਿਆ।

ਬੈਂਕ ਵਿਚੋਂ ਪੈਸੇ ਕਢਵਾ ਕੇ ਹਨੀ ਪੰਜਾਬ ਜਾਣ ਲਈ ਤਿਆਰ ਹੋ ਗਈ। ਉਸ ਨੇ ਮਾਂ ਬਾਪ ਨੂੰ ਫ਼ੋਨ ਖੜਕਾ ਦਿੱਤਾ। ਪੰਜਾਬ ਆਉਣਾ ਸੁਣ ਕੇ ਬਾਪੂ ਨੂੰ ਗਸ਼ੀ ਪੈਣ ਵਾਲ਼ੀ ਹੋ ਗਈ। ਉਸ ਨੂੰ ਅਗਲਾ ਫ਼ਿਕਰ ਪੈ ਗਿਆ। ਉਹ ਤਾਂ ਹਨੀ ਨੂੰ ਇਕ ਤਰ੍ਹਾਂ ਨਾਲ਼ ਹਮੇਸ਼ਾ ਲਈ 'ਦਫ਼ਾ' ਕਰੀ ਬੈਠਾ ਸੀ। ਪਰ ਹੁਣ ਤਾਂ ਹਨੀ ਨੇ ਪੈਸੇ ਦਾ ਹਿਸਾਬ ਕਿਤਾਬ ਮੰਗਣਾਂ ਸੀ...? ਸੋਨੇ ਦਾ ਅੰਡਾ ਦੇਣ ਵਾਲ਼ੀ ਧੀ ਤਾਂ ਪਿਛਲਖੁਰੀ ਮੁੜ ਪਈ ਸੀ..! ਜਿਸ ਬਾਰੇ ਪ੍ਰੀਵਾਰ ਨੇ ਕਦੇ ਜ਼ਿੰਦਗੀ ਵਿਚ ਵੀ ਸੋਚਿਆ ਨਹੀਂ ਸੀ..! ਖ਼ੈਰ ਬਾਪੂ ਨੇ ਹਿੱਕ 'ਤੇ ਪੱਥਰ ਰੱਖ ਕੇ ਦੌਧਰ ਵਾਲ਼ੇ ਕਾਲ਼ੇ ਦੀ ਕੁਆਇਲਸ ਗੱਡੀ ਕਿਰਾਏ 'ਤੇ ਲੈ ਲਈ ਅਤੇ ਹਨੀ ਨੂੰ ਲੈਣ ਲਈ ਬਾਪੂ ਅਤੇ ਬੁੱਕਣ ਦਿੱਲੀ ਏਅਰਪੋਰਟ ਨੂੰ ਰਵਾਨਾਂ ਹੋ ਗਏ....!

## ਕਾਂਡ 19

ਸੀਤਲ ਨੂੰ ਪਾਕਿਸਤਾਨ ਦੇ ਇਸ ਕੰਜਰਖਾਨੇ ਆਈ ਨੂੰ ਤਕਰੀਬਨ ਨੌਂ ਮਹੀਨੇ ਹੋ ਗਏ ਸਨ।

ਉਸ ਨਾਲ਼ ਹਰ ਰਾਤ ਘਟਨਾਵਾਂ ਨਹੀਂ, 'ਹਾਦਸੇ' ਵਾਪਰਦੇ ਸਨ। ਕਦੇ ਜ਼ਾਲਮ ਖ਼ਾਂ ਉਸ ਨੂੰ ਮਿੱਧ-ਮੁੱਛ ਜਾਂਦਾ ਅਤੇ ਕਦੇ ਡਾਕਟਰ ਉਸ ਦਾ ਗਾਹ ਪਾ ਜਾਂਦਾ। ਕਹਿਰ ਦੀ ਰਾਤ ਤਾਂ ਉਸ 'ਤੇ ਉਦੋਂ ਆਉਂਦੀ, ਜਦੋਂ ਸੱਲ੍ਹਤ ਖ਼ਾਨ ਪਠਾਣ ਆਉਂਦਾ। ਉਹ ਸਾਰੀ ਸਾਰੀ ਰਾਤ ਸੀਤਲ ਦਾ 'ਝਟਕਾ' ਕਰਕੇ ਉਸ ਉਪਰੋਂ ਪੈਸਿਆਂ ਦੀ ਵਰਖ਼ਾ ਕਰਦਾ ਅਤੇ ਮੂੰਹ 'ਤੇ ਥੁੱਕਦਾ..! ਨਾਲ਼ ਦੀ ਨਾਲ਼ ਉਸ ਨੂੰ "ਬੜੀ ਅਣਖ਼ੀ

ਸਰਦਾਰਨੀ ਐਂ ਤੂੰ" ਦਾ ਮਿਹਣਾਂ ਮਾਰ ਕੇ ਸੀਨੇ ਵਿਚ ਗਜ ਚੌੜਾ ਪਾੜ ਪਾ ਜਾਂਦਾ..! ਇਹ ਮਿਹਣੇ ਭਰਿਆ ਨਸ਼ਤਰ ਕਿਸੇ ਸ਼ਮਸ਼ੀਰ ਵਾਂਗ ਉਸ ਦੀ ਹਿੱਕ ਦੇ ਆਰ ਪਾਰ ਹੋ ਜਾਂਦਾ ਅਤੇ ਉਹ ਘੰਟਿਆਂ ਬੱਧੀ ਉਸ ਮਿਹਣੇਂ ਦੀ ਮਾਰੀ ਹੋਈ ਰੋਂਦੀ ਅਤੇ ਆਪਣੇ ਆਪ ਵਿਚ ਖਪਦੀ ਰਹਿੰਦੀ। ਉਸ ਦਾ ਕਸੂਰ ਵੀ ਕੀ ਸੀ...? ਉਹ ਕਿਹੜਾ ਇੱਥੇ ਆਪਣੀ ਮਰਜ਼ੀ ਨਾਲ਼ ਆਈ ਸੀ...? ਉਹ ਤਾਂ ਤਦ ਕਸੂਰਵਾਰ ਹੁੰਦੀ, ਜੇ ਉਹ ਆਪਣੀ ਇੱਛਾ ਅਨੁਸਾਰ ਇਹ ਸਭ ਕੁਝ ਕਰ ਰਹੀ ਹੁੰਦੀ...? ਉਹ ਅੰਦਰੋ ਅੰਦਰੀ ਹੈਦਰ ਅਤੇ ਇਮਰਾਨ ਦੇ ਬਾਪ, ਖ਼ਾਨ ਦੀ ਜਾਨ ਦਾ ਪਿੱਟ ਸਿਆਪਾ ਕਰਦੀ। ਉਸ ਦਾ ਜੀਅ ਕਰਦਾ ਕਿ ਖ਼ਾਨ ਕਦੇ ਇਕੱਲਾ ਉਸ ਇਕੱਲੀ ਦੇ ਸਾਹਮਣੇਂ ਆ ਜਾਵੇ ਤਾਂ ਉਹ ਉਸ ਦੀ ਛਾਤੀ 'ਤੇ ਬੈਠ ਕੇ ਦੰਦਾਂ ਨਾਲ਼ ਬੁਰਕੀਆਂ ਵੱਢੇ..! ਉਸ ਦੇ ਗੰਦੇ ਖ਼ੂਨ ਦਾ ਕਤਰਾ ਕਤਰਾ ਪੀ ਜਾਵੇ..! ਜਾਂ ਉਸ ਦੇ ਗੋਲ਼ੀ ਮਾਰ ਦੇਵੇ, ਜਾਂ ਫਿਰ ਆਪ ਮਰ ਜਾਵੇ..! ਉਸ ਨੇ ਕਈ ਵਾਰ ਖ਼ੁਦਕਸ਼ੀ ਕਰਨ ਦੀ ਵੀ ਸੋਚੀ। ਪਰ ਰਫ਼ੀਕਾ ਦਾ ਉਸ ਤੋਂ ਵਿਸ਼ਵਾਸ ਉਠ ਜਾਵੇਗਾ ਅਤੇ ਹੋ ਸਕਦੈ ਉਸ ਨੂੰ ਕਿਤੇ ਹੋਰ ਭੇਜ ਦਿੱਤਾ ਜਾਵੇ..? ਸੋਚ ਕੇ ਉਹ ਖ਼ੁਦਕਸ਼ੀ ਕਰਨ ਦਾ ਫ਼ੈਸਲਾ ਤਿਆਗ ਦਿੰਦੀ। ਰਫ਼ੀਕਾ ਨੇ ਉਸ ਨੂੰ ਇਕ ਨਹੀਂ, ਵਾਰ ਵਾਰ ਸਮਝਾਇਆ ਸੀ ਕਿ ਅਗਰ ਹੁਣ ਉਸ ਨੇ ਕੋਈ ਹਿੰਮਤ ਜਾਂ ਹਿਮਾਕਤ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਇਹ ਉਸ ਦੀ ਜ਼ਿੰਦਗੀ ਦੀ ਆਖਰੀ ਗਲਤੀ ਹੋਵੇਗੀ..! ਕਿਉਂਕਿ ਇੱਥੇ ਕਿੰਨੀਆਂ ਹੀ ਕੁੜੀਆਂ ਆਈਆਂ ਅਤੇ ਪਤਾ ਨਹੀਂ ਕਿਸ ਨੇ ਕਿੱਥੇ ਖਪਾ ਦਿੱਤੀਆਂ ਗਈਆਂ..? ਉਹਨਾਂ ਨੂੰ ਧਰਤੀ ਨਿਗਲ਼ ਗਈ ਜਾਂ ਅਸਮਾਨ ਹੜੱਪ ਕਰ ਗਿਆ, ਹੁਣ ਤੱਕ ਕੋਈ ਪਤਾ ਨਹੀਂ ਚੱਲਿਆ ਸੀ..! ਇਸ ਲਈ ਬਿਹਤਰ ਇਹੀ ਸੀ ਕਿ ਉਹ ਆਪਣੇ ਹਾਲਾਤਾਂ ਅਨੁਸਾਰ, ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਵਿਚਰੇ ਅਤੇ ਆਪਣੇ ਚੰਗੇ-ਮੰਦੇ ਲਈ ਸੋਚਣਾਂ ਬੰਦ ਕਰ ਦੇਵੇ..! ਹੁਣ ਉਸ ਦੀ ਜਾਨ ਅਤੇ ਚੰਗਾ ਮਾੜਾ ਸੋਚਣਾਂ ਗੈਂਗ ਦੇ ਦੱਲਿਆਂ ਹੱਥ ਸੀ..। ਜਿੰਨਾਂ ਚਿਰ ਉਹ ਉਹਨਾਂ ਅਨੁਸਾਰ ਚੱਲਦੀ ਰਹੇਗੀ, ਸੌਖੀ ਰਹੇਗੀ..! ਪਰ ਜਿੱਦੇਂ ਉਹਨਾਂ ਦੀ ਕਿਸੇ ਇੱਛਾ ਤੋਂ ਬਾਗ਼ੀ ਹੋਈ, ਉਸ ਦੀ ਜਾਨ ਲਈ ਧੋਖਾ ਸੀ..! ਉਹਨਾਂ ਦੇ ਵਿਧਾਨ ਦੀ ਸਜ਼ਾ ਸਿਰਫ਼ ਅਤੇ ਸਿਰਫ਼ ਮੌਤ ਸੀ..! ਸੀਤਲ ਹਰ ਵਕਤ ਰੱਬ ਨੂੰ ਧਿਆਉਂਦੀ ਰਹਿੰਦੀ, ਕਿ ਕਦੇ ਤਾਂ ਰੱਬ ਉਸ ਦੀ ਸੁਣੂੰਗਾ..? ਮਾਂ ਦੀਆਂ ਦਿੱਤੀਆਂ ਦਲੀਲਾਂ, ਆਖੀਆਂ ਗੱਲਾਂ ਹੁਣ ਹੂ-ਬ-ਹੂ ਪ੍ਰਤੱਖ ਸਾਹਮਣੇ ਆ ਰਹੀਆਂ ਸਨ। ਐਵੇਂ ਤਾਂ ਨਹੀਂ ਸਿਆਣੇ ਆਖਦੇ ਕਿ ਸਿਆਣਿਆਂ ਦਾ ਕਿਹਾ ਅਤੇ ਔਲ਼ੇ ਦਾ ਖਾਧਾ ਪਿੱਛੋਂ ਸੁਆਦ ਦਿੰਦੈ..? ਹੁਣ ਉਸ ਨੂੰ ਮਾਂ ਦੀ ਯਾਦ ਸਭ ਤੋਂ ਵੱਧ ਆਉਂਦੀ..। ਆਪਣੀ ਭੈਣ ਪਾਇਲ ਦਾ ਮੋਹ ਆਉਂਦਾ..। ਬਾਪ ਦਾ ਹਿਤ ਆਉਂਦਾ। ਪਰ ਉਹ ਸੜੇ ਖੰਭਾਂ ਵਾਲ਼ੇ ਪੰਛੀ ਵਾਂਗ ਬੇਵੱਸ ਸੀ..। ਨਿਆਸਰਾ ਸੀ..।

ਇਕ ਦਿਨ ਸੀਤਲ ਅਤੇ ਰਫ਼ੀਕਾ ਵਾਲ਼ੀ ਕੋਠੀ ਦੀ ਕੁਝ ਜ਼ਿਆਦਾ ਹੀ ਝਾੜ ਪੂੰਝ ਹੋਣ ਲੱਗ ਪਈ। ਜ਼ਾਲਮ ਖ਼ਾਂ ਵੀ ਹਰ ਕੋਨੇ ਦਾ ਜਾਇਜ਼ਾ ਲੈ ਰਿਹਾ ਸੀ। ਫ਼ੁੱਲ ਬੂਟੇ ਬੜੇ ਸਲੀਕੇ ਨਾਲ਼ ਧੋਤੇ ਜਾ ਰਹੇ ਸਨ। ਬੈੱਡਾਂ ਦੀਆਂ ਚਾਦਰਾਂ ਬਦਲੀਆਂ ਜਾ ਰਹੀਆਂ ਸਨ। ਚਾਹੇ ਬੈੱਡਾਂ ਦੀਆਂ ਚਾਦਰਾਂ ਹਰ ਰੋਜ਼ ਹੀ ਬਦਲੀਆਂ ਜਾਂਦੀਆਂ ਸਨ। ਪਰ ਅੱਜ ਤਾਂ ਸ਼ਹਿਰੋਂ ਨਵੀਆਂ ਲਿਆ ਕੇ ਵਿਛਾਈਆਂ ਜਾ ਰਹੀਆਂ ਸਨ। ਸ਼ਾਇਦ ਕੋਈ "ਖ਼ਾਸ ਮਹਿਮਾਨ" ਹੀ ਆ ਰਿਹਾ ਸੀ। ਕੋਠੀ ਵਿਚ ਬੱਕਰੇ ਅਤੇ ਮੁਰਗੇ ਦਾ ਮਾਸ ਲਿਆਂਦਾ ਜਾ ਚੁੱਕਾ ਸੀ। ਵਿਦੇਸ਼ੀ ਸ਼ਰਾਬ ਦੀਆਂ ਪੇਟੀਆਂ ਪੁੱਜ ਚੁੱਕੀਆਂ ਸਨ। ਫ਼ੁੱਲਾਂ ਦੇ ਗੁਲਦਸਤੇ ਖ਼ਰੀਦੇ ਜਾ ਰਹੇ ਸਨ! ਕੋਠੀ ਦੇ ਦੂਜੇ ਹਿੱਦੇ 'ਚੋਂ ਸੋਫ਼ੇ ਉਪਰ ਢੋਹੇ ਜਾ ਰਹੇ ਸਨ। ਇਸ ਦਾ ਮਤਲਬ ਸੀ ਕਿ ਮਹਿਮਾਨ ਇਕ ਅੱਧੀ ਰਾਤ ਦੀ ਰਹਾਇਸ਼ ਵੀ ਕਰੇਗਾ ਅਤੇ ਉਸ ਨਾਲ਼ ਹੋਰ ਬੰਦੇ ਵੀ ਹੋਣਗੇ!

ਸ਼ਨਿੱਚਰਵਾਰ ਦਾ ਦਿਨ ਸੀ।

ਸ਼ਾਮ ਨੂੰ ਛੇ ਕੁ ਵਜੇ ਰਫ਼ੀਕਾ ਨੇ ਸੀਤਲ ਨੂੰ ਤਿਆਰ ਹੋ ਜਾਣ ਲਈ ਆਖਿਆ।

ਜਦ ਸੀਤਲ ਨੇ ਰਫ਼ੀਕਾ ਤੋਂ ਕਾਰਨ ਪੁੱਛਿਆ ਤਾਂ ਰਫ਼ੀਕਾ ਨੇ ਸਿਰਫ਼ ਇਤਨਾ ਮੂੰਹ ਹੀ ਖੋਲ੍ਹਿਆ ਸੀ ਕਿ ਅੱਜ 'ਸ਼ਾਹ ਜੀ' ਨੇ ਆਉਣਾਂ ਸੀ। ਇਹ ਸ਼ਾਹ ਜੀ ਕੌਣ ਸਨ..? ਸ਼ਾਇਦ ਸੀਤਲ ਨੂੰ ਕੱਖ ਪਤਾ ਨਹੀਂ ਸੀ। ਸਫ਼ਾਈਆਂ ਕਰ ਕੇ ਜਦ ਤਮਾਮ ਦੱਲੇ ਅਤੇ ਜ਼ਾਲਮ ਖ਼ਾਂ ਚਲੇ ਗਏ, ਤਾਂ ਸੀਤਲ ਨੇ ਰਫ਼ੀਕਾ ਨੂੰ 'ਸ਼ਾਹ ਜੀ' ਦੇ ਬਾਰੇ ਪੁੱਛਿਆ। ਅਸਲ ਵਿਚ ਸ਼ਾਹ ਜੀ ਪਾਕਿਸਤਾਨ ਦਾ ਇਕ ਤੇਲ ਦਾ ਵਿਉਪਾਰੀ ਸੀ। ਉਸ

ਦੀਆਂ ਚਾਰ ਬੀਵੀਆਂ ਅਤੇ ਬਾਈ ਬੱਚੇ ਸੁਣੀਂਦੇ ਸਨ। ਇਸ ਏਰੀਏ ਵਿਚ ਜਿੰਨੀਆਂ ਵੀ ਕੋਠੀਆਂ ਰੰਡੀਖਾਨੇ ਲਈ ਵਰਤੀਆਂ ਜਾ ਰਹੀਆਂ ਸਨ, ਇਹ ਸ਼ਾਹ ਜੀ ਦੀਆਂ ਹੀ ਸਨ। ਪਰ ਇਸ ਚੱਲਦੇ ਕੰਜਰਖਾਨੇ ਬਾਰੇ ਸ਼ਾਹ ਜੀ ਨੂੰ ਕੱਖ ਪਤਾ ਨਹੀਂ ਸੀ। ਉਸ ਨੂੰ ਤਾਂ ਇਹ ਦੱਸਿਆ ਗਿਆ ਸੀ ਕਿ ਇਹ ਕੋਠੀਆਂ ਵੱਡੇ ਵੱਡੇ ਅਫ਼ਸਰਾਂ ਅਤੇ ਹਾਈ ਕਮਿਸ਼ਨਰਾਂ ਲਈ ਕਿਰਾਏ 'ਤੇ ਲਈਆਂ ਗਈਆਂ ਸਨ, ਜਿੱਥੇ ਉਹਨਾਂ ਦੇ ਪ੍ਰੀਵਾਰ ਅਤੇ ਬੀਵੀਆਂ ਰਹਿੰਦੀਆਂ ਸਨ। ਸ਼ਾਹ ਜੀ ਰੰਗੀਲੇ ਬੰਦੇ ਸਨ। ਜਦ ਉਹ ਆਉਂਦੇ, ਦੱਲੇ ਉਹਨਾਂ ਲਈ ਸ਼ਰਾਬ, ਕਵਾਬ ਅਤੇ ਸ਼ਬਾਬ ਦਾ ਹਰ ਪ੍ਰਬੰਧ ਕਰਦੇ..! ਉਹਨਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਅਫ਼ਸਰ ਅਤੇ ਹਾਈ ਕਮਿਸ਼ਨਰ ਹਫ਼ਤੇ ਦੇ ਅਖ਼ੀਰ ਵਿਚ ਇੱਥੇ ਨਹੀਂ ਰਹਿੰਦੇ ਸਨ। ਉਹ ਆਪਣੇ ਪ੍ਰੀਵਾਰਾਂ ਨਾਲ਼ ਜਾਂ ਤਾਂ ਵੱਡੇ ਹੋਟਲਾਂ ਵਿਚ ਰਾਤ ਕੱਟਦੇ ਸਨ ਅਤੇ ਜਾਂ ਫਿਰ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਮਿਲਣ ਚਲੇ ਜਾਂਦੇ ਸਨ। ਇਸ ਲਈ ਸ਼ਾਹ ਜੀ ਵਾਹ ਲੱਗਦੀ ਹਫ਼ਤੇ ਦੇ ਅਖ਼ੀਰ ਵਿਚ ਹੀ ਚੱਕਰ ਲਾਉਂਦੇ..! ਸ਼ਾਹ ਜੀ ਸਾਲ ਵਿਚ ਇਕ ਅੱਧੀ ਵਾਰ ਹੀ ਇੱਥੇ ਗੇੜਾ ਮਾਰਦੇ ਸਨ ਅਤੇ ਆਪਣਾ ਕਿਰਾਇਆ ਬਗੈਰਾ ਲੈ ਕੇ ਅਤੇ ਇਕ ਅੱਧੀ ਰਾਤ 'ਐਸ਼' ਕਰਕੇ ਚਲੇ ਜਾਂਦੇ। ਕਿੱਥੇ ਜਾਂਦੇ..? ਇਸ ਬਾਰੇ ਸ਼ਾਇਦ ਕਿਸੇ ਨੂੰ ਵੀ ਪਤਾ ਨਹੀਂ ਸੀ..! ਵੈਸੇ ਆਮ ਕਿਆਫ਼ੇ ਸਨ ਕਿ ਉਹ ਤੇਲ ਦੇ ਵਿਉਪਾਰ ਦੇ ਮਸਲੇ ਵਿਚ ਬਹੁਤਾ ਯੂਰਪ, ਅਮਰੀਕਾ ਜਾਂ ਕੈਨੇਡਾ ਹੀ ਰਹਿੰਦੇ। ਕਦੇ ਕਦੇ ਇਰਾਕ ਅਤੇ ਸਾਊਦੀ ਅਰਬ ਵੀ ਚਲੇ ਜਾਂਦੇ..! ਉਹਨਾਂ ਕੋਲ਼ ਲਿਮੋਸਿੰਨ ਕਾਰਾਂ ਤੋਂ ਇਲਾਵਾ ਇਕ ਆਪਣਾ 'ਜੈੱਟ' ਵੀ ਰੱਖਿਆ ਹੋਇਆ ਸੀ। ਸਾਰੀ ਐਸ਼ ਉਹ ਦੱਲਿਆਂ ਦੇ ਸਿਰੋਂ ਹੀ ਕਰਦੇ। ਪਰ ਚੱਲ ਰਹੇ ਵੇਸਵਾ ਘਰਾਂ ਬਾਰੇ ਉਹ ਉਕਾ ਹੀ ਨਾਵਾਕਿਫ਼ ਸਨ। ਦੱਲੇ ਉਹਨਾਂ ਅੱਗੇ ਪ੍ਰਾਪਰਟੀ ਡੀਲਰ ਬਣ ਕੇ ਪੇਸ਼ ਹੁੰਦੇ..।

ਸਾਰੀ ਕੋਠੀ ਵੰਨ-ਸਵੰਨੀਆਂ ਲਾਈਟਾਂ ਨਾਲ਼ 'ਜਗਮਗ-ਜਗਮਗ' ਕਰ ਉਠੀ ਸੀ।

ਬਾਗ ਅਤੇ ਬਗੀਚੇ ਵਿਚ ਵੀ ਜੋਬਨਮੱਤਾ ਖੇੜਾ ਆਇਆ ਪਿਆ ਸੀ।

ਰਾਤ ਦੇਰ ਨਾਲ਼ ਸ਼ਾਹ ਜੀ ਆਪਣੇ ਲਾਮ ਲਸ਼ਕਰ ਨਾਲ਼ ਆਏ। ਕੋਠੀ ਦਾ ਉਪਰਲਾ ਪੂਰਾ ਹਿੱਸਾ ਉਹਨਾਂ ਲਈ ਸਜਾਇਆ ਹੋਇਆ ਸੀ। ਫ਼ੁੱਲਾਂ ਦੇ ਗੁਲਦਸਤੇ ਰੱਖੇ ਗਏ ਸਨ। ਅਤਰ ਕਪੂਰ ਛਿੜਕੇ ਗਏ ਸਨ। ਸ਼ਾਹ ਜੀ ਨਾਲ਼ ਪੂਰੀਆਂ ਸੱਤ ਵੱਡੀਆਂ ਕਾਰਾਂ ਦਾ ਇਕ ਕਾਫ਼ਲਾ ਸੀ। ਉਹਨਾਂ ਨਾਲ਼ ਅੱਠ ਆਦਮ ਕੱਦ ਹਥਿਆਰਬੰਦ ਬਾਡੀਗਾਰਡ ਸਨ। ਸ਼ਾਹ ਜੀ ਦਾ ਸ਼ਾਹੀ ਸੁਆਗਤ ਕੀਤਾ ਗਿਆ। ਪਰ ਸ਼ਾਹ ਜੀ ਇਸ ਸਾਰੇ ਸੁਆਗਤ ਤੋਂ ਅਣਭਿੱਜ ਜਿਹੇ ਹੀ ਰਹੇ। ਉਹ ਸਿੱਧੇ ਸਲੋਟ ਹੀ ਉਪਰ ਆਪਣੇ ਰਿਹਾਇਸ਼ੀ ਟਿਕਾਣੇਂ 'ਤੇ ਪੁੱਜ ਗਏ। ਰਾਤ ਨੂੰ ਵੀ ਉਹਨਾਂ ਦੇ ਕਾਲ਼ੀਆਂ ਐਨਕਾਂ ਲਾਈਆਂ ਹੋਈਆਂ ਸਨ। ਸ਼ਾਹ ਜੀ ਦੀ ਉਮਰ ਦੇਖਣ ਤੋਂ ਸੱਠ ਕੁ ਸਾਲ ਤੋਂ ਵੱਧ ਨਹੀਂ ਲੱਗਦੀ ਸੀ। ਉਹ ਕਿਸੇ ਨਾਲ਼ ਬਹੁਤੀ ਗੱਲ ਨਹੀਂ ਕਰ ਰਹੇ ਸਨ। ਉਹਨਾਂ ਦੇ ਬਾਡੀਗਾਰਡ ਵੀ ਔਂਤਾਂ ਦੀ ਮਟੀ ਵਾਂਗ ਚੁੱਪ ਸਨ। ਉਹਨਾਂ ਦੀਆਂ ਸਿਰਫ਼ ਅੱਖਾਂ ਹੀ ਫ਼ਰਕਦੀਆਂ ਨਜ਼ਰ ਪੈ ਰਹੀਆਂ ਸਨ। ਸ਼ਾਹ ਜੀ ਦੇ ਸਰੀਰ 'ਤੇ ਤਕਰੀਬਨ ਇੱਕ ਕਿੱਲੋ ਸੋਨਾਂ ਪਾਇਆ ਹੋਇਆ ਸੀ। ਹੱਥਾਂ ਦੀਆਂ ਦਸਾਂ ਉਂਗਲਾਂ ਵਿਚ ਛਾਪਾਂ, ਗਲ਼ ਵਿਚ ਸੰਗਲ਼ ਵਰਗੀ ਸੋਨੇ ਦੀ ਚੈਨ ਅਤੇ ਹੱਥ ਵਿਚ ਨੌਂ ਤੋਲ਼ੇ ਦਾ ਬਰੈਸਲੈੱਟ..! ਉਹਨਾਂ ਦੇ ਨਾਲ਼ ਉਹਨਾਂ ਦਾ ਨਿੱਜੀ ਸਕੱਤਰ, ਜਿਸ ਕੋਲ਼ ਇਕ ਭਾਰੀ ਕਾਲ਼ਾ ਬੈਗ ਫੜਿਆ ਹੋਇਆ ਸੀ, ਜਿਸ ਵਿਚ ਸ਼ਾਇਦ ਨੋਟ ਭਰੇ ਹੋਏ ਸਨ। ਸ਼ਾਹ ਜੀ ਨੇ ਇਸ਼ਾਰੇ ਨਾਲ਼ ਆਪਣੇ ਬਾਡੀਗਾਰਡਾਂ ਅਤੇ ਨਿੱਜੀ ਸਕੱਤਰ ਨੂੰ ਹੇਠਾਂ ਉਤਾਰ ਦਿੱਤਾ। ਉਹਨਾਂ ਦੀ ਰਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਨਾਲ਼ ਲੱਗਦੀ ਕੋਠੀ ਵਿਚ ਸੀ।

ਜਦੋਂ ਸ਼ਾਹ ਜੀ ਇਕੱਲੇ ਰਹਿ ਗਏ ਤਾਂ ਜ਼ਾਲਮ ਖ਼ਾਂ ਰਫ਼ੀਕਾ ਨੂੰ ਇਸ਼ਾਰਾ ਦੇ ਕੇ ਆਪ ਚਲਿਆ ਗਿਆ।

ਰਫ਼ੀਕਾ ਸ਼ਾਹ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੋਈ ਅਤੇ ਝੁਕ ਕੇ ਬੜੇ ਅਦਬ ਨਾਲ਼ 'ਆਦਾਬ ਅਰਜ਼' ਕੀਤਾ।

-''ਆ ਬਈ ਰਫ਼ੀਕਾ..! ਸਭ ਖ਼ੈਰੀਅਤ ਏ..?'' ਸ਼ਾਹ ਜੀ ਸਿਰਫ਼ ਗਾਊਨ ਵਿਚ ਹੀ ਸਨ। ਪੈਰੀਂ ਚੱਪਲਾਂ ਸਨ। ਹੱਥ ਵਿਚ ਵਿਸਕੀ ਦਾ ਪੈੱਗ ਸੀ। ਐਨਕ ਉਹਨਾਂ ਨੇ ਉਤਾਰ ਦਿੱਤੀ ਸੀ।

-''ਅੱਲਾਹ ਦਾ ਫ਼ਜ਼ਲ ਈ ਸ਼ਾਹ ਜੀ..! ਆਪ ਸੁਣਾਓ..?'' ਰਫ਼ੀਕਾ ਸਤਿਕਾਰ ਵਿਚ ਅੱਧੀ ਹੋਈ ਖੜ੍ਹੀ ਸੀ।

-''ਬੱਸ ਰਫ਼ੀਕਾ, ਤੁਸਾਂ ਨੂੰ ਪਤਾ ਈ ਕਿ ਮਰਨ ਦਾ ਵੀ ਵਿਹਲ ਨਹੀਂ ਜੇ..! ਹੋਰ ਸੁਣਾਓ..? ਪ੍ਰੀਵਾਰ ਕਿੱਦਾਂ ਈ..?''

-''ਸਭ ਖ਼ੈਰੀਅਤ ਈ ਸ਼ਾਹ ਜੀ..!''

-''ਅੱਜ ਕੋਈ ਨਵੀਂ ਸ਼ੈਅ ਪੇਸ਼ ਕੀਤੀ ਜਾ ਰਹੀ ਏ ਜਾਂ ਤੂੰ ਹੀ ਮੇਰੇ ਪਾਸ ਰਹਿਸੀ..?'' ਸ਼ਾਹ ਜੀ ਨੇ ਪੈਗ ਰੱਖ ਕੇ ਰਫ਼ੀਕਾ ਨੂੰ ਬੁੱਕਲ਼ ਵਿਚ ਘੁੱਟ ਲਿਆ।

-''ਨਹੀਂ ਸ਼ਾਹ ਜੀ, ਅੱਜ ਆਪ ਨੂੰ ਇਕ ਨਵੀਂ ਸ਼ੈਅ ਈ ਪੇਸ਼ ਕਰਾਂਗੀ..! ਉਮਰ ਇੱਕੀ ਸਾਲ..!''

-''ਇੱਕੀ ਸਾਲ..? ਅਸਾਂ ਲਈ ਤਾਂ ਇਹ ਬਹੁਤ ਛੋਟੀ ਏ ਰਫ਼ੀਕਾ..! ਇੱਕੀ ਸਾਲ ਵੀ ਕੋਈ ਉਮਰ ਹੋਸੀ..? ਉਹ ਤੇ ਅਜੇ ਬੱਚੀ ਏ..!''

-''ਨਹੀਂ ਸ਼ਾਹ ਜੀ, ਪੱਕ ਚੁੱਕੀ ਏ..! ਕੋਈ ਖ਼ਤਰਾ ਨਹੀਂ..! ਆਪ ਜੋ ਮਰਜ਼ੀ ਤਰੀਕਾ ਅਪਨਾਓ, ਨਾਂਹ ਨਹੀਂ ਜੇ ਕਰੇਗੀ..! ਬੜੀ ਤਜ਼ਰਬੇਕਾਰ ਈ ਸ਼ਾਹ ਜੀ..! ਤੁਸਾਂ ਹੈਰਾਨ ਰਹਿ ਜਾਓਗੇ..!''

-''ਖ਼ੁਸ਼ ਕੀਤਾ ਈ ਰਫ਼ੀਕਾ..! ਆਹ ਫ਼ੜ ਜੇ ਆਪਣਾ ਇਨਾਮ..!'' ਉਸ ਨੇ ਰੁੱਗ ਭਰ ਕੇ ਰਫ਼ੀਕਾ ਨੂੰ ਪੈਸੇ ਦਿੰਦਿਆਂ ਕਿਹਾ।

-''ਮਿਹਰਬਾਨੀ ਜਨਾਬ..! ਪੈਗ ਪਾ ਕੇ ਦੇਵਾਂ..?'' ਰਫ਼ੀਕਾ ਨੇ ਬੜੀ ਚੁੱਸਤ ਅੱਖ ਨਾਲ਼ ਤੱਕਿਆ ਕਿ ਸ਼ਾਹ ਜੀ ਦਾ ਗਿਲਾਸ ਖਾਲੀ ਹੋ ਚੁੱਕਾ ਸੀ।

-''ਨਹੀਂ, ਹੁਣ ਤੂੰ ਜਾਹ ਤੇ ਉਸ ਨੱਢੀ ਨੂੰ ਪਈ ਭੇਜ..! ਹੁਣ ਤੇਰੀ ਉਮਰ ਜਵਾਬ ਪਈ ਦਿੰਦੀ ਜਾਂਦੀ ਏ, ਤੂੰ ਹੁਣ ਇਹ ਕੰਮ ਛੱਡ ਕੇ ਕੋਈ ਹੋਰ ਕਿੱਤਾ ਕਿਉਂ ਨਹੀਂ ਕਰ ਲੈਂਦੀ..?''

-''ਸ਼ਾਹ ਜੀ, ਇਹ ਕਿੱਤਾ ਈ ਐਸਾ ਜਲ਼ੀਲ ਹੈ ਕਿ ਔਰਤ ਇਸ ਕੰਮ ਨੂੰ ਛੱਡ ਕੇ ਭੁੱਖੀ ਹੀ ਮਰੇਗੀ..! ਜਿਸ ਤਰ੍ਹਾਂ ਬਜ਼ੁਰਗ ਬਾਤ ਪਏ ਪਾਂਦੇ ਸਨ ਕਿ ਮੈਂ ਕੰਬਲ਼ੀ ਨੂੰ ਛੱਡਦੀ ਆਂ, ਪਰ ਕੰਬਲ਼ੀ ਮੈਨੂੰ ਨਹੀਂ ਜੇ ਛੱਡ ਰਹੀ..!''

-''ਚੱਲ, ਹੁਣ ਨਸ਼ਾ ਨਾ ਖੋਟਾ ਕਰ..! ਉਸ ਨੱਢੀ ਨੂੰ ਪਈ ਭੇਜ ਜਾ ਕੇ..! ਅੱਜ ਅਸਾਂ ਉਸ ਦੇ ਮਾਲੂਕ ਹੱਥਾਂ ਦੇ ਈ ਪੈਗ ਪਏ ਪੀਵਾਂਗੇ..!'' ਉਸ ਨੇ ਰਫ਼ੀਕਾ ਦਾ ਇਕ ਤਰ੍ਹਾਂ ਨਾਲ਼ ਰੱਸਾ ਲਾਹ ਦਿੱਤਾ। ਰਫ਼ੀਕਾ ਸੋਚ ਰਹੀ ਸੀ ਕਿ ਚਾਹੇ ਕੋਈ ਕਿੰਨ੍ਹਾਂ ਵੀ ਅਮੀਰ ਹੋ ਜਾਵੇ, ਚਾਰ ਚਾਰ ਤੀਵੀਂਆਂ ਵੀ ਰੱਖ ਲਵੇ, ਪਰ ਉਸ ਦੀ ਨੀਅਤ ਬਿਗਾਨੀਆਂ ਔਰਤਾਂ ਵੱਲ ਝਾਕਣ ਵੱਲੋਂ ਨਹੀਂ ਭਰਦੀ।

ਰਫ਼ੀਕਾ ਨੇ ਝੁਕ ਕੇ ਸ਼ਾਹ ਜੀ ਨੂੰ ਫਿਰ 'ਆਦਾਬ' ਕੀਤਾ ਅਤੇ ਪੌੜੀਆਂ ਉਤਰ ਗਈ।

ਕੁਝ ਪਲਾਂ ਵਿਚ ਨਿੱਖਰੀ-ਤਿੱਖਰੀ ਅਤੇ ਸਜੀ-ਧਜੀ ਸੀਤਲ ਕਮਰੇ ਵਿਚ ਪ੍ਰਵੇਸ਼ ਹੋਈ। ਜਿਵੇਂ ਕਮਰੇ ਅੰਦਰ ਨੂਰ ਵਰ੍ਹ ਪਿਆ ਸੀ। ਸੀਤਲ ਦੀ ਦਿਲਕਸ਼ ਸੂਰਤ ਨੇ ਸ਼ਾਹ ਜੀ ਦੀ ਸੁਰਤ ਨੂੰ ਮਧੋਲ਼ ਸੁੱਟਿਆ।

-''ਸੁਭਾਅਨ ਅੱਲਾਹ..! ਸੁਭਾਅਨ ਅੱਲਾਹ..!! ਇਹ ਚੰਦ ਅੱਜ ਕਿੱਧਰੋਂ ਚੜ੍ਹ ਪਿਆ ਈ..? ਆ ਜਾਹ ਨੱਢੀਏ..! ਆ ਜਾਹ..! ਸੰਗਦੀ ਕਿਉਂ ਪਈ ਏਂ..? ਬਹੁਤ ਤਾਰੀਫ਼ ਮੈਂ ਸੁਣ ਚੁੱਕਿਆ ਵਾਂ ਤੇਰੀ ਰਫ਼ੀਕਾ ਬੇਗਮ ਤੋਂ..! ਤਸ਼ਰੀਫ਼ ਲਿਆਓ..!'' ਸ਼ਾਹ ਜੀ ਨੂੰ ਵਿਸਕੀ ਨਾਲ਼ੋਂ ਸੀਤਲ ਦਾ ਸਰੂਰ ਵੱਧ ਚੜ੍ਹ ਗਿਆ ਸੀ। ਉਹ ਧਤੂਰਾ ਪੀਤੇ ਵਾਂਗ ਸ਼ੁਦਾਈ ਹੀ ਤਾਂ ਹੋ ਗਿਆ ਸੀ। ਉਸ ਨੇ ਬੜੇ ਸਲੀਕੇ ਨਾਲ਼ ਸੀਤਲ ਨੂੰ ਆਪਣੇ ਬੈੱਡ 'ਤੇ ਬਿਠਾਇਆ ਅਤੇ ਸੀਤਲ ਨੂੰ ਬੜੀ ਰੀਝ ਨਾਲ਼, ਨੀਝ ਲਾ ਕੇ ਤੱਕਿਆ। ਹੁਸਨ ਦੀ ਮੂਰਤ ਸੀਤਲ ਤੋਂ ਉਸ ਦਾ ਕੁਰਬਾਨ ਹੋ ਜਾਣ ਨੂੰ ਜੀਅ ਕਰਦਾ ਸੀ।

-''ਤੂੰ ਹੁਣ ਤੱਕ ਕਿੱਥੇ ਛੁਪੀ ਰਹੀ..?''

ਸੀਤਲ ਚੁੱਪ ਸੀ।

-''ਮੈਂ ਤਾਂ ਹੁਣ ਤੱਕ ਸੁੱਕੇ ਹੱਡਾਂ ਨਾਲ ਈ ਮੱਥਾ ਟਕਰਾਂਦਾ ਪਿਆ ਸਾਂ..!'' ਉਹ ਆਪਣੀ ਬੇਵਕੂਫ਼ੀ

ਵਿਚ ਝੂਰ ਰਿਹਾ ਸੀ।

ਸੀਤਲ ਫਿਰ ਵੀ ਕੁਝ ਨਾ ਬੋਲੀ।

-"ਕੱਪੜੇ ਤਾਂ ਉਤਾਰ ਲੈ..! ਕਿਉਂ ਅਸਾਂ ਨੂੰ ਬੇਸਬਰੇ ਪਏ ਕਰਦੇ ਓਂ..?" ਸ਼ਾਹ ਜੀ ਨੇ ਦਰਵਾਜੇ ਦੀ ਕੁੰਡੀ ਲਾ ਕੇ ਪਰਦੇ ਕਰਨ ਲੱਗਿਆਂ ਬਾਹਰ ਨਜ਼ਰ ਮਾਰੀ। ਸਾਰਾ ਜੱਗ ਜਹਾਨ ਨੀਂਦ ਵਿਚ ਡੁੱਬਿਆ ਪਿਆ ਸੀ। ਸ਼ਾਹ ਜੀ ਨੇ ਪਰਦੇ ਕਰ ਦਿੱਤੇ।

ਸੀਤਲ ਨੇ ਕੱਪੜੇ ਉਤਰਾਨੇ ਸ਼ੁਰੂ ਕਰ ਦਿੱਤੇ।

ਸੰਗਮਰਮਰ ਦੀ ਤਰਾਸ਼ੀ ਮੂਰਤ ਵਾਂਗ ਸੀਤਲ ਹੁਣ ਸ਼ਾਹ ਜੀ ਦੇ ਸਾਹਮਣੇ ਨਿਰਵਸਤਰ ਖੜ੍ਹੀ ਸੀ।

ਦੇਖ ਦੇਖ ਕੇ ਸ਼ਾਹ ਜੀ ਬੇਸੁੱਧ ਹੁੰਦੇ ਜਾ ਰਹੇ ਸਨ।

-"ਕੀ ਤਾਰੀਫ਼ ਐ ਤੁਸਾਂ ਦੀ ਬਾਨੋਂ..?" ਸ਼ਾਹ ਜੀ ਨੇ ਸੁਰਤ ਪਰਤਣ 'ਤੇ ਪੁੱਛਿਆ।

-"ਸੀਤਲ...!" ਉਸ ਦੇ ਪਪੀਸੀ ਬੁੱਲ੍ਹਾਂ ਪਿੱਛੋਂ ਮੋਤੀਆਂ ਦੀ ਮਾਲ਼ਾ ਦੰਦ ਲਿਸ਼ਕੇ!

-"ਕੀ ਫ਼ੁਰਮਾਇਆ..?" ਸ਼ਾਹ ਜੀ ਹੈਰਾਨ ਸਨ।

-"ਸੀਤਲ..!" ਡਰਦੀ ਸੀਤਲ ਨੇ ਦੁਹਰਾ ਦਿੱਤਾ। ਉਹ ਸੋਚ ਰਹੀ ਸੀ ਕਿ ਕਿਤੇ ਸ਼ਾਹ ਵੀ ਉਸ ਨੂੰ 'ਗ਼ੈਰ ਮਜਹਬ' ਦੀ ਹੋਣ ਕਾਰਨ ਠੁਕਰਾ ਨਾ ਦੇਵੇ?

-"ਕਿੱਥੋਂ ਦੀ ਰਹਿਣ ਵਾਲ਼ੀ ਏਂ..?"

-"ਇੰਗਲੈਂਡ ਦੀ..!"

-"ਇੰਗਲੈਂਡ ਦੀ ਰਹਿਣ ਵਾਲ਼ੀ ਤੇ ਕੰਮ ਆਹ ਕੁੱਤੇ..?" ਉਸ ਦਾ ਨਸ਼ਾ ਲਹਿ ਗਿਆ, "ਐਥੋਂ ਦੀਆਂ ਔਰਤਾਂ ਤਾਂ ਮਜਬੂਰੀ ਵੱਸ ਪਈਆਂ ਕਰਦੀਆਂ ਨੇ, ਪਰ ਤੈਨੂੰ ਕੀ ਮਜਬੂਰੀ ਆ ਪਈ..? ਪੰਜਾਬੀ ਬੋਲਦੀ ਪਈ ਏਂ, ਕਿਹੜੀ ਜ਼ਾਤ ਐ ਤੇਰੀ..?"

-"ਮੈਂ ਸਿੱਖਾਂ ਦੀ ਕੁੜੀ ਆਂ ਸ਼ਾਹ ਜੀ..!"

-"ਸਿੱਖਾਂ ਦੀ ਲੜਕੀ ਤੇ ਕਾਰੇ ਆਹ ਲੁੱਚੇ..?" ਸ਼ਾਹ ਜੀ ਦੀ ਜ਼ਮੀਰ ਨੇ ਜਿਵੇਂ ਉਸ ਦਾ ਸਿਆਪਾ ਕੀਤਾ।

ਸੀਤਲ ਪਹਿਲਾਂ ਹੁਬਕੀਂ ਅਤੇ ਫਿਰ ਭੁੱਬੀਂ ਰੋ ਪਈ!

-"ਰੋਣ ਦਾ ਮਸਲਾ ਨਹੀਂ, ਅਸਲ ਗੱਲ ਦੱਸ ਜੇ..!" ਸ਼ਾਹ ਜੀ ਨੇ ਉਸ ਨੂੰ ਡੌਲ਼ਿਆਂ ਤੋਂ ਫੜ ਕੇ ਖੜ੍ਹੀ ਕਰ ਲਿਆ।

ਇਕ ਦੇ ਵਾਢਿਓਂ ਸੀਤਲ ਨੇ ਸਾਰਾ ਦੁਖਾਂਤ ਸ਼ਾਹ ਜੀ ਦੇ ਅੱਗੇ ਬਗੈਰ ਕਿਸੇ ਵਲ਼-ਫ਼ੇਰ ਤੋਂ ਰੱਖ ਦਿੱਤਾ।

ਕੋਠੀ ਦੇ ਚੁਬਾਰੇ ਵਿਚ ਸੰਨਾਟਾ ਛਾ ਗਿਆ। ਸਿਰਫ਼ ਕੰਧ 'ਤੇ ਲੱਗੀ ਘੜ੍ਹੀ ਦੀ ਟਿੱਕ-ਟਿੱਕ ਆਪਣੀਂ ਹੋਂਦ ਦਰਸਾ ਰਹੀ ਸੀ।

ਸ਼ਾਹ ਜੀ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ। ਉਸ ਦੀਆਂ ਅੱਖਾਂ ਦਾ ਰੰਗ ਗੇਰੂ ਹੋ ਗਿਆ ਸੀ।

-"ਬੜੇ ਬੜੇ ਸਰਦਾਰ ਮੇਰੇ ਯਾਰ ਨੇ ਕੁੜੀਏ..! ਤੂੰ ਕੱਪੜੇ ਪਾ..!"

ਸੀਤਲ ਨੂੰ ਰੱਬ ਦਇਆਲ ਹੁੰਦਾ ਜਾਪਿਆ।

-"ਸਰਦਾਰਨੀਆਂ ਤਾਂ ਆਪਣੀ ਅਣਖ਼ ਇੱਜ਼ਤ ਤੇ ਮਜ਼ਬ ਲਈ ਆਪਣੇ ਬੱਚਿਆਂ ਦੇ ਟੋਟੇ ਝੋਲੀਆਂ ਵਿਚ ਪੁਆਂਦੀਆਂ ਪਈਆਂ ਸਨ, ਤੇ ਤੂੰ ਇਹਨਾਂ ਬਦ-ਹਾਲਾਤਾਂ ਨਾਲ ਸਮਝੌਤਾ ਕਿਸ ਤਰ੍ਹਾਂ ਕਰੀ ਬੈਠੀ ਏਂ..? ਆਪਣੇ ਖ਼ਾਨਦਾਨ ਦੀ ਇੱਜ਼ਤ ਲਈ ਕੁਝ ਤੇ ਪਈ ਸੋਚਦੀ ਕੁੜੀਏ..! ਕੋਈ ਮਹੁਰਾ ਪਈ ਚੱਟ ਕੇ ਮਰ ਜਾਂਦੀ..? ਇੱਜ਼ਤ 'ਤੇ ਬਰਕਰਾਰ ਰਹਿੰਦੀ..?" ਸ਼ਾਹ ਉਸ ਨੂੰ ਲਾਹਣਤਾਂ ਪਾ ਰਿਹਾ ਸੀ।

-"ਮੇਰੇ ਕੋਈ ਵੱਸ ਦੀ ਗੱਲ ਨਹੀਂ ਰਹੀ ਸ਼ਾਹ ਜੀ..! ਮੈਂ ਮਜਬੂਰ ਸੀ ਤੇ ਅੱਜ ਵੀ ਮਜਬੂਰ ਹਾਂ..! ਇਹ ਸਾਰਾ ਕੰਮ ਮਜਬੂਰੀ ਵਿਚ ਹੀ ਕਰਦੀ ਰਹੀ, ਪਰ ਮੈਨੂੰ ਰੱਬ 'ਤੇ ਪੱਕਾ ਵਿਸ਼ਵਾਸ ਐ ਕਿ ਕੋਈ ਰੱਬ

ਦਾ ਬੰਦਾ ਆਊਗਾ, ਤੇ ਮੈਨੂੰ ਇਸ ਨਰਕ ਭਰੀ ਜ਼ਿੰਦਗੀ 'ਚੋਂ ਕੱਢੂਗਾ..!" ਉਸ ਦਾ ਫਿਰ ਰੋਣ ਨਿਕਲ਼ ਗਿਆ।

-"ਉਹ ਰੱਬ ਦਾ ਬੰਦਾ ਆਵੇਗਾ ਨਹੀਂ, ਇੰਸ਼ਾਲਾ ਆ ਚੁੱਕਾ ਈ ਕੁੜੀਏ..!" ਸ਼ਾਹ ਨੇ ਬੈੱਡ ਤੋਂ ਲਾਹ ਕੇ ਚਾਦਰ ਨਾਲ਼ ਸੀਤਲ ਦਾ ਨਗਨ ਬਦਨ ਢਕ ਦਿੱਤਾ।

-"ਪਰ ਐਥੋਂ ਨਿਕਲਣਾਂ ਖ਼ਤਰੇ ਤੋਂ ਖਾਲੀ ਨਹੀਂ ਐਂ ਸ਼ਾਹ ਜੀ..!"

-"ਜਹੱਨਮ 'ਚ ਪਿਆ ਪਵੇ ਖ਼ਤਰਾ..! ਇਸ ਦਾ ਤੂੰ ਫ਼ਿਕਰ ਨਾ ਕਰ..! ਇਸ ਦਾ ਕੰਮ ਮੇਰੇ ਉਪਰ ਪਈ ਛੱਡ..! ਮੈਂ ਕੱਢਾਂਗਾ ਤੁਸਾਂ ਨੂੰ ਇਸ ਜ਼ਲਾਲਤ ਵਿਚੋਂ..! ਮੇਰੇ ਬੜੇ ਬੜੇ ਸਰਦਾਰ ਯਾਰ ਈ..! ਹਿੱਕ ਦੇ ਵਾਲ, ਹਮ ਪਿਆਲਾ, ਹਮ ਨਿਵਾਲਾ..! ਮੇਰੇ ਬਿਜ਼ਨਸ ਵਿਚ ਮੇਰਾ ਬੜਾ ਸਾਥ ਪਏ ਦਿੰਦੇ ਨੇ..! ਤੇ ਉਹ ਵੀ ਬੜੀ ਇਮਾਨਦਾਰੀ ਨਾਲ..! ਤੂੰ ਚਿੰਤਾ ਕੋਈ ਨਹੀਂ ਕਰਨੀ..! ਮੈਂ ਵੈਸੇ ਸੁਭਾਹ ਜਾਣਾਂ ਸੀ, ਪਰ ਮੈਂ ਕੱਲ੍ਹ ਵੀ ਐਥੇ ਈ ਰਹਿਸਾਂ..! ਕਿਸੇ ਨੂੰ ਕੋਈ ਗੱਲ ਬਾਤ ਨਹੀਂ ਜੇ ਦੱਸਣੀ..! ਸੁਣ ਲਿਆ ਈ..? ਮੈਂ ਤੈਨੂੰ ਐਥੋਂ ਕੱਢਣ ਲਈ ਇੰਸ਼ਾ-ਲਾ ਪੂਰੀ ਸਕੀਮ ਬਣਾਉਨਾਂ..! ਕੱਲ੍ਹ ਰਾਤ ਫਿਰ ਮੇਰੇ ਕੋਲ ਆਣਾਂ..! ਰਾਤੋ ਰਾਤ ਤੁਸਾਂ ਨੂੰ ਕਿਸੇ ਟਿਕਾਣੇ ਪਏ ਪਹੁੰਚਾ ਦਿਆਂਗੇ..! ਬੜੇ ਸਿਆਸਤਦਾਨ ਤੇ ਹਾਈ ਕਮਿਸ਼ਨਰ ਮੇਰੇ ਮਿੱਤਰ ਨੇ..! ਤੂੰ ਇਹ ਗੱਲ ਕਿਸੇ ਕੋਲ ਨਹੀਂ ਜੇ ਕਰਨੀ, ਤੇ ਕੱਲ੍ਹ ਇੰਸ਼ਾ-ਲਾ ਪੂਰੀ ਤਿਆਰੀ ਕਰ ਕੇ ਆਣਾਂ ਜੇ..! ਕੁਝ ਵੀ ਨਾਲ ਨਹੀਂ ਜੇ ਖੜਨਾ..! ਕਿਸੇ ਨੂੰ ਸ਼ੱਕ ਨਹੀਂ ਹੋਣੀਂ ਚਾਹੀਦੀ..! ਮੈਨੂੰ ਤਾਂ ਕੋਈ ਡਰ ਨਹੀਂ, ਲੇਕਿਨ ਤੈਨੂੰ ਨਾ ਅੱਗੇ ਪਿੱਛੇ ਪਏ ਕਰ ਦੇਣ, ਤੇਰੇ ਲਈ ਇਹ ਖ਼ਤਰਾ ਅਸਾਂ ਨੇ ਮੁੱਲ ਨਹੀਂ ਜੇ ਲੈਣਾਂ, ਸਮਝ ਗਈ..? ਕਿਸੇ ਕੋਲ ਕੋਈ ਗੱਲ ਨਹੀਂ ਜੇ ਕਰਨੀ, ਮੂੰਹ ਬੰਦ ਰੱਖਣਾਂ ਈ..! ਇਹ ਇਤਨੇ ਹਰਾਮੀ ਤੇ ਜ਼ਲੀਲ ਲੋਕ..? ਮੈਨੂੰ ਹਰਾਮਜ਼ਾਦੇ ਪਏ ਆਖਦੇ ਸਨ ਕਿ ਇੱਥੇ ਤਾਂ ਜੀ ਵੱਡੇ ਵੱਡੇ ਅਫ਼ਸਰ ਵਸਦੇ ਨੇ, ਉਹਨਾਂ ਦੇ ਪ੍ਰੀਵਾਰ ਵਸਦੇ ਨੇ! ਇਹ ਜੋ ਰਫ਼ੀਕਾ ਵਰਗੀਆਂ ਤੁਸਾਂ ਨੂੰ ਪੇਸ਼ ਕਰਦੇ ਪਏ ਆਂ, ਇਹ ਸ਼ੌਂਕੀਆ ਧੰਦਾ ਪਈਆਂ ਕਰਦੀਆਂ ਨੇ! ਪੈਸੇ ਲਈ ਕਰਦੀਆਂ ਨੇ..! ਅਸਾਂ ਨੂੰ ਕੀ ਪਤਾ ਕੀ ਇਹ ਕੰਜਰ ਮਾਸੂਮ ਕੁੜੀਆਂ ਨੂੰ ਆਪਣੇ ਜਾਲ ਵਿਚ ਫ਼ਸਾ ਕੇ ਜ਼ਲੀਲ ਪਏ ਕਰਦੇ ਨੇ ਤੇ ਪੈਸੇ ਵੱਲੋਂ ਹੱਥ ਪਏ ਰੰਗਦੇ ਨੇ..? ਕੋਈ ਗੱਲ ਨਹੀਂ, ਇਹਨਾਂ ਹਰਾਮਜ਼ਾਦਿਆਂ ਨੂੰ ਮੈਂ ਸਬਕ ਸਿਖਾ ਕੇ ਰਹਾਂਗਾ..! ਪਰ ਤੂੰ ਆਪਣੀ ਜ਼ੁਬਾਨ ਬੰਦ ਰੱਖਣੀ ਏਂ, ਸਮਝ ਗਈ ਜੇ ਮੇਰੀ ਗੱਲ..? ਹੋਰ ਨਾ ਕਿਤੇ ਕੀਤਾ ਕਰਾਇਆ ਖੂਹ ਵਿਚ ਪਈ ਸੁੱਟ ਛੱਡੇਂ..! ਮੂਰਖ਼ਤਾਈ ਨਹੀਂ ਜੇ ਕਰਨੀ..! ਬੱਸ ਚੁੱਪ ਰਹਿਣਾਂ ਜੇ..! ਕਿਸੇ ਨੂੰ ਕੁਝ ਵੀ ਮਹਿਸੂਸ ਨਾ ਹੋਵੇ ਕੀ ਆਪਣੀ ਕੋਈ ਗੱਲ ਬਾਤ ਹੋਈ ਏ..!
ਤੇ ਬੱਚਿਆਂ ਵਾਲੀ ਗੱਲ ਨਾ ਪਈ ਕਰੀਂ..! ਬੱਸ ਅੱਲਾਹ ਦਾ ਨਾਂਮ ਲੈ ਕੇ ਕੱਲ੍ਹ ਨੂੰ ਆ ਜਾਵੀਂ, ਤੇ ਕੱਲ੍ਹ ਰਾਤ ਨੂੰ ਤੁਸਾਂ ਨੂੰ ਇੱਥੋਂ ਕੱਢ ਲਵਾਂਗੇ..! ਔਰ ਹਾਂ, ਕੱਲ੍ਹ ਵੀ ਇਸੇ ਤਰ੍ਹਾਂ ਹੀ ਤਿਆਰ ਹੋ ਕੇ ਆਣਾਂ ਜੇ..! ਕਿਸੇ ਨੂੰ ਸ਼ੱਕ ਨਹੀਂ ਹੋਵੇਗੀ..!" ਸ਼ਾਹ ਜੀ ਨੇ ਕਿੰਨਾਂ ਕੁਝ ਸੀਤਲ ਨੂੰ ਸਮਝਾ ਦਿੱਤਾ।

ਸੀਤਲ ਨੇ ਝੁਕ ਕੇ ਸ਼ਾਹ ਜੀ ਦੇ ਪੈਰ ਫੜ ਲਏ। ਸ਼ਾਹ ਜੀ ਨੇ ਉਸ ਨੂੰ ਆਪਣਿਆਂ ਪੈਰਾਂ ਤੋਂ ਉਠਾ ਕੇ ਕਿਸੇ ਬੱਚੇ ਵਾਂਗ ਛਾਤੀ ਨਾਲ਼ ਲਾ ਲਿਆ।

-"ਸੀਤਲ, ਤੂੰ ਇਕ ਤਰ੍ਹਾਂ ਨਾਲ ਹੁਣ ਮੇਰੀ ਬੱਚੀ ਏਂ..! ਇਕ ਅਣਖ਼ੀ ਸਰਦਾਰ ਦੀ ਧੀ, ਮੇਰੀ ਧੀ ਏ..! ਚਿੰਤਾ ਨਹੀਂ ਜੇ ਕਰਨੀ..! ਜੋ ਤੂੰ ਮੇਰੇ ਸਾਹਮਣੇ ਕੱਪੜੇ ਉਤਾਰੇ ਤੇ ਅਸਾਂ ਨੇ ਤੇਰਾ ਨੰਗਾ ਬਦਨ ਤੱਕਿਆ, ਇਸ ਲਈ ਅਸਾਂ ਨੂੰ ਮੁਆਫ਼ ਕਰਨਾਂ..!" ਸ਼ਾਹ ਜੀ ਨੇ ਸੀਤਲ ਅੱਗੇ ਹੱਥ ਜੋੜੇ। ਪਰ ਸੀਤਲ ਨੇ ਉਸ ਦੇ ਜੋੜੇ ਹੱਥ ਸਤਿਕਾਰ ਵਜੋਂ ਫੜ ਕੇ ਮੱਥੇ ਨਾਲ਼ ਲਾਏ।

-"ਸੀਤਲ, ਗੁੰਡਿਆਂ ਨੂੰ ਗੁੰਡੇ ਹੀ ਖ਼ਤਮ ਕਰ ਸਕਦੇ ਨੇ, ਸਾਡਾ ਸਮਾਜ, ਸਾਡਾ ਕਾਨੂੰਨ, ਸਾਡਾ ਭਾਈਚਾਰਾ, ਸਾਡੀਆਂ ਅਦਾਲਤਾਂ ਗੁੰਡਿਆਂ ਨੂੰ ਨੱਥ ਨਹੀਂ ਜੇ ਪਾ ਸਕਦੀਆਂ..! ਸਾਡਾ ਕਾਨੂੰਨ ਗਿਰਵੀ ਏ, ਸਾਡਾ ਸਮਾਜ ਨਿਪੁੰਸਕ ਏ, ਸਾਡੀਆਂ ਅਦਾਲਤਾਂ ਗ਼ੁਲਾਮ ਨੇ, ਸਾਡੇ ਭਾਈਚਾਰੇ ਦੀ ਜ਼ਮੀਰ ਵਿਕੀ ਹੋਈ ਏ..! ਅੱਲਾਹ ਤਾਲਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਪਿਆ ਆਖਨਾ ਵਾਂ ਕਿ ਮੈਂ ਤੇ ਸੋਚ ਰਿਹਾ ਸਾਂ ਕਿ ਕੁੜੀਆਂ ਖ਼ੁਦ ਅਯਾਸ਼ੀ ਕਰਨ ਪਈਆਂ ਆਂਦੀਆਂ ਨੇ, ਜਾਂ ਪੈਸੇ ਦੇ ਲਾਲਚ ਵਿਚ ਅਮੀਰ ਘਰਾਂ ਦੀਆਂ

ਵਿਗੜੀਆਂ ਲੜਕੀਆਂ ਆਪਣਾ ਸ਼ਾਹੀ ਖ਼ਰਚਾ ਚਲਾਣ ਲਈ ਵੀ ਧੰਦਾ ਪਈਆਂ ਕਰਦੀਆਂ ਨੇ, ਪਰ ਐਸ ਅਸਲ ਗੱਲ ਦਾ ਤਾਂ ਤੂੰ ਮੈਨੂੰ ਅੱਜ ਪਹਿਲੀ ਵਾਰ ਜ਼ਿਕਰ ਕੀਤਾ ਈ..! ਸਾਡੀ ਤਮਾਮ ਸਕੀਮ ਅੱਲਾਹ ਦੇ ਫ਼ਜ਼ਲ ਨਾਲ ਇੰਸ਼ਾ-ਲਾ ਕੱਲ੍ਹ ਨੂੰ ਸਿਰੇ ਲੱਗ ਜਾਵੇਗੀ..!" ਸ਼ਾਹ ਜੀ ਨੇ ਉਠ ਕੇ ਫਿਰ ਬਾਹਰਲਾ ਪਰਦਾ ਪਰ੍ਹੇ ਕਰਕੇ ਦੇਖਿਆ। ਚਾਰੇ ਪਾਸੇ ਸੁੰਨ ਸਰਾਂ ਸੀ। ਕੋਈ ਬੰਦਾ, ਨਾ ਪਰਿੰਦਾ ਨਜ਼ਰ ਆਉਂਦਾ ਸੀ। ਸਾਰਾ ਜਹਾਨ ਗੂੜ੍ਹੀ ਨੀਂਦ ਵਿਚ ਡੁੱਬਿਆ ਹੋਇਆ ਸੀ। ਕੋਠੀ ਦੇ ਸਿਰ 'ਤੇ ਪੁੰਨਿਆਂ ਦਾ ਚੰਦਰਮਾਂ ਮੁਸਕਰਾ ਰਿਹਾ ਸੀ ਅਤੇ ਨਿਰਮਲ ਅਸਮਾਨ ਦੀ ਹਿੱਕ 'ਤੇ ਤਾਰੇ ਖਿੜੇ ਹੱਸ ਰਹੇ ਸਨ।

ਸੀਤਲ ਦੇ ਮਨ ਤੋਂ ਮਣਾਂ-ਮੂੰਹੀਂ ਬੱਜਰ ਬੋਝ ਉਤਰ ਗਿਆ ਸੀ। ਉਹ ਸੋਚ ਰਹੀ ਸੀ ਕਿ ਉਹ ਵੀ ਆਪਣੇ ਆਪ ਨੂੰ ਮੁਸਲਮਾਨ ਅਖਵਾਉਣ ਵਾਲ਼ੇ ਦੈਂਤ ਸਨ, ਜਿਹਨਾਂ ਨੇ ਮੈਨੂੰ ਜਿਉਂਦੀ ਜਾਗਦੀ ਨੂੰ ਐਡੇ ਨਰਕ ਵਿਚ ਲਿਆ ਸੁੱਟਿਆ..? ਅਤੇ ਇਹ ਵੀ ਇਕ ਮੁਸਲਮਾਨ ਸੀ, ਜਿਸ ਨੇ ਮੈਨੂੰ ਇਸ ਕੁੰਭੀ ਨਰਕ ਵਿਚੋਂ ਕੱਢਣ ਦਾ ਬੀੜਾ ਚੁੱਕਿਆ। ਇਨਸਾਨ ਅਸਲ ਵਿਚ ਇਨਸਾਨ ਹੁੰਦਾ ਹੈ, ਉਸ ਦਾ ਕੋਈ ਮਜ਼੍ਹਬ ਜਾਂ ਧਰਮ ਨਹੀਂ ਹੁੰਦਾ..! ਮਜ਼੍ਹਬ ਜਾਂ ਧਰਮ ਦਾ ਫ਼ੋਕਾ ਹੋਕਾ ਸਿਰਫ਼ ਪਾਖੰਡੀ ਅਤੇ ਲੁਟੇਰੇ ਹੀ ਦਿੰਦੇ ਹਨ! ਸਭ ਤੋਂ ਵੱਡੇ ਠੱਗ ਹੀ ਧਰਮ-ਮਜ਼੍ਹਬ ਦੇ ਠੇਕੇਦਾਰ ਬਣਦੇ ਨੇ..! ਮਜ਼੍ਹਬ ਦੇ ਭੇਸ ਵਿਚ ਦੁਨੀਆਂ ਨੂੰ ਲੁੱਟਣ ਖਾਣ ਲਈ!

-"ਇੰਸ਼ਾ-ਲਾ, ਕੱਲ੍ਹ ਨੂੰ ਤੈਨੂੰ ਇੱਥੋਂ ਕੱਢ ਕੇ, ਮੈਂ ਇਹਨਾਂ ਸੂਅਰ ਦੇ ਪੁੱਤਰਾਂ ਤੋਂ ਆਪਣੀਆਂ ਕੋਠੀਆਂ ਖਾਲੀ ਪਿਆ ਕਰਵਾਂਦਾ ਹਾਂ..! ਮੈਂ ਇਹਨਾਂ ਜ਼ਲਾਲਤ ਭਰੇ ਬੰਦਿਆਂ ਨੂੰ ਐਸਾ ਸਬਕ ਦੇਸਾਂ ਕਿ ਇਹ ਤੌਬਾ ਪਏ ਕਰ ਜਾਣਗੇ..! ਜੇ ਇਹਨਾਂ ਕੁੱਤੀ ਦੇ ਪੁੱਤਰਾਂ ਤੋਂ ਜੇਲ੍ਹ ਵਿਚ ਚੱਕੀ ਨਾ ਪਿਸਾਈ, ਤਾਂ ਅਸਾਂ ਨੂੰ ਸ਼ਾਹ ਜੀ ਕਿਸੇ ਨਹੀਂ ਜੇ ਆਖਣਾਂ..!" ਸ਼ਾਹ ਅੰਦਰੋਂ ਕਰੋਧ ਨਾਲ਼ ਉਬਲ਼ ਉਬਲ਼ ਪੈਂਦਾ ਸੀ।

ਉਸ ਨੇ ਆਪਣੇ ਆਪ ਨੂੰ ਹਲਕੀ-ਹਲਕੀ ਮਹਿਸੂਸ ਕੀਤਾ।

ਆਮ ਰੁਟੀਨ ਵਾਂਗ ਸੀਤਲ ਸ਼ਾਹ ਜੀ ਕੋਲ ਸਵੇਰ ਦੇ ਚਾਰ ਵਜੇ ਤੱਕ ਰਹੀ ਅਤੇ ਹੇਠਾਂ ਆ ਕੇ ਰਫ਼ੀਕਾ ਕੋਲ਼ ਪੈ ਗਈ। ਹੇਠਾਂ ਉਤਰਨ ਤੋਂ ਪਹਿਲਾਂ ਉਸ ਨੇ ਚਾਰੇ ਪਾਸੇ ਗਹੁ ਨਾਲ਼ ਦੇਖਿਆ ਸੀ। ਮਤਾਂ ਕਿਸੇ ਚੁਗਲਖ਼ੋਰ ਨੇ ਉਹਨਾਂ ਦੀਆਂ ਗੱਲਾਂ ਨਾ ਸੁਣ ਲਈਆਂ ਹੋਣ...? ਪਰ ਸਭ ਸੁੱਖ ਸਾਂਦ ਸੀ। ਸੀਤਲ ਦੇ ਮਨ 'ਤੇ ਕੋਈ ਬਹੁਤੀ ਖ਼ੁਸ਼ੀ ਨਹੀਂ ਆਈ ਸੀ। ਉਸ ਨੂੰ ਵਿਸ਼ਵਾਸ ਹੀ ਨਹੀਂ ਆ ਰਿਹਾ ਸੀ ਕਿ ਉਹ ਇਸ ਜ਼ਲਾਲਤ ਭਰੀ ਜ਼ਿੰਦਗੀ 'ਚੋਂ ਕਦੇ ਨਿਜ਼ਾਤ ਪਾ ਜਾਵੇਗੀ...? ਅਨੀਂਦਰੀ ਹੋਣ ਕਾਰਨ ਵੀ ਨੀਂਦ ਉਸ ਦੇ ਨਜ਼ਦੀਕ ਨਹੀਂ ਢੁੱਕੀ ਸੀ। ਸਵੇਰ ਹੋਣ ਤੱਕ ਉਹ ਮੁਲਾਇਮ ਬੈੱਡ 'ਤੇ ਪਈ ਪਾਸੇ ਪਰਤਦੀ ਰਹੀ ਸੀ। ਸੂਰਜ ਚੜ੍ਹਨ ਸਮੇਂ ਕਿਤੇ ਉਸ ਨੂੰ ਨੀਂਦ ਪਈ।

ਦੁਪਿਹਰ ਦੇ ਗਿਆਰਾਂ ਕੁ ਵਜੇ ਸੀਤਲ ਦੀ ਜਾਗ ਖੁੱਲ੍ਹੀ।

ਰਫ਼ੀਕਾ ਬਾਹਰ ਫੁੱਲਵਾੜੀ ਵਿਚ ਕੁਰਸੀ 'ਤੇ ਬੈਠੀ ਸੀ।

ਸ਼ਾਹ ਜੀ ਕਿਤੇ ਜਾ ਚੁੱਕੇ ਸਨ।

ਜਦ ਸੀਤਲ ਉਠ ਕੇ ਬਾਹਰ ਆਈ ਤਾਂ ਰਫ਼ੀਕਾ ਉਸ ਨੂੰ ਬੜੀ ਖ਼ੁਸ਼ ਖ਼ੁਸ਼ ਨਜ਼ਰ ਆਈ।

ਹੈਰਾਨ ਹੋ ਕੇ ਸੀਤਲ ਨੇ ਖ਼ੁਸ਼ੀ ਦਾ ਕਾਰਨ ਪੁੱਛਿਆ।

-"ਸ਼ਾਹ ਜੀ ਅੱਜ ਦੀ ਰਾਤ ਹੋਰ ਐਥੇ ਰਹਿਣਗੇ..!" ਰਫ਼ੀਕਾ ਨੇ ਸੀਤਲ ਨੂੰ ਦੱਸਿਆ ਸੀ। ਪਰ ਸੀਤਲ ਨੂੰ ਤਾਂ ਇਸ ਗੱਲ ਦਾ ਪਹਿਲਾਂ ਹੀ ਪਤਾ ਸੀ। ਉਸ ਦੇ ਮਨ 'ਤੇ ਬਹੁਤਾ ਕੋਈ ਅਸਰ ਨਾ ਹੋਇਆ।

-"ਅੱਗੇ ਤਾਂ ਕਦੇ ਸ਼ਾਹ ਜੀ ਇਕ ਰਾਤ ਤੋਂ ਵੱਧ ਐਥੇ ਰਹੇ ਨ੍ਹੀ ਸੀ..? ਕੀ ਘੋਲ਼ ਕੇ ਪਾ ਦਿੱਤਾ ਤੂੰ ਸ਼ਾਹ ਜੀ ਦੇ ਸਿਰ ਸੀਤਲ..?"

-"ਮੈਂ ਕੀ ਘੋਲ਼ ਕੇ ਪਾਉਣਾਂ ਸੀ ਭੈਣੇਂ..? ਜੋ ਹੋਰ ਲੋਕਾਂ ਨਾਲ਼ ਹਰ ਰਾਤ ਕਰਦੀ ਆਂ, ਓਹੀ ਸ਼ਾਹ ਜੀ ਨਾਲ਼ ਕੀਤੈ..! ਹੋਰ ਮੈਂ ਕੀ ਵੱਖਰਾ ਕਰ ਦਿੱਤਾ..?" ਚਾਹ ਪੀਂਦੀ ਸੀਤਲ ਨੇ ਗੱਲ ਘੱਟੇ ਪਾ ਦਿੱਤੀ।

ਦੁਪਿਹਰ ਦਾ ਖਾਣਾਂ ਖਾਣ ਤੋਂ ਬਾਅਦ ਰਫ਼ੀਕਾ ਅਤੇ ਸੀਤਲ ਫਿਰ ਅਰਾਮ ਕਰਨ ਲਈ ਪੈ ਗਈਆਂ।

ਸੀਤਲ ਦੇ ਦਿਮਾਗ ਵਿਚ ਸੋਚਾਂ ਦਾ ਭੂਚਾਲ਼ ਆਇਆ ਹੋਇਆ ਸੀ।

ਰਫ਼ੀਕਾ ਅਰਾਮ ਕਰ ਰਹੀ ਸੀ। ਪਰ ਸੀਤਲ ਨੂੰ ਇਕ ਅਜੀਬ ਅੱਚਵੀ ਲੱਗੀ ਹੋਈ ਸੀ।

ਉਸ ਨੂੰ ਟੇਕ ਜਿਹੀ ਨਹੀਂ ਆ ਰਹੀ ਸੀ।

ਉਹ ਵਾਰ ਵਾਰ ਪਾਸਾ ਪਰਤ ਕੇ ਰਫ਼ੀਕਾ ਵੱਲ ਦੇਖਦੀ। ਅੱਜ ਉਸ ਨੂੰ ਰਫ਼ੀਕਾ ਦਾ ਬਹੁਤਾ ਹੀ ਮੋਹ ਜਿਹਾ ਆ ਰਿਹਾ ਸੀ। ਰਫ਼ੀਕਾ ਨੇ ਸੀਤਲ ਨੂੰ ਕਦੇ ਕੰਡੇ ਜਿੰਨੀ ਤਕਲੀਫ਼ ਨਹੀਂ ਦਿੱਤੀ ਸੀ। ਜਦੋਂ ਦਿੱਤੀ ਸੀ, ਵੱਡੀਆਂ ਭੈਣਾਂ ਵਾਂਗ ਕੋਈ ਜਾਇਜ਼ ਮੱਤ ਹੀ ਦਿੱਤੀ ਸੀ। ਕਦੇ ਈਰਖ਼ਾ ਜਾਂ ਸਾੜਾ ਨਹੀਂ ਕੀਤਾ ਸੀ। ਕਦੇ ਮੰਦਾ ਬਚਨ ਨਹੀਂ ਬੋਲਿਆ ਸੀ। ਕਦੇ ਕਿਸੇ ਗੱਲੋਂ ਸਤਾਇਆ ਨਹੀਂ ਸੀ। ਕਦੇ ਕੋਈ ਚੋਭਵੀਂ ਗੱਲ ਨਹੀਂ ਕੀਤੀ ਸੀ। ਸਾਈਦਾ ਲਈ ਸੀਤਲ ਦੇ ਮਨ ਵਿਚ ਅੱਤ ਦੀ ਘ੍ਰਿਣਾਂ ਸੀ। ਸਾਈਦਾ ਨੇ ਸ਼ੁਰੂ ਸ਼ੁਰੂ ਵਿਚ ਸੀਤਲ ਨੂੰ ਬੜਾ ਤੰਗ ਕੀਤਾ ਸੀ। ਜਿੰਨਾਂ ਚਿਰ ਸੀਤਲ ਇਸ ਧੰਦੇ ਵਿਚ ਪ੍ਰਪੱਕ ਨਹੀਂ ਹੋ ਗਈ ਸੀ, ਉਤਨਾਂ ਚਿਰ ਸਾਈਦਾ ਅਤੇ ਜ਼ਾਲਮ ਖ਼ਾਂ ਦੀ ਬਾਜ਼ ਅੱਖ ਸੀਤਲ 'ਤੇ ਹੀ ਘੁੰਮਦੀ ਰਹਿੰਦੀ। ਉਹਨਾਂ ਦੋਨਾਂ ਨੇ ਸੀਤਲ ਨੂੰ ਕੁੱਟਣ ਮਾਰਨ ਤੋਂ ਇਲਾਵਾ ਬੜਾ ਅਣਮਨੁੱਖੀ ਤਸ਼ੱਦਦ ਕੀਤਾ ਸੀ। ਜ਼ਾਲਮ ਖ਼ਾਂ ਨੇ ਉਸ ਨੂੰ ਬੜਾ ਚੂੰਡਿਆ ਸੀ। ਘੋਰ ਜ਼ੁਲਮ ਕੀਤਾ ਸੀ। ਗਿਣ ਗਿਣ ਕੇ ਬਦਲੇ ਲਏ ਸਨ। ਉਸ ਨੂੰ ਡਰਾਉਣ ਅਤੇ ਇਸ ਰਸਤੇ ਤੋਰਨ ਲਈ ਵਾਹ ਲੱਗਦੀ ਹਰ ਜ਼ੁਲਮ ਕੀਤਾ ਸੀ।

ਸ਼ਾਮ ਨੂੰ ਜਦੋਂ ਸੀਤਲ ਅਤੇ ਰਫ਼ੀਕਾ ਉਠੀਆਂ ਤਾਂ ਕੋਠੀ ਦੇ ਉਪਰਲੇ ਹਿੱਸੇ ਦੀ ਸਫ਼ਾਈ ਕੀਤੀ ਜਾ ਚੁੱਕੀ ਸੀ।

ਰਫ਼ੀਕਾ ਤੋਂ ਬਾਅਦ ਸੀਤਲ ਨਹਾਉਣ ਚਲੀ ਗਈ। ਉਸ ਨੇ ਬੜੀ ਰੀਝ ਨਾਲ਼ ਆਪਣਾਂ ਸਰੀਰ ਧੋਤਾ। ਮਲ਼ ਮਲ਼ ਕੇ..! ਉਹ ਸੋਚ ਰਹੀ ਸੀ ਕਿ ਜਿਤਨਾਂ ਸੰਕਟ ਭੋਗਣਾਂ ਸੀ, ਉਹ ਤਾਂ ਭੋਗ ਚੁੱਕੀ ਹਾਂ..! ਇਸ ਜੇਲ੍ਹ ਵਿਚੋਂ ਅੱਜ ਉਸ ਦੀ 'ਰਿਹਾਈ' ਹੋ ਜਾਣੀ ਸੀ। ਪਰ ਉਸ ਦਾ ਦਿਲ ਸ਼ੱਕੀ ਜਿਹਾ ਹੋਇਆ ਪਿਆ ਸੀ। ਗਧਾ ਆਪਣੇ ਆਪ ਨੂੰ ਮਾਲਕ ਦਾ ਇਤਨਾ ਗ਼ੁਲਾਮ ਮੰਨ ਲੈਂਦਾ ਹੈ ਕਿ ਜਦ ਉਸ ਦਾ ਮਾਲਕ ਗਧੇ ਦੇ ਗਲ਼ ਵਿਚ ਸਿਰਫ਼ ਰੱਸਾ ਪਾ ਕੇ, ਬਿਨਾਂ ਬੰਨ੍ਹੇ ਤੋਂ ਰੱਸਾ ਕਿਸੇ ਖੁਰਨੀ 'ਤੇ ਰੱਖ ਦਿੰਦਾ ਹੈ, ਤਾਂ ਗਧਾ ਆਪਣੇ ਆਪ ਨੂੰ 'ਬੱਝਿਆ' ਹੋਣ ਕਾਰਨ ਬਿਲਕੁਲ ਹੀਲ ਹੁੱਜਤ ਨਹੀਂ ਕਰਦਾ ਅਤੇ ਸੀਲ ਜਿਹਾ ਬਣਿਆਂ ਉਸ ਥਾਂ 'ਤੇ ਹੀ ਖੜ੍ਹਾ ਰਹਿੰਦਾ ਹੈ!

ਇਹ ਹੀ ਹਾਲ ਅੱਜ ਸੀਤਲ ਦਾ ਹੋਇਆ ਪਿਆ ਸੀ ਕਿ ਪਤਾ ਨਹੀਂ ਉਸ ਦੀ ਰਿਹਾਈ ਸੰਭਵ ਹੋਵੇਗੀ, ਕਿ ਨਹੀਂ...? ਛੁਟਕਾਰਾ ਮਿਲੇਗਾ ਕਿ ਨਹੀਂ..? ਪਰ ਪਤਾ ਨਹੀਂ ਕਿਉਂ, ਉਸ ਨੂੰ ਸ਼ਾਹ ਜੀ 'ਤੇ ਅੱਤ ਦਾ ਵਿਸ਼ਵਾਸ ਬੱਝ ਗਿਆ ਸੀ! ਉਹ ਸੋਚ ਰਹੀ ਸੀ ਕਿ ਅਗਰ ਸ਼ਾਹ ਜੀ ਦੇ ਦਿਲ ਵਿਚ ਕੋਈ ਖੋਟ ਹੁੰਦਾ, ਤਾਂ ਉਹ ਸਾਰੀ ਰਾਤ ਉਸ ਨਾਲ਼ 'ਜਸ਼ਨ' ਕਰਦੇ..! ਉਸ ਨੂੰ ਲੋਕਾਂ ਵਾਂਗ ਮਧੋਲ਼ਦੇ..! ਜ਼ਾਲਮ ਖ਼ਾਂ ਵਾਂਗ ਨੋਚਦੇ..! ਸਰੀਰ 'ਤੇ ਨੀਲ ਪੈਂਦੇ, ਆਤਮਾਂ ਜ਼ਿਬਾਹ ਹੁੰਦੀ..! ਹਰ ਰਾਤ ਦੀ ਤਰ੍ਹਾਂ ਜ਼ਮੀਰ ਦਾ ਗਲ਼ ਘੁੱਟਿਆ ਜਾਂਦਾ ਅਤੇ ਕਸ਼ਟ ਜਰਨ ਲਈ ਉਸ ਨੂੰ ਦੰਦਾਂ ਹੇਠ ਜੀਭ ਲੈਣੀਂ ਪੈਂਦੀ..! ਪਰ ਸ਼ਾਹ ਜੀ ਨੇ ਉਸ ਨਾਲ਼ ਕਰਨਾ ਤਾਂ ਕੀ ਸੀ, ਚਾਦਰ ਨਾਲ਼ ਉਸ ਦਾ ਨਗਨ ਬਦਨ ਢਕ ਕੇ ਉਸ ਤੋਂ ਮੁਆਫ਼ੀ ਵੀ ਮੰਗੀ ਸੀ..! ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਸੀਤਲ..! ਮਾਂ ਪਤਾ ਨਹੀਂ ਕਿੰਨ੍ਹਾਂ ਕੁ ਪਾਠ ਕਰਦੀ ਹੋਵੇਗੀ ਮੇਰੇ ਲਈ..? ਇਹ ਉਸ ਦੇ ਪਾਠ ਦਾ ਨਤੀਜਾ ਹੀ ਹੋ ਸਕਦਾ ਹੈ..! ਰੱਬ ਨੂੰ ਕਿਹੜਾ ਕੋਈ ਮਿਲ਼ਿਐ..? ਰੱਬ ਵੀ ਆਖਰ ਬੰਦਿਆਂ ਵਿਚ ਦੀ ਹੀ ਬਹੁੜਦਾ ਹੈ..! ਪਰ ਮਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾਂ ਕਿ ਮੈਂ ਪਾਕਿਸਤਾਨ ਵਿਚ ਹਾਂ ਅਤੇ ਕੰਜਰਖ਼ਾਨੇ ਠੂਸ ਦਿੱਤੀ ਗਈ ਹਾਂ..? ਹਰ ਰਾਤ ਸੀਤਲ ਨਾਂ ਦਾ ਕਾਰਤੂਸ ਕਿਸੇ ਬੰਦੂਕ ਵਿਚ ਚਾੜ੍ਹ ਦਿੱਤਾ ਜਾਂਦੈ, ਜਿਸ ਨਾਲ਼ ਕਾਮ ਦੇ ਜਾਨੂੰਨ ਵਿਚ ਸੜੇ ਬੇਈਮਾਨਾਂ ਦਾ ਕਾਲ਼ਜਾ ਫੂੰਡਿਆ ਜਾਂਦੈ..! ਮਾਂ ਦੇ ਨਾਂ ਨੂੰ ਸੀਤਲ ਦੇ ਅੰਦਰ ਇੱਕ ਅਜੀਬ ਝੋਕਾ ਜਿਹਾ ਫ਼ਿਰ ਗਿਆ..। ਉਸ ਦਾ ਮਨ ਭਰ ਆਇਆ। ਉਸ ਨੇ ਤ੍ਰਭਕ ਕੇ ਆਸੇ ਪਾਸੇ ਦੇਖਿਆ। ਕੋਈ ਨੇੜੇ ਨਹੀਂ ਸੀ। ਰਫ਼ੀਕਾ ਦੂਰ ਲਾਅਨ ਵਿਚ ਫ਼ਿਰ ਰਹੀ ਸੀ। ਉਹ ਧੁੱਪ ਵਿਚ ਤੁਰ ਫਿਰ ਕੇ ਗਿੱਲੇ ਕੇਸ ਸੁਕਾ ਰਹੀ ਸੀ। ਹੋ ਸਕਦਾ ਹੈ ਰਫ਼ੀਕਾ ਨੂੰ ਸ਼ਾਹ ਜੀ ਨੇ ਕੁਛ ਦੱਸ ਦਿੱਤਾ ਹੋਵੇ..? ਪਰ ਨਹੀਂ..! ਸ਼ਾਹ ਜੀ ਇਕ ਤਜ਼ਰਬੇਕਾਰ, ਸੁਲ਼ਝੇ ਅਤੇ ਤੁਰੇ

ਫ਼ਿਰੇ ਬੰਦੇ ਹਨ..! ਐਹੋ ਜਿਹੀ ਗੁਪਤ ਅਤੇ ਖ਼ਤਰਨਾਕ ਗੱਲ ਕਿਸੇ ਨੂੰ ਨਹੀਂ ਦੱਸਣਗੇ..! ਉਹ ਸੋਚਾਂ ਦੀਆਂ ਕਪੜਛੱਲਾਂ ਵਿਚ ਰੁੜ੍ਹੀ ਜਾ ਰਹੀ ਸੀ।

ਸ਼ਾਮ ਹੋ ਗਈ।

ਪਰ ਸ਼ਾਹ ਜੀ ਦਾ ਕਿਤੇ ਝੌਲ਼ਾ ਵੀ ਨਹੀਂ ਪੈਂਦਾ ਸੀ। ਸੀਤਲ ਦਾ ਦਿਲ ਜੋਰ ਨਾਲ਼ ਧੜਕਣ ਲੱਗ ਪਿਆ। ਅਮੀਰਾਂ ਦਾ ਕੀ ਇਤਬਾਰ ਸੀਤਲ..? ਅੱਜ ਕਿਤੇ, ਕੱਲ੍ਹ ਕਿਤੇ..? ਕਿੰਨੇ ਬੰਦਿਆਂ ਨਾਲ਼ ਇਹਨਾਂ ਦਾ ਵਾਹ ਪੈਂਦਾ ਹੈ..! ਕੀ ਪਤਾ ਅੱਜ ਆਉਣ ਹੀ ਨ੍ਹਾਂ..? ਸ਼ਾਹ ਜੀ ਬਾਰੇ ਤਾਂ ਸੁਣ ਰੱਖਿਆ ਹੈ ਕਿ ਉਹ ਅੱਜ ਸਾਊਦੀ ਅਰਬ ਅਤੇ ਅਗਲੇ ਦਿਨ ਅਮਰੀਕਾ ਹੁੰਦੇ ਨੇ..! ਉਹ ਨਾਸ਼ਤਾ ਪਾਕਿਸਤਾਨ ਵਿਚ ਕਰਦੇ ਨੇ, ਦੁਪਿਹਰ ਦਾ ਖਾਣਾਂ ਇੰਗਲੈਂਡ ਵਿਚ ਖਾਂਦੇ ਨੇ ਅਤੇ ਰਾਤ ਦਾ ਖਾਣਾਂ ਕੈਨੇਡਾ ਵਿਚ..! ਐਹੋ ਜਿਹੇ ਮਸ਼ਰੂਫ਼ ਬੰਦੇ ਦਾ ਕੀ ਇਤਬਾਰ..? ਕਿਤੋਂ ਬਿਜ਼ਨਸ ਦੇ ਸਬੰਧ ਵਿਚ ਫ਼ੋਨ ਆ ਗਿਆ ਅਤੇ ਸ਼ਾਹ ਜੀ ਫ਼ਲਾਈਟ ਲੈ ਕੇ ਚੜ੍ਹ ਗਏ..!

-"ਕੀ ਗੱਲ ਹੋਗੀ ਸੀਤਲ..? ਕਿਵੇਂ ਅੱਜ ਬਹੁਤੀ ਈ ਚੁੱਪ ਚੁੱਪ ਜੀ ਐਂ..?" ਰਫ਼ੀਕਾ ਨੇ ਉਸ ਦੀ ਸੋਚ ਦੀ ਬਿਰਤੀ ਤੋੜੀ।

ਸੀਤਲ ਕਿਸੇ ਖ਼ਲਾਅ ਵਿਚੋਂ ਵਾਪਸ ਪਰਤੀ।

-"ਨਹੀਂ, ਅੱਜ ਨੀਂਦ ਜੀ ਨ੍ਹੀ ਆਈ ਚੱਜ ਨਾਲ਼..!" ਘਬਰਾਈ ਸੀਤਲ ਨੇ ਗੱਲ ਬੋਚ ਲਈ।

ਸ਼ਾਮ ਹੋਰ ਗੂੜ੍ਹੀ ਹੋ ਗਈ ਸੀ। ਪ੍ਰਛਾਵੇਂ ਕੋਠੀ ਦੇ ਬਨੇਰਿਆਂ ਤੋਂ ਛਿਤਮ ਹੋ ਗਏ ਸਨ। ਬੱਤੀਆਂ ਜਗ ਪਈਆਂ ਸਨ। ਜ਼ਾਲਮ ਖ਼ਾਂ ਨੇ ਵਿਹੜੇ ਵਿਚ ਭਲਵਾਨੀ ਗੇੜਾ ਦਿੱਤਾ ਅਤੇ ਸੀਤਲ ਕੋਲ਼ ਆ ਕੇ ਉਸ ਵੱਲ ਕੁਝ ਜ਼ਿਆਦਾ ਹੀ ਘੋਖ਼ਵੀਆਂ ਨਜ਼ਰਾਂ ਨਾਲ਼ ਝਾਕਿਆ। ਇੱਲ੍ਹ ਦੀ ਨਜ਼ਰ ਵਰਗੀ ਜ਼ਾਲਮ ਖ਼ਾਂ ਦੀ ਨਜ਼ਰ ਨੇ ਸੀਤਲ ਦਾ ਦਿਲ ਕੱਢ ਲਿਆ ਸੀ। ਉਸ ਨੇ ਲੱਗੜ ਵਾਂਗ ਝਾਕਦੇ ਜ਼ਾਲਮ ਖ਼ਾਂ ਤੋਂ ਨਜ਼ਰ ਬੋਚ ਕੇ ਨੀਵੀਂ ਪਾ ਲਈ। ਉਸ ਦਾ ਦਿਲ ਕਿਸੇ ਘਬਰਾਹਟ ਨਾਲ਼ 'ਠੱਕ-ਠੱਕ' ਛਾਤੀ ਵਿਚ ਵੱਜ ਰਿਹਾ ਸੀ। ਜ਼ਾਲਮ ਖ਼ਾਂ ਬਾਹਰਲੀ ਬੱਤੀ ਜਗਾ ਕੇ ਸੁਣ ਵਾਲ਼ੀ ਮੱਝ ਵਾਂਗ ਪਾਸੇ ਜਿਹੇ ਮਾਰਦਾ ਕੋਠੀ ਤੋਂ ਬਾਹਰ ਨਿਕਲ਼ ਗਿਆ। ਅਜੇ ਸੀਤਲ ਨੇ ਸੁਖ ਦਾ ਸਾਹ ਲਿਆ ਹੀ ਸੀ ਕਿ ਭੂਤ ਵਾਂਗ ਸਾਈਦਾ ਆ ਵੱਜੀ। ਸੀਤਲ ਤ੍ਰਹਿ ਗਈ ਕਿ ਕੋਈ ਨਾ ਕੋਈ ਗੱਲ ਜ਼ਰੂਰ ਸੀ..! ਉਸ ਦਾ ਅੰਦਰੋ ਅੰਦਰੀ ਖ਼ੂਨ ਸੁੱਕੀ ਜਾ ਰਿਹਾ ਸੀ।

-"ਸ਼ਾਹ ਜੀ ਨੂੰ ਖ਼ੁਸ਼ ਕਰਨ ਵਾਲੀ ਕੋਈ ਕਸਰ ਬਾਕੀ ਨਾ ਰਹੇ..! ਬੜੀ ਮੋਟੀ ਸਾਮੀ ਐਂ..! ਜੇ ਕੋਈ ਸ਼ਕਾਇਤ ਆਈ, ਥਾਂ ਤੇ ਦਫ਼ਨ ਕਰ ਦਿਆਂਗੀ ਹਰਾਮਜ਼ਾਦੀ..! ਸੁਣ ਲਿਆ ਈ..?" ਤੇ ਸਾਈਦਾ ਹਦਾਇਤ ਜਿਹੀ ਕਰ ਕੇ ਚਿੱਤੜ ਹਿਲਾਉਂਦੀ ਤੁਰ ਗਈ। ਸੀਤਲ ਸੋਚ ਰਹੀ ਸੀ ਕਿ ਅਗਰ ਔਰਤ ਹੀ ਔਰਤ ਨਾਲ਼ ਇਨਸਾਫ਼ ਨਾ ਕਰੇਗੀ, ਤਾਂ ਮਰਦ ਨੇ ਉਸ ਨੂੰ ਕਦੋਂ ਬਰਾਬਰ ਦਾ ਰੁਤਬਾ ਦਿੱਤਾ..? ਜਾਂ ਕਦੋਂ ਰਹਿਮ ਕੀਤਾ...?? ਸੀਤਲ ਨੂੰ ਸਾਈਦਾ ਦੀਆਂ ਭੈੜੀਆਂ ਜਿਹੀਆਂ ਅੱਖਾਂ ਤੋਂ ਸਖ਼ਤ ਨਫ਼ਰਤ ਸੀ। ਪਰ ਸਾਈਦਾ ਦੀ ਤਾਕੀਦ ਸੁਣਨ ਤੋਂ ਬਾਅਦ ਸੀਤਲ ਨੇ ਸੁਖ ਦਾ ਸਾਹ ਜ਼ਰੂਰ ਲਿਆ ਸੀ ਕਿ ਕੋਈ ਖ਼ਾਸ ਗੱਲ ਨਹੀਂ, ਬੱਸ ਹਦਾਇਤਾਂ ਜਿਹੀਆਂ ਹੀ ਦਿੱਤੀਆਂ ਜਾ ਰਹੀਆਂ ਨੇ..!

ਟਿਕੀ ਰਾਤ ਤੋਂ ਸ਼ਾਹ ਜੀ ਦਾ ਲਾਮ ਲਸ਼ਕਰ ਆ ਗਿਆ। ਕੋਠੀ ਵਿਚ ਇਕ ਤਰ੍ਹਾਂ ਨਾਲ਼ ਭੂਚਾਲ਼ ਆ ਗਿਆ ਸੀ। ਅੱਜ ਉਹਨਾਂ ਦੇ ਕਾਫ਼ਲੇ ਨਾਲ਼ ਸੱਤ ਹੋਰ ਓਪਰੇ ਬੰਦੇ ਸਨ।

ਬਾਡੀਗਾਰਡ ਅਤੇ ਸਹਾਇਕ ਸ਼ਾਹ ਜੀ ਦੇ ਨਾਲ਼ ਹੀ ਦਗੜ-ਦਗੜ ਕਰਦੇ ਉਪਰ ਚੜ੍ਹ ਗਏ ਸਨ। ਸ਼ਾਹ ਜੀ ਨੇ ਕਿਸੇ ਦੀ ਕੋਈ 'ਸਲਾਮ' ਨਹੀਂ ਮੰਨੀ ਸੀ। ਕਿਸੇ ਦੇ 'ਆਦਾਬ' ਵੱਲ ਤੱਕਿਆ ਨਹੀਂ ਸੀ। ਸੀਤਲ ਨੂੰ ਉਹ ਰਾਤ ਵਾਲ਼ਾ ਸ਼ਾਹ ਨਹੀਂ ਲੱਗਦਾ ਸੀ। ਜ਼ਾਹਿਰਾ ਤੌਰ 'ਤੇ ਬਦਲਿਆ ਬਦਲਿਆ ਇਨਸਾਨ ਜਾਪਦਾ ਸੀ। ਸੀਤਲ ਨਿਰਾਸ਼ ਹੋ ਗਈ। ਇਹਨਾਂ ਅਮੀਰਾਂ ਦਾ ਕੀ ਵਿਸਾਹ..? ਅਮੀਰ ਅਤੇ ਰੱਬ ਦੇ ਭਗਤ ਤਾਂ ਬੇਪ੍ਰਵਾਹ ਅਤੇ ਬੇ-ਮੁਹਤਾਜੇ ਹੁੰਦੇ ਨੇ..! ਕਿਹੜਾ ਕਿਸੇ ਤੱਕ ਕੋਈ ਜ਼ਰੂਰਤ ਹੁੰਦੀ ਐ..? ਮੁਹਤਾਜ ਵੀ ਬੰਦਾ ਕਿਸੇ ਦਾ ਉਦੋਂ ਹੁੰਦੈ, ਜਦੋਂ ਆਰਥਿਕ ਪੱਖੋਂ ਮਾਰ ਖਾਵੇ..! ਅਮੀਰਾਂ ਨੂੰ ਕਿਸੇ ਤੱਕ ਕੀ ਗੌਂਅ..? ਪੈਸਾ ਅੱਜ ਦੀ ਦੁਨੀਆਂ ਦਾ ਰੱਬ, ਪੈਸਾ ਖ਼ੈਰ-ਖ਼ੁਆਹ..! ਪੈਸਾ ਯਾਰ, ਪੈਸਾ ਮਿੱਤਰ..! ਕਿਸੇ ਦਾ ਕੋਈ

ਮੁਹਤਾਜ ਹੋਊ ਤਾਂ ਸਿਰਫ਼ ਨੰਗ..! ਇਹਨਾਂ ਨੂੰ ਕਿਸੇ ਗੋਚਰਾ ਹੋਣ ਦੀ ਕੀ ਲੋੜ...? ਨਾਲ਼ੇ ਪੈਸੇ ਵਾਲ਼ੇ ਨੂੰ ਕਿਸੇ ਨਾਲ਼ ਕੀ ਲਗਾਓ..?

ਰਾਤ ਟਿਕ ਗਈ ਸੀ।

ਸ਼ਾਹ ਜੀ, ਉਸ ਦੇ ਅੰਗ ਰੱਖਿਅਕ ਅਤੇ ਸਕੱਤਰ ਸਾਰੇ ਅਜੇ ਵੀ ਉਪਰ ਹੀ ਸਨ।

ਉਪਰ ਕੋਈ ਗੱਲ ਬਾਤ ਚੱਲ ਰਹੀ ਸੀ। ਸ਼ਾਇਦ ਬਿਜ਼ਨਸ ਦੇ ਸਬੰਧ ਵਿਚ ਕੋਈ ਮੀਟਿੰਗ ਹੋ ਰਹੀ ਸੀ..? ਪਰ ਅੰਗ ਰੱਖਿਅਕਾਂ ਦਾ ਬਿਜ਼ਨਸ ਨਾਲ਼ ਕੀ ਕੰਮ..? ਉਹਨਾਂ ਦਾ ਕੰਮ ਹੈ ਸ਼ਾਹ ਜੀ ਦੀ ਰਾਖੀ ਕਰਨਾ। ਉਸ ਦੀ ਬਿਰਤੀ ਬਾਡੀਗਾਰਡਾਂ ਦੀ ਪੈੜ ਚਾਲ ਨਾਲ਼ ਟੁੱਟੀ। ਉਹ ਲੜਾਕੇ ਜਹਾਜ ਵਾਂਗ ਥੱਲੇ ਉਤਰੇ ਸਨ ਅਤੇ ਨਾਲ਼ ਦੀ ਕੋਠੀ ਵਿਚ ਘੁਸ ਗਏ ਸਨ। ਸੀਤਲ ਦਾ ਦਿਲ ਧੜ੍ਹਕ ਨਹੀਂ, ਇਕ ਤਰ੍ਹਾਂ ਨਾਲ਼ ਫ਼ਟ ਰਿਹਾ ਸੀ..! ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੀਆਂ ਕੰਨਾਂ ਦੀਆਂ ਪੇਪੜੀਆਂ ਵਿਚੋਂ ਖ਼ੂਨ ਚੋਅ ਰਿਹਾ ਸੀ..!

-"ਇਹਨਾਂ ਨੂੰ ਕੀ ਹੋਇਐ..?" ਰਫ਼ੀਕਾ ਨੇ ਸੀਤਲ ਕੋਲ਼ ਆ ਕੇ ਹੈਰਾਨ ਹੁੰਦਿਆਂ ਪੁੱਛਿਆ।

-"ਰੱਬ ਜਾਣੇਂ..! ਕਿਤੇ ਸ਼ਾਹ ਜੀ ਨੂੰ ਤਾਂ ਨ੍ਹੀ ਕੁਛ ਹੋ ਗਿਆ..?"

-"ਸ਼ਾਹ ਜੀ ਨੂੰ ਤਾਂ ਕੀ ਹੋਣਾਂ ਸੀ..? ਪਰ ਕੋਈ ਗੱਲ ਜ਼ਰੂਰ ਐ..!" ਰਫ਼ੀਕਾ ਇਕ ਤਰ੍ਹਾਂ ਨਾਲ਼ ਥਿੜਕੀ ਖੜ੍ਹੀ ਸੀ।

ਰਾਤ ਅੱਧੀ ਹੋ ਕੇ ਪੂਰੀ ਟਿਕ ਗਈ ਸੀ।

ਰਫ਼ੀਕਾ ਅਤੇ ਸੀਤਲ ਹੋਰਾਂ ਦਾ ਮੂੰਹ ਉਦੋਂ ਹੈਰਾਨੀ ਵਿਚ ਅੱਡਿਆ ਗਿਆ, ਜਦੋਂ ਸ਼ਾਹ ਜੀ ਦੇ ਬਾਡੀਗਾਰਡਾਂ ਨੇ ਜ਼ਾਲਮ ਖ਼ਾਂ ਅਤੇ ਸਾਈਦਾ ਨੂੰ ਕੋਠੀ ਦੇ ਵਿਹੜੇ ਵਿਚ ਮੂਧੇ ਮੂੰਹ ਲਿਆ ਸੁੱਟਿਆ। ਉਹਨਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ ਅਤੇ ਜ਼ਾਲਮ ਖ਼ਾਂ ਦੇ ਸਿਰ ਵਿਚੋਂ ਬਿੱਲੀ ਦੀ ਪੂਛ ਵਰਗੀ ਖ਼ੂਨ ਦੀ ਧਾਰ ਵਗ ਰਹੀ ਸੀ। ਸਾਈਦਾ ਦਾ ਮੂੰਹ ਬੰਨ੍ਹਿਆਂ ਹੋਇਆ ਸੀ। ਸੀਤਲ ਅਤੇ ਰਫ਼ੀਕਾ ਡੁੱਬੀਆਂ ਅੱਖਾਂ ਨਾਲ਼ ਇਸ ਹੋਏ ਚਮਤਕਾਰ ਨੂੰ ਤੱਕ ਰਹੀਆਂ ਸਨ। ਜ਼ਾਲਮ ਖ਼ਾਂ ਸਿਰ ਚੁੱਕ ਕੇ ਕੁਝ ਬੋਲਣ ਹੀ ਲੱਗਿਆ ਸੀ ਕਿ ਸ਼ਾਹ ਜੀ ਦੇ ਇਕ ਅੰਗ ਰੱਖਿਅਕ ਨੇ ਏ. ਕੇ. ਸੰਤਾਲ਼ੀ ਦਾ ਬੱਟ ਮਾਰਿਆ। ਜ਼ਾਲਮ ਖ਼ਾਂ ਦੀ ਬੂਥ ਗੱਡੀ ਗਈ।

ਸ਼ਾਹ ਜੀ ਪੌੜੀਆਂ ਉਤਰੇ ਆ ਰਹੇ ਸਨ। ਦੋ ਹਥਿਆਰਬੰਦ ਅੰਗ ਰੱਖਿਅਕ ਉਹਨਾਂ ਦੇ ਪਿੱਛੇ ਕੰਧ ਬਣੇ ਖੜ੍ਹੇ ਸਨ।

-"ਇਹਨਾਂ ਹਰਾਮ ਯੱਧਿਆਂ ਨੂੰ ਮੇਰੀਆਂ ਨਜ਼ਰਾਂ ਤੋਂ ਦੂਰ ਲੈ ਜਾਵੋ..!" ਸ਼ਾਹ ਜੀ ਨੇ ਨਾਲ਼ ਆਏ ਓਪਰੇ ਜਿਹੇ ਬੰਦਿਆਂ ਨੂੰ ਹੱਥ ਦਾ ਇਸ਼ਾਰਾ ਕੀਤਾ।

ਸ਼ਾਹ ਜੀ ਦਾ ਇਸ਼ਾਰਾ ਹੁੰਦਿਆਂ ਹੀ ਉਹਨਾਂ ਓਪਰੇ ਜਿਹੇ ਬੰਦਿਆਂ ਨੇ ਜ਼ਾਲਮ ਖ਼ਾਂ ਅਤੇ ਸਾਈਦਾ ਨੂੰ ਖਲ਼ ਦੀ ਬੋਰੀ ਵਾਂਗ ਗੱਡੀ ਵਿਚ ਸੁੱਟ ਲਿਆ ਗਿਆ ਅਤੇ ਗੱਡੀ ਪਤਾ ਨਹੀਂ ਕਿੱਧਰ ਅਲੋਪ ਹੋ ਗਈ...!

-"ਹਾਂ ਰਫ਼ੀਕਾ..! ਤੇਰਾ ਕੀ ਖ਼ਿਆਲ ਈ...?" ਸ਼ਾਹ ਜੀ ਨੇ ਕੌੜਾ ਜਿਹਾ ਮੁਸਕਰਾ ਕੇ ਪੁੱਛਿਆ।

-"ਨਹੀਂ ਸ਼ਾਹ ਜੀ..!" ਸੀਤਲ ਰਫ਼ੀਕਾ ਦੇ ਅੱਗੇ ਆ ਕੇ ਤਣ ਗਈ, "ਇਹ ਤਾਂ ਆਪ ਮੇਰੇ ਵਾਂਗੂੰ ਮਜਬੂਰੀ 'ਚ ਫ਼ਸੀ ਹੋਈ ਐ..! ਇਹ ਵੀ ਸਿੱਖਾਂ ਦੀ ਈ ਕੁੜੀ ਐ..! ਇਹਨੇ ਮੇਰੀ ਬਹੁਤ ਮੱਦਦ ਕੀਤੀ..! ਇਸ ਨੂੰ ਕੁਛ ਨਾ ਆਖਿਓ, ਇਹਦਾ ਵੀ ਖਹਿੜ੍ਹਾ ਛੁਡਾਓ, ਮੇਰੀ ਬੇਨਤੀ ਐ..!"

-"ਇਹ ਸਿੱਖਾਂ ਦੀ ਕੁੜੀ ਏ..? ਤੇ ਨਾਂ ਰਫ਼ੀਕਾ..?"

-"ਕੀ ਦੱਸਾਂ ਸ਼ਾਹ ਜੀ, ਚੋਰ ਦੀ ਮਾਂ ਤੇ ਕੋਠੀ 'ਚ ਮੂੰਹ..! ਇਹਨਾਂ ਬਦਜ਼ਾਤਾਂ ਨੇ ਮੇਰਾ ਮਜ਼੍ਹਬ ਤਬਦੀਲ ਕਰਵਾ ਦਿੱਤਾ ਸੀ, ਧੱਕੇ ਨਾਲ਼..! ਤੇ ਮਜ਼੍ਹਬ ਬਦਲੀ ਕਰਵਾਉਣ ਤੋਂ ਬਾਅਦ ਇਹਨਾਂ ਨੇ ਮੇਰਾ ਨਾਂ ਵੀ ਰਫ਼ੀਕਾ ਈ ਰੱਖ ਦਿੱਤਾ..! ਅਸਲ ਨਾਮ ਤੇ ਮੇਰਾ ਰਵਿੰਦਰ ਏ..! ਦਿੱਲੀ ਦੰਗਿਆਂ 'ਚ ਘਰ ਉਜੜਿਆ, ਕਿਸੇ ਰਿਸ਼ਤੇਦਾਰ ਨੇ ਗੱਲਾਂ ਦੇ ਸਬਜ਼ਬਾਗ ਦਿਖਾ ਕੇ ਇੰਗਲੈਂਡ ਵਾੜ ਦਿੱਤਾ..! ਇੰਗਲੈਂਡ ਦੀ ਆੜ 'ਚ

ਮੇਰਾ ਸ਼ੋਸ਼ਣ ਕੀਤਾ...!"

-"ਯਾ ਮੌਲਾ-ਏ ਪਰਵਰ ਦਿਗ਼ਾਰ..! ਇਹ ਲੋਕ ਬੁਰਾਈ ਦਾ ਬੂਟਾ ਲਾਉਣ ਲੱਗੇ ਕਿਉਂ ਨਹੀਂ ਸੋਚਦੇ..? ਜ਼ਬਰੀ ਕਿਸੇ ਦਾ ਮਜ਼ਹਬ ਤਬਦੀਲ ਕਰਨਾ ਕਿੱਧਰਲਾ ਇਨਸਾਫ਼ ਏ..?" ਸ਼ਾਹ ਜੀ ਨੇ ਅਸਮਾਨ ਵੱਲ ਹੱਥ ਖੋਲ੍ਹ ਕੇ ਪੁੱਛਿਆ।

ਰਫ਼ੀਕਾ ਅਤੇ ਸੀਤਲ ਨੂੰ ਸ਼ਾਹ ਜੀ ਨੇ ਕਲ਼ਾਵੇ ਵਿਚ ਲੈ ਲਿਆ।

-"ਚਲੋ ਬੈਠੋ ਗੱਡੀਆਂ ਵਿਚ..! ਐਥੇ ਹੋਰ ਰਹਿਣਾਂ ਠੀਕ ਨਹੀਂ..! ਬਾਕੀ ਸੂਅਰ ਦੇ ਪੁੱਤਰਾਂ ਨਾਲ਼ ਮੈਂ ਕੱਲ੍ਹ ਪਿਆ ਸਿੱਝਾਂਗਾ..!"

ਉਹ ਸ਼ਾਹ ਜੀ ਨਾਲ਼ ਕਾਰ ਵਿਚ ਬੈਠ ਗਈਆਂ।

ਕਾਰਾਂ ਦਾ ਕਾਫ਼ਲਾ ਤੁਰ ਪਿਆ।

ਸਵੇਰ ਤਿੰਨ ਵਜੇ ਉਹ ਇਕ ਹੋਰ ਆਲੀਸ਼ਾਨ ਕੋਠੀ ਵਿਚ ਆ ਉਤਰੇ।

ਸੀਤਲ ਅਤੇ ਰਫ਼ੀਕਾ ਖ਼ੁਸ਼ ਸਨ। ਨੀਂਦ ਉਹਨਾਂ ਦੇ ਨੇੜੇ ਤੇੜੇ ਵੀ ਨਹੀਂ ਢੁੱਕੀ ਸੀ।

ਸੀਤਲ ਦੇ ਕੋਈ ਗੱਲ ਸੁਣਾਉਣ ਬਾਰੇ ਆਖਣ 'ਤੇ ਰਫ਼ੀਕਾ ਨੇ ਆਪਣੀ ਗੱਲ ਸ਼ੁਰੂ ਕੀਤੀ।

-"ਦੀਨ ਦੁਨੀਆਂ ਬਾਪੂ ਨੇ ਦੇਖਣ ਨਹੀਂ ਸੀ ਦਿੱਤੀ ਸੀਤਲ, ਸ਼ਾਇਦ ਇਸ ਕਰਕੇ ਈ ਮੈਂ ਐਨਾਂ ਸੰਤਾਪ ਭੋਗਿਐ..!"

ਸੀਤਲ ਨੇ ਚੁੱਪ ਅਤੇ ਘੋਖ਼ ਭਰੀਆਂ ਅੱਖਾਂ ਉਪਰ ਚੁੱਕੀਆਂ ਤਾਂ ਰਫ਼ੀਕਾ ਨੇ ਗੱਲ ਅੱਗੇ ਤੋਰੀ।

-"ਕਾਫ਼ੀ ਦੇਰ ਦੀ ਮੈਂ ਇਹ ਗੱਲਾਂ ਕਿਸੇ ਨਾਲ਼ ਸਾਂਝੀਆਂ ਕਰਨ ਬਾਰੇ ਸੋਚ ਰਹੀ ਸੀ, ਪਰ ਕਿਤੇ ਮੌਕਾ ਈ ਨ੍ਹੀ ਸੀ ਮਿਲ਼ਿਆ ਆਪਣੇ ਦੁੱਖ ਫ਼ਰੋਲਣ ਦਾ...! ਲੋਕਾਂ ਨੂੰ ਖ਼ੁਸ਼ ਕਰਨ ਤੋਂ ਬਿਨਾਂ, ਜਾਂ ਦੱਲਿਆਂ ਦੇ ਛਿੱਤਰ ਖਾਣ ਤੋਂ ਬਿਨਾਂ ਸਾਨੂੰ ਵੇਹਲ ਹੈ ਵੀ ਕਿੱਥੇ ਸੀ..? ਪਰ ਅਜਿਹੀ ਕੋਈ ਖ਼ਾਸ ਗੱਲ ਵੀ ਨਹੀਂ, ਪਰ ਇਕ ਸ਼ਰਮਿੰਦਗੀ ਜ਼ਰੂਰ ਐ, ਤੂੰ ਆਖੇਂਗੀ ਕਿ ਐਨੀ ਵੱਡੀ ਹੋ ਕੇ ਤੈਨੂੰ ਇਹਨਾਂ ਗੱਲਾਂ ਦਾ ਨਹੀਂ ਸੀ ਪਤਾ..? ਮੈਂ ਤਾਂ ਇਹ ਹੀ ਕਹੂੰਗੀ ਕਿ ਕਦੇ ਇਹਨਾਂ ਨਜਾਇਜ਼ ਸਬੰਧਾਂ, ਕੰਜਰਖ਼ਾਨਿਆਂ ਤੇ ਖ਼ੁਦਗਰਜ਼ ਰਿਸ਼ਤਿਆਂ, ਆਦਮੀ ਦਾ ਖ਼ੂਨ ਪੀਣੀਆਂ ਜੋਕਾਂ ਬਾਰੇ ਮੈਂ ਕਦੇ ਕਹਾਣੀਆਂ ਨਾਵਲਾਂ ਵਿਚ ਪੜ੍ਹਦੀ ਸੁਣਦੀ ਹੁੰਦੀ ਸੀ, ਮੈਂ ਇਹ ਹੀ ਸਮਝਦੀ ਸੀ ਕਿ ਇਹ ਤਾਂ ਸਿਰਫ਼ ਕਲਪਤ ਗੱਲਾਂ ਨੇ, ਤੇ ਲੋਕ ਐਵੇਂ ਝੂਠ ਬੋਲਦੇ ਨੇ..! ਤੈਨੂੰ ਪਤਾ ਹੀ ਐ ਬਈ ਅਸੀਂ ਦੋ ਭੈਣਾਂ ਤੇ ਸਾਡੇ ਤਿੰਨ ਭਰਾ ਸੀ, ਉਹਨਾਂ ਦੀ ਮੌਤ ਹੋ ਗਈ ਸੀ, ਦਿੱਲੀ ਦੰਗਿਆਂ ਬਾਰੇ ਤੈਨੂੰ ਦੱਸਿਆ ਈ ਸੀ, ਤੈਨੂੰ ਪਤਾ ਈ ਐ..! ਮੈਂ ਸਭ ਤੋਂ ਵੱਡੀ ਸੀ, ਨਾਂ ਤਾਂ ਕੋਈ ਵੱਡਾ ਭੈਣ ਭਰਾ ਤੇ ਨਾ ਹੀ ਕੋਈ ਭਾਬੀ..! ਨਾ ਹੀ ਮੇਰੇ ਮਾਂ ਬਾਪ ਸਕੂਲ ਤੋਂ ਬਾਅਦ ਕਿਤੇ ਆਉਣ ਜਾਣ ਦਿੰਦੇ ਸੀ..! ਬੱਸ ਸਕੂਲ ਵਿਚ ਵੀ ਮੇਰੀਆਂ ਮੇਰੇ ਵਰਗੀਆਂ ਸਹੇਲੀਆਂ ਸੀਗੀਆਂ..! ਮੈਂ ਆਪਣੇ ਮਾਂ ਬਾਪ ਤੋਂ ਬਹੁਤ ਡਰਦੀ ਹੁੰਦੀ ਸੀ, ਤੂੰ ਮੈਨੂੰ ਡਰਪੋਕ ਵੀ ਆਖ ਸਕਦੀ ਐਂ..! ਬੱਸ ਇਕ ਦਬ ਦਬਾ ਜਿਆ ਬਣਿਆਂ ਹੋਇਆ ਸੀ, ਨਾਨਕਿਆਂ ਦਾ, ਤਾਇਆਂ ਚਾਚਿਆਂ ਦਾ, ਸਭ ਰਿਸ਼ਤੇਦਾਰਾਂ ਦਾ ਦਬਦਬਾ...! ਤੂੰ ਸਮਝ ਲੈ ਕਿ ਕਦੇ ਕਿਸੇ ਨਾਲ਼ ਖੁੱਲ੍ਹੀ ਗੱਲ ਕਰਨ ਦਾ ਕੋਈ ਮੌਕਾ ਹੀ ਨਹੀਂ ਸੀ ਮਿਲ਼ਿਆ..! ਮੇਰੇ ਪਾਪਾ ਅਖ਼ਬਾਰ ਰਸਾਲੇ ਤੇ ਕਿਤਾਬਾਂ ਪੜ੍ਹਦੇ ਹੁੰਦੇ ਸੀ, ਸਾਨੂੰ ਵੀ ਘਰ ਵਿਚ ਕੌਮਿਕਸ, ਚੰਦਾ ਮਾਮਾ ਅਤੇ ਹੋਰ ਕਹਾਣੀਆਂ ਦੀਆਂ ਕਿਤਾਬਾਂ ਲਿਆ ਕੇ ਪੜ੍ਹਨ ਲਈ ਦਿੰਦੇ ਹੁੰਦੇ ਸੀ! ਕਿਤਾਬਾਂ ਰਸਾਲਿਆਂ ਦੀ ਪੜ੍ਹਾਈ ਨਾਲ਼ ਸਾਡੀ ਸਾਂਝ ਮੇਰੇ ਪਾਪਾ ਨੇ ਪੁਆਈ! ਸੋ ਅਸੀਂ ਕਿਤਾਬਾਂ ਨਾਲ਼ ਦਿਲ ਲਾਈ ਰੱਖਦੇ, ਜਾਂ ਫਿਰ ਘਰ ਵਿਚ ਹੀ ਪਾਪਾ ਨਾਲ਼ ਤਾਸ਼, ਬੈਡਮੈਂਟਨ, ਗੁੱਲੀ ਡੰਡਾ, ਬੰਟੇ ਖੇਡਦੇ ਹੁੰਦੇ ਸੀ..! ਮੇਰੇ ਕਹਿਣ ਦਾ ਮਤਲਬ ਇਹ ਐ ਕਿ ਬਾਹਰਲੀ ਦੁਨੀਆਂ ਨਾਲ਼ ਸਾਡਾ ਵਾਹ ਵਾਸਤਾ ਘੱਟ ਹੀ ਪਿਆ..! ਜਿੱਥੇ ਵੀ ਗਏ ਜਾਂ ਰਹੇ, ਹਮੇਸ਼ਾ ਮਾਂ ਬਾਪ ਜਾਂ ਰਿਸ਼ਤੇਦਾਰਾਂ ਦੀ ਨਿਗਰਾਨੀ ਹੇਠ ਹੀ ਦਿਨ ਕਟੀ ਕੀਤੀ, ਜਿਵੇਂ ਕੋਈ ਮੁਜ਼ਰਮ ਹੋਈਏ..! ਜਦੋਂ ਮੈਂ ਅੱਜ ਇਹ ਗੱਲਾਂ ਸੋਚਦੀ ਹਾਂ ਤਾਂ ਮੈਨੂੰ ਬਹੁਤ ਗੁੱਸਾ ਆਉਂਦੈ ਕਿ ਬੱਚਿਆਂ ਨੂੰ ਚੰਗੀਆਂ ਮਾੜੀਆਂ ਗੱਲਾਂ ਦਾ ਪਤਾ ਲੱਗਣਾਂ ਚਾਹੀਦੈ..! ਅੱਗੇ ਵੀ ਗਰਲਜ਼ ਕਾਲਜ 'ਚ ਪੜ੍ਹੀ, ਤੂੰ ਸਮਝ ਈ ਸਕਦੀਂ ਐਂ-!"

-"ਮੇਰੇ ਰਿਸ਼ਤੇਦਾਰਾਂ ਦੀਆਂ ਤਕਰੀਬਨ ਸਾਰੀਆਂ ਕੁੜੀਆਂ ਵੀ ਮੇਰੇ ਆਲ਼ੇ ਕਾਲਜ 'ਚ ਪੜ੍ਹਦੀਆਂ ਸੀ..! ਸ਼ਰਮ ਤਾਂ ਮੈਨੂੰ ਇਹ ਸੋਚ ਕੇ ਆਉਂਦੀ ਐ ਕਿ ਮੈਂ ਤੇਰੇ ਨਾਲ਼ੋਂ ਕਿੰਨੀ ਵੱਡੀ ਐਂ, ਤੈਨੂੰ ਕੀ ਕੁਛ ਪਤੈ ਤੇ ਮੈਨੂੰ ਮੇਰੇ ਨਾਲ਼ ਬਲਾਤਕਾਰ ਹੋਣ ਤੱਕ ਜ਼ਿੰਦਗੀ ਦਾ ਕੱਖ ਵੀ ਪਤਾ ਨਹੀਂ ਸੀ..! ਮੈਂ ਸਹੁੰ ਖਾ ਕੇ ਆਖਦੀ ਆਂ ਕਿ ਇੰਗਲੈਂਡ ਆਉਣ ਤੱਕ ਇਹਨਾਂ ਗੱਲਾਂ ਦਾ ਪਤਾ ਨਹੀਂ ਸੀ, ਤੇ ਇਹਨਾਂ ਗੱਲਾਂ ਨੂੰ ਮੈਂ ਝੂਠ ਹੀ ਸਮਝਦੀ ਰਹੀ..! ਸੋਚਦੀ ਸੀ ਕਿ ਇਹ ਸਿਰਫ਼ ਸ਼ੈਤਾਨ ਲੋਕਾਂ ਦੇ ਦਿਮਾਗ ਦੀ ਹੀ ਕਾਢ ਹੈ..! ਮੈਂ ਕਦੇ ਸੋਚ ਵੀ ਨਹੀਂ ਸਕਦੀ ਸੀ ਕਿ ਇਹ ਗੱਲਾਂ ਸਾਡੇ ਪਿੰਡਾਂ, ਸ਼ਹਿਰਾਂ ਜਾਂ ਸਮਾਜ ਵਿਚ ਵੀ ਵਾਪਰ ਸਕਦੀਆਂ ਨੇ...? ਸੋਚਦੀ ਸੀ ਕਿ ਪਿੰਡਾਂ ਦੇ ਲੋਕ ਬੜੇ ਸਤਯੁਗੀ, ਭੋਲ਼ੇ ਅਤੇ ਇਮਾਨਦਾਰ ਹੁੰਦੇ ਨੇ..! ਪਰ ਹੁਣ ਮੈਨੂੰ ਵੀ ਪਤਾ ਲੱਗ ਗਿਆ ਕਿ ਮੈਂ ਕਿੰਨੀ ਗਲਤ ਸੀ ਤੇ ਕਿੰਨਾਂ ਗਲਤ ਸੋਚ ਰਹੀ ਸੀ..! ਇਹ ਨਹੀਂ ਕਿ ਮੈਂ ਸ਼ਹਿਰ 'ਚ ਪਲ਼ੀ ਹੋਣ ਕਾਰਨ ਕਦੇ ਪਿੰਡ ਦੇਖੇ ਨਹੀਂ, ਜਾਂ ਕਦੇ ਪਿੰਡ 'ਚ ਗਈ ਨਹੀਂ..? ਬਹੁਤ ਨਜ਼ਰਸਾਨੀ ਕੀਤੀ ਪਿੰਡਾਂ ਦੀ..! ਪਰ ਮੈਨੂੰ ਕੁਛ ਵੀ ਯਾਦ ਨਹੀਂ, ਸਿਵਾਏ ਇਕ ਘਟਨਾ ਦੇ ਕਿ ਇਹੋ ਜਿਹੇ ਦੁਸ਼ਟ ਲੋਕ ਵੀ ਹੁੰਦੇ ਐ..? ਹਲਕੀ ਜਿਹੀ ਯਾਦ ਹੈ ਕਿ ਮੇਰੇ ਨਾਨਕੇ ਪਿੰਡ ਇਕ ਨੂੰਹ ਬਾਰੇ ਕਹਿੰਦੇ ਹੁੰਦੇ ਸੀ ਕਿ ਉਸ ਦੇ ਕਿਸੇ ਹੋਰ ਬੰਦੇ ਨਾਲ਼ ਨਜਾਇਜ਼ ਸਬੰਧ ਨੇ, ਪਰ ਮੈਂ ਸੋਚਦੀ ਸੀ ਕਿ ਉਹ ਜੁਆਨ ਵਿਧਵਾ ਹੈ, ਇਸ ਕਰਕੇ ਲੋਕ ਐਵੇਂ ਵਿਹਲੇ ਬੈਠ ਕੇ ਝੂਠੀਆਂ ਗੱਲਾਂ ਕਰਦੇ ਨੇ..! ਤੇ ਜਦੋਂ ਜ਼ਿੰਦਗੀ 'ਚ ਪਤਾ ਲੱਗਣ 'ਤੇ ਆਇਆ, ਤਾਂ ਕਸਰ ਹੀ ਕੋਈ ਨਹੀਂ ਰਹੀ, ਵੇਸਵਾ ਬਣਾਂ ਦਿੱਤੀ ਗਈ..! ਮੇਰੀ ਜ਼ਿੰਦਗੀ ਤਾਂ ਧੱਕੇ ਧੋੜ੍ਹੇ ਖਾਂਦੀ ਦੀ ਲੰਘ ਜਾਣੀ ਐਂ..!" ਰਫ਼ੀਕਾ ਰੋਣ ਲੱਗ ਪਈ। ਸੀਤਲ ਨੇ ਉਸ ਨੂੰ ਬੁੱਕਲ਼ ਵਿਚ ਲੈ ਲਿਆ ਅਤੇ ਉਸ ਨੇ ਫਿਰ ਦਿਲ ਕਰੜਾ ਕਰਕੇ ਅੱਗੇ ਕਹਿਣਾਂ ਸ਼ੁਰੂ ਕੀਤਾ, "ਲੁਕਾਉਣ ਵਾਲ਼ੀ ਤਾਂ ਕੋਈ ਗੱਲ ਰਹੀ ਈ ਨਹੀਂ, ਬੱਸ ਹੁਣ ਇਕ ਮਿਹਰਬਾਨੀ ਕਰੀਂ..! ਤੈਨੂੰ ਮੇਰੇ ਬਾਰੇ ਬਹੁਤ ਕੁਛ ਪਤਾ ਚੱਲ ਗਿਐ, ਮੇਰੇ ਦੁਖਾਂਤ ਬਾਰੇ ਕਿਸੇ ਨੂੰ ਨਾ ਦੱਸੀਂ..! ਕਿਉਂਕਿ ਜੋ ਮਰਜ਼ੀ ਐ ਕਹਿ ਲੈ, ਆਪਣੇ ਲੋਕ ਅਜੇ ਐਨੇ ਅਗਾਂਹਵਧੂ ਨਹੀਂ ਹੋਏ ਕਿ ਅਜਿਹੇ ਰਿਸ਼ਤਿਆਂ ਨੂੰ ਜਾਂ ਕਿਸੇ ਦੇ ਮੰਦੇ ਹਾਲਾਤਾਂ ਨੂੰ, ਜਾਂ ਮਜਬੂਰੀ ਨੂੰ ਸਮਝ ਸਕਣ..! ਜਾਂ ਫਿਰ ਔਰਤ ਮਰਦ ਦੀ ਦੋਸਤੀ ਨੂੰ ਪ੍ਰਵਾਨ ਕਰ ਸਕਣ...!"

ਰਫ਼ੀਕਾ ਰੋਈ ਜਾ ਰਹੀ ਸੀ।

ਕਿਸੇ ਲੰਬੀ ਕਾਰਵਾਈ ਤੋਂ ਬਾਅਦ ਸ਼ਾਹ ਜੀ ਆ ਗਏ!

-"ਹੁਣ ਤੂੰ ਰਫ਼ੀਕਾ ਨਹੀਂ, ਰਵਿੰਦਰ ਏਂ..!" ਉਸ ਨੇ ਰਵਿੰਦਰ ਦੇ ਸਿਰ 'ਤੇ ਹੱਥ ਰੱਖਿਆ।

ਰਵਿੰਦਰ ਨੇ ਸ਼ੁਕਰਾਨੇ ਭਰੀਆਂ ਅੱਖਾਂ ਨਾਲ਼ ਸਤਯੁੱਗੀ ਸ਼ਾਹ ਜੀ ਵੱਲ ਤੱਕਿਆ।

ਸ਼ਾਹ ਜੀ ਵਿਚੋਂ ਉਸ ਨੂੰ ਕੋਈ ਫ਼ਰਿਸ਼ਤਾ ਹੀ ਤਾਂ ਨਜ਼ਰ ਆਇਆ ਸੀ।

ਉਹ ਉਠ ਕੇ ਸ਼ਾਹ ਜੀ ਦੇ ਪੈਰਾਂ 'ਤੇ ਢੇਰੀ ਹੋ ਗਈ।

-"ਉਹ ਕਮਲੀਏ, ਕੀ ਕਰਨ ਡਹੀ ਏਂ..?" ਸ਼ਾਹ ਜੀ ਨੇ ਉਸ ਦੇ ਹੱਥ ਬੋਚ ਲਏ।

ਰਵਿੰਦਰ ਦਾ ਫਿਰ ਰੋਣ ਨਿਕਲ਼ ਗਿਆ। ਸ਼ਾਹ ਜੀ ਨੇ ਉਸ ਦੇ ਹੰਝੂ ਪੂੰਝ ਦਿੱਤੇ। ਸੀਤਲ ਵੀ ਕੋਲ਼ ਮਸੋਸੀ ਜਿਹੀ ਬੈਠੀ ਸੀ।

-"ਸਾਰਾ ਪ੍ਰਬੰਧ ਹੋ ਗਿਆ ਐ, ਕੱਲ੍ਹ ਤੁਹਾਨੂੰ ਬ੍ਰਿਟਿਸ਼ ਹਾਈ ਕਮਿਸ਼ਨ ਕੋਲ਼ ਪਹੁੰਚਾ ਦਿੱਤਾ ਜਾਵੇਗਾ..! ਉਹ ਤੁਹਾਨੂੰ ਅੱਗੇ ਪਹੁੰਚਾਣ ਦਾ ਪ੍ਰਬੰਧ ਕਰਨਗੇ..!" ਸ਼ਾਹ ਜੀ ਨੇ ਖ਼ੁਸ਼ੀ ਭਰੀ ਨਵੀਂ ਖ਼ਬਰ ਦਿੱਤੀ।

ਸੀਤਲ ਦੇ ਮਨ ਅੰਦਰ ਖ਼ੁਸ਼ੀ ਦੀਆਂ ਘੰਟੀਆਂ ਖੜਕੀਆਂ।

-"ਸੀਤਲ ਤਾਂ ਚਲੀ ਜਾਊਗੀ ਸ਼ਾਹ ਜੀ, ਕਿਉਂਕਿ ਇਹਦੇ ਕੋਲ਼ ਬ੍ਰਿਟਿਸ਼ ਪਾਸਪੋਰਟ ਐ, ਪਰ ਮੈਂ..?" ਰਵਿੰਦਰ ਅੱਗੇ ਇਕ ਪਰਬਤ ਵਰਗੀ ਔਕੜ ਸੀ।

-"ਫ਼ਿਕਰ ਨਾ ਕਰ ਕੁੜੀਏ..! ਤੇਰਾ ਵੀਜ਼ਾ ਵੀ ਮੈਂ ਲੁਆ ਕੇ ਟੋਰਾਂਗਾ..! ਸ਼ਾਹ ਜੀ ਕਿਸ ਸ਼ੈਅ ਦਾ ਨਾਮ ਈ..? ਸ਼ਾਹ ਕਾਹਦੇ ਵਾਸਤੇ ਬੈਠਾ ਈ..? ਜਦ ਮੈਂ ਤੁਸਾਂ ਦੀ ਬਾਂਹ ਫੜੀ ਜੇ, ਪਾਰ ਲਾ ਕੇ ਪਿਆ ਛੋੜਾਂਗਾ, ਕਿਸੇ ਗੱਲ ਦੀ ਚਿੰਤਾ ਨਹੀਂ ਜੇ ਕਰਨੀ..! ਜਾਓ ਖਾਣਾਂ ਲੱਗ ਗਿਆ ਈ, ਖਾਣਾਂ ਖਾ ਲਓ.!"

ਉਹ ਖਾਣਾਂ ਖਾਣ ਲਈ ਉਠ ਖੜ੍ਹੀਆਂ ਹੋਈਆਂ। ਸ਼ਾਹ ਜੀ ਉਹਨਾਂ ਨੂੰ ਅਗਵਾਈ ਦਿੰਦੇ ਅੱਗੇ ਲੱਗ ਤੁਰੇ।

## ਕਾਂਡ 20

ਸ਼ਾਹ ਜੀ ਨੇ ਸਾਰੀ ਗੱਲ ਬ੍ਰਿਟਿਸ਼ ਹਾਈ ਕਮਿਸ਼ਨ ਨਾਲ਼ ਮਿਥੀ ਹੋਈ ਸੀ।

ਅਗਲੇ ਦਿਨ ਉਸ ਨੇ ਰਵਿੰਦਰ ਅਤੇ ਸੀਤਲ ਨੂੰ ਹਾਈ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਅਤੇ ਉਹਨਾਂ ਨੂੰ ਇੰਗਲੈਂਡ ਆ ਕੇ ਮਿਲਣ ਦਾ ਵਾਅਦਾ ਵੀ ਦਿੱਤਾ। ਹਾਈ ਕਮਿਸ਼ਨ ਨੇ ਰਵਿੰਦਰ ਦੀ ਸਪੌਂਸਰਸ਼ਿੱਪ ਮੰਗੀ, ਤਾਂ ਸ਼ਾਹ ਜੀ ਨੇ ਲੋੜੀਂਦੇ ਕਾਗਜ਼ਾਂ 'ਤੇ ਦਸਤਖ਼ਤ ਕਰ ਦਿੱਤੇ। ਸ਼ਾਹ ਜੀ ਨੇ ਉਸ ਨੂੰ ਆਪਣੀ ਫ਼ਰਮ ਵਿਚ ਕੰਮ ਦੇਣ ਦੀ ਪੇਸ਼ਕਸ਼ ਕਰ ਦਿੱਤੀ ਅਤੇ ਇਕ 'ਕਾਂਨਟਰੈਕਟ' 'ਤੇ ਦਸਤਖ਼ਤ ਕਰ ਦਿੱਤੇ! ਇਸਲਾਮਾਬਾਦ ਦੇ ਪੁਲੀਸ ਮੁਖੀ ਨੇ ਬ੍ਰਿਟਿਸ਼ ਹਾਈ ਕਮਿਸ਼ਨਰ ਦੀ ਮੌਜੂਦਗੀ ਵਿਚ ਸੀਤਲ ਅਤੇ ਰਵਿੰਦਰ ਦੀ ਸਟੇਟਮੈਂਟ ਲਈ। ਬਿਆਨਾਂ ਦੇ ਆਧਾਰ 'ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਆਰੰਭੀ ਜਾਣੀ ਸੀ। ਬਾਹਰਲੇ ਦੇਸ਼ਾਂ ਵਿਚੋਂ ਪਾਕਿਸਤਾਨ ਲਿਆ ਕੇ, ਉਹਨਾਂ ਤੋਂ ਧੰਦਾ ਕਰਵਾਉਣ ਵਾਲ਼ੇ ਇਕ ਗੈਂਗ ਦਾ ਪਰਦਾਫ਼ਾਸ਼ ਹੋ ਚੁੱਕਾ ਸੀ। ਹੈਦਰ, ਖ਼ਾਨ ਅਤੇ ਇਮਰਾਨ ਖ਼ਿਲਾਫ਼ ਕੇਸ ਦਰਜ਼ ਕੀਤਾ ਜਾ ਚੁੱਕਾ ਸੀ। ਸਾਈਦਾ ਅਤੇ ਜ਼ਾਲਮ ਖ਼ਾਂ ਪਹਿਲਾਂ ਹੀ ਹਿਰਾਸਤ ਵਿਚ ਸਨ। ਉਹਨਾਂ ਦੀਆਂ ਗਵਾਹੀਆਂ ਪੁਆਈਆਂ ਜਾ ਚੁੱਕੀਆਂ ਸਨ। ਹੈਦਰ, ਖ਼ਾਨ ਅਤੇ ਇਮਰਾਨ ਦੀ ਗ੍ਰਿਫ਼ਤਾਰੀ ਦੇ ਵਾਰੰਟ ਲੈ ਕੇ ਇਕ ਵਿਸ਼ੇਸ਼ ਪੁਲੀਸ ਦਸਤਾ ਹਾਈ ਕਮਿਸ਼ਨ ਦੀ ਹਮਾਇਤ ਨਾਲ਼ ਇੰਗਲੈਂਡ ਰਵਾਨਾਂ ਹੋ ਗਿਆ ਸੀ।

ਹਾਈ ਕਮਿਸ਼ਨਰ ਨੇ ਸੀਤਲ ਦਾ ਨਾਂ ਅਤੇ ਬਾਕੀ ਨਿੱਜੀ ਵੇਰਵਾ ਲੈ ਕੇ ਨਵੇਂ ਪਾਸਪੋਰਟ ਜਾਰੀ ਕਰਨ ਲਈ ਫ਼ਾਈਲ ਤਿਆਰ ਕਰਵਾਉਣੀ ਸ਼ੁਰੂ ਕਰ ਦਿੱਤੀ। ਮੰਤਰਾਲੇ ਨਾਲ਼ ਈ-ਮੇਲਾਂ ਅਤੇ ਫ਼ੈਕਸਾਂ ਦਾ ਅਦਾਨ-ਪ੍ਰਦਾਨ ਜੰਗੀ ਪੱਧਰ 'ਤੇ ਜਾਰੀ ਸੀ। ਪਰ ਇਸ ਗੱਲ ਦਾ 'ਪ੍ਰੈੱਸ' ਕੋਲ਼ ਭੋਗ ਨਹੀਂ ਪਾਇਆ ਗਿਆ

ਸੀ, ਕਿਉਂਕਿ ਹਾਈ ਕਮਿਸ਼ਨਰ ਅਤੇ ਹੋਰ ਅਫ਼ਸਰਾਂ ਦਾ ਵਿਚਾਰ ਸੀ ਕਿ ਪ੍ਰੈੱਸ ਵਿਚ ਖ਼ਬਰ ਨਸ਼ਰ ਹੋਣ 'ਤੇ ਦੋਸ਼ੀ ਗ੍ਰਿਫ਼ਤਾਰੀ ਤੋਂ ਬਚਣ ਲਈ ਕਿਤੇ ਤਿਲ੍ਹਕ ਸਕਦੇ ਹਨ ਅਤੇ ਫਿਰ ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਔਖਾ ਹੋ ਜਾਣਾਂ ਸੀ।

ਰਵਿੰਦਰ ਦਾ ਪਾਸਪੋਰਟ ਭਾਰਤੀ ਦੂਤਘਰ ਤੋਂ ਜਾਰੀ ਕਰਵਾਇਆ ਜਾਣਾਂ ਸੀ। ਸ਼ਾਹ ਜੀ ਦੇ ਬੰਦੇ ਰਵਿੰਦਰ ਦੀ ਹਰ ਸੰਭਵ ਮੱਦਦ ਕਰ ਰਹੇ ਸਨ।

ਅੰਬੈਸੀ ਵਿਚ ਫ਼ਾਈਲ ਜਮ੍ਹਾਂ ਕਰਵਾਉਣ ਤੋਂ ਬਾਅਦ ਬ੍ਰਿਟਿਸ਼ ਹਾਈ ਕਮਿਸ਼ਨਰ ਸੀਤਲ ਕੋਲ਼ ਆਇਆ।

-"ਜੇ ਤੁਸੀਂ ਚਾਹੋਂ ਤਾਂ ਅਸੀਂ ਮੰਤਰਾਲੇ ਰਾਹੀਂ ਤੁਹਾਡੇ ਮਾਂ ਬਾਪ ਨੂੰ ਸੂਚਨਾਂ ਦੇ ਸਕਦੇ ਹਾਂ..!" ਗੋਰੇ ਹਾਈ ਕਮਿਸ਼ਨਰ ਨੇ ਸੀਤਲ ਨੂੰ ਪੁੱਛਿਆ ਤਾਂ ਸੀਤਲ ਦਾ ਰੋਣ ਨਿਕਲ਼ ਗਿਆ।

ਪਰ ਉਸ ਨੇ 'ਹਾਂ' ਪੱਖੀ ਹੁੰਗਾਰਾ ਭਰ ਦਿੱਤਾ।

-"ਕਿਰਪਾ ਕਰਕੇ ਐਥੇ ਆਪਣੇ ਘਰ ਦਾ ਨੰਬਰ ਲਿਖ ਦਿਓ..! ਅਸੀਂ ਮੰਤਰਾਲੇ ਨੂੰ ਇਹ ਨੰਬਰ ਦਿਆਂਗੇ ਅਤੇ ਉਹ ਤੁਹਾਡੇ ਮਾਂ ਬਾਪ ਨੂੰ ਸੂਚਿਤ ਕਰ ਦੇਣਗੇ..!"

ਸੀਤਲ ਨੇ ਅੱਖਾਂ ਪੂੰਝ ਕੇ ਆਪਣੇ ਮਾਂ-ਬਾਪ ਦਾ ਨੰਬਰ ਲਿਖ ਦਿੱਤਾ ਅਤੇ ਨੰਬਰ ਲੈ ਕੇ ਗੋਰਾ ਚਲਾ ਗਿਆ।

ਅੰਬੈਸੀ ਦੀ ਸਾਰੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਹਾਈ ਕਮਿਸ਼ਨਰ ਦੀ ਹਾਜਰੀ ਵਿਚ ਇਸਲਾਮਾਬਾਦ ਦੀ ਪੁਲੀਸ ਨੇ ਸੀਤਲ ਅਤੇ ਰਵਿੰਦਰ ਦੇ ਬਿਆਨ ਇਕ ਵਾਰ ਫਿਰ ਲੈ ਕੇ ਪੁਸ਼ਟੀ ਕੀਤੀ। ਫ਼ੋਟੋਆਂ ਖਿੱਚੀਆਂ ਅਤੇ ਦੋਸ਼ੀ ਸਾਈਦਾ ਅਤੇ ਜ਼ਾਲਮ ਖ਼ਾਂ ਦੀ ਸ਼ਨਾਖ਼ਤ ਕਰਵਾਈ। ਵੱਖੋ ਵੱਖ ਧਾਰਾਵਾਂ ਲਾ ਕੇ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਅਤੇ ਪਾਕਿਸਤਾਨ ਵਿਚ ਰਹਿੰਦੇ ਬਾਕੀ ਦੋਸ਼ੀਆਂ ਦੀ ਭਾਲ਼ ਲਈ ਥਾਂ-ਥਾਂ 'ਤੇ ਛਾਪੇ ਵੱਜਣੇ ਸ਼ੁਰੂ ਹੋ ਗਏ! ਹਾਈ ਕਮਿਸ਼ਨ ਅੱਗੇ ਪੁਲੀਸ ਊਰੀ ਬਣੀ ਫ਼ਿਰਦੀ ਸੀ। ਜ਼ਾਲਮ ਖ਼ਾਂ ਅਤੇ ਸਾਈਦਾ ਦੇ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ ਕੇਸ ਮੜ੍ਹਿਆ ਗਿਆ। ਸੀਤਲ ਅਤੇ ਰਵਿੰਦਰ ਦੀਆਂ ਗਵਾਹੀਆਂ ਨਾਲ਼ ਨੱਥੀ ਕੀਤੀਆਂ ਗਈਆਂ।

ਪੰਜ ਕੁ ਦਿਨਾਂ ਦੀ ਤੂਫ਼ਾਨੀ ਕਾਰਵਾਈ ਤੋਂ ਬਾਅਦ ਰਵਿੰਦਰ ਨੂੰ ਭਾਰਤੀ ਅਤੇ ਸੀਤਲ ਨੂੰ ਬ੍ਰਿਟਿਸ਼ ਪਾਸਪੋਰਟ ਜਾਰੀ ਕਰ ਦਿੱਤੇ ਗਏ ਅਤੇ ਰਵਿੰਦਰ ਨੂੰ ਬ੍ਰਿਟਿਸ਼ ਅੰਬੈਸੀ ਨੇ ਸ਼ਾਹ ਜੀ ਦੀ ਸ਼ਾਹਦੀ 'ਤੇ ਛੇ ਮਹੀਨੇ ਦਾ ਮਲਟੀਪਲ ਵੀਜ਼ਾ ਦੇ ਦਿੱਤਾ ਗਿਆ। ਟਿਕਟਾਂ ਦਾ ਪ੍ਰਬੰਧ ਅਤੇ ਖ਼ਰਚਾ ਸ਼ਾਹ ਜੀ ਨੇ ਹੀ ਕੀਤਾ ਸੀ।

ਜ਼ਿੰਦਗੀ ਦੇ ਭਾਗਾਂ ਵਿਚ ਲਿਖਿਆ ਸੰਤਾਪ ਭੋਗਣ ਤੋਂ ਬਾਅਦ ਹਫ਼ਤੇ ਦੇ ਵਿਚ ਵਿਚ ਸੀਤਲ ਅਤੇ ਰਵਿੰਦਰ ਇੰਗਲੈਂਡ ਨੂੰ ਉਡਾਰੀ ਮਾਰ ਗਈਆਂ...!

-"ਜੇ ਮੈਂ ਤੇਰੇ ਤੇ ਡੈਡ ਦੇ ਆਖੇ ਲੱਗ ਕੇ ਚੱਲਦੀ, ਤਾਂ ਮੈਂ ਐਨਾਂ ਦੁੱਖ ਨ੍ਹੀ ਸੀ ਭੋਗਣਾ ਮੰਮ.!" ਅਗਲੀ ਸਵੇਰ ਹੀਥਰੋ ਏਅਰਪੋਰਟ 'ਤੇ ਸੀਤਲ ਆਪਣੀ ਮਾਂ ਦੀ ਬੁੱਕਲ਼ ਵਿਚ ਗੁਆਚੀ ਧਾਹਾਂ ਮਾਰੀ ਜਾ ਰਹੀ ਸੀ। ਰਵਿੰਦਰ ਉਸ ਦੀ ਪਿੱਠ ਪਲ਼ੋਸ ਕੇ ਧਰਵਾਸ ਦੇਣ ਦੇ ਯਤਨ ਵਿਚ ਸੀ! ਸੀਤਲ ਦਾ ਬਾਪ ਗੁਰਚਰਨ ਅਤੇ ਭੈਣ ਪਾਇਲ ਰਵਿੰਦਰ ਵੱਲ ਸੁਆਲੀਆਂ ਨਜ਼ਰਾਂ ਨਾਲ਼ ਤੱਕ ਰਹੇ ਸਨ। ਰਵਿੰਦਰ ਵੱਲੋਂ ਕੀਤੀ ਜਾਂਦੀ ਮਿਹਰਬਾਨੀ ਦਾ ਉਹਨਾਂ ਨੂੰ ਹੁਣ ਤੱਕ ਪਤਾ ਨਹੀਂ ਲੱਗਿਆ ਸੀ।

ਤੀਜੇ ਦਿਨ ਹੈਦਰ, ਇਮਰਾਨ ਅਤੇ ਖ਼ਾਨ ਦੀ ਹੋਈ ਗ੍ਰਿਫ਼ਤਾਰੀ ਦਾ ਅਖ਼ਬਾਰਾਂ ਵਿਚ ਤੜਥੱਲ ਮੱਚਿਆ ਪਿਆ ਸੀ।

**------ਸਮਾਪਤ------**